
ਕੱਲਿਆਂ ਦਾ ਕਾਫ਼ਲਾ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ ਸੰਗ੍ਰਹਿ	:	ਮਾਲਾ ਮਣਕੇ
ਲੇਖ ਸੰਗ੍ਰਹਿ	:	ਦਰ-ਦਰਵਾਜ਼ੇ
		ਡੂੰਘੀਆਂ ਸਿਖਰਾਂ
		ਰਾਹ-ਰਸਤੇ
		ਅੰਤਰ ਝਾਤ
		ਆਹਮੋ-ਸਾਹਮਣੇ
		ਬੂਹੇ-ਬਾਰੀਆਂ
		ਸੁਖਨ-ਸੁਨੇਹੇ
		ਵਿਆਖਿਆ-ਵਿਸ਼ਲੇਸ਼ਣ
		ਸੱਚੋ-ਸੱਚ
		ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
		ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
		ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ
		ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ
		ਜੱਸਾ ਸਿੰਘ ਆਹਲੂਵਾਲੀਆ
		ਮਾਰਟਿਨ ਲੂਥਰ ਕਿੰਗ
		ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗਰੇਜ਼ੀ ਵਿਚ)
		ਭਗਤ ਸਿੰਘ

ਕੱਲਿਆਂ ਦਾ ਕਾਫ਼ਲਾ

ਨਰਿੰਦਰ ਸਿੰਘ ਕਪੂਰ

KALLEYAN DA QAFLA
(Caravan of the Lonely)

(Formulations, Observations and Reflections)

by

Dr. Narinder Singh Kapoor
4245, Phase II, Urban Estate,
PATIALA-147 002 (India)
kapoorns@gmail.com
narindersinghkapoor.com

1st Edition: 2011
2nd Edition: 2012
Published by Lokgeet Parkashan
S.C.O. 26-27, Sector 34 A, Chandigarh-160 022
India
Ph.0172-5077427, 5077428
Punjabi Bhawan Ludhiana, 98154-71219
visit us at : www.unistarbooks.com
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

ਭੂਮਿਕਾ

ਸੰਸਾਰ ਵਿਚ ਜਿਤਨੇ ਮਨੁੱਖ ਹਨ, ਉਤਨੇ ਹੀ ਸੰਸਾਰ ਹਨ।

ਜ਼ਿੰਦਗੀ ਇਤਨਾ ਵੱਡਾ ਵਰਤਾਰਾ ਹੈ ਕਿ ਰੰਗ ਮੁੱਕ ਜਾਂਦੇ ਹਨ, ਪਰ ਚਿੱਤਰ ਪੂਰਾ ਨਹੀਂ ਹੁੰਦਾ। ਸਾਡੇ ਜੀਵਨ ਵਿਚ ਅਸਫ਼ਲਤਾਵਾਂ, ਹਾਰਾਂ ਅਤੇ ਦੁੱਖ ਹਨ ਅਤੇ ਰਹਿਣਗੇ, ਇਨ੍ਹਾਂ ਕਰਕੇ ਹੀ ਜਿੱਤ, ਸਫ਼ਲਤਾ ਅਤੇ ਪ੍ਰਸੰਨਤਾ ਆਦਿ ਮਹੱਤਵਪੂਰਨ ਸੰਕਲਪ ਹਨ, ਜਿਹੜੇ ਸਾਨੂੰ ਚੰਗੇਰੇ ਜੀਵਨ ਲਈ ਪ੍ਰੇਰਦੇ ਅਤੇ ਸੋਚ ਅਤੇ ਵਿਹਾਰ ਪਖੋਂ, ਉੱਚੇ ਹੋਣ ਦਾ ਉਤਸ਼ਾਹ ਦਿੰਦੇ ਰਹਿੰਦੇ ਹਨ।

ਚੰਗੇਰੇ ਜੀਵਨ ਲਈ ਹੋਰਾਂ ਨੂੰ ਪਛਾੜਨ ਦੀ ਲੋੜ ਨਹੀਂ, ਸਗੋਂ ਲੋੜ ਆਪ ਅੱਗੇ ਹੋ ਕੇ, ਪੱਛੜ ਗਿਆਂ ਨੂੰ ਨਾਲ ਰਲਾਉਣ ਦੀ ਹੈ।

ਕਈ ਦਹਾਕਿਆਂ ਤੋਂ ਮੈਂ ਇਕ ਅਜਿਹੀ ਪੁਸਤਕ ਦੀ ਕਲਪਨਾ ਕਰ ਰਿਹਾ ਸਾਂ, ਜਿਹੜੀ ਸਧਾਰਨ ਮਨੁੱਖ ਨੂੰ ਆਪਣੇ ਵਿਸ਼ੇਸ਼ ਅਤੇ ਵਿਲੱਖਣ ਹੋਣ ਦਾ ਅਹਿਸਾਸ ਕਰਵਾਏ ਅਤੇ ਉਸ ਨੂੰ ਜੀਵਨ ਦੀਆਂ ਵੰਨ-ਸੁਵੰਨੀਆਂ ਸਥਿਤੀਆਂ ਬਾਰੇ ਕੁਝ ਨਿੱਗਰ ਅਤੇ ਢੁੱਕਵੇਂ ਵਿਚਾਰ ਦੇਵੇ, ਤਾਂ ਕਿ ਉਸ ਵਿਚ ਵਕਤ ਦੇ ਸਾਂਚਿਆਂ ਵਿਚ ਢਲ ਜਾਣ ਦੀ ਥਾਂ, ਸਾਂਚੇ ਹੀ ਬਦਲ ਦੇਣ ਦੀ ਹਿੰਮਤ ਜਾਗੇ।

ਬੜੀ ਦੇਰ ਤੋਂ ਮੈਨੂੰ ਜੀਵਨ ਸਬੰਧੀ ਅਜਿਹੀਆਂ ਟਿੱਪਣੀਆਂ ਦੀ ਤਲਾਸ਼ ਸੀ, ਜਿਹੜੀਆਂ ਪ੍ਰਭਾਵਸ਼ਾਲੀ ਹੋਣ, ਸੋਚ ਨੂੰ ਉਭਾਰਨ, ਅਰਥਪੂਰਨ ਕਾਰਜ ਲਈ ਪ੍ਰੇਰਨ, ਮਨੁੱਖ ਨੂੰ ਆਪਣੀ ਯੋਗਤਾ ਤੋਂ ਜਾਣੂ ਕਰਵਾਉਣ ਅਤੇ ਉਸ ਵਾਸਤੇ ਸਫ਼ਲਤਾ ਦਾ ਮਾਰਗ ਉਲੀਕਣ ਵਿਚ ਸਹਾਈ ਹੋਣ।

ਅਜਿਹੀ ਪੁਸਤਕ ਕਿਧਰੋਂ ਨਾ ਲੱਭਣ ਕਾਰਨ, ਲਗਭਗ ਚਾਰ ਦਹਾਕੇ ਪਹਿਲਾਂ, ਅਜਿਹੀ ਪੁਸਤਕ ਤਿਆਰ ਕਰਨ ਦਾ ਮੈਂ ਆਪ ਬੀੜਾ ਚੁੱਕਿਆ ਸੀ। ਜਿਵੇਂ ਸਾਨੂੰ ਕਿਸੇ ਨਾਲ ਪਿਆਰ ਹੋ ਜਾਵੇ ਤਾਂ ਅਸੀਂ ਨਹੀਂ ਜਾਣਦੇ ਹੁੰਦੇ ਕਿ ਸਾਡਾ ਪਿਆਰ ਕਿਹੜੇ-ਕਿਹੜੇ ਮੋੜ ਮੁੜੇਗਾ ਅਤੇ ਕਿੱਥੇ ਪਹੁੰਚੇਗਾ, ਉਵੇਂ ਹੀ ਮੈਨੂੰ ਨਹੀਂ ਸੀ ਪਤਾ ਕਿ ਇਹ ਪੁਸਤਕ ਕਿਹੋ ਜਿਹੀ ਹੋਵੇਗੀ, ਇਹ ਕਿਹੜਾ ਰੂਪ ਧਾਰੇਗੀ, ਇਹ ਕਿਵੇਂ ਮੁਕੰਮਲ ਹੋਵੇਗੀ ਅਤੇ ਇਹ ਕਿਵੇਂ ਪ੍ਰਵਾਨ ਚੜ੍ਹੇਗੀ।

ਆਪਣੇ ਜੀਵਨ ਵਿਚ ਇਕ ਸਧਾਰਨ ਵਿਅਕਤੀ ਵਜੋਂ ਵਿਚਰਦਿਆਂ, ਮੈਂ ਜ਼ਿੰਦਗੀ ਵਿਚ ਜੋ ਵੇਖਿਆ-ਸੁਣਿਆ-ਸਮਝਿਆ ਹੈ, ਉਸ ਨੂੰ ਇਸ ਪੁਸਤਕ ਵਿਚ ਸੰਖੇਪ ਅਤੇ ਸਰਲ ਸ਼ਬਦਾਂ ਵਿਚ ਦਰਜ ਕਰਨ ਦਾ ਉਪਰਾਲਾ ਕੀਤਾ ਹੈ।

ਤਿੰਨ ਭਾਗਾਂ ਵਾਲੀ ਇਸ ਪੁਸਤਕ ਦਾ ਪਹਿਲਾ ਭਾਗ 'ਮਾਲਾ ਮਣਕੇ' ਨਾਂ ਅਧੀਨ ਛਪਿਆ ਹੈ, 'ਕੱਲਿਆਂ ਦਾ ਕਾਫ਼ਲਾ' ਨਾਂ ਦੀ ਇਹ ਪੁਸਤਕ, 'ਮਾਲਾ ਮਣਕੇ' ਦੀ ਨਿਰੰਤਰਤਾ ਹੈ। ਭਾਵੇਂ ਦੋਹਾਂ ਭਾਗਾਂ ਦਾ ਸੁਭਾਓ ਅਤੇ ਮੁਹਾਂਦਰਾ ਇਕੋ ਜਿਹਾ ਹੈ, ਪਰ 'ਮਾਲਾ ਮਣਕੇ' ਨਾਂ ਦਾ ਵਿਚਾਰ-ਸੰਗ੍ਰਹਿ ਪਹਿਲਾਂ ਆਉਣ ਕਰਕੇ ਸੱਜਰਾ ਸੀ, ਜਦੋਂ ਕਿ 'ਕੱਲਿਆਂ ਦਾ ਕਾਫ਼ਲਾ' ਮਗਰਲਾ ਹੋਣ ਕਰਕੇ ਰੱਜਵਾਂ ਹੈ।

ਜੀਵਨ ਵਿਚ ਤੁਹਾਨੂੰ ਜਦੋਂ ਕੋਈ ਸੰਕਟ, ਮੁਸ਼ਕਿਲ, ਮੁਸੀਬਤ, ਦੁਚਿੱਤੀ, ਜਾਂ ਤੌਖਲਾ ਹੋਵੇ ਤਾਂ ਇਸ ਪੁਸਤਕ ਵਿਚ ਦਾਖਲ ਹੋਵੋ, ਇਹ ਸੰਗ੍ਰਹਿ, ਦੁੱਖ-ਸੁੱਖ ਦੇ ਸਾਥੀ ਵਾਂਗ, ਤੁਹਾਡੇ ਨਾਲ ਚੱਲਣ ਲੱਗ ਪਏਗਾ ਅਤੇ ਕੁਝ ਪੰਨਿਆਂ ਵਿਚੋਂ ਹੀ ਤੁਹਾਨੂੰ ਜਾਂ ਤਾਂ ਆਪਣੀ ਸਮੱਸਿਆ ਦਾ ਹੱਲ ਸੁੱਝ ਜਾਵੇਗਾ, ਜਾਂ ਉਸ ਨੂੰ ਹੱਲ ਕਰਨ ਦੀ ਸੋਝੀ ਅਤੇ ਹਿੰਮਤ ਜਾਗ ਪਏਗੀ।

ਮੇਰਾ ਸੁਝਾਓ ਹੈ ਕਿ ਇਸ ਸੰਗ੍ਰਹਿ ਨੂੰ ਪੜ੍ਹਦਿਆਂ, ਜੋ-ਜੋ ਤੁਹਾਨੂੰ ਚੰਗਾ ਲੱਗੇ, ਉਸ 'ਤੇ ਨਿਸ਼ਾਨੀਆਂ ਲਾ ਲਓ, ਇਨ੍ਹਾਂ ਵਾਕਾਂ ਨੂੰ ਮੁੜ-ਮੁੜ ਪੜ੍ਹਨ ਨਾਲ, ਇਹ ਵਾਕ ਤੁਹਾਡੀ ਸੋਚ ਅਤੇ ਗੱਲਬਾਤ ਦਾ ਅੰਗ ਬਣ ਜਾਣਗੇ, ਜਿਨ੍ਹਾਂ ਕਾਰਨ ਤੁਸੀਂ ਹਰ ਕਿਸੇ ਨਾਲ ਧਿਆਨ ਨਾਲ ਬੋਲੋਗੇ ਹੀ ਨਹੀਂ, ਹਰ ਕਿਸੇ ਵਲੋਂ ਤੁਹਾਨੂੰ ਸੁਣਿਆ ਵੀ ਧਿਆਨ ਨਾਲ ਜਾਵੇਗਾ ਅਤੇ ਸਵੈ-ਵਿਸ਼ਵਾਸ ਕਾਰਨ ਤੁਹਾਡੀ ਅਵਾਜ਼ ਨੀਵੀਂ, ਪਰ ਤੁਹਾਡੀ ਦਲੀਲ ਉੱਚੀ ਹੋ ਜਾਵੇਗੀ ਅਤੇ ਜਿਹੜੇ ਤੁਹਾਡਾ ਮਖੌਲ ਉਡਾਉਣ ਲਈ ਆਏ ਹੋਣਗੇ, ਉਹ ਤੁਹਾਨੂੰ ਦਾਦ ਦੇ ਕੇ ਜਾਣਗੇ।

ਜਦੋਂ ਕੋਈ ਪਾਠਕ ਕਿਸੇ ਪੁਸਤਕ ਦੇ ਸ਼ਬਦਾਂ ਜਾਂ ਵਾਕਾਂ 'ਤੇ ਨਿਸ਼ਾਨੀਆਂ ਲਾਉਂਦਾ ਹੈ ਤਾਂ ਉਹ ਪੁਸਤਕ ਲੇਖਕ ਦੀ ਨਹੀਂ ਰਹਿੰਦੀ, ਉਸ ਪਾਠਕ ਦੀ ਨਿਜੀ ਪੁਸਤਕ ਬਣ ਜਾਂਦੀ ਹੈ ਅਤੇ ਸ਼ਬਦਾਂ-ਵਾਕਾਂ 'ਤੇ ਨਿਸ਼ਾਨੀਆਂ ਲਾਉਣ ਰਾਹੀਂ ਪਾਠਕ ਵੀ, ਉਸ ਪੁਸਤਕ ਦਾ ਲੇਖਕ ਬਣ ਜਾਂਦਾ ਹੈ।

ਇਸ ਸੰਗ੍ਰਹਿ ਵਿਚਲੇ ਵਿਚਾਰ, ਸੋਚੇ ਬੁੱਧੀ ਨਾਲ ਗਏ ਹਨ, ਪਰ ਇਨ੍ਹਾਂ ਨੂੰ ਮੰਨਣਯੋਗ ਅਤੇ ਦਿਲਚਸਪ ਬਣਾਉਣ ਲਈ ਇਨ੍ਹਾਂ ਨੂੰ ਪ੍ਰਗਟਾਇਆ ਦਿਲ ਨਾਲ ਗਿਆ ਹੈ, ਸੋ ਬੇਨਤੀ ਹੈ ਕਿ ਇਨ੍ਹਾਂ ਨੂੰ ਦਿਲ ਨਾਲ ਪੜ੍ਹਿਆ ਜਾਵੇ ਅਤੇ ਬੁੱਧੀ ਨਾਲ ਵਿਚਾਰਿਆ ਜਾਵੇ।

ਇਸ ਪੁਸਤਕ ਦਾ ਵਿਸ਼ਾ ਸਮੁੱਚਾ ਜੀਵਨ ਹੈ, ਇਸ ਵਿਚ ਜੀਵਨ ਦੇ ਵਿਸ਼ਾਲ ਸਾਗਰ ਦੇ ਕੁਝ ਪੱਖ ਅਤੇ ਰੰਗ ਹੀ ਪੇਸ਼ ਕੀਤੇ ਜਾ ਸਕੇ ਹਨ। ਕਈ ਮੋਤੀ ਰਹਿ ਗਏ ਹੋਣਗੇ, ਕਈ ਕੰਕਰ ਛਪ ਗਏ ਹੋਣਗੇ। ਇਹ ਸੰਗ੍ਰਹਿ ਘਾਟ-ਘਾਟ ਦਾ ਪਾਣੀ ਹੈ, ਸੋ ਇਸ ਵਿਚ ਹਰ ਕਿਸੇ ਲਈ ਕੁਝ ਨਾ ਕੁਝ ਹੈ। ਮੇਰੇ ਕੋਲ ਕੋਈ ਸਿਧਾਂਤ ਨਹੀਂ ਹਨ, ਕੇਵਲ ਕੁਝ ਤਰਕ-ਅਧਾਰਿਤ ਵਿਸ਼ਵਾਸ ਹਨ, ਜਿਨ੍ਹਾਂ ਨੂੰ ਟਿੱਪਣੀਆਂ ਦੇ ਰੂਪ ਵਿਚ ਦਰਸਾਇਆ ਗਿਆ ਹੈ।

ਮੇਰੀ ਹਰ ਗੱਲ ਨਾਲੋਂ ਤੁਹਾਡੀ ਸੋਚ ਵੱਖਰੀ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ। ਵਿਚਾਰਾਂ ਦੀ ਵੰਨ-ਸੁਵੰਨਤਾ ਅਤੇ ਸੋਚਾਂ ਦਾ ਵਖਰੇਵਾਂ ਦੱਸਦਾ ਹੈ ਕਿ ਇਕ ਹੀ ਸਮੱਸਿਆ ਨੂੰ ਵਿਭਿੰਨ ਢੰਗਾਂ ਨਾਲ ਦਰਸਾਇਆ, ਪ੍ਰਗਟਾਇਆ, ਸਮਝਿਆ, ਵਿਚਾਰਿਆ ਅਤੇ ਸੁਲਝਾਇਆ ਜਾ ਸਕਦਾ ਹੈ।

ਕਿਸੇ ਦੇ ਅਨੁਭਵਾਂ ਅਤੇ ਵਿਚਾਰਾਂ ਵਿਚ ਜਿਤਨੇ ਵਧੇਰੇ ਪੱਖ ਅਤੇ ਰੰਗ ਹੁੰਦੇ ਹਨ, ਉਤਨੀ ਹੀ ਉਸ ਵਿਅਕਤੀ ਵਿਚ ਮਾਨਵਜਾਤੀ ਦੀਆਂ ਸਮੱਸਿਆਵਾਂ, ਇਸਤਰੀਆਂ-ਪੁਰਸ਼ਾਂ ਦੇ ਆਪਸੀ ਰਿਸ਼ਤਿਆਂ ਦੀਆਂ ਪਰਤਾਂ, ਵਿਹਾਰ ਦੀਆਂ ਜਟਿਲਤਾਵਾਂ ਅਤੇ ਜੀਵਨ ਦੀਆਂ ਗੁੰਝਲਾਂ ਦੀ ਸਮਝ ਵਧੇਰੇ ਹੁੰਦੀ ਹੈ। ਇਹ ਸਮਝ ਸਾਡੇ ਅਨੁਭਵ ਨੂੰ ਅਮੀਰ ਵੀ ਕਰਦੀ ਹੈ ਅਤੇ ਸਾਨੂੰ ਸੇਧ ਵੀ ਦਿੰਦੀ ਹੈ।

ਜ਼ਿੰਦਗੀ ਸਬੰਧੀ ਮੇਰੀਆਂ ਧਾਰਨਾਵਾਂ ਅਤੇ ਟਿੱਪਣੀਆਂ ਦੇ ਇਸ ਸੰਗ੍ਰਹਿ ਵਿਚ ਕਿਧਰੇ ਕੋਈ ਸੇਧ, ਸੁਝਾਓ ਜਾਂ ਸਲਾਹ ਦਿੱਤੀ ਹੋ ਸਕਦੀ ਹੈ, ਪਰ ਪ੍ਰਚਾਰ ਕਰਨਾ ਜਾਂ ਉਪਦੇਸ਼ ਦੇਣਾ, ਇਸ ਪੁਸਤਕ ਦਾ ਉਦੇਸ਼ ਨਹੀਂ ਹੈ।

ਮੇਰਾ ਅਨੁਭਵ ਹੈ ਕਿ ਸ਼ਕਤੀਸ਼ਾਲੀ ਵਿਚਾਰ, ਕੁਰਾਹੇ ਪਏ ਵਿਅਕਤੀ ਨੂੰ ਆਪਣਾ ਰਸਤਾ ਸਿੱਧਾ ਕਰਨ ਲਈ ਰੋਕ ਲੈਂਦੇ ਹਨ ਅਤੇ ਰੁਕੇ ਹੋਏ ਰਾਹੀ ਨੂੰ ਚੱਲਣ ਲਈ ਸਹੀ ਰਸਤਾ ਵਿਖਾ ਦਿੰਦੇ ਹਨ।

ਮੇਰਾ ਵਿਸ਼ਵਾਸ ਹੈ ਕਿ ਚੰਗੇ, ਢੁਕਵੇਂ, ਉਸਾਰੂ ਅਤੇ ਅਰਥਪੂਰਨ ਵਾਕ ਅਤੇ ਵਿਚਾਰ, ਜ਼ਿੰਦਗੀ ਦਾ ਪੈਂਡਾ ਸੌਖਾ ਕਰ ਦਿੰਦੇ ਹਨ। ਚੰਗੇ ਵਿਚਾਰਾਂ ਤੋਂ ਬਿਨਾਂ ਉੱਚੇ ਉਦੇਸ਼ ਨਹੀਂ ਉੱਸਰਦੇ, ਉਦੇਸ਼ਾਂ ਤੋਂ ਬਿਨਾਂ ਕੋਈ ਕਾਰਜ ਸੰਭਵ ਨਹੀਂ ਹੁੰਦਾ, ਕਾਰਜ ਤੋਂ ਬਿਨਾਂ ਕੋਈ ਵਿਕਾਸ ਨਹੀਂ ਵਾਪਰਦਾ।

ਇਸ ਪੁਸਤਕ ਵਿਚ ਉਹ ਅਨੁਭਵ ਅਤੇ ਵਿਚਾਰ ਦਰਜ ਹਨ, ਜਿਹੜੇ ਹਰੇਕ ਮਨੁੱਖ ਦੀ ਸੋਚ ਵਿਚ ਨਿਰੰਤਰ ਉਭਰਦੇ ਰਹਿੰਦੇ ਹਨ।

ਮੇਰੀਆਂ ਧਾਰਨਾਵਾਂ ਨਾਲ ਸਹਿਮਤ ਨਾ ਹੋਣ ਵਾਲੇ ਵੀ ਮੰਨਣਗੇ ਕਿ ਵਿਚਾਰਾਂ ਤੋਂ ਮਨੁੱਖ ਨੂੰ ਸ਼ਕਤੀ ਮਿਲਦੀ ਹੈ। ਉਹ ਮੇਰੇ ਵਿਚਾਰਾਂ ਨਾਲ ਅਸਹਿਮਤ ਹੋ ਸਕਦੇ ਹਨ, ਪਰ ਜ਼ਿੰਦਗੀ ਵਿਚ ਵਿਚਾਰਾਂ ਦੇ ਮਹੱਤਵ ਸਬੰਧੀ ਉਹ ਸਹਿਮਤ ਹੀ ਹੋਣਗੇ ਅਤੇ ਮੇਰੀ ਇਸ ਧਾਰਨਾ ਦਾ ਹੁੰਗਾਰਾ ਜ਼ਰੂਰ ਭਰਨਗੇ ਕਿ ਮੁੱਲਵਾਨ ਵਿਚਾਰ ਪਾਠਕ ਦੀ ਸੋਚ ਨੂੰ ਰਿੜਕ ਕੇ ਉਸ ਦੀ ਸ਼ਖ਼ਸੀਅਤ ਨੂੰ ਨਿਖਾਰ ਦਿੰਦੇ ਹਨ।

ਇਹ ਸਿਧਾਂਤਕ ਵਿਚਾਰ ਨਹੀਂ ਹਨ, ਇਹ ਜ਼ਿੰਦਗੀ ਵਿਚੋਂ ਗੁਜ਼ਰਨ ਅਤੇ ਸੰਸਾਰ ਨੂੰ ਹੰਢਾਉਣ ਦੇ ਅਨੁਭਵ ਹਨ। ਇਹ ਜ਼ਿੰਦਗੀ ਦੇ ਸਿੱਟੇ ਹੀ ਨਹੀਂ, ਇਹ ਸਾਡੇ ਸਾਰਿਆਂ ਦੀਆਂ ਹਾਰਾਂ-ਜਿੱਤਾਂ ਦੇ ਸੂਚਕ ਵੀ ਹਨ।

ਨਿਰਸੰਦੇਹ ਇਹ ਵਿਚਾਰ ਤੁਹਾਨੂੰ ਜ਼ਿੰਦਗੀ ਤਾਂ ਨਹੀਂ ਦੇ ਸਕਣਗੇ, ਪਰ ਜੇ ਜਿਊਣ ਦੀ ਤਾਂਘ ਹੈ ਤਾਂ ਇਹ ਤੁਹਾਡੇ ਜੀਵਨ ਨੂੰ ਮੁੱਲਵਾਨ ਅਤੇ ਮਾਣਨਯੋਗ

ਜ਼ਰੂਰ ਬਣਾ ਦੇਣਗੇ। ਇਹ ਵਿਚਾਰ ਤੁਹਾਡੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਭਾਵੇਂ ਨਾ ਸੁਲਝਾ ਸਕਣ, ਪਰ ਇਹ ਤੁਹਾਨੂੰ ਆਪਣੀਆਂ ਸਮੱਸਿਆਵਾਂ ਸਮਝਣ ਅਤੇ ਮੁਸ਼ਕਿਲਾਂ ਸੁਲਝਾਉਣ ਦੀ ਸੋਝੀ ਅਤੇ ਸਾਹਸ ਜ਼ਰੂਰ ਦੇਣਗੇ।

ਆਸ ਹੈ ਇਹ ਪੁਸਤਕ ਇਕੱਲ ਵਿਚ ਤੁਹਾਡੀ ਸਾਥਣ ਬਣੇਗੀ ਅਤੇ ਤੁਹਾਡੇ ਲਈ ਚੰਗੇਰਾ ਜੀਵਨ ਜਿਊਣ ਵਾਸਤੇ ਵਧੇਰੇ ਵੇਖਣਾ, ਵਧੇਰੇ ਸੁਣਨਾ, ਵਧੇਰੇ ਪੜ੍ਹਨਾ ਅਤੇ ਵਧੇਰੇ ਕਾਰਜ ਕਰਨਾ ਸਹਿਜ ਪ੍ਰਤੀਤ ਹੋਣ ਲੱਗ ਪਏਗਾ।

ਇਸ ਪੁਸਤਕ ਨੂੰ ਇਸ ਭਾਵਨਾ ਅਧੀਨ ਸਿਰਜਿਆ ਗਿਆ ਹੈ ਜਿਵੇਂ ਇਸ ਵਿਚਲੇ ਵਿਚਾਰ ਅਤੇ ਅਨੁਭਵ ਤੁਹਾਡੇ ਹੋਣ ਅਤੇ ਇਨ੍ਹਾਂ ਨੂੰ ਲਿਖਣ ਦੀ ਜ਼ਿੰਮੇਵਾਰੀ ਤੁਸੀਂ ਮੈਨੂੰ ਸੌਂਪੀ ਹੋਵੇ। ਮੈਂ ਚਾਹਵਾਂਗਾ ਕਿ ਇਹ ਪੁਸਤਕ ਪੜ੍ਹਕੇ ਤੁਸੀਂ ਮਹਿਸੂਸ ਕਰੋ ਕਿ 'ਲੇਖਕ ਨੇ ਤਾਂ ਸਾਰਾ ਕੁਝ ਉਹ ਲਿਖ ਦਿੱਤਾ ਹੈ, ਜਿਹੜਾ ਕਦੇ ਮੈਂ ਲਿਖਣਾ ਚਾਹਿਆ ਸੀ ਪਰ........'

ਖੁਲ੍ਹੇ ਸੁਭਾਅ ਵਾਲੀ ਇਸ ਪੁਸਤਕ ਵਿਚਲੀਆਂ ਧਾਰਣਾਵਾਂ-ਟਿੱਪਣੀਆਂ ਦਾ ਵਰਗੀਕਰਨ ਨਹੀਂ ਕੀਤਾ ਗਿਆ। ਅਜਿਹਾ ਉਪਰਾਲਾ ਕੀਤਾ ਗਿਆ ਸੀ, ਜਿਹੜਾ ਸਹੀ ਪ੍ਰਤੀਤ ਨਹੀਂ ਹੋਇਆ, ਕਿਉਂਕਿ ਇਸ ਸੰਗ੍ਰਹਿ ਦਾ ਕੋਈ ਨਿਸ਼ਚਿਤ ਵਿਸ਼ਾ ਨਹੀਂ ਹੈ, ਇਸ ਵਿਚ ਜੀਵਨ ਦੇ ਵੱਖ-ਵੱਖ ਪੱਖ ਪੇਸ਼ ਕੀਤੇ ਗਏ ਹਨ ਅਤੇ ਹਰੇਕ ਪੱਖ ਆਪਣੇ-ਆਪ ਵਿਚ ਇਕ ਵੱਖਰਾ ਵਿਸ਼ਾ ਹੋ ਨਿਬੜਦਾ ਹੈ। ਜਦੋਂ ਅਸੀਂ ਜੀਵਨ ਦਾ ਕੋਈ ਇਕ ਪੱਖ ਵੇਖਦੇ ਜਾਂ ਵਿਚਾਰਦੇ ਹਾਂ ਤਾਂ ਉਸ ਤੋਂ, ਸੋਮਵਾਰ ਤੋਂ ਮੰਗਲਵਾਰ ਅਤੇ ਬਚਪਨ ਤੋਂ ਜਵਾਨੀ ਦੇ ਸੰਕੇਤਾਂ ਵਾਂਗ, ਅਨੇਕਾਂ ਹੋਰ ਪੱਖ ਉਜਾਗਰ ਹੋਣ ਲੱਗ ਪੈਂਦੇ ਹਨ, ਸੋ ਇਹ ਖੁੱਲ੍ਹੇ ਅਰੰਭ ਅਤੇ ਖੁੱਲ੍ਹੇ ਅੰਤ ਵਾਲੀ ਪੁਸਤਕ ਹੈ।

ਇਸ ਪੁਸਤਕ ਨੂੰ ਵਿਉਂਤਦਿਆਂ ਇਸ ਨੂੰ ਕਈ ਵਾਰ ਲਿਖਿਆ ਅਤੇ ਸੋਧਿਆ ਗਿਆ ਹੈ ਸੋ ਇਸ ਪੁਸਤਕ ਦੇ ਸਾਰੇ ਅਰਥ ਇਕ ਬੈਠਕ ਜਾਂ ਇਕ ਯਤਨ ਜਾਂ ਇਕ ਪੜ੍ਹਤ ਵਿਚ ਪ੍ਰਾਪਤ ਨਹੀਂ ਹੋਣਗੇ। ਇਹ ਪੁਸਤਕ ਸਰਲ ਅਤੇ ਸੰਖੇਪ ਤਾਂ ਹੈ ਪਰ ਇਸ ਨੂੰ ਸਮਝਣ ਲਈ ਪਾਠਕ ਨੂੰ ਵਿਸ਼ੇਸ਼ ਉਪਰਾਲਾ ਕਰਨਾ ਪਏਗਾ। ਇਸ ਪੁਸਤਕ ਦਾ ਇਕ ਉਦੇਸ਼ ਇਹ ਹੈ ਕਿ ਪਾਠਕ ਆਪ ਆਪਣੇ ਜੀਵਨ ਬਾਰੇ ਸੋਚੇ ਅਤੇ ਆਪਣੇ ਕਾਰਜਾਂ ਦਾ ਵਿਸ਼ਲੇਸ਼ਣ-ਮੁਲਾਂਕਣ ਕਰੇ ਅਤੇ ਆਪਣੇ ਜੀਵਨ ਦੀ ਦਿਸ਼ਾ ਅਤੇ ਦਸ਼ਾ ਨੂੰ ਬਦਲਣ ਲਈ ਯਤਨਸ਼ੀਲ ਹੋਵੇ।

ਇਸ ਸੰਗ੍ਰਹਿ ਦੀ ਤਿਆਰੀ ਵਿਚ ਲੰਮਾ ਅਰਸਾ ਮੈਂ ਭਾਂਤ-ਭਾਂਤ ਦੀ ਪ੍ਰਸੰਨਤਾ ਅਤੇ ਸ਼ਿੱਦਤ ਦੇ ਨਾਲ-ਨਾਲ ਉਦਾਸੀ, ਇਕੱਲ ਅਤੇ ਇਕਾਂਤ ਹੰਢਾਈ ਹੈ, ਤਾਂ ਕਿ ਤੁਸੀਂ ਵੰਨ-ਸੁਵੰਨੇ ਅਨੁਭਵਾਂ ਦੀ ਰੌਣਕ ਮਾਣ ਸਕੋ।

ਇਸ ਪੁਸਤਕ ਦੀ ਤਿਆਰੀ ਦੌਰਾਨ ਮੈਨੂੰ ਆਪਣੀ ਪਤਨੀ ਦੇ ਧੰਨਵਾਦੀ ਹੋਣ ਦੇ ਹਜ਼ਾਰਾਂ ਅਵਸਰ ਮਿਲੇ, ਜਿਸ ਨੇ ਮੇਰੇ ਵਿਚਾਰਾਂ ਦੀ ਕਾਂਟ-ਛਾਂਟ ਕੀਤੀ, ਸਹਿਮਤੀ-ਅਸਹਿਮਤੀ ਪ੍ਰਗਟਾਈ, ਅਣਗਿਣਤ ਵਿਚਾਰਾਂ ਨੂੰ ਸਪਸ਼ਟ ਕਰਨ, ਸੁਧਾਰਨ ਅਤੇ ਸੰਵਾਰਨ ਲਈ ਮੈਨੂੰ ਸਮਝਾਇਆ ਅਤੇ ਲੋੜ ਪੈਣ 'ਤੇ ਡਾਂਟ ਵੀ ਪਾਈ। ਇਸ ਪੁਸਤਕ ਦੀ ਤਿਆਰੀ ਵਿਚ, ਜਿਨ੍ਹਾਂ ਹੋਰ ਸੋਹਣੇ, ਸਿਆਣੇ ਅਤੇ ਸਤਿਕਾਰਯੋਗ ਪੁਰਸ਼ਾਂ ਅਤੇ ਇਸਤਰੀਆਂ ਨੇ ਸਹਿਯੋਗ ਦਿੱਤਾ ਹੈ ਅਤੇ ਮੇਰੇ ਨਾਲ ਤੁਰੇ ਹਨ, ਉਨ੍ਹਾਂ ਦਾ ਧੰਨਵਾਦ ਕਰਨ ਲਈ, ਮੈਨੂੰ ਆਪਣੀ ਜ਼ਿੰਦਗੀ ਦੇ ਰਹਿਦੇ ਦਿਹਾੜੇ ਥੋੜ੍ਹੇ ਪ੍ਰਤੀਤ ਹੁੰਦੇ ਹਨ।

ਸੰਸਾਰ ਵਿਚ ਸਾਨੂੰ ਹਰੇਕ ਵਿਅਕਤੀ ਵਿਖਾਈ ਇਕੱਲਾ ਦਿੰਦਾ ਹੈ, ਪਰ ਉਸ ਅੰਦਰਲੇ ਅਨੇਕਾਂ ਵਿਅਕਤੀ ਰਲ ਕੇ, ਉਸ ਨੂੰ ਅੰਦਰੋਂ ਚਲਾ ਰਹੇ ਹੁੰਦੇ ਹਨ; ਇਵੇਂ ਹੀ ਹਰੇਕ ਵਿਚਾਰ, ਵਿਚਾਰਾਂ ਦੇ ਵੱਡੇ ਕਾਫ਼ਲੇ ਦਾ ਭਾਗ ਹੁੰਦਾ ਹੈ ਅਤੇ ਹਰੇਕ ਵਿਚਾਰ ਪਿੱਛੇ ਸੋਚਾਂ, ਅਨੁਭਵਾਂ, ਸੰਸਿਆਂ ਅਤੇ ਆਸਾਂ ਦਾ ਇਕ ਲੰਮਾ ਸਿਲਸਿਲਾ ਚੱਲ ਰਿਹਾ ਹੁੰਦਾ ਹੈ।

ਆਸ ਹੈ ਕਿ ਇਹ ਸੰਗ੍ਰਹਿ ਜ਼ਿੰਦਗੀ ਦੇ ਮਹੱਤਵਪੂਰਨ ਪੱਖਾਂ ਵੱਲ ਤੁਹਾਡਾ ਧਿਆਨ ਖਿਚੇਗਾ ਅਤੇ ਇਹ ਤੁਹਾਡੀ ਸੂਝ ਤਿੱਖੀ, ਸਮਝ ਡੂੰਘੀ, ਨਜ਼ਰ ਉੱਚੀ ਅਤੇ ਇਰਾਦਾ ਮਜ਼ਬੂਤ ਕਰਨ ਵਿਚ ਸਹਾਈ ਹੋਵੇਗਾ।

ਲੰਮੀ ਪਰ ਆਸਵੰਦ ਉਡੀਕ ਉਪਰੰਤ, ਇਹ ਪੁਸਤਕ ਤੁਹਾਡੇ ਤਕ ਪਹੁੰਚਾਉਣ ਦੀ ਪ੍ਰਸੰਨਤਾ ਮੈਂ ਬਿਆਨ ਨਹੀਂ ਕਰ ਸਕਦਾ।

ਨਰਿੰਦਰ ਸਿੰਘ ਕਪੂਰ

ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸੁਤੰਤਰਤਾ ਦਿਵਸ, 2011

ਭਰੂਣ-ਹਤਿਆ ਪਾਪ ਹੀ ਨਹੀਂ, ਮਹਾਂ-ਪਾਪ ਹੈ;
ਇਸ ਲਈ ਮਾਪੇ ਹੀ ਨਹੀਂ,
ਇਸ ਉਪਰੰਤ ਪੈਦਾ ਹੋਇਆ ਪੁੱਤਰ ਵੀ,
ਇਸ ਪਾਪ ਦਾ ਭਾਗੀ ਹੋ ਨਿਬੜਦਾ ਹੈ,
ਕਿਉਂਕਿ ਭਾਵੇਂ ਪੁੱਤਰ ਨੇ ਇਹ ਪਾਪ ਆਪ ਨਹੀਂ ਕੀਤਾ ਹੁੰਦਾ
ਪਰ ਇਹ ਪਾਪ, ਉਸ ਲਈ ਕੀਤਾ ਗਿਆ ਹੁੰਦਾ ਹੈ।

ਕੱਲਿਆਂ ਦਾ ਕਾਫ਼ਲਾ

ਜਦੋਂ ਕੋਈ ਵਿਚਾਰ ਸਪਸ਼ਟ ਹੋ ਜਾਂਦਾ ਹੈ ਤਾਂ ਉਹ ਸੰਖੇਪ ਹੋ ਜਾਂਦਾ ਹੈ।

ਜ਼ਿੰਦਗੀ ਦੀ ਜਦੋਜਹਿਦ ਵਿਚ ਮੁਸ਼ਕਿਲਾਂ ਨਾਲ ਜੂਝਦੇ ਵਧੇਰੇ ਪੁੱਤਰ ਹਨ, ਪਰ ਮੁਸ਼ਕਿਲਾਂ ਨੂੰ ਸਹਿੰਦੀਆਂ ਵਧੇਰੇ ਧੀਆਂ ਹਨ।

ਜਿਨ੍ਹਾਂ ਬੱਚਿਆਂ ਦੇ ਮਾਪੇ ਨਹੀਂ ਹੁੰਦੇ, ਉਨ੍ਹਾਂ ਨੂੰ ਪਕੜਨ ਵਾਲੀ ਉਂਗਲੀ ਨਹੀਂ ਮਿਲਦੀ; ਉੱਚਾ ਹੋ ਕੇ ਵੇਖਣ ਲਈ ਕੰਧਾੜਾ ਨਹੀਂ ਲੱਭਦਾ, ਸੌਣ ਲਈ ਗੋਦੀ ਨਹੀਂ ਮਿਲਦੀ; ਪੈਰ ਵਿਚ ਚੁਭਿਆ ਕੰਡਾ ਕੱਢਣ ਲਈ ਕੋਈ ਨਹੀਂ ਬਹੁੜਦਾ।

ਜਿਹੜੀ ਚੀਜ਼ ਦੂਜਿਆਂ ਦੀ ਕਮਾਈ ਨਾਲ ਖਰੀਦੀ ਜਾਂਦੀ ਹੈ, ਉਸ ਦੀ ਸਹੀ ਵਰਤੋਂ ਨਹੀਂ ਕੀਤੀ ਜਾਂਦੀ।

ਸੋਹਣੀ, ਸਿਆਣੀ ਅਤੇ ਸਲੀਕੇ ਵਾਲੀ ਇਸਤਰੀ ਕਿਸੇ ਪਿੱਛੇ ਦੌੜਦੀ ਨਹੀਂ, ਉਹ ਕਿਸੇ ਤੋਂ ਪਰ੍ਹੇ ਵੀ ਨਹੀਂ ਦੌੜਦੀ, ਉਹ ਉਡੀਕਦੀ ਹੈ।

ਰੱਬ ਦਾ ਦਰਵਾਜ਼ਾ ਅਰਦਾਸ ਕਰਕੇ ਖੁਲ੍ਹਵਾਉਣ ਦੀ ਗੱਲ ਤਾਂ ਹੀ ਮੰਨੀ ਜਾ ਸਕਦੀ ਹੈ, ਜੇ ਉਹ ਦਰਵਾਜ਼ਾ ਕਦੇ ਬੰਦ ਹੋਇਆ ਹੋਵੇ!

ਸਭ ਤੋਂ ਵੱਡੀ ਬਦਕਿਸਮਤੀ, ਕਿਸੇ ਦੀ ਅੱਖ ਵਿਚ, ਤੁਹਾਡੇ ਕਾਰਨ ਅੱਥਰੂ ਹੋਣਾ ਹੁੰਦੀ ਹੈ; ਸਭ ਤੋਂ ਵੱਡੀ ਖੁਸ਼ਕਿਸਮਤੀ, ਕਿਸੇ ਦੀ ਅੱਖ ਵਿਚ, ਤੁਹਾਡੇ ਲਈ ਅੱਥਰੂ ਹੋਣਾ ਹੁੰਦੀ ਹੈ।

ਸੰਸਾਰ ਨੂੰ ਚਲਾਉਂਦੇ ਪੁਰਸ਼ ਹਨ, ਪਰ ਸੰਸਾਰ ਚਲਦਾ ਇਸਤਰੀਆਂ ਰਾਹੀਂ ਹੈ।

ਹੱਥ ਉਹ ਸੋਹਣੇ, ਜਿਹੜੇ ਕਰਮ ਕਰਨ; ਦਿਮਾਗ ਉਹ ਸਿਆਣੇ, ਜਿਹੜੇ ਚੰਗਾ ਸੋਚਣ; ਦਿਲ ਉਹ ਪਿਆਰੇ, ਜਿਹੜੇ ਮਹਿਸੂਸ ਕਰਨ।

ਸੰਸਾਰ ਵਿਚ ਦੋ ਪ੍ਰਕਾਰ ਦੇ ਲੋਕ ਹਨ: ਇਕ ਉਹ, ਜਿਨ੍ਹਾਂ ਨੂੰ ਮਰਨਾ ਨਹੀਂ ਆਉਂਦਾ, ਦੂਜੇ ਉਹ, ਜਿਨ੍ਹਾਂ ਨੂੰ ਜਿਊਣਾ ਨਹੀਂ ਆਉਂਦਾ।

ਜੇ ਕੋਈ ਗੱਲ ਮੁਸਕਰਾ ਕੇ ਕਹੀ ਜਾਵੇ, ਉਹ ਸਮਝਣੀ ਸੌਖੀ ਹੋ ਜਾਂਦੀ ਹੈ।

'ਆਪਣੇ ਆਪ ਨੂੰ ਪਛਾਣੋ', ਕਹਿਣਾ ਬੜਾ ਸੌਖਾ ਹੁੰਦਾ ਹੈ, ਪਰ ਆਪਣੇ ਆਪ ਨੂੰ ਪਛਾਣਨਾ, ਅਤਿਅੰਤ ਦੁਖਦਾਈ ਹੁੰਦਾ ਹੈ, ਇਸੇ ਕਰਕੇ ਮਨੁੱਖ ਸਾਰਾ ਜੀਵਨ ਆਪਣੇ ਆਪ ਤੋਂ ਲੁਕਦਾ-ਭੱਜਦਾ ਰਹਿੰਦਾ ਹੈ।

ਜਦੋਂ ਕਿਸੇ ਇਸਤਰੀ ਦਾ ਪਤੀ ਮਰ ਜਾਂਦਾ ਹੈ ਤਾਂ ਉਸ ਕੋਲੋਂ ਸੰਸਾਰ ਦੇ ਜੰਦਰੇ ਦੀ ਕੁੰਜੀ ਗੁਆਚ ਜਾਂਦੀ ਹੈ।

ਡਿੱਗੇ ਹੋਏ ਦਰੱਖ਼ਤ ਦੀ ਛਾਂ ਨਹੀਂ ਮਾਣੀ ਜਾ ਸਕਦੀ।

ਜਿਨ੍ਹਾਂ ਚੀਜ਼ਾਂ ਲਈ ਅਸੀਂ ਅਰਦਾਸਾਂ ਕਰਦੇ ਰਹੇ ਹੁੰਦੇ ਹਾਂ, ਇਕ ਪੜਾਓ 'ਤੇ ਆ ਕੇ ਅਸੀਂ ਜ਼ਰੂਰ ਸੋਚਦੇ ਹਾਂ ਕਿ ਸ਼ੁਕਰ ਹੈ, ਉਹ ਚੀਜ਼ਾਂ ਨਹੀਂ ਮਿਲੀਆਂ।

ਜਾਣਕਾਰੀ, ਸਿਆਣਪ ਨਹੀਂ ਹੁੰਦੀ, ਜਾਣਕਾਰੀ ਬਾਹਰੋਂ ਮਿਲਦੀ ਹੈ, ਸਿਆਣਪ ਅੰਦਰੋਂ ਉਪਜਦੀ ਹੈ।

ਚੰਗਾ ਦੋਸਤ ਉਹ ਨਹੀਂ ਹੁੰਦਾ, ਜੋ ਤੁਹਾਡੇ ਲਈ ਮਰਨ ਵਾਸਤੇ ਤਿਆਰ ਹੋਵੇ, ਸਗੋਂ ਉਹ ਹੁੰਦਾ ਹੈ, ਜਿਹੜਾ ਤੁਹਾਨੂੰ ਵੀ ਮਰਨ ਤੋਂ ਬਚਾ ਲਵੇ।

ਮਨੁੱਖ ਨੇ ਜਿਨ੍ਹਾਂ ਸ਼ਬਦਾਂ ਦੇ ਸਹੀ ਅਰਥ ਨਹੀਂ ਸਮਝੇ, ਉਨ੍ਹਾਂ ਵਿਚ ਇਸਤਰੀ, ਵਫ਼ਾਦਾਰੀ, ਸ਼ਮਸ਼ਾਨਘਾਟ ਆਦਿ ਸ਼ਾਮਲ ਹਨ।

ਜੇ ਅੰਗੂਠਾ ਨਾ ਹੁੰਦਾ ਤਾਂ, ਬੂਟ ਦੇ ਤਸਮੇ ਨਹੀਂ ਸੀ ਬੰਨ੍ਹੇ ਜਾਣੇ, ਡਿੱਗਿਆ ਸਿੱਕਾ ਚੁੱਕਿਆ ਨਹੀਂ ਸੀ ਜਾਣਾ, ਕੋਈ ਢੱਕਣ ਨਹੀਂ ਸੀ ਖੁੱਲ੍ਹਣਾ, ਸੂਈ ਵਿਚ ਧਾਗਾ ਨਹੀਂ ਸੀ ਪੈਣਾ, ਕੁਝ ਵੀ ਪਕੜਿਆ-ਵਰਤਿਆ ਨਹੀਂ ਸੀ ਜਾਣਾ।

ਸ਼ਰਧਾ ਕਾਰਨ, ਧਾਰਮਿਕ ਲੋਕ ਮੂਰਖਤਾ-ਭਰੀਆਂ ਗੱਲਾਂ ਕਰਦੇ ਹਨ।

ਲਾਊਡ-ਸਪੀਕਰ ਨਾਲ ਕੇਵਲ ਅਵਾਜ਼ ਹੀ ਉੱਚੀ ਹੁੰਦੀ ਹੈ, ਵਿਚਾਰਾਂ ਦੀ ਪੱਧਰ ਨਹੀਂ ਬਦਲਦੀ।

ਥਾਪੜਾ ਦਿੱਤਾ ਝੁਕੀ ਹੋਈ ਪਿੱਠ 'ਤੇ ਜਾਂਦਾ ਹੈ, ਸਿੱਧੀ ਗਰਦਨ ਹੋ ਜਾਂਦੀ ਹੈ।

ਜਦੋਂ ਕਿਸੇ ਦੇਸ਼ ਵਿਚ ਕੋਈ ਵੱਡੀ ਜਾਂ ਮਹਾਨ ਘਟਨਾ ਵਾਪਰਦੀ ਹੈ ਤਾਂ ਉਸ ਤੋਂ ਮਗਰਲਾ ਸਮਾਂ ਬੜੇ ਵੱਡੇ ਸੰਕਟਾਂ ਦਾ ਕਾਲ ਹੁੰਦਾ ਹੈ।

ਬੱਚਾ ਕਿਸੇ ਨੂੰ ਪਛਾਣਨ ਦਾ ਸੰਕੇਤ, ਆਪਣੀ ਮੁਸਕਰਾਹਟ ਨਾਲ ਦਿੰਦਾ ਹੈ।

ਹਰ ਮਨੁੱਖ ਛੁੱਟੀ ਦਾ ਮੁੱਢਲਾ ਅਨੁਭਵ, ਸਕੂਲ ਦੀ ਛੁੱਟੀ ਤੋਂ ਪ੍ਰਾਪਤ ਕਰਦਾ ਹੈ।

ਥਾਂ ਕੋਈ ਹੋਵੇ, ਜਦੋਂ ਵੀ ਪਲੈਟੋ ਜਾਂ ਅਰਸਤੂ ਨੂੰ ਪੜ੍ਹੋਗੇ, ਲਾਇਬਰੇਰੀ ਵਿਚ ਬੈਠੇ ਹੋਣ ਦਾ ਅਹਿਸਾਸ ਹੋਵੇਗਾ।

ਝੂਠ ਨਹੀਂ ਬੋਲਣਾ ਚਾਹੀਦਾ, ਇਹ ਅੱਧਾ ਕਥਨ ਹੈ; ਬਾਕੀ ਅੱਧਾ ਕਥਨ ਹੈ: ਸੱਚ ਹੀ ਬੋਲਣਾ ਚਾਹੀਦਾ ਹੈ।

ਚਲਾਕ, ਕਾਮੀ, ਭ੍ਰਿਸ਼ਟ, ਬੇਈਮਾਨ, ਧੋਖੇਬਾਜ਼ ਬੰਦਿਆਂ ਦੀ ਕਿਸੇ ਪ੍ਰਕਾਰ ਦੇ ਸੱਚ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਬੱਚਾ ਆਲੇ-ਦੁਆਲੇ ਨੂੰ ਵੇਖ ਕੇ ਹੈਰਾਨ ਹੁੰਦਾ ਹੈ; ਸਕੂਲ ਵਿਚਲੀ ਸਿੱਖਿਆ, ਇਸ ਹੈਰਾਨੀ ਨੂੰ ਕੁਚਲ ਦਿੰਦੀ ਹੈ।

ਆਤਮਾ ਦੇ ਨਿਰਣਿਆਂ ਵਿਰੁੱਧ, ਕੋਈ ਅਪੀਲ ਸੰਭਵ ਨਹੀਂ ਹੁੰਦੀ।

ਮਨੁੱਖ ਹਰ ਰੋਜ਼, ਕੋਈ ਨਾ ਕੋਈ ਨਵਾਂ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ; ਲੋੜ ਹੈ, ਹਰ ਰੋਜ਼ ਕੋਈ ਨਾ ਕੋਈ, ਅਗਿਆਨਤਾ ਤਿਆਗੀ ਜਾਵੇ।

ਪ੍ਰੇਮੀ ਨੂੰ ਪ੍ਰੇਮਿਕਾ ਦੇ ਪਿਆਰ ਦਾ ਉਦੋਂ ਵਿਸ਼ਵਾਸ ਹੋ ਜਾਂਦਾ ਹੈ, ਜਦੋਂ ਉਸ ਦੀ ਆਪਣੀ ਇਕ ਚਿੱਠੀ ਦੇ ਜਵਾਬ ਵਿਚ, ਪ੍ਰੇਮਿਕਾ ਦੀਆਂ ਦੋ ਚਿੱਠੀਆਂ ਆ ਜਾਂਦੀਆਂ ਹਨ ਅਤੇ ਦੋਹਾਂ ਵਿਚ ਲਿਖਿਆ ਹੁੰਦਾ ਹੈ: ਜਵਾਬ ਜਲਦੀ ਦੇਣਾ।

ਨੀਵੇਂ ਨਸ਼ਿਆਂ ਵਿਚ, ਸਰੂਰ ਨਾਲੋਂ ਬੇਚੈਨੀ ਵਧੇਰੇ ਹੁੰਦੀ ਹੈ।

ਕੋਈ ਚੰਗੀ ਪੁਸਤਕ ਪੜ੍ਹ ਕੇ, ਪਾਠਕ ਨੂੰ ਲਗਦਾ ਹੈ ਕਿ ਲੇਖਕ ਨੇ ਤਾਂ ਸਾਰੇ ਮੇਰੇ ਵਿਚਾਰ ਹੀ ਲਿਖ ਦਿੱਤੇ ਹਨ।

ਅਜੋਕੇ ਸੰਸਾਰ ਵਿਚ ਹਾਸਾ, ਬੱਚਿਆਂ ਕਾਰਨ ਬਚਿਆ ਹੋਇਆ ਹੈ।

ਚਾਨਣ ਹੋਣ ਨਾਲ ਵੀ, ਤਾਂ ਹੀ ਦਿਸੇਗਾ, ਜੇ ਅੱਖਾਂ ਵੀ ਖੁੱਲ੍ਹੀਆਂ ਹੋਣ ਅਤੇ ਅੱਖਾਂ ਵਿਚ ਜੋਤ ਅਤੇ ਜਗਿਆਸਾ ਵੀ ਹੋਵੇ।

ਬੱਚੇ, ਮਾਂ ਨੂੰ ਰਿੰਨ੍ਹਣ-ਪਕਾਉਣ ਦੀ ਕਲਾ ਸਿਖਾ ਦਿੰਦੇ ਹਨ; ਜਿਥੇ ਬੱਚੇ ਨਹੀਂ ਹੁੰਦੇ, ਉਥੇ ਇਹ ਕਲਾ ਵੀ ਨਹੀਂ ਹੁੰਦੀ।

ਮਹਾਨ ਸੁਕਰਾਤ ਸੀ, ਪ੍ਰਸਿੱਧ ਪਲੈਟੋ ਹੈ, ਪੜ੍ਹਿਆ ਵਧੇਰੇ ਅਰਸਤੂ ਜਾਂਦਾ ਹੈ।

ਜੇ ਕਿਸੇ ਦੀ ਅਕਲ ਕਮਜ਼ੋਰ ਹੋਵੇ ਤਾਂ ਉਸ ਦੇ ਪੱਖਪਾਤ ਮਜ਼ਬੂਤ ਹੋ ਜਾਂਦੇ ਹਨ।

ਯੂਨਾਨ ਨੇ ਸੰਸਾਰ ਨੂੰ ਪਰਿਭਾਸ਼ਾਵਾਂ ਦਿੱਤੀਆਂ ਸਨ, ਹਰ ਪਰਿਭਾਸ਼ਾ ਨਵੇਂ ਵਿਸ਼ੇ ਦਾ ਅਰੰਭ ਸਿੱਧ ਹੋਈ ਹੈ।

ਬੁੱਤ ਜਾਂ ਮੂਰਤੀ ਬਣਾਉਣ ਦੀ ਕਲਾ ਆਤਮਾ ਦੇ ਅਮਰ ਹੋਣ ਦੇ ਸੰਕਲਪ ਵਿਚੋਂ ਉਪਜੀ ਹੈ, ਪਰ ਇਹ ਵਰਤੀ ਸਰੀਰ ਨੂੰ ਅਮਰ ਕਰਨ ਲਈ ਗਈ ਹੈ।

ਵੱਡੇ ਲੇਖਕ ਆਲੋਚਨਾ ਧੀਰਜ ਨਾਲ ਬਰਦਾਸ਼ਤ ਕਰਦੇ ਹਨ; ਛੋਟੇ ਲੇਖਕ ਆਲੋਚਨਾ ਪ੍ਰਤੀ ਵਿਰੋਧ ਪ੍ਰਗਟਾਉਂਦੇ ਹਨ; ਜਿਹੜੇ ਲੇਖਕ ਹੁੰਦੇ ਨਹੀਂ, ਬਣੇ ਹੁੰਦੇ ਹਨ, ਉਹ ਆਲੋਚਨਾ ਹੋਣ ਦਾ ਬਦਲਾ ਵੀ ਲੈਂਦੇ ਹਨ।

ਵਿਆਹ ਕਰਵਾਉਣ ਉਪਰੰਤ, ਮਨੁੱਖ ਵਿਚ ਮਰਨ ਦਾ ਡਰ ਘੱਟ ਜਾਂਦਾ ਹੈ।

ਅਤੀਤ ਦੇ ਗੁਣ ਗਾਉਣੇ ਅਤੇ ਵਰਤਮਾਨ ਨੂੰ ਭੰਡਣਾ, ਸਮਾਂ ਵਿਅਰਥ ਗੁਆਉਣ ਦੇ ਪੱਕੇ ਢੰਗ ਹਨ।

ਘੱਟ ਬੋਲਣ ਵਾਲੇ, ਅਕਸਰ ਸਿਆਣੇ ਹੁੰਦੇ ਹਨ।

ਕੇਵਲ ਆਪਣੇ ਨੁਕਸ ਹੀ ਬਰਦਾਸ਼ਤ ਕਰਨੇ ਸੌਖੇ ਹੁੰਦੇ ਹਨ।

ਠੱਗ ਸਭ ਥਾਂ ਠੱਗੀਆਂ ਹੀ ਮਾਰਦੇ ਹਨ, ਪਰ ਸਮੁੱਚੇ ਜੀਵਨ ਵਿਚ ਉਹ ਘਾਟੇ ਵਿਚ ਹੀ ਰਹਿੰਦੇ ਹਨ।

ਇੱਛਾਵਾਂ ਪੂਰੀਆਂ ਕਰਨ ਦੀ ਯੋਗਤਾ, ਅਮੀਰੀ ਦੀ ਨਿਸ਼ਾਨੀ ਹੁੰਦੀ ਹੈ; ਇੱਛਾਵਾਂ ਤੋਂ ਮੁਕਤ ਹੋਣਾ, ਖ਼ੁਸ਼ਹਾਲੀ ਦਾ ਪ੍ਰਮਾਣ ਹੁੰਦਾ ਹੈ।

ਪੰਜਾਬੀ ਆਲੋਚਨਾ ਹੀ ਕਰਦੇ ਹਨ, ਪਰ ਆਲੋਚਨਾ ਕੀਤੀ ਜਾਣੀ ਪਸੰਦ ਨਹੀਂ ਕਰਦੇ, ਪਸੰਦ ਉਹ ਪ੍ਰਸੰਸਾ ਹੀ ਕਰਦੇ ਹਨ।

ਮਹਾਨ ਵਿਅਕਤੀਆਂ ਦੇ ਵਾਰਿਸ ਬਣਨ ਦੀ ਯੋਗਤਾ, ਉਨ੍ਹਾਂ ਦੇ ਵਾਰਿਸਾਂ ਵਿਚ ਬਿਲਕੁਲ ਨਹੀਂ ਹੁੰਦੀ।

ਸੰਸਾਰ ਦੀ ਸਭ ਤੋਂ ਮਹਿੰਗੀ ਖੇਡ, ਯੁੱਧ ਕਹਿਲਾਉਂਦੀ ਹੈ।

ਕੁਝ ਦਿਮਾਗ ਹੀ ਵਰਤੋਂ ਨਾਲ ਘਸਦੇ ਹਨ, ਬਹੁਤਿਆਂ ਨੂੰ ਜ਼ੰਗਾਲ ਹੀ ਲੱਗਦਾ ਹੈ।

ਕਿਸੇ ਕਾਲਜ-ਯੂਨੀਵਰਸਿਟੀ ਨੂੰ ਪ੍ਰਸਿੱਧ, ਉਸ ਦੇ ਪੁਰਾਣੇ ਅਤੇ ਸਮਰੱਥ ਵਿਦਿਆਰਥੀ ਕਰਦੇ ਹਨ।

ਅਸਮਾਨ ਸਭ ਦਾ ਸਾਂਝਾ ਪਰ ਦੁਮੇਲ ਹਰ ਕਿਸੇ ਦਾ ਵੱਖਰਾ ਹੁੰਦਾ ਹੈ।

ਮੂਰਖਤਾ, ਮਹਿੰਗੇ ਕੱਪੜਿਆਂ ਅਤੇ ਛਾਪਾਂ-ਛੱਲਿਆਂ ਨਾਲ ਵੀ ਨਹੀਂ ਛੁਪਦੀ।

ਵਿਆਹ ਨਾਲ ਦੁੱਖ ਅੱਧੇ, ਖ਼ੁਸ਼ੀਆਂ ਦੁਗਣੀਆਂ ਅਤੇ ਖਰਚੇ ਚੌਗਣੇ ਹੋ ਜਾਂਦੇ ਹਨ।

ਭੀੜ ਕੋਲ ਸਿਰਾਂ ਦੀ ਭਰਮਾਰ ਹੁੰਦੀ ਹੈ, ਪਰ ਅਕਲ ਦਾ ਅਕਾਲ ਪਿਆ ਹੁੰਦਾ ਹੈ।

ਆਪਣੀ ਕਿਸਮਤ ਨਾਲ ਕੋਈ ਸੰਤੁਸ਼ਟ ਨਹੀਂ ਹੁੰਦਾ; ਆਪਣੀ ਅਕਲ ਨਾਲ ਕੋਈ ਅਸੰਤੁਸ਼ਟ ਨਹੀਂ ਹੁੰਦਾ।

ਕਿਸੇ ਲਈ ਜੇ ਦਿਲ ਵਿਚ ਥਾਂ ਹੋਵੇ ਤਾਂ ਘਰ ਵਿਚ ਵੀ ਥਾਂ ਬਣ ਜਾਂਦੀ ਹੈ।

ਸਰੀਰ ਦੇ ਵਿਕਾਸ ਵਾਸਤੇ ਪ੍ਰਸੰਨਤਾ ਚੰਗੀ ਹੁੰਦੀ ਹੈ, ਪਰ ਬੁੱਧੀ ਦੇ ਵਿਕਾਸ ਵਾਸਤੇ ਉਦਾਸੀ ਲਾਭਕਾਰੀ ਹੁੰਦੀ ਹੈ।

ਸਭ ਤੋਂ ਸੋਹਣਾ ਹਾਸਾ ਬੁੱਲ੍ਹੀਆਂ ਵਿਚ ਹੁੰਦਾ ਹੈ, ਜਿਹੜਾ ਕਿਸੇ ਵਿਸ਼ੇਸ਼ ਲਈ, ਪਿਆਰ ਨਾਲ ਪਰੋਸਿਆ ਜਾਂਦਾ ਹੈ।

ਜਿਨ੍ਹਾਂ ਦੀ ਕੋਈ ਨਿੱਗਰ ਅਤੇ ਸਪੱਸ਼ਟ ਸੋਚ ਨਹੀਂ ਹੁੰਦੀ, ਉਹ ਜ਼ਿੰਦਗੀ ਦੀ ਜਰਨੈਲੀ ਸੜਕ 'ਤੇ ਕੁਚਲੇ ਜਾਂਦੇ ਹਨ।

ਸਰਕਾਰ ਕਿਸੇ ਪਾਰਟੀ ਦੀ ਬਣੇ, ਉਸ ਨੂੰ ਚਲਾਉਂਦੇ ਅਖ਼ਬਾਰ ਹੀ ਹਨ।

ਸੱਚੇ ਦੇਸ਼-ਭਗਤ, ਹਮੇਸ਼ਾਂ ਦੇਸ਼ ਲਈ ਆਪ ਮਰਨ ਦੀਆਂ ਗੱਲਾਂ ਹੀ ਕਰਦੇ ਹਨ, ਕਿਸੇ ਨੂੰ ਮਾਰਨ ਦੀਆਂ ਨਹੀਂ।

ਜਿਨ੍ਹਾਂ ਦਾ ਪਾਲਣ-ਪੋਸਣ ਸਹੀ ਢੰਗ ਨਾਲ ਹੋਇਆ ਹੁੰਦਾ ਹੈ, ਉਹ ਗਲਤੀਆਂ ਵੀ ਸਹੀ ਢੰਗ ਨਾਲ ਕਰਦੇ ਹਨ।

ਸਭ ਤੋਂ ਘੱਟ ਮਹੱਤਵ ਵਾਲਾ ਸਮਾਂ ਦੁਪਹਿਰ ਮਗਰੋਂ ਤਿੰਨ ਵਜੇ ਦਾ ਹੁੰਦਾ ਹੈ; ਕਿਉਂਕਿ ਦੁਪਹਿਰ ਵੇਲੇ ਤਕ ਕੀਤੇ ਜਾਣ ਵਾਲੇ ਕੰਮਾਂ ਦੇ ਪੱਖੋਂ ਦੇਰ ਹੋ ਚੁੱਕੀ ਹੁੰਦੀ ਹੈ ਅਤੇ ਸ਼ਾਮ ਦਾ ਕੰਮ ਕਰਨ ਦੇ ਪੱਖੋਂ ਅਜੇ ਵਕਤ ਨਹੀਂ ਹੋਇਆ ਹੁੰਦਾ।

ਸਾਡਾ ਆਪਣਾ ਹੰਕਾਰ, ਸਾਨੂੰ ਦੂਜਿਆਂ ਦਾ ਹੰਕਾਰ ਸਹਿਣ ਨਹੀਂ ਕਰਨ ਦਿੰਦਾ।

ਜਿਹੜਾ ਜਵਾਨੀ ਵਿਚ ਗਿਆਨਵਾਨ ਹੁੰਦਾ ਹੈ, ਉਹ ਬੁਢਾਪੇ ਵਿਚ ਸਤਿਕਾਰਯੋਗ ਵਿਦਵਾਨ ਅਖਵਾਉਂਦਾ ਹੈ।

ਕਈਆਂ ਕੋਲ ਸੰਸਾਰ ਨੂੰ ਦੇਣ ਵਾਸਤੇ, ਕੇਵਲ ਪਰੇਸ਼ਾਨੀਆਂ ਹੀ ਹੁੰਦੀਆਂ ਹਨ।

ਕਿਸੇ ਰਾਸ਼ਟਰ ਦੇ ਸਭ ਤੋਂ ਵੱਧ ਮਹੱਤਵਪੂਰਨ ਵਿਅਕਤੀ, ਇੰਜੀਨੀਅਰ ਜਾਂ ਡਾਕਟਰ ਨਹੀਂ, ਸਕੂਲ-ਅਧਿਆਪਕ ਹੁੰਦੇ ਹਨ, ਜਿਹੜਾ ਰਾਸ਼ਟਰ ਇਹ ਤੱਥ ਸਮਝ ਲੈਂਦਾ ਹੈ, ਉਹ ਵਿਸ਼ਵ-ਸ਼ਕਤੀ ਬਣ ਜਾਂਦਾ ਹੈ।

ਸੱਚਾ ਪਰਜਾਤੰਤਰ ਉਹ ਹੋਵੇਗਾ, ਜਿਸ ਵਿਚ ਸਤਿਕਾਰ ਹਰੇਕ ਦਾ ਹੋਵੇਗਾ, ਪਰ ਬੁੱਤ ਕਿਸੇ ਦਾ ਨਹੀਂ ਲੱਗੇਗਾ।

ਰਿਸ਼ਤਾ ਕੇਵਲ ਪਿਆਰ ਦਾ ਹੀ ਹੁੰਦਾ ਹੈ, ਬਾਕੀ ਸਾਰੇ ਰਿਸ਼ਤੇ ਜਾਣ-ਪਛਾਣ ਹੁੰਦੇ ਹਨ।

ਯੋਰਪ ਦੇ ਵਿਦਿਆਰਥੀ, ਲਾਤੀਨੀ ਭਾਸ਼ਾ ਨੂੰ ਮਾਣ ਵਜੋਂ ਅਤੇ ਯੂਨਾਨੀ ਭਾਸ਼ਾ ਨੂੰ ਮਾਣਨ ਲਈ ਪੜ੍ਹਦੇ ਹਨ।

ਮੌਲਿਕ ਚਿੰਤਕ ਉਹ ਹੁੰਦਾ ਹੈ, ਜੋ ਜਾਣਨ ਦਾ ਯਤਨ ਹੀ ਨਹੀਂ ਕਰਦਾ ਕਿ ਹੋਰਾਂ ਨੇ ਕੀ ਸੋਚਿਆ ਹੈ।

ਸਭ ਤੋਂ ਵੱਧ ਪਰੰਪਰਾਵਾਦੀ ਉਹ ਹੁੰਦੇ ਹਨ, ਜਿਹੜੇ ਕੇਵਲ ਧਾਰਮਿਕ ਪੁਸਤਕਾਂ ਪੜ੍ਹਦੇ ਹਨ।

ਕਿਸੇ ਦੇਸ਼ ਬਾਰੇ ਸਹੀ ਜਾਣਕਾਰੀ, ਉਸ ਦੇਸ਼ ਦੀ ਦੰਡਾਵਲੀ ਤੋਂ ਸਹਿਜੇ ਹੀ ਮਿਲ ਜਾਂਦੀ ਹੈ।

ਜਦੋਂ ਰੂਹਾਨੀਅਤ ਦਾ ਕਾਲ ਪੈ ਜਾਂਦਾ ਹੈ ਤਾਂ ਰਾਜਨੀਤੀ ਪ੍ਰਧਾਨ ਹੋ ਜਾਂਦੀ ਹੈ।

ਹੀਣਤਾ ਦੀ ਭਾਵਨਾ ਕੇਵਲ ਮਨੁੱਖਾਂ ਵਿਚ ਹੁੰਦੀ ਹੈ, ਕਿਉਂਕਿ ਕੇਵਲ ਮਨੁੱਖਾਂ ਵਿਚ ਮਹਾਨ ਬਣਨ ਦੀ ਲਾਲਸਾ ਹੁੰਦੀ ਹੈ।

ਘਰ ਭਾਵੇਂ ਕਿਤਨਾ ਵੱਡਾ ਹੋਵੇ, ਉਸ ਵਿਚ ਇਕ ਹੋਰ ਕਮਰੇ ਦੀ ਲੋੜ ਹੁੰਦੀ ਹੈ।

ਹੁਣ ਚੋਣਾਂ ਵਿਚ ਹਾਰਨ 'ਤੇ ਵੀ, ਜਿੱਤਣ ਵਰਗਾ ਖਰਚਾ ਹੁੰਦਾ ਹੈ।

ਚਾਲ੍ਹੀ ਸਾਲ ਦੀ ਉਮਰ ਤਕ ਅਸੀਂ ਮਾਪਿਆਂ ਨੂੰ ਪੁੱਛਦੇ ਹਾਂ: ਤੁਸੀਂ ਸਾਡੇ ਵਾਸਤੇ ਕੀ ਕੀਤਾ ਹੈ? ਇਸ ਉਪਰੰਤ ਮਾਪੇ ਸਾਨੂੰ ਪੁੱਛਦੇ ਹਨ: ਅਸੀਂ ਉਨ੍ਹਾਂ ਵਾਸਤੇ ਕੀ ਕਰ ਰਹੇ ਹਾਂ?

ਮਾਂਵਾਂ ਸਮਾਜ ਦਾ ਸਰੋਤ ਹੁੰਦੀਆਂ ਹਨ, ਕਾਮੇ ਸਮਾਜ ਦੀਆਂ ਨੀਹਾਂ ਹੁੰਦੇ ਹਨ, ਅਧਿਆਪਕ ਸਮਾਜ ਦੇ ਉਸਰਈਏ ਹੁੰਦੇ ਹਨ।

ਹੁਣ ਮਨੁੱਖਾਂ ਦੇ ਵਿਹਾਰ ਵਿਚੋਂ ਰੱਬ ਮੁੱਕਦਾ ਜਾ ਰਿਹਾ ਹੈ।

ਪੈਗੰਬਰਾਂ ਦਾ ਪੱਥਰਾਂ ਨਾਲ ਡੂੰਘਾ ਸਬੰਧ ਹੈ; ਜਿਊਂਦਿਆਂ ਉਨ੍ਹਾਂ ਨੂੰ ਪੱਥਰ ਮਾਰੇ ਜਾਂਦੇ ਹਨ, ਮਰਨ ਉਪਰੰਤ ਉਨ੍ਹਾਂ ਦੀਆਂ ਕਬਰਾਂ 'ਤੇ ਪੱਥਰ ਲਾਏ ਜਾਂਦੇ ਹਨ।

ਪਰੇਸ਼ਾਨੀਆਂ ਕਾਰਨ ਜਿਨ੍ਹਾਂ ਨੂੰ ਨੀਂਦਰ ਨਹੀਂ ਆਉਂਦੀ, ਉਨ੍ਹਾਂ ਨੂੰ ਵਧੇਰੇ ਅਰਾਮ ਕਰਨ ਦੀ ਲੋੜ ਪੈਂਦੀ ਹੈ।

ਹੋਰਾਂ ਸਾਹਮਣੇ ਫੜ੍ਹਾਂ ਮਾਰ ਰਹੇ ਪੁਰਸ਼ ਦੀ ਪਤਨੀ ਮੁਸਕਰਾਉਂਦੀ ਹੈ; ਉਹ ਕਹਿੰਦੀ ਕੁਝ ਨਹੀਂ, ਪਰ ਕੁਝ ਅਣਕਿਹਾ ਵੀ ਨਹੀਂ ਰਹਿਣ ਦਿੰਦੀ।

ਬੋਲਣ ਦੌਰਾਨ ਕੁਝ ਸਿੱਖਿਆ ਨਹੀਂ ਜਾ ਸਕਦਾ, ਕੁਝ ਸਿੱਖਣ ਲਈ ਚੁੱਪ ਹੋਣਾ ਲਾਜ਼ਮੀ ਹੁੰਦਾ ਹੈ।

ਦੇਸ਼ ਦੀ ਸਰਕਾਰ ਨੂੰ, ਦੇਸ਼ ਦੀ ਸਮੁੱਚੀ ਸਿਆਣਪ ਅਤੇ ਸਮੁੱਚੀ ਮੂਰਖਤਾ, ਰਲ ਕੇ ਚਲਾਉਂਦੀਆਂ ਹਨ।

ਕਈ ਬੋਲਣ ਤੋਂ ਪਹਿਲਾਂ, ਬੜੇ ਸਿਆਣੇ ਵਿਖਾਈ ਦਿੰਦੇ ਹਨ।

ਅਜੋਕਾ ਮਨੁੱਖ ਜਦੋਂ ਸ਼ਾਂਤ, ਸੰਤੁਸ਼ਟ, ਸੁਖੀ ਅਤੇ ਇਕਾਂਤਮਈ ਜੀਵਨ ਜਿਊਣ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਉਹ ਗਲਤ ਸਮਿਆਂ ਵਿਚ ਜਨਮਿਆ ਹੈ।

ਕਈ ਵਾਰੀ ਅਦਾਲਤ ਦੋਸ਼ੀ ਨੂੰ ਬਰੀ ਕਰ ਦਿੰਦੀ ਹੈ, ਪਰ ਉਸ ਦਾ ਵਕੀਲ ਨਹੀਂ ਕਰਦਾ।

ਪੈਸੇ ਪ੍ਰਤੀ ਅਰਥ-ਸ਼ਾਸਤਰੀਆਂ ਦਾ ਸਾਰਾ ਗਿਆਨ ਸਿਧਾਂਤਕ ਹੁੰਦਾ ਹੈ, ਉਨ੍ਹਾਂ ਕੋਲ ਪੈਸੇ ਦੇ ਸਿਧਾਂਤ ਹੁੰਦੇ ਹਨ, ਪੈਸੇ ਨਹੀਂ ਹੁੰਦੇ।

ਜਿਸ ਦੀ ਜ਼ਬਾਨ ਤਿੱਖੀ ਹੋਵੇਗੀ, ਉਸ ਦਾ ਦਿਮਾਗ ਖੁੰਢਾ ਹੋਵੇਗਾ।

ਸ਼ਰਾਫਤ ਅਤੇ ਇਮਾਨਦਾਰੀ ਨਾਲ ਗੁਜ਼ਾਰਾ ਹੀ ਹੋ ਸਕਦਾ ਹੈ, ਐਸ਼ ਕਰਨ ਲਈ ਚਲਾਕੀ, ਚਤੁਰਾਈ ਅਤੇ ਬੇਈਮਾਨੀ ਕੀਤੀ ਜਾਂਦੀ ਹੈ।

ਜਿਥੇ ਵੇਖਦਿਆਂ ਹੀ ਪਿਆਰ ਹੋ ਜਾਵੇ, ਉਥੇ ਦੂਜੀ ਵਾਰ ਵੇਖਣ ਨਾਲ ਇਹ ਟੁੱਟ ਵੀ ਸਕਦਾ ਹੈ।

ਪਹਿਲਾਂ ਲੜਾਉਣਾ ਅਤੇ ਮਗਰੋਂ ਲੜਨ ਵਾਲਿਆਂ ਵਿਚਕਾਰ ਸਮਝੌਤਾ ਕਰਵਾਉਣਾ, ਹੁਣ ਕਈਆਂ ਲਈ ਲਾਹੇਵੰਦਾ ਰੋਜ਼ਗਾਰ ਬਣ ਗਿਆ ਹੈ।

ਲੋੜ ਤੋਂ ਵੱਧ ਚਮਕਣ ਵਾਲੇ ਬੰਦੇ, ਬੜੇ ਅਕਾਊ ਹੁੰਦੇ ਹਨ।

ਵਿਦਿਆਰਥੀ, ਕਾਲਜ ਵਿਚ ਦਾਖਲੇ ਦੀ ਚਿੰਤਾ ਕਰਦਾ ਹੈ, ਪਿਤਾ ਉਸ ਦੇ ਖਰਚੇ ਦੀ ਪਰੇਸ਼ਾਨੀ ਨੂੰ ਝਲਦਾ ਹੈ।

ਸਿਰ 'ਤੇ ਵਾਲ ਜਿਤਨੇ ਘੱਟ ਹੋਣਗੇ, ਉਨ੍ਹਾਂ ਨੂੰ ਸੰਵਾਰਨ ਲਈ ਉਤਨਾ ਹੀ ਵਧੇਰੇ ਸਮਾਂ ਲੱਗੇਗਾ।

ਇਸਤਰੀਆਂ ਦੀ ਚੁੱਪ, ਬੜੀ ਸਪਸ਼ਟ ਨਾਂਹ ਹੁੰਦੀ ਹੈ।

ਕੇਵਲ ਇਮਾਨਦਾਰੀ ਨਾਲ ਜੀਵਨ ਗੁਜ਼ਾਰੋਗੇ ਤਾਂ ਕੋਈ ਮੁਕਾਬਲਾ ਨਹੀਂ ਕਰੇਗਾ, ਕੋਈ ਤੰਗ-ਪ੍ਰੇਸ਼ਾਨ ਨਹੀਂ ਕਰੇਗਾ, ਕੋਈ ਵਿਆਹ ਵੀ ਨਹੀਂ ਕਰੇਗਾ।

ਆਪਣੀ ਯੋਗਤਾ ਵੇਚੋ, ਆਪ ਨਾ ਵਿਕੋ।

ਜਿਹੜਾ ਪੂੰਜੀਵਾਦੀ ਨਹੀਂ ਬਣ ਸਕਦਾ, ਉਸ ਨੂੰ ਸਮਾਜਵਾਦੀ ਬਣਨਾ ਪੈਂਦਾ ਹੈ।

ਅਜੋਕੀਆਂ ਲੜਕੀਆਂ ਵਿਆਹ ਕਰਵਾ ਕੇ, ਪ੍ਰਸੰਨ ਹੀ ਨਹੀਂ, ਜੇਤੂ ਵੀ ਮਹਿਸੂਸ ਕਰਦੀਆਂ ਹਨ।

ਤਜਰਬਾ ਉਧਾਰ ਨਹੀਂ ਮਿਲਦਾ, ਇਹ ਕਿਸ਼ਤਾਂ ਵਿਚ ਵੀ ਨਹੀਂ ਮਿਲਦਾ।

ਅਜੋਕੇ ਬੱਚੇ ਸੋਚਦੇ ਕੁਝ ਨਹੀਂ ਪਰ ਜਾਣਦੇ ਸਭ ਕੁਝ ਹਨ।

ਹੁਣ ਬਹੁਤੇ ਲੋਕ ਆਪਣੀ ਪੈੜ-ਚਾਲ ਨਹੀਂ ਛੱਡਦੇ, ਆਪਣੇ ਤਿਲ੍ਹਕਣ ਅਤੇ ਡਿੱਗਣ ਦੇ ਨਿਸ਼ਾਨ ਹੀ ਛੱਡਦੇ ਹਨ।

ਮੂਰਖ, ਕਿਸੇ ਚੀਜ਼ ਬਾਰੇ ਚਿੰਤਾ ਨਹੀਂ ਕਰਦੇ, ਕਿਉਂਕਿ ਉਨ੍ਹਾਂ ਕੋਲ ਚਿੰਤਾ ਕਰਨ ਵਾਲਾ ਯੰਤਰ ਹੀ ਨਹੀਂ ਹੁੰਦਾ।

ਜਿਹੜੀਆਂ ਪਤਨੀਆਂ ਨੂੰ ਪਤੀ ਨਹੀਂ ਸੁਣਦੇ, ਉਹ ਉਨ੍ਹਾਂ ਨੂੰ ਵੇਖਣ ਅਤੇ ਮਿਲਣ ਲੱਗ ਪੈਂਦੀਆਂ ਹਨ, ਜਿਹੜੇ ਉਨ੍ਹਾਂ ਨੂੰ ਸੁਣਦੇ ਹਨ, ਇਵੇਂ ਨਾਜਾਇਜ਼ ਸਬੰਧ ਉਸਰਨ ਦਾ ਰਾਹ ਪੱਧਰਾ ਹੋ ਜਾਂਦਾ ਹੈ।

ਸੋਹਣੀ ਇਸਤਰੀ ਦੀ ਗੂੜ੍ਹੀ ਤੱਕਣੀ ਨਾਲ ਲੱਗਿਆ ਲਾਂਬੂ, ਫਾਇਰ-ਬ੍ਰੀਗੇਡ ਵੀ ਨਹੀਂ ਬੁਝਾ ਸਕਦਾ।

ਜੇ ਬਿਨਾਂ ਲੋੜ ਦੇ ਚੀਜ਼ਾਂ ਖਰੀਦੋਗੇ ਤਾਂ ਲੋੜ ਪੈਣ 'ਤੇ ਵਰਤਣ ਵਾਲੀਆਂ ਚੀਜ਼ਾਂ ਨਹੀਂ ਖਰੀਦ ਸਕੋਗੇ।

ਜੇ ਤੁਸੀਂ ਆਪਣਾ ਮੂੰਹ ਬੰਦ ਰੱਖੋਗੇ ਤਾਂ ਸਾਰੇ ਤੁਹਾਡੇ ਨਾਲ ਸਹਿਮਤੀ ਪ੍ਰਗਟਾਉਣਗੇ।

ਸਿਆਣੇ ਬੰਦੇ, ਬੋਲਦੇ ਘੱਟ ਹਨ, ਪਰ ਕਹਿੰਦੇ ਵਧੇਰੇ ਹਨ।

ਅਗਲੀ ਸਵੇਰ, ਹਰ ਰੋਜ਼ ਆਉਂਦੀ ਹੈ, ਪਰ ਮੁਲਤਵੀ ਕੀਤੇ ਕੰਮ ਵਾਲਾ ਕੱਲ੍ਹ ਕਦੇ ਨਹੀਂ ਆਉਂਦਾ।

ਕੁਝ ਲੋਕਾਂ ਕੋਲ ਹੀ ਗੱਲ ਕਰਨ ਦੀ ਜਾਚ ਹੁੰਦੀ ਹੈ, ਬਹੁਤੇ ਸੱਚ ਬੋਲ ਦਿੰਦੇ ਹਨ।

ਢੇਰ ਪੈਸੇ ਕਮਾਉਣ-ਖਰਚਣ ਮਗਰੋਂ ਪਤਾ ਲੱਗਦਾ ਹੈ ਕਿ ਪੈਸੇ ਨਾਲ ਪ੍ਰਸੰਨ ਨਹੀਂ ਹੋਇਆ ਜਾ ਸਕਦਾ।

ਫੈਸ਼ਨ ਦਾ ਨੇਮ ਹੈ ਕਿ ਜਿਉਂ-ਜਿਉਂ ਕੱਪੜਾ ਛੋਟਾ ਹੁੰਦਾ ਜਾਂਦਾ ਹੈ, ਕੀਮਤ ਵੱਡੀ ਹੁੰਦੀ ਜਾਂਦੀ ਹੈ।

ਜਿਥੇ ਸਭ ਤੋਂ ਵੱਧ ਕਪਾਹ ਹੁੰਦੀ ਹੈ, ਉਥੇ ਲੋਕ ਕੱਪੜੇ ਰੇਸ਼ਮੀ ਪਾਉਂਦੇ ਹਨ।

ਗਰੀਬ ਮੁਲਕਾਂ ਦੀਆਂ ਇਸਤਰੀਆਂ ਚਾਲ੍ਹੀ 'ਤੇ ਬੁੱਢੀਆਂ ਹੋ ਜਾਂਦੀਆਂ ਹਨ, ਅਮੀਰ ਮੁਲਕਾਂ ਦੀਆਂ ਇਸਤਰੀਆਂ, ਚਾਲ੍ਹੀ ਦੀਆਂ ਕਦੇ ਹੁੰਦੀਆਂ ਹੀ ਨਹੀਂ।

ਚੋਣਾਂ ਰਾਹੀਂ ਜਨਤਾ ਨਿਰਣਾ ਕਰਦੀ ਹੈ ਕਿ ਅਗਲੇ ਪੰਜ ਸਾਲ, ਸਾਡੀ ਕਮਾਈ ਨੂੰ ਕੌਣ-ਕੌਣ ਲੁੱਟੇਗਾ।

ਹੁਣ ਹਰ ਬੰਦੇ ਨੂੰ ਪ੍ਰਸੰਨਤਾ ਲੱਭਣ ਲਈ ਕਾਰ ਚਾਹੀਦੀ ਹੈ।

ਜਿਹੜਾ ਕਹਿੰਦਾ ਹੈ ਕਿ ਉਹ ਆਪਣੇ ਘਰ ਵਿਚ ਰਾਜਾ ਹੈ, ਉਹ ਕਿਸੇ ਹੋਰ ਮਸਲੇ ਬਾਰੇ ਵੀ ਸੱਚ ਨਹੀਂ ਬੋਲੇਗਾ।

ਚੰਗਾ ਭਾਸ਼ਣ ਉਹ ਹੁੰਦਾ ਹੈ, ਜਿਸ ਦਾ ਅਰੰਭ ਅਤੇ ਅੰਤ ਦੋਵੇਂ ਚੰਗੇ ਹੋਣ ਅਤੇ ਇਹ ਇਕ-ਦੂਜੇ ਦੇ ਨੇੜੇ ਹੋਣ।

ਇਸਤਰੀਆਂ ਆਪਣੇ ਪਤੀਆਂ ਦੀ ਨੀਤੀ ਸਮਝਦੀਆਂ ਹਨ, ਹੋਰ ਕਿਸੇ ਰਾਜਨੀਤੀ ਵਿਚ ਉਨ੍ਹਾਂ ਦੀ ਦਿਲਚਸਪੀ ਘੱਟ ਹੀ ਹੁੰਦੀ ਹੈ।

ਅੱਜ ਕੱਲ੍ਹ ਜਲਦੀ ਉਹੀ ਸੌਂਦੇ ਹਨ, ਜਿਨ੍ਹਾਂ ਦੀ ਟੈਲੀਵਿਜ਼ਨ ਵੇਖਣ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਕਈ ਵਾਰੀ ਅੱਗ ਨਾਲ ਉਤਨਾ ਨੁਕਸਾਨ ਨਹੀਂ ਹੁੰਦਾ, ਜਿਤਨਾ ਨੁਕਸਾਨ ਅੱਗ ਬੁਝਾਉਣ ਦੇ ਯਤਨ ਵਿਚ ਫਾਇਰ-ਬ੍ਰੀਗੇਡ ਕਰ ਜਾਂਦਾ ਹੈ।

ਹੁਣ ਤਲਾਕ ਵਾਸਤੇ ਇਕ ਹੀ ਸ਼ਰਤ ਹੈ ਕਿ ਜੋੜਾ ਵਿਆਹਿਆ ਹੋਵੇ।

ਜੇ ਸਾਰੇ ਮੂਰਖਾਂ ਨੂੰ ਜੇਲ੍ਹ ਵਿਚ ਬੰਦ ਕਰ ਦੇਈਏ ਤਾਂ ਟੈਲੀਵਿਜ਼ਨ ਪ੍ਰੋਗਰਾਮ ਤਿਆਰ ਹੋਣੇ ਬੰਦ ਹੋ ਜਾਣਗੇ।

ਕੈਨੇਡਾ ਦੇ ਗੁਰਦੁਆਰੇ ਵਿਚ ਭਾਈ ਸਾਹਿਬ ਸੂਚਨਾ ਦੇ ਰਹੇ ਸਨ: ਬੱਚਿਆਂ ਲਈ ਪੀਜ਼ਾ ਅਤੇ ਸੰਗਤਾਂ ਲਈ ਲੰਗਰ ਤਿਆਰ ਹੈ।

ਹੁਣ ਕਈਆਂ ਦੀ ਬਦਤਮੀਜ਼ੀ, ਉਨ੍ਹਾਂ ਦੇ ਪਹਿਰਾਵੇ ਤੋਂ ਹੀ ਪ੍ਰਗਟ ਹੋ ਜਾਂਦੀ ਹੈ।

ਅਜੋਕੇ ਸਮਾਗਮਾਂ ਵਿਚ ਭੋਜਨ ਲੋੜ ਨਾਲੋਂ ਵੱਧ ਪਕਾਇਆ ਗਿਆ ਹੁੰਦਾ ਹੈ; ਖਾਣ ਨਾਲੋਂ ਵੱਧ ਪਰੋਸਿਆ ਗਿਆ ਹੁੰਦਾ ਹੈ ਅਤੇ ਲੋੜ ਨਾਲੋਂ ਵੱਧ ਖਾਧਾ ਗਿਆ ਹੁੰਦਾ ਹੈ।

ਬੱਜਟ ਬਣਾਉਣ ਦਾ ਇਕ ਹੀ ਲਾਭ ਹੁੰਦਾ ਹੈ ਕਿ ਖਰਚਣ ਤੋਂ ਮਗਰੋਂ ਕੀਤੀ ਜਾਣ ਵਾਲੀ ਚਿੰਤਾ, ਪਹਿਲਾਂ ਹੀ ਕਰ ਲਈ ਜਾਂਦੀ ਹੈ।

ਇਸਤਰੀ ਆਪਣੇ ਵਿਆਹੇ ਹੋਣ ਦੇ ਸਬੂਤ ਵਜੋਂ ਉਮਰ ਨਹੀਂ ਦਸਦੀ, ਬੱਚੇ ਵਿਖਾਉਂਦੀ ਹੈ।

ਕਿਸ਼ੋਰ ਅਵਸਥਾ ਵਿਚ ਬੱਚੇ ਸੋਚਦੇ ਹਨ ਕਿ ਉਹ ਕਦੇ ਵੀ ਆਪਣੇ ਮਾਪਿਆਂ ਵਰਗੇ ਨਹੀਂ ਬਣਨਗੇ।

ਸੁੰਦਰਤਾ ਅਜਿਹਾ ਗਹਿਣਾ ਹੈ, ਜਿਹੜਾ ਗੁਆਚ ਜਾਣ 'ਤੇ ਵੀ ਇਸਤਰੀ ਸਮਝਦੀ ਹੈ, ਉਸ ਕੋਲ ਹੀ ਹੈ।

ਜਦੋਂ ਸੱਸ ਆਪਣੇ ਘਰ ਵਾਪਸ ਜਾਂਦੀ ਹੈ ਤਾਂ ਪ੍ਰਸੰਨ ਹੋ ਰਿਹਾ ਜਵਾਈ ਆਪਣੇ ਆਪ ਨੂੰ ਵਧਾਈ ਦਿੰਦਾ ਹੈ।

ਸਫ਼ਲ ਅਰਥ-ਸ਼ਾਸਤਰੀ ਉਹ ਹੁੰਦਾ ਹੈ, ਜਿਹੜਾ ਦੱਸੇ ਕਿ ਮੰਡੀ ਵਿਚ ਅੱਗੋਂ ਕੀ ਵਾਪਰੇਗਾ ਅਤੇ ਫਿਰ ਦੱਸੇ ਕਿ ਇਵੇਂ ਕਿਉਂ ਨਹੀਂ ਵਾਪਰਿਆ।

ਕਿਧਰੇ ਵੀ ਸਾਰੇ ਬੰਦੇ ਮੂਰਖ ਨਹੀਂ ਹੁੰਦੇ, ਕੁਝ ਵਿਆਹੇ ਵੀ ਹੁੰਦੇ ਹਨ।

ਛੱਤਰੀ ਅਤੇ ਪੌੜੀ ਹਮੇਸ਼ਾਂ ਦੋ-ਦੋ ਖਰੀਦੋ; ਇਕ ਆਪਣੇ ਲਈ, ਇਕ ਮੰਗਣ ਵਾਲਿਆਂ ਲਈ।

ਜੇਬ ਕਤਰਾ ਹੁੰਦਾ ਇਕੱਲਾ ਹੈ, ਪਰ ਉਹ ਪਸੰਦ ਭੀੜ ਨੂੰ ਕਰਦਾ ਹੈ।

ਚੰਗੀਆਂ ਮਾਂਵਾਂ ਦੀ ਸੰਤਾਨ ਵੱਡੀ ਹੋ ਕੇ ਆਪਣੇ ਵਾਸਤੇ ਪ੍ਰਸਿੱਧੀ ਅਤੇ ਆਪਣੀਆਂ ਮਾਂਵਾਂ ਵਾਸਤੇ ਸਤਿਕਾਰ ਕਮਾਉਂਦੀ ਹੈ।

ਜਦੋਂ ਪਤੀ ਦੇ ਯਤਨਾਂ ਦੀ ਪਤਨੀ ਪ੍ਰਸੰਸਾ ਕਰੇ ਤਾਂ ਪਤੀ, ਬੱਚੇ ਵਾਂਗ ਮਾਂ ਤੋਂ ਪ੍ਰਸੰਸਾ ਪਾਉਣ ਵਾਂਗ, ਵਧੇਰੇ ਮਿਹਨਤੀ ਅਤੇ ਯਤਨਸ਼ੀਲ ਹੋ ਜਾਂਦਾ ਹੈ।

ਸਭ ਤੋਂ ਭੈੜੀ ਯਾਦ-ਸ਼ਕਤੀ ਉਨ੍ਹਾਂ ਦੀ ਹੁੰਦੀ ਹੈ, ਜਿਹੜੇ ਕੁਝ ਨਹੀਂ ਭੁੱਲਦੇ।

ਨਤੀਜਿਆਂ ਅਤੇ ਸਿੱਟਿਆਂ ਵਿਚ ਅੰਤਰ ਹੁੰਦਾ ਹੈ; ਨਤੀਜੇ ਉਡੀਕੇ ਜਾਂਦੇ ਹਨ, ਸਿੱਟੇ ਆਪੇ ਨਿਕਲ ਆਉਂਦੇ ਹਨ।

ਰੱਬ ਦੇ ਮਿਲਾਇਆਂ ਨੂੰ ਰੱਬ ਹੀ ਵਿਛੋੜਦਾ ਹੈ।

ਅਧਿਆਪਕਾਂ ਦਾ ਤਜਰਬਾ ਦਸਦਾ ਹੈ ਕਿ ਯੂਨੀਵਰਸਿਟੀ ਵਿਚ ਹਰ ਪੰਜ ਦਾਖ਼ਲਿਆਂ ਵਿਚੋਂ ਇਕ ਵਿਦਿਆਰਥੀ ਦਾਖ਼ਲ ਹੁੰਦਾ ਹੈ; ਵਿਦਿਆਰਥੀਆਂ ਦਾ ਅਨੁਭਵ ਦਸਦਾ ਹੈ ਕਿ ਹਰ ਤਿੰਨ ਅਧਿਆਪਕਾਂ ਵਿਚੋਂ ਇਕ ਅਧਿਆਪਕ ਪੜ੍ਹਾਉਂਦਾ ਹੈ।

ਸੁਸਤ, ਚੰਗੀ ਕਿਸਮਤ ਦਾ ਲਾਭ ਉਠਾਉਣਾ ਵੀ ਮੁਲਤਵੀ ਕਰਦੇ ਰਹਿੰਦੇ ਹਨ।

ਬੱਚੇ, ਕੁੱਤਿਆਂ ਨੂੰ ਬੜਾ ਪਿਆਰ ਕਰਦੇ ਹਨ, ਕਿਉਂਕਿ ਘਰ ਵਿਚ ਇਹੀ ਹੁੰਦੇ ਹਨ, ਜਿਹੜੇ ਉਨ੍ਹਾਂ ਵਿਚ ਕਈ ਨੁਕਸ ਨਹੀਂ ਕੱਢਦੇ।

ਸੋਹਣੀਆਂ ਇਸਤਰੀਆਂ ਪਿਆਰ ਸਿਆਣਿਆਂ ਨੂੰ ਕਰਦੀਆਂ ਹਨ, ਪਰ ਉਨ੍ਹਾਂ ਦੇ ਖ਼ਰਚੇ ਕੇਵਲ ਮੂਰਖ ਪੂਰੇ ਕਰ ਸਕਦੇ ਹਨ।

ਜਦੋਂ ਕੋਈ ਇਸਤਰੀ ਨਾਂਹ ਕਹਿ ਕੇ ਹੱਸ ਪਵੇ, ਅਜਿਹੇ ਵਿਹਾਰ ਨੂੰ, ਉਸ ਦਾ ਤਜਰਬਾ ਕਹਿੰਦੇ ਹਨ।

ਜਿਥੋਂ ਸਰਕਸ ਖ਼ਤਮ ਹੁੰਦੀ ਹੈ, ਉਥੋਂ ਸਾਡੀ ਲੋਕ-ਸਭਾ ਸ਼ੁਰੂ ਹੁੰਦੀ ਹੈ।

ਲੰਮੇ ਮੌਸਮ ਨੂੰ ਪੌਣ-ਪਾਣੀ ਕਿਹਾ ਜਾਂਦਾ ਹੈ, ਸੰਖੇਪ ਪੌਣ-ਪਾਣੀ ਨੂੰ ਮੌਸਮ ਕਹਿੰਦੇ ਹਨ।

ਜਿਹੜੇ, ਕਾਲਜ ਦੇ ਪਹਿਲੇ ਸਾਲ ਵਿਚ ਅਨੁਸ਼ਾਸਨ ਅਤੇ ਵਿਆਹ ਦੇ ਪਹਿਲੇ ਸਾਲ ਵਿਚ ਸੰਜਮ ਨਹੀਂ ਸਿੱਖਦੇ, ਉਹ ਕਦੇ ਵੀ ਕੁਝ ਵੀ ਨਹੀਂ ਸਿੱਖਦੇ।

ਇਸਤਰੀ ਦਾ ਚੰਗਾ ਲਿਬਾਸ ਉਹ ਹੁੰਦਾ ਹੈ, ਜਿਸ ਨੂੰ ਪੁਰਸ਼ ਪਸੰਦ ਕਰਨ ਅਤੇ ਇਸਤਰੀਆਂ ਸਾੜਾ ਕਰਨ।

ਘਰ ਉਹ ਥਾਂ ਹੁੰਦੀ ਹੈ, ਜਿਥੇ ਸਭ ਤੋਂ ਵੱਧ ਸੁੱਖ ਮਿਲਦੇ ਹਨ, ਪਰ ਜਿਥੇ ਸਭ ਤੋਂ ਵੱਧ ਸ਼ਿਕਾਇਤਾਂ ਅਤੇ ਸਭ ਤੋਂ ਘੱਟ ਧੰਨਵਾਦ ਕੀਤਾ ਜਾਂਦਾ ਹੈ।

ਕਾਲਜ-ਯੂਨੀਵਰਸਿਟੀ ਵਿਚ ਹਰ ਚਾਰ ਲੜਕੀਆਂ ਵਿਚੋਂ ਇਕ ਪੜ੍ਹਨ ਲਈ ਦਾਖ਼ਲ ਹੋਈ ਹੁੰਦੀ ਹੈ, ਬਾਕੀ ਵਿਆਹ ਲਈ ਖੋਜ ਜਾਂ ਰੀਹਰਸਲ ਕਰਨ ਆਉਂਦੀਆਂ ਹਨ।

ਅਮੀਰ ਪਰਿਵਾਰਾਂ ਦੇ ਕਲਾਕਾਰ ਪ੍ਰਸਿੱਧ ਤਾਂ ਹੋ ਜਾਂਦੇ ਹਨ, ਪਰ ਮਹਾਨ ਨਹੀਂ ਬਣਦੇ, ਕਿਉਂਕਿ ਉਨ੍ਹਾਂ ਕੋਲ ਜਵਾਨੀ ਦੌਰਾਨ, ਤੰਗੀ ਅਤੇ ਗਰੀਬੀ 'ਚੋਂ ਉਪਜਿਆ ਅਮੀਰ ਅਨੁਭਵ ਨਹੀਂ ਹੁੰਦਾ।

ਰਲ ਕੇ ਬਰਦਾਸ਼ਤ ਕੀਤੀਆਂ ਮੁਸੀਬਤਾਂ, ਆਨੰਦਮਈ ਰਿਸ਼ਤੇ ਉਸਾਰਦੀਆਂ ਹਨ।

ਬਹੁਤੇ ਹਾਰ ਬਰਦਾਸ਼ਤ ਕਰ ਲੈਂਦੇ ਹਨ, ਬੇਇੱਜ਼ਤੀ ਬਰਦਾਸ਼ਤ ਨਹੀਂ ਕਰਦੇ; ਦੋਵੇਂ ਬਰਦਾਸ਼ਤ ਕਰਨ ਵਾਲਿਆਂ ਨੂੰ ਸਫ਼ਲ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ।

ਹੀਰੇ, ਉਹ ਪੱਥਰ ਹੁੰਦੇ ਹਨ, ਜਿਨ੍ਹਾਂ ਨੂੰ ਚਮਕਣ ਦਾ ਚਾਅ ਹੁੰਦਾ ਹੈ।

ਜਿਉਂ-ਜਿਉਂ ਕੋਈ ਅਮੀਰ ਹੁੰਦਾ ਜਾਂਦਾ ਹੈ, ਉਸ ਦਾ ਘਰ ਹੋਟਲ ਵਰਗਾ ਅਤੇ ਹੋਟਲ ਘਰ ਵਰਗਾ ਬਣਦਾ ਜਾਂਦਾ ਹੈ।

ਮੁਸੀਬਤ, ਅਜਿਹਾ ਅਨੁਭਵ ਦਿੰਦੀ ਹੈ, ਜਿਸ ਤੋਂ ਲਾਭ ਤਾਂ ਕੋਈ ਨਹੀਂ ਹੁੰਦਾ, ਪਰ ਨੁਕਸਾਨ ਤੋਂ ਬਚਣਾ ਆ ਜਾਂਦਾ ਹੈ।

ਖਾਨਦਾਨੀ ਬੰਦੇ ਅੱਗੇ ਜਾਣ ਵੇਲੇ, ਆਪਣਾ ਪਿੱਛਾ ਵਿਖਾਉਂਦੇ ਹਨ।

ਝੱਟ-ਪੱਟ ਪ੍ਰਗਟਾਏ ਗਏ ਪ੍ਰਤੀਕਰਮ ਬੁੱਧੀ ਵਿਚੋਂ ਨਹੀਂ ਉਪਜਦੇ, ਇਸ ਲਈ ਇਹ ਲਾਭਕਾਰੀ ਸਾਬਤ ਨਹੀਂ ਹੁੰਦੇ।

ਅਜੋਕਾ ਯੁੱਗ ਬਨਾਵਟੀ ਰੌਸ਼ਨੀਆਂ ਅਤੇ ਰੂਹਾਨੀ ਹਨੇਰਿਆਂ ਦਾ ਕਾਲ ਹੈ।

ਕਿਸੇ ਦੇ ਘਰ ਜਾਣ ਵੇਲੇ ਮਠਿਆਈ ਇਸ ਲਈ ਲੈ ਜਾਈ ਜਾਂਦੀ ਹੈ ਕਿ ਜੇ ਕਿਸੇ ਕਿਸਮ ਦੀ ਕੁੜੱਤਣ ਹੋਵੇ ਤਾਂ ਉਹ ਮੁੱਕ ਜਾਵੇ ਅਤੇ ਰਿਸ਼ਤਾ ਮਿੱਠਾ ਹੋ ਜਾਵੇ।

ਰੌਸ਼ਨੀ ਦਾ ਸਵਾਗਤ ਹਨੇਰਾ ਹੀ ਕਰਦਾ ਹੈ।

ਜਦੋਂ ਪ੍ਰੇਮੀ-ਪ੍ਰੇਮਿਕਾ ਇਕੱਠੇ ਜਾ ਰਹੇ ਹੋਣ ਤਾਂ ਵੱਧ ਪਿਆਰ ਕਰਨ ਵਾਲੀ ਧਿਰ ਆਪਣਾ ਕਦਮ, ਦੂਜੇ ਦੇ ਕਦਮ ਨਾਲ ਮਿਲਾਉਂਦੀ ਹੈ।

ਪੁਰਸ਼, ਵਿਆਹ ਇਕ ਇਸਤਰੀ ਨਾਲ ਕਰਦਾ ਹੈ, ਪਰ ਉਸ ਦੇ ਜੀਵਨ ਵਿਚ ਚਾਚੀਆਂ, ਮਾਸੀਆਂ, ਸਾਲੀਆਂ ਅਤੇ ਉਨ੍ਹਾਂ ਦੀਆਂ ਸਹੇਲੀਆਂ ਆਦਿ ਅਨੇਕਾਂ ਇਸਤਰੀਆਂ ਦਾ ਦਖ਼ਲ ਵੱਧ ਜਾਂਦਾ ਹੈ।

ਪਿਆਰ ਵਿਚ, ਇਸਤਰੀ ਨੂੰ ਮੁੱਢ ਵਿਚ ਪ੍ਰੇਮੀ ਵਲੋਂ ਪ੍ਰਸੰਸਾ ਅਤੇ ਮਗਰੋਂ ਚਾਪਲੂਸੀ ਦੀ ਲੋੜ ਪੈਂਦੀ ਹੈ ਅਤੇ ਪੈਂਦੀ ਰਹਿੰਦੀ ਹੈ।

ਕਲਾਕਾਰ ਆਪਣੇ ਦੁੱਖਾਂ-ਦਰਦਾਂ ਨੂੰ ਆਪਣੀ ਕਲਾ ਵਿਚ ਗੁੰਨ੍ਹ ਦਿੰਦੇ ਹਨ; ਜਿਉਂ-ਜਿਉਂ ਉਨ੍ਹਾਂ ਦੇ ਦੁੱਖ-ਦਰਦ ਵਧਦੇ ਹਨ, ਤਿਉਂ-ਤਿਉਂ ਉਨ੍ਹਾਂ ਦੀ ਕਲਾ ਸੂਖਮ ਹੋ ਕੇ ਨਿਖਰਦੀ ਜਾਂਦੀ ਹੈ।

ਮਨ ਵਿਚ ਵਿਚਾਰਾਂ ਅਤੇ ਭਾਵਾਂ ਦੇ ਟਕਰਾਓ ਨੂੰ ਦੁਚਿੱਤੀ ਕਹਿੰਦੇ ਹਨ।

ਜ਼ਨਾਨੜੇ ਮਰਦ, ਮਰਦਾਵੀਆਂ ਇਸਤਰੀਆਂ ਵੱਲ ਖਿਚੇ ਜਾਂਦੇ ਹਨ, ਪਰ ਅਜਿਹੇ ਰਿਸ਼ਤੇ ਵਿਚ ਰੋਮਾਂਸ ਨਹੀਂ ਹੁੰਦਾ।

ਕਿਸੇ ਗੱਲ ਦਾ ਵਿਸ਼ਲੇਸ਼ਣ ਕਰਨ ਲੱਗ ਪੈਣਾ, ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਉਹ ਗੱਲ ਚੰਗੀ ਨਹੀਂ ਲੱਗੀ।

ਜਿਹੜਾ ਸੱਚ ਪਰੇਸ਼ਾਨ, ਬੇਚੈਨ ਅਤੇ ਉਦਾਸ ਕਰਦਾ ਹੈ, ਉਹ ਸੱਚ ਨਹੀਂ ਹੁੰਦਾ, ਸਮਾਚਾਰ ਹੁੰਦਾ ਹੈ।

ਜਦੋਂ ਮਨੁੱਖ ਆਪਣੇ ਪਿੱਛੇ, ਜੀਵਨ ਦੇ ਅੱਸੀ-ਨੱਬੇ ਵਰ੍ਹੇ ਵਿਅਰਥ ਗੁਆਏ ਹੋਏ ਵੇਖਦਾ ਹੈ ਤਾਂ ਉਸ ਦੀ ਜਾਨ ਨਿਕਲ ਜਾਂਦੀ ਹੈ।

ਪਿਆਰ ਕਰਨਾ ਇਸਤਰੀ ਦੀ ਸ਼ਕਤੀ ਹੁੰਦੀ ਹੈ, ਪਿਆਰ ਪ੍ਰਗਟਾਉਣਾ ਪੁਰਸ਼ ਦੀ ਯੋਗਤਾ ਹੁੰਦੀ ਹੈ।

ਤੰਦਰੁਸਤੀ ਤੋਂ ਬਿਨਾਂ, ਲਤੀਫ਼ੇ ਨਹੀਂ ਮਾਣੇ ਜਾ ਸਕਦੇ।

ਜਿਹੜਾ ਭੋਜਨ ਖਾਣ ਦੀ ਮਜਬੂਰੀ ਹੋਵੇ, ਉਹ ਬੇਸੁਆਦ ਹੋ ਜਾਂਦਾ ਹੈ; ਜਿਹੜੀ ਕਿਤਾਬ ਪੜ੍ਹਨ ਦੀ ਮਜਬੂਰੀ ਹੋਵੇ, ਉਹ ਨੀਰਸ ਹੋ ਜਾਂਦੀ ਹੈ; ਬੇਸੁਆਦੀ ਜਾਂ ਨੀਰਸਤਾ, ਭੋਜਨ ਜਾਂ ਕਿਤਾਬ ਵਿਚ ਨਹੀਂ ਹੁੰਦੀ, ਮਜਬੂਰੀ ਵਿਚ ਹੁੰਦੀ ਹੈ।

ਪਿਆਰ ਦੇ ਮੁੱਢ ਵਿਚ, ਇਸਤਰੀ-ਪੁਰਸ਼ ਅਕਸਰ ਇਕ-ਦੂਜੇ ਨੂੰ, ਉਨ੍ਹਾਂ ਸ਼ਬਦਾਂ ਦੇ ਸੰਕੇਤ ਦਿੰਦੇ ਰਹਿੰਦੇ ਹਨ, ਜਿਹੜੇ ਉਹ ਇਕ-ਦੂਜੇ ਤੋਂ ਸੁਣਨਾ ਚਾਹੁੰਦੇ ਹਨ।

ਮਿਲਾਪ ਉਪਰੰਤ ਪ੍ਰੇਮੀ ਇਸ ਲਈ ਵਿਛੜਦੇ ਹਨ ਤਾਂ ਕਿ ਵਿਛੜ ਕੇ ਉਹ ਜਾਣ ਲੈਣ ਕਿ ਉਹ ਇਕ-ਦੂਜੇ ਤੋਂ ਬਿਨਾਂ ਨਹੀਂ ਰਹਿ ਸਕਦੇ।

ਜਦੋਂ ਕੋਈ ਵਿਸ਼ੇਸ਼ ਸਨਮਾਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਪ੍ਰਸ਼ੰਸਾ ਅਤੇ ਵਧਾਈਆਂ ਲੈਣ ਲਈ ਆਮ ਲੋਕਾਂ ਨੂੰ ਮਿਲਣਾ ਚਾਹੁੰਦਾ ਹੈ।

ਅਪੰਗ ਵਿਅਕਤੀਆਂ ਦਾ ਹੁਸ਼ਿਆਰ, ਲਾਇਕ ਅਤੇ ਚੁਸਤ ਹੋਏ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।

ਮਹਿਸੂਸ ਕਰਨਾ, ਦਿਲ ਦਾ ਗੁਣ ਹੈ, ਬੁੱਧੀ ਦਾ ਲੱਛਣ ਨਹੀਂ।

ਪੁਰਸ਼, ਕਿਸੇ ਬਹਿਸ ਕਰਨ ਵਾਲੀ ਇਸਤਰੀ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਬਹਿਸ ਕਰਨਾ ਇਸਤਰੀ ਦਾ ਖੇਤਰ ਨਹੀਂ, ਇਸਤਰੀ ਦਾ ਖੇਤਰ ਬਹਿਸ ਮੁਕਾਉਣਾ ਹੁੰਦਾ ਹੈ।

ਪਿਆਰ ਵਿਚ, ਇਕ ਪੜਾਓ 'ਤੇ ਇਕ ਧਿਰ, ਦੂਜੀ ਧਿਰ ਨੂੰ ਇਕ ਉਹ ਪ੍ਰਸ਼ਨ ਪੁੱਛਦੀ ਹੈ, ਜਿਸ ਦੇ ਉੱਤਰ 'ਤੇ, ਉਨ੍ਹਾਂ ਦਾ ਭਵਿੱਖ ਦਾਓ 'ਤੇ ਲੱਗਾ ਹੁੰਦਾ ਹੈ।

ਇਸਤਰੀ ਨਾਲ ਫ਼ਲਸਫ਼ੇ ਦੀ ਗੱਲ ਕਰੋ, ਉਹ ਉਸ ਵਿਸ਼ੇ ਨੂੰ ਅੱਗੇ ਨਹੀਂ ਟੋਰੇਗੀ; ਜੇ ਤੁਸੀਂ ਜਾਰੀ ਰੱਖੋਗੇ ਤਾਂ ਉਸ ਦੀ ਤੁਹਾਡੇ ਵਿਚ ਵੀ ਦਿਲਚਸਪੀ ਮੁੱਕ ਜਾਵੇਗੀ।

ਕਈ ਪੁਰਸ਼ ਜਮਾਂਦਰੂ ਪਤੀ ਹੁੰਦੇ ਹਨ; ਕਈ ਖਾਨਦਾਨੀ ਪਤੀ ਹੁੰਦੇ ਹਨ; ਕਈ ਕਿਸੇ-ਕਿਸੇ ਦਿਨ ਪਤੀ ਹੁੰਦੇ ਹਨ; ਕਈ ਹੋਰ ਸਭ ਕੁਝ ਹੁੰਦੇ ਹਨ, ਪਰ ਪਤੀ ਕਦੇ ਨਹੀਂ ਹੁੰਦੇ।

ਖਾਣ ਸਮੇਂ, ਦੂਜੀ ਵਾਰ ਲਈ ਚੀਜ਼ ਉਸ ਦੇ ਸਵਾਦੀ ਹੋਣ ਦਾ ਪ੍ਰਮਾਣ ਹੁੰਦੀ ਹੈ, ਤੀਜੀ ਵਾਰ ਲਈ ਚੀਜ਼ ਤੁਹਾਡੇ ਪੇਟੂ ਹੋਣ ਦਾ ਸਬੂਤ ਹੋਵੇਗੀ, ਜੇ ਚੌਥੀ ਵਾਰ ਲਈ ਜਾਵੇ ਤਾਂ ਇਹ ਸਿੱਧ ਹੋਵੇਗਾ ਕਿ ਉਹ ਚੀਜ਼ ਤੁਹਾਡੇ ਘਰ ਨਹੀਂ ਬਣਦੀ।

ਪਿਆਰ ਦੀ ਖੇਡ ਵਿਚ, ਇਸਤਰੀ ਕੋਲ ਦਰਜਨਾਂ ਪੈਂਤੜੇ ਅਤੇ ਸੈਂਕੜੇ ਦਾਓ-ਪੇਚ ਹੁੰਦੇ ਹਨ।

ਇਮਾਨਦਾਰੀ ਨਾਲ ਸ਼ਿਕਾਰ ਨਹੀਂ ਕੀਤਾ ਜਾ ਸਕਦਾ, ਸੱਚ ਬੋਲ ਕੇ ਹਕੂਮਤ ਨਹੀਂ ਕੀਤੀ ਜਾ ਸਕਦੀ, ਦ੍ਰਇਆਵਾਨ ਹੋ ਕੇ ਯੁੱਧ ਨਹੀਂ ਲੜਿਆ ਜਾ ਸਕਦਾ।

ਇਸਤਰੀ-ਪੁਰਸ਼ ਵਿਚ ਰਿਸ਼ਤਾ ਉਸਰਨ ਦਾ ਪ੍ਰਮਾਣ ਇਹ ਹੁੰਦਾ ਹੈ ਕਿ ਉਹ ਇਕ-ਦੂਜੇ ਦੀ ਪਸੰਦ ਹੀ ਨਹੀਂ ਰਹਿੰਦੇ, ਲੋੜ ਵੀ ਬਣ ਜਾਂਦੇ ਹਨ।

ਕਿਸੇ ਨੂੰ ਮਨਾਉਣਾ ਹੋਵੇ ਤਾਂ ਬੋਲਣ-ਸੁਣਨ ਦੀ ਕਲਾ ਹੀ ਕੰਮ ਆਉਂਦੀ ਹੈ।

ਵਿਆਹ, ਪੁਰਸ਼ ਲਈ ਬੰਦਰਗਾਹ ਅਤੇ ਇਸਤਰੀ ਲਈ ਪਨਾਹ ਹੁੰਦਾ ਹੈ।

ਪਰੇਸ਼ਾਨ ਅਤੇ ਦੁਖੀ ਹੋਣਾ ਇਸਤਰੀ ਦਾ ਸੁਭਾਓ ਹੈ; ਪੁਰਸ਼ ਨੂੰ ਉਹ ਆਪਣੇ ਲਈ, ਦੁਖੀ ਅਤੇ ਪਰੇਸ਼ਾਨ ਹੋਣ ਦਾ ਸਾਧਨ ਬਣਾ ਲੈਂਦੀ ਹੈ।

ਸਮਰੱਥ ਭਾਸ਼ਾ ਨਵੇਂ ਅਰਥਾਂ ਲਈ ਨਵੇਂ ਸ਼ਬਦ ਘੜਦੀ ਹੈ, ਅਸਮਰੱਥ ਭਾਸ਼ਾ ਨਵੇਂ ਅਰਥਾਂ ਲਈ ਪੁਰਾਣੇ ਸ਼ਬਦ ਹੀ ਵਰਤਦੀ ਰਹਿੰਦੀ ਹੈ।

ਬਹਿਸ ਵਿਚ, ਵਿਰੋਧੀ ਦੇ ਪਿਛੋਕੜ ਨੂੰ ਫਰੋਲਣ ਅਤੇ ਉਸ ਦੀ ਸ਼ਕਲ-ਸੂਰਤ 'ਤੇ ਦੋਸ਼ ਲਾਉਣ ਨਾਲ ਵਿਰੋਧਤਾ, ਦੁਸ਼ਮਣੀ ਬਣ ਜਾਂਦੀ ਹੈ।

ਕਿਸੇ ਦਾ ਸਾਥ ਮਾਣਨ ਲਈ ਨੇੜਤਾ ਅਤੇ ਫ਼ਾਸਲਾ ਦੋਵੇਂ ਜ਼ਰੂਰੀ ਹੁੰਦੇ ਹਨ।

ਆਪਣੇ ਸੁਪਨੇ ਕਿਸੇ ਨੂੰ ਨਾ ਦਿਓ, ਦੇਣ ਮਗਰੋਂ ਉਹ ਤੁਹਾਡੇ ਨਹੀਂ ਰਹਿਣਗੇ ਅਤੇ ਲੈਣ ਵਾਲੇ ਦੇ ਉਹ ਬਣ ਨਹੀਂ ਸਕਣਗੇ।

ਵੱਸ ਲੱਗਦਿਆਂ ਆਪਣੀ ਹਾਜ਼ਰੀ ਵਿਚ, ਕੋਈ ਇਸਤਰੀ ਕਿਸੇ ਨੂੰ ਬੇਇੱਜ਼ਤ ਨਹੀਂ ਹੋਣ ਦਿੰਦੀ।

ਕਦੇ ਨਾ ਕਦੇ, ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਇਕ ਅਜਿਹਾ ਖ਼ਤ ਲਿਖਦੇ ਹਨ, ਜਿਹੜਾ ਉਹ ਚਾਹੁੰਦੇ ਹਨ ਕਿ ਪੜ੍ਹੇ ਬਿਨਾਂ ਉਨ੍ਹਾਂ ਨੂੰ ਵਾਪਸ ਮਿਲ ਜਾਵੇ।

ਜਦੋਂ ਕੋਈ ਪੇਂਡੂ ਕਿਸੇ ਸਮਾਗਮ 'ਤੇ ਜਾਂਦਾ ਹੈ ਤਾਂ ਉਹ ਮਗਰੋਂ ਕੋਈ ਦਿਲਚਸਪ, ਸਿੱਧੀ, ਸਪਸ਼ਟ ਅਤੇ ਜੱਟਕੀ ਟਿੱਪਣੀ ਜ਼ਰੂਰ ਕਰਦਾ ਹੈ।

ਹਰੇਕ ਇਸਤਰੀ ਦੇ ਅੰਦਰ ਇਕ ਕੁੜੀ ਬੈਠੀ ਹੁੰਦੀ ਹੈ, ਹਰੇਕ ਪੁਰਸ਼ ਦੇ ਅੰਦਰ ਇਕ ਬਾਬਾ ਲੇਟਿਆ ਹੁੰਦਾ ਹੈ।

ਸੁਹਿਰਦਤਾ ਨਾਲ ਖਤਰਨਾਕ ਨਹੀਂ ਹੋਇਆ ਜਾ ਸਕਦਾ।

ਚੰਗਾ ਵਾਕ ਇਤਨਾ ਭਰਪੂਰ ਹੁੰਦਾ ਹੈ ਕਿ ਉਹ ਪਹਿਲੀ ਪੜ੍ਹਤ ਵਿਚ ਹੀ ਨਿਹਾਲ ਕਰ ਦਿੰਦਾ ਹੈ, ਉਸ ਨੂੰ ਦੁਬਾਰਾ ਉਸ ਦੇ ਚੰਗੇ ਹੋਣ ਦੀ ਦਾਦ ਵਜੋਂ ਪੜ੍ਹਿਆ ਜਾਂਦਾ ਹੈ; ਤੀਜੀ ਵਾਰ ਪੜ੍ਹਨ ਦਾ ਉਦੇਸ਼ ਉਸ ਨੂੰ ਯਾਦ ਕਰਨਾ ਹੁੰਦਾ ਹੈ।

ਹਰ ਕੋਈ ਆਪਣੀਆਂ ਸਮੱਸਿਆਵਾਂ ਨੂੰ ਵਿਸ਼ੇਸ਼ ਅਤੇ ਆਪਣੇ ਆਪ ਦੇ ਵਿਲੱਖਣ ਹੋਣ ਦਾ ਭੁਲੇਖਾ ਸਿਰਜਦਾ ਹੈ।

ਕਲਪਨਾ ਉਡਾਰੀਆਂ ਲਾਉਂਦੀ ਹੈ, ਪਰ ਇਸ ਦੀ ਕੋਈ ਦਿਸ਼ਾ ਨਹੀਂ ਹੁੰਦੀ।

ਕੁਝ ਬੱਦਲਾਂ ਦਾ ਕੰਮ, ਸੋਹਣੇ ਲੱਗਣਾ ਹੀ ਹੁੰਦਾ ਹੈ, ਮੀਂਹ ਪਾਉਣਾ ਨਹੀਂ।

ਮਾਲਕ ਕਹਿੰਦਾ ਹੈ: ਇਥੇ ਨੌਕਰ ਕੋਈ ਨਹੀਂ, ਅਸੀਂ ਸਾਰੇ ਮਾਲਕ ਹਾਂ; ਨੌਕਰਾਂ ਨੂੰ ਸੁਣਨਾ ਚੰਗਾ ਲੱਗਦਾ ਹੈ।
ਨੌਕਰ ਕਹਿੰਦਾ ਹੈ: ਇਥੇ ਮਾਲਕ ਕੋਈ ਨਹੀਂ, ਅਸੀਂ ਸਾਰੇ ਨੌਕਰ ਹਾਂ; ਮਾਲਕ ਨੂੰ ਸੁਣਨਾ ਚੰਗਾ ਨਹੀਂ ਲੱਗਦਾ, ਕਿਉਂਕਿ ਇਹ ਗੱਲ ਨੌਕਰ ਨੇ ਕਹੀ ਹੈ।

ਜੇ ਪੁਰਸ਼ ਨੂੰ ਉਹ ਸਾਰੀਆਂ ਇਸਤਰੀਆਂ ਮਿਲ ਜਾਣ ਜਾਂ ਇਸਤਰੀ ਨੂੰ ਉਹ ਸਾਰੇ ਪੁਰਸ਼ ਮਿਲ ਜਾਣ, ਜਿਨ੍ਹਾਂ ਨੂੰ ਉਸ ਨੇ ਪਿਆਰ ਕਰਨਾ ਚਾਹਿਆ ਸੀ ਤਾਂ ਬੜੀ ਮੁਸੀਬਤ ਹੋ ਜਾਵੇਗੀ।

ਪਿਆਰ, ਮਨੁੱਖ ਦੀ ਪ੍ਰਸੰਨਤਾ ਦੀ ਸਿਖ਼ਰ ਅਤੇ ਉਦਾਸੀ ਦੀ ਡੂੰਘਾਈ, ਦੋਹਾਂ ਨਾਲ ਜਾਣ-ਪਛਾਣ ਕਰਵਾ ਦਿੰਦਾ ਹੈ।

ਸੋਹਣੀ ਇਸਤਰੀ ਨੂੰ ਸੋਹਣੀ ਕਹੇ ਜਾਣਾ ਉਸ ਨੂੰ ਪ੍ਰਸੰਨਤਾ ਨਹੀਂ ਦਿੰਦਾ; ਪ੍ਰਸੰਨਤਾ ਸੋਹਣੀ ਨਾਲ ਲੱਗਣ ਵਾਲੇ ਵਿਸ਼ੇਸ਼ਣਾਂ ਤੋਂ ਮਿਲਦੀ ਹੈ।

ਭਾਰਤ ਗਰੀਬਾਂ ਲਈ ਹੈ, ਸਧਾਰਨ ਲੋਕਾਂ ਲਈ ਹਿੰਦੁਸਤਾਨ ਹੈ, ਅਮੀਰ ਲੋਕਾਂ ਲਈ ਇੰਡੀਆ ਹੈ।

ਜਦੋਂ ਕਿਸੇ ਦੀ ਸਫ਼ਲਤਾ ਦੀ ਦਾਦ ਦਿਓਗੇ, ਉਹ ਉਸ ਤੋਂ ਅਗਲੇਰੀ ਸਫ਼ਲਤਾ ਲਈ ਯਤਨਸ਼ੀਲ ਹੋ ਜਾਵੇਗਾ।

ਜਿਤਨਾ ਕੋਈ ਕਾਰ ਦਾ ਹਾਰਨ ਵਧੇਰੇ ਵਜਾਉਂਦਾ ਹੈ, ਉਤਨਾ ਹੀ ਉਹ ਵਧੇਰੇ ਸਾਬਤ ਕਰਦਾ ਹੈ ਕਿ ਉਹ ਕਾਰ ਦਾ ਮਾਲਕ ਹੋਣ ਦੇ ਯੋਗ ਨਹੀਂ ਹੈ।

ਸਹੀ ਅਤੇ ਗਲਤ ਤੋਂ ਪਾਰ ਇਕ ਮੁਕਾਮ ਹੁੰਦਾ ਹੈ, ਜਿਥੇ ਪਿਆਰ ਕਰਨ ਵਾਲੇ ਆਪਸ ਵਿਚ ਮਿਲਦੇ ਹਨ ਅਤੇ ਮਿਲਣਾ ਚਾਹੁੰਦੇ ਰਹਿੰਦੇ ਹਨ।

ਚੰਗਾ ਮਨੁੱਖ ਬਣਨਾ ਬੜਾ ਮੁਸ਼ਕਿਲ ਹੁੰਦਾ ਹੈ, ਭੈੜਾ ਤਾਂ ਉਹ ਪਹਿਲਾਂ ਬਣਿਆ ਹੀ ਹੁੰਦਾ ਹੈ।

ਨਵੀਆਂ ਕਾਢਾਂ ਦੇਸ਼ ਦੀ ਕਿਸਮਤ ਬਦਲ ਦਿੰਦੀਆਂ ਹਨ; ਸੰਸਾਰ ਦੇ ਉਹੀ ਦੇਸ਼ ਅਮੀਰ ਹਨ, ਜਿਨ੍ਹਾਂ ਨੇ ਨਵੀਆਂ ਕਾਢਾਂ ਕੱਢੀਆਂ ਅਤੇ ਵਰਤੀਆਂ ਹਨ।

ਜੋ ਆਰਜ਼ੀ ਹੈ, ਉਹ ਪਦਾਰਥ ਹੈ; ਜੋ ਸਦੀਵੀ ਹੈ, ਉਹ ਆਤਮਾ ਹੈ।

ਪ੍ਰੇਮਿਕਾ, ਪ੍ਰੇਮੀ ਦੇ ਪਿਆਰ ਦਾ ਤਾਪਮਾਨ ਨਿਰੰਤਰ ਮਾਪਦੀ ਰਹਿੰਦੀ ਹੈ ਅਤੇ ਧਿਆਨ ਰੱਖਦੀ ਹੈ ਕਿ ਉਸਦੇ ਪਿਆਰ ਦਾ ਬੁਖਾਰ, ਨਾ ਉਤਰੇ, ਨਾ ਘਟੇ।

ਜੇ ਪਤੀ-ਪਤਨੀ ਵਿਚ ਇਕ ਪਦਾਰਥਵਾਦੀ ਅਤੇ ਦੂਜਾ ਆਦਰਸ਼ਵਾਦੀ ਹੋਵੇ ਤਾਂ ਉਹ ਇਕ-ਦੂਜੇ ਤੋਂ ਸੰਤੁਸ਼ਟ ਘੱਟ ਅਤੇ ਪਰੇਸ਼ਾਨ ਵਧੇਰੇ ਰਹਿੰਦੇ ਹਨ।

ਵਿਗਿਆਨ ਦੱਸਦਾ ਹੈ ਕਿ ਕੀ, ਕੀ ਹੈ, ਕਿਉਂ ਹੈ, ਕਿਵੇਂ ਹੈ? ਧਰਮ ਦਸਦਾ ਹੈ ਕਿ ਕੀ, ਕਿਵੇਂ ਹੋਣਾ ਚਾਹੀਦਾ ਹੈ।

ਤਲਾਕ ਦਾ ਮੁਕੱਦਮਾ ਲੜ ਰਿਹਾ ਵਿਅਕਤੀ ਐਲਾਨ ਕਰਦਾ ਹੈ ਕਿ ਸੰਸਾਰ ਵਿਚ ਇਕ ਹੀ ਭੈੜੀ ਇਸਤਰੀ ਹੈ ਅਤੇ ਉਹ ਉਸ ਦੀ ਪਤਨੀ ਹੈ।

ਜੇ ਮਿਹਨਤ ਨਹੀਂ ਕਰੋਗੇ ਤਾਂ ਗਰੀਬੀ ਸਾਰਾ ਜੀਵਨ ਤੁਹਾਡਾ ਸਾਥ ਦੇਵੇਗੀ।

ਪ੍ਰੇਮਿਕਾ ਦੀ ਇਕ ਅਦਿੱਖ ਸੁੰਦਰਤਾ ਹੁੰਦੀ ਹੈ, ਜਿਸ ਨੂੰ ਵੇਖਣ ਵਾਲੀਆਂ ਅੱਖਾਂ, ਕੇਵਲ ਪ੍ਰੇਮੀ ਕੋਲ ਹੁੰਦੀਆਂ ਹਨ।

ਨਿਰਾਕਾਰ ਪਰਮਾਤਮਾ ਪਿਤਾ ਹੈ; ਸਾਕਾਰ ਕੁਦਰਤ ਮਾਂ ਹੈ।

ਜਦੋਂ ਪਤੀ-ਪਤਨੀ ਦੇ ਰਿਸ਼ਤੇ ਵਿਚ ਮੁਆਫ਼ੀ ਮੰਗਣ ਦੀ ਗੱਲ ਚੱਲ ਪਏ ਤਾਂ ਅਜਿਹਾ ਰਿਸ਼ਤਾ, ਹਰ ਮੁਆਫ਼ੀ ਨਾਲ ਕਮਜ਼ੋਰ ਹੁੰਦਾ ਜਾਂਦਾ ਹੈ।

ਸੁਕਰਾਤ, ਗਿਆਨ ਦੀ ਸੂਲੀ 'ਤੇ ਲਟਕਿਆ ਸੀ।

ਤਲਾਕ ਉਦੋਂ ਅਰੰਭ ਹੋ ਜਾਂਦਾ ਹੈ, ਜਦੋਂ ਪਤੀ-ਪਤਨੀ ਨੂੰ ਇਕ-ਦੂਜੇ ਵਿਚੋਂ ਕੁਝ ਵੀ ਚੰਗਾ ਵਿਖਾਈ ਦੇਣਾ ਮੁੱਕ ਜਾਂਦਾ ਹੈ।

ਜਾਣੂ, ਵਿਚਾਰ-ਵਟਾਂਦਰੇ ਲਈ ਹੁੰਦੇ ਹਨ; ਦੋਸਤਾਂ ਨਾਲ ਦਿਲ ਦੀਆਂ ਗੱਲਾਂ ਹੁੰਦੀਆਂ ਹਨ, ਜੱਫੀਆਂ ਪਾ ਕੇ ਗੱਲਾਂ ਕਰਨ ਲਈ ਯਾਰ ਚਾਹੀਦੇ ਹੁੰਦੇ ਹਨ।

ਜਿੱਤਣ ਵਾਲੇ ਨੂੰ ਕੋਈ ਨਹੀਂ ਪੁੱਛਦਾ ਕਿ ਤੂੰ ਕਿਤਨੀ ਵਾਰ ਡਿੱਗਿਆ ਸੀ।

ਸ਼ੌਕ, ਕਿਸੇ ਕਾਰਜ ਦਾ ਅਰੰਭ ਹੀ ਕਰਵਾ ਸਕਦਾ ਹੈ, ਇਸ ਤੋਂ ਅੱਗੇ ਮਿਹਨਤ ਦੀ ਲੋੜ ਪੈਂਦੀ ਹੈ।

ਬਣੀ ਹੋਈ ਲਾਈਨ ਨੂੰ ਤੋੜਨ ਵਾਲੇ, ਨਾ ਆਪ ਇੱਜ਼ਤਦਾਰ ਹੁੰਦੇ ਹਨ, ਨਾ ਹੀ ਉਹ ਕਿਸੇ ਦੀ ਇੱਜ਼ਤ ਕਰਦੇ ਹਨ।

ਪਤਨੀ ਦਾ ਪਤੀ ਨਾਲ ਵਿਹਾਰ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸਦੇ ਪਤੀ ਦਾ ਹੋਰ ਇਸਤਰੀਆਂ ਨਾਲ ਵਿਹਾਰ ਕਿਹੋ ਜਿਹਾ ਹੈ; ਪਤੀ ਦੇ ਹੋਰ ਪੁਰਸ਼ਾਂ ਨਾਲ ਸਬੰਧਾਂ ਦੀ ਪਤਨੀ ਪ੍ਰਵਾਹ ਨਹੀਂ ਕਰਦੀ।

ਸਮੱਸਿਆਵਾਂ ਵਿਚ ਉਲਝਿਆ ਮਨੁੱਖ, ਆਪ ਵੀ ਇਕ ਸਮੱਸਿਆ ਬਣ ਜਾਂਦਾ ਹੈ।

ਨਸਲਾਂ, ਜਾਤਾਂ, ਧਰਮਾਂ, ਫ਼ਿਰਕਿਆਂ, ਭਾਸ਼ਾਵਾਂ, ਇਲਾਕਿਆਂ ਆਦਿ ਦੇ ਅਧਾਰ 'ਤੇ ਵੰਡੇ ਹੋਏ ਲੋਕ, ਆਪਣੇ ਅਸਲੀ ਦੁਸ਼ਮਣ ਨੂੰ ਪਛਾਣਨ ਤੋਂ ਪਹਿਲਾਂ ਹੀ, ਆਪਸ ਵਿਚ ਖਹਿ-ਖਹਿ ਕੇ, ਮਰ-ਮੁੱਕ ਜਾਂਦੇ ਹਨ।

ਜਦੋਂ ਤਕ ਅੰਦਰੋਂ ਸਬਰ ਨਹੀਂ ਜਾਗਦਾ, ਮਨੁੱਖ ਮੰਗਤਾ ਬਣਿਆ ਰਹਿੰਦਾ ਹੈ।

ਮਨੁੱਖ ਚਾਹੁੰਦਾ ਹੈ ਕਿ ਪਰਮਾਤਮਾ ਉਸ ਦੀਆਂ ਅਰਦਾਸਾਂ ਵੱਲ ਧਿਆਨ ਦੇਵੇ, ਉਸ ਦੇ ਵਿਹਾਰ ਵੱਲ ਨਾ ਵੇਖੇ।

ਅਜੇ ਤਕ ਨਿਰਣਾ ਨਹੀਂ ਹੋ ਸਕਿਆ ਕਿ ਕਿਸੇ ਨੂੰ ਅੱਖ ਮਾਰਨੀ ਚੰਗੀ ਗੱਲ ਹੈ ਕਿ ਮਾੜੀ ਗੱਲ ਹੈ।

ਜੇ ਧਿਆਨ ਨਾਲ ਸੁਣਿਆ ਜਾਵੇ ਤਾਂ ਬੋਲਣ ਵਾਲੇ ਦਾ ਉਤਸ਼ਾਹ ਵਧਦਾ ਹੈ; ਜੇ ਧਿਆਨ ਨਾਲ ਬੋਲਿਆ ਜਾਵੇ ਤਾਂ ਸੁਣਨ ਵਾਲਿਆਂ ਦੀ ਦਿਲਚਸਪੀ ਵਧਦੀ ਹੈ।

ਸਿੱਖਿਆ ਦਾ ਉਦੇਸ਼; ਕੁਝ ਜਾਣਨਾ, ਸਮਝਣਾ, ਸੋਚਣਾ ਅਤੇ ਕਰਨਾ ਹੁੰਦਾ ਹੈ।

ਜੀਵਨ ਦੀਆਂ ਗੁੰਝਲਦਾਰ ਸਮੱਸਿਆਵਾਂ ਸੁਲਝਾਉਣ ਲਈ, ਅਨੇਕਾਂ ਵਿਅਕਤੀਆਂ ਦੀ ਲੋੜ ਪੈਂਦੀ ਹੈ; ਇਸ ਲੋੜ ਵਿਚੋਂ ਰੋਜ਼ਗਾਰ ਉਪਜਦੇ ਹਨ।

ਪ੍ਰਸੰਸਾ, ਇਤਰ-ਫੁਲੇਲ ਵਾਂਗ ਹੁੰਦੀ ਹੈ, ਇਹ ਸੁੰਘਣੀ ਹੀ ਚਾਹੀਦੀ ਹੈ, ਪੀਣੀ ਨਹੀਂ ਚਾਹੀਦੀ।

ਕੁੱਤੇ ਨੂੰ ਨੁਹਾਓ, ਤੁਸੀਂ ਆਪ ਵੀ ਸਾਫ਼ ਹੋ ਜਾਓਗੇ।

ਗਾਹਕਾਂ ਨੂੰ ਧਿਆਨ ਨਾਲ ਸੁਣਨ ਨਾਲ, ਵਪਾਰ ਅਤੇ ਨਫ਼ਾ ਦੋਵੇਂ ਵਧਦੇ ਹਨ।

ਸਕੂਲ ਵਿਚ ਅੱਧੀ ਛੁੱਟੀ ਦੌਰਾਨ, ਵਿਦਿਆਰਥੀਆਂ ਲਈ ਖਲੋਣਾ ਅਤੇ ਬੈਠਣਾ, ਦੋਵੇਂ ਮੁਸ਼ਕਿਲ ਹੁੰਦੇ ਹਨ।

ਭਾਰਤ ਵਿਚ ਅਨੇਕਾਂ ਧਰਮਾਂ ਅਤੇ ਜਾਤਾਂ ਕਾਰਨ ਨਿੱਕੀਆਂ ਗੱਲਾਂ ਨੂੰ ਵੱਡੀਆਂ ਸਮੱਸਿਆਵਾਂ ਬਣਾਉਣ ਦੀ ਲੰਮੀ ਪਰੰਪਰਾ ਹੈ।

ਹਰ ਕੋਈ ਵੱਖਰੇ ਸਵਾਦ ਵਾਲਾ ਹੁੰਦਾ ਹੈ; ਕਈ ਫਿੱਕੇ ਹੁੰਦੇ ਹਨ, ਕਈ ਖੱਟੇ, ਕਈ ਕੌੜੇ ਅਤੇ ਕਈ ਇਮਲੀ-ਨਿੰਬੂ ਵਰਗੇ, ਪਰ ਸਮਝਦਾ ਹਰ ਕੋਈ ਆਪਣੇ-ਆਪ ਨੂੰ ਸ਼ਹਿਦ ਵਰਗਾ ਹੈ।

ਰਾਮਾਇਣ ਦਿਲਚਸਪ ਹੈ, ਮਹਾਭਾਰਤ ਗੁੰਝਲਦਾਰ ਹੈ; ਰਾਮਾਇਣ ਆਦਰਸ਼ ਹੈ, ਮਹਾਭਾਰਤ ਯਥਾਰਥ ਹੈ।

ਫ਼ਿਲਾਸਫ਼ਰਾਂ ਦੇ ਵਿਚਾਰਾਂ ਵਿਚ ਮੋਰੀਆਂ ਲੱਭਣ ਦਾ ਕਾਰਜ, ਸਮਾਂ ਕਰਦਾ ਹੈ।

ਅਕਾਦਮੀ ਕੋਈ ਹੋਵੇ, ਕੁਝ ਚਿਰ ਮਗਰੋਂ ਉਹ ਅਹੁਦੇਦਾਰਾਂ ਦੀ ਭੇਟ ਚੜ੍ਹ ਜਾਂਦੀ ਹੈ।

ਜੇ ਤੁਹਾਡੇ ਕੋਲ ਕਲਪਨਾ ਨਹੀਂ ਹੈ ਤਾਂ ਤੁਹਾਨੂੰ ਕਿਤਾਬਾਂ ਚੰਗੀਆਂ ਨਹੀਂ ਲੱਗਣਗੀਆਂ।

ਸੰਸਾਰ ਦੇ ਹਰ ਗਰੀਬ ਦੇਸ਼ ਦੀ ਆਪਣੀ ਹਕੂਮਤ ਹੁੰਦੀ ਹੈ, ਪਰ ਉਸ ਦੇਸ਼ 'ਤੇ ਰਾਜ ਅਮਰੀਕਾ ਕਰਦਾ ਹੈ।

ਵਿਹੜਾ, ਪਰਿਵਾਰ ਦੀਆਂ ਖੁੱਲ੍ਹੀਆਂ ਬਾਹਵਾਂ ਹੁੰਦਾ ਹੈ; ਵਰਾਂਡਾ ਘਰ ਦੀ ਸਵਾਗਤੀ ਮੁਸਕਰਾਹਟ ਹੁੰਦਾ ਹੈ; ਅਲਮਾਰੀਆਂ ਘਰ ਦੀ ਖ਼ੁਸ਼ਹਾਲੀ ਨੂੰ ਦਰਸਾਉਂਦੀਆਂ ਹਨ।

ਭਾਰਤ ਭੀੜਾਂ ਵਾਲਾ ਦੇਸ਼ ਹੈ, ਕਿਸੇ ਸਮਾਗਮ ਵਿਚ ਭੀੜ ਦਾ ਜੁੜ ਜਾਣਾ, ਉਸ ਸਮਾਗਮ ਦੀ ਸਫ਼ਲਤਾ ਮੰਨਿਆ ਜਾਂਦਾ ਹੈ।

ਮਨੁੱਖ ਦੀ ਸ਼ਖ਼ਸੀਅਤ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਉਸਾਰਨ ਦਾ ਬਹੁਤਾ ਕਾਰਜ, ਉਸ ਦਾ ਹਾਜ਼ਮਾ ਕਰਦਾ ਹੈ।

ਬੱਚਿਆਂ ਨੂੰ ਪੜ੍ਹਾਓ, ਉਨ੍ਹਾਂ ਦੇ ਮਾਪੇ ਆਪੇ ਪੜ੍ਹ ਜਾਣਗੇ।

ਸੱਚੇ ਪਿਆਰ, ਸੁਤੰਤਰਤਾ, ਖ਼ੁਸ਼ਹਾਲੀ, ਉਦਾਰਤਾ ਅਤੇ ਆਨੰਦ ਦਾ ਸੁਭਾਓ, ਇਕੋ ਜਿਹਾ ਹੁੰਦਾ ਹੈ।

ਮੁੱਢ ਵਿਚ ਫ਼ੈਸ਼ਨ, ਵਾਸਤਵ ਵਿਚ ਕਿਸੇ ਸਰੀਰਕ ਕੋਝ ਨੂੰ ਲੁਕਾਉਣ ਦਾ ਉਪਰਾਲਾ ਸੀ, ਜਿਹੜਾ ਮਗਰੋਂ ਸਜਾਵਟ ਬਣ ਗਿਆ।

ਸਧਾਰਨ ਲੋਕਾਂ ਦੀ ਦਿਲਚਸਪੀ ਭਵਿੱਖਬਾਣੀਆਂ ਵਿਚ ਹੁੰਦੀ ਹੈ, ਮਹਾਂਪੁਰਸ਼ਾਂ ਦੀ ਦਿਲਚਸਪੀ ਮਨੁੱਖਤਾ ਦੇ ਭਵਿੱਖ ਵਿਚ ਹੁੰਦੀ ਹੈ।

ਅਨੇਕਾਂ ਲੇਖਕ ਹਨ, ਜਿਹੜੇ ਪ੍ਰਕਾਸ਼ਕਾਂ ਨੂੰ ਬਰਬਾਦ ਕਰ ਦਿੰਦੇ ਹਨ।

ਜਦੋਂ ਤਕ ਪਰੰਪਰਾ ਨੂੰ ਵੰਗਾਰਿਆ ਨਾ ਜਾਵੇ, ਪਰਿਵਰਤਨ ਨਹੀਂ ਵਾਪਰਦਾ।

ਅਖਾਣਾਂ-ਮੁਹਾਵਰਿਆਂ ਵਿਚ ਦੋਸ਼ ਨਹੀਂ ਕੱਢੇ ਜਾ ਸਕਦੇ, ਕਿਉਂਕਿ ਇਹ ਮਾਨਵਜਾਤੀ ਦੀ ਸਾਂਝੀ ਅਤੇ ਡੂੰਘੀ ਸਿਆਣਪ ਵਿਚੋਂ ਉਪਜਦੇ ਹਨ।

ਸਾੜਾ ਉਦੋਂ ਉਪਜਦਾ ਹੈ, ਜਦੋਂ ਅਸੀਂ ਕਿਸੇ ਕੋਲ ਉਹ ਕੁਝ ਵੇਖਦੇ ਹਾਂ, ਜੋ ਅਸੀਂ ਆਪਣੇ ਲਈ ਚਾਹਿਆ ਸੀ।

ਅਨੇਕਾਂ ਦਰਿਆ, ਸਮੁੰਦਰ ਤਕ ਪਹੁੰਚਣ ਤੋਂ ਪਹਿਲਾਂ ਹੀ ਸੁੱਕ ਜਾਂਦੇ ਹਨ।

ਭਾਵੇਂ ਸੰਕਟ ਹੋਵੇ, ਭਾਵੇਂ ਸ਼ਾਂਤੀ, ਦੋ ਅਤੇ ਦੋ ਚਾਰ ਹੀ ਰਹਿੰਦੇ ਹਨ।

ਧਰਮ ਅਤੇ ਸਮਾਜਿਕ ਮਸਲਿਆਂ ਬਾਰੇ ਲੋਕ-ਰਾਇ ਇਸਤਰੀਆਂ ਉਸਾਰਦੀਆਂ ਹਨ, ਪੁਰਸ਼ ਵਪਾਰ ਅਤੇ ਰਾਜਨੀਤੀ ਬਾਰੇ ਲੋਕ-ਰਾਇ ਉਸਾਰਦੇ ਹਨ।

ਪ੍ਰੇਮ-ਪੱਤਰ, ਪ੍ਰੇਮੀ-ਪ੍ਰੇਮਿਕਾ ਦੋਹਾਂ ਨੂੰ ਸ਼ਬਦਾਂ ਦੇ ਅਰਥ ਕੱਢਣੇ ਸਿਖਾ ਦਿੰਦੇ ਹਨ।

ਕਈ ਲੇਖਕਾਂ ਨੂੰ ਪੜ੍ਹਨ ਵਾਸਤੇ, ਪਾਠਕਾਂ ਨੂੰ ਅਨਪੜ੍ਹ ਬਣਨਾ ਪੈਂਦਾ ਹੈ।

ਅਖਾਣਾਂ-ਮੁਹਾਵਰਿਆਂ ਵਿਚ ਸਿਆਣਪ ਨੇ ਘੁੰਡ ਕੱਢਿਆ ਹੁੰਦਾ ਹੈ।

ਪਹਿਲਾਂ ਮਾਪੇ ਚਾਹੁੰਦੇ ਸਨ ਕਿ ਪੁੱਤਰ ਆਪਣੀ ਜ਼ਾਤ ਦੀ ਲੜਕੀ ਨਾਲ ਵਿਆਹ ਕਰਵਾਏ, ਫਿਰ ਚਾਹੁਣ ਲੱਗ ਪਏ ਕਿ ਆਪਣੇ ਧਰਮ ਦੀ ਲੜਕੀ ਨਾਲ ਵਿਆਹ ਕਰਵਾਏ, ਫਿਰ ਚਾਹੁਣ ਲੱਗ ਪਏ ਕਿ ਆਪਣੇ ਸੂਬੇ ਦੀ ਲੜਕੀ ਨਾਲ ਵਿਆਹ ਕਰਵਾਏ, ਹੁਣ ਕੇਵਲ ਇਤਨਾ ਚਾਹੁੰਦੇ ਹਨ ਕਿ ਉਹ ਕਿਸੇ ਲੜਕੀ ਨਾਲ ਹੀ ਵਿਆਹ ਕਰਵਾਏ।

ਜਦੋਂ ਵੀ ਪਤੀ-ਪਤਨੀ ਦਾ ਰਿਸ਼ਤਾ ਟੁੱਟਦਾ ਹੈ ਤਾਂ ਉਹ ਦੋਵੇਂ ਵੀ ਨਾਲ ਹੀ ਟੁੱਟ ਜਾਂਦੇ ਹਨ।

ਜੇ ਬੱਚੇ ਨਾ ਹੋਣ ਤਾਂ ਪੁਰਸ਼ ਨੂੰ ਜ਼ਿੰਮੇਵਾਰੀ ਨਿਭਾਉਣ ਅਤੇ ਇਸਤਰੀ ਨੂੰ ਜ਼ਿੰਮੇਵਾਰੀ ਮਾਣਨ ਦਾ ਅਵਸਰ ਹੀ ਨਹੀਂ ਮਿਲਦਾ।

ਹਕੂਮਤ ਭ੍ਰਿਸ਼ਟ ਹੀ ਨਹੀਂ ਕਰਦੀ, ਹਕੂਮਤ ਭ੍ਰਿਸ਼ਟ ਬੰਦਿਆਂ ਨੂੰ ਆਪਣੇ ਵੱਲ ਖਿੱਚਦੀ ਵੀ ਹੈ।

ਬਹਾਦਰਾਂ ਅਤੇ ਸਿਆਣਿਆਂ ਵਿਚ ਲੰਘ ਗਏ ਅਵਸਰਾਂ ਬਾਰੇ ਪਛਤਾਉਣ ਦੀ ਆਦਤ ਨਹੀਂ ਹੁੰਦੀ, ਪਛਤਾਉਣਾ ਸਧਾਰਨ ਵਿਅਕਤੀਆਂ ਦੀ ਆਦਤ ਹੁੰਦੀ ਹੈ।

ਪ੍ਰਸਿੱਧ ਹੋਣ ਲਈ ਕਦੇ-ਕਦਾਈਂ ਨਹੀਂ, ਨਿਰੰਤਰ ਯਤਨ ਕਰਨਾ ਪੈਂਦਾ ਹੈ।

ਮਹਾਂਪੁਰਸ਼ਾਂ ਦੇ ਜਿਊਂਦਿਆਂ ਉਨ੍ਹਾਂ ਦਾ ਵਿਰੋਧ ਹੀ ਹੁੰਦਾ ਹੈ; ਵਿਰੋਧ ਰਾਹੀਂ ਜ਼ਮਾਨਾ ਮਹਾਂਪੁਰਸ਼ਾਂ ਨੂੰ ਪਰਖ ਰਿਹਾ ਹੁੰਦਾ ਹੈ।

ਹੋਰਾਂ ਦੇ ਨਿਜੀ ਜੀਵਨ ਦੇ ਵੇਰਵੇ ਜਾਨਣਾ ਅਤੇ ਹੋਰਾਂ ਨੂੰ ਦੱਸਣਾ, ਵਿਸ਼ਵ ਦਾ ਸਭ ਤੋਂ ਵੱਡਾ ਮਨੋਰੰਜਨ ਹੈ।

ਬਜ਼ਾਰ ਵਿਚ ਸਾਡਾ ਵਾਹ ਵਸਤਾਂ ਨਾਲ ਘੱਟ ਅਤੇ ਉਨ੍ਹਾਂ ਦੀਆਂ ਨਿਤ ਵਧਦੀਆਂ ਕੀਮਤਾਂ ਨਾਲ ਵਧੇਰੇ ਪੈਂਦਾ ਹੈ।

ਕਈ ਵਿਅਕਤੀਆਂ ਦੇ ਮਿਹਰਬਾਨ ਹੋਣ ਦਾ ਢੰਗ, ਬੜਾ ਕਮੀਨਾ ਹੁੰਦਾ ਹੈ।

ਕਈ ਦਰੱਖਤਾਂ ਦਾ ਮੁਹਾਂਦਰਾ ਹੀ ਸਵਾਗਤੀ ਹੁੰਦਾ ਹੈ।

ਪਤਵੰਤੇ ਮਰੀਜ਼ ਨੂੰ, ਡਾਕਟਰ ਆਪਣੇ ਤੋਂ ਵਧੇਰੇ ਮਹੱਤਵਪੂਰਨ ਸਮਝਣ ਲੱਗ ਪੈਂਦੇ ਹਨ ਅਤੇ ਉਸ ਦਾ ਲੋੜ ਨਾਲੋਂ ਅਧਿਕ ਇਲਾਜ ਕਰਦੇ ਹਨ।

ਜਦੋਂ ਵੀ, ਜਿਹੜਾ ਵੀ ਤੁਹਾਡੀ ਕਿਸੇ ਪ੍ਰਕਾਰ ਦੀ ਪ੍ਰਸੰਸਾ ਕਰੇਗਾ, ਉਹ ਆਪਣੀ ਉਮਰ ਨਾਲੋਂ ਵਧੇਰੇ ਸਿਆਣਾ ਲੱਗੇਗਾ।

ਅਨੇਕਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਇਹੀ ਪਤਾ ਲੱਗਦਾ ਹੈ ਕਿ ਕਿਵੇਂ ਨਹੀਂ ਲਿਖਣਾ ਚਾਹੀਦਾ।

ਮਿਹਨਤੀ ਬੰਦੇ ਨੂੰ ਵਿਸ਼ਵਾਸ ਹੁੰਦਾ ਹੈ ਕਿ ਭਾਵੇਂ ਮੈਂ ਅੱਜ ਗਰੀਬ ਹਾਂ, ਪਰ ਜਲਦੀ ਹੀ ਗਰੀਬੀ ਤੋਂ ਮੁਕਤ ਹੋ ਜਾਵਾਂਗਾ।

ਪੜ੍ਹਨ ਅਤੇ ਸੋਚਣ ਨਾਲ, ਮਨੁੱਖ ਨੂੰ ਜ਼ਿੰਦਗੀ ਦੇ ਜੰਗਲ ਵਿਚੋਂ, ਮਾਲ-ਰੋਡ ਵਿਖਾਈ ਦੇਣ ਲੱਗ ਪੈਂਦੀ ਹੈ।

ਬਹੁਤੇ ਮੂਰਖ ਆਪਣੇ ਆਪ ਨੂੰ ਮੂਰਖ ਸਾਬਤ ਕਰਨ ਵਿਚ ਔਸਤ ਅੱਧਾ ਘੰਟਾ ਹੀ ਲਾਉਂਦੇ ਹਨ।

ਬੁਢਾਪੇ ਵਿਚ ਜਵਾਨੀ ਵਾਲੀ ਇੱਜ਼ਤ ਕੰਮ ਨਹੀਂ ਆਉਂਦੀ, ਨਵੀਂ ਕਿਸਮ ਦੀ ਇੱਜ਼ਤ ਕਮਾਉਣੀ ਪੈਂਦੀ ਹੈ।

ਪ੍ਰਸਿੱਧੀ ਮੁਸ਼ਕਿਲ ਨਾਲ ਹੀ ਮਿਲਦੀ ਹੈ, ਅਸਾਨੀ ਨਾਲ ਤਾਂ ਬਦਨਾਮੀ ਵੀ ਨਹੀਂ ਮਿਲਦੀ।

ਸਾਡਾ ਪਿਆਰਾ ਉਹ ਹੁੰਦਾ ਹੈ, ਜਿਸ ਤੋਂ ਅਸੀਂ ਪਹਿਲਾਂ ਮਰਨਾ ਚਾਹੁੰਦੇ ਹਾਂ।

ਗਲਤ ਢੰਗ ਨਾਲ ਕੀਤੀ ਪ੍ਰਸੰਸਾ ਵੀ ਬੇਇਜ਼ਤੀ ਹੀ ਹੁੰਦੀ ਹੈ।

ਸਾਡੇ ਦਫ਼ਤਰਾਂ ਵਿਚਲੇ ਕਰਮਚਾਰੀਆਂ ਤੋਂ ਇਹੀ ਪਤਾ ਲੱਗਦਾ ਹੈ ਕਿ ਦਫ਼ਤਰ ਅਤੇ ਕਰਮਚਾਰੀ ਕਿਹੋ ਜਿਹੇ ਨਹੀਂ ਹੋਣੇ ਚਾਹੀਦੇ।

ਸੋਚ ਕੇ ਕੀਤੀ ਮਿਹਰਬਾਨੀ, ਧੋਖਾ ਹੁੰਦੀ ਹੈ।

ਜੇ ਕਿਸੇ ਵਰਤਾਰੇ ਵਿਚੋਂ ਹਾਸੋਹੀਣਾ ਭਾਗ ਲੱਭੋਗੇ, ਲੱਭ ਪਏਗਾ।

ਜੇ ਪਰਿਵਾਰ ਵਿਚ ਚਾਰ-ਪੰਜ ਧੀਆਂ-ਪੁੱਤਰ ਹੋਣਗੇ ਤਾਂ ਉਹ ਆਪਣੇ ਮਾਤਾ-ਪਿਤਾ ਦੇ ਵੱਖਰੇ-ਵੱਖਰੇ ਲੱਛਣ ਧਾਰਨ ਕਰਨਗੇ।

ਜਦੋਂ ਇਸਤਰੀ ਕਿਸੇ ਵੱਲ ਮੁਸਕਰਾ ਕੇ ਵੇਖਦੀ ਹੈ ਤਾਂ ਆਸ ਕਰਦੀ ਹੈ ਕਿ ਉਸ ਵਲੋਂ, ਉਸ ਨਾਲ ਚੰਗਾ ਵਿਹਾਰ ਕੀਤਾ ਜਾਵੇਗਾ।

ਹਰ ਦਿਨ ਐਤਵਾਰ ਨਹੀਂ ਹੁੰਦਾ, ਪਰ ਕਈ ਫਿਰ ਵੀ ਹਰ ਰੋਜ਼ ਉਸ ਵੇਲੇ ਜਾਗਦੇ ਹਨ, ਜਿਵੇਂ ਐਤਵਾਰ ਹੋਵੇ।

ਜਿਸ ਨੂੰ ਅਸੀਂ ਨਫ਼ਰਤ ਕਰਦੇ ਹਾਂ, ਉਸ ਤੋਂ ਅਸੀਂ ਡਰਦੇ ਵੀ ਹਾਂ।

ਕਿਸੇ ਲਈ ਸਿਰ ਦਾ ਦਰਦ ਨਾ ਬਣੋ, ਦਿਲ ਦਾ ਦਰਦ ਬਣੋ।

ਜਿਉਂ ਹੀ ਕੋਈ ਸੁੰਦਰ ਇਸਤਰੀ ਬੋਲਣ ਲਈ ਮੰਚ 'ਤੇ ਖਲੋਂਦੀ ਹੈ, ਸਰੋਤੇ ਉਸ ਦੇ ਬੋਲਣ ਤੋਂ ਪਹਿਲਾਂ ਹੀ, ਉਸ ਦੇ ਭਾਸ਼ਣ ਦੀ ਦਾਦ ਦੇਣ ਲੱਗ ਪੈਂਦੇ ਹਨ।

ਸਾਡਾ ਪਿਆਰਾ ਉਹ ਹੁੰਦਾ ਹੈ, ਜਿਸ ਦਾ ਸਾਨੂੰ ਜ਼ਿੰਦਗੀ ਭਰ ਬਦਲ ਨਹੀਂ ਲੱਭਦਾ।

ਕੋਈ ਵੀ ਵਿਅਕਤੀ, ਪਿਛਲੇ ਜਨਮ ਦੇ ਕਰਮਾਂ ਕਰਕੇ ਮਹਾਨ ਨਹੀਂ ਬਣਿਆ।

ਕਈ ਸੋਹਣੀਆਂ ਇਸਤਰੀਆਂ ਪ੍ਰਭਾਵ ਹੀ ਨਹੀਂ ਸਿਰਜਦੀਆਂ, ਮੌਸਮ ਅਤੇ ਵਾਤਾਵਰਣ ਵੀ ਸਿਰਜ ਦਿੰਦੀਆਂ ਹਨ।

ਹਰ ਕਿਸੇ ਦਾ ਦਿਲ ਵੱਖਰੀ ਭਾਂਤ ਦਾ ਹੁੰਦਾ ਹੈ; ਕਈਆਂ ਦਾ ਘਰ ਵਰਗਾ, ਕਈਆਂ ਦਾ ਦੁਕਾਨ ਵਰਗਾ, ਕਈਆਂ ਦਾ ਬੈਂਕ ਵਰਗਾ।

ਚੰਗੀ ਕਿਤਾਬ ਪੜ੍ਹ ਕੇ ਜਾਂ ਚੰਗੇ ਬੰਦੇ ਨੂੰ ਮਿਲ ਕੇ ਇਝ ਲੱਗਦਾ ਹੈ ਜਿਵੇਂ ਸਾਡੀ ਚੇਤਨਾ ਨੂੰ ਨਵੀਂ ਪਰਤ ਚੜ੍ਹ ਗਈ ਹੋਵੇ।

ਜਦੋਂ ਮਨੁੱਖ ਇਕੱਲਾ ਹੁੰਦਾ ਹੈ, ਉਹ ਸੰਸਾਰ ਨੂੰ ਵਧੇਰੇ ਵੇਖਦਾ-ਸੁਣਦਾ-ਸਮਝਦਾ ਹੈ।

ਸਾਡੀ ਸੁਸਤੀ ਦੀ ਸਜ਼ਾ ਸਾਡੀ ਆਪਣੀ ਅਸਫ਼ਲਤਾ ਹੀ ਨਹੀਂ ਹੁੰਦੀ, ਦੂਜਿਆਂ ਦੀ ਸਫ਼ਲਤਾ ਵੀ ਹੁੰਦੀ ਹੈ।

ਚਿੰਤਕ ਆਪਣੇ ਕੱਪੜਿਆਂ ਪ੍ਰਤੀ ਲਾਪ੍ਰਵਾਹ ਹੀ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਅਸਲੀ ਲਿਬਾਸ, ਉਨ੍ਹਾਂ ਦੇ ਵਿਚਾਰ ਹੁੰਦੇ ਹਨ।

ਪੁਰਸ਼, ਇਸਤਰੀ ਵਾਂਗ ਭਾਵਕ ਹੋ ਕੇ ਕਿਸੇ ਕੰਮ ਦਾ ਨਹੀਂ ਰਹਿੰਦਾ; ਇਸਤਰੀ, ਪੁਰਸ਼ ਵਾਂਗ ਨਿਰਭਾਵਕ ਹੋ ਕੇ, ਕਿਸੇ ਦੀ ਤਾਂਘ ਨਹੀਂ ਬਣਦੀ।

ਜੇ ਸੰਸਾਰ ਦੇ ਸਾਰੇ ਮੂਰਖ ਆਪਣੀ ਮੂਰਖਤਾ ਤਿਆਗ ਦੇਣ ਤਾਂ ਸੰਸਾਰ ਵਿਚ ਬੜੀ ਗੜਬੜ ਮੱਚ ਜਾਵੇਗੀ, ਕਿਉਂਕਿ ਸੰਸਾਰ ਵਿਚ ਇਤਨੇ ਸਿਆਣਿਆਂ ਦੇ ਰਹਿਣ ਲਈ ਥਾਂ ਹੀ ਨਹੀਂ ਹੈ।

ਸਮਾਜਵਾਦ ਦਿਮਾਗ ਵਿਚੋਂ ਉਪਜਿਆ ਹੋਣ ਕਰਕੇ ਦਿਲ ਨੂੰ ਨਹੀਂ ਛੂਹ ਸਕਿਆ।

ਬੰਦਾ ਜਿਊਂਦਾ ਉਤਨਾ ਚਿਰ ਹੀ ਹੈ, ਜਿਤਨਾ ਚਿਰ ਜ਼ਿੰਦਗੀ ਦੇ ਸਵਾਦ ਬਣੇ ਰਹਿੰਦੇ ਅਤੇ ਮਾਣੇ ਜਾਂਦੇ ਹਨ।

ਇਸਤਰੀ ਨੂੰ ਇਤਿਹਾਸ ਦੀਆਂ ਤਾਰੀਖ਼ਾਂ ਨਹੀਂ; ਆਪਣੇ ਵਿਆਹ, ਪੱਪੂ ਦੇ ਜਨਮ ਅਤੇ ਲਾਡੀ ਦੇ ਪੈਦਾ ਹੋਣ ਦੀਆਂ ਮਿਤੀਆਂ ਯਾਦ ਹੁੰਦੀਆਂ ਹਨ, ਕਿਉਂਕਿ ਇਹੀ ਇਸਤਰੀ ਦਾ ਇਤਿਹਾਸ ਹੁੰਦੀਆਂ ਹਨ।

ਯਾਦ ਪ੍ਰੇਮਿਕਾ ਦੀ ਹੀ ਆਉਂਦੀ ਹੈ, ਦੋਸਤ ਦੀ ਨਹੀਂ; ਕਿਉਂਕਿ ਦੋਸਤ ਨੂੰ ਮਿਲਣ ਵਿਚ ਕੋਈ ਰੁਕਾਵਟ ਨਹੀਂ ਹੁੰਦੀ; ਮਿਲਣ ਵਿਚ ਰੁਕਾਵਟ ਕਾਰਨ ਹੀ ਪ੍ਰੇਮਿਕਾ ਦੀ ਯਾਦ ਆਉਂਦੀ ਹੈ।

ਉਦਾਸ ਵਿਅਕਤੀ ਨੂੰ ਪ੍ਰਸੰਨਤਾ, ਇਕ ਪਖੰਡ ਹੀ ਪ੍ਰਤੀਤ ਹੁੰਦੀ ਹੈ।

ਰੋਸ਼ਨੀ ਵਿਚ ਹਰ ਚੀਜ਼ ਤੁਹਾਡੇ ਨਾਲ ਚਲੇਗੀ, ਹਨੇਰੇ ਵਿਚ ਤੁਹਾਡਾ ਪ੍ਰਛਾਵਾਂ ਵੀ ਤੁਹਾਨੂੰ ਛੱਡ ਜਾਵੇਗਾ।

ਧੰਨਵਾਦ ਦਾ ਪ੍ਰਗਟਾਵਾ, ਕੁਝ ਪ੍ਰਾਪਤ ਹੋ ਜਾਣ ਦਾ ਸਬੂਤ ਹੁੰਦਾ ਹੈ।

ਬੱਦਲ, ਅਸਮਾਨ ਨੂੰ ਪੂਰੀ ਤਰ੍ਹਾਂ ਕਦੇ ਵੀ ਨਹੀਂ ਢੱਕ ਸਕਦੇ।

ਮਨੁੱਖ ਦੇ ਨੁਕਸ ਘਟਾਏ ਹੀ ਜਾ ਸਕਦੇ ਹਨ, ਮੁਕਾਏ ਨਹੀਂ ਜਾ ਸਕਦੇ।

ਹਰ ਔਰਤ ਕੋਲ ਇਕ ਸਰਲ, ਸੱਚਾ ਅਤੇ ਸੁਹਿਰਦ ਦਿਲ ਹੁੰਦਾ ਹੈ; ਜਿਸ ਵਿਚੋਂ ਉਹ ਆਪਣੀ ਮੁਹੱਬਤ ਦਾ ਮੂੰਹ ਵੇਖਦੀ ਹੈ।

ਸੱਚਾਈ ਵੱਲ ਧਿਆਨ ਨਹੀਂ ਦਿਓਗੇ ਤਾਂ ਇਹ ਤੁਹਾਡੇ 'ਤੇ ਹਮਲਾ ਕਰੇਗੀ।

ਕੰਮ ਤੋਂ ਬਿਨਾਂ ਜ਼ਿੰਦਗੀ ਨੇਮਬਧ ਨਹੀਂ ਬਣਦੀ ਅਤੇ ਕਿਸੇ ਨਾਲ ਕਿਸੇ ਪ੍ਰਕਾਰ ਦਾ ਤਾਲ-ਮੇਲ ਨਹੀਂ ਉਪਜਦਾ।

ਕਵਿਤਾ ਅਤੇ ਸੰਗੀਤ ਮਨੁੱਖ ਨੂੰ ਮੰਦ-ਭਾਵਨਾ ਤੋਂ ਬਚਾਈ ਰੱਖਦੇ ਹਨ।

ਸ਼ੋਰ ਨੂੰ ਕੇਵਲ ਕੰਨ ਸੁਣਦੇ ਹਨ, ਚੁੱਪ ਨੂੰ ਸਾਰਾ ਸਰੀਰ ਮਾਣਦਾ ਹੈ।

ਜਿਤਨੀ ਤੇਜ਼ੀ ਨਾਲ ਚੋਣ ਵਿਚ ਹਾਰੇ ਉਮੀਦਵਾਰ ਨੂੰ ਭੁਲਾਇਆ ਜਾਂਦਾ ਹੈ, ਹੋਰ ਕਿਸੇ ਨੂੰ ਨਹੀਂ ਭੁਲਾਇਆ ਜਾਂਦਾ।

ਤੋਹਫ਼ੇ ਦਾ ਗੁਣ ਇਹ ਹੁੰਦਾ ਹੈ ਕਿ ਇਹ ਮੁਫ਼ਤ ਮਿਲਦਾ ਹੈ; ਜੇ ਇਸ ਨੂੰ ਅੱਧੀ ਕੀਮਤ 'ਤੇ ਵੀ ਖਰੀਦਣਾ ਪਏ ਤਾਂ ਅਸੀਂ ਨਹੀਂ ਲਵਾਂਗੇ।

ਮੰਗਣੇ ਉਪਰੰਤ ਅਤੇ ਵਿਆਹ ਤੋਂ ਪਹਿਲਾਂ, ਲੜਕੀ ਨੂੰ ਆਪਣੇ ਘਰ ਦੇ ਔਗੁਣ ਅਤੇ ਸਹੁਰੇ ਘਰ ਦੇ ਗੁਣ ਪਤਾ ਹੁੰਦੇ ਹਨ, ਇਹ ਯਥਾਰਥ ਅਤੇ ਕਲਪਨਾ ਦਾ ਅੰਤਰ ਹੁੰਦਾ ਹੈ।

ਰਿਸ਼ਤਾ ਕੋਈ ਹੋਵੇ, ਉਸ ਵਿਚ ਇਕ ਧਿਰ ਵੱਲੋਂ ਦੂਜੇ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੁੰਦੀ ਹੈ।

ਹਾਰਿਆ ਜੂਏਬਾਜ਼, ਹਾਰੇ ਪੈਸਿਆਂ ਨੂੰ ਵਾਪਸ ਜਿੱਤਣ ਲਈ ਅਤੇ ਜਿੱਤਿਆ ਜੂਏਬਾਜ਼, ਜਿੱਤੇ ਪੈਸਿਆਂ ਨੂੰ ਦੁਗਣੇ ਕਰਨ ਲਈ ਜੂਆ ਖੇਡਣਾ ਜਾਰੀ ਰੱਖਦੇ ਹਨ ਅਤੇ ਦੋਵੇਂ ਕਿਸੇ ਤੀਜੇ ਤੋਂ ਹਾਰ ਜਾਂਦੇ ਹਨ।

ਜਿੱਤ ਜਾਂ ਪ੍ਰਸੰਨਤਾ ਦੀ ਹਾਲਤ ਵਿਚ ਕੋਈ ਵਾਅਦਾ ਕਰਨ ਨਾਲ ਅਤੇ ਗੁੱਸੇ ਦੀ ਹਾਲਤ ਵਿਚ ਕੋਈ ਖ਼ਤ ਲਿਖਣ ਨਾਲ, ਹਮੇਸ਼ਾਂ ਪਛਤਾਵਾ ਉਪਜਦਾ ਹੈ।

ਸ਼ਰਾਬੀ ਸਮਝਦੇ ਹਨ ਕਿ ਹਰ ਬੋਤਲ ਦਾ ਅਰਥ ਸ਼ਰਾਬ ਅਤੇ ਹਰ ਗਲਾਸ ਦਾ ਅਰਥ ਪੀਣਾ ਹੁੰਦਾ ਹੈ।

ਕਲਾਕਾਰ, ਮੁਹੱਬਤ ਦੀ ਖ਼ੁਸ਼ੀ ਨਾਲੋਂ ਮੁਹੱਬਤ ਦੀ ਪੀੜ ਅਤੇ ਉਦਾਸੀ, ਵਧੇਰੇ ਵਿਸਥਾਰ ਅਤੇ ਸ਼ਿੱਦਤ ਨਾਲ ਹੰਢਾਉਂਦੇ ਹਨ।

ਤਰੇਲ ਦਾ ਤੁਪਕਾ ਸਮੁੰਦਰ ਵਿਚ ਡਿਗ ਕੇ ਲੋਪ ਹੋ ਜਾਂਦਾ ਹੈ, ਕਮਲ ਦੇ ਫੁੱਲ ਤੇ ਪੈ ਕੇ ਹੀਰੇ ਵਾਂਗ ਚਮਕਦਾ ਹੈ; ਜ਼ਿੰਦਗੀ ਵਿਚ ਚਮਕਣ ਲਈ ਥਾਂ ਦਾ ਨਿਰਣਾ ਤੁਸੀਂ ਕਰਨਾ ਹੈ।

ਸੇਵਾ ਕਰਨ ਵਾਸਤੇ, ਕਿਸੇ ਡਿਗਰੀ ਦੀ ਲੋੜ ਨਹੀਂ ਪੈਂਦੀ।

ਲੇਖਕ ਦੀ ਜ਼ਿੰਦਗੀ ਵਿਚ ਅਨੇਕਾਂ ਲੋਕ ਆਉਂਦੇ ਹਨ, ਪਰ ਉਹ ਕੁਝ ਕਹਿੰਦੇ-ਕਰਦੇ ਉਦੋਂ ਹੀ ਹਨ, ਜਦੋਂ ਉਹ ਉਸ ਦੀ ਰਚਨਾ ਵਿਚ ਪਾਤਰ ਬਣਦੇ ਹਨ।

ਉੱਚੀਆਂ ਪ੍ਰਾਪਤੀਆਂ ਲਈ ਨੀਵੀਆਂ ਤਾਂਘਾਂ ਤਿਆਗਣੀਆਂ ਪੈਣਗੀਆਂ।

ਜਦੋਂ ਪੁਰਸ਼ ਸਮਝਦਾ ਹੈ ਕਿ ਉਸ ਨੇ ਆਪਣੇ ਸੰਪਰਕ ਵਿਚਲੀ ਔਰਤ ਨੂੰ ਸਮਝ ਲਿਆ ਹੈ, ਉਹ ਉਸੇ ਪਲ ਬੁਝਾਰਤ ਬਣ ਜਾਂਦੀ ਹੈ।

ਨਿਰੰਤਰ ਪ੍ਰਸ਼ੰਸਾ, ਕਲਾਕਾਰ ਦੀ ਕਲਾ ਨੂੰ ਮਾਰ ਦਿੰਦੀ ਹੈ।

ਵਧੀਕੀ ਕਰਨੀ ਹਰ ਕਿਸੇ ਨੂੰ ਆਉਂਦੀ ਹੈ, ਜਰਨੀ ਕੋਈ-ਕੋਈ ਹੀ ਜਾਣਦਾ ਹੈ।

ਜਿਹੜਾ ਸਭ ਕੁਝ ਕਰਨ ਦਾ ਵਾਅਦਾ ਕਰਦਾ ਹੈ, ਉਹ ਕੁਝ ਨਹੀਂ ਕਰੇਗਾ।

ਭਾਰੀ ਮੀਂਹ ਮਗਰੋਂ ਨਦੀ ਨੱਚਣ ਲੱਗ ਪੈਂਦੀ ਹੈ, ਪਾਣੀ ਗਾਉਣ ਲੱਗ ਪੈਂਦਾ ਹੈ, ਦਰਿਆ ਦੇ ਪੱਥਰ ਸਾਜ਼ ਵਜਾਉਂਦੇ ਹਨ।

ਲਾਲਚ ਕਾਰਨ ਆਪਣੇ ਛੋਟੇਪਣ ਦਾ ਹੀ ਅਹਿਸਾਸ ਹੁੰਦਾ ਹੈ, ਲਾਲਚ ਤਿਆਗਣ ਨਾਲ ਸਾਡਾ ਅੰਦਰਲਾ ਵੱਡਾ ਹੋ ਜਾਂਦਾ ਹੈ।

ਜਾਗੇ ਹੋਏ ਹੀ, ਅੱਖਾਂ ਮੀਟ ਕੇ ਅਰਦਾਸ ਕਰਦੇ ਹਨ।

ਸਾਹਿਤਕਾਰ ਕਲਮ ਨਾਲ ਜ਼ਿੰਦਗੀ ਦੇ ਫੇਰੇ ਲੈਂਦੇ ਹਨ।

ਕੋਈ ਇਨਕਲਾਬ ਪੂਰਾ ਨਹੀਂ ਹੁੰਦਾ, ਹਰ ਇਨਕਲਾਬ ਅਧੂਰਾ ਰਹਿ ਜਾਂਦਾ ਹੈ, ਜਿਸ ਨੂੰ ਅਗਲੇਰੇ ਇਨਕਲਾਬ ਰਾਹੀਂ, ਪੂਰਾ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਮੁਸਕਰਾਹਟ ਵਿਚ ਬੁੱਲ੍ਹ ਬੋਲਦੇ ਹਨ, ਅੱਖਾਂ ਸੁਣਦੀਆਂ ਹਨ।

ਜਿਵੇਂ ਦਰੱਖ਼ਤ ਆਪਣੇ ਫ਼ਲ ਆਪ ਨਹੀਂ ਖਾਂਦੇ, ਨਦੀਆਂ ਆਪਣਾ ਪਾਣੀ ਆਪ ਨਹੀਂ ਪੀਂਦੀਆਂ, ਉਵੇਂ ਹੀ ਸੱਜਣ-ਪੁਰਖਾਂ ਦਾ ਸਭ ਕੁਝ ਹੋਰਾਂ ਲਈ ਹੁੰਦਾ ਹੈ।

ਕੋਈ ਵੀ ਇਕ-ਪਾਸੜ ਪ੍ਰਬੰਧ, ਹੰਢਣਸਾਰ ਨਹੀਂ ਹੁੰਦਾ।

ਸੋਹਣਾ-ਪਿਆਰਾ ਉਹ ਹੁੰਦਾ ਹੈ, ਜਿਸ ਨਾਲ ਮੁੱਢ ਵਿਚ ਹੀ ਦਿਲ ਦੀਆਂ ਗੱਲਾਂ ਕਰਨ ਨੂੰ ਮਨ ਕਰੇ।

ਸ਼ਰਾਬ ਪੀਣ ਵਿਚ ਪੰਜੇ ਗਿਆਨ-ਇੰਦਰੇ ਸ਼ਾਮਲ ਹੁੰਦੇ ਹਨ; ਅੱਖਾਂ ਸ਼ਰਾਬ ਨੂੰ ਵੇਖਦੀਆਂ ਹਨ, ਨੱਕ ਸੁੰਘਦਾ ਹੈ, ਹੱਥ ਛੂੰਹਦੇ ਹਨ, ਜੀਭ ਚੱਖਦੀ ਹੈ, ਗਲਾਸ ਇਸ ਲਈ ਟਕਰਾਏ ਜਾਂਦੇ ਹਨ, ਤਾਂ ਕਿ ਕੰਨ ਸੁਣ ਲੈਣ।

ਉਬਲਦੇ ਪਾਣੀ ਵਿਚੋਂ ਆਪਣਾ ਚਿਹਰਾ ਨਹੀਂ ਵੇਖਿਆ ਜਾ ਸਕਦਾ।

ਵੱਡੀ ਸੜਕ 'ਤੇ ਚੱਲਦਿਆਂ-ਚੱਲਦਿਆਂ ਜਦੋਂ ਕੁੜੀਆਂ ਦੇ ਸਿਰਾਂ 'ਤੇ ਚੁੰਨੀਆਂ ਨਜ਼ਰ ਆਉਣ ਲੱਗ ਪੈਣ ਤਾਂ ਸਮਝਣਾ ਪਿੰਡ ਆ ਗਿਆ ਹੈ।

ਖੂਹ ਵਿਚ ਧਿਆਨ ਨਾਲ ਵੇਖੋ, ਖੂਹ ਤੁਹਾਡੇ ਵੱਲ ਵੇਖਣ ਲੱਗ ਪਵੇਗਾ।

ਬਹਾਦਰ ਉਹ ਹੁੰਦੇ ਹਨ, ਜਿਹੜੇ ਤੌਖ਼ਲਿਆਂ ਦੇ ਬਾਵਜੂਦ ਵੱਡੇ ਫੈਸਲੇ ਕਰਦੇ ਹਨ।

ਜੇ ਸ਼ਰਾਬੀ ਗਲਾਸ ਵਿਚ ਸ਼ਰਾਬ ਘੱਟ ਅਤੇ ਪਾਣੀ ਵੱਧ ਪਾਉਣ ਤਾਂ ਉਹ ਗੰਭੀਰ ਗੱਲਾਂ ਕਰਨਗੇ; ਜੇ ਪਾਣੀ ਅਤੇ ਸ਼ਰਾਬ ਬਰਾਬਰ ਪਾਉਣ ਤਾਂ ਉਹ ਦੇਰ ਤਕ ਸਾਰੀਆਂ ਗੱਲਾਂ ਕਰਨਗੇ; ਜੇ ਸ਼ਰਾਬ ਵੱਧ ਅਤੇ ਪਾਣੀ ਘੱਟ ਪਾਉਣ ਤਾਂ ਉਹ ਗੱਲਾਂ ਘੱਟ ਅਤੇ ਸਰੂਰ ਵੱਧ ਲੈਣਗੇ; ਜੇ ਗਲਾਸ ਸਿਰੇ ਤਕ ਭਰ ਲੈਣ ਤਾਂ ਅਰਥ ਹੈ ਕਿ ਅੱਜ ਉਹ ਕੇਵਲ ਪੀਣਗੇ, ਗੱਲਾਂ ਨਹੀਂ ਕਰਨਗੇ।

ਚਰਿੱਤਰ ਅਤੇ ਇਮਾਨਦਾਰੀ ਨਿਖੇੜੇ ਨਹੀਂ ਜਾ ਸਕਦੇ, ਪਤਾ ਨਹੀਂ ਲੱਗਦਾ ਕਿ ਕੋਈ ਚਰਿੱਤਰ ਕਾਰਨ ਇਮਾਨਦਾਰ ਹੈ, ਜਾਂ ਇਮਾਨਦਾਰ ਹੋਣ ਕਰਕੇ ਚਰਿੱਤਰਵਾਨ ਹੈ।

ਕਈ ਹਰ ਥਾਂ ਸਵਾਲੀਆ-ਨਿਸ਼ਾਨ ਬਣ ਕੇ ਹੀ ਖਲੋਂਦੇ ਹਨ।

ਵੱਡੇ ਸ਼ਹਿਰਾਂ ਵਿਚ ਚੰਨ-ਸੂਰਜ ਅਣ-ਦਿੱਸੇ ਹੀ ਚੜ੍ਹਦੇ ਹਨ, ਅਣ-ਵੇਖੇ ਹੀ ਛੁੱਪ ਜਾਂਦੇ ਹਨ।

ਅਕਾਉਣ ਵਾਲੇ ਕੰਮਾਂ ਤੋਂ ਅਸੀਂ ਵਧੇਰੇ ਸਿੱਖਦੇ ਹਾਂ।

ਸੂਰਜ ਡੁੱਬਦਾ ਹੈ, ਪਰ ਜਾਂਦਾ ਹੋਇਆ ਚੰਨ-ਤਾਰੇ ਦੇ ਜਾਂਦਾ ਹੈ।

ਚੰਦਰਮਾ ਦੀ ਲੋਅ ਬੜੀ ਸੁਖਦਾਈ ਹੁੰਦੀ ਹੈ, ਅਸਮਾਨ ਥੱਲੇ ਸੁੱਤਿਆਂ ਇਹ ਨੀਂਦਰ ਵਿਚ ਖਲਲ ਨਹੀਂ ਪਾਉਂਦੀ ਅਤੇ ਅੱਖਾਂ ਖੋਲ੍ਹਿਆਂ ਇਹ ਚੁੰਧਿਆਉਂਦੀ ਨਹੀਂ।

ਜਿਸ ਪਿਆਰ ਵਿਚ ਖਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ।

ਜਦੋਂ ਕਿਸੇ ਰਿਸ਼ਤੇ ਵਿਚ ਕਾਨੂੰਨ ਦੀ ਦਖ਼ਲ-ਅੰਦਾਜ਼ੀ ਹੋ ਜਾਵੇ ਤਾਂ ਉਹ ਰਿਸ਼ਤਾ ਨਹੀਂ ਰਹਿੰਦਾ, ਮੁਕੱਦਮਾ ਬਣ ਜਾਂਦਾ ਹੈ।

ਤਾਕਤਵਰਾਂ ਅਤੇ ਗਿਆਨਵਾਨਾਂ ਨੂੰ ਪ੍ਰਭਾਵਿਤ ਕਰਨ ਦੀ ਥਾਂ ਉਨ੍ਹਾਂ ਤੋਂ ਪ੍ਰਭਾਵਿਤ ਹੋਣ ਦਾ ਯਤਨ ਕਰਨਾ ਵਧੇਰੇ ਲਾਹੇਵੰਦਾ ਹੁੰਦਾ ਹੈ।

ਪੁਰਸ਼ ਨੂੰ ਔਰਤ ਨਾਲ ਸੌਣਾ ਹੀ ਆਉਂਦਾ ਹੈ, ਜਾਗਣਾ ਨਹੀਂ।

ਪਿਆਰ-ਕਹਾਣੀ ਸਾਨੂੰ ਆਪਣੀ ਹੀ ਸੱਚੀ ਲੱਗਦੀ ਹੈ, ਹੋਰਾਂ ਦੀਆਂ ਪਿਆਰ-ਕਹਾਣੀਆਂ ਮਨਘੜਤ ਹੀ ਲਗਦੀਆਂ ਹਨ।

ਪ੍ਰੇਮਿਕਾ ਦੇ ਪ੍ਰੇਮ-ਪੱਤਰ ਵਿਚਲੇ ਸ਼ਬਦ ਧੜਕਣ ਲੱਗ ਪੈਂਦੇ ਹਨ, ਜਦੋਂ ਤਕ ਦਿਲ ਜਵਾਬ ਨਹੀਂ ਦਿੰਦਾ, ਇਹ ਧੜਕਦੇ ਰਹਿੰਦੇ ਹਨ।

ਵਿਆਹ ਉਪਰੰਤ, ਮਨੁੱਖ ਆਪਣੀਆਂ ਅਸਫ਼ਲਤਾਵਾਂ ਨੂੰ, ਸੰਭੋਗ ਦੀ ਸਫ਼ਲਤਾ ਵਿਚ ਡੁਬੋ ਦਿੰਦਾ ਹੈ।

ਪੂਰਾ ਚੰਨ, ਕਿਸੇ ਨਾਲ ਪਿਆਰ ਹੋ ਜਾਣ ਮਗਰੋਂ ਹੀ ਵਿਖਾਈ ਦੇਣ ਲੱਗਦਾ ਹੈ ਅਤੇ ਉਦੋਂ ਹੀ ਵੇਖਿਆ ਜਾਣ ਲਗਦਾ ਹੈ।

ਵੇਖਣਾ, ਸਵਾਦ ਮਾਣਨਾ, ਛੂਹਣਾ, ਹੱਸਣਾ, ਸੁਣਨਾ, ਮਹਿਸੂਸਣਾ, ਪਿਆਰ ਕਰਨਾ, ਇਹ ਸੰਸਾਰ ਦੇ ਸੱਤ ਅਜੂਬੇ ਹਨ।

ਜੇ ਬਚਪਨ ਵਿਚ ਸਿੱਖਿਆ ਨਹੀਂ ਲਈ, ਜਵਾਨੀ ਵਿਚ ਕੰਮ ਨਹੀਂ ਕੀਤਾ, ਅਧਖੜ ਉਮਰ ਵਿਚ ਜਾਇਦਾਦ ਨਹੀਂ ਉਸਾਰੀ ਤਾਂ ਬੁਢਾਪੇ ਵਿਚ ਕੀ ਕਰੋਗੇ?

ਨੂੰਹ ਦੇ ਆਉਣ 'ਤੇ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਸਿਫ਼ਤ ਉਸ ਦੀ ਸੱਸ ਕਰਦੀ ਹੈ; ਉਸ ਦੀ ਗੁੱਤ ਵੀ ਸਭ ਤੋਂ ਪਹਿਲਾਂ ਸੱਸ ਹੀ ਪੁੱਟਦੀ ਹੈ।

ਸਾਡੇ ਦੇਸ਼ ਵਿਚ ਹਰ ਕੋਈ ਇਤਨਾ ਪੈਸਾ ਜੋੜਨਾ ਚਾਹੁੰਦਾ ਹੈ ਕਿ ਸੱਤ ਪੀੜ੍ਹੀਆਂ ਬਹਿ ਕੇ ਖਾ ਸਕਣ, ਅੱਠਵੀਂ-ਨੌਵੀਂ ਪੀੜ੍ਹੀ ਦੀ ਕੋਈ ਚਿੰਤਾ ਹੀ ਨਹੀਂ ਕਰਦਾ।

ਪਿਆਰ ਵਿਚ ਝੂਠ ਲਈ ਕੋਈ ਥਾਂ ਨਹੀਂ ਹੁੰਦੀ, ਇਸੇ ਕਰਕੇ ਪਿਆਰ ਵਿਚ ਝੂਠ ਵੀ ਸੱਚ ਲੱਗਦਾ ਹੈ।

ਬੱਚੇ ਵਾਸਤੇ ਸਭ ਤੋਂ ਵੱਡੀ ਸਜ਼ਾ ਮਾਂ ਨਾਲੋਂ ਵਿਛੋੜਿਆ ਜਾਣਾ ਹੁੰਦੀ ਹੈ, ਮਾਂ ਵਾਸਤੇ ਵੀ ਇਹੀ ਸਭ ਤੋਂ ਵੱਡੀ ਸਜ਼ਾ ਹੁੰਦੀ ਹੈ।

ਭਾਰਤ ਦੁਸ਼ਟਾਂ ਦਾ ਦੇਸ਼ ਹੈ, ਦੁਸ਼ਟਾਂ ਦਾ ਅੰਤ ਕਰਨ ਲਈ ਇਕੱਲੇ ਵਿਸ਼ਨੂੰ ਨੂੰ ਚੌਵੀ ਅਵਤਾਰ ਧਾਰਨ ਕਰਨੇ ਪਏ ਸਨ, ਪਰ ਉਹ ਵੀ ਵਿਵਸਥਾ ਨਾ ਕਰ ਸਕਿਆ ਕਿ ਅੱਗੋਂ ਦੁਸ਼ਟ ਪੈਦਾ ਨਾ ਹੋਣ।

ਸਨਿਆਸੀ, ਜਿਊਂਦਿਆਂ ਹੀ ਮਰਨ ਦਾ ਆਨੰਦ ਲੈਂਦੇ ਹਨ।

ਮਨੁੱਖ ਪਿਆਰ ਕਰਦਾ ਹੈ, ਰਿਸ਼ਤੇ ਉਸਾਰਦਾ ਅਤੇ ਦੋਸਤੀਆਂ ਪਾਉਂਦਾ ਹੈ, ਤਾਂ ਕਿ ਵਕਤ ਦੀ ਰਫ਼ਤਾਰ ਨੂੰ ਆਪਣੇ ਪੱਖ ਵਿਚ ਕਰ ਸਕੇ।

ਮਨਚਾਹੇ ਕਾਰਜ ਦਾ ਅਕੇਵਾਂ ਨਹੀਂ ਹੁੰਦਾ, ਅਕੇਵਾਂ ਮਜਬੂਰੀ ਦਾ ਹੁੰਦਾ ਹੈ।

ਪਿਆਰ ਦੌਰਾਨ, ਕਦੇ ਨਾ ਕਦੇ, ਦੋਹਾਂ ਧਿਰਾਂ ਨੂੰ ਪਿਆਰ, ਇਕ ਕੈਦ ਅਤੇ ਪਰੇਸ਼ਾਨੀ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਜੇ ਕੁਝ ਸੋਚਣਾ-ਕਰਨਾ-ਕਹਿਣਾ ਨਹੀਂ ਤਾਂ ਅਕਲ ਤੋਂ ਬਿਨਾਂ ਵੀ ਸਰ ਜਾਵੇਗਾ।

ਜੇ ਕੋਈ ਪਤਨੀ, ਪਤੀ ਨਾਲੋਂ ਵਧੇਰੇ, ਪਰਮਾਤਮਾ ਵੱਲ ਧਿਆਨ ਦੇਣ ਲੱਗ ਪਏ ਤਾਂ ਪਤੀ, ਨਾਸਤਕ ਬਣ ਜਾਂਦਾ ਹੈ।

ਦੂਜਿਆਂ ਨੂੰ ਸਮਝੋ, ਆਪਣੇ ਆਪ ਬਾਰੇ ਭਰਪੂਰ ਸੋਝੀ ਮਿਲੇਗੀ।

ਅੰਗਰੇਜ਼ਾਂ ਲਈ ਭਾਰਤ ਤੋਂ ਲੈ ਜਾਣ ਵਾਲੀਆਂ ਅਨੇਕਾਂ ਮੁਲਵਾਨ ਚੀਜ਼ਾਂ ਸਨ, ਸਾਡੇ ਲਈ ਉਨ੍ਹਾਂ ਤੋਂ ਸਿੱਖਣ ਵਾਲੀਆਂ ਅਨੇਕਾਂ ਚੰਗੀਆਂ ਗੱਲਾਂ ਸਨ; ਉਹ ਚੀਜ਼ਾਂ ਲੈ ਗਏ, ਅਸੀਂ ਸਿੱਖਣ ਤੋਂ ਇਨਕਾਰ ਕਰਦੇ ਰਹੇ।

ਕੀ ਤੁਹਾਡਾ ਵਿਚਾਰ ਨਵਾਂ ਹੈ? ਜੇ ਤੁਹਾਡੇ ਵਿਚਾਰ ਦਾ ਵਿਰੋਧ ਹੋ ਰਿਹਾ ਹੈ ਤਾਂ ਇਹ ਸਬੂਤ ਹੈ ਕਿ ਵਿਚਾਰ ਨਵਾਂ ਹੈ।

ਵਿਆਹ ਤੋਂ ਪਤਾ ਲੱਗਦਾ ਹੈ ਕਿ ਜ਼ਿੰਦਗੀ ਵਿਚ ਕਿਤਨਾ ਕੁ ਪ੍ਰਸੰਨ ਅਤੇ ਕਿਤਨਾ ਕੁ ਦੁਖੀ ਹੋਇਆ ਜਾ ਸਕਦਾ ਹੈ।

ਸੰਸਾਰ ਵਿਚੋਂ ਸ਼ਾਂਤੀ ਪਹਿਲਾਂ ਹੀ ਮੁੱਕੀ ਹੋਈ ਹੈ, ਹੁਣ ਅਰਾਮ ਵੀ ਮੁੱਕਦਾ ਜਾ ਰਿਹਾ ਹੈ।

ਖ਼ੁਸ਼ੀ ਵਿਚ ਭੁੱਲ ਜਾਣ ਵਾਲੇ ਲੱਛਣ ਹੁੰਦੇ ਹਨ, ਦਰਦ ਵਿਚ ਯਾਦ ਰਹਿਣ ਵਾਲੇ ਤੱਤ ਹੁੰਦੇ ਹਨ।

ਆਪਣੀ ਸਮਰੱਥਾ ਨਾਲੋਂ ਵਧੇਰੇ ਦੇਣਾ ਮਿਹਰਬਾਨੀ ਹੁੰਦੀ ਹੈ, ਆਪਣੀ ਲੋੜ ਨਾਲੋਂ ਘੱਟ ਲੈਣਾ ਨਿਮਰਤਾ ਅਖਵਾਉਂਦੀ ਹੈ।

ਜਦੋਂ ਸਮਾਜ ਦੀ ਕੋਈ ਕਰੜੀ ਪਾਬੰਦੀ ਟੁੱਟਦੀ ਹੈ ਤਾਂ ਲਤੀਫ਼ੇ ਉਪਜਦੇ ਹਨ।

ਅਜੋਕੀਆਂ ਦਵਾਈਆਂ, ਰੋਗ ਮੁਕਾਉਂਦੀਆਂ ਨਹੀਂ, ਲਮਕਾਉਂਦੀਆਂ ਹਨ।

ਜਿਤਨਾ ਤੁਹਾਡਾ ਸ਼ਬਦ-ਭੰਡਾਰ ਵੱਡਾ ਹੋਵੇਗਾ, ਉਤਨੀਆਂ ਹੀ ਤੁਹਾਡੀਆਂ ਦਿਲਚਸਪੀਆਂ ਵਧੇਰੇ ਅਤੇ ਕਹਿਣ ਲਈ ਗੱਲਾਂ ਵੱਧ ਹੋਣਗੀਆਂ।

ਬੱਚੇ, ਜਿਹੜੇ ਹਵਾਈ ਕਿਲ੍ਹੇ ਬਣਾਉਂਦੇ ਹਨ, ਉਨ੍ਹਾਂ ਦੀ ਲਾਗਤ ਪਿਤਾ ਨੂੰ ਅਦਾ ਕਰਨੀ ਪੈਂਦੀ ਹੈ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਮਾਂ ਨੂੰ ਕਰਨੀ ਪੈਂਦੀ ਹੈ।

ਪੈਰਿਸ, ਸਭ ਪ੍ਰਕਾਰ ਦੇ ਮਨੁੱਖੀ ਮੇਲ-ਮਿਲਾਪ ਦੀ ਦਿਲਚਸਪ ਰਾਜਧਾਨੀ ਹੈ।

ਸੰਸਾਰ ਨੂੰ ਅੱਖਾਂ ਨਾਲ ਨਹੀਂ, ਗਿਆਨ ਨਾਲ ਵੇਖਿਆ ਜਾਂਦਾ ਹੈ।

ਪੱਖਪਾਤ, ਸੀਮਤ ਘੇਰੇ ਵਿਚ ਹੀ ਸੰਭਵ ਹੁੰਦਾ ਹੈ; ਵਿਸ਼ਾਲਤਾ ਅਤੇ ਉਦਾਰਤਾ, ਨਿਰਪੱਖਤਾ ਸਿਰਜਦੀਆਂ ਹਨ

ਜੇ ਠੀਕ ਢੰਗ ਦੇ ਕੱਪੜੇ ਪਾਏ ਹੋਣ ਤਾਂ ਚਿਹਰੇ ਵਿਚੋਂ ਸਵੈ-ਵਿਸ਼ਵਾਸ ਅਤੇ ਵਿਹਾਰ ਵਿਚੋਂ ਸੰਤੁਸ਼ਟਤਾ ਝਲਕਦੀ ਹੈ।

ਆਪਣੀ ਜਵਾਨੀ ਦਾ ਵਿਸ਼ਲੇਸ਼ਣ, ਬੁਢਾਪੇ ਵਿਚ ਹੀ ਸੰਭਵ ਹੁੰਦਾ ਹੈ; ਸਾਡੇ ਬੁਢਾਪੇ ਦਾ ਵਿਸ਼ਲੇਸ਼ਣ, ਸਾਡੇ ਮਗਰੋਂ ਸਮਾਜ ਕਰਦਾ ਹੈ।

ਕਿਸੇ ਨਾਲ ਨਿੱਘੀ ਗੱਲ ਕਰਨੀ ਹੈ ਤਾਂ ਪਹਿਲਾਂ ਰਲ ਕੇ ਖਾਣਾ ਖਾਓ।

ਬੁਢਾਪੇ ਵਿਚ, ਹਰ ਕਿਸੇ ਨੂੰ ਜਵਾਨੀ ਵਿਚ ਕੁਝ ਵਾਪਰਨ ਦਾ ਦੁੱਖ ਅਤੇ ਕੁਝ ਨਾ ਵਾਪਰਨ ਦਾ ਪਛਤਾਵਾ ਹੁੰਦਾ ਹੈ।

ਜਿਹੜੇ ਕਹਿੰਦੇ ਹਨ: ਮੈਨੂੰ ਜ਼ਿੰਦਗੀ ਦਾ ਕੰਮ ਮੁਕੰਮਲ ਕਰਨ ਦਾ ਵਕਤ ਨਹੀਂ ਮਿਲਿਆ, ਉਨ੍ਹਾਂ ਨੂੰ ਪੁੱਛੋ: ਕਿਸ ਨੂੰ ਮਿਲਿਆ ਹੈ?

ਦੋਸਤੀ ਵਿਚ ਖ਼ਜ਼ਾਨੇ ਸਾਂਭੇ ਹੁੰਦੇ ਹਨ।

ਪੰਜਾਬ ਵਿਚ ਜਿਹੜਾ ਵੀ ਨਾਨਕ ਦੀਆਂ ਕਹਾਣੀਆਂ ਸੁਣਾਉਂਦਾ ਹੈ, ਲੋਕ ਉਸ ਦੀਆਂ ਝੋਲੀਆਂ ਭਰ ਦਿੰਦੇ ਹਨ।

ਪਿਆਰ ਵਿਚ, ਪ੍ਰੇਮਿਕਾ ਪਹਿਲਾਂ ਆਪਣਾ ਅਕਸ ਘੋਲਦੀ ਹੈ ਅਤੇ ਫਿਰ ਉਸ ਵਿਚ ਆਪਣੇ ਪਿਆਰੇ ਨੂੰ ਰੰਗਦੀ ਹੈ।

ਰੱਟਾ ਲਾਉਣ ਵਾਲੇ ਵਿਦਿਆਰਥੀਆਂ ਦੇ ਚਿਹਰੇ 'ਤੇ ਅਕਲ ਦੀ ਚਮਕ ਅਤੇ ਸੂਝ-ਸਮਝ ਦੀ ਰੌਣਕ ਨਹੀਂ ਹੁੰਦੀ।

ਕਈ ਲੇਖਕਾਂ ਦੇ ਵਿਚਾਰ ਪਾਠਕਾਂ ਤਕ ਪਹੁੰਚਦੇ ਹੀ ਨਹੀਂ, ਵਿਚੋਂ ਹੀ ਕਿਧਰੇ ਉਡਾਰੀ ਮਾਰ ਜਾਂਦੇ ਹਨ।

ਯੋਰਪ ਦੀ ਸਿਆਣਪ, ਵਿਸ਼ਵ-ਪ੍ਰਸਿਧ ਹੈ, ਪਰ ਦੋ ਵਿਸ਼ਵ-ਯੁੱਧ, ਯੋਰਪ ਦੀ ਮੂਰਖਤਾ ਦੇ ਹੀ ਸਬੂਤ ਹਨ।

ਕੋਈ ਵੀ ਲਹਿਰ ਆਪਣੇ ਵਿਰੋਧੀਆਂ ਨੂੰ ਮਾਰਨ ਨਾਲ ਕਦੇ ਵੀ ਮਜ਼ਬੂਤ ਨਹੀਂ ਹੁੰਦੀ, ਮਜ਼ਬੂਤ ਉਹ ਵਿਰੋਧੀਆਂ ਨਾਲੋਂ ਚੰਗੇਰੇ ਬਣਨ ਵਿਚ, ਚੰਗੇਰੀ ਸੋਚ ਵਿਚ ਅਤੇ ਚੰਗੇਰੇ ਵਿਹਾਰ ਨਾਲ ਹੁੰਦੀ ਹੈ।

ਅਗਲੇਰੀ ਪੀੜ੍ਹੀ ਨੂੰ ਆਪਣੇ ਪ੍ਰਸਿੱਧ ਪਿਤਾ ਦਾ ਕਿੱਤਾ ਤਾਂ ਹੀ ਅਪਨਾਉਣਾ ਚਾਹੀਦਾ ਹੈ, ਜੇ ਉਸ ਵਿਚ ਆਪਣੇ ਪਿਤਾ ਨਾਲੋਂ ਵਧੇਰੇ ਮਿਹਨਤ ਕਰਨ ਦੀ ਆਦਤ ਅਤੇ ਸਮਰੱਥਾ ਹੋਵੇ; ਨਹੀਂ ਤਾਂ ਉਹ ਆਪ ਅਸਫ਼ਲ ਹੋ ਕੇ ਆਪਣੇ ਪਿਤਾ ਦੀ ਬਦਨਾਮੀ ਦਾ ਕਾਰਨ ਬਣਦੀ ਹੈ।

ਸੌਖੇ ਕੰਮ ਸਾਰੇ ਕਰ ਲੈਣਗੇ, ਔਖੇ ਕੰਮ ਕਰਨ ਦੀ ਜ਼ਿੰਮੇਵਾਰੀ ਸਾਡੀ ਹੈ।

ਪੁਰਾਤਨ ਰੋਮ ਅਤੇ ਯੂਨਾਨ ਵਿਚ ਨੈਤਿਕਤਾ ਦਾ ਪੱਧਰ ਇਹ ਸੀ ਕਿ ਜਾਇਦਾਦ ਜਾਂ ਪਸ਼ੂ ਵੇਚਣ ਵੇਲੇ, ਮਾਲਕ ਆਪ ਉਸ ਦੇ ਨੁਕਸ ਵੀ ਦਸਦਾ ਸੀ।

ਮਨੁੱਖ ਸੋਚਦਾ ਉਦੋਂ ਹੀ ਹੈ, ਜਦੋਂ ਉਸ ਦੇ ਕਾਰਜਾਂ ਅਤੇ ਯਤਨਾਂ ਦੇ ਮਨ-ਇੱਛਤ ਸਿੱਟੇ ਨਹੀਂ ਨਿਕਲਦੇ।

ਹਰੇਕ ਸਫ਼ਲਤਾ ਦਾ ਸਬੰਧ, ਕੁਝ ਲੋਕਾਂ ਨਾਲ ਕੁਝ ਸਮੇਂ ਲਈ ਹੀ ਹੁੰਦਾ ਹੈ, ਇਸ ਤੋਂ ਬਾਹਰ ਅਤੇ ਮਗਰੋਂ ਸਫ਼ਲਤਾ ਦਾ ਕੋਈ ਮਹੱਤਵ ਨਹੀਂ ਹੁੰਦਾ।

ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਲਈ ਜ਼ਮਾਨੇ ਦੀਆਂ ਤੋਹਮਤਾਂ ਤੋਂ ਬਚਾਉਣ ਵਾਲੀ ਢਾਲ ਬਣ ਜਾਂਦੇ ਹਨ।

ਕੋਈ ਚੀਜ਼ ਰੱਖ ਕੇ ਭੁੱਲ ਜਾਣ 'ਤੇ ਉਸ ਨੂੰ ਲੱਭਦਿਆਂ, ਉਹ ਭਾਵੇਂ ਨਾ ਲੱਭੇ, ਹੋਰ ਕਈ ਚੀਜ਼ਾਂ ਲੱਭ ਪੈਂਦੀਆਂ ਹਨ।

ਪ੍ਰਣ ਕਰੋ ਕਿ ਸਰਦੀ-ਗਰਮੀ ਦੀ ਗੱਲ ਨਹੀਂ ਕਰਨੀ, ਗਰਮੀ-ਸਰਦੀ ਘੱਟ ਲੱਗੇਗੀ।

ਕਈਆਂ ਦਾ ਕੇਵਲ ਨਾਂ ਹੀ ਮਨੁੱਖਾਂ ਵਾਲਾ ਹੁੰਦਾ ਹੈ।

ਪਰਮਾਤਮਾ ਨੇ ਇਹ ਸੰਸਾਰ ਵਿਉਂਤਿਆ ਹੀ ਇਵੇਂ ਹੈ ਕਿ ਇਥੇ ਕਿਸੇ ਦੇ ਹਮੇਸ਼ਾਂ ਲਈ ਰਹਿਣ ਦਾ ਕੋਈ ਪ੍ਰਬੰਧ ਨਹੀਂ ਹੈ।

ਸੌਣ ਵੇਲੇ, ਜੇ ਮਨੁੱਖ ਆਪਣੇ ਦਿਨ-ਭਰ ਦੇ ਕਥਨਾਂ-ਕਾਰਜਾਂ ਦਾ ਵਿਸ਼ਲੇਸ਼ਣ ਕਰੇ ਤਾਂ ਉਹ ਸਿਆਣਾ, ਤਿੱਖਾ ਅਤੇ ਨਿਪੁੰਨ ਹੋ ਜਾਂਦਾ ਹੈ।

ਸੰਸਾਰ ਵਿਚ ਧਰਮ ਨੂੰ ਮੰਨਣ ਵਾਲੇ ਗਰੀਬ ਹਨ, ਵਿਗਿਆਨ ਨੂੰ ਮੰਨਣ ਵਾਲੇ ਅਮੀਰ ਹਨ।

'ਹੈਲੋ' ਕਿਸੇ ਭਾਸ਼ਾ ਦਾ ਸ਼ਬਦ ਨਹੀਂ, ਪਰ ਇਹ ਸੰਸਾਰ ਵਿਚ ਹਰ ਰੋਜ਼ ਸਭ ਤੋਂ ਵੱਧ ਬੋਲਿਆ ਜਾਣ ਵਾਲਾ ਸ਼ਬਦ ਹੈ।

ਕਈ ਚਿਹਰਿਆਂ ਨੂੰ ਵੇਖਣ ਨਾਲ ਹੀ ਅੱਖਾਂ ਦੁਖੀ ਹੋ ਜਾਂਦੀਆਂ ਹਨ।

ਪਰਮਾਤਮਾ ਪ੍ਰਤੀ ਸੁਚੇਤ ਹੋਣਾ ਹੀ ਧਰਮ ਹੈ।

ਮਹਾਨ ਕਾਰਜ ਉਹ ਹੁੰਦਾ ਹੈ, ਜਿਹੜਾ ਕੀਤਾ ਮਨੁੱਖ ਦਾ ਹੋਵੇ, ਪਰ ਕੀਤਾ ਹੋਇਆ ਰੱਬ ਦਾ ਲੱਗੇ।

ਕਲਾ ਦੇ ਖੇਤਰ ਵਿਚ ਇਹ ਨਹੀਂ ਪੁੱਛਿਆ ਜਾਂਦਾ ਕਿ ਤੁਸੀਂ ਪੁੱਤਰ-ਧੀ ਕਿਸ ਦੇ ਹੋ? ਇਹ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਉਸਤਾਦ ਕੌਣ ਹੈ?

ਕੋਈ ਵੀ ਅਜਨਬੀ ਨਹੀਂ ਹੁੰਦਾ, ਸਾਡੇ ਵੱਲੋਂ ਓਪਰੀ ਤੱਕਣੀ ਨਾਲ ਵੇਖਣ ਕਰਕੇ, ਉਹ ਅਜਨਬੀ ਲੱਗਦਾ ਹੈ।

ਰਿਗਵੇਦ ਭਾਰਤ ਦੇ ਗਿਆਨ ਦੀ ਸਿਖ਼ਰ ਹੈ, ਜ਼ਾਤ-ਪਾਤ ਪ੍ਰਣਾਲੀ ਸਾਡੀ ਸਭਿਅਤਾ ਦੀ ਸਭ ਤੋਂ ਡੂੰਘੀ ਖਾਈ ਹੈ।

ਜੇ ਜ਼ਿੰਦਗੀ ਵਿਚ ਪੜ੍ਹਨ ਲਈ ਵਕਤ ਥੋੜ੍ਹਾ ਹੈ ਤਾਂ ਪ੍ਰਸਿੱਧ ਪੁਸਤਕਾਂ ਪਹਿਲਾਂ ਪੜ੍ਹੋ।

ਸੁਧਾਰ ਦੀ ਲੋੜ ਉਦੋਂ ਹੀ ਪੈਂਦੀ ਹੈ, ਜਦੋਂ ਕੋਈ ਪਰੰਪਰਾ ਆਪਣਾ ਰੋਲ ਨਿਭਾ ਕੇ ਰੁਕਾਵਟ ਬਣ ਚੁੱਕੀ ਹੁੰਦੀ ਹੈ।

ਮਹਾਨ ਵਿਅਕਤੀ ਮਹਾਨਤਾ ਦੇ ਸੰਕਲਪ ਵਿਚ ਨਵੀਆਂ ਪਰਤਾਂ ਜੋੜਦੇ ਹਨ।

ਕਈ ਨੌਕਰ, ਮਾਲਕਾਂ ਨਾਲੋਂ ਵੀ ਵਧੇਰੇ ਕੰਮ-ਚੋਰ ਅਤੇ ਆਲਸੀ ਹੁੰਦੇ ਹਨ।

ਬੱਚੇ ਨੂੰ ਠੀਕ ਤਰ੍ਹਾਂ ਪੜ੍ਹਨਾ ਸਿਖਾਓ, ਲਿਖਣਾ ਉਹ ਆਪੇ ਸਿੱਖ ਜਾਵੇਗਾ; ਠੀਕ ਤਰ੍ਹਾਂ ਟੁਰਨਾ ਸਿਖਾਓ, ਦੌੜਨਾ ਉਹ ਆਪੇ ਸਿੱਖ ਜਾਂਦਾ ਹੈ।

ਹਰੇਕ ਜੀਵ-ਜੰਤੂ ਨੂੰ ਹਰ ਰੋਜ਼, ਖਰਚਣ ਲਈ ਕੁਦਰਤ ਨਵਾਂ ਦਿਨ ਦਿੰਦੀ ਹੈ।

ਮਹਾਂਪੁਰਸ਼ ਜਦੋਂ ਬੋਲਦੇ ਹਨ ਤਾਂ ਕਿਸੇ ਨੂੰ ਸਾੜਾ ਨਹੀਂ ਹੁੰਦਾ, ਕਿਉਂਕਿ ਉਹ ਬੋਲਦੇ ਹੀ ਇਵੇਂ ਹਨ ਕਿ ਸੁਣਨ ਵਾਲੇ ਆਪਣੇ ਆਪ ਨੂੰ ਸਨਮਾਨਿਤ ਮਹਿਸੂਸ ਕਰਦੇ ਹਨ।

ਪੈਰ ਅਕਸਰ ਚੱਲਣ ਲਈ ਹੀ ਵਰਤੇ ਜਾਂਦੇ ਹਨ, ਪਰ ਇਹ ਅੜਨ ਅਤੇ ਡਟਣ ਲਈ ਵੀ ਹੁੰਦੇ ਹਨ।

ਭੈੜੇ ਮਹਿਮਾਨ, ਮਾਲਕ ਨੂੰ ਬੇਘਰ ਕਰ ਦਿੰਦੇ ਹਨ।

ਅਨੇਕਾਂ, ਜਨਮ ਮਨੁੱਖਾਂ ਵਜੋਂ ਲੈਂਦੇ ਹਨ, ਪਰ ਜਨਮ ਲੈਂਦਿਆਂ ਹੀ ਭੇਡਾਂ ਬਣ ਜਾਂਦੇ ਹਨ।

ਪਲੈਟੋ ਅਜਿਹਾ ਵਿਦਿਆਰਥੀ ਸੀ, ਜਿਸ ਦਾ ਸੁਪਨਾ ਹਰ ਅਧਿਆਪਕ ਵੇਖਦਾ ਹੈ।

ਜਦੋਂ ਕੋਈ ਕਿਸੇ ਨਾਲ ਵਧੀਕੀ ਕਰਦਾ ਹੈ ਤਾਂ ਉਹ ਆਪਣਾ ਪੜ੍ਹਿਆ-ਲਿਖਿਆ ਤਿਆਗ ਕੇ ਅਨਪੜ੍ਹਤਾ ਪਹਿਨ ਲੈਂਦਾ ਹੈ।

ਵਿਦਵਾਨਾਂ ਵਲੋਂ ਸੁਕਰਾਤ ਦੇ ਮੁਲਾਂਕਣ-ਵਿਸ਼ਲੇਸ਼ਣ ਦਾ ਹਰ ਯਤਨ, ਉਸ ਪ੍ਰਤੀ ਸ਼ਰਧਾਂਜਲੀ ਹੋ ਨਿਬੜਦਾ ਹੈ।

ਵਿਆਹ ਜਦੋਂ ਮਰਜ਼ੀ ਕਰੋ, ਪਰ ਜਸ਼ਨ ਇਕ ਸਾਲ ਮਗਰੋਂ ਮਨਾਓ, ਜੇ ਮਨਾਉਣ ਦੀ ਨੌਬਤ ਆਏ ਤਾਂ ਜਸ਼ਨ ਸਾਰਾ ਜੀਵਨ ਚੱਲਣਗੇ।

ਜਿਤਨੀ ਕਿਸੇ ਦੀ ਦਲੀਲ ਢਿੱਲੀ ਹੋ ਜਾਂਦੀ ਹੈ, ਉਤਨੀ ਹੀ ਉਸ ਦੀ ਸ਼ਬਦਾਵਲੀ ਸਖ਼ਤ ਹੋ ਜਾਂਦੀ ਹੈ।

ਹਰ ਤਸਵੀਰ ਵਾਂਗ, ਹਰ ਚਿਹਰੇ ਦੇ ਵੀ ਦੋ ਪਾਸੇ ਹੁੰਦੇ ਹਨ, ਦੋਵੇਂ ਵੇਖੋ।

ਕਿਸੇ ਚੀਜ਼ ਦੀ ਸਹੀ ਕੀਮਤ ਕੀ ਹੈ? ਨਿਰਭਰ ਕਰਦਾ ਹੈ ਕਿ ਤੁਸੀਂ ਵੇਚ ਰਹੇ ਹੋ ਕਿ ਤੁਸੀਂ ਖਰੀਦ ਰਹੇ ਹੋ।

ਵਿਦਿਆਰਥੀ ਉਹ ਹੁੰਦਾ ਹੈ, ਜਿਹੜਾ ਡਿਗਰੀ ਮਿਲਣ ਉਪਰੰਤ ਵੀ ਪੜ੍ਹਦਾ ਰਹੇ।

ਪਤੀ, ਅਕਸਰ ਪਤਨੀ ਨੂੰ ਕਾਰ ਚਲਾਉਣੀ ਨਹੀਂ ਸਿਖਾ ਸਕਦਾ, ਕਿਉਂਕਿ ਪਤੀ ਨੂੰ ਤਾਂ ਪਤਨੀ ਆਪ ਚਲਾਉਂਦੀ ਹੈ।

ਕੱਪੜੇ ਧੋਣ ਵੇਲੇ ਜਦੋਂ ਪਤਨੀ, ਪਤੀ ਦੇ ਕੱਪੜਿਆਂ ਦੀਆਂ ਜੇਬਾਂ ਫਰੋਲਦੀ ਹੈ ਤਾਂ ਪਤੀ ਨੂੰ ਦੇਣ ਲਈ, ਉਸ ਨੂੰ ਕਈ ਭਾਸ਼ਣਾਂ ਦੀ ਸਮੱਗਰੀ ਲੱਭ ਪੈਂਦੀ ਹੈ।

ਇਮਾਨਦਾਰੀ ਨਾਲ ਵਪਾਰ ਕਰੋ, ਕੋਈ ਮੁਕਾਬਲਾ ਨਹੀਂ ਕਰੇਗਾ।

ਪੈਸਾ ਬੋਲਦਾ ਹੈ ਅਤੇ ਅਕਸਰ ਕਹਿੰਦਾ ਹੈ: ਅਲਵਿਦਾ।

ਜੇ ਤੁਸੀਂ ਆਪਣੇ ਤਜਰਬੇ ਤੋਂ ਕੁਝ ਨਹੀਂ ਸਿੱਖਿਆ, ਨਿਰਾਸ਼ ਨਾ ਹੋਵੋ, ਤੁਹਾਡੇ ਬੱਚੇ ਤੁਹਾਨੂੰ ਸਭ ਕੁਝ ਸਿਖਾ ਦੇਣਗੇ।

ਸਰਦੀਆਂ ਵਿਚ, ਹਰ ਕੰਮ ਨੂੰ ਦੇਰ ਜਲਦੀ ਹੋ ਜਾਂਦੀ ਹੈ।

ਹੌਲੀ ਸੋਚਣ ਵਾਲੇ ਲੰਮਾ ਅਰਸਾ ਜੀਵਨ ਜਿਉਂਦੇ ਹਨ, ਪਰ ਉਨ੍ਹਾਂ ਨੂੰ ਸੜਕ ਪਾਰ ਕਰਨ ਦਾ ਖ਼ਤਰਾ ਮੁੱਲ ਨਹੀਂ ਲੈਣਾ ਚਾਹੀਦਾ।

ਸ਼ਰਤ ਉਹੀ ਲਾਓ, ਜਿਹੜੀ ਹੱਸ ਕੇ ਹਾਰਨ ਦੀ ਹਿੰਮਤ ਹੋਵੇ।

ਗਲਤੀ ਹੋਣ 'ਤੇ ਛੜਾ ਆਪਣੀ ਗਲਤੀ ਮੰਨ ਲੈਂਦਾ ਹੈ, ਪਰ ਪਤੀ ਠੀਕ ਹੋਣ ਦੇ ਬਾਵਜੂਦ ਆਪਣੀ ਗਲਤੀ ਨਹੀਂ ਮੰਨਦਾ।

ਬੁਢਾਪੇ ਵਿਚ ਜਦੋਂ ਵੀ ਉਦਾਸ ਹੋਵੋ, ਉਨ੍ਹਾਂ ਬਾਰੇ ਸੋਚੋ, ਜਿਹੜੇ ਜਵਾਨੀ ਵਿਚ ਹੀ ਚਲਾਣਾ ਕਰ ਗਏ।

ਪ੍ਰੇਮੀ, ਪ੍ਰੇਮਿਕਾ ਦੇ ਸੋਹਣੀ ਹੋਣ ਦਾ ਕੋਈ ਸਬੂਤ ਨਹੀਂ ਮੰਗਦਾ।

ਅਮਰੀਕਾ ਦਾ ਲੱਭ ਪੈਣਾ ਚੰਗੀ ਗੱਲ ਸੀ, ਪਰ ਅਮਰੀਕਾ ਦਾ ਵਿਹਾਰ ਵੇਖ ਕੇ ਲੱਗਦਾ ਹੈ ਕਿ ਜੇ ਇਹ ਨਾ ਲੱਭਦਾ ਤਾਂ ਹੋਰ ਵੀ ਚੰਗੀ ਗੱਲ ਹੋਣੀ ਸੀ।

ਚਿੰਤਕਾਂ ਕੋਲ ਸਿਧਾਂਤ ਹੁੰਦੇ ਹਨ, ਪੈਸੇ-ਜਾਇਦਾਦ ਨਹੀਂ।

ਅਮਰੀਕਾ ਦੀ ਯਾਤਰਾ ਨਾਲ, ਮਨੁੱਖ ਦੀ ਲੰਬਾਈ ਉਹੀ ਰਹਿੰਦੀ ਹੈ, ਪਰ ਭੋਜਨ ਦੀ ਖੁੱਲ੍ਹ ਕਾਰਨ, ਚੌੜਾਈ ਵੱਧ ਜਾਂਦੀ ਹੈ।

ਇਲਹਾਮ ਉਸ ਨੂੰ ਕਹਿੰਦੇ ਹਨ, ਜਦੋਂ ਪਤੀ ਦੇ ਬੋਲਣ ਤੋਂ ਪਹਿਲਾਂ ਹੀ, ਪਤਨੀ ਉਸ ਦੀ ਗੱਲ ਕੱਟ ਦੇਵੇ।

ਸੰਜਮੀ, ਵਿਖਾਈ ਗਰੀਬ ਦਿੰਦਾ ਹੈ, ਪਰ ਹੁੰਦਾ ਅਮੀਰ ਹੈ; ਫ਼ਜ਼ੂਲ-ਖਰਚ, ਵਿਖਾਈ ਅਮੀਰ ਦਿੰਦਾ ਹੈ, ਪਰ ਹੁੰਦਾ ਗਰੀਬ ਹੈ।

ਅਜੋਕੇ ਸਮੇਂ ਵਿਚ ਜਿਹੜਾ ਵੀ ਸਬਰ-ਸੰਤੋਖ ਵਿਖਾਉਂਦਾ ਹੈ, ਉਹ ਪੱਛੜ ਜਾਂਦਾ ਹੈ।

ਕੱਲ੍ਹ ਕੜਾਹ-ਪੂੜੇ ਮਿਲਣ ਦੀ ਆਸ ਨਾਲ, ਅੱਜ ਦੀ ਭੁੱਖ ਨਹੀਂ ਮਿਟਦੀ।

ਮਾਂ, ਬੱਚੇ ਨੂੰ ਸਿਖਾਉਂਦੀ ਹੈ ਕਿ ਸੰਸਾਰ ਨਾਲ ਵਰਤਣਾ ਕਿਵੇਂ ਹੈ; ਪਿਤਾ ਸਿਖਾਉਂਦਾ ਹੈ ਕਿ ਸੰਸਾਰ ਨੂੰ ਕਿਵੇਂ ਵਰਤਣਾ ਹੈ।

ਇਸਤਰੀ ਦੇ ਚਿਹਰੇ ਨੂੰ ਬਣਾਉਣ-ਵਿਗਾੜਨ ਦਾ ਕਾਰਜ ਉਸ ਦੇ ਵਾਲ ਕਰਦੇ ਹਨ।

ਤਿੱਖੀ ਜੀਭ ਅਤੇ ਖੁੰਢਾ ਦਿਮਾਗ, ਅਕਸਰ ਇਕੋ ਸਰੀਰ ਵਿਚ ਨਿਵਾਸ ਕਰਦੇ ਹਨ।

ਗ੍ਰਹਿਣ ਲੱਗਦੇ ਕੋਈ ਨਹੀਂ, ਅਸੀਂ ਸਮਝਦੇ ਹਾਂ ਕਿ ਲੱਗਦੇ ਹਨ।

ਮਨੁੱਖ ਦੇ ਪਸ਼ੂ ਪੱਖ ਬਾਰੇ ਕੋਈ ਵਿਵਾਦ ਨਹੀਂ ਹੈ, ਵਿਵਾਦ ਉਸ ਦੇ ਮਨੁੱਖੀ ਪੱਖ ਬਾਰੇ ਹੀ ਹਨ।

ਗਣਿਤ ਵਿਚ ਕੁਝ ਵੀ ਚੰਗਾ-ਮਾੜਾ ਨਹੀਂ ਹੁੰਦਾ, ਇਹ ਪੂਰਨਭਾਂਤ ਨਿਰਪੱਖ ਹੁੰਦਾ ਹੈ।

ਜੇ ਮਨ ਇੱਛਾਵਾਂ ਦੀ ਪਕੜ ਵਿਚ ਹੋਵੇ ਤਾਂ ਇਹ ਗਲਤ ਫ਼ੈਸਲੇ ਹੀ ਕਰਦਾ ਹੈ।

ਇਸਤਰੀ ਕੱਪੜੇ ਉਤਾਰਦਿਆਂ ਹੀ, ਸ਼ਰਮ ਪਹਿਨ ਲੈਂਦੀ ਹੈ।

ਕਿਸੇ ਦੀ ਝੂਠੀ ਪ੍ਰਸੰਸਾ ਕਰੋ, ਉਸ ਦਾ ਚਿਹਰਾ ਪ੍ਰਸੰਨ ਮੂਰਖ ਵਾਲਾ ਹੋ ਜਾਵੇਗਾ।

ਜਿਹੜਾ ਨੀਂਦ ਤਿਆਗ ਸਕਦਾ ਹੈ, ਉਹ ਸਭ ਕੁਝ ਪ੍ਰਾਪਤ ਕਰ ਸਕਦਾ ਹੈ।

ਘਰੇਲੂ ਮਾਮਲਿਆਂ ਵਿਚ ਵਿਚਾਰ-ਚਰਚਾ ਜਿਤਨੀ ਮਰਜ਼ੀ ਹੋਵੇ, ਅੰਤਿਮ ਨਿਰਣਾ ਇਸਤਰੀ ਨੂੰ ਕਰਨ ਦਿਓ; ਘਰੋਂ ਬਾਹਰਲੇ ਮਸਲਿਆਂ ਬਾਰੇ ਇਸਤਰੀ ਜਿਤਨੀ ਮਰਜ਼ੀ ਸਲਾਹ ਦੇਵੇ, ਫੈਸਲਾ ਪੁਰਸ਼ ਨੂੰ ਕਰਨ ਦਿਓ।

ਜਿਹੜਾ ਧਰਮ ਬਾਰੇ ਬਹਿਸ ਕਰਦਾ ਹੈ, ਉਹ ਧਾਰਮਿਕ ਨਹੀਂ ਹੁੰਦਾ।

ਅਸੀਂ ਪਸੰਦ ਹਾਂ ਕਹਿਣ ਵਾਲਿਆਂ ਨੂੰ ਕਰਦੇ ਹਾਂ, ਪਰ ਧਿਆਨ ਨਾਂਹ ਕਹਿਣ ਵਾਲਿਆਂ ਵੱਲ ਦਿੰਦੇ ਹਾਂ।

ਜੇ ਯੋਗਤਾ ਹੈ ਤਾਂ ਸਥਿਤੀਆਂ ਭਾਵੇਂ ਕਿਤਨੀਆਂ ਵੀ ਵਿਰੋਧੀ ਹੋਣ, ਯੋਗਤਾ ਆਪਣਾ ਰੰਗ ਵਿਖਾਏਗੀ, ਵਿਖਾ ਕੇ ਰਹੇਗੀ।

ਮਨੁੱਖ ਦੇ ਸੱਚੇ ਦੋਸਤ ਅਤੇ ਸੱਚੇ ਸੇਵਕ, ਉਸ ਦੇ ਦੋ ਹੱਥ ਹੀ ਹੁੰਦੇ ਹਨ।

ਯੁੱਧ ਦੇ ਮੈਦਾਨ ਵਿਚ ਬਹਿਸ ਨਹੀਂ ਚਲਦੀ, ਗੋਲੀ ਚਲਦੀ ਹੈ।

ਕਿਸ਼ੋਰ ਅਵਸਥਾ ਉਹ ਹੁੰਦੀ ਹੈ, ਜਦੋਂ ਭੋਲੀ ਗੱਲ ਕਹਿਣੀ ਆਉਂਦੀ ਨਹੀਂ ਹੁੰਦੀ ਅਤੇ ਸਿਆਣੀ ਗੱਲ ਸੁਝਦੀ ਨਹੀਂ।

ਜਿਹੜਾ ਆਪਣੀ ਪਤਨੀ ਨਾਲੋਂ ਆਪਣੀ ਮਾਂ ਨੂੰ ਵੱਧ ਸੁਣੇਗਾ, ਉਸ ਨੂੰ ਪਤਨੀ ਵੀ ਸੁਣਾਏਗੀ।

ਵਕਤ ਆਪ ਨਵਾਂ ਰਹਿੰਦਾ ਹੈ, ਪਰ ਇਹ ਹਰ ਚੀਜ਼ ਨੂੰ ਪੁਰਾਣਾ ਬਣਾਉਂਦਾ ਰਹਿੰਦਾ ਹੈ।

ਜਿਵੇਂ ਅਸੀਂ ਸੁਕਰਾਤ, ਬੁੱਧ ਆਦਿ ਤੋਂ ਬਿਨਾਂ ਸਾਰ ਹੀ ਰਹੇ ਹਾਂ, ਉਵੇਂ ਹੀ ਅਗਲੀ ਪੀੜ੍ਹੀ, ਸਾਡੇ ਤੋਂ ਬਿਨਾਂ ਸਾਰ ਹੀ ਲਵੇਗੀ।

ਜਦੋਂ ਜ਼ੁਬਾਨ ਚੁੱਪ ਹੋਵੇ ਅਤੇ ਦਿਲ ਵਿਰਲਾਪ ਕਰੇ, ਉਸ ਨੂੰ ਪਛਤਾਵਾ ਕਹਿੰਦੇ ਹਨ।

ਛੜਾ ਉਹ ਹੁੰਦਾ ਹੈ, ਜਿਹੜਾ ਹਰ ਵੇਲੇ ਵਿਆਹ ਬਾਰੇ ਸੋਚਦਾ ਹੈ ਪਰ ਇਕ ਵਾਰ ਵੀ ਵਿਆਹ ਕਰਨ ਦੀ ਗਲਤੀ ਨਹੀਂ ਕਰਦਾ।

ਕਿਸੇ ਦੇਸ਼ ਦਾ ਚਰਿੱਤਰ ਬਹੁ-ਗਿਣਤੀ ਨਹੀਂ, ਘੱਟ-ਗਿਣਤੀ ਨਿਰਧਾਰਤ ਕਰਦੀ ਹੈ।

ਜੋ ਉੱਤਮ ਹੈ, ਉਹ ਪ੍ਰਾਪਤ ਕਰੋ; ਜੋ ਚੰਗਾ ਹੈ, ਉਹ ਆਪੇ ਪ੍ਰਾਪਤ ਹੋ ਜਾਵੇਗਾ।

ਹਉਮੈ ਹੀਜੜੇ ਵਾਂਗ ਹੁੰਦੀ ਹੈ, ਜਿਸ ਨੂੰ ਨਾ ਇਸਤਰੀਆਂ ਤੋਂ ਅਤੇ ਨਾ ਹੀ ਪੁਰਸ਼ਾਂ ਤੋਂ ਸ਼ਰਮ ਆਉਂਦੀ ਹੈ।

ਜਿਥੇ ਵੀ ਧਰਮ ਦਾ ਬੋਲਬਾਲਾ ਹੋਵੇਗਾ, ਉਥੇ ਪਰਿਵਰਤਨ ਅਤੇ ਵਿਕਾਸ ਦੀ ਚਾਲ ਸੁਸਤ ਹੋਵੇਗੀ।

ਹੁਣ ਤੋਂ ਵੀਹ ਸਾਲ ਮਗਰੋਂ ਤੁਹਾਨੂੰ ਕੀਤੇ ਕੰਮਾਂ ਦਾ ਮਾਣ ਘੱਟ ਅਤੇ ਨਾ ਕੀਤੇ ਕੰਮਾਂ ਦਾ ਪਛਤਾਵਾ ਵੱਧ ਹੋਵੇਗਾ।

ਪ੍ਰੇਮਿਕਾ ਮਸੀਹਾ ਹੀ ਨਹੀਂ ਹੁੰਦੀ, ਤਸੀਹਾ ਵੀ ਹੁੰਦੀ ਹੈ।

ਜੇ ਤੁਹਾਡੀ ਆਲੋਚਨਾ ਕਰਨ ਵਾਲਾ ਕੋਈ ਨਹੀਂ ਤਾਂ ਆਪਣਾ ਆਲੋਚਕ ਤੁਹਾਨੂੰ ਆਪ ਬਣਨਾ ਪਏਗਾ, ਕਿਉਂਕਿ ਆਲੋਚਨਾ ਤੋਂ ਬਿਨਾਂ ਵਿਕਾਸ ਨਹੀਂ ਵਾਪਰਦਾ।

ਕਈ ਰੋਸ਼ਨੀਆਂ ਪਿੱਛੇ, ਬਰਬਾਦੀ ਦਾ ਹਨੇਰਾ ਹੁੰਦਾ ਹੈ।

ਇਸਤਰੀਆਂ, ਪੁਰਸ਼ਾਂ ਦਾ ਵਿਸ਼ਲੇਸ਼ਣ ਕਰਦੀਆਂ ਹਨ; ਪੁਰਸ਼, ਇਸਤਰੀਆਂ ਦਾ ਮੁਲਾਂਕਣ ਕਰਦੇ ਹਨ।

ਕੁਝ ਹੀ ਆਪ ਕੁਝ ਹੋਣਾ ਚਾਹੁੰਦੇ ਹਨ, ਬਹੁਤੇ ਕਿਸੇ ਨਾਲ ਹੋਣਾ ਚਾਹੁੰਦੇ ਹਨ।

ਜੇ ਕੁਝ ਕਰਨ ਜਾਂ ਨਾ ਕਰਨ ਦਾ ਸੰਸਾ ਹੋਵੇ, ਕਰੋ; ਜੇ ਜਾਣ ਜਾਂ ਨਾ ਜਾਣ ਦੀ ਦੁਚਿੱਤੀ ਹੋਵੇ, ਜਾਓ।

ਦੁਨੀਆਂ ਨੇ ਵਸਦੀ ਰਹਿਣਾ ਹੈ, ਸਾਡੇ ਬਗੈਰ ਵੀ, ਸਾਡੇ ਮਗਰੋਂ ਵੀ।

ਸੋਹਣੀ ਇਸਤਰੀ ਉਹ ਹੁੰਦੀ ਹੈ, ਜਿਸ ਦਾ ਚਿਹਰਾ, ਰਾਤ ਦੇ ਹਨੇਰੇ ਵਿਚ ਪ੍ਰਭਾਤ ਦਾ ਭੁਲੇਖਾ ਪਾਵੇ।

ਕਰਜ਼ਾ ਕੋਈ ਹੋਵੇ, ਉਹ ਵਰਤਮਾਨ ਵਿਚ ਵਰਦਾਨ, ਪਰ ਭਵਿੱਖ ਵਿਚ ਸਰਾਪ ਬਣ ਜਾਂਦਾ ਹੈ।

ਕੋਈ-ਕੋਈ ਇਸਤਰੀ ਤਾਂ ਇਤਨੀ ਸੋਹਣੀ ਹੁੰਦੀ ਹੈ ਕਿ ਜਿਸ-ਜਿਸ ਦੀ ਸੁੰਦਰਤਾ ਵੇਖਣ ਦੀ ਜਿਤਨੀ-ਜਿਤਨੀ ਔਕਾਤ ਹੁੰਦੀ ਹੈ, ਉਹ ਉਤਨੀ-ਉਤਨੀ ਵੇਖ ਲੈਂਦਾ ਹੈ ਅਤੇ ਆਪਣੀਆਂ ਨਜ਼ਰਾਂ ਦੀਆਂ ਝੋਲੀਆਂ ਭਰ ਲੈਂਦਾ ਹੈ।

ਜਿਹੜਾ ਇਸਤਰੀਆਂ ਨੂੰ ਸੁਣਨ ਲਾ ਦੇਵੇ, ਉਸ ਨੂੰ ਪ੍ਰਚਾਰਕ ਕਹਿੰਦੇ ਹਨ।

ਬੁਢਾਪਾ ਅਜਿਹੀ ਅਵਸਥਾ ਹੁੰਦੀ ਹੈ, ਜਦੋਂ ਵਾਲ ਵਾਹੁਣ ਜਾਂ ਨਾ ਵਾਹੁਣ ਦਾ ਅੰਤਰ ਪਤਾ ਨਹੀਂ ਲੱਗਦਾ।

ਆਸ਼ਾਵਾਦੀ ਉਹ ਹੈ, ਜਿਹੜਾ ਖੂਹ ਵਿਚ ਡਿਗ ਕੇ ਕਹੇ: ਸਾਬਣ ਸੁੱਟੋ।

ਅਕਸਰ ਮੇਜ਼ ਦੇ ਦਰਾਜ਼ਾਂ ਨੂੰ ਰੱਦੀ ਦੀ ਟੋਕਰੀ ਵਜੋਂ ਹੀ ਵਰਤਿਆ ਜਾਂਦਾ ਹੈ।

ਇਮਤਿਹਾਨ ਅਤੇ ਬੁਢਾਪਾ ਤਿਆਰੀ ਤੋਂ ਪਹਿਲਾਂ ਹੀ ਆ ਜਾਂਦੇ ਹਨ।

ਮਨੁੱਖ ਆਪਣੀਆਂ ਸਮੱਸਿਆਵਾਂ ਗਿਆਨ ਨਾਲ ਹੱਲ ਕਰਦਾ ਹੈ, ਪਰ ਜਿਊਂਦਾ ਉਹ ਵਿਸ਼ਵਾਸਾਂ ਨਾਲ ਹੈ।

ਮਾਂ ਆਪਣਾ ਪਿਆਰ ਸਾਰੇ ਬੱਚਿਆਂ ਵਿਚ ਇਸ ਢੰਗ ਨਾਲ ਬਰਾਬਰ ਵੰਡਦੀ ਹੈ, ਕਿ ਹਰ ਕਿਸੇ ਨੂੰ ਸੌ ਪ੍ਰਤੀਸ਼ਤ ਮਿਲਦਾ ਹੈ।

ਕੋਈ ਕਿਤਨਾ ਵੀ ਗਰੀਬ ਹੋਵੇ, ਜੇ ਉਸ ਦਾ ਪਰਿਵਾਰ ਹੈ ਤਾਂ ਉਹ ਅਨੁਭਵ ਦੇ ਪੱਖੋਂ ਅਮੀਰ ਹੀ ਹੋਵੇਗਾ।

ਦਾਦੀ ਬੜੀ ਸਿਆਣੀ ਹੁੰਦੀ ਹੈ, ਪਰ ਪੋਤੇ-ਪੋਤੀਆਂ ਵਿਚ ਉਹ ਮੂਰਖ ਬਣਨਾ ਪਸੰਦ ਕਰਦੀ ਹੈ।

ਹੱਸਣ ਨਾਲ ਥਕਾਵਟ ਦੇ ਜਾਲੇ ਲਹਿ ਜਾਂਦੇ ਹਨ।

ਇਸ ਸੰਸਾਰ ਵਿਚ ਜਿਊਣ ਅਤੇ ਮਰਨ ਦਾ ਕਾਰਜ ਆਪ ਹੀ ਕਰਨਾ ਪੈਂਦਾ ਹੈ।

ਜਿਹੜੀ ਚੀਜ਼ ਖਰੀਦਣ ਦੀ ਔਕਾਤ ਨਾ ਹੋਵੇ, ਪਰ ਫਿਰ ਵੀ ਖਰੀਦੀ ਜਾਵੇ, ਉਹ ਵਿਖਾਵੇ ਲਈ ਹੁੰਦੀ ਹੈ।

ਨਿਜੀ ਮਨਸੂਬਿਆਂ ਦੀ ਜਨਤਕ ਘੋਸ਼ਣਾ ਨੂੰ, ਵਿਆਹ ਕਿਹਾ ਜਾਂਦਾ ਹੈ।

ਜਦੋਂ ਲੜਕੀ ਖ਼ੁਸ਼ਬੂ ਦੇ ਹਾਣ ਦੀ ਹੋ ਜਾਂਦੀ ਹੈ ਤਾਂ ਉਹ ਵੇਖਣ ਵਾਲਿਆਂ ਦੀ ਨਜ਼ਰ ਦੀ ਹੱਦ ਤਕ ਫੈਲ ਜਾਂਦੀ ਹੈ।

ਦੋਸਤ ਉਹ ਹੁੰਦਾ ਹੈ, ਜਿਹੜਾ ਉਸ ਵੇਲੇ ਵੀ ਸੁਣਦਾ ਹੈ, ਜਦੋਂ ਅਸੀਂ ਕੁਝ ਨਹੀਂ ਕਹਿ ਰਹੇ ਹੁੰਦੇ।

ਸਵੈ-ਆਲੋਚਨਾ ਦੀ ਅਤਿ-ਗੰਭੀਰ ਕਿਸਮ, ਖ਼ੁਦਕੁਸ਼ੀ ਅਖਵਾਉਂਦੀ ਹੈ।

ਇਸਤਰੀ ਨੂੰ, ਜਿਹੜੀ ਇਸਤਰੀ ਚੰਗੀ ਨਹੀਂ ਲੱਗਦੀ, ਉਸ ਨੂੰ ਉਸ ਦੇ ਪਤੀ 'ਤੇ ਤਰਸ ਆਉਂਦਾ ਹੈ ਕਿ ਇਸ ਸ਼ਰੀਫ਼ ਆਦਮੀ ਨਾਲ ਇਨਸਾਫ਼ ਨਹੀਂ ਹੋਇਆ।

ਕਈ ਉਬਾਸੀ ਲੈਣ ਵੇਲੇ ਮੂੰਹ ਇਤਨਾ ਖੋਲ੍ਹ ਲੈਂਦੇ ਹਨ, ਜਿਵੇਂ ਬੰਦ ਕਿਸੇ ਹੋਰ ਨੇ ਆ ਕੇ ਕਰਨਾ ਹੋਵੇ।

ਪ੍ਰੇਮੀ-ਪ੍ਰੇਮਿਕਾ ਬੜੀਆਂ ਗੱਲਾਂ ਕਰਦੇ ਹਨ, ਕਿਉਂਕਿ ਉਹ ਆਪਣੀ ਮਹਿਮਾ ਸੁਣਨ ਤੋਂ ਹਟਦੇ ਹੀ ਨਹੀਂ।

ਤਾਕਤ ਝੁਕਾਉਂਦੀ ਹੈ, ਤਰਕ ਮਨਾਉਂਦਾ ਹੈ।

ਪੁੱਤਰ, ਪਿਓ ਵਰਗਾ ਹੋਵੇ ਤਾਂ ਇਹ ਜੀਵ-ਵਿਗਿਆਨ ਹੈ, ਪਰ ਜੇ ਗਵਾਂਢੀ ਵਰਗਾ ਹੋਵੇ ਤਾਂ ਇਹ ਸਮਾਜ-ਵਿਗਿਆਨ ਹੈ।

ਜਿਸ ਸਿੱਖਿਆ ਵਿਚੋਂ ਵਿਚਾਰ ਨਹੀਂ ਉਪਜਦੇ, ਉਹ ਸਿੱਖਿਆ ਬੇਕਾਰ ਹੈ; ਜਿਨ੍ਹਾਂ ਵਿਚਾਰਾਂ ਵਿਚੋਂ ਹਿੰਮਤ ਅਤੇ ਯੋਗਤਾ ਨਹੀਂ ਉਪਜਦੀ, ਉਹ ਵਿਚਾਰ ਕਿਸੇ ਕੰਮ ਨਹੀਂ ਆਉਂਦੇ।

ਬਹਿਸ ਮਰਦਾਨਾ ਵਰਤਾਰਾ ਹੈ, ਗੱਲਬਾਤ ਜ਼ਨਾਨਾ ਵਰਤਾਰਾ ਹੈ।

ਜੋ ਮੁਫ਼ਤ ਹੈ, ਉਹ ਉਪਦੇਸ਼ ਹੁੰਦਾ ਹੈ; ਜੋ ਪੈਸੇ ਦੇ ਕੇ ਲਿਆ ਜਾਵੇ, ਉਹ ਮਸ਼ਵਰਾ ਹੁੰਦਾ ਹੈ; ਜੋ ਫ਼ੀਸ ਅਦਾ ਕਰਕੇ ਮਿਲੇ, ਉਸਨੂੰ ਸਿੱਖਿਆ ਕਹਿੰਦੇ ਹਨ।

ਸ਼ੈਂਪੇਨ ਜੇਤੂਆਂ ਲਈ ਹੁੰਦੀ ਹੈ, ਹਾਰਿਆਂ ਲਈ ਸ਼ਰਾਬ ਹੁੰਦੀ ਹੈ।

ਆਪਣੇ ਡਰਪੋਕਪੁਣੇ ਨੂੰ ਸਾਵਧਾਨੀ ਕਿਹਾ ਜਾਂਦਾ ਹੈ, ਦੂਜਿਆਂ ਦੀ ਸਾਵਧਾਨੀ ਨੂੰ ਡਰਪੋਕਪੁਣਾ ਕਿਹਾ ਜਾਂਦਾ ਹੈ।

ਬਚਪਨ ਵਿਚ ਮਨੁੱਖ ਸ਼ੀਸ਼ੇ ਵਿਚ ਅਜੀਬ-ਅਜੀਬ ਸ਼ਕਲਾਂ ਬਣਾਉਂਦਾ ਹੈ, ਬੁਢਾਪੇ ਵਿਚ ਸ਼ੀਸ਼ਾ ਅਜੀਬ-ਅਜੀਬ ਸ਼ਕਲਾਂ ਵਿਖਾਉਂਦਾ ਹੈ।

ਜਵਾਨੀ ਭਵਿੱਖ ਵੱਲ ਵੇਖਦੀ ਹੈ, ਬੁਢਾਪਾ ਅਤੀਤ ਵੱਲ ਵੇਖਦਾ ਹੈ; ਅਧਖੜ ਉਮਰ ਵਿਚ ਸੁਝਦਾ ਨਹੀਂ ਕਿ ਕੀ ਵੇਖੀਏ ਅਤੇ ਕਿਧਰ ਵੇਖੀਏ।

ਡਾਕਟਰ ਦਾ ਸਬੰਧ ਸਾਡੇ ਭਵਿੱਖ ਨਾਲ ਹੁੰਦਾ ਹੈ ਅਤੇ ਮਨੋਵਿਗਿਆਨੀ ਦਾ ਸਾਡੇ ਅਤੀਤ ਨਾਲ।

ਕਿਉਂ, ਕਿਵੇਂ, ਕਿਥੇ, ਕਦੋਂ ਆਦਿ ਪ੍ਰਸ਼ਨ ਬੌਧਿਕ ਬੇਚੈਨੀ ਦੇ ਸੂਚਕ ਹੁੰਦੇ ਹਨ।

ਜੇ ਪਿਤਾ ਗਰੀਬ ਹੈ ਤਾਂ ਇਹ ਤੁਹਾਡੀ ਕਿਸਮਤ ਹੈ, ਜੇ ਸਹੁਰਾ ਗਰੀਬ ਹੈ ਤਾਂ ਇਹ ਤੁਹਾਡੀ ਬਦਕਿਸਮਤੀ ਹੈ।

ਵਿਧਵਾ ਦੇ ਹੰਝੂ ਮੁੱਕ ਜਾਂਦੇ ਹਨ, ਪਰ ਰੋਣਾ ਜਾਰੀ ਰਹਿੰਦਾ ਹੈ।

ਧਰਮ ਦੀ ਦ੍ਰਿਸ਼ਟੀ ਤੋਂ, ਮਨੁੱਖ-ਜਾਤੀ ਸਦਾ ਹੀ ਸੰਕਟ ਵਿਚ ਰਹੀ ਹੈ।

ਕੁਝ ਖਰੀਦਣ ਲੱਗਿਆਂ, ਮੁੱਲ ਵਸਤ ਦਾ ਨਹੀਂ, ਲੋੜ ਦਾ ਦਿੱਤਾ ਜਾਂਦਾ ਹੈ।

ਹੁਣ ਤਲਾਕ ਮਿਲਣ 'ਤੇ ਉਵੇਂ ਖ਼ੁਸ਼ੀ ਮਨਾਈ ਜਾਂਦੀ ਹੈ, ਜਿਵੇਂ ਦੂਜੇ ਵਿਆਹ 'ਤੇ ਮਨਾਉਂਦੇ ਹਨ।

ਜੇ ਹੁਣ ਕਾਲਜ ਵਿਚ ਕਿਸੇ ਵਿਦਿਆਰਥੀ ਨੇ ਕਿਤਾਬ ਚੁੱਕੀ ਹੋਵੇ ਤਾਂ ਉਹ ਨਾਲੰਦਾ ਅਤੇ ਟੈਕਸਲਾ ਦੇ ਜ਼ਮਾਨੇ ਦਾ ਲੱਗਦਾ ਹੈ।

ਜਦੋਂ ਮਾਯੂਸ ਹੋਵੋ, ਹਸਪਤਾਲ ਜਾਓ, ਜਦੋਂ ਬਹੁਤ ਮਾਯੂਸ ਹੋਵੋ ਤਾਂ ਸ਼ਮਸ਼ਾਨਘਾਟ ਜਾਓ, ਸ਼ਾਂਤ ਹੋ ਕੇ ਮੁੜੋਗੇ।

ਉਦਾਸੀ ਦਾ ਵੀ ਨਸ਼ਾ ਹੁੰਦਾ ਹੈ, ਕਈ ਇਹ ਨਸ਼ਾ ਤਿਆਗਦੇ ਹੀ ਨਹੀਂ।

ਜਦੋਂ ਇਸਤਰੀ ਨਾਲ ਕੋਈ ਸੰਕਟ ਵਾਪਰਦਾ ਹੈ ਤਾਂ ਉਸ ਦੇ ਵਾਲ ਉਲਝੇ ਹੋਏ ਅਤੇ ਉਸ ਦਾ ਲਿਬਾਸ ਬੇਢੰਗਾ ਹੋ ਜਾਂਦਾ ਹੈ।

ਕਰੂਪਤਾ ਦੇ ਯੁੱਗ ਵਿਚ, ਸ਼ੋਰ ਨੂੰ ਸੰਗੀਤ ਕਿਹਾ ਜਾਂਦਾ ਹੈ।

ਆਦਰਸ਼ਵਾਦੀ ਹੋਏ ਬਿਨਾਂ, ਪਿਆਰ ਨਹੀਂ ਕੀਤਾ ਜਾ ਸਕਦਾ।

ਇਕ ਸ਼ਕਲ ਪਤਨੀ ਦੀ ਹੁੰਦੀ ਹੈ, ਇਕ ਸ਼ਕਲ ਬੱਚਿਆਂ ਦੀ ਮਾਂ ਦੀ ਹੁੰਦੀ ਹੈ; ਤੁਹਾਨੂੰ ਕਿਹੜੀ ਪਸੰਦ ਹੈ?

ਯੁੱਧ ਵਾਂਗ, ਸੰਭੋਗ ਵਿਚ ਵੀ ਦੋਵੇਂ ਧਿਰਾਂ, ਆਪਣੀ ਸਾਰੀ ਸ਼ਕਤੀ ਅਤੇ ਸਾਰੇ ਯੰਤਰ ਝੋਕ ਦਿੰਦੀਆਂ ਹਨ।

ਭੋਜਨ ਆਦਰ-ਭਾਵ ਨਾਲ ਖਾਓ, ਵਧੇਰੇ ਰੱਜ ਦੇਵੇਗਾ।

ਖ਼ੁਸ਼ਹਾਲ ਦੇਸ਼ਾਂ ਦੇ ਕਬਰਸਤਾਨ ਸੈਰਗਾਹਾਂ ਵੀ ਹੁੰਦੇ ਹਨ, ਜਿਥੇ ਵਿਸ਼ੇਸ਼ ਦਿਨਾਂ 'ਤੇ ਲੋਕ ਰਾਤ ਵੇਲੇ ਮੋਮਬੱਤੀਆਂ ਬਾਲਦੇ ਹਨ ਅਤੇ ਇਝ ਲੱਗਦਾ ਹੈ, ਜਿਵੇਂ ਉਥੇ ਰਹਿਣ ਵਾਲੇ, ਆਪਣਾ-ਆਪਣਾ ਮਰਨ-ਦਿਹਾੜਾ ਮਨਾ ਰਹੇ ਹੋਣ।

ਸਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ।

ਪਿਆਰ ਉਦੋਂ ਤਕ ਹੀ ਮਾਣਨਯੋਗ ਰਹਿੰਦਾ ਹੈ, ਜਦੋਂ ਤਕ ਇਹ ਗੁਪਤ ਰਹਿੰਦਾ ਹੈ; ਨਸ਼ਰ ਹੋਣ ਨਾਲ ਇਹ ਬੋਝਲ ਹੋਣ ਲੱਗ ਪੈਂਦਾ ਹੈ ਅਤੇ ਇਸ ਦਾ ਬੋਝ ਚੁੱਕਣਾ ਸੰਭਵ ਨਹੀਂ ਰਹਿੰਦਾ।

ਫੇਲ੍ਹ ਹੋਏ ਵਿਦਿਆਰਥੀਆਂ ਨੂੰ, ਜਦੋਂ ਕਿਸੇ ਲਾਇਕ ਵਿਦਿਆਰਥੀ ਦੇ ਫੇਲ੍ਹ ਹੋਣ ਦਾ ਪਤਾ ਲਗਦਾ ਹੈ ਤਾਂ ਉਨ੍ਹਾਂ ਨੂੰ ਆਪਣੀ ਗੁਆਚੀ ਇੱਜ਼ਤ ਬਹਾਲ ਹੋ ਗਈ ਪ੍ਰਤੀਤ ਹੁੰਦੀ ਹੈ।

ਪਲੈਟੋ ਦਾ ਮੱਤ ਸੀ ਕਿ ਪਹਿਲਾਂ ਪੁਰਸ਼-ਇਸਤਰੀ ਜੁੜੇ ਹੋਏ ਸਨ, ਪਰਮਾਤਮਾ ਨੇ ਵੱਖ-ਵੱਖ ਕਰ ਦਿੱਤੇ, ਉਦੋਂ ਤੋਂ ਦੋਵੇਂ, ਦੂਜੇ ਅੱਧ ਲਈ ਭਟਕ ਰਹੇ ਹਨ, ਵੱਖਰਾ ਹੋਇਆ ਅੱਧ ਨਹੀਂ ਮਿਲਦਾ, ਹੋਰ-ਹੋਰ ਅੱਧ ਮਿਲੀ ਜਾਂਦੇ ਹਨ, ਸੋ ਭਟਕਣ ਜਾਰੀ ਰਹਿੰਦੀ ਹੈ।

ਜੇ ਸਾਰੀ ਜ਼ਿੰਦਗੀ ਗੈਰ-ਜ਼ਿੰਮੇਵਾਰੀ ਨਾਲ ਜੀਣ ਵਾਲੇ ਪਤੀ ਦਾ ਭੋਗ ਪੈ ਰਿਹਾ ਹੋਵੇ ਤਾਂ ਸ਼ਰਧਾਂਜਲੀਆਂ ਵਿਚ ਪ੍ਰਸੰਸਾ ਪਤਨੀ ਦੀ ਹੀ ਹੋਵੇਗੀ।

ਜੇ ਕੋਈ ਚੰਗਾ ਲੱਗਣੋਂ ਹਟ ਜਾਵੇ ਤਾਂ ਉਸ ਦੀਆਂ ਚਿੱਠੀਆਂ ਅਤੇ ਸੁਨੇਹੇ ਵੀ ਸਮਝ ਆਉਣੋਂ ਹਟ ਜਾਂਦੇ ਹਨ।

ਸਾਝਾ ਹਮੇਸ਼ਾਂ ਸਮਰੱਥ ਅਤੇ ਯੋਗ ਵਿਅਕਤੀਆਂ ਨਾਲ ਹੀ ਕੀਤਾ ਜਾਂਦਾ ਹੈ।

ਸਵਰਗ ਵਿਚੋਂ ਮਨੁੱਖ ਕੱਢਿਆ ਗਿਆ ਸੀ, ਜਾਨਵਰ-ਪੰਛੀ ਆਦਿ ਨਹੀਂ; ਇਸੇ ਕਰਕੇ ਮਨੁੱਖ ਦੁਖੀ ਹੈ, ਜਾਨਵਰ-ਪੰਛੀ ਹੁਣ ਵੀ ਸਵਰਗ ਵਿਚ ਹੀ ਹਨ।

ਵਿਸ਼ਵਾਸ ਕਰਨ ਵਾਲਿਆਂ ਲਈ, ਪਰਮਾਤਮਾ ਹਰ ਜੰਦਰੇ ਦੀ ਕੁੰਜੀ ਹੈ।

ਦੂਜਿਆਂ ਲਈ ਜਿਉਣ ਵਾਲੇ ਹੀ ਜਿਉਂਦੇ ਹਨ, ਬਾਕੀ ਸਾਰੇ ਮਰਨ ਦੀ ਉਡੀਕ ਹੀ ਕਰਦੇ ਹਨ।

ਦੁੱਖ ਪੱਕੇ ਪੁਲ ਹੁੰਦੇ ਹਨ, ਸੁੱਖ ਵਹਿੰਦੇ ਪਾਣੀਆਂ ਵਾਂਗ ਆ ਕੇ ਲੰਘ ਜਾਂਦੇ ਹਨ।

ਹੋਰ ਅਨੁਭਵਾਂ ਨਾਲੋਂ ਪਿਆਰ ਦੇ ਅਨੁਭਵ ਦਾ ਵੱਖਰੇਵਾਂ ਇਹ ਹੈ ਕਿ ਪਿਆਰ ਸਦੀਵੀ ਯਾਦਾਂ ਉਸਾਰਦਾ ਹੈ।

ਜੇ ਗਰੀਬਾਂ ਨੂੰ ਉਪਯੋਗੀ ਸਿੱਖਿਆ ਦਿੱਤੀ ਜਾਵੇ ਤਾਂ ਉਹ ਆਪਣੀ ਅਮੀਰੀ ਆਪੇ ਲੱਭ ਲੈਣਗੇ।

ਅਹੁਦਿਆਂ ਦੇ ਚਾਹਵਾਨ ਹੋਰਾਂ ਨੂੰ ਵੀ ਅਹੁਦਿਆਂ ਦੀ ਰੋਸ਼ਨੀ ਵਿਚ ਹੀ ਵੇਖਦੇ-ਪਰਖਦੇ ਹਨ।

ਜੇ ਹਾਰਨ ਵਾਲਾ ਹਾਰਨ ਦੇ ਬਾਵਜੂਦ ਮੁਸਕਰਾਉਂਦਾ ਰਹੇ ਤਾਂ ਜਿੱਤਣ ਵਾਲੇ ਦੀ ਜਿੱਤ ਫਿਕੀ ਪੈ ਜਾਂਦੀ ਹੈ।

ਜੇ ਤੁਸੀਂ ਕੁਝ ਦੇਣਾ ਹੈ ਤਾਂ ਦੇਣ ਦਾ ਢੰਗ ਬੱਦਲਾਂ ਵਾਲਾ ਹੋਣਾ ਚਾਹੀਦਾ ਹੈ।

ਇਸਲਾਮ ਬਹੁਤ ਉਦਾਰ ਹੈ, ਪਰ ਮੁਸਲਮਾਨਾਂ ਦਾ ਨਜ਼ਰੀਆ ਬੜਾ ਤੰਗ ਹੈ।

ਆਪਣੇ ਦੁਸ਼ਮਣਾਂ-ਵਿਰੋਧੀਆਂ ਨੂੰ, ਉਨ੍ਹਾਂ ਵਰਗਾ ਹੀ ਵਿਹਾਰ ਕਰਕੇ ਨਹੀਂ ਜਿੱਤਿਆ ਜਾ ਸਕਦਾ।

ਜੇ ਤੁਸੀਂ ਕਿਸੇ ਨੂੰ ਖ਼ਤ ਲਿਖਣ ਤੋਂ ਪਹਿਲਾਂ ਹੀ ਜਵਾਬ ਉਡੀਕਣ ਲੱਗ ਪਏ ਹੋ ਤਾਂ ਸਮਝਣਾ ਤੁਹਾਨੂੰ ਪਿਆਰ ਹੋ ਗਿਆ ਹੈ।

ਸਭ ਤੋਂ ਵੱਧ ਨਸ਼ਾ ਆਪਣੇ ਧੀਆਂ-ਪੁੱਤਰਾਂ ਦੀ ਪ੍ਰਸੰਸਾ ਸੁਣਨ ਨਾਲ ਚੜ੍ਹਦਾ ਹੈ।

ਭਾਰਤ ਵਿਚ ਬ੍ਰਾਹਮਣ ਦਾ ਕਰਤੱਵ ਗਿਆਨ ਦੇ ਖ਼ਜ਼ਾਨੇ ਲੁਟਾਉਣਾ ਸੀ, ਪਰ ਬ੍ਰਾਹਮਣ ਗਿਆਨ 'ਤੇ ਹੀ ਕਾਬਜ਼ ਹੋ ਗਿਆ ਅਤੇ ਭਾਰਤ ਰੁਕ ਗਿਆ।

ਸੰਤਾਨ ਲਈ, ਮਾਂ ਤੋਂ ਬਿਨਾਂ ਜੀਵਨ ਸੁੰਨਾ ਅਤੇ ਸੰਸਾਰ ਫਿੱਕਾ ਹੋ ਜਾਂਦਾ ਹੈ।

ਪਰਿਵਰਤਨ ਉਸ ਵਿਚ ਹੀ ਵਾਪਰਦਾ ਹੈ, ਜੋ ਸੀਮਤ ਹੈ, ਵਿਸ਼ਾਲ ਵਿਚ ਵਿਕਾਸ ਵਾਪਰਦਾ ਹੈ।

ਸ਼ਰਧਾ ਇਹ ਨਹੀਂ ਕਹਿੰਦੀ ਕਿ ਤਿਆਗ ਕਰੋ, ਸ਼ਰਧਾ ਕਹਿੰਦੀ ਹੈ ਪਿਆਰ ਕਰੋ, ਤਿਆਗਣਯੋਗ ਆਪੇ ਤਿਆਗਿਆ ਜਾਵੇਗਾ।

ਜੇ ਗਰੀਬ ਸਕੂਲਾਂ ਵਿਚ ਨਹੀਂ ਆ ਸਕਦੇ ਤਾਂ ਸਕੂਲ ਗਰੀਬਾਂ ਕੋਲ ਜਾਣੇ ਚਾਹੀਦੇ ਹਨ; ਖੇਤਾਂ ਵਿਚ, ਕਾਰਖਾਨਿਆਂ ਵਿਚ, ਝੁੱਗੀਆਂ ਵਿਚ, ਬਸਤੀਆਂ ਵਿਚ।

ਹਨੇਰਾ ਕਹਿੰਦਾ ਹੈ: ਸੂਰਜ ਮੈਨੂੰ ਪਰੇਸ਼ਾਨ ਕਰਦਾ ਹੈ, ਸੂਰਜ ਕਹਿੰਦਾ ਹੈ: ਮੈਂ ਤਾਂ ਹਨੇਰੇ ਨੂੰ ਜਾਣਦਾ ਹੀ ਨਹੀਂ।

ਅਸਲੀ ਮਦਦ ਉਹ ਹੁੰਦੀ ਹੈ, ਜਿਹੜੀ ਬਿਮਾਰੀ ਅਤੇ ਮੁਸੀਬਤ ਵਿਚ ਕੀਤੀ ਜਾਵੇ।

ਚੰਗੇ ਵਿਅਕਤੀ ਆਪਣੇ ਚੰਗੇ ਵਿਹਾਰ ਨਾਲ ਆਪਣੇ ਸਾਰੇ ਪਰਿਵਾਰ ਲਈ ਸਤਿਕਾਰ ਜਿੱਤ ਲੈਂਦੇ ਹਨ।

ਗਰੀਬ ਉਹ ਹੈ, ਜਿਹੜਾ ਮਹਿਮਾਨ ਨਾਲ ਦੁਰਵਿਹਾਰ ਕਰਦਾ ਹੈ।

ਦਾਨ ਉਹ ਹੁੰਦਾ ਹੈ, ਜਿਹੜਾ ਕਿਸੇ ਲੋੜਵੰਦ ਨੂੰ ਦਿੱਤਾ ਜਾਵੇ; ਬਾਕੀ ਸਾਰੇ ਕਰਜ਼ੇ ਅਤੇ ਉਧਾਰ ਹੁੰਦੇ ਹਨ।

ਪੁਰਸ਼, ਪ੍ਰਸ਼ਨ-ਚਿੰਨ੍ਹ ਹੁੰਦਾ ਹੈ; ਇਸਤਰੀ, ਵਿਸਮਿਕ-ਚਿੰਨ੍ਹ ਹੁੰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮ ਢਾਈ ਹਜ਼ਾਰ ਵਾਰੀ, ਹਰਿ ਅੱਠ ਹਜ਼ਾਰ ਵਾਰੀ, ਪ੍ਰਮੇਸ਼ਰ ਸੌ ਵਾਰੀ, ਨਰਾਇਣ ਅੱਸੀ ਵਾਰੀ ਨਾਲੋਂ ਵੱਧ ਦਰਜ ਹੈ, ਵਾਹਿਗੁਰੂ ਕੇਵਲ ਛਤਾਲੀ ਵਾਰ ਦਰਜ ਹੈ, ਪਰ ਫਿਰ ਵੀ ਇਸ ਨੂੰ ਸਿੱਖਾਂ ਦਾ ਗ੍ਰੰਥ ਕਿਹਾ ਜਾਂਦਾ ਹੈ।

ਕਿਸੇ ਵੀ ਵਿਅਕਤੀ ਨੂੰ ਉਸ ਦੇ ਔਗੁਣਾਂ ਦੇ ਅਧਾਰ 'ਤੇ ਮਾਪਣਾ, ਮਾਪਣ ਵਾਲੇ ਦਾ ਔਗੁਣ ਹੁੰਦਾ ਹੈ।

ਸ਼ਾਂਤ ਹੋਣਾ ਸਿਆਣਪ ਦਾ ਗੁਣ ਹੈ, ਮੂਰਖ ਕਦੇ ਸ਼ਾਂਤ ਨਹੀਂ ਹੁੰਦੇ।

ਜੋ ਆਪਣੀ ਮਾਂ ਦਾ ਫ਼ਿਕਰ ਨਹੀਂ ਕਰਦਾ, ਉਹ ਜੀਵਨ ਵਿਚ ਕਿਸੇ ਔਰਤ ਦਾ ਸਤਿਕਾਰ ਨਹੀਂ ਕਰੇਗਾ।

ਗੀਤਾਂ ਤੋਂ ਬਿਨਾਂ, ਸੱਭਿਆਚਾਰ ਦੀ ਹੋਂਦ ਨਹੀਂ ਹੁੰਦੀ।

ਸਵਾਦ ਵਿਚ ਸਭ ਤੋਂ ਵਧੇਰੇ ਯੋਗਦਾਨ ਲੂਣ ਦਾ ਹੁੰਦਾ ਹੈ, ਪਰ ਵਧੇਰੇ ਲੂਣ ਸਵਾਦ ਨੂੰ ਮਾਰ ਦਿੰਦਾ ਹੈ।

ਬੱਚਿਆਂ ਨੂੰ ਘੰਟੀਆਂ ਚੰਗੀਆਂ ਲੱਗਦੀਆਂ ਹਨ ਅਤੇ ਸਭ ਤੋਂ ਚੰਗੀ ਲੱਗਦੀ ਹੈ ਛੁੱਟੀ ਦੀ ਘੰਟੀ; ਮਗਰੋਂ ਜੀਵਨ ਵਿਚ ਘੰਟੀ ਤਾਂ ਨਹੀਂ ਵਜਦੀ, ਪਰ ਛੁੱਟੀ ਚੰਗੀ ਲੱਗਦੀ ਰਹਿੰਦੀ ਹੈ।

ਜਿਸ ਨੂੰ ਸਮੁੰਦਰ ਸੋਹਣਾ ਨਹੀਂ ਲੱਗਦਾ, ਉਹ ਆਪ ਵੀ ਸੋਹਣਾ ਨਹੀਂ ਹੁੰਦਾ; ਜਿਸ ਨੂੰ ਚੰਨ ਸੋਹਣਾ ਨਹੀਂ ਲੱਗਦਾ, ਉਹ ਆਪ ਵੀ ਸੋਹਣੀ ਨਹੀਂ ਹੋ ਸਕਦੀ।

ਕੰਮ ਕਰਨ ਦੀ ਇੱਛਾ, ਅੱਧਾ ਕੰਮ ਪਹਿਲਾਂ ਹੀ ਮੁਕਾ ਦਿੰਦੀ ਹੈ।

ਅੰਨ੍ਹੇ ਬੰਦੇ ਨੂੰ ਲੁੱਟਣਾ, ਬੇਸ਼ਰਮੀ ਦੀ ਸਿਖ਼ਰ ਹੀ ਹੋ ਸਕਦੀ ਹੈ।

ਜੀਵਨ ਅਤੇ ਕੁਦਰਤ ਵਿਚ ਜੋ ਵੀ ਕਦੇ ਵਾਪਰਿਆ ਹੈ, ਉਹ ਮੁੜ ਵੀ ਵਾਪਰ ਸਕਦਾ ਹੈ ਅਤੇ ਮੁੜ ਵੀ ਵਾਪਰੇਗਾ।

ਭੋਗ-ਰੋਗ-ਯੋਗ ਇਕੋ ਵੇਲੇ ਸੰਭਵ ਨਹੀਂ ਹੁੰਦੇ।

ਪ੍ਰਕਾਸ਼ ਅਤੇ ਗਿਆਨ ਲਈ ਪ੍ਰਾਰਥਨਾ ਹੀ, ਸੱਚੀ ਪ੍ਰਾਰਥਨਾ ਹੁੰਦੀ ਹੈ; ਬਾਕੀ ਸਭ ਪ੍ਰਾਰਥਨਾਵਾਂ ਸੁਆਰਥ ਤੋਂ ਪ੍ਰੇਰਿਤ ਹੁੰਦੀਆਂ ਹਨ।

ਕਈ ਨਜ਼ਾਰੇ ਇਤਨੇ ਸੋਹਣੇ ਹੁੰਦੇ ਹਨ ਕਿ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਹੀਂ ਆਉਂਦਾ।

ਪੁੱਤਰ ਪਲਦੇ ਹਨ, ਧੀਆਂ ਵੱਡੀਆਂ ਹੁੰਦੀਆਂ ਹਨ।

ਪੁਰਾਣੇ ਜ਼ਮਾਨੇ ਵਿਚ ਚੁੱਲ੍ਹਾ ਘਰ ਦਾ ਦਿਲ ਅਤੇ ਖੂਹ ਪਿੰਡ ਦੀ ਧੜਕਣ ਹੋਇਆ ਕਰਦਾ ਸੀ।

ਭਾਰਤ ਵਿਚ ਭਿਖਸ਼ੂ ਨੂੰ ਰਾਜਕੁਮਾਰ ਨਾਲੋਂ ਉੱਚਾ ਸਮਝਿਆ ਜਾਂਦਾ ਹੈ, ਕਿਉਂਕਿ ਸਭ ਤੋਂ ਪਹਿਲਾ ਭਿਖਸ਼ੂ, ਪਹਿਲਾਂ ਰਾਜਕੁਮਾਰ ਸੀ।

ਪੈਸੇ ਦੀ ਘਾਟ ਅਤੇ ਬਹੁਤਾਤ ਦੋਹਾਂ ਨਾਲ ਕਲੇਸ਼ ਉਪਜਦਾ ਹੈ।

ਜੇ ਸਥਿਤੀ ਨਹੀਂ ਬਦਲ ਰਹੀ ਤਾਂ ਸੰਕੇਤ ਸਮਝੋ ਅਤੇ ਆਪ ਬਦਲੋ।

ਚੀਚੀ ਬੜੀ ਛੋਟੀ ਹੁੰਦੀ ਹੈ, ਪਰ ਇਸ ਦੇ ਸਹਿਯੋਗ ਤੋਂ ਬਿਨਾਂ ਹੱਥ, ਘਸੁੰਨ ਨਹੀਂ ਬਣਦਾ।

ਦਰਜ਼ੀ ਅਕਸਰ ਗਾਹਕ ਦਾ ਨਾਪ ਲੈਂਦਾ ਹੈ, ਪਰ ਕਿਸੇ-ਕਿਸੇ ਗਾਹਕ ਦਾ ਉਸ ਨੂੰ ਨਕਸ਼ਾ ਵੀ ਬਣਾਉਣਾ ਪੈਂਦਾ ਹੈ।

ਜੇ ਪਰਸਪਰ ਵਿਸ਼ਵਾਸ ਮੁੱਕ ਜਾਵੇ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਹੀ ਵੱਡੇ ਝਗੜੇ ਬਣ ਜਾਂਦੀਆਂ ਹਨ।

ਉਸ ਨਾਲ ਦੋਸਤੀ ਕਰੋ, ਜਿਹੜਾ ਤੁਹਾਡੇ ਨਾਲੋਂ ਸਿਆਣਾ ਹੋਵੇ, ਜਿਹੜਾ ਤੁਹਾਨੂੰ ਝਿੜਕ ਸਕੇ।

ਮਹਾਨ ਸਾਹਿਤ, ਇਨਸਾਨੀਅਤ ਦਾ ਇਲਮ ਹੁੰਦਾ ਹੈ।

ਮਹਾਨਤਾ ਉਨ੍ਹਾਂ ਨੂੰ ਮਿਲਦੀ ਹੈ, ਜਿਹੜੇ ਇਸ ਦੇ ਯੋਗ ਹੋਣ, ਪਰ ਇਸ ਦੇ ਚਾਹਵਾਨ ਨਾ ਹੋਣ।

ਕਈਆਂ ਦਾ ਜ਼ੁਲਮ ਉਨ੍ਹਾਂ ਦੇ ਨਾਵਾਂ ਨਾਲੋਂ ਵੀ ਵਧੇਰੇ ਬਦਨਾਮ ਹੋ ਜਾਂਦਾ ਹੈ।

ਪਰਿਵਰਤਨ ਨੇ ਵਾਪਰਨਾ ਹੀ ਹੈ, ਪਰਿਵਰਤਨ ਤੋਂ ਲਾਭ-ਨੁਕਸਾਨ ਉਠਾਉਣਾ ਸਾਡੀ ਤਿਆਰੀ 'ਤੇ ਨਿਰਭਰ ਕਰਦਾ ਹੈ।

ਸੱਭਿਅਤਾਵਾਂ ਦੇ ਕਤਲ ਨਹੀਂ ਹੁੰਦੇ, ਇਹ ਆਤਮਘਾਤ ਹੀ ਕਰਦੀਆਂ ਹਨ।

ਪਰਿਵਾਰਕ ਝਗੜੇ ਜ਼ਬਾਨ ਦੀ ਦੁਰਵਰਤੋਂ ਨਾਲ ਅਰੰਭ ਹੁੰਦੇ ਹਨ ਅਤੇ ਵਿਹਾਰ ਦੇ ਭੈੜੇ ਹੋਣ ਕਰਕੇ ਵਧਦੇ ਜਾਂਦੇ ਹਨ।

ਪੁੱਤਰ ਜਾਇਦਾਦ ਵੰਡਾਉਂਦੇ ਹਨ, ਦੁੱਖ ਧੀਆਂ ਹੀ ਵੰਡਾਉਂਦੀਆਂ ਹਨ।

ਜੇ ਉਦੇਸ਼-ਆਦਰਸ਼ ਉੱਚੇ ਹੋਣ ਤਾਂ ਅਸਫ਼ਲ ਹੋਣ ਦੇ ਬਾਵਜੂਦ, ਸਿਕੰਦਰ ਅਤੇ ਨੈਪੋਲੀਅਨ ਵਾਂਗ, ਸ਼ਾਨ-ਚਮਕ ਬਰਕਰਾਰ ਰਹਿੰਦੀ ਹੈ।

ਪੁਰਸ਼ ਅਤੇ ਇਸਤਰੀ ਇਕ-ਦੂਜੇ ਨੂੰ ਸੁਪਨੇ ਵੇਖਣੇ ਸਿਖਾ ਦਿੰਦੇ ਹਨ।

ਉਸਤਾਦ ਉਹ ਹੁੰਦਾ ਹੈ, ਜਿਹੜਾ ਅਸੰਭਵ ਨੂੰ ਸੰਭਵ ਬਣਾਉਣਾ ਦਸਦਾ ਹੈ।

ਪੁਰਸ਼ ਨੂੰ ਪਿਆਰ ਅਤੇ ਸੁੰਦਰਤਾ ਮਾਨਣ ਦੀ ਕਲਾ, ਇਸਤਰੀ ਸਿਖਾਉਂਦੀ ਹੈ।

ਸਾਡੀ ਜ਼ਿੰਦਗੀ ਵਿਚ ਉਹੀ ਕੁਝ ਬਦਲਦਾ ਹੈ ਅਤੇ ਉਹੀ ਕੁਝ ਬਦਲੇਗਾ, ਜਿਸ ਨੂੰ ਬਦਲਣ ਦੀ ਜ਼ਿੰਮੇਵਾਰੀ ਅਸੀਂ ਆਪ ਚੁਕਦੇ ਹਾਂ।

ਇਸ ਸੰਸਾਰ ਵਿਚ ਮਹਾਂਪੁਰਸ਼ਾਂ ਵਾਸਤੇ ਕੋਈ ਥਾਂ ਨਹੀਂ ਹੈ; ਆਪਣੀ ਥਾਂ ਉਨ੍ਹਾਂ ਨੂੰ ਆਪ ਬਣਾਉਣੀ ਪੈਂਦੀ ਹੈ।

ਜ਼ਿੰਮੇਵਾਰੀ ਕਈਆਂ ਲਈ ਬੋਝ ਅਤੇ ਕਈਆਂ ਲਈ ਜੀਵਨ-ਉਦੇਸ਼ ਹੁੰਦੀ ਹੈ।

ਇਸਤਰੀ ਨਾਲ ਪਰਸਪਰ ਸਤਿਕਾਰ ਵਾਲੇ ਰਿਸ਼ਤੇ ਦੀ ਪੁਰਸ਼ ਨੇ ਅਜੇ ਤਕ ਚਾਸ਼ਨੀ ਨਹੀਂ ਚੱਖੀ।

ਕਿਸਮਤ ਨਿਰਧਾਰਤ ਕਰਦੀ ਹੈ ਕਿ ਅਸੀਂ ਕਿਹੜੀਆਂ ਹਾਲਤਾਂ ਵਿਚੋਂ ਗੁਜ਼ਰਾਂਗੇ, ਪਰ ਅਸੀਂ ਆਪ ਚੁਣਨਾ ਹੁੰਦਾ ਹੈ ਕਿ ਅਸੀਂ ਕਿਵੇਂ ਗੁਜ਼ਰਾਂਗੇ।

ਜਿਸ ਘਰ ਵਿਚ ਮਾਂ ਪ੍ਰਸੰਨ ਹੈ, ਉਥੇ ਕੋਈ ਉਦਾਸ ਨਹੀਂ ਹੋਵੇਗਾ।

ਉਤਸ਼ਾਹ ਅਤੇ ਪਿਆਰ ਨਾਲ ਨਿਤਾ-ਪ੍ਰਤੀ ਦਾ ਅਕਾਊ ਨਿਤ-ਨੇਮ ਲੋਪ ਹੋ ਜਾਂਦਾ ਹੈ; ਹਰ ਚੀਜ਼ 'ਤੇ ਨਵਾਂ ਰੰਗ ਚੜ੍ਹਦਾ ਹੈ ਅਤੇ ਹਰੇਕ ਦਿਨ ਇਕ ਦਿਲਚਸਪ ਮੁਹਿਮ ਬਣ ਜਾਂਦਾ ਹੈ।

ਸਫ਼ਲਤਾ, ਸਸਤੀ ਨਹੀਂ ਮਿਲਦੀ, ਪਰ ਇਹ ਇਤਨੀ ਮਹਿੰਗੀ ਵੀ ਨਹੀਂ ਮਿਲਦੀ ਕਿ ਲਈ ਹੀ ਨਾ ਜਾ ਸਕੇ।

ਹੁਣ ਅਸੀਂ ਬਹੁਤ ਲੋਕਾਂ ਨੂੰ ਜਾਣਦੇ ਹਾਂ, ਪਰ ਮਿਲਦੇ ਕਿਸੇ ਨੂੰ ਨਹੀਂ।

ਘਰ-ਪਰਿਵਾਰ ਵਿਚ ਵੀਹ ਪ੍ਰਤੀਸ਼ਤ ਜ਼ਿੰਮੇਵਾਰੀ ਮਿਲਦੀ ਹੈ, ਅੱਸੀ ਪ੍ਰਤੀਸ਼ਤ ਲਈ ਜਾਂਦੀ ਹੈ, ਸ਼ਤ-ਪ੍ਰਤੀਸ਼ਤ ਨਿਭਾਉਣੀ ਪੈਂਦੀ ਹੈ।

ਲਾਇਕ ਬੰਦਿਆਂ ਵਿਚ ਆਪਣੀ ਪ੍ਰਸੰਸਾ ਸੁਣਨ ਦੀ ਸੁਭਾਵਕ ਪ੍ਰਵਿਰਤੀ ਹੁੰਦੀ ਹੈ; ਨਾਲਾਇਕਾਂ ਵਿਚ ਆਪਣੀ ਪ੍ਰਸੰਸਾ ਆਪ ਹੀ ਕਰਨ ਦੀ ਆਦਤ ਸੁਭਾਵਕ ਹੁੰਦੀ ਹੈ।

ਨੀਵਾਂ ਉਹ ਹੈ, ਜੋ ਉੱਚੇ ਦੀ ਪਛਾਣ ਨਹੀਂ ਕਰ ਸਕਦਾ।

ਬਰਾਬਰੀ ਅਤੇ ਸਤਿਕਾਰ ਦੀ ਭਾਵਨਾ ਤੋਂ ਬਿਨਾਂ ਉਪਜਿਆ ਸਮਝੌਤਾ, ਬੜੀ ਭੈੜੀ ਕਿਸਮ ਦੀ ਦੁਸ਼ਮਣੀ ਬਣ ਜਾਂਦਾ ਹੈ।

ਟੈਲੀਫੋਨ ਦੇ ਮੁਕਾਬਲੇ, ਚਿੱਠੀ ਸ਼ਾਂਤ ਹੁੰਦੀ ਹੈ।

ਖ਼ੂਬਸੂਰਤ ਉਹ ਹੁੰਦਾ ਹੈ, ਜਿਸ ਦੇ ਜਾਣ ਮਗਰੋਂ ਉਸ ਨੂੰ ਫਿਰ ਵੇਖਣ ਦੀ ਤਾਂਘ ਵੱਧ ਜਾਵੇ।

ਜੇ ਸੌਦੇਬਾਜ਼ੀ ਨਾ ਕੀਤੀ ਜਾਵੇ ਤਾਂ ਦੁਕਾਨਦਾਰ ਅਤੇ ਗਾਹਕ ਇਕ-ਦੂਜੇ ਨੂੰ ਸ਼ਗਨ ਅਤੇ ਤੋਹਫ਼ੇ ਦਿੰਦੇ ਪ੍ਰਤੀਤ ਹੋਣਗੇ।

ਕਈਆਂ ਦੀ ਅਵਾਜ਼ ਵਿਚ ਮੁਸਕਰਾਹਟ ਹੁੰਦੀ ਹੈ, ਉਨ੍ਹਾਂ ਦੇ ਸ਼ਬਦ ਵੀ ਮੁਸਕਰਾਉਂਦੇ ਹਨ, ਉਨ੍ਹਾਂ ਦੇ ਕਾਰਜ ਹਰ ਕਿਸੇ ਨੂੰ ਪ੍ਰਸੰਨ ਕਰਦੇ ਹਨ।

ਜਵਾਨੀ ਵਿਚ ਮਰਨ ਵਾਲੇ ਕਵੀਆਂ, ਕਲਾਕਾਰਾਂ, ਯੋਧਿਆਂ, ਪ੍ਰੇਮੀਆਂ, ਸ਼ਹੀਦਾਂ ਆਦਿ ਬਾਰੇ ਬਹੁਤੇ ਵੇਰਵੇ ਨਹੀਂ ਹੁੰਦੇ, ਲੋਕ ਵੇਰਵੇ ਆਪਣੇ ਕੋਲੋਂ ਜੋੜ ਲੈਂਦੇ ਹਨ।

ਕਿਸੇ ਨਵੀਂ ਥਾਂ 'ਤੇ ਅਸੀਂ ਅਜ਼ਾਦੀ ਇਸ ਲਈ ਮਹਿਸੂਸ ਕਰਦੇ ਹਾਂ, ਕਿਉਂਕਿ ਕੋਈ ਸਾਨੂੰ ਅਤੇ ਅਸੀਂ ਕਿਸੇ ਨੂੰ ਤੋਲ-ਮਾਪ ਨਹੀਂ ਰਹੇ ਹੁੰਦੇ।

ਜੇ ਪ੍ਰੇਮੀ ਬੇਵਫ਼ਾ ਨਿਕਲੇ ਤਾਂ ਪ੍ਰੇਮਿਕਾ ਆਪਣੇ-ਆਪ 'ਤੇ ਸ਼ੱਕ ਕਰਨ ਲੱਗ ਪੈਂਦੀ ਹੈ।

ਮਨੁੱਖ ਦਾ ਦੁਖਾਂਤ ਇਹ ਹੈ ਕਿ ਉਹ ਸਾਰਾ ਜੀਵਨ ਚਤੁਰਾਈਆਂ-ਚਲਾਕੀਆਂ ਕਰਕੇ, ਬੁਢਾਪੇ ਵਿਚ ਭੋਲਾ ਅਤੇ ਸਾਊ ਬਣਨਾ ਚਾਹੁੰਦਾ ਹੈ।

ਜਿਹੜੇ ਲੇਖਕਾਂ ਨਾਲ ਅਸੀਂ ਸਹਿਮਤ ਨਹੀਂ ਹੁੰਦੇ, ਉਨ੍ਹਾਂ ਦਾ ਯੋਗਦਾਨ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਪੜ੍ਹ ਕੇ ਸਾਨੂੰ ਆਪਣੇ ਵਿਚਾਰਾਂ ਬਾਰੇ ਪਤਾ ਲੱਗ ਜਾਂਦਾ ਹੈ।

ਇਕ ਸੰਸਾਰ ਵਿਚ ਅਸੀਂ ਜਿਉਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ।

ਬਹੁਤ ਸੋਹਣੀਆਂ ਅੱਖਾਂ ਨੂੰ ਬਰਦਾਸ਼ਤ ਕਰਨਾ ਸੌਖਾ ਨਹੀਂ ਹੁੰਦਾ; ਉਨ੍ਹਾਂ ਨੂੰ ਵੇਖ ਕੇ ਸਾਨੂੰ ਆਪਣਾ ਆਪ ਦਿਸਣਾ ਬੰਦ ਹੋ ਜਾਂਦਾ ਹੈ।

ਕਈ ਚੀਜ਼ਾਂ ਇਸ ਕਰਕੇ ਸਾਡਾ ਧਿਆਨ ਖਿੱਚਦੀਆਂ ਹਨ, ਕਿਉਂਕਿ ਉਹ ਤਾਲ-ਮੇਲ ਤੋਂ ਉਖੜੀਆਂ ਹੁੰਦੀਆਂ ਹਨ।

ਜ਼ਿੰਦਗੀ ਵਿਚ ਕੁਝ ਅਨੁਭਵ ਇਕੱਲਿਆਂ, ਕੁਝ ਕਿਸੇ ਨਾਲ ਰੱਲ ਕੇ, ਕੁਝ ਕਈਆਂ ਨਾਲ ਮਿਲ ਕੇ ਅਤੇ ਕੁਝ ਕਈਆਂ ਨਾਲ ਲੜ ਕੇ ਪ੍ਰਾਪਤ ਕਰਨੇ ਹੁੰਦੇ ਹਨ।

ਕਮਾਉਣ ਦੇ ਢੰਗਾਂ ਨਾਲੋਂ ਵੀ ਵਧੇਰੇ ਖਰਚਣ ਦੀਆਂ ਆਦਤਾਂ, ਮਨੁੱਖ ਨੂੰ ਅਮੀਰ-ਗਰੀਬ ਬਣਾਉਂਦੀਆਂ ਹਨ।

ਜੇ ਕਾਲ-ਬੈੱਲ ਉੱਪਰ ਭਰਿੰਡਾਂ ਦਾ ਛੱਤਾ ਲੱਗਿਆ ਹੋਵੇ ਤਾਂ ਹਰ ਕੋਈ ਆਪਣੇ ਆਉਣ ਦੀ ਸੂਚਨਾ, ਵੱਖਰੇ ਢੰਗ ਨਾਲ ਦੇਵੇਗਾ।

ਜੇ ਪਤਨੀ ਘਰ ਅੰਦਰ ਪਤੀ ਦੀ ਹਰ ਗੱਲ ਮੰਨਣ ਲੱਗ ਪਏ ਤਾਂ ਉਹ ਘਰ ਨਹੀਂ ਚਲਾ ਸਕਦੀ, ਕਿਉਂਕਿ ਉਸ ਨੇ ਬੱਚਿਆਂ ਦਾ ਵੀ ਧਿਆਨ ਰੱਖਣਾ ਹੁੰਦਾ ਹੈ।

ਨਿੰਦਕ ਨੂੰ ਦੂਜਿਆਂ ਦੀਆਂ ਗਲਤੀਆਂ ਦਾ ਨਸ਼ਾ ਚੜ੍ਹਦਾ ਹੈ।

ਬੱਚਿਆਂ ਨੂੰ ਪੈਸੇ ਕਮਾਉਣ ਅਤੇ ਖਰਚਣ ਦੀ ਜਾਚ ਮਾਪਿਆਂ ਨੇ ਆਪਣੀ ਮਿਸਾਲ ਨਾਲ ਸਿਖਾਉਣੀ ਹੁੰਦੀ ਹੈ।

ਮੂਰਖ ਵਾਸਤੇ ਸਰਦੀ ਠੰਡਾ ਮੌਸਮ ਹੀ ਹੁੰਦਾ ਹੈ; ਸਿਆਣਿਆਂ ਵਾਸਤੇ ਇਹ ਚੰਗੀਆਂ ਪੁਸਤਕਾਂ ਪੜ੍ਹਨ ਦਾ ਨਿੱਘਾ ਅਵਸਰ ਵੀ ਹੁੰਦਾ ਹੈ।

ਖ਼ੁਸ਼ ਰਹਿਣੇ ਲੋਕਾਂ ਨਾਲ ਵਪਾਰ ਕਰੋ, ਢੇਰ ਮੁਨਾਫ਼ਾ ਹੋਵੇਗਾ।

ਦਰਿਆ ਆਪਣਾ ਰਾਹ ਬਦਲਣ ਤੋਂ ਪਹਿਲਾਂ ਆਪਣਾ ਸੁਭਾਓ ਬਦਲਦਾ ਹੈ।

ਹਾਰਨ ਵਿਚ ਖਿਡਾਰੀਆਂ ਦਾ ਕੋਈ ਦੋਸ਼ ਨਹੀਂ ਹੁੰਦਾ; ਦੋਸ਼ ਉਨ੍ਹਾਂ ਵਿਚ ਹੁੰਦਾ ਹੈ, ਜਿਹੜੇ ਹਰ ਵਾਰੀ ਉਨ੍ਹਾਂ ਨੂੰ ਜਿੱਤਦੇ ਹੀ ਵੇਖਣਾ ਚਾਹੁੰਦੇ ਹਨ।

ਮਨੁੱਖ ਕਿਧਰੇ ਵੀ ਹੋਵੇ, ਉਹ ਝੱਟ ਦਰਜੇਬੰਦੀ ਸਿਰਜ ਲੈਂਦਾ ਹੈ।

ਸਫ਼ਲ ਵਿਅਕਤੀ ਵੀ ਕਈ ਮੌਕੇ ਗੁਆਉਂਦੇ ਹਨ, ਪਰ ਉਹ ਕੋਈ ਅਜਿਹਾ ਮੌਕਾ ਨਹੀਂ ਗੁਆਉਂਦੇ, ਜਿਹੜਾ ਸਫ਼ਲਤਾ ਲਈ ਲਾਜ਼ਮੀ ਹੋਵੇ।

ਜੇ ਚੰਗੇ ਅਤੇ ਮਹਿੰਗੇ ਹੋਟਲ ਵਿਚ ਰਹੋਗੇ ਤਾਂ ਉਥੋਂ ਦੀ ਸੇਵਾ ਬਾਰੇ ਤੁਹਾਡੇ ਪ੍ਰਸੰਨ ਅਤੇ ਪਰੇਸ਼ਾਨ ਹੋਣ ਦਾ ਪੱਧਰ ਵੀ ਉੱਚਾ ਤੇ ਮਹਿੰਗਾ ਹੋ ਜਾਵੇਗਾ।

ਹੁਣ ਅਸੀਂ ਸੰਸਾਰ ਨੂੰ ਟੈਲੀਵਿਜ਼ਨ ਦੀ ਮੋਰੀ ਰਾਹੀਂ ਵੇਖਦੇ ਹਾਂ।

ਸਾਡੇ ਲਈ ਸਧਾਰਨ ਜਿਹਾ ਦਿਹਾੜਾ, ਕਿਸੇ ਲਈ ਜ਼ਿੰਦਗੀ ਦਾ ਸਭ ਤੋਂ ਕੀਮਤੀ ਦਿਨ ਹੋ ਸਕਦਾ ਹੈ।

ਉਲੰਪਿਕਸ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਇਸ ਵਿਚ ਸਰਵੋਤਮ ਦੇ ਵਿਰੁੱਧ ਸਰਵੋਤਮ ਹੀ ਜੂਝਦੇ ਹਨ।

ਆਪਣੇ ਆਪ ਲਈ ਕੁਰਬਾਨੀ ਨਹੀਂ ਕੀਤੀ ਜਾਂਦੀ, ਮਿਹਨਤ ਹੀ ਕੀਤੀ ਜਾ ਸਕਦੀ ਹੈ, ਪਰ ਮਿਹਨਤ ਵਿਚ ਕੁਰਬਾਨੀ ਦੇ ਤੱਤ ਹੁੰਦੇ ਹਨ।

ਖੇਡਾਂ ਵਿਚ ਇਕ ਦੀ ਜਿੱਤ, ਕਈਆਂ ਦੀ ਹਾਰ 'ਤੇ ਉਸਰੀ ਹੁੰਦੀ ਹੈ।

ਹਰ ਸੰਕਟ ਵਿਚ ਔਰਤਾਂ ਵਧੇਰੇ ਜ਼ਿੰਮੇਵਾਰੀ ਚੁਕਦੀਆਂ ਹੀ ਨਹੀਂ, ਉਹ ਚੁਕੀ ਜ਼ਿੰਮੇਵਾਰੀ ਨੂੰ ਵਧੇਰੇ ਸੁਹਿਦਰਤਾ ਨਾਲ ਨਿਭਾਉਂਦੀਆਂ ਵੀ ਹਨ।

ਉਚੇਚ, ਦਿਖਾਵਾ, ਬਨਾਵਟ ਆਦਿ ਸੁੰਦਰਤਾ ਦੇ ਲੱਛਣ ਨਹੀਂ; ਸੁੰਦਰਤਾ ਦੇ ਲੱਛਣ ਸੁਭਾਵਕਤਾ, ਲੱਜਾ ਅਤੇ ਭੋਲਾਪਣ ਹਨ।

ਉਲੰਪਿਕਸ ਵਿਚ ਭਾਗ, ਇਸ ਚੇਤਨਾ ਨਾਲ ਲਿਆ ਜਾਂਦਾ ਹੈ ਕਿ ਜੇ ਹੁਣ ਨਹੀਂ ਤਾਂ ਕਦੇ ਨਹੀਂ।

ਕਈ ਇਤਨਾ ਅਨਿਆਇ ਕਰਦੇ ਹਨ ਕਿ ਲੋਕਾਂ ਦੀ ਪਛਾਣ ਹੀ ਖੋਹ ਲੈਂਦੇ ਹਨ।

ਰਾਜਨੀਤੀ ਵਿਚ ਸਖ਼ਤ ਮੁਕਾਬਲਾ ਹੈ, ਵਪਾਰ ਵਿਚ ਮੁਕਾਬਲਾ ਹੋਰ ਵੀ ਸਖ਼ਤ ਹੈ, ਖੇਡਾਂ ਵਿਚ ਮੁਕਾਬਲੇ ਤੋਂ ਸਿਵਾਇ ਕੁਝ ਹੈ ਹੀ ਨਹੀਂ।

ਦਿਖਾਵਾ ਕਰਨ ਵਾਲੀਆਂ ਇਸਤਰੀਆਂ, ਆਪਣੇ ਸ਼ਰਮਾਕਲ ਹੋਣ ਦਾ ਵੀ ਦਿਖਾਵਾ ਹੀ ਕਰਦੀਆਂ ਹਨ।

ਉਲਿੰਪਕਸ ਵਿਚ ਹੁਣ ਵੀ ਦੌੜ ਉਵੇਂ ਲਾਈ ਜਾਂਦੀ ਹੈ, ਜਿਵੇਂ ਸ਼ਿਕਾਰ ਯੁੱਗ ਵਿਚਲੇ ਅਨੇਕਾਂ ਬੰਦੇ, ਸ਼ਿਕਾਰ ਪਿੱਛੇ ਦੌੜ ਰਹੇ ਹੋਣ।

ਅਨਪੜ੍ਹ ਅਮੀਰ ਬੰਦੇ ਦਾ ਸਭ ਤੋਂ ਵੱਡਾ ਯੋਗਦਾਨ, ਉਸ ਵੱਲੋਂ ਅਨਪੜ੍ਹ ਮਾਪਿਆਂ ਦੇ ਬੱਚਿਆਂ ਲਈ, ਸਕੂਲ ਖੋਲ੍ਹਣਾ ਮੰਨਿਆ ਗਿਆ ਹੈ।

ਮੈਚ ਕੋਈ ਹੋਵੇ, ਇਕ ਟੀਮ ਸਾਡੀ ਹੋ ਜਾਂਦੀ ਹੈ।

ਇੰਗਲੈਂਡ ਨੇ ਖੇਡ ਦੇ ਮੈਦਾਨ ਵਿਚ ਸਿੱਖੇ ਮੁੱਲਵਾਨ ਅਤੇ ਵਿਹਾਰਕ ਸਬਕਾਂ ਨੂੰ ਵਰਤ ਕੇ, ਸੰਸਾਰ ਤੇ ਰਾਜ ਕੀਤਾ ਹੈ।

ਜੂਏ ਵਿਚ ਸਭ ਤੋਂ ਦਿਲਚਸਪ ਚੀਜ਼ ਜਿੱਤਣਾ ਹੁੰਦੀ ਹੈ; ਦੂਜੀ ਸਭ ਤੋਂ ਦਿਲਚਸਪ ਚੀਜ਼ ਹਾਰਨਾ ਹੁੰਦੀ ਹੈ, ਤੀਜੀ ਦਿਲਚਸਪ ਚੀਜ਼ ਕੋਈ ਨਹੀਂ ਹੁੰਦੀ।

ਜਿਹੜਾ ਪੱਤਰਕਾਰ ਬਰਾਬਰ ਰਹੇ ਮੈਚ ਨੂੰ ਦਿਲਚਸਪ ਢੰਗ ਨਾਲ ਪੇਸ਼ ਕਰੇ, ਉਹ ਸਫ਼ਲ ਪੱਤਰਕਾਰ ਕਹਾਉਂਦਾ ਹੈ।

ਉਨੀਂਦਰੇਪਣ ਨੂੰ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਧੇਰੇ ਯੋਗਤਾ ਨਾਲ ਬਰਦਾਸ਼ਤ ਕਰਦੀਆਂ ਹਨ, ਕਿਉਂਕਿ ਬੱਚਿਆਂ ਨੇ ਉਨ੍ਹਾਂ ਨੂੰ ਲੰਮੀ ਅਤੇ ਭਰਪੂਰ ਸਿਖਲਾਈ ਦਿੱਤੀ ਹੁੰਦੀ ਹੈ।

ਇਸਤਰੀ ਦੀ ਸਭ ਤੋਂ ਵੱਡੀ ਯੋਗਤਾ, ਪਰਿਵਾਰ ਨੂੰ ਜੋੜ ਕੇ ਰੱਖਣ ਦੀ ਹੁੰਦੀ ਹੈ।

ਹਰ ਟੀਮ ਅੰਦਰ ਦੋ ਟੀਮਾਂ ਹੁੰਦੀਆਂ ਹਨ; ਇਕ ਹਮਲਾ ਕਰਨ ਵਾਲੀ, ਇਕ ਬਚਾਓ ਕਰਨ ਵਾਲੀ।

ਬਹੁਤ ਡਰਾਉਣਾ ਸੁਪਨਾ, ਨੀਂਦਰ ਨੂੰ ਵੀ ਡਰਾ ਦਿੰਦਾ ਹੈ।

ਦਰਦ ਅਤੇ ਪ੍ਰਸੰਨਤਾ, ਹਰੇਕ ਡੂੰਘੇ ਅਨੁਭਵ ਦਾ ਲਾਜ਼ਮੀ ਭਾਗ ਹੁੰਦੇ ਹਨ।

ਜਿਸ ਮਹਿੰਗੇ ਭਾਅ 'ਤੇ ਮੈਡਲ ਉਲੰਪਿਕਸ ਵਿਚ ਮਿਲਦੇ ਹਨ, ਉਸ ਭਾਅ 'ਤੇ ਸੰਸਾਰ ਵਿਚ ਕੁਝ ਨਹੀਂ ਮਿਲਦਾ।

ਟੁੱਟੇ ਪਰਿਵਾਰਾਂ ਦੇ ਬੱਚੇ, ਕੋਈ ਪਰਿਵਾਰ ਜੁੜਨ ਨਹੀਂ ਦਿੰਦੇ।

ਕੁੱਤੇ ਦਾ ਮਾਲਕ ਨੂੰ ਮਿਲਣ ਦਾ ਉਤਸ਼ਾਹ, ਕੁੱਤੇ ਨੂੰ ਮਨੁੱਖਾਂ ਤੋਂ ਵਖਰਿਆਉਂਦਾ ਹੈ।

ਕਈ ਵਾਰੀ ਕੋਈ ਚੀਜ਼ ਦਿਲ ਦੀਆਂ ਡੂੰਘਾਈਆਂ ਵਿਚੋਂ ਲਿਖੀ ਜਾਂਦੀ ਹੈ; ਲਿਖਣ ਮਗਰੋਂ ਹੀ ਪਤਾ ਲੱਗਦਾ ਹੈ ਕਿ ਦਿਲ ਕਿਤਨਾ ਡੂੰਘਾ ਹੈ।

ਸਾਦਗੀ ਦੀਆਂ ਮੌਜਾਂ, ਸ਼ਹਾਨਾ ਹੁੰਦੀਆਂ ਹਨ।

ਕਈਆਂ ਦਾ ਦੁਖਾਂਤ ਇਹ ਹੁੰਦਾ ਹੈ ਕਿ ਉਹ ਹਰ ਸਹੀ ਥਾਂ 'ਤੇ ਪੱਛੜ ਕੇ ਪਹੁੰਚਦੇ ਹਨ।

ਜਿਥੇ ਗਰੀਬੀ ਹੁੰਦੀ ਹੈ, ਉਥੇ ਹਰ ਚੀਜ਼ ਕੰਮ ਆਉਣ ਵਾਲੀ ਹੁੰਦੀ ਹੈ, ਸੋ ਕੁਝ ਵੀ ਬਾਹਰ ਨਹੀਂ ਸੁੱਟਿਆ ਜਾਂਦਾ।

ਕਿਸੇ ਦੀ ਸੁੰਦਰਤਾ ਵੇਖੀ ਅੱਖਾਂ ਨਾਲ ਜਾਂਦੀ ਹੈ, ਪਰ ਇਹ ਮਾਣੀ ਕਲਪਨਾ ਨਾਲ ਜਾਂਦੀ ਹੈ।

ਵਿਰੋਧ ਨਾਲ ਦੋਵੇਂ ਧਿਰਾਂ ਚੌਕੰਨੀਆਂ ਰਹਿੰਦੀਆਂ ਹਨ; ਮੁਕਾਬਲੇ ਨਾਲ ਦੋਵੇਂ ਧਿਰਾਂ ਵਿਕਾਸ ਕਰਦੀਆਂ ਹਨ, ਝਗੜੇ ਨਾਲ ਦੋਵੇਂ ਧਿਰਾਂ ਨਿਘਰਦੀਆਂ ਹਨ; ਸਹਿਯੋਗ ਨਾਲ ਦੋਵੇਂ ਧਿਰਾਂ ਸਫ਼ਲ ਹੁੰਦੀਆਂ ਹਨ; ਜਿਹੜਾ ਢੰਗ ਠੀਕ ਲੱਗੇ, ਅਪਣਾ ਲੈਣਾ।

ਅਜਨਬੀਆਂ ਨੂੰ ਖ਼ੁਸ਼ ਹੋ ਕੇ ਮਿਲਣਾ ਅਤੇ ਮਿਲ ਕੇ ਖ਼ੁਸ਼ ਹੋਣਾ, ਖ਼ੁਸ਼ਹਾਲ ਵਿਅਕਤੀਆਂ ਦੇ ਲੱਛਣ ਹੁੰਦੇ ਹਨ।

ਖੇਡਾਂ ਅਸਲ ਜੀਵਨ ਨਹੀਂ ਹੁੰਦੀਆਂ, ਪਰ ਇਹ ਅਸਲ ਜੀਵਨ ਲਈ ਬੜੀ ਪੱਕੀ ਤਿਆਰੀ ਹੁੰਦੀਆਂ ਹਨ।

ਮਨੁੱਖ, ਵਿਰੋਧਾਂ ਦਾ ਮਿਲਗੋਭਾ ਹੈ; ਵਿਆਹ ਵੀ ਕਰਨਾ ਚਾਹੁੰਦਾ ਹੈ, ਸੁਤੰਤਰ ਵੀ ਰਹਿਣਾ ਚਾਹੁੰਦਾ ਹੈ; ਵਫ਼ਾਦਾਰੀ ਦਾ ਦਾਅਵਾ ਵੀ ਕਰਦਾ ਹੈ, ਹੋਰਾਂ ਨਾਲ ਅੱਖਾਂ ਵੀ ਲੜਾਉਂਦਾ ਹੈ।

ਮਿਲਣੀ ਸੰਖੇਪ ਰੱਖੋ, ਹਰ ਕੋਈ ਮਿਲਣਾ ਪਸੰਦ ਕਰੇਗਾ।

ਘੋੜੇ ਦੀ ਸਵਾਰੀ ਕਰਨ ਵਾਲੀ ਇਸਤਰੀ ਨਾਲ, ਉਸ ਵੱਲੋਂ ਸਵਾਰੀ ਕਰਨ ਦੀ ਆਦਤ ਕਾਰਨ, ਮੁਹੱਬਤ ਕਰਨੀ ਸੌਖੀ ਨਹੀਂ ਹੁੰਦੀ।

ਬਰਾਬਰ ਦੀਆਂ ਟੀਮਾਂ ਵਿਚ, ਜਦੋਂ ਮੈਚ ਦਿਲਚਸਪ ਹੋ ਜਾਵੇ ਤਾਂ ਉਸ ਮੈਚ ਨੂੰ ਖਿਡਾਰੀ ਨਹੀਂ, ਦਰਸ਼ਕ ਖੇਡਣ ਲੱਗ ਪੈਂਦੇ ਹਨ।

ਜੇ ਤੁਸੀਂ ਕਦੇ ਉਦਾਸ-ਮਾਯੂਸ ਨਹੀਂ ਹੁੰਦੇ ਤਾਂ ਇਸ ਦਾ ਅਰਥ ਇਹੀ ਹੋ ਸਕਦਾ ਹੈ ਕਿ ਤੁਸੀਂ ਜਿਊਂ ਨਹੀਂ ਰਹੇ।

ਉਲੰਪਿਕਸ ਵਿਚ ਭਾਗ ਲੈਣ ਵਾਲੇ, ਚਾਰ ਸਾਲ ਦਾ ਗਰਭ ਹੰਢਾਉਂਦੇ ਹਨ।

ਕਿਉਂਕਿ ਪਿਆਰ ਦੀ ਕੋਈ ਸੀਮਾ ਨਹੀਂ, ਇਸ ਲਈ ਪਿਆਰ ਦੇ ਆਨੰਦ ਅਤੇ ਇਸ ਦੀ ਉਦਾਸੀ ਦੀ ਵੀ ਕੋਈ ਸੀਮਾ ਨਹੀਂ।

ਕੋਈ ਵੀ ਰਿਸ਼ਤਾ ਇਸ ਅਧਾਰ 'ਤੇ ਨਹੀਂ ਚੱਲਦਾ ਕਿ ਅਸੀਂ ਇਕ-ਦੂਜੇ ਨੂੰ ਸਮਝਦੇ ਕਿਤਨਾ ਹਾਂ; ਸਗੋਂ ਇਸ ਅਧਾਰ 'ਤੇ ਚੱਲਦਾ ਹੈ ਕਿ ਅਸੀਂ ਇਕ-ਦੂਜੇ ਸਬੰਧੀ ਗਲਤ-ਫ਼ਹਿਮੀਆਂ ਤੋਂ ਬਚਦੇ ਕਿਵੇਂ ਹਾਂ।

ਖੇਡਾਂ ਵਿਚ ਜਿੱਤ ਕਦੇ-ਕਦੇ ਹੁੰਦੀ ਹੈ, ਹਾਰ ਹੁੰਦੀ ਰਹਿੰਦੀ ਹੈ।

ਫ਼ੈਸਲਾਕੁਨ ਪੜਾਓ ਵਿਚ, ਫ਼ੁੱਟਬਾਲ ਦੀ ਖੇਡ, ਗੋਲਕੀਪਰ ਦੇ ਆਲੇ-ਦੁਆਲੇ ਘੁੰਮਣ ਲੱਗ ਪੈਂਦੀ ਹੈ।

ਕਾਰਲ ਮਾਰਕਸ, ਰੱਬ ਨੂੰ ਨਾ ਮੰਨਣ ਵਾਲਿਆਂ ਦਾ ਰੱਬ ਹੈ।

ਖਾਣਾ ਬਹੁਤ ਸਵਾਦ ਹੋਵੇ ਤਾਂ ਖਾਣ-ਪੀਣ ਦੇ ਨੇਮਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਇਸਤਰੀਆਂ ਦੂਜਿਆਂ ਬਾਰੇ ਵੇਰਵੇ ਖੋਜਣ ਵਿਚ ਮਾਹਿਰ ਹੁੰਦੀਆਂ ਹਨ; ਜੇ ਖੋਜਿਆਂ ਕੁਝ ਨਾ ਲੱਭੇ ਤਾਂ ਵੇਰਵੇ ਉਹ ਆਪ ਜੋੜ ਲੈਂਦੀਆਂ ਹਨ।

ਚੈਂਪੀਅਨ ਨੂੰ ਅਸਫ਼ਲਤਾ ਦਾ ਡਰ ਹੁੰਦਾ ਹੈ, ਬਾਕੀਆਂ ਨੂੰ ਜਿੱਤਣ ਦਾ ਲਾਲਚ ਹੁੰਦਾ ਹੈ।

ਖ਼ੂਨ ਦੇ ਰਿਸ਼ਤਿਆਂ ਵਿਚ ਖ਼ੂਨ ਵਾਲੀ ਤਾਕਤ ਹੁੰਦੀ ਹੈ, ਇਸੇ ਕਰਕੇ ਇਨ੍ਹਾਂ ਨੂੰ ਤੋੜਨ ਵਿਚ ਬਹੁਤ ਜ਼ੋਰ ਲੱਗਦਾ ਹੈ।

ਜਿਉਂ-ਜਿਉਂ ਪਿਆਰ ਘਟਦਾ ਹੈ, ਇਕ-ਦੂਜੇ ਦੀਆਂ ਸ਼ਿਕਾਇਤਾਂ ਲੰਮੀਆਂ ਪਰ ਹੁੰਗਾਰੇ ਛੋਟੇ ਹੁੰਦੇ ਜਾਂਦੇ ਹਨ।

ਗੁੱਸੇ ਦੇ ਕਾਰਨਾਂ ਨਾਲੋਂ, ਗੁੱਸੇ ਦੇ ਸਿੱਟੇ ਵਧੇਰੇ ਗੰਭੀਰ ਹੁੰਦੇ ਹਨ।

ਸਾਡੀ ਵਿੱਦਿਅਕ ਪ੍ਰਣਾਲੀ, ਕੰਮ ਨਾਲ ਹੱਥ ਗੰਦੇ ਕਰਨ ਦੀ ਆਗਿਆ ਨਹੀਂ ਦਿੰਦੀ।

ਹਰ ਵਾਰ ਸਫ਼ਲ ਹੋਣ ਵਾਲਾ ਹਰਮਨ-ਪਿਆਰਾ ਨਹੀਂ ਰਹਿੰਦਾ, ਕਿਉਂਕਿ ਉਹ ਹੋਰਾਂ ਦਾ ਰਾਹ ਰੋਕ ਲੈਂਦਾ ਹੈ।

ਜੇਤੂਆਂ ਨੂੰ ਹਾਰਿਆਂ ਦੀ ਨਫ਼ਰਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇ ਉਨ੍ਹਾਂ ਦੀ ਖੇਡ ਵਿਚ ਨੁਕਸ ਨਾ ਲੱਭੇ ਤਾਂ ਉਨ੍ਹਾਂ ਦੇ ਵਿਹਾਰ ਵਿਚ ਨੁਕਸ ਕੱਢਿਆ ਜਾਂਦਾ ਹੈ।

ਪਿੰਡ ਵਿਚ ਨਿਰਪੱਖ ਹੋ ਕੇ ਨਹੀਂ ਰਿਹਾ ਜਾ ਸਕਦਾ, ਜਾਂ ਇਸ ਧੜੇ ਦੇ ਬਣੋ ਜਾਂ ਉਸ ਧੜੇ ਦੇ; ਨਿਰਪੱਖ ਹੋਵੋਗੇ, ਦੋਵੇਂ ਧੜੇ ਪਰੇਸ਼ਾਨ ਕਰਨਗੇ।

ਭੀੜ, ਕਮਜ਼ੋਰ ਦਾ ਸਾਥ ਦਿੰਦੀ ਹੈ; ਜਦੋਂ ਕਮਜ਼ੋਰ, ਸ਼ਕਤੀਸ਼ਾਲੀ ਹੋ ਜਾਂਦੇ ਹਨ ਤਾਂ ਭੀੜ ਉਨ੍ਹਾਂ ਦੇ ਵਿਰੁੱਧ ਹੋ ਜਾਂਦੀ ਹੈ।

ਸਫ਼ਲ ਹੋਵੋ, ਹੀਰੋ ਬਣੋ, ਲੱਖਾਂ ਮਤਵਾਲੇ ਉਪਜਣਗੇ ਅਤੇ ਹਜ਼ਾਰਾਂ ਖਾਰ ਖਾਣਗੇ।

ਸੋਹਣੀ ਇਸਤਰੀ ਦੀ ਸੁੰਦਰਤਾ ਵਿਚ, ਜੇ ਕੋਈ ਨੁਕਸ ਨਾ ਲੱਭੇ ਤਾਂ ਨੁਕਸ ਉਸ ਦੇ ਚਰਿੱਤਰ ਵਿਚ ਕੱਢਿਆ ਜਾਂਦਾ ਹੈ, ਜੇ ਚਰਿੱਤਰ ਵਿਚ ਵੀ ਕੋਈ ਨੁਕਸ ਨਾ ਲੱਭੇ ਤਾਂ ਨੁਕਸ ਨੂੰ ਉਸ ਦੇ ਵਿਹਾਰ ਵਿਚੋਂ ਲੱਭਿਆ ਜਾਂਦਾ ਹੈ, ਜਦੋਂ ਤਕ ਨੁਕਸ ਨਹੀਂ ਲੱਭਦਾ, ਲੱਭਣ ਦੇ ਯਤਨ ਜਾਰੀ ਰੱਖੇ ਜਾਂਦੇ ਹਨ।

ਬਾਦਸ਼ਾਹਾਂ ਦੇ ਕਾਰਨਾਮਿਆਂ ਨਾਲੋਂ, ਉਨ੍ਹਾਂ ਦੀਆਂ ਕਰਤੂਤਾਂ ਵਧੇਰੇ ਦਿਲਚਸਪੀ ਨਾਲ ਸੁਣੀਆਂ-ਸੁਣਾਈਆਂ ਜਾਂਦੀਆਂ ਹਨ।

ਚੰਗਾ ਮਹਿਮਾਨ ਉਹ ਹੁੰਦਾ ਹੈ, ਜਿਸ ਨੂੰ ਸਹੀ ਸਮੇਂ 'ਤੇ, ਸਹੀ ਢੰਗ ਨਾਲ ਰਵਾਨਾ ਹੋਣ ਦਾ ਹੁਨਰ ਆਉਂਦਾ ਹੈ।

ਅਟਕਿਆ ਹੋਇਆ ਮਨ, ਭਟਕਦਾ ਰਹਿੰਦਾ ਹੈ।

ਕਿਸੇ ਕੰਮ ਨੂੰ ਮੁਕੰਮਲ ਕਰਨ ਤੋਂ ਪਹਿਲਾਂ, ਉਸ ਨੂੰ ਸਹੀ ਢੰਗ ਨਾਲ ਅਰੰਭ ਕਰਨਾ ਜ਼ਰੂਰੀ ਹੁੰਦਾ ਹੈ।

ਪਤਨੀ ਦੀ ਸਿਆਣਪ ਦਾ ਸਨਮਾਨ ਕਰੋ, ਉਹ ਤੁਹਾਨੂੰ ਸਿਆਣਾ ਕਹੇਗੀ ਹੀ ਨਹੀਂ, ਸਿਆਣਾ ਬਣਾ ਵੀ ਦੇਵੇਗੀ।

ਨਿੱਕੇ-ਨਿੱਕੇ ਮੌਕੇ ਅਕਸਰ ਵੱਡੀਆਂ ਪ੍ਰਾਪਤੀਆਂ ਦਾ ਮੁੱਢ ਬੰਨ੍ਹ ਦਿੰਦੇ ਹਨ।

ਪੁਰਸ਼ਾਂ ਕੋਲ, ਇਸਤਰੀਆਂ ਨਾਲੋਂ ਅਕਲ ਵੱਧ ਨਹੀਂ ਹੁੰਦੀ, ਬਾਹਰਲੇ ਸੰਸਾਰ ਦੀ ਕੇਵਲ ਸੂਚਨਾ ਵੱਧ ਹੁੰਦੀ ਹੈ।

ਮਹਿਗਾਈ, ਆਮ ਆਦਮੀ ਨੂੰ ਹਰ ਰੋਜ਼ ਹਰਾ ਦਿੰਦੀ ਹੈ।

ਜੇ ਤੁਸੀਂ ਹੋਰਾਂ ਨੂੰ ਸੁਣਨ ਦੀ ਜਾਚ ਸਿਖ ਲਵੋ ਤਾਂ ਲੋਕ ਤੁਹਾਨੂੰ ਧਿਆਨ ਨਾਲ ਸੁਣਨ ਲੱਗ ਪੈਣਗੇ।

ਪਿਆਰ, ਫ਼ਾਸਲੇ ਨਾਲ ਵਧਦਾ ਹੈ, ਨੇੜਤਾ ਨਾਲ ਫੈਲਦਾ ਹੈ।

ਨਾਲੀ ਸੁੱਕੀ ਅਤੇ ਖਾਲੀ ਚੰਗੀ ਲੱਗਦੀ ਹੈ; ਨਹਿਰ, ਭਰੀ ਅਤੇ ਵਗਦੀ ਹੋਈ।

ਕੋਈ ਵੀ ਸਿਧਾਂਤ ਸਦੀਵੀ ਨਹੀਂ ਹੁੰਦਾ, ਹਰ ਸਿਧਾਂਤ ਦੇ ਆਲੇ-ਦੁਆਲੇ ਸਮੇਂ ਦੀ ਵਾੜ ਹੁੰਦੀ ਹੈ।

ਅਕਾਲ ਪੈਣ ਉਪਰੰਤ, ਕਈ ਸਾਲ, ਲੋਕ ਭੁੱਖ ਦੇ ਡਰ ਤੋਂ ਪੀੜਤ ਰਹਿੰਦੇ ਹਨ।

ਜਿਉਂ-ਜਿਉਂ ਮਨੋਰੰਜਨ ਵੱਧ ਰਿਹਾ ਹੈ, ਤਿਉਂ-ਤਿਉਂ ਮਨੁੱਖ ਵਧੇਰੇ ਅੱਕ ਰਿਹਾ ਹੈ।

ਟੈਲੀਵਿਜ਼ਨ 'ਤੇ ਇਸ਼ਤਿਹਾਰ ਚੰਗੀਆਂ ਚੀਜ਼ਾਂ ਦਾ ਮਹੱਤਵ ਘਟਾਉਂਦੇ ਹਨ ਅਤੇ ਫ਼ਜ਼ੂਲ ਚੀਜ਼ਾਂ ਦੀ ਖਰੀਦਦਾਰੀ ਵਧਾਉਂਦੇ ਹਨ।

ਅਨੁਸ਼ਾਸਨ ਤੋਂ ਬਿਨਾਂ ਪੈਸਾ ਭਾਵੇਂ ਇਕੱਠਾ ਕੀਤਾ ਜਾ ਸਕਦਾ ਹੈ, ਪਰ ਅਮੀਰ ਨਹੀਂ ਹੋਇਆ ਜਾ ਸਕਦਾ।

ਚਿੰਤਾ ਕਾਰਜ ਵਿਚ ਨਹੀਂ ਹੁੰਦੀ, ਨਿਕਲਣ ਵਾਲੇ ਸਿੱਟੇ ਜਾਂ ਨਤੀਜੇ ਵਿਚ ਹੁੰਦੀ ਹੈ।

ਸੰਸਾਰ ਵਿਚ ਕੇਵਲ ਈਸਾ ਹੈ, ਜਿਸ ਦਾ ਜਨਮ-ਦਿਨ, ਮਰਨ-ਦਿਨ ਅਤੇ ਪੁਨਰ-ਜਨਮ-ਦਿਨ ਵੀ ਮਨਾਇਆ ਜਾਂਦਾ ਹੈ।

ਚਰਿੱਤਰ ਦਰੱਖ਼ਤ ਵਾਂਗ ਅਤੇ ਮਾਣ-ਸਤਿਕਾਰ ਛਾਂ ਵਾਂਗ ਹੁੰਦਾ ਹੈ।

ਮਨੁੱਖ, ਮੁਸੀਬਤ ਵੇਲੇ, ਅਕਾਸ਼ ਵੱਲ ਵੇਖਦਾ ਹੈ, ਕਿਉਂਕਿ ਅਕਾਸ਼ ਸਭ ਦਾ ਰਖਵਾਲਾ ਅਤੇ ਪਿਤਾ ਸਮਝਿਆ ਜਾਂਦਾ ਹੈ।

'ਮਾਂ ਨੂੰ ਚੰਗਾ ਨਹੀਂ ਲੱਗੇਗਾ' ਦੇ ਅਰਥ ਹਨ 'ਇਵੇਂ ਨਹੀਂ ਕਰਨਾ।'

ਸਫਲ ਬਜ਼ੁਰਗ ਨੂੰ ਪਤਾ ਹੁੰਦਾ ਹੈ ਕਿ ਕਿਥੇ ਬੱਚੇ ਵਾਂਗ ਅਤੇ ਕਿਥੇ ਜਵਾਨ ਵਾਂਗ ਵਿਚਰਨਾ ਹੈ।

ਪਿਆਰ ਕਰਨ ਲਈ ਸਭ ਤੋਂ ਢੁਕਵਾਂ ਮੌਸਮ 'ਹਮੇਸ਼ਾਂ' ਕਹਾਉਂਦਾ ਹੈ।

ਕੰਮ ਨਾ ਕਰਨ ਦੇ ਸੈਂਕੜੇ ਕਾਰਨ ਹੁੰਦੇ ਹਨ, ਕਰਨ ਦਾ ਇਕ ਹੀ ਕਾਰਨ ਹੁੰਦਾ ਹੈ; ਕਰਨਾ ਹੈ।

ਜ਼ਿੰਦਗੀ ਵਿਚ ਪ੍ਰਸੰਨ ਹੋਣ ਦੇ ਅਵਸਰ ਵੀਹ-ਤੀਹ ਤੋਂ ਵੱਧ ਨਹੀਂ ਹੁੰਦੇ ਪਰ ਦੁਖੀ ਕਰਨ ਵਾਲੀਆਂ ਹਾਲਤਾਂ ਦੀ ਗਿਣਤੀ ਕਰਨੀ ਸੰਭਵ ਨਹੀਂ ਹੁੰਦੀ।

ਆਪਣਿਆਂ ਵੱਲੋਂ ਸਤਿਕਾਰਿਆ ਜਾਣਾ, ਬੜੀ ਵੱਡੀ ਪ੍ਰਾਪਤੀ ਹੁੰਦੀ ਹੈ।

ਮਹਾਨ ਵਿਚਾਰ, ਜ਼ਿੰਦਗੀ ਦਾ ਪੈਂਡਾ ਸੌਖਾ ਕਰ ਦਿੰਦੇ ਹਨ।

ਅੰਗਰੇਜ਼ਾਂ ਨੇ ਭਾਰਤ 'ਤੇ ਦੋ ਸਦੀਆਂ ਰਾਜ ਕੀਤਾ, ਪਰ ਉਨ੍ਹਾਂ ਨੇ ਭਾਰਤ ਦੀ ਰਸੋਈ 'ਤੇ ਕੋਈ ਪ੍ਰਭਾਵ ਨਹੀਂ ਪਾਇਆ।

ਜਦੋਂ ਕੋਈ ਪਿਤਾ, ਆਪਣੀ ਕਿਸੇ ਗਲਤ ਆਦਤ ਨੂੰ ਆਪਣੇ ਬੱਚਿਆਂ ਵਿਚ ਵੇਖਦਾ ਹੈ ਤਾਂ ਉਹ ਦੁਖੀ ਹੀ ਨਹੀਂ, ਬਹੁਤ ਦੁਖੀ ਹੁੰਦਾ ਹੈ, ਕਿਉਂਕਿ ਉਸ ਕੋਲ ਉਸ ਆਦਤ ਤੋਂ, ਬੱਚਿਆਂ ਨੂੰ ਮਨ੍ਹਾ ਕਰਨ ਦੀ, ਇਖ਼ਲਾਕੀ ਸ਼ਕਤੀ ਨਹੀਂ ਹੁੰਦੀ।

ਸਰਕਾਰੀ ਅਧਿਕਾਰੀ ਸਭ ਕੁਝ ਜਾਣਦੇ ਹੋਣ ਦੇ ਭਰਮ ਦਾ ਸ਼ਿਕਾਰ ਹੁੰਦੇ ਹਨ।

ਜਦੋਂ ਕੋਈ ਆਪਣੇ ਆਦਰਸ਼ਾਂ ਦੀ ਥਾਂ ਆਪਣੀਆਂ ਪ੍ਰਾਪਤੀਆਂ ਦੇ ਵਧੇਰੇ ਵੇਰਵੇ ਦੇਣ ਲੱਗ ਪਵੇ, ਇਹ ਪ੍ਰਮਾਣ ਹੈ ਕਿ ਉਹ ਬੁੱਢਾ ਹੋ ਗਿਆ ਹੈ।

ਚਿੱਤਰਕਾਰ ਲਈ ਸਰੀਰਕ ਅੰਗਾਂ ਦਾ ਗਿਆਨ ਜ਼ਰੂਰੀ ਹੁੰਦਾ ਹੈ, ਵਿਸ਼ਵ-ਪ੍ਰਸਿਧ ਮੋਨਾਲੀਜ਼ਾ ਦਾ ਚਿੱਤਰ ਬਣਾਉਣ ਵਾਲੇ ਲਿਓਨਾਰਦੋ ਨੇ ਚਿੱਤਰ ਬਣਾਉਣ ਤੋਂ ਪਹਿਲਾਂ, ਤੀਹ ਮੁਰਦਾ ਸਰੀਰਾਂ ਦੀ ਚੀਰ-ਫਾੜ ਕੀਤੀ ਸੀ।

ਇਤਿਹਾਸ ਇਹੀ ਦੱਸਦਾ ਹੈ ਕਿ ਕੀ ਵਾਪਰਿਆ ਸੀ, ਇਹ ਨਹੀਂ ਦੱਸਦਾ ਕਿ ਕੀ ਵਾਪਰਨਾ ਚਾਹੀਦਾ ਸੀ।

ਜੇਤੂ ਕਦੇ ਨਹੀਂ ਥੱਕਦਾ, ਥੱਕਣ ਵਾਲਾ ਕਦੇ ਨਹੀਂ ਜਿੱਤਦਾ।

ਪੂਰਬੀ ਦੇਸ਼ਾਂ ਦੇ ਬਜ਼ਾਰਾਂ ਵਿਚ ਪਹਿਲੀ ਦੱਸੀ ਕੀਮਤ ਦੇ ਕੋਈ ਅਰਥ ਨਹੀਂ ਹੁੰਦੇ।

ਵਿਆਹ ਵੇਲੇ ਦੁਲਹਨ ਬੋਲਣ ਦੇ ਮੁਕਾਬਲੇ, ਚੁੱਪ ਵਧੇਰੇ ਸੋਹਣੀ ਲੱਗਦੀ ਹੈ ਅਤੇ ਲਾੜੇ ਦਾ ਹੱਸਣ ਦੇ ਮੁਕਾਬਲੇ, ਮੁਸਕਰਾਉਣਾ ਵਧੇਰੇ ਦਿਲਕਸ਼ ਲੱਗਦਾ ਹੈ।

ਭਾਸ਼ਾ-ਵਿਗਿਆਨੀ ਕੋਲ ਭਾਸ਼ਾ ਦੀ ਰੰਗੀਨੀ ਘੱਟ ਅਤੇ ਬੇਰੰਗ ਵਿਆਕਰਣ ਵੱਧ ਹੁੰਦੀ ਹੈ।

ਪੰਛੀ ਆਲ੍ਹਣਾ ਪਾਉਣ ਉਪਰੰਤ ਹੀ ਗੀਤ ਗਾਉਂਦੇ ਹਨ।

ਪੰਜਾਬ ਦਾ ਇਤਿਹਾਸ ਤਲਵਾਰਾਂ ਦਾ ਲਿਖਿਆ ਹੋਇਆ ਹੈ, ਪੰਜਾਬ ਨੂੰ ਕਲਮ ਪਿੱਛੇ ਜਿਹੇ ਹੀ ਮਿਲੀ ਹੈ।

ਪਹਿਲਾਂ ਪਰਿਵਾਰ ਆਪਣੇ ਬੱਚਿਆਂ ਨੂੰ ਬਾਹਰੀ ਪ੍ਰਭਾਵ ਗ੍ਰਹਿਣ ਕਰਨ ਲਈ ਤਿਆਰ ਕਰਦੇ ਸਨ, ਹੁਣ ਬਾਹਰੀ ਪ੍ਰਭਾਵਾਂ ਤੋਂ ਬਚਾਉਣ ਬਾਰੇ ਸੋਚਦੇ ਹਨ।

ਜ਼ਿੰਦਗੀ ਦੇ ਸੁੱਖ-ਦੁੱਖ, ਲੂਣ ਅਤੇ ਕਾਲੀ ਮਿਰਚ ਵਾਂਗ ਰਲੇ-ਮਿਲੇ ਹੋਏ ਹਨ।

ਕਈ ਪਾਠਕਾਂ ਦੀ ਦਿਲਚਸਪੀ ਹਰੇਕ ਪੁਸਤਕ ਵਿਚ ਗਲਤੀਆਂ ਕੱਢਣ ਅਤੇ ਨੁਕਸ ਲੱਭਣ ਵਿਚ ਹੀ ਹੁੰਦੀ ਹੈ।

ਮੌਕੇ ਅਤੇ ਹਿੰਮਤ ਦੇ ਮਿਲਾਪ ਨੂੰ ਕਿਸਮਤ ਕਹਿੰਦੇ ਹਨ।

ਜੇ ਤੁਹਾਡੇ ਵਿਚ ਆਪਣਾ ਰਾਹ ਚੁਣਨ ਦਾ ਹੌਸਲਾ, ਉਸ ਰਾਹ 'ਤੇ ਚੱਲਣ ਦੀ ਹਿੰਮਤ ਅਤੇ ਉਸ ਰਾਹ ਦੀਆਂ ਮੁਸ਼ਕਿਲਾਂ ਸਹਾਰਨ ਦਾ ਜਿਗਰਾ ਹੈ ਤਾਂ ਉਹ ਰਾਹ ਤੁਹਾਡੇ ਪਿੱਛੇ-ਪਿੱਛੇ ਚੱਲ ਪਏਗਾ।

ਵਾਰਤਕ ਦੀ ਉਡਾਣ ਦੂਰ ਤਕ ਹੁੰਦੀ ਹੈ, ਕਵਿਤਾ ਦੀ ਬਹੁਤ ਉੱਚੀ।

ਅਣਵਰਤਿਆ ਗਿਆਨ, ਅੰਨ੍ਹੇ ਦੇ ਹੱਥ ਵਿਚ ਮਿਸ਼ਾਲ ਵਾਂਗ ਹੁੰਦਾ ਹੈ।

ਹਾਸਾ ਕਈ ਪ੍ਰਕਾਰ ਦਾ ਹੁੰਦਾ ਹੈ; ਭਾਰ-ਮੁਕਤ ਕਰਨ ਵਾਲਾ, ਸ਼ਰਮਸਾਰ ਕਰਨ ਵਾਲਾ, ਦੋਸਤੀ ਪਾਉਣ ਵਾਲਾ, ਦੁਸ਼ਮਣੀ ਵਧਾਉਣ ਵਾਲਾ।

ਚੰਗੀ ਗੱਲਬਾਤ ਨਾਲ ਖਿਚੜੀ ਵੀ, ਹੈਦਰਾਬਾਦੀ ਬਿਰਿਆਨੀ ਦਾ ਸਵਾਦ ਦਿੰਦੀ ਹੈ।

ਅਜ਼ਾਦ ਦੇਸ਼ਾਂ ਦੇ ਖੇਤ ਵਧੇਰੇ ਉਪਜ ਦਿੰਦੇ ਹਨ।

ਕਈ ਵਾਰੀ ਦਿਲ ਕਹਿੰਦਾ ਹੈ 'ਹਾਂ' ਪਰ ਹਿੰਮਤ ਕਹਿੰਦੀ ਹੈ 'ਨਾਂਹ'।

ਜਿਨ੍ਹਾਂ ਕੰਮਾਂ ਵਿਚ ਤਜਰਬਾ ਚਾਹੀਦਾ ਹੁੰਦਾ ਹੈ, ਉਥੇ ਹੰਢੇ ਹੋਏ ਵਿਅਕਤੀ ਲਾਓ; ਜਿਥੇ ਜੋਸ਼ ਚਾਹੀਦਾ ਹੈ, ਉਥੇ ਜਵਾਨ ਲਾਓ; ਜਿਸ ਕੰਮ ਵਿਚ ਬਰੀਕੀ ਅਤੇ ਸਲੀਕੇ ਦੀ ਲੋੜ ਹੈ, ਉਥੇ ਕਿਸੇ ਮਾਂ ਨੂੰ ਲਾਓ; ਜਿਥੇ ਕੰਮ ਮੁਕਾਉਣ ਦੀ ਲੋੜ ਹੋਵੇ, ਉਥੇ ਆਪ ਲੱਗੋ।

ਜੇ ਡਾਕਟਰ 'ਤੇ ਭਰੋਸਾ ਹੋਵੇ ਤਾਂ ਇਲਾਜ ਸੌਖਾ ਅਤੇ ਜਲਦੀ ਹੋ ਜਾਂਦਾ ਹੈ।

ਸਭ ਪ੍ਰਕਾਰ ਦੇ ਫ਼ਾਸਲੇ ਮੁੱਕ ਗਏ ਹਨ, ਹੁਣ ਸੰਸਾਰ ਦਾ ਹਰ ਵਿਅਕਤੀ, ਹਰ ਵਿਅਕਤੀ ਦਾ ਗਵਾਂਢੀ ਹੈ।

ਜੇ ਬੱਚਿਆਂ ਵਿਚ ਅੰਤਰ ਇਕ-ਦੋ ਸਾਲ ਦਾ ਹੀ ਹੋਵੇ ਤਾਂ ਦੂਜਾ ਬੱਚਾ ਮੁਫ਼ਤ ਹੀ ਪਲ ਜਾਂਦਾ ਹੈ।

ਸਵੈ-ਵਿਸ਼ਵਾਸ ਅਤੇ ਸਵੈ-ਸਨਮਾਨ ਦੀ ਘਾਟ, ਸਾਨੂੰ ਬੇਲੋੜੀਆਂ ਚੀਜ਼ਾਂ ਖਰੀਦਣ ਦੇ ਰਾਹ ਪਾ ਦਿੰਦੀ ਹੈ।

ਜਿਥੇ ਹੱਕ ਵੀ ਨਾ ਮਿਲੇ, ਉਥੇ ਇਨਾਮ ਦੀ ਆਸ ਫ਼ਜ਼ੂਲ ਹੁੰਦੀ ਹੈ।

ਰੋਜ਼ਗਾਰ ਤੋਂ ਬਿਨਾਂ ਜਵਾਨ; ਮਾਂ ਤੋਂ ਬਿਨਾਂ ਬੱਚਾ; ਪਤੀ ਤੋਂ ਬਿਨਾਂ ਇਸਤਰੀ ਅਤੇ ਪਤਨੀ ਤੋਂ ਬਿਨਾਂ ਬਜ਼ੁਰਗ, ਬਦਕਿਸਮਤ ਹੁੰਦੇ ਹਨ।

ਜੇ ਸਿੱਖਣ ਦੀ ਮਰਜ਼ੀ ਹੋਵੇ ਤਾਂ ਇਕ ਕੀੜੀ ਤੋਂ ਵੀ ਬੜਾ ਕੁਝ ਸਿੱਖਿਆ ਜਾ ਸਕਦਾ ਹੈ।

ਬਜ਼ੁਰਗ ਨੂੰ ਪੁੱਛੋ, ਕੀ ਨਵੀਂ ਖ਼ਬਰ ਹੈ? ਦੱਸੇਗਾ, ਅੱਜ ਤੋਂ ਤੀਹ ਸਾਲ ਪਹਿਲਾਂ ਦੀ ਗੱਲ ਹੈ..........

ਪਹਿਲੇ ਸਾਲ: ਮੈਂ ਪਾਸ ਹੋ ਗਿਆ ਹਾਂ।... ਤੂੰ ਅੱਵਲ ਕਿਉਂ ਨਹੀਂ ਆਇਆ?
ਅਗਲੇ ਸਾਲ: ਮੈਂ ਅੱਵਲ ਆ ਗਿਆ ਹਾਂ।... ਇਹ ਕਿਹੋ ਜਿਹੀ ਯੂਨੀਵਰਸਿਟੀ ਹੈ, ਜਿਥੇ ਤੇਰੇ ਵਰਗੇ ਅੱਵਲ ਆ ਜਾਂਦੇ ਹਨ!

ਪੁਰਾਣੀਆਂ ਕਿਤਾਬਾਂ ਸਾਡੀ ਸੋਚ ਨੂੰ ਜਵਾਨ ਰੱਖਦੀਆਂ ਹਨ, ਨਵੀਆਂ ਕਿਤਾਬਾਂ ਇਹ ਸੋਚਣ ਲਾ ਦਿੰਦੀਆਂ ਹਨ ਕਿ ਜਵਾਨੀ ਕਿਧਰ ਜਾ ਰਹੀ ਹੈ।

ਜਿਥੇ ਹੋਵੇ ਪਿਆਰ, ਉਥੇ ਕਰੋ ਨਾ ਵਪਾਰ, ਨਹੀਂ ਤਾਂ ਹੋਵੋਗੇ ਖ਼ੁਆਰ।

ਕਈ ਕਹਿੰਦੇ ਹਨ: ਮੈਂ ਰੱਬ ਵਿਚ ਤਾਂ ਹੀ ਵਿਸ਼ਵਾਸ ਕਰਾਂਗਾ, ਜੇ ਰੱਬ ਮੈਨੂੰ ਵਿਖਾਈ ਦੇਵੇ; ਪੁਛੋ: ਕੀ ਤੁਹਾਨੂੰ ਆਪਣਾ ਦਿਮਾਗ ਵਿਖਾਈ ਦਿੰਦਾ ਹੈ?

ਕਣਕ ਹੋਰ ਤਰ੍ਹਾਂ ਬੀਜੀ ਜਾਂਦੀ ਹੈ, ਚਾਵਲ ਹੋਰ ਤਰ੍ਹਾਂ; ਅਰਜ਼ੀ ਹੋਰ ਤਰ੍ਹਾਂ ਲਿਖੀ ਜਾਂਦੀ ਹੈ, ਸ਼ਿਕਾਇਤ ਹੋਰ ਤਰ੍ਹਾਂ; ਪਕੌੜੇ ਹੋਰ ਤਰ੍ਹਾਂ ਤਲੇ ਜਾਂਦੇ ਹਨ, ਜਲੇਬੀਆਂ ਹੋਰ ਤਰ੍ਹਾਂ; ਜੋ ਕੁਝ ਕਰਨ ਦਾ ਠੀਕ ਢੰਗ ਅਪਨਾਓਗੇ, ਤਾਂ ਹੀ ਸਫ਼ਲ ਹੋਵੋਗੇ।

ਰੁੱਸੇ ਹੋਏ ਪਤੀ-ਪਤਨੀ ਵਿਚਕਾਰ, ਸਮਝੌਤੇ ਉਪਰੰਤ ਦਸਤਖ਼ਤ, ਬਿਸਤਰੇ ਵਿਚ ਹੁੰਦੇ ਹਨ ਅਤੇ ਹੁੰਦੇ ਰਹਿੰਦੇ ਹਨ।

ਇਸਤਰੀਆਂ ਲਈ ਕੋਈ ਵੀ ਭਾਵਕ ਮਸਲਾ, ਛੋਟਾ ਮਸਲਾ ਨਹੀਂ ਹੁੰਦਾ।

ਯਾਦ ਰਖੋ ਕਿ ਜਿਹੜਾ ਵੀ ਦਰਵਾਜ਼ਾ ਤੁਹਾਡੇ ਲਈ ਖੁਲ੍ਹਦਾ ਹੈ, ਉਹ ਕਿਸੇ ਹੋਰ ਨੇ ਖੋਲ੍ਹਿਆ ਹੁੰਦਾ ਹੈ।

ਜੇ ਤੁਸੀਂ ਵਕਤ ਸਿਰ ਨਹੀਂ ਪਹੁੰਚ ਸਕਦੇ ਤਾਂ ਵਕਤ ਤੋਂ ਪਹਿਲਾਂ ਪਹੁੰਚੋ; ਵਕਤ ਸਿਰ ਪਹੁੰਚਣਾ ਮੁਸ਼ਕਿਲ ਹੁੰਦਾ ਹੈ, ਵਕਤ ਤੋਂ ਪਹਿਲਾਂ ਪਹੁੰਚਣਾ ਸੌਖਾ ਹੁੰਦਾ ਹੈ।

ਸ਼ਮਸ਼ਾਨਘਾਟ ਨੂੰ ਭਾਵੇਂ ਕਿਤਨਾ ਵੀ ਰਮਣੀਕ ਬਣਾ ਦਿੱਤਾ ਜਾਵੇ, ਇਸ ਥਾਂ ਦੀ ਉਦਾਸੀ ਲੋਪ ਨਹੀਂ ਹੁੰਦੀ।

ਸੁੰਦਰਤਾ ਉਹ ਹੁੰਦੀ ਹੈ, ਜਿਸ ਨੂੰ ਵੇਖ ਕੇ ਦਿਲ ਅੰਗੜਾਈਆਂ ਲੈਣ ਲੱਗ ਪਏ।

ਸੰਗੀਤਕਾਰ ਵਿਸ਼ਵ-ਪ੍ਰਸਿੱਧ ਹੋ ਕੇ ਵੀ ਰਿਆਜ਼ ਕਰਨਾ ਨਹੀਂ ਛੱਡਦੇ; ਸਫ਼ਲ ਵਿਅਕਤੀ ਸਫ਼ਲ ਹੋ ਕੇ, ਹੋਰ ਵਧੇਰੇ ਮਿਹਨਤ ਕਰਦੇ ਰਹਿੰਦੇ ਹਨ।

ਜਦੋਂ ਕਿਸੇ ਇਸਤਰੀ ਨੂੰ ਆਪਣੇ ਪਰੀ ਹੋਣ ਦਾ ਭਰਮ ਪੈ ਜਾਵੇ ਤਾਂ ਉਸ ਦੇ ਪਰ ਨਿਕਲ ਆਉਂਦੇ ਹਨ।

ਅਜੋਕੇ ਬੱਚੇ ਹੋਰਾਂ ਨਾਲ ਵਿਹਾਰ ਕਰਨ ਦੇ ਢੰਗ-ਤਰੀਕੇ, ਮਾਪਿਆਂ-ਅਧਿਆਪਕਾਂ ਤੋਂ ਘੱਟ ਅਤੇ ਟੈਲੀਵਿਜ਼ਨ ਤੋਂ ਵੱਧ ਸਿੱਖਦੇ ਹਨ।

ਵਕਤ ਬਚਾਉਣ ਦੇ ਨਵੇਂ ਢੰਗਾਂ ਨਾਲ ਵਕਤ ਘੱਟ ਰਿਹਾ ਹੈ, ਵੱਧ ਨਹੀਂ ਰਿਹਾ।

ਅਸੰਤੁਸ਼ਟਤਾ ਦੇ ਅਰਥ ਹਨ, ਮੀਂਹ ਵਿਚ ਤਿਹਾਏ, ਸਵੇਰ ਵੇਲੇ ਥੱਕੇ ਹੋਏ ਅਤੇ ਲੰਗਰ ਵਿਚ ਭੁੱਖੇ ਮਹਿਸੂਸ ਕਰਨਾ।

ਜਿਸ ਦੇ ਜਾਣਨ ਨਾਲ ਦੁਬਿਧਾ ਮੁੱਕ ਜਾਵੇ, ਉਹ ਸਦੀਵੀ ਗਿਆਨ ਹੁੰਦਾ ਹੈ।

ਵਿਉਂਤਾਂ ਬਣਾ-ਬਣਾ ਕੇ ਅਤੇ ਸਾਂਭ-ਸਾਂਭ ਕੇ ਪਾਲੇ ਬੱਚੇ, ਯੋਗਤਾ ਦੇ ਪਖੋਂ, ਜਵਾਨ ਹੋਣ ਤੋਂ ਪਹਿਲਾਂ ਹੀ ਮੁਰਝਾ ਜਾਂਦੇ ਹਨ।

ਬੱਚੇ ਬਹਾਦਰੀ ਦੀਆਂ ਕਹਾਣੀਆਂ ਸ਼ੌਕ ਨਾਲ ਸੁਣਦੇ ਹਨ ਅਤੇ ਇਨ੍ਹਾਂ ਨੂੰ ਸੁਣ ਕੇ ਡਰ-ਮੁਕਤ ਹੋ ਜਾਂਦੇ ਹਨ।

ਜਿਥੇ ਵੀ ਪੈਸਾ ਅਤੇ ਤਾਕਤ ਹੋਣਗੇ, ਉਥੇ ਇਨ੍ਹਾਂ ਦੀ ਦੁਰਵਰਤੋਂ ਵੀ ਹੋਵੇਗੀ।

ਡਰਪੋਕ, ਮਰ ਗਿਆਂ ਤੋਂ ਵੀ ਡਰਦਾ ਰਹਿੰਦਾ ਹੈ।

ਜਿਹੜੇ ਵਿਦਿਆਰਥੀ ਕਿਤਾਬਾਂ ਨਹੀਂ ਪੜ੍ਹਦੇ, ਉਹ ਲੈਕਚਰ ਵੀ ਧਿਆਨ ਨਾਲ ਨਹੀਂ ਸੁਣਦੇ।

ਕਿਸੇ ਚੀਜ਼ ਨੂੰ ਸਾਫ਼ ਹੋਣ ਵਾਸਤੇ, ਕਿਸੇ ਹੋਰ ਚੀਜ਼ ਨੂੰ ਗੰਦਾ ਹੋਣਾ ਪੈਂਦਾ ਹੈ।

ਅਜੋਕੇ ਮਨੁੱਖ ਦੀ ਜਾਇਜ਼ ਰਿਸ਼ਤਿਆਂ ਵਿਚ ਦਿਲਚਸਪੀ ਘੱਟ ਗਈ ਹੈ, ਸੋ ਉਹ ਨਾਜਾਇਜ਼ ਰਿਸ਼ਤਿਆਂ ਨੂੰ ਜਾਇਜ਼ ਠਹਿਰਾਉਣ ਵਿਚ ਰੁਝਿਆ ਹੋਇਆ ਹੈ।

ਹਰ ਕਿਸੇ ਦੀ ਘੱਟ-ਘੱਟ-ਘੱਟ ਦੀ ਸ਼ਿਕਾਇਤ ਹੈ, ਵੱਧ ਦਾ ਮਾਣ ਅਤੇ ਧੰਨਵਾਦ ਦੀ ਬਿਰਤੀ ਕਿਸੇ ਵਿਚ ਨਹੀਂ।

ਪਿਆਰ ਦੇ ਤਿੱਖੇ ਹੋਣ ਨਾਲ, ਤਰਕ ਖੁੰਢਾ ਹੋ ਜਾਂਦਾ ਹੈ।

ਅਸੀਂ ਆਪਣੇ ਮਨਭਾਉਂਦੇ ਲੇਖਕ ਜਾਂ ਕਵੀ ਨੂੰ ਵਿਲੱਖਣ ਅਤੇ ਵਿਸ਼ੇਸ਼ ਸਮਝਦੇ ਹਾਂ ਪਰ ਵਿਸ਼ੇਸ਼ ਉਹ ਰਚਨਾਤਮਕ ਪਲਾਂ ਵਿਚ ਹੀ ਹੁੰਦਾ ਹੈ; ਇਨ੍ਹਾਂ ਪਲਾਂ ਤੋਂ ਅੱਗੇ-ਪਿੱਛੇ, ਉਹ ਬੜਾ ਸਧਾਰਨ ਵਿਅਕਤੀ ਹੁੰਦਾ ਹੈ।

ਜੇ ਖ਼ੁਸ਼ੀ ਵੰਡਾਉਣ ਵਾਲਾ ਕੋਈ ਨਾ ਹੋਵੇ ਤਾਂ ਖ਼ੁਸ਼ੀ ਦਾ ਕੱਦ ਨੀਵਾਂ ਹੋ ਜਾਂਦਾ ਹੈ।

ਕਵਿਤਾ ਦੀਆਂ ਧੂਹ ਪਾਉਣ ਵਾਲੀਆਂ ਤੁਕਾਂ, ਇਕ ਵਾਰੀ ਸੁਣਨ-ਪੜ੍ਹਨ ਨਾਲ ਹੀ ਯਾਦ ਹੋ ਜਾਂਦੀਆਂ ਹਨ, ਉਹ ਮੁੜ-ਮੁੜ ਆਨੰਦ ਲੈਣ ਲਈ ਸੁਣੀਆਂ ਜਾਂਦੀਆਂ ਹਨ।

ਬੋਤਲ, ਅੰਦਰ ਜਾਂਦਿਆਂ ਹੀ, ਸਭ ਤੋਂ ਪਹਿਲਾਂ, ਅਕਲ ਨੂੰ ਬਾਹਰ ਕੱਢਦੀ ਹੈ।

ਭਾਵੇਂ ਹੜ੍ਹ ਆ ਜਾਵੇ, ਘੜਾ ਨਹੀਂ ਸੁੱਟਣਾ ਚਾਹੀਦਾ।

ਤੀਹ-ਚਾਲੀ ਸਾਲ ਦੀ ਨੌਕਰੀ ਕਰਦਿਆਂ ਬੰਦਾ ਘਟਦਾ ਜਾਂਦਾ ਹੈ, ਅਹੁਦਾ ਵਧਦਾ ਜਾਂਦਾ ਹੈ, ਸੋ ਨੌਕਰੀ ਛੱਡਣ ਅਤੇ ਸੇਵਾ-ਮੁਕਤ ਹੋਣ ਵਿਚ ਮੁਸ਼ਕਿਲ ਹੁੰਦੀ ਹੈ।

ਮੰਗਤਿਆਂ ਨੂੰ ਜੇਬ-ਕਤਰਿਆਂ ਦਾ ਡਰ ਨਹੀਂ ਹੁੰਦਾ।

ਜਿਊਂਦੇ-ਜੀ ਆਪਣੀ ਬਣਾਈ ਜਾਇਦਾਦ ਉੱਤੇ ਆਪਣਾ ਅਧਿਕਾਰ ਨਹੀਂ ਛੱਡਣਾ ਚਾਹੀਦਾ, ਕਿਉਂਕਿ ਛੱਡਣ ਨਾਲ ਇਕ-ਮਾਤਰ ਪ੍ਰਾਪਤੀ ਹੀ ਹੋਵੇਗੀ: ਪਛਤਾਵਾ।

ਜਦੋਂ ਪੇਟ ਭਰਿਆ ਹੋਵੇ, ਹੱਡੀਆਂ ਅਰਾਮ ਕਰਦੀਆਂ ਹਨ।

ਸਭ ਤੋਂ ਭਰੋਸੇਯੋਗ ਘੜੀ, ਪੇਟ ਹੁੰਦੀ ਹੈ।

ਜ਼ਿੰਦਗੀ ਸਮੱਸਿਆ ਨਹੀਂ, ਬੁਝਾਰਤ ਹੈ; ਜੇ ਜ਼ਿੰਦਗੀ ਸਮੱਸਿਆ ਹੁੰਦੀ ਤਾਂ ਫ਼ਿਲਾਸਫ਼ਰਾਂ ਨੇ ਕਦੋਂ ਦੀ ਸੁਲਝਾ ਲਈ ਹੋਣੀ ਸੀ।

ਜੇ ਪੈਦਲ ਟੁਰਨਾ ਸ਼ੁਗਲ ਬਣ ਜਾਵੇ ਤਾਂ ਸਭ ਬਿਮਾਰੀਆਂ ਪਿੱਛੇ ਰਹਿ ਜਾਣਗੀਆਂ।

ਟੈਲੀਵਿਜ਼ਨ ਇਸ ਲਈ ਵਧੇਰੇ ਵੇਖਿਆ ਜਾਂਦਾ ਹੈ, ਕਿਉਂਕਿ ਇਸ ਨੂੰ ਵੇਖਣ ਲਈ ਕਿਸੇ ਯੋਗਤਾ ਜਾਂ ਅਕਲ ਦੀ ਲੋੜ ਨਹੀਂ ਪੈਂਦੀ।

ਪਿੰਜਰੇ ਦੇ ਪੰਛੀ ਨੂੰ ਪਤਾ ਨਹੀਂ ਲੱਗਦਾ ਕਿ ਮਾਲਕ ਦੋਸਤ ਹੈ ਕਿ ਦੁਸ਼ਮਣ; ਭੋਜਨ ਮਿਲਦਾ ਹੈ, ਦੋਸਤ ਲੱਗਦਾ ਹੈ; ਪਿੰਜਰਾ ਵੇਖਦਾ ਹੈ, ਦੁਸ਼ਮਣ ਲੱਗਦਾ ਹੈ।

ਹੀਰਾ, ਸ਼ਿੰਗਾਰ ਵਿਚ ਅਤੇ ਬੰਦਾ, ਪਰਿਵਾਰ ਵਿਚ ਹੀ ਚਮਕਦਾ ਹੈ।

ਘਰ ਅਜਿਹਾ ਸਥਾਨ ਹੁੰਦਾ ਹੈ, ਜਿਥੇ ਪਰਿਵਾਰ ਰਹਿ ਕੇ ਪ੍ਰਸੰਨ ਹੁੰਦਾ ਹੈ, ਮਹਿਮਾਨ ਆ ਕੇ ਖ਼ੁਸ਼ ਹੁੰਦਾ ਹੈ।

ਘੋੜੇ ਦੀ ਭਰਪੂਰ ਸਿਫ਼ਤ, ਮਾਲਕ ਕਾਠੀ ਤੋਂ ਉਤਰਨ ਵੇਲੇ ਕਰਦਾ ਹੈ।

ਆਪਣੀ ਪ੍ਰੇਮਿਕਾ ਨੂੰ ਮਿਲਣ ਜਾ ਰਿਹਾ ਮਹਿਬੂਬ, ਕਲਪਨਾ ਵਿਚ ਪਹਿਲਾਂ ਹੀ ਉਸ ਦੀ ਗਲਵੱਕੜੀ ਵਿਚ ਹੁੰਦਾ ਹੈ।

ਸਭ ਤੋਂ ਅਦਭੁਤ ਅਤੇ ਸੁੰਦਰ ਇਸਤਰੀ ਉਹ ਹੁੰਦੀ ਹੈ, ਜਿਹੜੀ ਚਾਹੀ ਜਾਂਦੀ ਹੈ, ਪਰ ਮਿਲਦੀ ਨਹੀਂ।

ਜਿਹੜਾ ਕਵੀ, ਮਹਿਬੂਬ ਦੀ ਹਾਜ਼ਰੀ ਵਿਚ ਵੀ ਕਲਮ-ਕਾਗਜ਼ ਪਰ੍ਹੇ ਨਹੀਂ ਰੱਖਦਾ; ਉਸ ਦੇ ਕਾਵਿ-ਸੰਗ੍ਰਹਿ, ਉਸ ਦੇ ਮਰਨ ਤੋਂ ਪਹਿਲਾਂ ਹੀ ਮਰ ਜਾਣਗੇ।

ਕਈ ਵਾਰੀ ਦਸਤਖ਼ਤਾਂ ਵਿਚੋਂ ਵਿਅਕਤੀ ਦੇ ਚਰਿੱਤਰ ਦੇ ਨਾਲ-ਨਾਲ ਉਸ ਦਾ ਨਾਂ ਵੀ ਪਤਾ ਲੱਗ ਜਾਂਦਾ ਹੈ।

ਹਰ ਸੱਭਿਆਚਾਰ ਵਿਚ, ਇਹ ਲਗਭਗ ਨਿਸਚਿਤ ਹੁੰਦਾ ਹੈ ਕਿ ਇਸਤਰੀ ਕਿਵੇਂ ਦਿਖਾਈ ਦੇਵੇ।

ਗੱਲਬਾਤ ਵਿਚ ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਕੀ ਕਹਿਣਾ ਹੈ, ਪਰ ਇਹ ਪਤਾ ਨਹੀਂ ਹੁੰਦਾ ਕਿ ਸਾਨੂੰ ਕੀ ਸੁਣਨਾ ਪਏਗਾ।

ਜਿਉਂ-ਜਿਉਂ ਤੁਸੀਂ ਜੀਵਨ ਵਿਚ ਸਫ਼ਲ ਹੁੰਦੇ ਜਾਓਗੇ, ਤਿਉਂ-ਤਿਉਂ ਤੁਹਾਨੂੰ ਪਰੇਸ਼ਾਨ ਕਰਨ ਵਾਲਿਆਂ ਦੀ ਗਿਣਤੀ ਵੀ ਵਧਦੀ ਜਾਵੇਗੀ।

ਜ਼ਿੰਦਗੀ ਵੀ ਇਕ ਕੋਰਸ ਹੈ, ਸਿਲੇਬਸ ਲੰਮਾ ਹੈ, ਕਈ ਕੰਮ ਇਲੈਕਟਿਵ ਅਤੇ ਕਈ ਆਪਸ਼ਨਲ ਹੁੰਦੇ ਹਨ, ਨਤੀਜਾ ਬੁਢਾਪੇ ਵਿਚ ਨਿਕਲਦਾ ਹੈ, ਡਿਗਰੀ ਮਰਨ ਉਪਰੰਤ, ਅੰਤਿਮ ਅਰਦਾਸ ਸਮੇਂ ਮਿਲਦੀ ਹੈ।

ਹਰ ਕੋਈ ਆਪਣੀ ਕਿਸਮ ਦੇ ਯਥਾਰਥ ਅਤੇ ਆਪਣੀ ਕਿਸਮ ਦੇ ਭਰਮ ਵਿਚ ਜਿਊਂਦਾ ਹੈ।

ਜੇ ਕਿਸੇ 'ਤੇ ਹੱਸੋਗੇ ਤਾਂ ਉਹ ਤੁਹਾਡੇ ਵਰਗਾ ਲੱਗਣ ਲੱਗ ਪਏਗਾ।

ਰੁੱਸੇ ਹੋਏ ਪਤੀ-ਪਤਨੀ ਨੂੰ, ਇਕ-ਦੂਜੇ ਪ੍ਰਤੀ ਚੁੱਪ ਰਹਿ ਕੇ ਸਵਾਲ ਕਰਨ ਅਤੇ ਜਵਾਬ ਦੇਣ ਦੀ ਆਦਤ ਪੈ ਜਾਂਦੀ ਹੈ।

ਜਿਸ ਦੇ ਚਾਲੇ ਫਾਂਸੀ ਲੱਗਣ ਵਾਲੇ ਹੋਣ, ਉਹ ਡੁੱਬ ਕੇ ਨਹੀਂ ਮਰਦਾ।

ਸ਼ਰਾਬ ਪੀਣ ਨਾਲ ਕਿਸੇ ਸਵਾਲ ਦਾ ਜਵਾਬ ਨਹੀਂ ਮਿਲਦਾ, ਸਾਰੇ ਸਵਾਲ ਹੀ ਗਵਾਚ ਜਾਂਦੇ ਹਨ।

ਮਾੜੀ ਨੀਅਤ ਨਾਲ ਕੀਤਾ ਹਵਨ ਵੀ ਪਾਪ ਹੈ, ਚੰਗੀ ਨੀਅਤ ਨਾਲ ਕੀਤਾ ਕਤਲ ਵੀ ਪੁੰਨ ਹੈ।

ਅਸੀਂ ਬੁੱਢੇ ਹੋਣ ਕਰਕੇ ਹੱਸਣਾ ਨਹੀਂ ਛੱਡ ਦਿੰਦੇ ਸਗੋਂ ਹੱਸਣਾ ਛੱਡਣ ਕਰਕੇ ਬੁੱਢੇ ਹੋ ਜਾਂਦੇ ਹਾਂ।

ਜ਼ਿੰਦਗੀ ਜਿਤਨੀ ਮਰਜ਼ੀ ਮਾੜੀ ਹੋਵੇ, ਇਹ ਮੌਤ ਤੋਂ ਚੰਗੀ ਹੀ ਹੁੰਦੀ ਹੈ।

ਲੇਕਿਨ, ਪਰ, ਕਿੰਤੂ, ਪਰੰਤੂ ਆਦਿ ਰੁਕਾਵਟਾਂ ਦੇ ਨਾਂ ਹਨ।

ਜੇ ਪ੍ਰੇਮਿਕਾ ਦੀਆਂ ਚਿੱਠੀਆਂ ਆਉਂਦੀਆਂ ਰਹਿਣ ਤਾਂ ਇਨਕਾਰ ਦੇ ਇਕਰਾਰ ਵਿਚ ਬਦਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਵਿਆਹ ਦੀ ਪ੍ਰਥਾ, ਇਸਤਰੀ-ਪੁਰਸ਼ ਨੂੰ ਇਕ-ਦੂਜੇ ਨਾਲ ਜੋੜਨ ਨਾਲੋਂ ਵੀ ਵਧੇਰੇ, ਨਿੱਜੀ ਜਾਇਦਾਦ ਦੀ ਰੱਖਿਆ ਕਰਨ ਲਈ ਉਸਾਰੀ ਗਈ ਸੀ।

ਪਿਆਰ ਵਿਚ ਅਸੀਂ ਨੇੜੇ ਵਖਰੇਵਿਆਂ ਕਾਰਨ ਆਉਂਦੇ ਹਾਂ, ਪਰ ਮਾਣਦੇ ਸਾਂਝਾਂ ਹਾਂ।

ਜੇਕਰ ਕੋਈ ਬੱਚਾ ਵੀਹ ਮਿੰਟਾਂ ਵਿਚ ਆਪਣੀ ਰੋਟੀ ਨਹੀਂ ਖਾਂਦਾ, ਉਸ ਦੀ ਥਾਲੀ ਚੁੱਕ ਕੇ ਜੂਠੇ ਭਾਂਡਿਆਂ ਵਿਚ ਰੱਖ ਦਿਓ, ਤੀਜੇ ਦਿਨ ਖਾਣ ਲਈ ਤੁਹਾਨੂੰ ਮੁੜ ਕਹਿਣਾ ਨਹੀਂ ਪਏਗਾ।

ਮਨੁੱਖ ਦੀ ਸੂਝ, ਮੌਕੇ ਦਾ ਹਥਿਆਰ ਹੁੰਦੀ ਹੈ।

ਵਕਤ ਦੇ ਅਤਿ ਅਧਿਕ ਪਾਬੰਦ ਵਿਅਕਤੀ ਜਲਦੀ ਚਿੜ੍ਹ ਜਾਂਦੇ ਹਨ, ਗੱਲਬਾਤ ਜਲਦੀ ਮੁਕਾ ਦਿੰਦੇ ਹਨ, ਇਹ ਚੰਗੇ ਪ੍ਰੇਮੀ ਸਾਬਤ ਨਹੀਂ ਹੁੰਦੇ।

ਵਿਰੋਧੀ ਇਕ-ਦੂਜੇ ਨੂੰ ਖਿੱਚ ਵੀ ਪਾਉਂਦੇ ਹਨ ਅਤੇ ਪਰ੍ਹੇ ਵੀ ਧਕੇਲਦੇ ਹਨ।

ਉਮਰ ਕੋਈ ਹੋਵੇ, ਹੋਰ ਜਾਣਨ ਦੀ ਭੁੱਖ ਜਵਾਨ ਰਹਿੰਦੀ ਹੈ।

ਪੈਸਾ ਬਚਾਉਣ ਦੇ ਦੋ ਹੀ ਨੇਮ ਹਨ:
ਪਹਿਲਾ ਨੇਮ: ਪੈਸਾ ਵਿਅਰਥ ਨਾ ਗੁਆਓ
ਦੂਜਾ ਨੇਮ: ਪਹਿਲਾ ਨੇਮ ਨਾ ਭੁੱਲੋ।

ਜਿਹੜੀ ਲੜਕੀ ਆਪਣੇ ਪਿਤਾ ਨੂੰ ਨਫ਼ਰਤ ਕਰਦੀ ਹੈ, ਉਹ ਆਪਣੇ ਪਤੀ ਦਾ ਵੀ ਸਤਿਕਾਰ ਨਹੀਂ ਕਰੇਗੀ।

ਪੈਸਾ ਸਭ ਕੁਝ ਨਹੀਂ ਹੁੰਦਾ, ਪਰ ਮਨ ਦੀ ਸ਼ਾਂਤੀ ਵਾਸਤੇ ਬੈਂਕ ਵਿਚ ਢੇਰ ਪੈਸੇ ਜ਼ਰੂਰ ਜਮ੍ਹਾਂ ਰਹਿਣੇ ਚਾਹੀਦੇ ਹਨ।

ਬਾਣੀਏ ਨੂੰ ਕਮਾਉਣਾ-ਬਚਾਉਣਾ ਆਉਂਦਾ ਹੈ, ਖਰਚਣਾ ਨਹੀਂ ਆਉਂਦਾ; ਕਿਸਾਨ ਨੂੰ ਕਮਾਉਣਾ-ਖਰਚਣਾ ਆਉਂਦਾ ਹੈ, ਬਚਾਉਣਾ ਨਹੀਂ ਆਉਂਦਾ।

ਜਦੋਂ ਵੀ ਕੋਈ ਵਰਤਾਰਾ ਸਹੂਲਤ ਨਾਲੋਂ ਵਧੇਰੇ ਰੁਕਾਵਟ ਬਣ ਜਾਵੇਗਾ; ਉਸ ਨੂੰ ਬਦਲਣ ਅਤੇ ਸੁਧਾਰਨ ਦੀਆਂ ਗੱਲਾਂ ਹੋਣ ਲੱਗ ਪੈਣਗੀਆਂ।

ਯੁੱਧ, ਚੋਣ, ਖੇਡ ਅਤੇ ਜੂਏ ਵਿਚ ਕੇਵਲ ਅਤੇ ਕੇਵਲ ਜਿੱਤ ਮਹੱਤਵਪੂਰਨ ਹੁੰਦੀ ਹੈ।

ਜੇ ਪਿਆਰ ਹੋਵੇਗਾ ਤਾਂ ਨਾਂ ਤੁਹਾਡਾ ਪੁੱਛਿਆ ਜਾਵੇਗਾ, ਦੱਸਿਆ ਮਹਿਬੂਬ ਦਾ ਜਾਵੇਗਾ; ਲੱਭੋਗੇ ਮਹਿਬੂਬ ਨੂੰ, ਗੁਆਚ ਆਪ ਜਾਵੋਗੇ।

ਸਾਰੇ ਹਥਿਆਰ ਅਤੇ ਸੰਦ ਅੰਗੂਠੇ ਦਾ ਕਮਾਲ ਹਨ; ਅੰਗੂਠਾ ਹੱਥ ਦਾ ਦਿਮਾਗ ਹੈ।

ਹੁਣ ਜੇ ਪਤੀ ਨੂੰ ਝੱਟ ਗੁੱਸਾ ਚੜ੍ਹ ਜਾਂਦਾ ਹੈ ਤਾਂ ਪਤਨੀ ਨੂੰ ਉਸ ਤੋਂ ਵੀ ਜਲਦੀ ਚੜ੍ਹ ਜਾਂਦਾ ਹੈ।

ਸਭ ਕੁਝ ਕਰਨਾ, ਕਿਸੇ ਲਈ ਵੀ ਸੰਭਵ ਨਹੀਂ ਹੁੰਦਾ; ਕੋਇਲ ਨੂੰ ਨੱਚਣਾ ਨਹੀਂ ਆਉਂਦਾ, ਮੋਰ ਨੂੰ ਗਾਉਣਾ ਨਹੀਂ ਆਉਂਦਾ।

ਵਿਆਹ ਉਤੇ ਕੀਤਾ ਖਰਚ, ਵਿਆਹ ਦੀ ਸਫ਼ਲਤਾ ਦਾ ਅਧਾਰ ਨਹੀਂ ਬਣਦਾ।

ਸੁਪਨਿਆਂ ਦੇ ਸੱਚ ਹੋਣ ਦੀ ਆਸ, ਜ਼ਿੰਦਗੀ ਨੂੰ ਥੱਕਣ ਨਹੀਂ ਦਿੰਦੀ।

ਅਨੇਕਾਂ ਨੇ ਡਿਗਦਾ ਸੇਬ ਹੀ ਵੇਖਿਆ ਸੀ, ਨਿਊਟਨ ਨੇ ਡਿਗਦੇ ਸੇਬ ਵਿਚੋਂ ਛੁਪਿਆ ਨੇਮ ਵੀ ਵੇਖਿਆ ਸੀ, ਅਣਗਿਣਤ ਨੂੰ ਕੁਝ ਵੀ ਵਿਖਾਈ ਨਹੀਂ ਸੀ ਦਿੱਤਾ।

ਨਵੇਂ ਦੀ ਚਣੌਤੀ ਸਦੀਵੀ ਹੈ, ਪੁਰਾਣਾ ਹੋ ਜਾਣ ਦਾ ਡਰ ਸਰਬ-ਵਿਆਪਕ ਹੈ।

ਜੇ ਕਿਸੇ ਨੂੰ ਉਧਾਰੇ ਮੰਗੇ ਪੈਸਿਆਂ ਦੀ ਪੂਰੀ ਮਦਦ ਦੇ ਦਿੱਤੀ ਜਾਵੇ ਤਾਂ ਉਹ ਮਿਹਨਤ ਅਤੇ ਜਦੋਜਹਿਦ ਕਰਨੀ ਤਿਆਗ ਦੇਵੇਗਾ ਅਤੇ ਉਸ ਤੋਂ ਆਪਣੇ ਪੈਸੇ ਲੈਣ ਲਈ, ਤੁਹਾਨੂੰ ਜਦੋਜਹਿਦ ਅਤੇ ਮਿਹਨਤ ਕਰਨੀ ਪਵੇਗੀ।

ਨਵੇਂ, ਪੁਰਾਣਿਆਂ ਨੂੰ ਪੁਰਾਤਨ ਸਿੱਧ ਕਰਦੇ ਕਰਦੇ, ਆਪ ਪੁਰਾਣੇ ਹੋ ਜਾਂਦੇ ਹਨ।

ਕਿਸੇ ਵਿਰੁੱਧ ਕੁਝ ਵੀ ਕਰਨ ਤੋਂ ਪਹਿਲਾਂ, ਸੰਭਾਵੀ ਸਿੱਟਿਆਂ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ, ਇਸ ਧਿਆਨ ਕਾਰਨ ਪਛਤਾਵੇ ਨਹੀਂ ਉਪਜਣਗੇ।

ਜਿਥੇ ਘਰ ਵਿਚ ਮਾਪੇ ਆਪਸ ਵਿਚ ਲੜਦੇ ਹਨ, ਉਥੇ ਬੱਚੇ ਸਭ ਥਾਵਾਂ 'ਤੇ ਹਰ ਕਿਸੇ ਨਾਲ ਲੜਨਾ ਸਿੱਖ ਲੈਂਦੇ ਹਨ।

ਜਦੋਂ ਪਹਿਲਾ ਪਿਆਰ ਟੁੱਟਦਾ ਹੈ ਤਾਂ ਮਾਤਮੀ ਉਦਾਸੀ ਨਾਲ ਇਹ ਸਾਡੀ ਪਹਿਲੀ ਜਾਣ-ਪਛਾਣ ਹੁੰਦੀ ਹੈ।

ਕੁਝ 'ਤੇ ਕਲੰਕ ਲੱਗਦਾ ਹੈ, ਪਰ ਕੁਝ ਕਲੰਕ ਲਗਵਾ ਵੀ ਲੈਂਦੇ ਹਨ।

ਜੇ ਪ੍ਰਸ਼ਨ ਪੁੱਛਣ ਦੀ ਦਲੇਰੀ ਕੀਤੀ ਹੈ ਤਾਂ ਉੱਤਰ ਸੁਣਨ ਦੀ ਹਿੰਮਤ ਵੀ ਵਿਖਾਓ।

ਜਦੋਂ ਕੋਈ ਨਿਰਣਾ ਸੁਣਾਉਂਦਾ ਹੈ ਤਾਂ ਸੁਣਨ ਵਾਲਿਆਂ ਦੀ ਦਿਲਚਸਪੀ ਸੁਣਾਉਣ ਵਾਲੇ ਵਿਚ ਨਹੀਂ; ਨਿਰਣੇ ਵਿਚ ਹੋ ਜਾਂਦੀ ਹੈ।

ਆਪਣੀ ਅਸਫ਼ਲਤਾ ਬਾਰੇ ਅਸੀਂ ਕਿਸੇ ਦੀ ਸਫ਼ਲਤਾ ਰਾਹੀਂ ਹੀ ਜਾਣੂ ਹੁੰਦੇ ਹਾਂ।

ਬੋਲਣ, ਸਮਝਣ, ਪੜ੍ਹਨ ਅਤੇ ਲਿਖਣ ਦੀਆਂ ਗਲਤੀਆਂ ਕਰਨ ਤੋਂ ਬਿਨਾਂ ਕੋਈ ਭਾਸ਼ਾ ਨਹੀਂ ਸਿੱਖੀ ਜਾ ਸਕਦੀ।

ਭਾਵੇਂ ਕੁਝ ਬਣੋ, ਕੋਈ ਨਾ ਕੋਈ, ਤੁਹਾਡੇ ਤੋਂ ਚੰਗੇਰਾ ਹੋਵੇਗਾ।

ਜਿਸ ਪੁਸਤਕ ਵਿਚਲੇ ਪਾਤਰਾਂ ਦੇ ਨਾਂ ਪੜ੍ਹਨੇ-ਬੋਲਣੇ ਮੁਸ਼ਕਿਲ ਹੋਣ, ਉਹ ਪੁਸਤਕ ਹਰਮਨ ਪਿਆਰੀ ਨਹੀਂ ਬਣਦੀ।

ਜੂਏ ਵਿਚ ਜਿੱਤੀਆਂ ਮੁੱਢਲੀਆਂ ਬਾਜ਼ੀਆਂ, ਤੁਹਾਨੂੰ ਜੂਏਬਾਜ਼ ਬਣਾ ਦੇਣਗੀਆਂ।

ਜੇ ਕੋਲ ਪੈਸਾ ਹੋਵੇ ਤਾਂ ਕੋਈ ਇਕੱਲਾ ਨਹੀਂ ਹੁੰਦਾ।

ਜੋ ਅਸੀਂ ਵੇਖਦੇ ਹਾਂ, ਉਹ ਦਿਸਣ ਵਾਲਾ ਕੇਵਲ ਉਪਰਲਾ ਭਾਗ ਹੁੰਦਾ ਹੈ; ਜਿਵੇਂ ਅੱਥਰੂ ਦਿਸਦੇ ਹਨ, ਦੁੱਖ ਨਹੀਂ ਦਿਸਦਾ; ਝੀਲ ਦਿਸਦੀ ਹੈ, ਡੂੰਘਾਈ ਨਹੀਂ ਦਿਸਦੀ।

ਜਦੋਂ ਕੋਈ ਛਾਤੀ-ਬਾਹਵਾਂ ਫੈਲਾ ਕੇ ਕਹਿੰਦਾ ਹੈ: ਮੈਂ ਹੰਕਾਰ ਨਹੀਂ ਕਰਦਾ, ਉਹ ਹੰਕਾਰ ਹੀ ਤਾਂ ਕਰ ਰਿਹਾ ਹੁੰਦਾ ਹੈ।

ਖ਼ਜ਼ਾਨੇ ਹਮੇਸ਼ਾਂ ਛੁਪੇ ਹੋਏ ਹੁੰਦੇ ਹਨ, ਇਹ ਲੱਭਣੇ ਪੈਂਦੇ ਹਨ।

ਕੱਚੇ ਇਰਾਦੇ ਵਾਲਾ ਵਿਅਕਤੀ ਕੰਮ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ; ਪੱਕੇ ਇਰਾਦੇ ਵਾਲਾ ਕੋਸ਼ਿਸ਼ ਨਹੀਂ ਕਰਦਾ, ਕੰਮ ਕਰਦਾ ਹੈ।

ਜਦੋਂ ਕੋਈ ਕਹੇ: ਮੇਰੀ ਚਿੰਤਾ ਨਾ ਕਰਨਾ, ਉਸ 'ਤੇ ਨਜ਼ਰ ਰੱਖੋ।

ਹਰ ਥਾਂ ਆਪਣੀ ਪ੍ਰਸੰਸਾ ਕਰਵਾਉਣ ਦੇ ਤਾਂਘਵਾਨ ਸਿੱਧ ਕਰਦੇ ਹਨ ਕਿ ਉਨ੍ਹਾਂ ਵਿਚੋਂ ਯੋਗਤਾ ਗ਼ੈਰਹਾਜ਼ਰ ਹੈ।

ਜਿਹੜਾ ਵਧੇਰੇ ਦੁਖੀ ਹੋਵੇਗਾ, ਉਹ ਵਧੇਰੇ ਬੋਲੇਗਾ, ਇਸੇ ਕਾਰਨ ਇਸਤਰੀਆਂ ਵਧੇਰੇ ਬੋਲਦੀਆਂ ਹਨ।

ਮਾਂਵਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਸੰਸਾਰ ਵਿਚ ਕੁਝ ਹੋਰ ਉਨ੍ਹਾਂ ਦਾ ਹੈ ਜਾਂ ਨਹੀਂ, ਬੱਚੇ ਉਨ੍ਹਾਂ ਦੇ ਹਨ।

ਪਤੀ-ਪਤਨੀ ਦੀ ਗੱਲਬਾਤ ਵਿਚ ਬੋਲੇ ਸ਼ਬਦ ਜਾਂਦੇ ਹਨ, ਸਮਝੇ ਵਾਕ ਜਾਂਦੇ ਹਨ।

ਉਪਰਲਿਆਂ ਨਾਲ ਨਿਮਰਤਾ ਵਿਖਾਉਣੀ ਮਜਬੂਰੀ ਹੁੰਦੀ ਹੈ; ਬਰਾਬਰ ਦਿਆਂ ਨਾਲ ਨਿਮਰਤਾ ਵਿਖਾਉਣੀ ਸਵਾਰਥ ਹੁੰਦੀ ਹੈ; ਨਿਮਰਤਾ ਗੁਣ ਤਾਂ ਹੀ ਬਣਦੀ ਹੈ, ਜੇ ਇਹ ਨੀਵਿਆਂ ਨਾਲ ਵਿਖਾਈ ਜਾਵੇ।

ਬੱਚਿਆਂ ਨੂੰ ਗੋਦੀ ਵਿਚ ਬੈਠਾ ਕੇ ਮਾਂਵਾਂ ਆਪ ਗੋਦੀ ਦਾ ਨਿੱਘ ਮਾਣਦੀਆਂ ਹਨ।

ਪ੍ਰੇਮੀ ਇਕ-ਦੂਜੇ ਨੂੰ ਆਪਣੇ ਅਨੇਕਾਂ ਭੇਤ, ਬੋਲੇ ਬਿਨਾਂ ਦੱਸਦੇ ਰਹਿੰਦੇ ਹਨ।

ਕਿਸੇ ਸਮੇਂ ਕਾਰਖਾਨੇ ਦੀ ਚਿਮਨੀ ਵਿਚੋਂ ਉਠਦਾ ਧੂੰਆਂ ਖ਼ੁਸ਼ਹਾਲੀ ਅਤੇ ਰੋਜ਼ਗਾਰ ਦਾ ਸੂਚਕ ਸੀ, ਹੁਣ ਇਹ ਪ੍ਰਦੂਸ਼ਣ ਦਾ ਸੂਚਕ ਹੈ।

ਅਜਨਬੀ ਨਾਲ ਜੇ ਖੁੱਲ੍ਹ ਕੇ ਗੱਲਬਾਤ ਕੀਤੀ ਜਾਵੇ ਤਾਂ ਉਹ ਆਪਣੇ ਵਰਗਾ ਨਿਕਲ ਆਉਂਦਾ ਹੈ।

ਪ੍ਰੇਮੀ ਰਸਤਾ ਨਹੀਂ ਵੇਖਦੇ, ਇਕ-ਦੂਜੇ ਵੱਲ ਵੇਖਦੇ ਹਨ।

ਭਾਰਤ ਵਿਚ ਆਪਣੀਆਂ ਇੱਛਾਵਾਂ ਮਾਰਨ 'ਤੇ ਅਤੇ ਪੱਛਮ ਵਿਚ ਆਪਣੀਆਂ ਇੱਛਾਵਾਂ ਪੂਰੀਆਂ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਚਤੁਰ ਬੰਦੇ ਦਾ ਸਰੀਰ ਭਾਵੇਂ ਬੁੱਢਾ ਹੋ ਜਾਂਦਾ ਹੈ, ਪਰ ਉਸ ਦੀ ਚਤੁਰਾਈ ਜਵਾਨ ਹੀ ਰਹਿੰਦੀ ਹੈ।

ਜੇ ਕਿਸੇ ਗੱਲ ਨੂੰ ਛੇ ਕੰਨ ਸੁਣ ਰਹੇ ਹੋਣ ਤਾਂ ਉਹ ਗੱਲ ਭੇਤ ਨਹੀਂ ਰਹਿੰਦੀ, ਭੇਤ ਚਾਰ ਕੰਨਾਂ ਵਿਚਕਾਰ ਹੀ ਰਹਿ ਸਕਦਾ ਹੈ।

ਘੋੜਾ, ਹਥਿਆਰ, ਪੁਸਤਕ ਅਤੇ ਸਾਜ਼ ਦੇ ਮੁੱਲਵਾਨ ਜਾਂ ਨਿਕੰਮੇ ਹੋਣ ਦਾ ਨਿਰਣਾ, ਇਸ ਅਧਾਰ 'ਤੇ ਹੁੰਦਾ ਹੈ ਕਿ ਇਹ ਕਿਸ ਕੋਲ ਹਨ।

ਔਰਤ ਦੇ ਮਾਂ ਬਣਨ 'ਤੇ, ਉਸ ਲਈ ਸੰਸਾਰ ਦੇ ਹੋਰ ਸਾਰੇ ਰਿਸ਼ਤੇ ਛੋਟੇ ਹੋ ਜਾਂਦੇ ਹਨ।

ਜਿਸ ਅਫ਼ਵਾਹ ਨਾਲ ਇਸਤਰੀ ਦਾ ਨਾਂ ਜੁੜ ਜਾਵੇ, ਉਸ ਦੇ ਫੈਲਣ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ।

ਹਾਕਮ ਮਾੜੇ ਸਲਾਹਕਾਰਾਂ ਕਾਰਨ; ਇਸਤਰੀ ਨਾਜਾਇਜ਼ ਸਬੰਧਾਂ ਕਾਰਨ; ਪੁੱਤਰ ਵਧੇਰੇ ਲਾਡ ਕਾਰਨ; ਵਿਦਵਾਨ ਹੰਕਾਰ ਕਾਰਨ ਅਤੇ ਪੁਰਸ਼ ਭੈੜੀ ਸੰਗਤ ਕਾਰਨ, ਬਰਬਾਦ ਹੋ ਜਾਂਦੇ ਹਨ।

ਵਿਆਹ ਕਰਵਾਓ, ਤੁਹਾਨੂੰ ਇਤਰਾਜ਼ ਕਰਨੇ ਆਪੇ ਆ ਜਾਣਗੇ ਅਤੇ ਪਤਨੀ ਨੂੰ ਤੁਹਾਡੇ ਨੁਕਸ ਆਪੇ ਦਿਸਣ ਲੱਗ ਪੈਣਗੇ।

ਵਿਆਹੀ ਧੀ ਦੀ ਮਾਂ ਹੋਣਾ ਸੌਖਾ ਨਹੀਂ ਹੁੰਦਾ, ਕਿਉਂਕਿ ਧੀ ਦੀ ਜ਼ਿੰਦਗੀ ਵਿਚ ਕਿਤਨੇ ਹੀ ਹੋਰ ਲੋਕ ਆ ਢੁੱਕੇ ਹੁੰਦੇ ਹਨ, ਜਿਨ੍ਹਾਂ ਦਾ ਮਾਂ ਨੂੰ, ਧੀ ਨਾਲੋਂ ਵੀ ਵਧੇਰੇ ਧਿਆਨ ਰੱਖਣਾ ਪੈਂਦਾ ਹੈ।

ਸੋਨੇ ਦੀ ਘੜੀ ਨਾਲ ਵਕਤ ਸੋਹਣਾ ਅਤੇ ਕੀਮਤੀ ਨਹੀਂ ਹੋ ਜਾਵੇਗਾ।

ਦੰਦ-ਸਾਜ਼ ਅਤੇ ਐਨਕ-ਸਾਜ਼ ਨਾਲ ਬਹਿਸ ਨਹੀਂ ਕਰਨੀ ਚਾਹੀਦੀ।

ਜੋ ਤਕਲੀਫ਼ ਤੁਹਾਨੂੰ ਹੈ, ਉਸ ਤਕਲੀਫ਼ ਵਾਲੇ ਹੋਰਾਂ ਨੂੰ ਸੁਣੋ; ਤੁਸੀਂ ਮਹਿਸੂਸ ਕਰੋਗੇ ਕਿ ਤੁਹਾਡੀ ਤਕਲੀਫ਼ ਤਾਂ ਤਕਲੀਫ਼ ਹੈ ਹੀ ਨਹੀਂ।

ਸੌ ਸਾਲ ਜਿਊਣ ਦੇ ਉਦੇਸ਼ ਨਾਲ ਜੇ ਜੀਵਨ ਵਿਚੋਂ ਸਾਰੇ ਸਵਾਦ ਕੱਢ ਦੇਵੋਗੇ ਤਾਂ ਕੁਝ ਮਹੀਨਿਆਂ ਵਿਚ ਹੀ ਤੁਹਾਨੂੰ ਸੌ ਸਾਲ ਦੇ ਹੋਣ ਦੀ ਥਕਾਵਟ ਅਤੇ ਪਰੇਸ਼ਾਨੀ ਘੇਰ ਲਵੇਗੀ।

ਇਕ ਛਾਲ ਮਾਰੋਗੇ, ਉਹ ਵਡੇਰੀ ਛਾਲ ਮਾਰਨ ਦਾ ਰਾਹ ਖੋਲ੍ਹ ਦੇਵੇਗੀ।

ਪਰਿਵਾਰ ਵਿਚ, ਭੋਜਨ ਦੀ ਵੰਡ ਵਿਚ, ਅਚੇਤ ਹੀ ਪੁਰਸ਼ਾਂ ਦੇ ਪੱਖ ਵਿਚ ਵਿਤਕਰਾ ਹੁੰਦਾ ਹੈ ਅਤੇ ਹੁੰਦਾ ਰਹਿੰਦਾ ਹੈ।

ਚੁੱਪ ਹੋਏ ਬਿਨਾਂ ਅਰਾਮ ਨਹੀਂ ਕੀਤਾ ਜਾ ਸਕਦਾ, ਚੁੱਪ ਵਿਚ ਹੀ ਅਰਾਮ ਹੈ।

ਚੰਗਾ ਸਿਧਾਂਤ ਸਾਡੀ ਸਮੱਸਿਆ ਵੀ ਹੱਲ ਕਰਦਾ ਹੈ, ਸਾਨੂੰ ਬਲਵਾਨ ਵੀ ਬਣਾਉਂਦਾ ਹੈ ਅਤੇ ਸਾਡਾ ਗਿਆਨ ਵੀ ਵਧਾਉਂਦਾ ਹੈ।

ਧਨ ਆਉਣ ਨਾਲ, ਸਾਡਾ ਅਨੁਭਵ ਵਿਸ਼ਾਲ ਹੋ ਜਾਂਦਾ ਹੈ।

ਜੇ ਮਹਿਮਾਨ ਦੇ ਬੈਠਿਆਂ, ਮੇਜ਼ਬਾਨ ਇਧਰੋਂ-ਉਧਰੋਂ ਕੁਝ ਲੱਭਣ ਲੱਗ ਪਏ ਤਾਂ ਇਹ ਮਹਿਮਾਨ ਲਈ ਰਵਾਨਾ ਹੋ ਜਾਣ ਦਾ ਸੰਕੇਤ ਹੁੰਦਾ ਹੈ।

ਜਿਹੜਾ ਮੁਸੀਬਤ ਵਿਚ ਬਹੁੜੇ, ਭਾਵੇਂ ਕਿਸੇ ਜ਼ਾਤ ਦਾ ਹੋਵੇ, ਉਹ ਦੋਸਤੀ ਦੇ ਯੋਗ ਹੁੰਦਾ ਹੈ।

ਪਾਣੀ ਦਾ ਸੁਭਾਓ ਅੱਗ ਬੁਝਾਉਣਾ ਹੁੰਦਾ ਹੈ, ਉਬਲਦਾ ਹੋਇਆ ਤੱਤਾ ਪਾਣੀ ਵੀ ਅੱਗ ਬੁਝਾਉਂਦਾ ਹੈ।

ਵਿਹਲੇ ਬੰਦੇ ਆਪਣੇ ਸਾਥ ਨਾਲ ਹੀ ਭ੍ਰਿਸ਼ਟ ਹੋ ਜਾਂਦੇ ਹਨ।

ਬਹਾਨਾ, ਝੂਠ ਨਾਲੋਂ ਭੈੜਾ ਹੁੰਦਾ ਹੈ; ਝੂਠ ਕੇਵਲ ਝੂਠ ਹੁੰਦਾ ਹੈ, ਬਹਾਨਾ ਝੂਠ ਦੇ ਨਾਲ-ਨਾਲ ਬਹਾਨਾ ਵੀ ਹੁੰਦਾ ਹੈ।

ਯੋਗਤਾ ਹੋਣੀ ਚੰਗੀ ਗੱਲ ਹੈ, ਪਰ ਯੋਗਤਾ ਪਛਾਣਨ ਦੀ ਯੋਗਤਾ, ਆਪਣੀ ਯੋਗਤਾ ਹੋਣ ਨਾਲੋਂ ਵੀ, ਵਡੇਰੀ ਯੋਗਤਾ ਹੁੰਦੀ ਹੈ।

ਖਿਮਾ ਦੀ ਭਾਵਨਾ, ਗ੍ਰਿਹਸਥ ਦੀਆਂ ਸਾਰੀਆਂ ਸਮੱਸਿਆਵਾਂ ਦਾ ਇਲਾਜ ਹੁੰਦੀ ਹੈ।

ਧਰਮ ਵੱਖਰੇ ਹਨ, ਕਿਉਂਕਿ ਇਹ ਮਨੁੱਖਾਂ ਨੇ ਬਣਾਏ ਹਨ; ਆਤਮਾ ਇਕ ਹੀ ਹੈ, ਕਿਉਂਕਿ ਇਹ ਪਰਮਾਤਮਾ ਨੇ ਬਣਾਈ ਹੈ।

ਗੋਪੀਆਂ ਦੀ ਯੂਨੀਅਨ ਦੀ ਮੰਗ ਹੈ: ਇਕ-ਕ੍ਰਿਸ਼ਨ, ਇਕ-ਗੋਪੀ ਦਾ ਨੇਮ ਲਾਗੂ ਹੋਣਾ ਚਾਹੀਦਾ ਹੈ।

ਪੰਜਾਬ ਦੀ ਕੋਈ ਵੀ ਨਦੀ ਸਮੁੰਦਰ ਤਕ ਨਹੀਂ ਪਹੁੰਚਦੀ, ਸਤਲੁਜ ਬਿਆਸ ਵਿਚ; ਬਿਆਸ ਝਨਾਂ ਵਿਚ ਡਿਗ ਪੈਂਦੀ ਹੈ, ਜਿਸ ਵਿਚ ਰਾਵੀ ਪਹਿਲਾਂ ਹੀ ਡੁੱਬੀ ਹੁੰਦੀ ਹੈ; ਝਨਾਂ, ਸਿੰਧ ਵਿਚ ਡੁੱਬ ਕੇ ਹੀ ਸਮੁੰਦਰ ਨੂੰ ਅਪੜਦੀ ਹੈ।

ਜਦੋਂ ਕੋਈ 'ਮੈਂ ਕਰਾਂਗਾ' ਕਹਿਣ ਦੀ ਥਾਂ ਕਹੇ 'ਮੈਂ ਕੋਸ਼ਿਸ਼ ਕਰਾਂਗਾ' ਉਹ ਕੁਝ ਨਹੀਂ ਕਰੇਗਾ, ਉਹ ਕੋਸ਼ਿਸ਼ ਵੀ ਨਹੀਂ ਕਰੇਗਾ।

ਪਹਾੜ ਹੌਸਲੇ ਦਾ, ਪੰਛੀ ਕਲਪਨਾ ਦਾ, ਸੂਰਜ ਨਿਰੰਤਰਤਾ ਦਾ, ਸਮੁੰਦਰ ਵਿਸ਼ਾਲਤਾ ਦਾ ਅਤੇ ਦਰੱਖ਼ਤ ਵਿਕਾਸ ਦਾ ਪ੍ਰਤੀਕ ਹੁੰਦੇ ਹਨ, ਇਨ੍ਹਾਂ ਦੇ ਨੇੜੇ ਰਹੋ।

ਜੋ ਵੀ ਆਪਣੇ ਜੀਵਨ ਦਾ ਪੱਧਰ ਉੱਚਾ ਚੁੱਕਣਾ ਚਾਹੁੰਦਾ ਹੈ, ਉਸ ਨੂੰ ਸੌਖਾ ਰਾਹ ਅਤੇ ਝਟਪਟ ਦੀ ਤਸੱਲੀ ਤਿਆਗਣੀ ਪਏਗੀ।

ਗ੍ਰਾਮੀਣ ਸਮਾਜ ਵਿਚ ਮਨੁੱਖਾਂ ਦਾ ਹੀ ਨਹੀਂ; ਘੋੜਿਆਂ, ਮੱਝਾਂ, ਗਊਆਂ ਆਦਿ ਦਾ ਵੀ ਖ਼ਾਨਦਾਨ ਵੇਖਿਆ ਜਾਂਦਾ ਹੈ।

ਨਵੇਂ ਵਿਚਾਰ ਉਹ ਹੁੰਦੇ ਹਨ, ਜਿਹੜੇ ਪਹਿਲੇ ਵਿਚਾਰਾਂ ਦੀ ਕਿਸੇ ਵੰਨਗੀ ਵਿਚ ਨਹੀਂ ਰੱਖੇ ਜਾ ਸਕਦੇ।

ਇਸਤਰੀ ਜਦੋਂ ਵੀ ਰਸਤਾ ਭੁੱਲਦੀ ਹੈ, ਉਹ ਝੱਟ ਪੁੱਛ ਲੈਂਦੀ ਹੈ; ਹਉਮੈ ਕਾਰਨ ਪੁਰਸ਼, ਘੁੰਮਦੇ ਰਹਿੰਦੇ ਹਨ, ਪਰ ਰਸਤਾ ਨਹੀਂ ਪੁੱਛਦੇ।

ਪ੍ਰੋਫ਼ੈਸਰ ਦਾ ਯੋਗਦਾਨ ਪੁਸਤਕਾਂ ਪੜ੍ਹਾਉਣਾ ਹੀ ਨਹੀਂ ਹੁੰਦਾ, ਆਪਣੀ ਸ਼ਖ਼ਸੀਅਤ ਦੀ ਛਾਪ ਲਾਉਣਾ ਅਤੇ ਨਵੀਂ ਸੋਚ ਦੀ ਜਾਗ ਲਾਉਣਾ ਵੀ ਹੁੰਦਾ ਹੈ।

ਜਿਹੜਾ ਕੰਮ ਮਾਣ ਨਾਲ ਨਹੀਂ ਕੀਤਾ ਗਿਆ ਹੁੰਦਾ, ਉਹ ਵਗਾਰ ਹੁੰਦਾ ਹੈ।

ਇੰਜੀਨੀਅਰ, ਡਾਕਟਰ, ਵਕੀਲ ਬਣਨ ਦੀ ਇਕ ਉਮਰ ਹੁੰਦੀ ਹੈ, ਪਰ ਚੰਗਾ ਇਨਸਾਨ ਹਰੇਕ ਉਮਰ ਵਿਚ ਬਣਿਆ ਜਾ ਸਕਦਾ ਹੈ।

ਅਜੋਕੇ ਯੁੱਗ ਵਿਚ ਤਾਜ-ਮਹਿਲ ਉਸਾਰਨ ਦੀ ਸਮਰੱਥਾ ਤਾਂ ਕਈਆਂ ਕੋਲ ਹੋਵੇਗੀ, ਪਰ ਉਸ ਨੂੰ ਉਸਾਰਨ ਦੀ ਪ੍ਰੇਰਨਾ ਕਿਸੇ ਵਿਚ ਨਹੀਂ ਹੈ।

ਦੱਖਣੀ ਭਾਰਤ ਦੇ ਮੰਦਰ; ਧੀਰਜ, ਕਲਾ, ਸਹਿਜ ਅਤੇ ਪਰੰਪਰਾ ਦੇ ਗਵਾਹ ਹਨ।

ਪੁਰਸ਼ਾਂ ਦੀ ਦੋਸਤੀ ਦੇ ਦਾਇਰਿਆਂ ਵਿਚ, ਜੇ ਉਨ੍ਹਾਂ ਦੀਆਂ ਪਤਨੀਆਂ ਸ਼ਾਮਲ ਨਾ ਹੋਣ ਤਾਂ ਅਜਿਹੀਆਂ ਦੋਸਤੀਆਂ ਦੀ ਉਮਰ ਲੰਮੀ ਨਹੀਂ ਹੁੰਦੀ।

ਪੁੱਤਰ ਤਾਂ ਆਪਣੀਆਂ ਮਾਂਵਾਂ ਨੂੰ ਚੰਗੇ ਲੱਗਦੇ ਹੀ ਹਨ, ਮਾਂਵਾਂ ਉਹ ਚੰਗੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਨੂੰਹਾਂ ਵੀ ਚੰਗੀਆਂ ਲੱਗਣ।

ਯਾਦ-ਸ਼ਕਤੀ ਨਹੀਂ, ਭੁੱਲਣ-ਸ਼ਕਤੀ ਜ਼ਿੰਦਗੀ ਨੂੰ ਜਿਊਣਯੋਗ ਬਣਾਉਂਦੀ ਹੈ।

ਔਰਤ, ਆਪਣੇ ਦਿਲ ਦੀ ਭਾਨ ਨੂੰ ਵਧੇਰੇ ਅਤੇ ਵਧੇਰੇ ਚਿਰ ਸਾਂਭ ਕੇ ਰੱਖਦੀ ਹੈ।

ਸੰਸਾਰ ਭਰ ਵਿਚ, ਲੋਕਾਂ ਦੇ ਸਿਰ ਮੁੰਨਣ ਕਰਕੇ ਨਾਈ, ਬੜੇ ਹੁਸ਼ਿਆਰ, ਚੁਸਤ, ਤਿੱਖੇ ਅਤੇ ਚਲਾਕ ਹੁੰਦੇ ਹਨ।

ਕਿਸੇ ਦਾ ਝੂਠਾ ਸਨਮਾਨ ਅਤੇ ਸੱਚਾ ਅਪਮਾਨ ਕਰਨ ਦੀ ਬਿਰਤੀ ਕੇਵਲ ਮਨੁੱਖਾਂ ਵਿਚ ਹੈ।

ਜਿਹੜਾ ਲੰਗੜਾ ਕੇ ਤੁਰੇ, ਝੁਕ ਕੇ ਖਲੋਵੇ ਅਤੇ ਟੇਢਾ ਵੇਖੇ, ਉਹ ਲਾੜੇ ਵਜੋਂ ਪ੍ਰਵਾਨ ਨਹੀਂ ਹੁੰਦਾ।

ਪਤਨੀ ਨੂੰ ਪ੍ਰੇਮਿਕਾ ਬਣਾਉਣਾ, ਪਤਨੀ ਦਾ ਆਦਰ ਹੈ; ਪ੍ਰੇਮਿਕਾ ਨੂੰ ਪਤਨੀ ਬਣਾਉਣਾ, ਪ੍ਰੇਮਿਕਾ ਦਾ ਨਿਰਾਦਰ ਹੈ।

ਰਿਸ਼ਤਾ ਬਰਾਬਰ ਦਿਆਂ ਨਾਲ ਹੀ ਨਿਭਦਾ ਹੈ, ਬਾਕੀਆਂ ਨਾਲ ਟੁੱਟਦਾ ਹੀ ਹੈ।

ਪਿਆਰ ਵਿਚ ਨਿਰੰਤਰ ਯਾਤਰਾ ਦਾ ਅਹਿਸਾਸ ਹੁੰਦਾ ਹੈ, ਨਜ਼ਾਰੇ ਮੁੱਕਦੇ ਹੀ ਨਹੀਂ; ਵਿਆਹ ਵਿਚ ਬੰਦ ਗਲੀ ਦੇ ਅੰਤਲੇ ਮਕਾਨ ਵਿਚ ਪਹੁੰਚਣ ਦਾ ਅਹਿਸਾਸ ਹੁੰਦਾ ਹੈ, ਅੱਗੇ ਕੁਝ ਦਿਸਦਾ ਹੀ ਨਹੀਂ।

ਜੇ ਕੋਈ ਆਪਣਾ ਨਿਰਧਾਰਤ ਕੰਮ ਨਿਪੁੰਨਤਾ ਨਾਲ ਕਰਨ ਲੱਗ ਪਏ ਤਾਂ ਉਹ ਅਕਸਰ ਹਰੇਕ ਕੰਮ ਨਿਪੁੰਨਤਾ ਨਾਲ ਕਰਨ ਦੇ ਯੋਗ ਹੋ ਜਾਂਦਾ ਹੈ।

ਲੋਕਾਂ ਦਾ ਭਲਾ ਨਿੱਕੀਆਂ-ਨਿੱਕੀਆਂ ਭਲਾਈਆਂ ਵਿਚ ਹੁੰਦਾ ਹੈ; ਸਰਬਪੱਖੀ ਭਲਾਈ ਕਰਨ ਦੀਆਂ ਗੱਲਾਂ ਧੋਖਾ ਅਤੇ ਚਲਾਕੀ ਹੁੰਦੀਆਂ ਹਨ।

ਪੁਰਸ਼ ਦੀ ਹਉਮੈ ਨੂੰ ਜ਼ਖ਼ਮੀ ਕਰਕੇ ਅਤੇ ਇਸਤਰੀ ਦੇ ਸਵੈਮਾਣ ਨੂੰ ਠੇਸ ਪਹੁੰਚਾ ਕੇ, ਕੋਈ ਰਿਸ਼ਤਾ ਸੰਭਵ ਨਹੀਂ ਹੁੰਦਾ।

ਜਿਥੇ ਜਵਾਨਾਂ ਦਾ ਉਦੇਸ਼ ਜੋਖਮ ਵਾਲੇ ਧੰਦਿਆਂ ਦੀ ਥਾਂ ਸੁਰੱਖਿਅਤ ਸਰਕਾਰੀ ਨੌਕਰੀਆਂ ਹੋਣ, ਉਹ ਸਮਾਜ ਪਹਿਲੇ ਦਰਜੇ ਦਾ ਸਮਾਜ ਨਹੀਂ ਬਣਦਾ।

ਚਾਪਲੂਸੀ ਦੀ ਆਦਤ, ਜਾਂਦੀ-ਜਾਂਦੀ ਵੀ ਨਹੀਂ ਜਾਂਦੀ।

ਤਕਨਾਲੋਜੀ ਬਦਲਦੀ ਰਹਿੰਦੀ ਹੈ, ਪਰ ਵਿਗਿਆਨ ਦੇ ਨੇਮ ਉਹੀ ਰਹਿੰਦੇ ਹਨ।

ਜੇ ਰੁੱਸੀ ਹੋਈ ਪਤਨੀ, ਪਤਨੀ ਵਜੋਂ ਨਹੀਂ ਮੰਨਦੀ ਤਾਂ ਆਪਣੇ ਬੱਚਿਆਂ ਦੀ ਮਾਂ ਵਜੋਂ ਮਨਾਓ, ਸਫ਼ਲਤਾ ਮਿਲੇਗੀ।

ਐਤਵਾਰ, ਸ਼ੁਰੂ ਤਾਂ ਸੱਜਰੇ ਉਤਸ਼ਾਹ ਅਤੇ ਮੌਜ-ਮੇਲੇ ਨਾਲ ਹੁੰਦਾ ਹੈ, ਪਰ ਸ਼ਾਮ ਪੈਂਦਿਆਂ-ਪੈਂਦਿਆਂ ਇਹ ਥੱਕ ਜਾਂਦਾ ਹੈ।

ਜਵਾਨੀ ਵਿਚ ਉਹੀ ਰਾਹ ਚੰਗੇ ਲੱਗਦੇ ਹਨ, ਜਿਨ੍ਹਾਂ 'ਤੇ ਕਿਸੇ ਸੋਹਣੇ ਅਤੇ ਪਿਆਰੇ ਦੇ ਮਿਲ ਪੈਣ ਦੀ ਸੰਭਾਵਨਾ ਹੋਵੇ।

ਭਾਵੇਂ ਪੁਰਸ਼ ਮੰਨਦੇ ਨਹੀਂ, ਪਰ ਇਸਤਰੀਆਂ ਦੀ ਪੁਰਸ਼ਾਂ 'ਤੇ ਬੜੀ ਪੱਕੀ ਅਤੇ ਪੀਡੀ ਪਕੜ ਹੁੰਦੀ ਹੈ।

ਸਰੀਰ ਨੂੰ ਵਧੇਰੇ ਵਿਖਾਉਣ ਵਾਲੀ ਇਸਤਰੀ ਦੀ ਅਕਲ ਵੱਲ, ਕਿਸੇ ਦਾ ਧਿਆਨ ਨਹੀਂ ਜਾਂਦਾ।

ਕੰਪਿਊਟਰ-ਤਕਨਾਲੋਜੀ ਉਪਜਾਉਂਦੀ ਕੁਝ ਨਹੀਂ ਪਰ ਇਹ ਰਫ਼ਤਾਰ ਹਰ ਚੀਜ਼ ਦੀ ਤੇਜ਼ ਕਰ ਦਿੰਦੀ ਹੈ।

ਜਦੋਂ ਕੋਈ ਇਸਤਰੀ ਕਿਸੇ ਨੂੰ ਆਪਣਾ ਫੋਨ ਨੰਬਰ ਦਿੰਦੀ ਹੈ ਤਾਂ ਨਾਲ ਹੀ ਫੋਨ ਕਰਨ ਦਾ ਹੌਸਲਾ ਵੀ ਦੇ ਰਹੀ ਹੁੰਦੀ ਹੈ।

ਕਿਸੇ ਵੱਲੋਂ ਕਹੇ ਭੈੜੇ ਸ਼ਬਦਾਂ ਵਿਚ ਯਾਦ ਰਹਿਣ ਦੀ ਸ਼ਕਤੀ ਵਧੇਰੇ ਹੁੰਦੀ ਹੈ।

ਚੰਗੀ ਪੁਸਤਕ, ਪਾਠਕ ਦੀ ਸੋਚ ਨੂੰ ਰਿਜ਼ਕ ਦਿੰਦੀ ਹੈ।

ਕਈ ਚੁੰਮਣ ਸਾਰਾ ਜੀਵਨ ਨਹੀਂ ਭੁੱਲਦੇ, ਕਈ ਮੁਸਕਰਾਹਟਾਂ ਸਾਰਾ ਜੀਵਨ ਵਿਖਾਈ ਦਿੰਦੀਆਂ ਰਹਿੰਦੀਆਂ ਹਨ।

ਇਸਤਰੀ ਲਈ ਪਿਆਰ, ਇਕ ਮੁਕੰਮਲ ਰੁਝੇਵਾਂ ਹੁੰਦਾ ਹੈ; ਪੁਰਸ਼ ਲਈ ਇਹ ਕਈ ਰੁਝੇਵਿਆਂ ਵਿਚੋਂ, ਇਕ ਰੁਝੇਵਾਂ ਹੁੰਦਾ ਹੈ।

ਗੱਲਬਾਤ ਹੁੰਦੀ ਰਹੇ ਤਾਂ ਗਲਤਫ਼ਹਿਮੀ ਨਹੀਂ ਪੈਂਦੀ; ਬਹਿਸ ਜਾਰੀ ਰਹੇ ਤਾਂ ਗਲਤਫ਼ਹਿਮੀ ਕਦੇ ਨਹੀਂ ਮਿਟਦੀ।

ਪੁਰਸ਼ ਨੂੰ ਸਭ ਤੋਂ ਵਧੇਰੇ ਘਬਰਾਹਟ, ਆਪਣੀ ਪ੍ਰੇਮਿਕਾ ਦੇ ਪਿਤਾ ਨੂੰ ਮਿਲਣ ਵੇਲੇ ਹੁੰਦੀ ਹੈ।

ਜੇ ਪਤਨੀ ਨਾਲ ਰਿਸ਼ਤਾ ਸੁਖਾਵਾਂ ਨਾ ਹੋਵੇ ਤਾਂ ਸਾਂਢੂ ਅਤੇ ਸਾਲੇ ਨਾਲ ਮੁਕਾਬਲਾ ਚੱਲ ਪੈਂਦਾ ਹੈ।

ਇਸਤਰੀ ਨੂੰ ਤੋਹਫ਼ਾ ਦੇਣ ਲਈ, ਤੋਹਫ਼ਾ ਖਰੀਦਣ ਵੇਲੇ, ਇਸਤਰੀ ਵਾਂਗ ਸੋਚੋ, ਤਾਂ ਹੀ ਸਫ਼ਲ ਹੋਵੋਗੇ।

ਬਹਿਸ, ਹਰੇਕ ਰਿਸ਼ਤੇ ਦਾ ਭਾਗ ਹੁੰਦੀ ਹੈ, ਸੋ ਬਹਿਸ ਕਰਨ ਦਾ ਸਲੀਕਾ ਸਿੱਖਣ ਦੀ ਲੋੜ ਹੈ, ਨਹੀਂ ਤਾਂ ਬਹਿਸ ਦੁਸ਼ਮਣੀ ਅਤੇ ਤਲਾਕ ਬਣ ਜਾਵੇਗੀ।

ਪਰੇਸ਼ਾਨ ਮਨੁੱਖ ਨੂੰ ਹਰ ਪ੍ਰਕਾਰ ਦੀ ਆਵਾਜਾਈ ਪਰੇਸ਼ਾਨ ਕਰਦੀ ਹੈ।

ਪੁਰਸ਼ਾਂ ਲਈ ਪੁਰਸ਼ਾਂ ਨਾਲ ਲੜਨਾ ਸੌਖਾ ਹੁੰਦਾ ਹੈ, ਕਿਉਂਕਿ ਦੋਵੇਂ ਧਿਰਾਂ ਸਿੱਧਾ ਵਾਰ ਕਰਦੀਆਂ ਹਨ, ਪਰ ਪੁਰਸ਼ ਲਈ ਇਸਤਰੀ ਨਾਲ ਲੜਨਾ ਸੌਖਾ ਨਹੀਂ ਹੁੰਦਾ, ਕਿਉਂਕਿ ਪੁਰਸ਼ ਵਾਂਗ, ਇਸਤਰੀ ਨੂੰ ਸਿੱਧਾ ਵਾਰ ਕਰਨਾ ਨਹੀਂ ਆਉਂਦਾ।

ਜੇ ਪਤੀ ਅਮੀਰ ਹੋਵੇ ਤਾਂ ਇਸਤਰੀ ਦੀਆਂ ਸ਼ਿਕਾਇਤਾਂ ਘਟਦੀਆਂ ਨਹੀਂ, ਵੱਧ ਜਾਂਦੀਆਂ ਹਨ, ਕਿਉਂਕਿ ਮਾਇਕ ਪੱਖੋਂ ਸੁਰੱਖਿਅਤ ਮਹਿਸੂਸ ਕਰਨ ਕਰਕੇ, ਇਸਤਰੀ ਪਿਆਰ ਦੀ ਘਾਟ ਮਹਿਸੂਸ ਕਰਨ ਲੱਗ ਪੈਂਦੀ ਹੈ।

ਜੇ ਤੁਸੀਂ ਆਪਣੇ ਵਿਰੋਧੀ ਦੇ ਤਰਕ ਨੂੰ, ਹੋਰਾਂ ਸਾਹਮਣੇ, ਉਸ ਦੀ ਹਾਜ਼ਰੀ ਵਿਚ, ਉਸ ਦੀ ਤਸੱਲੀ ਅਨੁਸਾਰ, ਪ੍ਰਗਟਾ ਦੇਵੋ ਤਾਂ ਵਿਰੋਧੀ, ਦੋਸਤ ਬਣ ਜਾਵੇਗਾ।

ਪਰੰਪਰਾਗਤ ਦੇਸ਼ਾਂ ਦੇ ਲੋਕ ਕਿਸੇ ਅਜਨਬੀ ਨੂੰ ਮਿਲਣ ਵਿਚ ਪਹਿਲ ਨਹੀਂ ਕਰਦੇ।

ਹਰੇਕ ਜਾਤੀ ਦੀ ਆਤਮਾ ਅਤੇ ਪ੍ਰਾਣ, ਉਸ ਦੀ ਆਪਣੀ ਭਾਸ਼ਾ ਵਿਚ ਵਸਦੇ ਹਨ।

ਇਸਤਰੀ ਅਤੇ ਪੁਰਸ਼ ਦੀ ਸ਼ਖ਼ਸੀਅਤ ਦੇ ਅਨੇਕਾਂ ਅਜਿਹੇ ਪੱਖ ਹੁੰਦੇ ਹਨ, ਜਿਹੜੇ ਕਿਸੇ ਵਲੋਂ ਵਿਆਹ ਤੋਂ ਪਹਿਲਾਂ ਜਾਣੇ ਹੀ ਨਹੀਂ ਜਾ ਸਕਦੇ।

ਕਿਸੇ ਨੂੰ ਪਿਆਰ ਕਰਦਿਆਂ, ਸਾਡੀ ਆਪਣੇ ਆਪ ਬਾਰੇ ਸੋਝੀ ਵੱਧ ਜਾਂਦੀ ਹੈ।

ਵਿਰੋਧੀ ਨਾਲ ਭਾਵੇਂ ਸਹਿਮਤ ਨਾ ਹੋਵੇ, ਪਰ ਵਿਰੋਧੀ ਨੂੰ ਸੁਣੋ, ਉਸ ਦੀ ਵਿਰੋਧਤਾ ਦਾ ਜ਼ਹਿਰ ਘੱਟ ਜਾਵੇਗਾ।

ਇੱਛਾ ਕਰੋ, ਨੇਕ ਬਣਨ ਦੀ ਇੱਛਾ; ਲਾਲਚ ਕਰੋ, ਗਿਆਨ ਦਾ ਲਾਲਚ।

ਨਿੰਦਾ, ਆਲੋਚਨਾ ਅਤੇ ਸ਼ਿਕਾਇਤ ਕਰਨ ਨਾਲ ਪਰਿਵਰਤਨ ਤਾਂ ਵਾਪਰਦਾ ਹੈ, ਪਰ ਭੈੜਾ ਪਰਿਵਰਤਨ ਹੀ ਵਾਪਰਦਾ ਹੈ।

ਜਿਸ ਨੇ ਸੁਹਿਰਦ ਪਿਆਰ ਕੀਤਾ ਹੁੰਦਾ ਹੈ, ਉਹ ਰਿਸ਼ਤਾ ਟੁੱਟਣ ਦੀ ਸੂਰਤ ਵਿਚ ਵੀ, ਦੂਜੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਏਗਾ।

ਮੁਆਫ਼ ਕਰਨ ਨਾਲ ਅਤੀਤ ਨਹੀਂ ਬਦਲਦਾ, ਪਰ ਭਵਿੱਖ ਵਿਸ਼ਾਲ ਹੋ ਜਾਂਦਾ ਹੈ।

ਜਦੋਂ ਇਸਤਰੀ ਕਿਸੇ ਪੁਰਸ਼ ਨੂੰ ਦੱਸਦੀ ਹੈ ਕਿ ਮੈਂ ਅਜੇ ਵਿਆਹ ਨਹੀਂ ਕਰਵਾਉਣਾ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਤੇਰੇ ਨਾਲ ਵਿਆਹ ਨਹੀਂ ਕਰਵਾਉਣਾ।

ਲੋੜੀਂਦੇ ਤੱਥ ਨਾ ਹੋਣ ਦੀ ਸੂਰਤ ਵਿਚ ਠੀਕ ਫੈਸਲੇ ਨਹੀਂ ਹੁੰਦੇ; ਬਹੁਤੇ ਤੱਥ ਹੋਣ ਦੀ ਸੂਰਤ ਵਿਚ, ਫੈਸਲੇ ਹੁੰਦੇ ਹੀ ਨਹੀਂ।

ਧੰਨਵਾਦ ਦਾ ਪੱਤਰ ਪ੍ਰਸੰਨ ਹੋਣ ਮਗਰੋਂ ਹੀ ਲਿਖਿਆ ਜਾਂਦਾ ਹੈ ਅਤੇ ਇਹ ਪ੍ਰਸੰਨ ਕਰਨ ਲਈ ਲਿਖਿਆ ਜਾਂਦਾ ਹੈ।

ਅਕਸਰ ਹੌਕਾ ਇਕ ਲੈਂਦਾ ਹੈ, ਉਸ ਦੇ ਅਰਥ ਦੂਜਾ ਕੱਢਦਾ ਹੈ।

ਖੇਤਰ ਕੋਈ ਹੋਵੇ, ਵਿਕਾਸ ਕਰਨ ਲਈ, ਸੁਖਾਵਾਂ ਵਿਆਹ ਲਾਜ਼ਮੀ ਸ਼ਰਤ ਹੁੰਦੀ ਹੈ, ਨਹੀਂ ਤਾਂ ਅਣਸੁਖਾਵਾਂ ਵਿਆਹ ਹੀ ਸਾਰੀ ਸ਼ਕਤੀ ਖਾ ਜਾਵੇਗਾ।

ਮੁਕਾਬਲਾ, ਪੁਰਸ਼ ਸੰਕਲਪ ਹੈ; ਇਸਤਰੀ ਸੰਕਲਪ, ਸਹਿਯੋਗ ਹੈ।

ਜੇ ਮਨ ਵਿਚ ਸ਼ੰਕੇ ਹੋਣ ਤਾਂ ਮਨੁੱਖ ਬਹਿਸ ਕਰਦਾ ਹੈ; ਜੇ ਵਿਸ਼ਵਾਸ ਹੋਣ ਤਾਂ ਭਜਨ ਗਾਉਂਦਾ ਹੈ।

ਵਿਸ਼ਲੇਸ਼ਣ ਨਾਲ ਸਿਆਣਪ ਤਾਂ ਆ ਜਾਂਦੀ ਹੈ, ਪਰ ਭੋਲਾਪਣ ਗੁਆਚ ਜਾਂਦਾ ਹੈ।

ਇਸਤਰੀਆਂ ਨੂੰ ਪੁਰਸ਼ਾਂ ਵਰਗਾ ਬਣਨ ਤੋਂ ਸੰਕੋਚ ਕਰਨਾ ਚਾਹੀਦਾ ਹੈ; ਨਹੀਂ ਤਾਂ ਇਸਤਰੀ ਵਿਚੋਂ, ਇਸਤਰੀ ਵਾਲੇ ਗੁਣ ਲੋਪ ਹੋ ਜਾਣਗੇ ਅਤੇ ਪੁਰਸ਼ਾਂ ਵਾਲੇ ਔਗੁਣ ਸਥਾਪਤ ਹੋ ਜਾਣਗੇ।

ਮੰਗਣੀ ਉਪਰੰਤ ਲੜਕੀ ਦੇ ਰੁਝੇਵੇਂ ਇਕ-ਦਮ ਵੱਧ ਜਾਂਦੇ ਹਨ; ਉਹ ਤਿਆਰ ਹੋਣ, ਤਿਆਰੀ ਕਰਨ ਅਤੇ ਤਿਆਰੀ ਕਰਕੇ ਰੱਖਣ ਵਿਚ ਰੁਝ ਜਾਂਦੀ ਹੈ।

ਟੈਲੀਫੋਨ ਨੇ ਦੂਰ ਬੈਠਿਆਂ ਨਾਲ ਗੱਲਬਾਤ ਦੀ ਸਹੂਲਤ ਤਾਂ ਦਿੱਤੀ ਹੈ, ਪਰ ਗੱਲਬਾਤ ਦਾ ਪੱਧਰ ਨੀਵਾਂ ਕਰ ਦਿੱਤਾ ਹੈ।

ਜਦੋਂ ਵਿਆਹ ਦੀ ਤਾਰੀਖ਼ ਪੱਕੀ ਹੋ ਜਾਵੇ ਤਾਂ ਦਿਨ ਦੌੜਨ ਲੱਗ ਪੈਂਦੇ ਹਨ।

ਪੁਰਸ਼ ਦੀ ਦਿਲਚਸਪੀ ਪਿਆਰ ਵਿਚ ਹੁੰਦੀ ਹੈ, ਇਸਤਰੀ ਦੀ ਵਿਆਹ ਵਿਚ; ਮੁਹੱਬਤ ਵਿਚ ਇਕ ਪੜਾਓ ਆ ਜਾਂਦਾ ਹੈ, ਜਦੋਂ ਜੇ ਵਿਆਹ ਨਾ ਹੋਣਾ ਹੋਵੇ ਤਾਂ ਪਿਆਰ ਵੀ ਨਹੀਂ ਰਹਿੰਦਾ।

ਅਸੂਲ ਵਾਲੇ ਬੰਦੇ ਨੂੰ ਅਕਸਰ ਗਲਤ ਸਮਝਿਆ ਜਾਂਦਾ ਹੈ।

ਦੇਸ਼ ਦੀ ਹਕੂਮਤ ਨੂੰ ਆਪਣੇ ਹੱਥ ਵਿਚ ਰੱਖਣ ਲਈ, ਰਾਜਸੀ ਆਗੂ ਲੋੜ ਪੈਣ 'ਤੇ, ਦੇਸ਼-ਭਗਤ ਵੀ ਬਣ ਜਾਂਦੇ ਹਨ।

ਜਿਹੜਾ ਬੰਗਾਲੀ ਪੜ੍ਹੇਗਾ, ਉਹ ਟੈਗੋਰ ਵੀ ਪੜ੍ਹੇਗਾ।

ਪੁਰਸ਼ ਵਿਆਹ ਬਾਰੇ ਸੋਚਦਿਆਂ ਵਿਆਹ ਦੀਆਂ ਮੁਸ਼ਕਿਲਾਂ ਬਾਰੇ ਸੋਚਦਾ ਹੈ, ਜਦੋਂ ਕਿ ਇਸਤਰੀ ਅਕਸਰ ਵਿਆਹ ਦੀਆਂ ਸਹੂਲਤਾਂ ਬਾਰੇ ਹੀ ਸੋਚਦੀ ਹੈ।

ਜਿਹੜਾ ਸੋਨੇ ਅਤੇ ਪਿੱਤਲ ਦਾ ਅੰਤਰ ਨਹੀਂ ਜਾਣਦਾ, ਉਸ ਨੂੰ ਮੂਰਖ ਕਹਿੰਦੇ ਹਨ; ਜਿਹੜਾ ਅੰਤਰ ਜਾਣਦਾ ਹੈ, ਪਰ ਇਸ ਅੰਤਰ ਤੋਂ ਪ੍ਰਭਾਵਿਤ ਨਹੀਂ ਹੁੰਦਾ, ਉਸ ਨੂੰ ਸੰਤ ਕਹਿੰਦੇ ਹਨ।

ਜੇ ਕਾਲਜ ਵਿਚ ਦਾਖ਼ਲਾ ਹੁੰਦਿਆਂ ਹੀ ਕਿਸੇ ਨਾਲ ਪਿਆਰ ਪੈ ਜਾਵੇ ਤਾਂ ਨਵੇਂ ਦੋਸਤ-ਸਹੇਲੀਆਂ ਨਹੀਂ ਬਣਦੀਆਂ, ਕਿਉਂਕਿ ਬਣਾਉਣ ਦਾ ਵਕਤ ਹੀ ਨਹੀਂ ਮਿਲਦਾ।

ਜਿਸ ਦੇ ਹੱਥ ਵਿਚ ਪਲਾਸ ਜਾਂ ਪੇਚਕੱਸ ਹੋਵੇ, ਉਸ ਨੂੰ ਹਰ ਚੀਜ਼ ਢਿੱਲੀ ਨਜ਼ਰ ਆਉਂਦੀ ਹੈ।

ਜਦੋਂ ਪਾਠਕ, ਲੇਖਕ ਤੋਂ ਵਧੇਰੇ ਜਾਣਨ ਲੱਗ ਪੈਣ ਤਾਂ ਲੇਖਕ ਪੁਰਾਣਾ ਹੋ ਜਾਂਦਾ ਹੈ।

ਜਿਸ ਦਾ ਸਾਡੇ ਵਰਗਾ ਨਾਂ ਹੋਵੇ, ਉਸ ਵੱਲ ਅਸੀਂ ਜ਼ਰੂਰ ਵੇਖਦੇ ਹਾਂ; ਅਸੀਂ ਸਮਝਦੇ ਹਾਂ, ਅਸਲੀ ਨਾਂ ਤਾਂ ਮੇਰਾ ਹੈ, ਇਸ ਨੇ ਨਾਂ ਚੰਗਾ ਹੋਣ ਕਰਕੇ ਹੀ ਰੱਖਿਆ ਹੋਇਆ ਹੈ।

ਬੋਲਣ ਤੋਂ ਪਹਿਲਾਂ ਸੋਚੋ, ਫਿਰ ਸੋਚੋ ਕਿ ਕੀ ਬੋਲਣ ਦੀ ਲੋੜ ਹੈ?

ਜੇ ਤੁਹਾਨੂੰ ਸ਼ਿਕਾਇਤ ਹੈ ਕਿ ਕੋਈ ਤੁਹਾਨੂੰ ਯਾਦ ਨਹੀਂ ਕਰਦਾ ਤਾਂ ਜਿਨ੍ਹਾਂ ਤੋਂ ਤੁਸੀਂ ਉਧਾਰ ਲਿਆ ਹੈ, ਉਨ੍ਹਾਂ ਦੀ ਸੂਚੀ ਬਣਾਓ।

ਕਿਸੇ ਦੀ ਬੁਰੀ ਆਦਤ ਛੁਡਾਉਣ ਤੋਂ ਪਹਿਲਾਂ ਆਪ ਸੋਚੋ ਕਿ ਤੁਸੀਂ ਆਪ ਅੱਜ ਤਕ ਕਿਤਨੀਆਂ ਬੁਰੀਆਂ ਆਦਤਾਂ ਛੱਡੀਆਂ ਹਨ।

ਜਾਸੂਸ ਕਿਸੇ ਦੀਆਂ ਕਹੀਆਂ ਗੱਲਾਂ ਨਾਲੋਂ, ਅਣਕਹੀਆਂ ਗੱਲਾਂ ਵੱਲ ਵਧੇਰੇ ਧਿਆਨ ਦਿੰਦੇ ਹਨ।

ਪੇਂਡੂ ਫ਼ੌਜੀਆਂ ਨੂੰ ਫ਼ੌਜੀ ਵਰਦੀ ਦਾ ਅਤੇ ਸ਼ਹਿਰੀ ਫ਼ੌਜੀ ਅਫ਼ਸਰਾਂ ਨੂੰ ਫ਼ੌਜੀ ਅਹੁਦੇ ਦਾ ਮਾਣ ਹੁੰਦਾ ਹੈ।

ਜੋ ਸੱਚ ਬੋਲੇਗਾ, ਉਹ ਅੱਖ ਮਿਲਾ ਕੇ, ਸਿਰ ਉੱਚਾ ਕਰਕੇ, ਸ਼ਾਂਤ ਭਾਵ ਅਤੇ ਦ੍ਰਿੜ੍ਹਤਾ ਨਾਲ ਬੋਲੇਗਾ; ਜੋ ਝੂਠ ਬੋਲੇਗਾ, ਉਹ ਅੱਖ ਬਚਾ ਕੇ, ਬੇਚੈਨ ਹੋ ਕੇ, ਝਿਜਕ ਨਾਲ ਬੋਲੇਗਾ।

ਵਰਦੀ ਦਾ ਰੋਅਬ, ਨਿਸਚਿਤ ਮਿਤੀ ਨੂੰ ਮਿਲਦੀ ਬੱਨ੍ਹੀ ਤਨਖਾਹ, ਪੈਨਸ਼ਨ, ਤਮਗਿਆਂ ਅਤੇ ਇਨਾਮਾਂ ਨੇ ਭਾਰਤੀ ਫੌਜੀਆਂ ਨੂੰ ਅੰਗਰੇਜ਼ਾਂ ਦੇ ਇਤਨੇ ਵਫ਼ਾਦਾਰ ਬਣਾ ਦਿੱਤਾ ਸੀ ਕਿ ਨੌਕਰੀ ਮਗਰੋਂ ਵੀ ਉਹ ਆਪਣਾ ਸਮਾਂ ਅੰਗਰੇਜ਼ਾਂ ਦੇ ਗੁਣ ਗਾਉਣ ਵਿਚ ਲਾਉਂਦੇ ਸਨ।

ਗੁਲਾਮ ਕੌਮਾਂ, ਪਹਿਲਾਂ ਜੇਤੂਆਂ ਦੀ ਭਾਸ਼ਾ, ਫਿਰ ਉਨ੍ਹਾਂ ਦਾ ਲਿਬਾਸ ਅਤੇ ਮਗਰੋਂ ਉਨ੍ਹਾਂ ਦਾ ਚੱਜ-ਆਚਾਰ ਅਪਨਾ ਲੈਂਦੀਆਂ ਹਨ।

ਜਿਹੜੀਆਂ ਕੌਮਾਂ ਕਾਨੂੰਨ ਪਾਲਦੀਆਂ ਹਨ, ਉਹੀ ਰਾਜ ਕਰਦੀਆਂ ਹਨ।

ਕਿਸੇ ਦੇਸ਼ 'ਤੇ ਲੰਮਾ ਅਰਸਾ ਰਾਜ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਅਤੇ ਕਾਰਗਰ ਢੰਗ, ਉਸ ਦੇਸ਼ ਵਿਚ ਆਪਣੀ ਭਾਸ਼ਾ ਲਾਗੂ ਕਰਨਾ ਹੁੰਦਾ ਹੈ।

ਸਾੜੇ, ਈਰਖਾ, ਨਿੰਦਾ ਅਤੇ ਨਫ਼ਰਤ ਕਾਰਨ ਵਿਅਕਤੀ ਦਾ ਮਾਨਸਿਕ ਕੱਦ ਛੋਟਾ, ਆਤਮਕ ਵਿਹੜਾ ਸੌੜਾ, ਸਰੀਰ ਰੋਗੀ, ਨਜ਼ਰ ਤੰਗ ਅਤੇ ਦ੍ਰਿਸ਼ਟੀਕੋਣ ਸਨਕੀ ਹੋ ਜਾਂਦਾ ਹੈ।

ਰਾਜ-ਪ੍ਰਣਾਲੀ ਕੋਈ ਹੋਵੇ, ਚੋਣਾਂ ਸਿਧਾਂਤਾਂ ਦੇ ਸਿਰ 'ਤੇ ਨਹੀਂ, ਭਾਵਨਾਵਾਂ ਦੇ ਅਧਾਰ 'ਤੇ ਲੜੀਆਂ ਜਾਂਦੀਆਂ ਹਨ।

ਜਦੋਂ ਤੁਸੀਂ ਆਪ ਚੰਗਾ-ਚੰਗਾ ਮਹਿਸੂਸ ਕਰੋਗੇ ਤਾਂ ਹਰ ਕਿਸੇ ਨੂੰ ਚੰਗੇ ਲੱਗੋਗੇ।

ਪੁਰਸ਼ ਚਾਹੁੰਦਾ ਹੈ ਕਿ ਇਸਤਰੀ ਉਸ ਵਾਂਗ ਸੋਚੇ; ਇਸਤਰੀ ਚਾਹੁੰਦੀ ਹੈ ਕਿ ਪੁਰਸ਼ ਉਸ ਵਾਂਗ ਮਹਿਸੂਸ ਕਰੇ।

ਭਾਰਤੀ ਸੱਭਿਅਤਾ ਅਤੇ ਸਮਾਜ ਵਿਚ ਦੇਵਤਿਆਂ ਨਾਲ ਦੇਵੀਆਂ ਹੋਣ ਕਾਰਨ, ਸਤਿਕਾਰ ਅਕਸਰ ਉਸੇ ਪੁਰਸ਼ ਦਾ ਹੋਇਆ ਹੈ, ਜਿਸ ਦੀ ਪਤਨੀ ਹੋਵੇ।

ਆਸ-ਉਮੀਦ ਚੰਗੀ ਗੱਲ ਹੈ, ਪਰ ਠੋਸ-ਅਧਾਰ ਤੋਂ ਬਿਨਾਂ ਇਹ ਵੀ ਇਕ ਭਰਮ ਹੀ ਹੁੰਦੀ ਹੈ।

ਇਸਤਰੀਆਂ ਵੇਰਵੇ ਦੱਸਦੀਆਂ ਹਨ, ਸਿੱਟਾ ਨਹੀਂ ਕੱਢਦੀਆਂ; ਪੁਰਸ਼ਾਂ ਦੀ ਦਿਲਚਸਪੀ ਸਿੱਟਿਆਂ ਵਿਚ ਹੁੰਦੀ ਹੈ, ਵੇਰਵਿਆਂ ਵਿਚ ਨਹੀਂ; ਇਸ ਕਾਰਨ ਅਕਸਰ ਇਸਤਰੀ-ਪੁਰਸ਼ ਵਿਚਕਾਰ ਸੁਖਾਵਾਂ ਅਤੇ ਸੰਤੁਸ਼ਟ ਕਰਨ ਵਾਲਾ ਦੁਵੱਲਾ ਸੰਚਾਰ ਨਹੀਂ ਵਾਪਰਦਾ।

ਇਸਤਰੀ, ਜਿਸ ਨੂੰ ਪਿਆਰ ਕਰਦੀ ਹੈ, ਉਸ ਨੂੰ ਸੁਧਾਰਨ ਦਾ ਬੀੜਾ ਚੁੱਕ ਲੈਂਦੀ ਹੈ।

ਇਸਤਰੀਆਂ ਫ਼ਿਲਾਸਫ਼ਰ ਨਹੀਂ ਹੁੰਦੀਆਂ, ਕਿਉਂਕਿ ਉਨ੍ਹਾਂ ਨੇ ਨਿਤਾ-ਪ੍ਰਤੀ ਦੇ ਅਣਗਿਣਤ ਘਰੇਲੂ ਕੰਮ ਵੀ ਨਿਪਟਾਉਣੇ ਹੁੰਦੇ ਹਨ।

ਹੌਕੇ ਲੈਣ ਦੀ ਥਾਂ, ਡੂੰਘੇ ਸਾਹ ਲਵੋ, ਹਿੰਮਤ ਜਾਗੇਗੀ।

ਲਾਚਾਰ ਬੰਦੇ ਦੀ ਨਾ ਕੋਈ ਮਰਜ਼ੀ ਹੁੰਦੀ ਹੈ, ਨਾ ਹੀ ਕੋਈ ਤਰਜੀਹ।

ਚੰਗੀ, ਖ਼ੁਸ਼ਗਵਾਰ ਹਾਜ਼ਰ-ਜਵਾਬੀ, ਖੁੱਲ੍ਹੀ-ਡੁੱਲ੍ਹੀ ਅਤੇ ਸੁਤੰਤਰ ਸ਼ਖ਼ਸੀਅਤ ਦਾ ਧਨਾਤਮਕ ਪੱਖ ਹੁੰਦੀ ਹੈ।

ਇਸਤਰੀ ਨਾਲ ਗੱਲਾਂ ਕਰਦਿਆਂ, ਪੁਰਸ਼ ਇਸਤਰੀ ਨੂੰ ਵੇਖਦਾ ਵਧੇਰੇ ਹੈ, ਸੁਣਦਾ ਘੱਟ ਹੈ; ਇਸ ਲਈ ਉਹ ਕੋਈ ਕੰਮ, ਇਸਤਰੀ ਦੀ ਤਸੱਲੀ ਅਨੁਸਾਰ ਨਹੀਂ ਕਰਦਾ।

ਰੋਮਨਾਂ ਦਾ ਰਾਜ-ਪ੍ਰਬੰਧ ਅਤੇ ਸ਼ਾਨ-ਸ਼ੌਕਤ ਅਜਿਹੀ ਸੀ ਕਿ ਹਾਰਨ ਵਾਲੇ ਮੁੜ ਸੁਤੰਤਰ ਹੋਣ ਦੀ ਇੱਛਾ ਹੀ ਤਿਆਗ ਦਿੰਦੇ ਸਨ ਅਤੇ ਆਪਣੇ ਆਪ ਨੂੰ ਰੋਮਨ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਸਨ।

ਪੁਰਸ਼ ਪੁੱਛਦਾ ਹੈ, ਇਹ ਕਿਵੇਂ ਵਾਪਰਿਆ; ਇਸਤਰੀ ਪੁੱਛਦੀ ਹੈ, ਇਹ ਕਿਉਂ ਵਾਪਰਿਆ; ਬੱਚੇ ਪੁੱਛਦੇ ਹਨ, ਇਵੇਂ ਵੀ ਵਾਪਰਦਾ ਹੈ?

ਇਸਤਰੀਆਂ ਮੰਗਾਂ ਪੇਸ਼ ਕਰਨ ਵਿਚ ਨਿਪੁੰਨ ਹੁੰਦੀਆਂ ਹਨ; ਪੁਰਸ਼ ਮੰਗਾਂ ਟਾਲਣ ਵਿਚ ਮਾਹਿਰ ਹੁੰਦੇ ਹਨ।

ਪਿਆਰ ਲਈ ਕੁਰਬਾਨੀਆਂ ਕਰਨ ਵਿਚ, ਇਸਤਰੀ ਪੁਰਸ਼ ਤੋਂ ਹਮੇਸ਼ਾਂ ਅੱਗੇ ਰਹਿੰਦੀ ਹੈ।

ਜੇ ਇਸਤਰੀਆਂ ਦੀਆਂ ਮਾਇਕ ਲੋੜਾਂ ਪੂਰੀਆਂ ਹੋ ਜਾਣ ਤਾਂ ਉਹ ਭਾਵਕ ਲੋੜਾਂ ਪ੍ਰਤੀ ਵਧੇਰੇ ਸੁਚੇਤ ਹੋ ਜਾਂਦੀਆਂ ਹਨ।

ਲਾਲਚੀ ਬੰਦੇ ਨੂੰ ਭਾਵੇਂ ਸਵਰਗ ਮਿਲ ਜਾਵੇ, ਉਹ ਸੰਤੁਸ਼ਟ ਨਹੀਂ ਹੁੰਦਾ, ਕਹੇਗਾ: ਛੋਟਾ ਹੈ, ਪੁਰਾਣਾ ਹੈ, ਦੂਰ ਹੈ।

ਜਿਹੜਾ ਬੰਦਾ ਸੱਤ ਪੁਸ਼ਤਾਂ ਲਈ ਸਾਧਨ-ਵਸੀਲੇ ਜੋੜਨ ਲੱਗ ਪੈਂਦਾ ਹੈ, ਉਸ ਦੀ ਜੋਗਤਾ ਦੀ ਥਾਂ, ਉਸ ਦੇ ਔਗੁਣ ਉਭਰਨ ਲੱਗ ਪੈਂਦੇ ਹਨ।

ਕਈ ਸਮਝਦੇ ਹਨ ਕਿ ਉਨ੍ਹਾਂ ਦਾ ਕੰਮ ਜਨਮ ਲੈਣਾ ਹੀ ਸੀ, ਬਾਕੀ ਸਾਰੇ ਕੰਮ ਕਿਸਮਤ ਨੇ ਕਰਨੇ ਹਨ।

ਜਦੋਂ ਸਾਧਾਂ ਨੂੰ ਸਵਾਦੀ ਪਕਵਾਨ ਮਿਲਣ ਲੱਗ ਪੈਣ ਤਾਂ ਉਹ ਰੰਗੀਨ ਘੱਗਰਿਆਂ ਦੀ ਭਾਲ ਵਿਚ ਭਟਕਣ ਲੱਗ ਪੈਂਦੇ ਹਨ।

ਜਿਹੜੀਆਂ ਜਾਤੀਆਂ ਇਸਤਰੀ ਦਾ ਸਤਿਕਾਰ ਨਹੀਂ ਕਰਦੀਆਂ, ਨਾ ਉਹ ਅਤੀਤ ਵਿਚ ਵਿਕਸਿਤ ਹੋਈਆਂ ਹਨ, ਨਾ ਹੀ ਉਹ ਭਵਿੱਖ ਵਿਚ ਵਿਕਾਸ ਕਰਨਗੀਆਂ।

ਸ਼ਬਦ ਆਪਣੇ ਅਰਥਾਂ ਨੂੰ ਹਮੇਸ਼ਾਂ ਸੰਦਰਭ ਵਿਚ ਪ੍ਰਗਟਾਉਂਦੇ ਹਨ; ਮਹੱਤਵਪੂਰਨ ਸ਼ਬਦ ਨਹੀਂ ਹੁੰਦੇ, ਸੰਦਰਭ ਹੁੰਦਾ ਹੈ।

ਲੇਖਕ ਆਪਣੀ ਹਰ ਪੁਸਤਕ ਨੂੰ ਵੱਖਰੇ-ਵੱਖਰੇ ਕਾਰਨ ਕਰਕੇ ਪਸੰਦ ਕਰਦਾ ਹੈ।

ਡੁੱਬਦੀ ਹੋਈ ਬੇੜੀ ਨੂੰ ਬਚਾਉਣ ਲਈ ਕੇਵਲ ਮਾਲਕ ਯਤਨ ਕਰਦਾ ਹੈ; ਸਵਾਰੀਆਂ ਆਪਣੇ ਆਪ ਨੂੰ ਬਚਾਉਣ ਦਾ ਹੀ ਯਤਨ ਕਰਦੀਆਂ ਹਨ।

ਸਵੇਰ ਵੇਲੇ ਪੰਛੀਆਂ ਨੂੰ ਪੱਕਾ ਅਤੇ ਪੂਰਾ ਵਿਸ਼ਵਾਸ ਹੁੰਦਾ ਹੈ ਕਿ ਸੂਰਜ ਚੜ੍ਹੇਗਾ, ਸੋ ਉਹ ਪਹਿਲਾਂ ਹੀ ਗਾਉਣ ਲੱਗ ਪੈਂਦੇ ਹਨ।

ਉਦਾਸ ਪੁਰਸ਼, ਸੁਤੰਤਰ ਹੋਣ ਲਈ ਜਦੋਜਹਿਦ ਕਰਦੇ ਹਨ; ਇਸਤਰੀਆਂ, ਉਦਾਸ ਹੋਣ ਦੀ ਸੁਤੰਤਰਤਾ ਚਾਹੁੰਦੀਆਂ ਹਨ।

ਭਾਰਤੀ ਧਰਮ ਕਹਿੰਦੇ ਹਨ: ਸਭ ਕੁਝ ਪਰਮਾਤਮਾ ਨੇ ਬਣਾਇਆ ਹੈ, ਸਭ ਕੁਝ ਉਹੀ ਕਰਦਾ ਹੈ; ਜਿਸ ਕਾਰਨ ਭਾਰਤ ਵਿਚ ਕੰਮ ਅਤੇ ਕਾਮੇ ਦਾ ਸਤਿਕਾਰ ਨਹੀਂ ਹੋਇਆ।

ਜੇ ਫੌਜ ਨੂੰ ਵਿਹਲਾ ਰੱਖਿਆ ਜਾਵੇ ਤਾਂ ਉਹ ਸਾਜ਼ਸ਼ਾਂ ਕਰਨ ਲੱਗ ਪੈਂਦੀ ਹੈ।

ਜੇ ਪ੍ਰੇਮੀ ਜਿੱਤਦਾ ਹੋਵੇ ਤਾਂ ਪ੍ਰੇਮਿਕਾ ਹਾਰਨ ਲਈ ਵੀ ਤਿਆਰ ਹੋ ਜਾਂਦੀ ਹੈ।

ਪੁਰਸ਼ ਸਾਥ ਵੀ ਚਾਹੁੰਦਾ ਹੈ, ਸੁਤੰਤਰਤਾ ਵੀ ਚਾਹੁੰਦਾ ਹੈ ਅਤੇ ਦੋਹਾਂ ਨੂੰ ਚਾਹੁੰਦਾ ਵੀ ਇਕੋ ਵੇਲੇ ਹੈ।

ਜੇ ਕੋਈ ਨਰਮੀ ਕਰਨ ਮਗਰੋਂ ਸਖ਼ਤੀ ਕਰੇ, ਲੋਕ ਬਰਦਾਸ਼ਤ ਨਹੀਂ ਕਰਦੇ, ਤਾਨਾਸ਼ਾਹ ਇਵੇਂ ਕਰਦੇ ਰਹੇ ਹਨ; ਜੇ ਕੋਈ ਸਖ਼ਤੀ ਮਗਰੋਂ, ਨਰਮੀ ਵਰਤੇ ਤਾਂ ਲੋਕ ਪ੍ਰਸੰਸਾ ਕਰਦੇ ਹਨ, ਬਾਦਸ਼ਾਹ ਇਵੇਂ ਕਰਦੇ ਰਹੇ ਹਨ।

ਕਮਜ਼ੋਰ ਵਿਸ਼ਿਆਂ ਦੀ ਸਿੱਖਿਆ, ਸ਼ਕਤੀਸ਼ਾਲੀ ਵਿਦਿਆਰਥੀ ਨਹੀਂ ਉਪਜਾ ਸਕਦੀ।

ਨੀਵੀਂ ਪੱਧਰ ਦੇ ਸਲਾਹਕਾਰ, ਸਲਾਹ ਨਹੀਂ ਦਿੰਦੇ; ਉਨ੍ਹਾਂ ਕੋਲ ਸਲਾਹ ਹੁੰਦੀ ਹੀ ਨਹੀਂ, ਉਹ ਚਾਪਲੂਸੀ ਹੀ ਕਰਦੇ ਹਨ।

ਨਿਕੰਮੇ ਅਤੇ ਭ੍ਰਿਸ਼ਟ ਲੋਕ, ਅਜ਼ਾਦੀ ਨੂੰ ਸ਼ਰਾਰਤਾਂ ਲਈ ਅਤੇ ਧਨ ਨੂੰ ਨਸ਼ਿਆਂ ਲਈ ਵਰਤਦੇ ਹਨ।

ਯੂਨੀਵਰਸਿਟੀ ਉਹ ਹੁੰਦੀ ਹੈ, ਜਿਥੇ ਪ੍ਰਗਟਾਵੇ ਦੀ ਅਜ਼ਾਦੀ, ਸੋਚਣ ਦੀ ਖੁੱਲ੍ਹ ਅਤੇ ਚਿੰਤਨ ਦੀ ਮੌਜ ਹੁੰਦੀ ਹੈ; ਜੇ ਇਹ ਗੱਲਾਂ ਨਾ ਹੋਣ ਤਾਂ ਯੂਨੀਵਰਸਿਟੀ ਵੀ ਇਕ ਵੱਡਾ ਸਕੂਲ ਹੀ ਲੱਗਦੀ ਹੈ।

ਸੁਨਹਿਰੀ ਯੁੱਗ ਹੋਏ ਕੋਈ ਨਹੀਂ, ਇਹ ਸਾਡੀ ਭਰਮ ਉਪਜਾਉਣ ਦੀ ਬਿਰਤੀ ਦਾ ਹੀ ਪ੍ਰਗਟਾਵਾ ਹਨ।

ਕੁਝ ਵਾਪਰ ਜਾਵੇ, ਕਿਤਨੇ ਹੀ ਸੰਕਟ ਆ ਜਾਣ, ਘੱਲੂਕਾਰੇ ਵਾਪਰ ਜਾਣ ਅਤੇ ਨੁਕਸਾਨ ਹੋ ਜਾਵੇ, ਪਰ ਪੰਥ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ।

ਕਾਲਜ-ਯੂਨੀਵਰਸਿਟੀ ਕੋਈ ਹੋਵੇ, ਉਥੇ ਵਿਦਵਾਨ ਗਿਣਤੀ ਦੇ ਹੀ ਹੁੰਦੇ ਹਨ, ਬਾਕੀਆਂ ਨੇ ਉਥੇ ਪਨਾਹ ਲਈ ਹੁੰਦੀ ਹੈ।

ਜੇ ਸਫ਼ਲਤਾ ਪ੍ਰਾਪਤ ਹੋ ਜਾਵੇ ਤਾਂ ਲੋਕ ਭੈੜੀਆਂ ਨੀਤੀਆਂ ਦੇ ਵੀ ਗੁਣ ਵੇਖਣ ਲੱਗ ਪੈਂਦੇ ਹਨ।

ਜਿਹੜੇ ਪੜ੍ਹਾਈ ਵਿਚੇ ਛੱਡ ਦਿੰਦੇ ਹਨ, ਉਨ੍ਹਾਂ ਨੇ ਪੜ੍ਹਾਈ ਦੀ ਕੇਵਲ ਔਖ ਹੀ ਵੇਖੀ ਹੁੰਦੀ ਹੈ; ਪੜ੍ਹਨ ਉਪਰੰਤ, ਜ਼ਿੰਦਗੀ ਦੀ ਸੌਖ, ਉਨ੍ਹਾਂ ਨੂੰ ਦਿਸੀ ਨਹੀਂ ਹੁੰਦੀ।

ਕਮਜ਼ੋਰ ਯੂਨੀਵਰਸਿਟੀਆਂ ਨੇਮਾਂ ਅਤੇ ਨੇਮਾਂ ਨੂੰ ਪਾਲਣ ਵਿਚ ਹੀ ਉਲਝੀਆਂ ਰਹਿੰਦੀਆਂ ਹਨ; ਇਨ੍ਹਾਂ ਨੂੰ ਵਿਦਵਾਨ ਨਹੀਂ, ਕਲਰਕ ਚਲਾਉਂਦੇ ਹਨ; ਇਹ ਪ੍ਰਸਿੱਧ ਨਹੀਂ, ਬਦਨਾਮ ਹੀ ਹੁੰਦੀਆਂ ਹਨ।

ਸ਼ਾਮ ਦੀਆਂ ਕਲਾਸਾਂ ਵਿਚ ਅਧਿਆਪਕ ਅੱਕੇ ਹੋਏ, ਸਿਲੇਬਸ ਮੁਰਝਾਏ ਹੋਏ ਅਤੇ ਵਿਦਿਆਰਥੀ ਥੱਕੇ ਹੋਏ ਹੁੰਦੇ ਹਨ।

ਜਿਥੇ ਅਨੇਕਾਂ ਧਰਮ, ਜਾਤੀਆਂ, ਭਾਸ਼ਾਵਾਂ ਅਤੇ ਖੇਤਰ ਹੋਣ, ਉਥੇ ਵਿਕਾਸ ਲਈ, ਸਮਾਜਿਕ ਬੇਚੈਨੀ ਨੂੰ, ਉਪਜਣ ਤੋਂ ਰੋਕਣਾ ਜ਼ਰੂਰੀ ਹੁੰਦਾ ਹੈ।

ਪਤੀ-ਪਤਨੀ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵੱਖ-ਵੱਖ ਹੁੰਦਾ ਹੈ, ਪਰ ਇਕ-ਦੂਜੇ ਦੇ ਦ੍ਰਿਸ਼ਟੀਕੋਣ ਦਾ ਸਤਿਕਾਰ ਕਰਨਾ, ਦੋਹਾਂ ਲਈ ਲਾਹੇਵੰਦਾ ਹੁੰਦਾ ਹੈ।

ਚੰਗੇਰੇ ਜੀਵਨ ਦਾ ਸੁਪਨਾ, ਬੱਚਤ ਕਰਨ ਦਾ ਕਾਰਜ ਸੌਖਾ ਬਣਾ ਦਿੰਦਾ ਹੈ ਅਤੇ ਬੱਚਤ ਨਾਲ, ਚੰਗੇਰੇ ਜੀਵਨ ਦਾ ਸੁਪਨਾ ਯਥਾਰਥ ਬਣ ਜਾਂਦਾ ਹੈ।

ਸ਼ਕਤੀਸ਼ਾਲੀ ਦੇਸ਼ ਕਿਸੇ ਤੋਂ ਪ੍ਰਭਾਵਿਤ ਹੁੰਦੇ ਨਹੀਂ, ਪ੍ਰਭਾਵਿਤ ਕਰਦੇ ਹੀ ਹਨ।

ਲਚਕਦਾਰ ਹੋਣਾ ਚੰਗੀ ਗੱਲ ਹੈ, ਪਰ ਰੀੜ੍ਹ ਦੀ ਹੱਡੀ ਦਾ ਗਾਇਬ ਹੋਣਾ, ਚੰਗੀ ਗੱਲ ਨਹੀਂ।

ਇਸਲਾਮ ਯੁੱਧ ਨਹੀਂ ਲੜ ਸਕਦਾ, ਕਿਸੇ ਇਸਲਾਮੀ ਦੇਸ਼ ਵਿਚ ਇਹ ਸਮਰੱਥਾ ਨਹੀਂ ਹੈ; ਇਸਲਾਮ ਜਹਾਦ ਕਰ ਸਕਦਾ ਹੈ, ਕਿਸੇ ਹੋਰ ਧਰਮ ਵਿਚ ਜਹਾਦ ਕਰਨ ਦੀ ਸਮਰੱਥਾ ਨਹੀਂ ਹੈ।

ਬਹਾਦਰੀ ਦਾ ਹੰਕਾਰ ਕਰਨ ਵਾਲੀਆਂ ਕੌਮਾਂ ਸ਼ਹੀਦ ਹੀ ਉਪਜਾਉਂਦੀਆਂ ਹਨ, ਚਿੰਤਕ ਨਹੀਂ; ਇਹ ਕੌਮਾਂ ਆਪਣਾ ਨੁਕਸਾਨ ਕਰਵਾਉਣ ਵਿਚ ਹੀ ਮਾਹਿਰ ਹੁੰਦੀਆਂ ਹਨ, ਲਾਭ ਉਠਾਉਣ ਵਿਚ ਨਹੀਂ।

ਸਦੀਵੀ ਦੋਸਤੀ ਅਤੇ ਸਦੀਵੀ ਦੁਸ਼ਮਣੀ ਸਾਮੰਤਵਾਦੀ ਯੁੱਗ ਦੇ ਆਦਰਸ਼ ਸਨ; ਜਦੋਂ ਕਿ ਅਜੋਕੇ ਯੁੱਗ ਦੀਆਂ ਇਹ ਮੂਰਖਤਾਵਾਂ ਹਨ।

ਅਤੀਤ ਸਬੰਧੀ ਸਾਡੀ ਸੋਚ ਵਿਚ ਲਚਕ ਨਹੀਂ ਹੁੰਦੀ, ਹੋ ਹੀ ਨਹੀਂ ਸਕਦੀ; ਲਚਕ ਭਵਿੱਖ ਸਬੰਧੀ ਹੁੰਦੀ ਹੈ।

ਵਾਅਦਾ ਕਰਨਾ, ਸਮਰੱਥਾ ਅਤੇ ਤਾਕਤ ਦਾ ਪ੍ਰਗਟਾਵਾ ਹੁੰਦਾ ਹੈ; ਵਾਅਦੇ ਨੂੰ ਪੂਰਾ ਕਰਨਾ, ਮਹੱਤਵ ਅਤੇ ਖ਼ੁਸ਼ਹਾਲੀ ਦਾ ਪ੍ਰਮਾਣ ਹੁੰਦਾ ਹੈ।

ਬਦਲਾ ਲੈਣ ਉਪਰੰਤ, ਕੀਤਾ ਗਿਆ ਕੋਈ ਵੀ ਸਮਝੌਤਾ, ਹੰਢਣਸਾਰ ਨਹੀਂ ਹੁੰਦਾ।

ਗੁਣ ਉਪਜਾਓ, ਭਾਵੇਂ ਨੈਣ-ਨਕਸ਼ ਸਧਾਰਨ ਹੀ ਹੋਣ, ਸੋਹਣੇ ਲਗੋਗੇ।

ਜੇ ਇਨਕਲਾਬ ਇਕ ਵਾਰੀ ਅਰੰਭ ਹੋ ਜਾਵੇ, ਇਸ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ, ਕਿਉਂਕਿ ਇਹ ਅਰੰਭ ਹੀ ਉਦੋਂ ਹੁੰਦਾ ਹੈ, ਜਦੋਂ ਰੋਕਣ ਵਾਲੀਆਂ ਸ਼ਕਤੀਆਂ, ਬਲਹੀਣ ਹੋ ਜਾਂਦੀਆਂ ਹਨ।

ਦੁੱਖ ਦਾ ਨਿਵਾਸ-ਸਥਾਨ ਮਨੁੱਖ ਦਾ ਮਨ ਹੈ, ਹੋਰ ਕਿਧਰੇ ਕੋਈ ਦੁੱਖ ਨਹੀਂ ਹੈ।

ਫਿਲਮ ਵਿਚ ਨਾਇਕ ਦਾ, ਖਲਨਾਇਕ ਨਾਲੋਂ ਸੁੰਦਰ ਹੋਣਾ ਲਾਜ਼ਮੀ ਹੁੰਦਾ ਹੈ, ਕਿਉਂਕਿ ਕਲਾ ਵਿਚ ਲੋਕ ਸੁੰਦਰਤਾ ਨੂੰ ਮਾਣਦੇ ਹਨ।

ਬੇਇੱਜ਼ਤੀ ਸਾਡੀ ਹਉਮੈਂ ਦੀ ਹੁੰਦੀ ਹੈ, ਸਾਡੀ ਨਹੀਂ ਹੁੰਦੀ।

ਕਈ ਪੁਸਤਕਾਂ ਨੂੰ ਪੜ੍ਹਨ ਦਾ ਅਨੁਭਵ, ਕਿਸੇ ਨੂੰ ਪਿਆਰ ਕਰਨ ਵਰਗਾ ਹੁੰਦਾ ਹੈ।

ਧਰਮ ਵਿਚ ਨਵੀਨ ਦੀ ਨਹੀਂ, ਪ੍ਰਾਚੀਨ ਦੀ ਮਹਿਮਾ ਹੁੰਦੀ ਹੈ; ਸੋ ਧਰਮ ਦੇ ਨਾਂ 'ਤੇ ਚੋਣਾਂ ਜਿੱਤਣ ਵਾਲੀ ਪਾਰਟੀ, ਚੱਲਦੇ ਨੂੰ ਤਾਂ ਭਾਵੇਂ ਚਲਾ ਲਵੇ, ਪਰ ਉਹ ਕੁਝ ਨਵਾਂ ਨਹੀਂ ਸਿਰਜ ਸਕਦੀ।

ਵੱਡੇ ਪਰਿਵਰਤਨ, ਉਥਲ-ਪੁਥਲ ਬਿਨਾਂ ਸੰਭਵ ਨਹੀਂ ਹੁੰਦੇ।

ਅਫ਼ਸਰਸ਼ਾਹੀ ਦੀ ਦਿਲਚਸਪੀ ਫੈਸਲਿਆਂ ਜਾਂ ਪਰਿਵਰਤਨ ਵਿਚ ਨਹੀਂ ਹੁੰਦੀ, ਦਿਲਚਸਪੀ ਕੇਵਲ ਨੇਮ-ਪਾਲਣ ਅਤੇ ਆਪਣੀ ਸੁਰੱਖਿਆ ਵਿਚ ਹੁੰਦੀ ਹੈ।

ਸੱਚ ਨੂੰ ਦਫ਼ਨਾ ਦਿਓ, ਅਚਾਨਕ ਉੱਠ ਕੇ ਸਾਹਮਣੇ ਖਲੋ ਜਾਵੇਗਾ।

ਵਫ਼ਾਦਾਰੀ ਤੋਂ ਬਿਨਾਂ ਪਰਿਵਾਰ, ਦੇਸ਼, ਸਮਾਜ, ਕੌਮ ਦੀ ਹੋਂਦ ਸਥਾਪਿਤ ਨਹੀਂ ਹੁੰਦੀ ਅਤੇ ਕਰਤੱਵ-ਪਾਲਣ ਤੋਂ ਬਿਨਾਂ ਇਹ ਹੋਂਦ ਬਣੀ ਨਹੀਂ ਰਹਿ ਸਕਦੀ।

ਇਨਕਲਾਬੀ ਦੌਰ ਵਿਚ, ਸਭ ਤੋਂ ਵਧੇਰੇ ਪਰੇਸ਼ਾਨ ਪਰੰਪਰਾਵਾਦੀ ਹੁੰਦੇ ਹਨ।

ਅਮਨ ਦੌਰਾਨ ਕਰਤੱਵ ਅਤੇ ਸੰਕਟ ਦੌਰਾਨ ਵਫ਼ਾਦਾਰੀ ਪਾਲਣ ਨਾਲ, ਸਾਰੇ ਮੁਸ਼ਕਿਲ ਕਾਰਜ ਰਾਸ ਹੋ ਜਾਂਦੇ ਹਨ।

ਜੀਵਨ ਭਰ, ਜਿਹੋ ਜਿਹਾ ਸਹਿਯੋਗ ਮਾਂ ਤੋਂ ਮਿਲਦਾ ਹੈ; ਉਹੋ ਜਿਹਾ, ਰੱਬ ਤੋਂ ਵੀ ਨਹੀਂ ਮਿਲਦਾ।

ਮੁਸੀਬਤ ਵੇਲੇ, ਹਰ ਬੰਦਾ ਕੇਵਲ ਮਾਂ-ਬੋਲੀ ਵਿਚ ਹੀ ਬੋਲਦਾ ਹੈ।

ਯੋਰਪ ਦਾ ਕਾਇਆ-ਕਲਪ ਛਾਪੇਖਾਨੇ ਦੀ ਕਾਢ, ਬਾਰੂਦ ਦੇ ਨਿਰਮਾਣ ਅਤੇ ਅਮਰੀਕਾ ਦੀ ਲੱਭਤ ਨੇ ਕੀਤਾ ਸੀ।

ਮੱਧ-ਸ਼੍ਰੇਣੀ ਨੂੰ ਚੰਗੇਰੇ ਜੀਵਨ ਦੀ ਸੰਭਾਵਨਾ ਹੀ ਪ੍ਰਭਾਵਿਤ ਕਰਦੀ ਹੈ।

ਜਿਹੜੇ ਸਮਾਜ ਜਾਂ ਭਾਈਚਾਰੇ ਵਿਗਿਆਨਕ ਹੋਣ ਨਾਲੋਂ ਧਾਰਮਿਕ ਵਧੇਰੇ ਹੁੰਦੇ ਹਨ, ਉਹ ਸਿਆਣੇ ਨਹੀਂ ਹੁੰਦੇ, ਚਲਾਕ ਭਾਵੇਂ ਹੋਣ; ਬਹਾਦਰ ਨਹੀਂ ਹੁੰਦੇ, ਲੜਾਕੇ ਭਾਵੇਂ ਹੋਣ; ਖ਼ੁਸ਼ਹਾਲ ਨਹੀਂ ਹੁੰਦੇ, ਅਮੀਰ ਭਾਵੇਂ ਹੋਣ।

ਲਿਬਾਸ ਵਿਚ ਪ੍ਰਚਲਤ ਤੋਂ ਲਾਂਭੇ-ਚਾਂਭੇ ਜਾਣ ਨੂੰ ਫੈਸ਼ਨ ਕਹਿੰਦੇ ਹਨ।

ਕਈ ਦੇਸ਼ਾਂ ਨੂੰ ਕੁਦਰਤ ਨੇ ਹੀ ਸੁਰੱਖਿਆ ਪ੍ਰਦਾਨ ਕੀਤੀ ਹੋਈ ਹੈ, ਜਿਵੇਂ ਆਸਟਰੇਲੀਆ, ਲੰਕਾ ਆਦਿ ਨਾਲ ਕਿਸੇ ਦੇਸ਼ ਦੀ ਸਰਹੱਦ ਨਹੀਂ ਲੱਗਦੀ।

ਜਦੋਂ ਮਨ ਪ੍ਰਸੰਨ ਹੁੰਦਾ ਹੈ, ਉਦੋਂ ਇਹ ਕਿਸੇ ਦੇ ਪੱਖ ਜਾਂ ਵਿਰੋਧ ਵਿਚ ਨਹੀਂ ਹੁੰਦਾ, ਇਹ ਨਿਆਰਾ ਹੁੰਦਾ ਹੈ।

ਖੇਡ ਦੇ ਅਰਥ ਖੇਡਣ ਤੋਂ ਹਨ; ਜਦੋਂ ਖੇਡ, ਮੁਕਾਬਲਾ ਬਣ ਜਾਵੇ, ਖੇਡ ਗੁਆਚ ਜਾਂਦੀ ਹੈ ਅਤੇ ਦਿਲਚਸਪੀ ਖੇਡ ਵਿਚ ਨਹੀਂ, ਜਿੱਤ-ਹਾਰ ਵਿਚ ਹੋ ਜਾਂਦੀ ਹੈ।

ਕਈ ਪ੍ਰਸੰਸਾ ਕਰ-ਕਰ ਕੇ ਜ਼ਖ਼ਮੀ ਕਰ ਦਿੰਦੇ ਹਨ।

ਸੰਸਾਰ ਮੂਰਖਾਂ ਨੂੰ ਹੀ ਮੁਆਫ਼ ਕਰਦਾ ਹੈ, ਸਿਆਣਿਆਂ ਨੂੰ ਨਹੀਂ।

ਸੰਕਟ ਦੌਰਾਨ ਆਗੂ ਬਦਲਣ ਨਾਲ, ਸਮੱਸਿਆਵਾਂ ਵੱਧ ਜਾਂਦੀਆਂ ਹਨ।

ਸੰਪੂਰਨਤਾ ਦੇ ਅਭਿਲਾਸ਼ੀ, ਯਥਾਰਥ ਤੋਂ ਕੋਰੇ ਹੁੰਦੇ ਹਨ।

ਬਹੁਤ ਅਧਿਕ ਬੇਇੱਜ਼ਤ ਹੋਇਆ ਵਿਅਕਤੀ, ਥੱਥਲਾ ਕੇ ਬੋਲਣ ਅਤੇ ਲੰਗੜਾ ਕੇ ਚੱਲਣ ਲੱਗ ਪੈਂਦਾ ਹੈ।

ਸਿਧਾਂਤਾਂ ਦੀਆਂ ਜਿਤਨੀਆਂ ਕਬਰਾਂ ਵੀਹਵੀਂ ਸਦੀ ਵਿਚ ਪੁੱਟੀਆਂ ਗਈਆਂ ਹਨ, ਉਤਨੀਆਂ ਹੋਰ ਕਿਸੇ ਸਦੀ ਵਿਚ ਨਹੀਂ ਪੁੱਟੀਆਂ ਗਈਆਂ।

ਸਭ ਤੋਂ ਵੱਡੀ ਅਤੇ ਮਾਣਯੋਗ ਸਫ਼ਲਤਾ ਆਪਣੇ ਆਲੋਚਕਾਂ ਨੂੰ ਆਪਣੇ ਪ੍ਰਸ਼ੰਸਕ ਬਣਾਉਣ ਦੀ ਹੁੰਦੀ ਹੈ।

ਕਈ ਜਿੱਤਦੇ ਇਕ ਵੋਟ ਨਾਲ ਹਨ, ਪਰ ਹਟਾਏ ਸਰਬ-ਸੰਮਤੀ ਨਾਲ ਜਾਂਦੇ ਹਨ।

ਬੋਲਣਾ ਸੌਖਾ ਹੈ, ਜਾਣਨਾ ਔਖਾ ਹੈ, ਸਮਝਣਾ ਕਠਿਨ ਹੈ, ਸੋਚਣਾ ਤਾਂ ਹੈ ਹੀ ਮੁਸ਼ਕਿਲ, ਬਹੁਤਿਆਂ ਲਈ ਕਰਨਾ ਵੀ ਮੁਸੀਬਤ ਹੁੰਦੀ ਹੈ।

ਪਤੀ-ਪਤਨੀ ਦੇ ਰਿਸ਼ਤੇ ਵਿਚ ਹਾਵੀ ਜਾਂ ਭਾਰੂ ਹੋਣ ਦੀ ਇੱਛਾ ਪੁਰਸ਼ ਦੀ ਹੁੰਦੀ ਹੈ, ਪਰ ਭਾਰੂ ਜਾਂ ਹਾਵੀ ਹੋਣ ਵਿਚ, ਸਫ਼ਲ ਇਸਤਰੀ ਹੁੰਦੀ ਹੈ।

ਜੇ ਆਪਣੀਆਂ ਇੱਛਾਵਾਂ ਦਾ ਕੱਦ ਥੋੜ੍ਹਾ ਜਿਹਾ ਛੋਟਾ ਕਰ ਲਈਏ ਤਾਂ ਸਾਡੀਆਂ ਖ਼ੁਸ਼ੀਆਂ ਦਾ ਕੱਦ ਬਹੁਤ ਉੱਚਾ ਹੋ ਜਾਵੇਗਾ।

ਜਿਥੇ ਲੋਕ ਬੌਧਿਕ ਪੱਖੋਂ ਕਮਜ਼ੋਰ ਹੁੰਦੇ ਹਨ, ਉਥੇ ਪਰੰਪਰਾ ਹੀ ਪਾਲੀ ਜਾਂਦੀ ਹੈ, ਕਿਉਂਕਿ ਉਥੇ ਨਵੀਨਤਾ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਹੁੰਦੀ।

ਸੰਸਾਰ ਨੂੰ ਆਧੁਨਿਕਤਾ ਦਾ ਸਭ ਤੋਂ ਪਹਿਲਾ ਸੁਨੇਹਾ ਸਾਬਣ ਰਾਹੀਂ ਪ੍ਰਾਪਤ ਹੋਇਆ ਸੀ।

ਤੰਦਰੁਸਤ ਲੋਕਾਂ ਵਿਚ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਊਣ ਦੀ ਤਾਂਘ ਹੁੰਦੀ ਹੈ; ਸੋ ਉਹ ਮੌਲਿਕ ਰਹਿੰਦੇ ਹਨ, ਉਹ ਕਿਸੇ ਦੀ ਨਕਲ ਨਹੀਂ ਬਣਦੇ।

ਮੂਰਖ ਨੂੰ ਪਛਾਣਨਾ ਮੁਸ਼ਕਿਲ ਨਹੀਂ ਹੁੰਦਾ, ਪਰ ਜੇ ਉਹ ਸਾਡੇ ਅੰਦਰ ਲੁਕਿਆ ਹੋਵੇ ਤਾਂ ਪਛਾਣ ਮੁਸ਼ਕਿਲ ਨਾਲ ਹੀ ਹੁੰਦੀ ਹੈ।

ਜੇ ਤੁਹਾਨੂੰ ਤਲਾਕ ਨਹੀਂ ਲੈਣਾ ਪਿਆ ਤਾਂ ਸਿਹਰਾ ਤੁਹਾਡੇ ਸਿਰ ਨਹੀਂ, ਸਮਾਜ ਅਤੇ ਇਸਤਰੀ ਦੇ ਸਿਰ ਬਝਦਾ ਹੈ।

ਅਸੀਂ ਰਹਿੰਦੇ ਸਾਰੇ ਸਾਂਝੇ ਸਮਾਜ ਵਿਚ ਹਾਂ, ਪਰ ਸਫ਼ਲ ਜਾਂ ਅਸਫ਼ਲ ਹੋਣਾ ਸਾਡਾ ਨਿਜੀ ਫ਼ੈਸਲਾ ਹੁੰਦਾ ਹੈ।

ਜਿਹੜੇ ਵਧੀਕੀਆਂ ਕਰਦੇ ਹਨ, ਉਨ੍ਹਾਂ ਨੂੰ ਹੀ ਗੰਨਮੈਨਾਂ ਦੀ ਲੋੜ ਪੈਂਦੀ ਹੈ।

ਹਾਰ-ਸ਼ਿੰਗਾਰ ਦੀ ਵੰਨ-ਸੁਵੰਨਤਾ ਕਾਰਨ ਲੋਕਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕਿਹੋ ਜਿਹੇ ਲੱਗਣ।

ਜੇਕਰ ਇਹ ਨਿਸਚਿਤ ਹੋਵੇ ਕਿ ਤਲਾਕ ਉਪਰੰਤ ਹੋਰ ਵਿਆਹ ਨਹੀਂ ਹੋਵੇਗਾ, ਤਲਾਕ ਲੈਣੇ-ਦੇਣੇ ਬੰਦ ਹੋ ਜਾਣਗੇ।

ਚੰਗੇ ਸਕੂਲ ਉਹ ਹੁੰਦੇ ਹਨ, ਜਿਥੇ ਕੇਵਲ ਲਾਇਕ ਵਿਦਿਆਰਥੀ ਪਾਸ ਹੁੰਦੇ ਹਨ।

ਸਾਰੇ ਕਲਾਤਮਕ ਕਾਰਜ ਹੌਲੀ-ਹੌਲੀ ਕੀਤੇ ਜਾਂਦੇ ਹਨ; ਪਹਿਲਾਂ ਲੋਕ ਰਿੰਨ੍ਹਦੇ-ਪਕਾਉਂਦੇ ਵੀ ਹੌਲੀ-ਹੌਲੀ ਸਨ, ਕਿਉਂਕਿ ਰਿੰਨ੍ਹਣਾ-ਪਕਾਉਣਾ ਵੀ ਇਕ ਕਲਾ ਸੀ ਪਰ ਅੱਜ-ਕੱਲ੍ਹ ਇਹ ਵਪਾਰ ਹੈ।

ਚੰਦਰਮਾ ਸੋਹਣਾ ਹੁੰਦਾ ਹੈ, ਪਰ ਸਾਡਾ ਧਿਆਨ ਦਾਗ਼ ਵੱਲ ਜਾਂਦਾ ਹੈ; ਦੀਵੇ ਦਾ ਪ੍ਰਕਾਸ਼ ਹੁੰਦਾ ਹੈ, ਪਰ ਸਾਡਾ ਧਿਆਨ ਹਨੇਰੇ ਵੱਲ ਜਾਂਦਾ ਹੈ; ਜਿਹੋ ਜਿਹੇ ਅਸੀਂ ਆਪ ਹੁੰਦੇ ਹਾਂ, ਉਹੀ ਕੁਝ ਅਸੀਂ ਲੱਭਦੇ-ਵੇਖਦੇ ਹਾਂ।

ਜਿਹੜਾ ਜਵਾਨੀ ਵਿਚ ਬੇਈਮਾਨ ਹੈ, ਉਹ ਜ਼ਿੰਦਗੀ ਵਿਚ ਕਦੇ ਇਮਾਨਦਾਰ ਨਹੀਂ ਹੋਵੇਗਾ।

ਕਈ ਅਮਰੀਕਨਾਂ ਵਾਂਗ ਪੂਰੇ ਕੋਰੇ, ਕਈ ਅੰਗਰੇਜ਼ਾਂ ਵਾਂਗ ਪੂਰਨਭਾਂਤ ਆਕੜਖਾਨ, ਕਈ ਫਰਾਂਸੀਸੀਆਂ ਵਾਂਗ ਨਿਰੋਲ ਅਭਿਮਾਨੀ, ਕਈ ਜਰਮਨਾਂ ਵਾਂਗ ਖਾਲਸ ਅੜੀਅਲ ਅਤੇ ਕਈ ਭਾਰਤੀਆਂ ਵਾਂਗ ਸ਼ੁੱਧ ਪਖੰਡੀ ਹੁੰਦੇ ਹਨ।

ਕਾਮ-ਸੂਤਰ, ਸੰਭੋਗ ਦੀ ਵਿਆਕਰਣ ਹੈ।

ਆਤਮਘਾਤ ਪੂਰੀ ਤਰ੍ਹਾਂ ਮਰਨਾ ਨਹੀਂ ਹੁੰਦਾ, ਕਿਉਂਕਿ ਇਸ ਮਰਨੇ ਨੂੰ ਜਿਊਂਦਿਆਂ ਦੀ ਪ੍ਰਵਾਨਗੀ ਨਹੀਂ ਮਿਲਦੀ।

ਮਨੁੱਖ ਅਤੇ ਸਮਾਜ ਦਾ ਪਤਨ ਉਸ ਸਮੇਂ ਅਰੰਭ ਹੋ ਜਾਂਦਾ ਹੈ, ਜਦੋਂ ਉਹ, ਕੁਝ ਸਿਰਜਣ ਦੀ ਥਾਂ, ਕੇਵਲ ਮਾਣਨ ਦੇ ਰਾਹ ਪੈ ਜਾਂਦਾ ਹੈ।

ਅਸੂਲਾਂ ਨੂੰ ਤਿਆਗ ਕੇ ਪ੍ਰਾਪਤ ਕੀਤੀ ਸਫ਼ਲਤਾ ਦੀ ਨਿੰਦਾ ਹੀ ਹੁੰਦੀ ਹੈ।

ਕੋਈ ਜਹਾਦੀ, ਅਤਿਵਾਦੀ ਜਾਂ ਆਤੰਕਵਾਦੀ ਬਣ ਕੇ ਹੋਰ ਕਿਸੇ ਕੰਮ ਦੇ ਯੋਗ ਨਹੀਂ ਰਹਿੰਦਾ।

ਉਲੰਪਿਕਸ ਵਿਚ ਸੌ ਮੀਟਰ ਦੀ ਦੌੜ, ਦੌੜ ਨਹੀਂ ਹੁੰਦੀ; ਕੁਝ ਸਕਿੰਟਾਂ ਦੀ ਧਰਤੀ 'ਤੇ ਉਡਾਣ ਹੁੰਦੀ ਹੈ।

ਅਧਿਆਪਕ ਵਲੋਂ ਵਿਆਕਰਣ ਰਾਹੀਂ ਕੋਈ ਭਾਸ਼ਾ ਪੜ੍ਹਾਉਣ ਦੇ ਢੰਗ ਨਾਲ, ਬੱਚੇ ਦੇ ਮਨ ਵਿਚ ਉਸ ਭਾਸ਼ਾ ਦਾ ਹਊਆ ਬਹਿ ਜਾਂਦਾ ਹੈ।

ਹਰ ਕੋਈ ਕੈਮਰੇ ਸਾਹਮਣੇ ਆਉਂਦਿਆਂ ਹੀ, ਵੱਖਰੀ ਕਿਸਮ ਦਾ ਵਿਹਾਰ ਕਰਨ ਲੱਗ ਪੈਂਦਾ ਹੈ।

ਮਹਾਨ ਵਿਅਕਤੀ, ਪਰਿਵਾਰ ਦੇ ਨਹੀਂ ਰਹਿੰਦੇ, ਸਾਰੇ ਸੰਸਾਰ ਦੇ ਹੋ ਜਾਂਦੇ ਹਨ।

ਅਸਲ ਸ਼ਰਾਬੀ ਉਹ ਹੁੰਦਾ ਹੈ, ਜਿਸ ਨੂੰ ਹਰ ਰੋਜ਼ ਨਵੇਂ ਬੰਦੇ ਘਰ ਛੱਡ ਕੇ ਜਾਣ।

ਖ਼ਾਨਾਬਦੋਸ਼ਾਂ ਨੇ ਆਪਣਾ ਘਰ ਆਪਣੇ ਮੋਢਿਆਂ 'ਤੇ ਚੁੱਕਿਆ ਹੁੰਦਾ ਹੈ।

ਸ਼ਾਂਤੀ, ਜਿਊਂਦਿਆਂ ਦੀ ਲੋੜ ਹੁੰਦੀ ਹੈ, ਮਰ ਗਿਆਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਕੁਝ ਫੈਸਲੇ ਕਰਨ ਲਈ ਇਤਿਹਾਸ ਪੜ੍ਹਨਾ ਪੈਂਦਾ ਹੈ; ਕੁਝ ਫੈਸਲੇ ਕੇਵਲ ਇਤਿਹਾਸ ਹੀ ਕਰਦਾ ਹੈ; ਕੁਝ ਫੈਸਲੇ ਇਤਿਹਾਸਕ ਹੋ ਨਿਬੜਦੇ ਹਨ।

ਮੁਕੱਦਮਾ ਮੁਜਰਿਮ 'ਤੇ ਚੱਲਦਾ ਹੈ, ਪਰ ਇਮਤਿਹਾਨ ਵਕੀਲ ਦਾ ਹੁੰਦਾ ਹੈ।

ਲੰਮੀ ਗੁਲਾਮੀ ਨਾਲ ਸੁੰਦਰਤਾ ਘਸਮੈਲੀ ਅਤੇ ਬਹਾਦਰੀ ਸ਼ੱਕੀ ਹੋ ਜਾਂਦੀ ਹੈ।

ਮਨੁੱਖ, ਪ੍ਰਸੰਨ ਆਪਣੇ ਵਰਗਿਆਂ ਨਾਲ ਰਹਿ ਕੇ ਹੀ ਹੁੰਦਾ ਹੈ; ਬਾਕੀਆਂ ਨਾਲ ਉਹ ਮਜਬੂਰ ਹੋ ਕੇ ਹੀ ਰਹਿੰਦਾ ਹੈ।

ਕਿਸੇ ਤੋਂ ਕੁਝ ਮੰਗਣ ਵਿਚ ਬਹਾਦਰੀ ਨਹੀਂ ਵਿਖਾਈ ਜਾ ਸਕਦੀ।

ਸਕੂਲ ਸਾਨੂੰ ਸਿਖਾਉਂਦਾ ਹੈ ਕਿ ਕੰਮ ਨੇਮ ਨਾਲ, ਸਮੇਂ ਅਨੁਸਾਰ, ਜੁਗਤ ਨਾਲ ਕੀਤਾ ਜਾਂਦਾ ਹੈ, ਜਿਹੜੇ ਇਹ ਗੱਲ ਨਹੀਂ ਸਮਝਦੇ, ਉਹ ਸਕੂਲੋਂ ਦੌੜਦੇ ਹਨ ਅਤੇ ਸਾਰੀ ਜ਼ਿੰਦਗੀ ਕਿਧਰੇ ਨਹੀਂ ਪਹੁੰਚਦੇ।

ਲਤੀਫ਼ੇ, ਕਿਸੇ ਸਮਾਜਿਕ ਵਿਅਕਤੀ ਦੇ ਗੈਰ-ਸਮਾਜਿਕ ਵਿਹਾਰ ਅਤੇ ਕਿਸੇ ਸਿਆਣੇ ਦੀ ਮੂਰਖਤਾ ਨੂੰ ਪ੍ਰਗਟਾਉਂਦੇ ਹਨ।

ਜਿਥੇ ਪੂਰਨਸ਼ਾਂਤ ਚੁੱਪ ਹੋਵੇ, ਉਥੇ ਕੁਝ ਮਿੰਟ ਹੀ ਰਿਹਾ ਜਾ ਸਕਦਾ ਹੈ; ਕਿਉਂਕਿ ਪੂਰਨ ਚੁੱਪ, ਮੌਤ ਦਾ ਲੱਛਣ ਹੈ, ਜੀਵਨ ਦਾ ਨਹੀਂ।

ਤੁਹਾਡਾ ਉਨ੍ਹਾਂ ਲੋਕਾਂ ਦੇ ਕੋਲ ਹੋਣਾ, ਜਿਨ੍ਹਾਂ ਨੂੰ ਤੁਹਾਡੀ ਲੋੜ ਹੈ, ਇਹ ਨੇੜਤਾ ਸਾਰਿਆਂ ਦੇ ਸਮੇਂ ਨੂੰ ਕੀਮਤੀ ਬਣਾ ਦੇਵੇਗੀ।

ਪਿਆਰ ਵਿਚ ਅੱਥਰੂ, ਅੱਖਾਂ ਨੂੰ ਸ਼ਿੰਗਾਰ ਦਿੰਦੇ ਹਨ।

ਜੇ ਆਪਣੀ ਉਦਾਹਰਣ ਨਾਲ, ਆਪਣੀ ਸੰਤਾਨ 'ਤੇ ਸੰਜਮ ਅਤੇ ਅਨੁਸ਼ਾਸਨ ਲਾਗੂ ਕਰੋਗੇ ਤਾਂ ਉਸ ਸਮੇਂ ਸ਼ਾਇਦ ਤੁਹਾਨੂੰ ਸੰਤਾਨ ਪਸੰਦ ਨਾ ਕਰੇ, ਪਰ ਮਗਰੋਂ ਸਾਰਾ ਜੀਵਨ ਉਹ ਤੁਹਾਨੂੰ ਪੂਜੇਗੀ।

ਮਹਿਮਾਨ ਦੋ ਪ੍ਰਕਾਰ ਦੇ ਹੁੰਦੇ ਹਨ: ਆਉਣ ਵਾਲੇ ਅਤੇ ਬੁਲਾਏ ਜਾਣ ਵਾਲੇ।

ਬੈਠੇ ਦੇ ਮੁਕਾਬਲੇ ਖਲੋਤਾ ਬੰਦਾ, ਹੋਰਾਂ ਦੀਆਂ ਨਜ਼ਰਾਂ ਦਾ ਵਧੇਰੇ ਸ਼ਿਕਾਰ ਹੁੰਦਾ ਹੈ।

ਧੱਫੇ ਮਾਰ ਕੇ ਗੱਲਬਾਤ ਕਰਨ ਵਾਲੇ, ਧੱਫੇ ਹੀ ਮਾਰਦੇ ਹਨ, ਗੱਲਬਾਤ ਨਹੀਂ ਕਰਦੇ।

ਕੰਮ-ਕਾਜ ਵਾਲੇ ਦਿਨ, ਦੁਪਹਿਰ ਦਾ ਸਮਾਗਮ ਕੋਈ ਹੋਵੇ, ਉਸ ਵਿਚ ਆਉਣ ਵਾਲਿਆਂ ਵਿਚ, ਜਾਣ ਦੀ ਕਾਹਲ ਹੋਵੇਗੀ, ਸੋ ਸਮੇਂ ਦਾ ਧਿਆਨ ਰੱਖੋ।

ਮਨੁੱਖ ਪੈਨਸਿਲ ਦੇ ਸਿੱਕੇ ਵਾਂਗ ਜਿਉਂ-ਜਿਉਂ ਘੱਸਦਾ ਅਤੇ ਘੜਿਆ ਜਾਂਦਾ ਹੈ, ਉਹ ਗੂੜ੍ਹਾ ਅਤੇ ਤਿੱਖਾ ਹੁੰਦਾ ਜਾਂਦਾ ਹੈ।

ਵੇਲ ਨੂੰ ਵਿਕਾਸ ਕਰਨ ਲਈ, ਹਮੇਸ਼ਾਂ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ; ਵੇਲ ਨਹੀਂ, ਸਹਾਰਾ ਬਣੋ।

ਜਦੋਂ ਕੋਈ ਸਾਡੀ ਮੁਸਕਰਾਹਟ ਪਿਛਲੇ ਦਰਦ, ਚੁੱਪ ਪਿੱਛੇ ਖਲੋਤੀ ਸੋਚ ਅਤੇ ਉਦਾਸੀ ਪਿੱਛੇ ਬੈਠੇ ਪਿਆਰ ਨੂੰ ਪਛਾਣ ਲਵੇ, ਉਹ ਵੇਲਾ ਰਿਸ਼ਤੇ ਦੀ ਪਵਿੱਤਰਤਾ ਨੂੰ ਪਛਾਣਨ ਦਾ ਹੁੰਦਾ ਹੈ।

ਆਪਣੇ ਨਿਸ਼ਾਨ ਛੱਡੋ, ਆਪਣੇ ਦਾਗ ਨਾ ਛੱਡੋ।

ਸਕੂਲ ਇਤਨੇ ਚੰਗੇ ਹੋਣੇ ਚਾਹੀਦੇ ਹਨ ਕਿ ਬੱਚੇ ਨੂੰ ਸਭ ਤੋਂ ਵੱਡੀ ਸਜ਼ਾ ਇਹ ਹੋਵੇ ਕਿ ਅਗਲੇ ਦਿਨ, ਉਸ ਨੂੰ ਸਕੂਲ ਆਉਣ ਦੀ ਆਗਿਆ ਨਾ ਹੋਵੇ।

ਕਾਲਜਾਂ ਵਿਚ ਵਿਸ਼ਿਆਂ ਦੀ ਚੋਣ ਕਰਨ ਦੀ ਖੁੱਲ੍ਹ ਕਾਰਨ, ਕਮਜ਼ੋਰ ਵਿਦਿਆਰਥੀ ਬਹੁਤ ਸੌਖੇ ਵਿਸ਼ੇ ਚੁਣਨ ਕਰਕੇ, ਸਿੱਖਿਆ ਵਿਚ ਹੋਰ ਪੱਛੜ ਜਾਂਦੇ ਹਨ।

ਕਿਸੇ ਡਾਕਟਰ ਦਾ ਇਲਾਜ ਕਰਨਾ ਸੌਖਾ ਨਹੀਂ ਹੁੰਦਾ।

ਜ਼ਿੱਦੀ-ਅੜੀਅਲ ਵਿਅਕਤੀ, ਦੋਸਤੀਆਂ ਨਹੀਂ, ਦੁਸ਼ਮਣੀਆਂ ਹੀ ਉਸਾਰਦੇ ਹਨ।

ਜਿਹੜੇ ਜਾਣਦੇ ਹਨ ਕਿ ਉਹ ਕਿਉਂ ਜਿਉਂ ਰਹੇ ਹਨ, ਉਹ ਜਾਣ ਲੈਣਗੇ ਕਿ ਜਿਉਣਾ ਕਿਵੇਂ ਹੈ।

ਖੇਡ ਇਸ ਕਰਕੇ ਦਿਲਚਸਪ ਹੁੰਦੀ ਹੈ, ਕਿਉਂਕਿ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਇਹ ਕਿਵੇਂ ਮੁੱਕੇਗੀ।

ਭਾਰਤ ਵਿਚ ਸਕੂਲ ਦੇ ਅਨੁਸ਼ਾਸਨ ਅਤੇ ਕਾਲਜ ਦੀ ਖੁੱਲ੍ਹ ਵਿਚ ਕੋਈ ਤਾਲ-ਮੇਲ ਨਹੀਂ ਹੈ।

ਦਾਅਵਤ ਦਾ ਉਦੇਸ਼, ਜਾਣ-ਪਛਾਣ ਨੂੰ ਦੋਸਤੀ ਵਿਚ ਬਦਲਣਾ ਹੁੰਦਾ ਹੈ।

ਬਚਪਨ ਜਾਂ ਜਵਾਨੀ ਵਿਚ ਕਿਸੇ ਨੂੰ ਨਾ-ਪਸੰਦ ਕਰਨ ਦੇ ਕਾਰਨ ਸਪਸ਼ਟ ਨਹੀਂ ਹੁੰਦੇ, ਕਿਸੇ ਵਲੋਂ ਪੁੱਛਣ ਉਤੇ ਦੱਸੇ ਵੀ ਨਹੀਂ ਜਾ ਸਕਦੇ, ਪਰ ਬਹੁਤ ਸਾਲਾਂ ਮਗਰੋਂ ਨਾ-ਪਸੰਦ ਕਰਨ ਦਾ ਪਛਤਾਵਾ ਹੁੰਦਾ ਹੈ।

ਜਿਹੜਾ ਸਮਾਗਮ ਬਹੁਤ ਲਮਕਾ ਦਿੱਤਾ ਜਾਵੇ, ਉਹ ਸਮਾਗਮ ਨਹੀਂ ਰਹਿੰਦਾ, ਤਮਾਸ਼ਾ ਬਣ ਜਾਂਦਾ ਹੈ; ਅਜਿਹਾ ਸਮਾਗਮ ਮੁਕੰਮਲ ਨਹੀਂ ਹੁੰਦਾ, ਖਿੰਡ ਜਾਂਦਾ ਹੈ।

ਜਿਤਨੇ ਵਿਆਹ, ਘਰ, ਪਰਿਵਾਰ ਆਦਿ ਗੁੱਸੇ ਵਿਚ ਕਹੇ ਸ਼ਬਦਾਂ ਨਾਲ ਟੁੱਟਦੇ ਹਨ, ਉਤਨੇ ਕਿਸੇ ਹੋਰ ਢੰਗ ਨਾਲ ਨਹੀਂ ਟੁੱਟਦੇ।

ਪਾਪਾਂ ਦੇ ਪ੍ਰਛਾਵੇਂ ਬੜੇ ਲੰਮੇ ਹੁੰਦੇ ਹਨ।

ਕਈ ਥਾਵਾਂ 'ਤੇ ਕੰਮ ਕਦੇ ਮੁੱਕਦੇ ਹੀ ਨਹੀਂ; ਜਿਵੇਂ ਬਾਗ ਵਿਚ, ਘਰ ਵਿਚ, ਦੁਕਾਨ ਵਿਚ, ਪਿਆਰ ਵਿਚ।

ਦਰਿਆ ਦੀ ਚਰਚਾ ਕਰਨ ਲਈ, ਕਿਨਾਰਿਆਂ ਦਾ ਜ਼ਿਕਰ ਜ਼ਰੂਰੀ ਹੁੰਦਾ ਹੈ।

ਜੇ ਆਪਣੇ ਆਪ 'ਤੇ ਹੱਸਣ ਦੀ ਆਦਤ ਹੈ ਤਾਂ ਲੋਕ ਤੁਹਾਡੇ 'ਤੇ ਨਹੀਂ ਹੱਸਣਗੇ।

ਹਰ ਕਿਸੇ 'ਤੇ ਇਤਬਾਰ ਕਰਨਾ ਬੜਾ ਮਹਿੰਗਾ ਸ਼ੌਕ ਹੈ, ਪਰ ਫਿਰ ਵੀ ਇਹ ਹਰ ਕਿਸੇ 'ਤੇ ਸ਼ੱਕ ਕਰਨ ਨਾਲੋਂ ਮਹਿੰਗਾ ਨਹੀਂ।

ਦੁਲਹਨ ਵੱਲੋਂ, ਮੁੱਢਲੇ ਸਾਲਾਂ ਵਿਚ ਸਬਰ ਤੋਂ ਲਿਆ ਕੰਮ, ਸਾਰਾ ਜੀਵਨ ਸਵਾਦ ਦਿੰਦਾ ਰਹਿੰਦਾ ਹੈ।

ਲੋਕ ਅਕਸਰ ਇਸ ਲਈ ਗੁੱਸੇ ਹੋ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਗੁੱਸੇ ਦੇ ਨੁਕਸਾਨ ਦਾ ਪਤਾ ਨਹੀਂ ਹੁੰਦਾ।

ਡਾਰਵਿਨ ਤੋਂ ਪਹਿਲਾਂ ਮਨੁੱਖੀ ਨਸਲ ਬਾਰੇ, ਮਾਰਕਸ ਤੋਂ ਪਹਿਲਾਂ ਇਤਿਹਾਸ ਬਾਰੇ ਅਤੇ ਫਰਾਇਡ ਤੋਂ ਪਹਿਲਾਂ ਮਨ ਬਾਰੇ, ਲਿਖੀਆਂ ਗਈਆਂ ਹਜ਼ਾਰਾਂ ਪੁਸਤਕਾਂ, ਇਨ੍ਹਾਂ ਚਿੰਤਕਾਂ ਦੇ ਆਉਣ ਨਾਲ, ਰੱਦੀ ਬਣ ਗਈਆਂ ਸਨ।

ਮਹਾਂਪੁਰਸ਼ ਨਿੱਗਰ ਹੁੰਦੇ ਹਨ; ਉਹ ਆਪਣੀ ਆਲੋਚਨਾ ਅਤੇ ਨਿੰਦਾ ਧੀਰਜ ਨਾਲ ਬਰਦਾਸ਼ਤ ਕਰਦੇ ਹਨ।

ਆਕਸਫੋਰਡ ਯੂਨੀਵਰਸਿਟੀ ਦਾ ਵਿਸ਼ਵ ਵਿਚ ਇਤਨਾ ਰੋਅਬ ਰਿਹਾ ਹੈ ਕਿ ਇਸ ਵਿਚ ਪੜ੍ਹੇ ਵਿਅਕਤੀ ਨੂੰ ਹਰ ਕੰਮ ਲਈ ਯੋਗ ਸਮਝਿਆ ਜਾਂਦਾ ਰਿਹਾ ਹੈ।

ਪਿਆਰ ਦਾ ਦਿਲਚਸਪ ਭਾਗ, ਉਹ ਮੋੜ ਹੁੰਦੇ ਹਨ; ਜਿਹੜੇ ਅਸੀਂ ਕਿਸੇ ਨਾਲ ਰਲ ਕੇ ਮੁੜਨੇ ਚਾਹੇ ਸਨ, ਪਰ ਮੁੜੇ ਨਹੀਂ ਸਨ ਗਏ।

ਘੁੱਟਵੀਂ ਪਤਲੂਨ, ਉੱਚਾ ਕੋਟ, ਤਿੱਖੇ ਬੂਟ, ਚਮਕਵੀਂ ਟਾਈ, ਸੁਨਹਿਰੀ ਘੜੀ ਅਤੇ ਛਾਪਾਂ-ਛੱਲੇ, ਹੋਛੇ ਬੰਦਿਆਂ ਦਾ ਲਿਬਾਸ ਹੁੰਦੇ ਹਨ।

ਸਮਾਜ ਅਖਾਣ-ਮੁਹਾਵਰੇ ਸਿਰਜਦਾ ਹੈ, ਯੂਨੀਵਰਸਿਟੀਆਂ ਵਿਚਾਰ ਅਤੇ ਆਗੂ ਉਪਜਾਉਂਦੀਆਂ ਹਨ।

ਕੇਵਲ ਲਾਇਕ ਅਧਿਆਪਕ ਹੀ ਆਪਣੇ ਵਿਸ਼ੇ ਤੋਂ ਇਧਰ-ਉਧਰ ਜਾਂਦੇ ਹਨ ਅਤੇ ਗਿਆਨ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ਦੇ ਹਨ।

ਆਪਣੇ ਪੈਰੀਂ ਆਪ ਕੁਹਾੜਾ ਮਾਰਨ ਲਈ, ਅਸੀਂ ਕਿਸੇ ਤੋਂ ਸਲਾਹ ਨਹੀਂ ਲੈਂਦੇ, ਆਪਣੀ ਅਕਲ ਹੀ ਵਰਤਦੇ ਹਾਂ।

ਚੰਗੇ ਸਕੂਲ ਸਿੱਖਿਆ ਦਿੰਦੇ ਹਨ, ਉੱਤਮ ਸਕੂਲ ਆਦਰਸ਼ ਦਿੰਦੇ ਹਨ।

ਅਰਾਮ ਦੋ ਪ੍ਰਕਾਰ ਦਾ ਹੁੰਦਾ ਹੈ: ਥਕਾਵਟ ਦੂਰ ਕਰਨ ਵਾਲਾ ਅਤੇ ਥਕਾਵਟ ਉਪਜਾਉਣ ਵਾਲਾ।

ਛੋਟੇ ਬੰਦੇ ਹੀ, ਵੱਡੇ ਵਿਖਾਈ ਦੇਣ ਦਾ ਯਤਨ ਕਰਦੇ ਹਨ।

ਐਡੀਸਨ ਨੂੰ ਇਸ ਗੱਲ ਦਾ ਮਾਣ ਸੀ ਕਿ ਉਸ ਨੇ ਕਿਸੇ ਹਥਿਆਰ ਦੀ ਕਾਢ ਨਹੀਂ ਸੀ ਕੱਢੀ।

ਕਈ ਇਸਤਰੀਆਂ 'ਮੈਂ ਕਦੇ ਨਹੀਂ ਮੰਨਣਾ' ਕਹਿ ਕੇ ਝੱਟ ਮੰਨ ਜਾਂਦੀਆਂ ਹਨ।

ਕੰਮ ਦੋ ਕਿਸਮ ਦੇ ਹੁੰਦੇ ਹਨ: ਜਿਹੜੇ ਅਸੀਂ ਕਰਨੇ ਚਾਹੁੰਦੇ ਹਾਂ ਅਤੇ ਜਿਹੜੇ ਸਾਨੂੰ ਕਰਨੇ ਪੈਂਦੇ ਹਨ।

ਜਦੋਂ ਵੀ ਆਪਣੇ ਆਪ ਨੂੰ ਹੋਰਾਂ ਨਾਲੋਂ ਸਿਆਣਾ ਸਮਝੋਗੇ, ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ, ਜਿਸ ਨਾਲ ਇਹ ਭਰਮ ਟੁੱਟ ਜਾਵੇਗਾ।

ਖੇਡ ਕੋਈ ਹੋਵੇ, ਉਸ ਨੂੰ ਦਿਲਚਸਪ, ਹਾਰਨ ਵਾਲੀ ਟੀਮ ਬਣਾਉਂਦੀ ਹੈ।

ਪਿਆਰ-ਵਿਆਹ ਵਾਲਾ ਜੀਵਨ ਕੱਚੀ ਅੰਬੀ ਖਾਣ ਤੋਂ, ਪੋਲਾ ਅੰਬ ਚੂਪਣ ਤਕ ਦਾ ਅਨੁਭਵ ਹੁੰਦਾ ਹੈ।

ਮਾਂ ਦਾ ਪਿਆਰ ਪ੍ਰਾਪਤ ਕਰਨ ਲਈ ਯਤਨ ਨਹੀਂ ਕਰਨਾ ਪੈਂਦਾ; ਪਿਤਾ ਦਾ ਪਿਆਰ, ਯਤਨ ਕੀਤੇ ਬਿਨਾਂ ਪ੍ਰਾਪਤ ਨਹੀਂ ਹੁੰਦਾ।

ਯੋਗ ਵਿਅਕਤੀਆਂ ਅਧੀਨ ਕੰਮ ਕਰਨ ਨਾਲ, ਹਰ ਕਿਸੇ ਦੀ ਯੋਗਤਾ ਵਧਦੀ ਹੈ।

ਜਿਹੜਾ ਤੁਹਾਡੀਆਂ ਕਮਜ਼ੋਰੀਆਂ ਦਾ ਮਖੌਲ ਉਡਾਉਂਦਾ ਹੈ, ਉਹ ਤੁਹਾਡਾ ਹਿਤੂ ਨਹੀਂ ਹੋ ਸਕਦਾ।

ਆਪਣੇ ਦੁੱਖਾਂ-ਦਰਦਾਂ ਦੀਆਂ ਗੱਲਾਂ ਕੇਵਲ ਆਪਣੇ ਪਿਆਰਿਆਂ ਨਾਲ ਹੀ ਕਰਨੀਆਂ ਚਾਹੀਦੀਆਂ ਹਨ, ਉਹ ਹੀ ਸੁਣਨ-ਸਮਝਣਗੇ।

ਹੁਣ ਕਾਰ, ਮਨੁੱਖ ਦੇ ਸਰੀਰ ਦਾ ਅੰਗ ਬਣ ਗਈ ਹੈ।

ਜੇ ਕਿਸੇ ਬਿਮਾਰੀ ਦੇ ਬਹੁਤ ਸਾਰੇ ਇਲਾਜ ਦੱਸੇ ਜਾਣ ਤਾਂ ਸਪਸ਼ਟ ਹੈ ਕਿ ਬਿਮਾਰੀ ਲਾਇਲਾਜ ਹੈ।

ਅਜਨਬੀ ਕਦੇ ਨਿੰਦਾ ਨਹੀਂ ਕਰਦੇ, ਨਿੰਦਾ ਜਾਣੂ ਹੀ ਕਰਦੇ ਹਨ।

ਭੁੱਖ ਲੱਗੀ ਹੋਵੇ, ਬਹਿਸ ਸੰਭਵ ਨਹੀਂ ਹੁੰਦੀ; ਰੱਜ ਕੇ ਖਾਧਾ ਹੋਵੇ, ਤਾਂ ਵੀ ਬਹਿਸ ਸੰਭਵ ਨਹੀਂ ਹੁੰਦੀ।

ਕਈ, ਜਿਸ ਦਿਨ ਪਿਤਾ ਮਰਦਾ ਹੈ, ਉਸ ਦਿਨ ਤੋਂ, ਪਿਤਾ ਦਾ ਸਤਿਕਾਰ ਕਰਨਾ ਅਰੰਭ ਕਰਦੇ ਹਨ।

ਬੇਸ਼ਰਮ ਢੰਗ ਨਾਲ ਮੁਆਫ਼ੀ ਮੰਗਣੀ, ਬੇਇੱਜ਼ਤੀ ਦੁੱਗਣੀ ਕਰਨ ਵਾਂਗ ਹੁੰਦੀ ਹੈ।

ਮੌਲਿਕ ਢੰਗ ਨਾਲ ਹਾਰਨਾ, ਨਕਲ ਮਾਰ ਕੇ ਜਿੱਤਣ ਨਾਲੋਂ ਚੰਗਾ ਹੁੰਦਾ ਹੈ।

ਜਿਸ ਅਧਿਆਪਕ ਤੋਂ ਵਿਦਿਆਰਥੀ ਡਰਦੇ ਹਨ, ਉਸ ਅਧਿਆਪਕ ਦਾ ਪੜ੍ਹਾਇਆ ਉਨ੍ਹਾਂ ਨੂੰ ਉਸੇ ਦਿਨ ਭੁੱਲ ਜਾਂਦਾ ਹੈ।

ਸਕੂਲ, ਉਸ ਇਮਾਰਤ ਨੂੰ ਕਹਿੰਦੇ ਹਨ; ਜਿਸ ਵਿਚ ਭਵਿੱਖ, ਪਲਦਾ-ਵਸਦਾ ਹੈ।

ਪੜ੍ਹਿਆ-ਲਿਖਿਆ ਮੂਰਖ, ਅਨਪੜ੍ਹ ਮੂਰਖ ਨਾਲੋਂ, ਵਧੇਰੇ ਮੂਰਖ ਹੁੰਦਾ ਹੈ।

ਇਕ ਸਕੂਲ ਖੋਲ੍ਹਣ ਨਾਲ, ਕਈ ਜੇਲ੍ਹਾਂ ਉਸਾਰਨ ਦਾ ਖਰਚ ਬਚ ਜਾਂਦਾ ਹੈ।

ਜਿਸ ਨੇ ਸੁਕਰਾਤ ਦਾ ਨਾਂ ਨਹੀਂ ਸੁਣਿਆ, ਉਸ ਨੇ ਸਮੁੰਦਰ ਅਤੇ ਸੂਰਜ ਦੇ ਨਾਂ ਵੀ ਨਹੀਂ ਸੁਣੇ ਹੋਣਗੇ।

ਕੋਈ ਚੀਜ਼, ਵਿਸ਼ੇਸ਼, ਖਰੀਦਣ ਤੋਂ ਪਹਿਲਾਂ ਹੀ ਹੁੰਦੀ ਹੈ; ਉਹ ਸਾਡੀ ਹੁੰਦਿਆਂ ਹੀ, ਸਧਾਰਨ ਬਣ ਜਾਂਦੀ ਹੈ।

ਬਲੈਕ-ਬੋਰਡ ਤੋਂ ਚਾਕ ਮਿਟ ਜਾਂਦਾ ਹੈ; ਫਾਰਮੂਲੇ ਦਿਸਦੇ ਰਹਿੰਦੇ ਹਨ।

ਕਈ ਵਾਰੀ ਜ਼ਿੰਦਗੀ ਸਾਨੂੰ ਲਾਭ ਪਹੁੰਚਾਉਣ ਲਈ, ਪਹਿਲਾਂ ਸਾਡਾ ਨੁਕਸਾਨ ਕਰਦੀ ਹੈ।

ਜੇ ਇਕੱਲਿਆਂ ਹੋਣ ਦੀ ਹਿੰਮਤ ਨਹੀਂ ਤਾਂ ਸੱਚ ਨਾ ਬੋਲੋ।

ਪਿਆਰ ਦਾ ਰਸਤਾ, ਅੱਖਾਂ ਵੱਲੋਂ ਦਿਲ ਵੱਲ ਜਾਂਦਾ ਹੈ, ਰਸਤੇ ਵਿਚ ਦਿਮਾਗ ਨਹੀਂ ਆਉਂਦਾ।

ਜੇ ਆਪਣੀਆਂ ਮੁਸ਼ਕਿਲਾਂ ਬਾਰੇ ਚੁੱਪ ਰਹੀਏ ਤਾਂ ਔਂਧੀਆਂ, ਸ਼ਰਮਸਾਰ ਹੋ ਕੇ ਆਪੇ ਬਹਿ ਜਾਂਦੀਆਂ ਹਨ।

ਗੁੱਸੇ ਦੀ ਹਾਲਤ ਵਿਚ, ਹਰ ਕੋਈ ਆਪਣੀ ਉਮਰ ਤੋਂ ਵੱਡਾ ਲੱਗਦਾ ਹੈ ਪਰ ਅਕਲ ਵਜੋਂ ਛੋਟਾ ਹੋ ਜਾਂਦਾ ਹੈ।

ਜੇ ਪਿਆਰ ਕਰਨ ਦੀ ਹਿੰਮਤ ਕਰੋ ਤਾਂ ਉਦਾਸ ਹੋਣ ਦਾ ਹੌਸਲਾ ਵੀ ਵਿਖਾਉਣਾ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਅਮੀਰ ਹੋਣਾ ਚਾਹੀਦਾ ਸੀ ਤਾਂ ਤੁਸੀਂ ਹਮੇਸ਼ਾਂ ਗਰੀਬ ਹੀ ਰਹੋਗੇ; ਅਮੀਰ ਸੋਚਦੇ ਰਹਿਣ ਨਾਲ ਨਹੀਂ, ਕੁਝ ਕਰਨ ਨਾਲ ਹੋਇਆ ਜਾਂਦਾ ਹੈ।

ਜ਼ਿੰਦਗੀ ਦੇ ਸਾਰੇ ਵੱਡੇ ਇਮਤਿਹਾਨ, ਇਕੱਲਿਆਂ ਹੀ ਦੇਣੇ ਪੈਂਦੇ ਹਨ।

ਦੋਸਤੀ, ਪਿਆਰ ਵਿਚ ਵਟ ਜਾਂਦੀ ਹੈ; ਪਿਆਰ, ਕਦੇ ਵੀ ਦੋਸਤੀ ਨਹੀਂ ਬਣਦਾ।

ਕਈ ਲੋਕ ਕੁਝ ਉਦਾਸ ਵਾਪਰਨ ਕਰਕੇ ਪੀਂਦੇ ਹਨ; ਕੁਝ ਲੋਕ ਕੁਝ ਚੰਗਾ ਵਾਪਰਨ 'ਤੇ ਪੀਂਦੇ ਹਨ: ਜੇ ਦੋਵੇਂ ਗੱਲਾਂ ਨਾ ਹੋਣ ਤਾਂ, ਉਹ ਇਸ ਲਈ ਪੀਂਦੇ ਹਨ ਕਿ ਪੀ ਕੇ ਕੁਝ ਵਾਪਰੇਗਾ।

ਗੁਸਤਾਖ਼ ਧੀ, ਝਗੜਾਲੂ ਪਤਨੀ ਅਤੇ ਲੜਾਕੀ ਸੱਸ ਬਣਦੀ ਹੈ।

ਕੋਈ ਮਿਸਾਲ ਨਹੀਂ ਮਿਲਦੀ ਕਿ ਪੁਰਸ਼ ਨੇ ਇਸਤਰੀ ਨਾਲ, ਮੰਗਣੇ ਮਗਰੋਂ ਅਤੇ ਵਿਆਹ ਤੋਂ ਪਹਿਲੇ ਦੇ ਵਿਹਾਰ ਨਾਲੋਂ, ਵਿਆਹ ਮਗਰੋਂ, ਚੰਗੇਰਾ ਵਿਹਾਰ ਕੀਤਾ ਹੋਵੇ।

ਇਸਤਰੀ ਦੀ ਇਕ ਵੱਡੀ ਭੁੱਲ, ਇਕੋ ਪੁਰਸ਼ ਵਿਚੋਂ, ਪ੍ਰੇਮੀ ਅਤੇ ਪਤੀ ਦੋਵੇਂ ਲੱਭਣਾ ਹੁੰਦੀ ਹੈ।

ਜਿਉਂ-ਜਿਉਂ ਕਿਸੇ ਕੋਲ ਧਨ ਵਧਦਾ ਜਾਂਦਾ ਹੈ, ਲਾਲਚ ਵਧਣ ਕਾਰਨ, ਉਸ ਦਾ ਹੱਸਣਾ ਘਟਦਾ ਜਾਂਦਾ ਹੈ।

ਕਿਸੇ ਨੂੰ ਭੁਲੇਖਾ ਨਹੀਂ ਹੁੰਦਾ ਕਿ ਕੀ ਕੀਤੇ ਜਾਣਾ ਠੀਕ ਹੈ; ਮੁਸ਼ਕਿਲ ਉਸ ਨੂੰ ਕਰਨ ਵਿਚ ਹੁੰਦੀ ਹੈ।

ਕਿਸੇ ਦੇ ਗੁਣਾਂ ਸਬੰਧੀ ਗੱਪਾਂ ਨਹੀਂ ਮਾਰੀਆਂ ਜਾ ਸਕਦੀਆਂ।

ਜਿਹੜਾ ਅੰਨ੍ਹਾ, ਮੁੜ-ਮੁੜ ਆਪਣਿਆਂ ਨੂੰ ਰੇਵੜੀਆਂ ਵੰਡਦਾ ਹੈ; ਉਸ ਦੀਆਂ ਰੇਵੜੀਆਂ, ਜਲਦੀ ਮੁੱਕ ਜਾਂਦੀਆਂ ਹਨ।

ਫਾਂਸੀ ਦੀ ਸਜ਼ਾ, ਕਤਲ ਦਾ ਬਦਲਾ ਲੈਣ ਦਾ ਕਾਨੂੰਨੀ ਢੰਗ ਹੁੰਦੀ ਹੈ।

ਲੋਕ ਭੁੱਲ ਜਾਂਦੇ ਹਨ ਕਿ ਕੋਈ ਕੰਮ ਤੁਸੀਂ ਕਿਤਨੇ ਚਿਰ ਵਿਚ ਕੀਤਾ ਹੈ, ਪਰ ਉਹ ਯਾਦ ਰੱਖਦੇ ਹਨ ਕਿ ਤੁਸੀਂ ਕਿਹੋ ਜਿਹਾ ਕੰਮ ਕੀਤਾ ਹੈ।

ਪ੍ਰਸੰਸਾ ਉੱਚੀ ਅਵਾਜ਼ ਵਿਚ ਅਤੇ ਆਲੋਚਨਾ ਧੀਮੀ ਅਵਾਜ਼ ਵਿਚ ਹੀ ਚੰਗੀ ਲੱਗਦੀ ਹੈ, ਪਰ ਅਸੀਂ ਕਰਦੇ ਉਲਟ ਹਾਂ।

ਗੀਤਾ ਨੂੰ, ਕ੍ਰਿਸ਼ਨ ਨੇ, ਅਰਜਨ ਦੇ ਸੰਕਟ ਵੇਲੇ ਉਚਾਰਿਆ ਸੀ; ਸੋ ਇਹ ਸੰਕਟ ਸਮੇਂ ਪੜ੍ਹਨ ਵਾਲੀ ਰਚਨਾ ਹੈ।

ਸਭ ਤੋਂ ਚੰਗੀ ਗੱਲ ਚੰਗੇ ਪਰਿਵਾਰ ਵਿਚ ਜਨਮ ਲੈਣਾ ਹੁੰਦੀ ਹੈ; ਦੂਜੀ ਚੰਗੀ ਗੱਲ ਚੰਗੀ ਵਿੱਦਿਆ ਪ੍ਰਾਪਤ ਕਰਨਾ ਹੁੰਦੀ ਹੈ; ਚੰਗੀ ਵਿੱਦਿਆ ਤੋਂ ਬਿਨਾਂ ਚੰਗੇ ਪਰਿਵਾਰ ਵਿਚ ਜਨਮ ਲੈਣ ਦੇ ਵੀ ਕੋਈ ਅਰਥ ਨਹੀਂ ਰਹਿੰਦੇ।

ਕੁਚੱਜਾ ਰੋਣਾ, ਹਮਦਰਦੀ ਨਹੀਂ ਉਪਜਾਉਂਦਾ; ਸੋ ਰੋਣ ਵਿਚ ਵੀ ਸਲੀਕਾ ਹੋਣਾ ਚਾਹੀਦਾ ਹੈ।

ਤਰਸ, ਪਛਤਾਵਾ, ਡਰ, ਵਿਰਲਾਪ ਆਦਿ ਉੱਚਾ ਚੁੱਕਣ ਵਾਲੇ ਅਨੁਭਵ ਨਹੀਂ ਹਨ, ਕਿਉਂਕਿ ਇਨ੍ਹਾਂ ਵਿਚੋਂ ਉਤਸ਼ਾਹ ਗਾਇਬ ਹੁੰਦਾ ਹੈ।

ਅਸ਼ਲੀਲ ਲਤੀਫ਼ੇ, ਯਥਾਰਥ ਦੇ ਨੇੜੇ ਹੁੰਦੇ ਹਨ, ਇਸੇ ਲਈ ਅਸ਼ਲੀਲ ਹੋਣ ਦੇ ਬਾਵਜੂਦ, ਇਹ ਦਿਲਚਸਪੀ ਨਾਲ ਸੁਣੇ ਜਾਂਦੇ ਹਨ।

ਕਈ ਜੋੜੇ ਤਾਂ ਬਣ ਜਾਂਦੇ ਹਨ, ਪਰ ਉਹ ਜੁੜਦੇ ਕਦੇ ਨਹੀਂ।

ਕਿਸੇ ਸਮੱਸਿਆ ਦੇ ਬਹੁਤ ਅਧਿਕ ਵੇਰਵੇ ਅਕੇਵਾਂ ਉਪਜਾਉਂਦੇ ਹਨ; ਇਨ੍ਹਾਂ ਨੂੰ ਸੁਣਨ ਵਾਲਾ, ਮਦਦ ਕਰਨ ਦੀ ਥਾਂ, ਖਹਿੜਾ ਛੁਡਾਉਣ ਬਾਰੇ ਸੋਚੇਗਾ।

ਭਾਰਤ ਦਾ ਢੰਗ ਸੋਚਣ ਦਾ ਢੰਗ ਨਹੀਂ, ਮੰਨਣ ਦਾ ਢੰਗ ਹੈ।

ਆਤਮਾ ਦੇ ਅਮਰ ਹੋਣ ਦਾ ਸੰਕਲਪ, ਤਰਕ 'ਤੇ ਪੂਰਾ ਨਹੀਂ ਉਤਰਦਾ; ਵਿਸ਼ਵਾਸ 'ਤੇ ਇਹ ਪੂਰਾ ਉਤਰਦਾ ਹੈ।

ਕਲਾ ਦੇ ਖੇਤਰ ਵਿਚ ਕੁਦਰਤੀ ਗੁਣ ਹੋਣਾ ਚੰਗੀ ਗੱਲ ਹੈ; ਰਿਆਜ਼ ਦੀ ਆਦਤ ਦੂਜੀ ਚੰਗੀ ਗੱਲ ਹੈ; ਰਿਆਜ਼ ਤੋਂ ਬਿਨਾਂ ਕੁਦਰਤੀ ਗੁਣ ਦਾ ਵੀ ਕੋਈ ਅਰਥ ਨਹੀਂ ਰਹਿੰਦਾ।

ਅਤਿ ਅਧਿਕ ਸੰਖੇਪਤਾ, ਲਿਖਤ ਨੂੰ ਲੰਗੜਾ ਕਰ ਦਿੰਦੀ ਹੈ।

ਅਮਰੀਕਾ ਦਾ ਪ੍ਰਾਚੀਨ ਅਤੇ ਮੱਧ-ਕਾਲ ਹੈ ਹੀ ਨਹੀਂ, ਇਸ ਲਈ ਅਮਰੀਕਾ ਪਰੰਪਰਾ-ਮੁਕਤ ਹੈ।

ਜੇ ਖ਼ਤਰਾ ਹੀ ਕੋਈ ਨਹੀਂ ਤਾਂ ਬਹਾਦਰੀ ਨਹੀਂ ਵਿਖਾਈ ਜਾ ਸਕਦੀ।

ਵੱਡੀਆਂ ਵਿਉਂਤਾਂ ਜੇ ਗੁਪਤ ਨਾ ਰੱਖੀਆਂ ਜਾਣ ਤਾਂ ਇਨ੍ਹਾਂ ਵਿਚ ਸਫ਼ਲਤਾ ਨਹੀਂ ਮਿਲਦੀ।

ਸਾਰਾ ਸੰਸਾਰ, ਅਮਰੀਕਾ ਦੀ ਨਕਲ ਕਰ ਰਿਹਾ ਹੈ; ਕੇਵਲ ਭੈੜੀਆਂ ਗੱਲਾਂ ਦੀ।

ਪ੍ਰੇਮੀ ਉਦੋਂ ਹੀ ਵਿੱਛੜਦੇ ਹਨ, ਜਦੋਂ ਉਨ੍ਹਾਂ ਦਾ ਇਕ-ਦੂਜੇ ਨੂੰ ਯਾਦ ਕਰਨ ਦਾ ਦਿਲ ਕਰਦਾ ਹੁੰਦਾ ਹੈ।

ਵਸਤਾਂ ਵਿਚ ਗੁਆਚਿਆ ਵਿਅਕਤੀ, ਕਿਸੇ ਹੋਰ ਦੇ ਹਿੱਤ ਬਾਰੇ ਨਹੀਂ ਸੋਚਦਾ।

ਅਜੇ ਤਕ ਕਿਸੇ ਨੇ ਟੈਲੀਵਿਜ਼ਨ ਨੂੰ ਚਾਨਣ-ਮੁਨਾਰਾ ਨਹੀਂ ਕਿਹਾ।

ਮੌਲਿਕਤਾ ਦਾ ਅਰਥ ਨਵੀਂ ਗੱਲ ਕਹਿਣਾ ਹੀ ਨਹੀਂ ਹੁੰਦਾ, ਪੁਰਾਣੀ ਗੱਲ ਨੂੰ ਨਵੇਂ ਅੰਦਾਜ਼ ਵਿਚ ਕਹਿਣਾ ਵੀ ਹੁੰਦਾ ਹੈ।

ਇਕ ਉਮਰ ਆ ਜਾਂਦੀ ਹੈ, ਜਦੋਂ ਚਾਹੁਣ ਦੇ ਬਾਵਜੂਦ, ਗਲਤ ਪਾਸੇ ਨਹੀਂ ਜਾਇਆ ਜਾ ਸਕਦਾ।

ਬਲਵਾਨ ਬਣੋ, ਜ਼ਿੰਮੇਵਾਰੀ ਚੁੱਕੋ; ਜ਼ਿੰਮੇਵਾਰੀ, ਬਲਵਾਨ ਬਣਾ ਦੇਵੇਗੀ।

ਇਕ ਪੜਾਓ ਤੋਂ ਅੱਗੇ ਮੌਜਾਂ, ਮੁਸੀਬਤਾਂ ਬਣ ਜਾਂਦੀਆਂ ਹਨ।

ਜੇ ਸਾਰੇ ਨਿਆਂਪੂਰਨ ਹੁੰਦੇ ਤਾਂ ਬਹਾਦਰੀ ਲਈ ਕੋਈ ਥਾਂ ਨਹੀਂ ਸੀ ਹੋਣੀ।

ਨਿਰਾਸ਼ਾਵਾਦੀ ਉਹ ਹੁੰਦਾ ਹੈ, ਜੋ ਦੁਖੀ ਕਰਨ ਵਾਲੀਆਂ ਦੋ ਚੀਜ਼ਾਂ ਵਿਚੋਂ ਇਕ ਚੁਣਨ ਸਮੇਂ, ਦੋਵੇਂ ਚੁਣ ਲੈਂਦਾ ਹੈ।

ਬੁੱਧ ਧਰਮ, ਪੁਰਸ਼ਾਂ ਦਾ ਧਰਮ ਹੈ, ਇਸ ਧਰਮ ਵਿਚ ਬੁੱਧੀ ਪੁਰਸ਼ ਵਾਲੀ ਹੈ।

ਲੰਮੇ ਕੋਟ, ਵਿੰਗੀਆਂ ਲੱਤਾਂ ਛੁਪਾਉਣ ਲਈ, ਪਹਿਨੇ ਜਾਣੇ ਅਰੰਭ ਹੋਏ ਸਨ।

ਮੌਤ ਤੋਂ ਸਿਵਾਇ ਸਾਰੇ ਵਰਤਾਰੇ ਜ਼ਿੰਦਗੀ ਵਿਚ ਦਖ਼ਲ ਦਿੰਦੇ ਰਹਿੰਦੇ ਹਨ।

ਵਸਤਾਂ ਦੀ ਕੀਮਤ ਕੇਵਲ ਲਾਗਤ ਦੇ ਅਧਾਰ 'ਤੇ ਨਹੀਂ, ਉਨ੍ਹਾਂ ਦੀ ਵਰਤੋਂ ਦੇ ਅਧਾਰ 'ਤੇ ਵੀ ਨਿਰਧਾਰਤ ਕੀਤੀ ਜਾਂਦੀ ਹੈ।

ਸੌਖੇ ਰਾਹਾਂ 'ਤੇ ਚੱਲ ਕੇ, ਕੁਝ ਵੀ ਮੁੱਲਵਾਨ ਪ੍ਰਾਪਤ ਨਹੀਂ ਹੋਵੇਗਾ।

ਉਤਸ਼ਾਹ, ਗਿਆਨ ਨਾਲੋਂ ਵੀ ਵਧੇਰੇ ਕੀਮਤੀ ਗੁਣ ਹੁੰਦਾ ਹੈ।

ਜਿਹੜੇ ਵਾਅਦੇ ਸੁਣਨ ਵਿਚ ਚੰਗੇ ਲਗਦੇ ਹਨ, ਉਹ ਅਕਸਰ ਪੂਰੇ ਨਹੀਂ ਕੀਤੇ ਜਾਂਦੇ, ਉਨ੍ਹਾਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੁੰਦਾ।

ਅੰਧ-ਵਿਸ਼ਵਾਸ ਤੋਂ ਬਿਨਾਂ ਕੋਈ ਧਰਮ ਨਹੀਂ ਫੈਲਦਾ।

ਪਿੰਡ ਵਿਚ ਜਿਹੜਾ ਵੀ ਚਿੱਟੇ ਕੱਪੜੇ ਪਾ ਲਵੇ, ਉਹ ਕੰਮ ਤਿਆਗ ਦਿੰਦਾ ਹੈ।

ਜਦੋਂ ਸਮਾਜ ਨੂੰ ਨਵੀਨਤਾ ਪ੍ਰਵਾਨ ਨਾ ਹੋਵੇ ਤਾਂ ਪਰੰਪਰਾ, ਨਵੀਨਤਾ ਨੂੰ ਤਸੀਹੇ ਦੇਣ ਲੱਗ ਪੈਂਦੀ ਹੈ।

ਅਸਲੀ ਝੂਠ ਉਹ ਹੁੰਦਾ ਹੈ, ਜਿਹੜਾ ਪੁਰਾਣੀ ਕਾਰ ਵੇਚਣ ਵੇਲੇ ਬੋਲਿਆ ਜਾਂਦਾ ਹੈ।

ਬਚਪਨ ਵਿਚ ਬੱਚਿਆਂ ਵਾਂਗ ਵਿਹਾਰ ਕਰਨਾ ਚੰਗੀ ਗੱਲ ਹੈ, ਪਰ ਸਾਰਾ ਜੀਵਨ ਬੱਚੇ ਬਣੇ ਰਹਿਣਾ ਮਾੜੀ ਗੱਲ ਹੈ।

ਜੋ ਸੁੱਖ ਆਪਣੇ ਘਰੋਂ ਨਹੀਂ ਮਿਲਦਾ, ਉਹ ਕਿਧਰੋਂ ਨਹੀਂ ਮਿਲੇਗਾ।

ਵੱਖਰੇ ਸੱਭਿਆਚਾਰਾਂ ਦੇ ਪੁਰਸ਼-ਇਸਤਰੀ ਵਿਆਹ ਕਰਕੇ ਆਪ-ਮੁਹਾਰੇ ਹੀ ਇਕ-ਦੂਜੇ ਦੀ ਭਾਸ਼ਾ ਸਿੱਖ ਲੈਂਦੇ ਹਨ।

ਸੱਚੀ ਬਹਾਦਰੀ ਉਹ ਹੁੰਦੀ ਹੈ, ਜਿਸ ਦੇ ਗੀਤ ਦੁਸ਼ਮਣ ਵੀ ਗਾਉਣ।

ਨਾਂ ਕਿਸੇ ਨੂੰ ਸੱਦਣ ਲਈ ਹੁੰਦਾ ਹੈ, ਭੰਡਣ ਲਈ ਨਹੀਂ।

ਸਾਰੀਆਂ ਸਫ਼ਾਈਆਂ, ਸਰੀਰਕ ਸਫ਼ਾਈ ਤੋਂ ਅਰੰਭ ਹੁੰਦੀਆਂ ਹਨ।

ਜੇ ਸਰਕਾਰ ਵਿਰੁੱਧ ਕੁਝ ਕਰੋਗੇ ਤਾਂ ਤੁਹਾਨੂੰ ਹਰ-ਰੋਜ਼, ਘਰ ਪਹੁੰਚਾਉਣ ਦੀ ਜ਼ਿੰਮੇਵਾਰੀ, ਖ਼ੁਫ਼ੀਆ ਵਿਭਾਗ ਸੰਭਾਲ ਲਵੇਗਾ।

ਬਜ਼ੁਰਗ, ਜਵਾਨਾਂ ਵਿਚ ਨੁਕਸ ਕੱਢਦੇ ਹਨ, ਪਰ ਆਪ ਜਵਾਨ ਹੋਣਾ ਚਾਹੁੰਦੇ ਹਨ।

ਜ਼ਿੰਦਗੀ ਦੀ ਕਿਤਾਬ ਵਿਚ ਅੰਤਲਾ ਕਾਂਡ ਮੌਤ ਦਾ ਹੁੰਦਾ ਹੈ, ਜਿਥੋਂ ਖਾਲੀ ਪੰਨੇ ਸ਼ੁਰੂ ਹੋ ਜਾਂਦੇ ਹਨ।

ਘਰ ਵਿਚ ਰਸੋਈ ਹੀ ਨਾ ਹੋਵੇ, ਉਥੇ ਅੱਗ ਵੀ ਬਲਦੀ ਹੋਵੇ।

ਕੇਵਲ ਖਾਲਸ ਵਿਅਕਤੀ ਨੂੰ ਹੀ ਹੋਰਾਂ ਵਿਚ ਖੋਟ ਲੱਭਣੀ ਚਾਹੀਦੀ ਹੈ।

ਚੰਗੀਆਂ ਆਦਤਾਂ ਅਪਨਾਉਣੀਆਂ ਔਖੀਆਂ ਹੁੰਦੀਆਂ ਹਨ, ਪਰ ਇਹ ਜ਼ਿੰਦਗੀ ਨੂੰ ਸੌਖਾ ਬਣਾਉਂਦੀਆਂ ਹਨ।

ਜਿਹੜੇ ਵਿਆਹ ਤੋਂ ਪਹਿਲਾਂ ਮੂਰਖ ਹੁੰਦੇ ਹਨ, ਉਹ ਵਿਆਹ ਤੋਂ ਮਗਰੋਂ ਬਗਲੋਲ ਬਣ ਜਾਂਦੇ ਹਨ।

ਚੰਗੀ ਸਿਹਤ, ਚੰਗੀਆਂ ਆਦਤਾਂ, ਚੰਗੀਆਂ ਸੋਚਾਂ, ਚੰਗੀਆਂ ਵਿਉਂਤਾਂ, ਚੰਗੇ ਸਬੰਧ, ਖ਼ੁਸ਼ਹਾਲੀ ਦੇ ਸਰੋਤ ਹੁੰਦੇ ਹਨ।

ਦੁੱਖ, ਸਜ਼ਾ ਨਹੀਂ ਹੁੰਦੇ, ਨਤੀਜੇ ਹੁੰਦੇ ਹਨ; ਪ੍ਰਸੰਨਤਾ, ਇਨਾਮ ਨਹੀਂ ਹੁੰਦੀ, ਸਿੱਟਾ ਹੁੰਦੀ ਹੈ।

ਵਿਚਾਰੇ ਭਾਵੇਂ ਤੱਥ ਜਾਂਦੇ ਹਨ, ਪਰ ਨਿਰਣੇ ਅਕਸਰ ਭਾਵਨਾਵਾਂ ਦੇ ਪ੍ਰਭਾਵ ਅਧੀਨ ਕੀਤੇ ਜਾਂਦੇ ਹਨ।

ਬੜੀ ਘੱਟ ਵਾਰੀ ਹੁੰਦਾ ਹੈ ਕਿ ਦਿਮਾਗ ਅਤੇ ਦਿਲ ਦੋਵੇਂ ਸਹੀ ਥਾਂ 'ਤੇ ਹੋਣ ਅਤੇ ਇਨ੍ਹਾਂ ਵਿਚ ਸੁਖਾਵਾਂ ਤਾਲ-ਮੇਲ ਵੀ ਹੋਵੇ।

ਲਿਖਣਾ ਸਿੱਖਣ ਲਈ ਬੱਚੇ ਨੂੰ ਸਫ਼ੇਦ ਕਾਗਜ਼ ਦਿਓ, ਕਿਉਂਕਿ ਕਾਗਜ਼ 'ਤੇ ਪਈਆਂ ਲਾਈਨਾਂ, ਉਸ ਲਈ ਰੁਕਾਵਟ ਬਣ ਜਾਂਦੀਆਂ ਹਨ, ਸਫ਼ੇਦ ਕਾਗਜ਼ 'ਤੇ ਉਹ ਮਨਮਰਜ਼ੀ ਦੇ ਆਕਾਰ ਪਾਵੇਗਾ।

ਕਲਾਕਾਰਾਂ ਵਿਚ, ਆਸ਼ਕਾਂ ਵਾਲੇ ਲੱਛਣ ਹੀ ਹੁੰਦੇ ਹਨ; ਉਨ੍ਹਾਂ ਵਿਚ ਪਤੀਆਂ ਵਾਲੀਆਂ ਆਦਤਾਂ ਨਹੀਂ ਹੁੰਦੀਆਂ।

ਕਿਸੇ ਆਦਰਸ਼ ਲਈ ਕਿਸੇ ਦਾ ਮਰ ਜਾਣਾ, ਆਦਰਸ਼ ਦਾ ਨਹੀਂ, ਮਰਨ ਵਾਲੇ ਦੇ ਸੱਚੇ ਹੋਣ ਦਾ ਪ੍ਰਮਾਣ ਹੁੰਦਾ ਹੈ।

ਇਸਤਰੀ ਇਹ ਸੋਚ ਕੇ ਕਵੀ ਨਾਲ ਵਿਆਹ ਕਰਵਾਉਂਦੀ ਹੈ ਕਿ ਉਸ ਦਾ ਪਤੀ ਉਸ 'ਤੇ ਕਵਿਤਾਵਾਂ ਲਿਖਿਆ ਕਰੇਗਾ, ਪਰ ਜਲਦੀ ਹੀ ਜਾਣ ਜਾਂਦੀ ਹੈ ਕਿ ਪਤਨੀ, ਕਦੇ ਵੀ ਕਿਸੇ ਕਵੀ ਦੀ ਪ੍ਰੇਰਨਾ ਨਹੀਂ ਹੁੰਦੀ।

ਪੁਰਸ਼ਾਂ ਵਿਚ ਜਿੱਤਣ ਦੀ ਭਾਵਨਾ ਹੁੰਦੀ ਹੈ, ਇਸ ਭਾਵਨਾ ਕਾਰਨ ਹੀ ਉਹ ਕਾਮ-ਖੇਡ, ਖੇਡਾਂ ਅਤੇ ਯੁੱਧਾਂ ਵਿਚ ਦਿਲਚਸਪੀ ਲੈਂਦੇ ਹਨ।

ਹਰ ਕਿਸੇ ਨੂੰ ਆਪਣੀ ਸਫ਼ਲਤਾ, ਮਿਹਨਤ ਅਤੇ ਦੂਜਿਆਂ ਦੀ ਸਫ਼ਲਤਾ, ਕਿਸਮਤ ਪ੍ਰਤੀਤ ਹੁੰਦੀ ਹੈ।

ਬੱਚਿਆਂ ਦਾ ਆਪਸ ਵਿੱਚ ਖੇਡਣਾ, ਉਨ੍ਹਾਂ ਵੱਲੋਂ ਸੰਸਾਰ ਨਾਲ ਮੁਕਾਬਲੇ ਲਈ ਤਿਆਰ ਹੋਣ ਦਾ ਅਭਿਆਸ ਹੁੰਦਾ ਹੈ।

ਚੰਗੀ ਲਿਖਾਈ ਉਸ ਨੂੰ ਕਹਿੰਦੇ ਹਨ, ਜਿਸ ਵਿਚ ਦਿਮਾਗ ਦੇ ਸੋਚੇ ਅਤੇ ਹੱਥਾਂ ਦੇ ਲਿਖੇ ਨੂੰ, ਅੱਖਾਂ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ।

ਮਨੁੱਖ-ਜਾਤੀ ਦੀਆਂ ਦਬੀਆਂ-ਘੁਟੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦੇ ਉਪਰਾਲੇ, ਵੱਖ-ਵੱਖ ਕਲਾਵਾਂ ਬਣ ਗਏ ਹਨ।

ਹਰ ਸਰਕਾਰ ਵੱਲੋਂ ਰਿਵਾਜ ਪੰਜ-ਸਾਲਾ ਯੋਜਨਾ ਬਣਾਉਣ ਦਾ ਹੀ ਹੈ; ਇਸੇ ਕਰਕੇ ਕੁਝ ਮਹੀਨਿਆਂ ਦਾ ਕੰਮ ਵੀ, ਪੰਜ ਸਾਲਾਂ ਵਿਚ ਕੀਤਾ ਜਾਂਦਾ ਹੈ।

ਜਿਸ ਚੀਜ਼ ਦੇ ਗੁੰਮਣ ਦਾ ਡਰ ਹੁੰਦਾ ਹੈ, ਉਹ ਚੀਜ਼ ਵਾਸਤਵ ਵਿਚ ਸਾਡੀ ਹੁੰਦੀ ਹੀ ਨਹੀਂ, ਉਸ 'ਤੇ ਅਸੀਂ ਕਾਬਜ਼ ਹੋਏ ਹੁੰਦੇ ਹਾਂ; ਡਰ ਕਬਜ਼ਾ ਖੁੱਸਣ ਦਾ ਹੁੰਦਾ ਹੈ, ਚੀਜ਼ ਗੁੰਮਣ ਦਾ ਨਹੀਂ; ਚੀਜ਼ ਸੰਸਾਰ ਵਿਚ ਹੀ ਰਹਿੰਦੀ ਹੈ, ਕਬਜ਼ਾ ਬਦਲਦਾ ਰਹਿੰਦਾ ਹੈ।

ਪਤਨੀ ਦੀ ਸਿਫ਼ਤ ਕਰੋ, ਤੁਹਾਡੇ ਸੁੱਖ ਵੱਧ ਜਾਣਗੇ; ਪਤੀ ਦੀ ਸਿਫ਼ਤ ਕਰੋ, ਤੁਹਾਡੇ ਸੰਸੇ ਘੱਟ ਜਾਣਗੇ।

ਟਾਈਪਰਾਈਟਰ ਨੇ ਮਨੁੱਖ ਨੂੰ ਕਲਮ ਤੋਂ ਬਿਨਾਂ ਲਿਖਣ ਦੀ ਯੋਗਤਾ ਪ੍ਰਦਾਨ ਕੀਤੀ ਹੈ ਅਤੇ ਦੋਵੇਂ ਹੱਥਾਂ ਨਾਲ ਲਿਖਣ ਦਾ ਸੁਪਨਾ ਪੂਰਾ ਕੀਤਾ ਹੈ।

ਫੌਜੀ ਸਰਕਾਰ, ਹਕੂਮਤ ਕਰ ਸਕਦੀ ਹੈ, ਰਾਜ-ਪ੍ਰਬੰਧ ਨਹੀਂ ਕਰ ਸਕਦੀ; ਬਗ਼ਾਵਤਾਂ ਦਬਾ ਸਕਦੀ ਹੈ, ਵਿਕਾਸ ਨਹੀਂ ਕਰ ਸਕਦੀ।

ਕਈ ਜਾਣੂ, ਬਾਹਰਲੇ ਸਮਾਗਮਾਂ 'ਤੇ ਮਿਲਣ ਲਈ ਹੀ ਹੁੰਦੇ ਹਨ, ਉਹ ਘਰ ਬੁਲਾਉਣ ਦੇ ਯੋਗ ਨਹੀਂ ਹੁੰਦੇ।

ਪ੍ਰਸੰਨ ਹੋਣ ਦੀ ਹਾਲਤ ਵਿਚ ਸਰੀਰ ਹਲਕਾ ਹੋ ਜਾਂਦਾ ਹੈ; ਦੁਖੀ ਹੋਣ ਦੀ ਅਵਸਥਾ ਵਿਚ ਸਰੀਰ ਦਾ ਬੋਝ ਚੁੱਕਣਾ ਪੈਂਦਾ ਹੈ।

ਨੁਕਸ ਕਹਿੰਦੇ ਹੀ ਉਸ ਨੂੰ ਹਨ, ਜਿਹੜਾ ਹੁੰਦਾ ਆਪਣੇ ਵਿਚ ਹੈ, ਪਰ ਲੱਭਿਆ ਹੋਰਾਂ ਵਿਚ ਜਾਂਦਾ ਹੈ।

ਕਿਸੇ ਦੀ ਲਿਖਤ ਸਹਿਜੇ ਹੀ ਦੱਸ ਦਿੰਦੀ ਹੈ ਕਿ ਇਸ ਵਿਅਕਤੀ ਨੂੰ ਲਿਖਣ ਦੀ ਆਦਤ ਹੈ ਕਿ ਨਹੀਂ।

ਪਹਿਲਾਂ ਚਿੱਠੀਆਂ ਨੂੰ ਪੋਥੀਆਂ ਵਿਚ ਰੱਖਦੇ ਸਨ, ਹੁਣ ਲਾਕਰਾਂ ਵਿਚ ਰੱਖਦੇ ਹਨ, ਕਿਉਂਕਿ ਇਨ੍ਹਾਂ ਨੇ ਤਲਾਕ ਦੇ ਮੁਕੱਦਮੇ ਵਿਚ ਸਬੂਤ ਅਤੇ ਗਵਾਹੀ ਬਣਨਾ ਹੁੰਦਾ ਹੈ।

ਜਾਣਨ ਲਈ ਕਿ ਲੇਖਕ ਨੂੰ ਲਿਖਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਸੇ ਵਾਪਰੀ ਘਟਨਾ ਬਾਰੇ ਲਿਖਣ ਦਾ ਯਤਨ ਕਰੋ, ਪ੍ਰਗਟਾਉਣ ਦੇ ਕਈ ਢੰਗ ਸੁੱਝਣਗੇ, ਇਹ ਕਈ ਢੰਗ ਹੀ ਲਿਖਣ ਦੀ ਮੁਸ਼ਕਿਲ ਬਣ ਜਾਣਗੇ।

ਜਿਨ੍ਹਾਂ ਵਿਚ ਸਵੈ-ਅਨੁਸ਼ਾਸਨ ਹੁੰਦਾ ਹੈ, ਉਹ ਕੋਰੇ ਕਾਗਜ਼ 'ਤੇ ਵੀ ਸਿੱਧੀਆਂ ਲਾਈਨਾਂ ਵਿਚ ਲਿਖ ਲੈਂਦੇ ਹਨ, ਜਿਨ੍ਹਾਂ ਵਿਚ ਨਹੀਂ ਹੁੰਦਾ, ਉਹ ਲੀਕਾਂ ਵਾਲੇ ਕਾਗਜ਼ 'ਤੇ ਵੀ ਟੇਢਾ ਲਿਖਦੇ ਹਨ।

ਅਮਰੀਕਾ ਦੀ ਸੰਸਦ ਵਿਚ ਆਖਰੀ ਹੱਥੋਪਾਈ, ਦੋ ਮੈਂਬਰਾਂ ਵਿਚਕਾਰ 1902 ਵਿਚ ਹੋਈ ਸੀ।

ਮੰਦਰ ਵਿਚ ਅਸੀਂ ਮੂਰਤੀ ਦੀ ਪੂਜਾ ਨਹੀਂ ਕਰਦੇ, ਆਪਣੀਆਂ ਇੱਛਾਵਾਂ ਦੀ ਪੂਜਾ ਕਰਦੇ ਹਾਂ।

ਪਹਾੜਾਂ 'ਤੇ ਚੜ੍ਹਨ ਵਾਲੇ, ਪਹਾੜ ਰਾਹੀਂ ਆਪਣੇ ਆਪ ਨੂੰ ਫ਼ਤਹਿ ਕਰਦੇ ਹਨ।

ਪਿਆਰ, ਭੁੱਖ ਦਾ ਹੀ ਬਦਲਿਆ ਰੂਪ ਹੁੰਦਾ ਹੈ; ਵਿਛੋੜੇ ਵਿਚੋਂ ਮਿਲਾਪ ਦੀ ਭੁੱਖ ਜਾਗਦੀ ਹੈ।

ਮਨੁੱਖ ਦਾ ਜਿਹੋ ਜਿਹਾ ਨਿੱਘਾ ਸਵਾਗਤ ਨੀਂਦਰ ਕਰਦੀ ਹੈ, ਉਸ ਨੂੰ ਅਸਵੀਕਾਰ ਕਰਨ ਦੀ ਬਾਦਸ਼ਾਹਾਂ ਅਤੇ ਜਰਨੈਲਾਂ ਵਿਚ ਵੀ ਹਿੰਮਤ ਨਹੀਂ ਹੁੰਦੀ।

ਜਿਉਂ-ਜਿਉਂ ਮਨੁੱਖ ਦੀ ਚੇਤਨਾ ਸਪਸ਼ਟ ਹੁੰਦੀ ਜਾਂਦੀ ਹੈ, ਉਸ ਨੂੰ ਪ੍ਰਗਟਾਉਣ ਵਾਲੀ ਭਾਸ਼ਾ ਸਰਲ ਅਤੇ ਕੂਲੀ ਹੁੰਦੀ ਜਾਂਦੀ ਹੈ।

ਭੁੱਖ ਲੱਗੀ ਹੋਵੇ ਤਾਂ ਮਨੁੱਖ ਦਿਮਾਗ ਨਾਲ ਨਹੀਂ, ਢਿੱਡ ਨਾਲ ਸੋਚਦਾ ਹੈ।

ਪ੍ਰਸੰਨਤਾ ਦਾ ਆਪਣਾ ਕੋਈ ਵਜੂਦ ਨਹੀਂ ਹੁੰਦਾ, ਇਹ ਕਿਸੇ ਅਨੁਭਵ ਜਾਂ ਕਾਰਜ ਦਾ ਸਿੱਟਾ ਹੁੰਦੀ ਹੈ।

ਲੜਕੀਆਂ, ਲੜਕਿਆਂ ਨਾਲੋਂ ਵਧੇਰੇ ਲਿਖਦੀਆਂ ਹਨ ਅਤੇ ਤੇਜ਼ ਲਿਖਦੀਆਂ ਹਨ।

ਵਿਕਾਸ ਦੇ ਨੇਮ ਨਹੀਂ ਹੁੰਦੇ, ਅਵਸਰ ਹੁੰਦੇ ਹਨ; ਅਵਸਰਾਂ ਅਨੁਸਾਰ ਨੇਮ ਬਣ ਜਾਂਦੇ ਹਨ।

ਮਨੁੱਖੀ ਮਨ ਝੂਠ ਨੂੰ ਵੀ ਉਵੇਂ ਹੀ ਉਸਾਰਦਾ ਹੈ, ਜਿਵੇਂ ਸੱਚ ਨੂੰ ਉਸਾਰਦਾ ਹੈ।

ਪ੍ਰੇਮਿਕਾ, ਸਾਡਾ ਦੂਜਾ ਆਪਾ ਹੁੰਦੀ ਹੈ, ਜਿਹੜੀ ਪਹਿਲੇ ਆਪੇ ਨੂੰ ਸ਼ਕਤੀਸ਼ਾਲੀ ਬਣਾ ਦਿੰਦੀ ਹੈ।

ਜ਼ਾਤ-ਪਾਤੀ ਸਮਾਜ ਵਿਚ ਬਹੁਤੀ ਸ਼ਬਦਾਵਲੀ ਨਿੰਦਾਮਈ ਹੁੰਦੀ ਹੈ; ਕੋਈ ਜ਼ਾਤ ਕਿਸੇ ਹੋਰ ਜ਼ਾਤ ਦੀ ਪ੍ਰਸੰਸਾ ਨਹੀਂ ਕਰਦੀ, ਨਿੰਦਾ ਅਤੇ ਨਫ਼ਰਤ ਹੀ ਕਰਦੀ ਹੈ।

ਜਦੋਂ ਕੋਈ ਕਿਸੇ ਮਸਲੇ ਨੂੰ ਹੱਲ ਕਰਨ ਲਈ ਕਿਸੇ ਦੀ ਸਲਾਹ ਪੁੱਛਦਾ ਹੈ ਤਾਂ ਉਹ ਆਪ ਵੀ ਹੱਲ ਦੇ ਕਈ ਬਦਲ ਸੋਚ ਰਿਹਾ ਹੁੰਦਾ ਹੈ।

ਪੰਜਾਬੀ ਨਾ ਪਿੜ ਛੱਡਦੇ ਹਨ, ਨਾ ਹੱਥ ਮਲਦੇ ਹਨ; ਇਹ ਹੱਥ ਪਾਉਂਦੇ ਹਨ ਅਤੇ ਜੇ ਇਕ ਵਾਰੀ ਹੱਥ ਪੈ ਜਾਵੇ, ਫਿਰ ਛੱਡਦੇ ਨਹੀਂ।

ਪੰਜਾਬ ਦਾ ਜੱਟ ਖਰੂਦੀ ਨਹੀਂ, ਅਜ਼ਾਦ ਹੈ, ਆਪਣੀ ਮਰਜ਼ੀ ਦਾ ਮਾਲਕ ਹੈ, ਦਖ਼ਲ ਨਾ ਦਿੱਤਾ ਜਾਵੇ ਤਾਂ ਅਮਨ-ਪਸੰਦ ਹੈ; ਇਸ ਨੂੰ ਸਹੀ ਰਸਤੇ ਪਾਈ ਰੱਖਣਾ ਔਖਾ ਨਹੀਂ, ਪਰ ਸਹੀ ਰਸਤੇ 'ਤੇ ਲਿਆਉਣਾ ਮੁਸ਼ਕਿਲ ਹੈ।

ਕੋਈ ਚੀਜ਼ ਆਪਣੇ ਆਪ ਵਿਚ ਚੰਗੀ-ਮਾੜੀ ਨਹੀਂ ਹੁੰਦੀ, ਉਹ ਆਪਣੇ ਸੰਦਰਭ ਵਿਚ ਚੰਗੀ ਜਾਂ ਮਾੜੀ ਬਣਦੀ ਹੈ।

ਭੁੱਖਾ ਬੰਦਾ ਸੋਚਦਾ ਹੈ ਕਿ ਪਰਮਾਤਮਾ ਉਹ ਹੈ, ਜਿਸ ਨੂੰ ਭੁੱਖ ਨਹੀਂ ਲੱਗਦੀ।

ਅਸੀਂ ਅਕਸਰ ਪੂਰੀ ਤਰ੍ਹਾਂ ਪਸੰਦ ਨਾ ਹੋਣ ਦੇ ਬਾਵਜੂਦ ਕਿਸੇ ਚੀਜ਼ ਨੂੰ ਇਸ ਲਈ ਪ੍ਰਵਾਨ ਕਰ ਲੈਂਦੇ ਹਾਂ, ਕਿਉਂਕਿ ਸਾਨੂੰ ਉਸ ਨਾਲੋਂ ਚੰਗੇਰੀ ਚੀਜ਼, ਮਿਲਣ ਦੀ ਆਸ-ਉਮੀਦ ਨਹੀਂ ਹੁੰਦੀ।

ਪੁਰਸ਼ ਇਸਤਰੀ ਨੂੰ 'ਤੂੰ ਮੈਨੂੰ ਪਿਆਰ ਕਰਦੀ ਹੈਂ?' ਉਦੋਂ ਤਕ ਨਹੀਂ ਪੁੱਛਦਾ, ਜਦੋਂ ਤਕ ਉਸ ਨੂੰ ਵਿਸ਼ਵਾਸ ਨਹੀਂ ਹੋ ਜਾਂਦਾ ਕਿ ਉਹ ਪਿਆਰ ਕਰਦੀ ਹੈ।

ਜਿਸ ਚੀਜ਼ ਦੀ ਇੱਛਾ ਹੋਵੇ, ਉਹ ਚੰਗੀ ਲੱਗਣ ਲੱਗ ਪੈਂਦੀ ਹੈ; ਜੋ ਚੰਗੀ ਲੱਗੇ, ਉਹ ਸੋਹਣੀ ਹੋ ਜਾਂਦੀ ਹੈ; ਜੋ ਸੋਹਣੀ ਲੱਗੇ, ਉਹ ਪਿਆਰੀ ਹੋ ਨਿਬੜਦੀ ਹੈ।

ਮੈਨੂੰ ਕੀ ਚਾਹੀਦਾ ਹੈ ਅਤੇ ਮੈਨੂੰ ਕੌਣ ਚਾਹੀਦਾ ਹੈ, ਦਾ ਸੁਭਾਓ ਇਕੋ ਜਿਹਾ ਹੁੰਦਾ ਹੈ।

ਕਾਢ ਕੋਈ ਇਕ ਵਿਅਕਤੀ ਕੱਢਦਾ ਹੈ, ਲਾਭ ਸਾਰਾ ਸੰਸਾਰ ਉਠਾਉਂਦਾ ਹੈ।

ਗੰਢ-ਵਿਗਿਆਨ ਅਨੁਸਾਰ ਗੰਢ ਵਿਚ ਗੰਢ ਨਹੀਂ, ਗੰਢ ਮਾਰਨ ਦੀ ਜੁਗਤ ਵਧੇਰੇ ਮਹੱਤਵਪੂਰਨ ਹੁੰਦੀ ਹੈ, ਜਿਸ ਕਾਰਨ ਗੰਢ ਖੁੱਲ੍ਹਦੀ ਨਹੀਂ।

ਥੱਕੇ ਹੋਏ ਅਤੇ ਭੁੱਖੇ ਵਿਅਕਤੀ, ਪਰੇਸ਼ਾਨ ਅਤੇ ਲੜਾਕੇ ਹੁੰਦੇ ਹਨ।

ਅੱਜ ਦਾ ਬੱਚਾ ਮਾਂ ਨੂੰ ਕਹਿੰਦਾ ਹੈ: ਫਿਰ ਕੱਦੂ ਬਣਾ ਦਿੱਤਾ, ਪਿਛਲੇ ਸਾਲ ਹੀ ਤਾਂ ਖਾਧਾ ਸੀ।

ਕਿਸੇ ਚੀਜ਼ ਤੋਂ ਲਾਭ ਤਾਂ ਹੀ ਉਠਾਇਆ ਜਾ ਸਕਦਾ ਹੈ, ਜੇ ਉਸ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਵਿਗਿਆਨਕ ਹੋਵੇ।

ਭਾਰਤ ਦੇ ਲੋਕ ਜਿਊਣਾ ਅਰੰਭ ਕਰਨ ਤੋਂ ਪਹਿਲਾਂ ਹੀ, ਮੌਤ ਦੀ ਚਿੰਤਾ ਕਰਨ ਲੱਗ ਪੈਂਦੇ ਹਨ।

ਦੂਜਿਆਂ ਪ੍ਰਤੀ ਨਫ਼ਰਤ, ਆਪਣੇ ਔਗੁਣਾਂ ਵਿਚੋਂ ਉਪਜਦੀ ਹੈ।

ਜ਼ਿੰਦਗੀ ਦੀਆਂ ਸਵੇਰ ਦੀਆਂ ਵਿਉਂਤਾਂ ਨਾਲ, ਜ਼ਿੰਦਗੀ ਦੀ ਸ਼ਾਮ ਨਹੀਂ ਗੁਜ਼ਾਰੀ ਜਾ ਸਕਦੀ।

ਅਸੀਂ ਕਿਸੇ ਨੂੰ ਪਸੰਦ ਕਰਦੇ ਹਾਂ ਕਿ ਨਹੀਂ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਸ ਵੱਲੋਂ, ਆਪਣੇ ਆਪ ਨੂੰ ਪਸੰਦ ਕੀਤੇ ਜਾਣਾ, ਪਸੰਦ ਕਰਦੇ ਹਾਂ ਕਿ ਨਹੀਂ।

ਹੋਰਾਂ ਨਾਲ ਸਾਂਝ ਪਾਉਣ ਦੀ ਇੱਛਾ, ਸਮਾਜ ਨੂੰ ਮਜ਼ਬੂਤ ਅਤੇ ਮਨੁੱਖ ਨੂੰ ਬਲਵਾਨ ਬਣਾਉਂਦੀ ਹੈ।

ਉਂਜ ਮਨੁੱਖ, ਮਨੁੱਖ ਦਾ ਦੁਸ਼ਮਣ ਹੈ, ਪਰ ਜੀਵਨ-ਅਨੁਭਵ ਨੇ ਉਸ ਨੂੰ ਦੱਸਿਆ ਹੈ ਕਿ ਦੁਸ਼ਮਣੀ ਨਾਲੋਂ ਦੋਸਤੀ ਲਾਹੇਵੰਦਾ ਰਿਸ਼ਤਾ ਹੈ।

ਅਸੀਂ ਪ੍ਰਛਾਵੇਂ ਨੂੰ ਅਸਲ ਨਾਲੋਂ, ਹਨੇਰੇ ਨੂੰ ਚਾਨਣੇ ਨਾਲੋਂ ਅਤੇ ਸੌਣ ਨੂੰ ਜਾਗਣ ਨਾਲੋਂ ਨੀਵਾਂ ਸਮਝਦੇ ਹਾਂ, ਪਰ ਇਹ ਨੀਵੇਂ ਹਨ ਨਹੀਂ, ਇਨ੍ਹਾਂ ਬਾਰੇ ਅਸੀਂ ਸੋਚਦੇ ਹੀ ਨੀਵੀਂ ਬਿਰਤੀ ਨਾਲ ਹਾਂ।

ਮਨੁੱਖ ਨੂੰ ਉਸ ਦੀਆਂ ਯਾਦਾਂ ਪਰੇਸ਼ਾਨ ਕਰਦੀਆਂ ਹਨ, ਜੇ ਯਾਦਾਂ ਨਾ ਹੁੰਦੀਆਂ ਤਾਂ ਮਨੁੱਖ ਨੇ ਪਰੇਸ਼ਾਨ ਨਹੀਂ ਸੀ ਹੋਣਾ, ਇਸੇ ਕਰਕੇ ਪਸ਼ੂ-ਪੰਛੀ ਪਰੇਸ਼ਾਨ ਨਹੀਂ ਹੁੰਦੇ।

ਜੇ ਸਮੁੱਚੇ ਰੂਪ ਵਿਚ ਸਮਾਜ ਗਰੀਬ ਹੋਵੇ ਤਾਂ ਉਸ ਸਮਾਜ ਦੇ ਅਮੀਰ ਵੀ, ਪੈਸੇ ਵਾਲੇ ਗਰੀਬ ਹੀ ਨਜ਼ਰ ਆਉਣਗੇ।

ਕੁਦਰਤ ਹਰੇਕ ਜੀਵ-ਜੰਤੂ ਦੇ ਜੀਵਿਤ ਰਹਿਣ ਦੇ ਹੱਕਾਂ ਦੀ ਰੱਖਿਆ ਕਰਦੀ ਹੈ, ਇਸ ਸਬੰਧੀ ਕੁਦਰਤ ਕਿਸੇ ਦੇ ਵਿਸ਼ੇਸ਼ ਅਧਿਕਾਰਾਂ ਨੂੰ ਨਹੀਂ ਮੰਨਦੀ।

ਹੋਰਾਂ ਨੂੰ ਦੇਣਯੋਗ ਕਈ ਚੀਜ਼ਾਂ ਅਸੀਂ ਇਸ ਲਈ ਨਹੀਂ ਦਿੰਦੇ, ਕਿਉਂਕਿ ਉਹ ਅਜੇ ਖ਼ਰਾਬ ਨਹੀਂ ਹੋਈਆਂ ਹੁੰਦੀਆਂ; ਉਨ੍ਹਾਂ ਨੂੰ ਅਸੀਂ ਖ਼ਰਾਬ ਹੋਣ ਤਕ ਸਾਂਭਣ ਕਰਕੇ, ਉਨ੍ਹਾਂ ਨੂੰ ਦੇਣ ਦੀ ਖ਼ੁਸ਼ੀ ਤੋਂ ਵਿਰਵੇ ਹੋ ਜਾਂਦੇ ਹਾਂ।

ਚੰਗਾ-ਜੀਵਨ ਪ੍ਰਸੰਨ-ਜੀਵਨ ਹੁੰਦਾ ਹੈ; ਪ੍ਰਸੰਨ-ਜੀਵਨ, ਮਰਯਾਦਾ-ਪੂਰਨ ਹੁੰਦਾ ਹੈ।

ਬਦਮਾਸ਼ ਵਿਚ ਵੀ ਆਪਣਾ ਪ੍ਰਭਾਵ ਪਾਉਣ ਦੀ ਤਾਂਘ ਹੁੰਦੀ ਹੈ; ਉਹ ਆਪਣੀ ਛਾਪ, ਹਿੰਸਾ ਅਤੇ ਅਪਰਾਧ ਰਾਹੀਂ ਲਾਉਣ ਵਿਚ ਰੁਝਿਆ ਰਹਿੰਦਾ ਹੈ।

ਖ਼ੁਸ਼ਹਾਲੀ, ਕੁਦਰਤ ਤੋਂ ਅਕਲ, ਧਰਮ ਤੋਂ ਪਰਉਪਕਾਰ ਅਤੇ ਵਿਗਿਆਨ ਤੋਂ ਵਿਧੀ ਅਪਨਾਉਣ ਨਾਲ ਉਪਜਦੀ ਹੈ।

ਰੁਕਿਆ ਹੋਇਆ ਜੀਵਨ, ਮੌਤ ਵੱਲ ਤੇਜ਼ੀ ਨਾਲ ਵਧਦਾ ਹੈ।

ਕੋਈ ਕੰਮ ਤਿੰਨ ਕਾਰਨਾਂ ਕਰਕੇ ਕੀਤਾ ਜਾਂਦਾ ਹੈ: ਲਾਭਕਾਰੀ ਹੋਣ ਕਰਕੇ, ਸਹੀ ਹੋਣ ਕਰਕੇ ਅਤੇ ਕਰਤੱਵ ਹੋਣ ਕਰਕੇ।

ਕੱਟੜਵਾਦ ਵਿਚ, ਉਦਾਰਵਾਦ ਨੂੰ ਬਰਦਾਸ਼ਤ ਕਰਨ ਦੀ ਸਮਰੱਥਾ ਨਹੀਂ ਹੁੰਦੀ।

ਵੰਡੀਆਂ ਜਾ ਸਕਣ ਵਾਲੀਆਂ ਚੀਜ਼ਾਂ, ਵੰਡ ਕੇ ਵਰਤੀਆਂ ਜਾਣੀਆਂ ਚਾਹੀਦੀਆਂ ਹਨ; ਵੰਡੀਆਂ ਨਾ ਜਾ ਸਕਣ ਵਾਲੀਆਂ ਚੀਜ਼ਾਂ, ਰਲ ਕੇ ਵਰਤੀਆਂ ਜਾਣੀਆਂ ਚਾਹੀਦੀਆਂ ਹਨ।

ਉਮਰ ਦੇ ਪੱਖੋਂ ਜੀਵਨ ਲੰਮਾ ਹੋ ਗਿਆ ਹੈ, ਪਰ ਜਿਊਣ ਦੀ ਤਸੱਲੀ ਘੱਟ ਗਈ ਹੈ।

ਵੱਡੇ ਸ਼ਹਿਰਾਂ ਵਿਚ ਹਰ ਕਿਸੇ ਕੋਲ ਸਮੇਂ ਦੀ ਘਾਟ ਹੁੰਦੀ ਹੈ, ਇਸ ਕਰਕੇ ਕੋਈ ਕਿਸੇ ਦੇ ਮਾਮਲੇ ਵਿਚ ਦਖ਼ਲ ਨਹੀਂ ਦਿੰਦਾ।

ਚੰਗਾ ਵਿਹਾਰ ਸਿੱਖਣਾ ਪੈਂਦਾ ਹੈ, ਭੈੜਾ ਵਿਹਾਰ ਕਰਨਾ ਹਰ ਕਿਸੇ ਨੂੰ ਪਹਿਲਾਂ ਹੀ ਆਉਂਦਾ ਹੁੰਦਾ ਹੈ।

ਜਿਹੜਾ ਵਰਤਾਰਾ ਸਮੱਸਿਆਵਾਂ ਸੁਲਝਾਉਂਦਾ ਹੈ, ਉਹੀ ਸਮੱਸਿਆਵਾਂ ਉਪਜਾਉਂਦਾ ਵੀ ਹੈ; ਵਿਗਿਆਨ ਨੇ ਅਨੇਕਾਂ ਸਮੱਸਿਆਵਾਂ ਹੱਲ ਕੀਤੀਆਂ ਹਨ, ਪਰ ਅਣਗਿਣਤ ਉਪਜਾਈਆਂ ਵੀ ਹਨ।

ਇਤਿਹਾਸ ਦਾ ਵਿਸ਼ਾ ਪਰਿਵਰਤਨ ਹੁੰਦਾ ਹੈ, ਪਰ ਬਹੁਤੇ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦੇ ਹੀ ਹਨ।

ਛੋਟੀਆਂ ਭਾਸ਼ਾਵਾਂ ਵੱਡੇ ਵਿਚਾਰ ਨਹੀਂ ਸਿਰਜ ਸਕਦੀਆਂ; ਵੱਧ ਤੋਂ ਵੱਧ ਇਹ ਉਨ੍ਹਾਂ ਨੂੰ ਪ੍ਰਗਟਾਅ ਕੇ ਅਪਣਾ ਹੀ ਸਕਦੀਆਂ ਹਨ।

ਹਰੇਕ ਪਰਿਵਰਤਨ ਵਿਚ ਕਿਸੇ ਦਾ ਤਾਰਾ ਡੁੱਬਦਾ ਹੈ, ਕਿਸੇ ਦਾ ਚੰਨ ਚੜ੍ਹਦਾ ਹੈ।

ਇਤਿਹਾਸ ਸਿੱਧੀ ਰੇਖਾ ਵਿਚ ਨਹੀਂ ਚਲਦਾ; ਇਤਿਹਾਸ ਇਹ ਉਦੋਂ ਬਣਦਾ ਹੈ, ਜਦੋਂ ਇਹ ਮੋੜ ਕਟਦਾ ਹੈ; ਇਸ ਨੂੰ ਇਤਿਹਾਸਕ ਮੋੜ ਕਹਿੰਦੇ ਹਨ।

ਮੁੱਢ ਵਿਚ ਸਮਾਜ ਵਿਚ ਰਿਵਾਜ ਸਨ, ਸੰਸਦ ਅਤੇ ਵਿਧਾਨ-ਸਭਾਵਾਂ ਨੇ ਇਨ੍ਹਾਂ ਰਿਵਾਜਾਂ ਨੂੰ ਕਾਨੂੰਨ ਬਣਾ ਦਿੱਤਾ ਹੈ।

ਹਕੂਮਤ ਕੋਈ ਹੋਵੇ, ਉਹ ਪੁਲੀਸ, ਫ਼ੌਜ, ਅਦਾਲਤਾਂ, ਜੇਲ੍ਹਾਂ ਤੋਂ ਬਿਨਾਂ ਨਹੀਂ ਚਲਦੀ।

ਇਤਿਹਾਸ ਤੋਂ ਤਾਂ ਹੀ ਕੁਝ ਸਿੱਖਿਆ ਜਾ ਸਕਦਾ ਹੈ, ਜੇ ਇਸ ਨੂੰ ਨਿਰਪੱਖ ਹੋ ਕੇ ਵਾਚਿਆ ਜਾਵੇ।

ਸੰਕਟਾਂ ਅਤੇ ਸਦਮਿਆਂ ਦੇ ਬਾਵਜੂਦ, ਤਿਉਹਾਰ ਮਨਾਉਣੇ ਚਾਹੀਦੇ ਹਨ; ਇਵੇਂ ਸੰਤਾਪ ਅਤੇ ਦਰਦ ਘੱਟਦੇ ਹਨ ਅਤੇ ਜ਼ਿੰਦਗੀ ਦੇ ਬਨੇਰੇ ਨੂੰ ਮੁੜ ਹੱਥ ਪਾਉਣਾ ਸੌਖਾ ਹੋ ਜਾਂਦਾ ਹੈ।

ਟੈਲੀਫੋਨ ਨੇ ਹਰ ਕਿਸੇ ਲਈ ਝੂਠ ਬੋਲਣਾ ਸੌਖਾ ਬਣਾ ਦਿੱਤਾ ਹੈ।

ਜਦੋਂ ਬੱਚਾ ਮਾਪਿਆਂ ਨੂੰ ਪੁੱਛਦਾ ਹੈ: ਮੈਂ ਕਿੱਥੋਂ ਅਤੇ ਕਿਵੇਂ ਆਇਆ ਹਾਂ? ਮਾਪਿਆਂ ਵਲੋਂ ਇਸ ਪ੍ਰਸ਼ਨ ਦੇ ਉੱਤਰ ਨਾਲ ਹੀ ਝੂਠ ਦਾ ਦੌਰ ਅਰੰਭ ਹੋ ਜਾਂਦਾ ਹੈ।

ਮਾਪੇ, ਬੱਚਿਆਂ ਨਾਲ ਝੂਠ ਬੋਲਦੇ ਹਨ, ਪਰ ਉਹ ਕੋਈ ਅਜਿਹਾ ਝੂਠ ਨਹੀਂ ਬੋਲਦੇ ਕਿ ਉਹ ਝੂਠ ਬੋਲ ਕੇ ਖਹਿੜਾ ਨਾ ਛੁਡਾ ਸਕਣ।

ਭਾਵੇਂ ਦੁਸ਼ਮਣ ਹਾਰ ਹੀ ਜਾਵੇ, ਜੇਤੂ ਧਿਰ ਨੂੰ ਉਸ ਦਾ ਡਰ ਬਣਿਆ ਰਹਿੰਦਾ ਹੈ, ਕਿਉਂਕਿ ਹਾਰ, ਬਦਲੇ ਦੀ ਭਾਵਨਾ ਉਪਜਾਉਂਦੀ ਹੈ।

ਜਦੋਂ ਤਕ ਸਾਡੇ ਵਿਚ ਵਖਰੇਵਿਆਂ ਅਤੇ ਭਿੰਨਤਾਵਾਂ ਪ੍ਰਤੀ ਸਤਿਕਾਰ ਨਹੀਂ ਉਪਜਦਾ, ਉਦੋਂ ਤਕ ਅਸੀਂ ਪ੍ਰਾਂਤਕ ਹੀ ਰਹਾਂਗੇ, ਵਿਸ਼ਵ-ਨਾਗਰਿਕ ਨਹੀਂ ਬਣ ਸਕਾਂਗੇ।

ਜਦੋਂ ਮਨੁੱਖ ਦਾ ਤਰਕ ਕਮਜ਼ੋਰ ਹੋ ਜਾਂਦਾ ਹੈ ਤਾਂ ਉਸਦੀ ਅਵਾਜ਼ ਉੱਚੀ, ਭਾਸ਼ਾ ਸਖ਼ਤ ਅਤੇ ਹਰਕਤਾਂ ਹਿੰਸਕ ਹੋ ਜਾਂਦੀਆਂ ਹਨ।

ਫ਼ਿਰਕੂ ਫ਼ਸਾਦਾਂ ਵਿਚ ਇਹ ਭਾਵਨਾ ਕਾਰਜਸ਼ੀਲ ਹੁੰਦੀ ਹੈ ਕਿ ਜੋ ਸਾਡੇ ਵਰਗਾ ਨਹੀਂ, ਉਸ ਨੂੰ ਜਿਊਣ ਦਾ ਅਧਿਕਾਰ ਨਹੀਂ।

ਪਿਆਰ ਦੇ ਅਰੰਭ ਵਿਚ ਸੋਚਿਆ ਜਾਂਦਾ ਹੈ: ਇਹ ਕੌਣ ਹੈ? ਫਿਰ ਸੋਚਣਾ ਪੈਂਦਾ ਹੈ, ਮੈਂ ਕੌਣ ਹਾਂ? ਫਿਰ ਦੋਵੇਂ ਸੋਚਦੇ ਹਨ: ਅਸੀਂ ਕੌਣ ਸਾਂ, ਕੀ ਬਣ ਗਏ ਹਾਂ?

ਹਕੂਮਤ ਦੀ ਵਾਗਡੋਰ ਅਤੇ ਰਾਜਨੀਤੀ, ਕੁਝ ਹਾਕਮ ਪਰਿਵਾਰਾਂ ਵਿਚਕਾਰ ਹੀ ਰਹਿੰਦੀ ਹੈ, ਹਾਕਮ ਅਤੇ ਉਨ੍ਹਾਂ ਦੇ ਪਰਿਵਾਰ ਸੁਰੱਖਿਅਤ ਰਹਿੰਦੇ ਹਨ, ਲੜਨ-ਮਰਨ ਦਾ ਕਾਰਜ ਜਨਤਾ ਤੋਂ ਕਰਵਾਇਆ ਜਾਂਦਾ ਹੈ।

ਭਾਰਤ ਵਿਚ ਉਪਜੇ ਚਾਰ ਧਰਮਾਂ (ਜੈਨ, ਹਿੰਦੂ, ਬੁੱਧ, ਸਿੱਖ) ਦੇ ਸਾਰੇ ਤਿਉਹਾਰ ਜਸ਼ਨ ਹਨ, ਇਨ੍ਹਾਂ ਵਿਚ ਸੋਗ ਦਾ ਕੋਈ ਤਿਉਹਾਰ ਨਹੀਂ।

ਅਸਹਿਮਤੀ ਜਦੋਂ ਸਖ਼ਤ ਹੋ ਜਾਵੇ ਤਾਂ ਇਹ ਵਿਰੋਧ ਬਣ ਜਾਂਦੀ ਹੈ; ਵਿਰੋਧ ਜਦੋਂ ਹਥਿਆਰਬੰਦ ਹੋ ਜਾਵੇ ਤਾਂ ਇਹ ਲੜਾਈ ਅਤੇ ਯੁੱਧ ਬਣ ਜਾਂਦਾ ਹੈ।

ਸਮਾਜ ਦੇ ਦੋਸ਼, ਦੂਰ ਹੋਣ ਵਾਲੇ ਨਹੀਂ ਹੁੰਦੇ, ਇਨ੍ਹਾਂ ਦੇ ਰੂਪ ਹੀ ਬਦਲਦੇ ਹਨ।

ਜਿਸ ਪੰਛੀ ਦੇ ਖੰਭ ਰੰਗੀਨ ਅਤੇ ਅਵਾਜ਼ ਉੱਚੀ ਹੁੰਦੀ ਹੈ, ਉਸ ਵਿਚ ਆਪਣਾ ਸਾਥੀ ਲੱਭਣ ਦੀ ਸਮਰੱਥਾ ਵਧੇਰੇ ਹੁੰਦੀ ਹੈ।

ਜਿਹੜੇ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ, ਉਹ ਯੁੱਧ ਦੀ ਧਮਕੀ ਨਹੀਂ ਦਿੰਦੇ, ਉਹ ਯੁੱਧ ਹੀ ਕਰਦੇ ਹਨ।

ਜੇ ਦੇਸ਼ ਦੀਆਂ ਅੰਦਰਲੀਆਂ ਸਮੱਸਿਆਵਾਂ ਹੱਲ ਨਾ ਹੋਣ ਤਾਂ ਬਾਹਰਲੀਆਂ ਵੀ ਹੱਲ ਨਹੀਂ ਹੁੰਦੀਆਂ।

ਯੁੱਧ ਦੌਰਾਨ ਸਰਕਾਰ ਦੇ ਵਿਰੋਧੀ ਵੀ ਸਰਕਾਰ ਦੇ ਸਹਿਯੋਗੀ ਹੋ ਜਾਂਦੇ ਹਨ; ਇਵੇਂ ਯੁੱਧ ਦੌਰਾਨ ਹਕੂਮਤ ਕਰਨੀ ਸੌਖੀ ਹੋ ਜਾਂਦੀ ਹੈ, ਪਰ ਯੁੱਧ ਉਪਰੰਤ ਹਕੂਮਤ ਬਣਾਈ ਰੱਖਣੀ ਮੁਸ਼ਕਿਲ ਹੋ ਜਾਂਦੀ ਹੈ।

ਜਿੱਤ ਵਾਂਗ, ਸਮਝੌਤਾ ਵੀ ਹਮੇਸ਼ਾਂ ਦੂਜੀ ਧਿਰ 'ਤੇ ਨਿਰਭਰ ਕਰਦਾ ਹੈ।

ਮਾਰਕਸਵਾਦ, ਕਿਸੇ ਹੋਰ ਵਿਚਾਰਧਾਰਾ ਨੂੰ ਪਸੰਦ ਨਹੀਂ ਕਰਦਾ।

ਹਾਰੀ ਹੋਈ ਧਿਰ, ਵਧੇਰੇ ਹਿੰਸਕ ਹੋ ਜਾਂਦੀ ਹੈ, ਕਿਉਂਕਿ ਉਹ ਹਾਰ ਨੂੰ ਭੁੱਲਣ ਲਈ, ਸਭ ਕੁਝ ਤਬਾਹ ਕਰਨ ਲੱਗ ਪੈਂਦੀ ਹੈ।

ਵਿਕਾਸ ਲਈ ਵਖਰੇਵੇਂ ਬੜੇ ਮਹੱਤਵਪੂਰਨ ਹੁੰਦੇ ਹਨ; ਇਕਸਾਰਤਾ ਵਿਚੋਂ ਵਿਕਾਸ ਨਹੀਂ ਵਾਪਰਦਾ।

ਖ਼ੁਸ਼ਹਾਲ ਸਮਾਜਾਂ ਵਿਚ ਹਰ ਕਿਸੇ ਵਲੋਂ ਨਿਵੇਕਲੇ ਹੋਣ ਦਾ ਯਤਨ ਕੀਤਾ ਜਾਂਦਾ ਹੈ; ਪੱਛੜੇ ਸਮਾਜਾਂ ਵਿਚ ਨਕਲ ਪ੍ਰਧਾਨ ਹੁੰਦੀ ਹੈ।

ਅਜੋਕੇ ਸਮੇਂ ਵਿਚ ਸਨੇਹ ਨੇ ਨਹੀਂ, ਵਿਰੋਧ ਨੇ ਵਿਕਾਸ ਕੀਤਾ ਹੈ।

ਗਿਆਨ ਦੇ ਵਧਣ ਨਾਲ ਸਮਾਜ ਵਿਚ ਨਵੇਂ ਸੰਕਲਪਾਂ ਅਤੇ ਦਿਲਚਸਪ ਵਿਅਕਤੀਆਂ ਦੀ ਗਿਣਤੀ ਵਧਦੀ ਹੈ।

ਵੱਡੀਆਂ ਕੰਪਨੀਆਂ ਗਾਹਕਾਂ ਨੂੰ ਲਾਭ ਲਭਾਉਂਦੀਆਂ ਹਨ।

ਬਹੁਤ ਅਧਿਕ ਦਿਖਾਵਾ, ਗਰੀਬੀ ਦਾ ਪ੍ਰਗਟਾਵਾ ਹੁੰਦਾ ਹੈ; ਅਮੀਰੀ ਦਾ ਪ੍ਰਗਟਾਵਾ, ਸੰਜਮ ਹੁੰਦਾ ਹੈ।

ਬੇਈਮਾਨੀ ਨਾਲ ਪੈਸਾ ਜ਼ਰੂਰ ਇਕੱਤਰ ਹੋ ਜਾਂਦਾ ਹੈ, ਪਰ ਇਸ ਨਾਲ ਅਮੀਰੀ ਦਾ ਅਹਿਸਾਸ ਨਹੀਂ ਜਾਗਦਾ।

ਜੇ ਸਕੂਲ ਵਿਚ ਅਧਿਆਪਕ, ਆਪਣੀ ਉਦਾਹਰਣ ਨਾਲ, ਵਿਦਿਆਰਥੀਆਂ ਨੂੰ ਚੰਗਾ ਵਿਹਾਰ ਕਰਨਾ ਨਹੀਂ ਸਿਖਾਉਂਦੇ ਤਾਂ ਇਹ ਵਿਦਿਆਰਥੀਆਂ ਦੇ ਕੀਮਤੀ ਸਮੇਂ ਦੀ ਦੁਰਵਰਤੋਂ ਹੁੰਦੀ ਹੈ।

ਚੰਗਾ ਚੱਜ-ਆਚਾਰ ਉਹ ਹੁੰਦਾ ਹੈ, ਜਿਸ ਨੂੰ ਅਪਨਾਉਣ ਲਈ ਤਾਂਘ ਉਪਜੇ।

ਅਜੋਕੇ ਸੰਸਾਰ ਵਿਚ, ਜਿਨ੍ਹਾਂ ਉਤੇ ਰੋਮਨਾਂ-ਯੂਨਾਨੀਆਂ ਨੇ ਰਾਜ ਕੀਤਾ ਹੈ, ਉਹੀ ਸੱਭਿਅਕ-ਖ਼ੁਸ਼ਹਾਲ ਹਨ; ਜਿਹੜੇ ਖ਼ੁਸ਼ਹਾਲ ਹਨ, ਉਹੀ ਵਿਗਿਆਨਕ-ਆਧੁਨਿਕ ਹਨ; ਜਿਹੜੇ ਆਧੁਨਿਕ ਹਨ, ਉਨ੍ਹਾਂ ਦਾ ਵਿਸ਼ਵ 'ਤੇ ਰਾਜ ਹੈ; ਇਵੇਂ ਅਜੋਕੇ ਸੰਸਾਰ 'ਤੇ ਵੀ ਰੋਮਨਾਂ-ਯੂਨਾਨੀਆਂ ਦਾ ਹੀ ਰਾਜ ਹੈ।

ਧਰਮ ਪਵਿੱਤਰਤਾ 'ਤੇ ਬਲ ਦਿੰਦਾ ਹੈ; ਵਿਗਿਆਨ ਸਫ਼ਾਈ ਅਤੇ ਤੰਦਰੁਸਤੀ 'ਤੇ ਬਲ ਦਿੰਦਾ ਹੈ।

ਦੂਜਿਆਂ ਦਾ ਧਿਆਨ ਰੱਖਣ ਵਿਚ ਇਸਤਰੀ, ਪੁਰਸ਼ ਤੋਂ ਬਹੁਤ ਅਮੀਰ ਹੈ।

ਯੋਰਪ ਜਾਓ, ਸਾਰੇ ਦੇਸ਼ ਸਵਾਗਤੀ ਗੇਟ ਅਤੇ ਮਹਿਮਾਨ-ਘਰ ਪ੍ਰਤੀਤ ਹੋਣਗੇ।

ਭਾਰਤ ਵਿਚ ਕਾਨੂੰਨ ਘੱਟ ਅਤੇ ਰੀਤੀ-ਰਿਵਾਜ ਵੱਧ ਮੰਨੇ ਜਾਂਦੇ ਹਨ।

ਚੰਗਾ ਵਿਹਾਰ ਕਰਨਾ ਸਿੱਖਣ ਨਾਲ, ਪੈਸਿਆਂ ਤੋਂ ਬਿਨਾਂ ਵੀ ਅਮੀਰੀ ਅਤੇ ਖ਼ੁਸ਼ਹਾਲੀ ਦਾ ਅਹਿਸਾਸ ਹੋਵੇਗਾ।

ਜਿਸ ਪਰਿਵਾਰ-ਸਮਾਜ ਵਿਚ ਅਕਲ ਦਾ ਸੰਕਟ ਹੋਵੇਗਾ, ਉਥੇ ਸਾਰੇ ਸੰਕਟ ਹੋਣਗੇ।

ਸ਼ਤਾਬਦੀਆਂ, ਬਰਸੀਆਂ, ਸ਼ਰਧਾਂਜਲੀਆਂ ਵਿਚ ਕੁਝ ਨਵਾਂ ਨਹੀਂ ਹੁੰਦਾ; ਜੋ ਨਵਾਂ ਨਹੀਂ ਹੁੰਦਾ, ਉਹ ਅਕਾਊ ਹੁੰਦਾ ਹੈ।

ਯੋਰਪ ਵਿਚ ਸਮਾਜਿਕ ਵਿਹਾਰ ਬੜਾ ਸਰਲ ਅਤੇ ਗੈਰ-ਰਸਮੀ ਹੋ ਗਿਆ ਹੈ, ਪੂਰਬੀ ਦੇਸ਼ਾਂ ਵਿਚ ਇਹ ਵਧੇਰੇ ਗੁੰਝਲਦਾਰ ਅਤੇ ਸਮਾਗਮੀ ਹੋ ਗਿਆ ਹੈ।

ਚੰਗੇ ਵਿਹਾਰ ਨਾਲ ਖ਼ੁਸ਼ਹਾਲੀ ਆਉਂਦੀ ਹੈ, ਪਰ ਪਹਿਲਾਂ ਵਿਹਾਰ ਚੰਗਾ ਹੋਵੇਗਾ, ਫਿਰ ਖ਼ੁਸ਼ਹਾਲੀ ਆਵੇਗੀ।

ਚੰਗੇ ਤੌਰ-ਤਰੀਕੇ ਰਾਹ ਖੋਲ੍ਹਦੇ ਹਨ, ਰਸਤਾ ਰੋਕਦੇ ਨਹੀਂ।

ਧਰਮ ਵਿਚ ਸਭ ਕੁਝ ਪਰੰਪਰਾਗਤ ਹੁੰਦਾ ਹੈ; ਹੁਣ ਵੀ ਪੋਪ ਦੇ ਅੰਗ-ਰੱਖਿਅਕ ਉਹੀ ਵਰਦੀ ਪਹਿਨਦੇ ਹਨ, ਜਿਹੜੀ ਮਾਈਕਲਐਂਜਲੋ ਨੇ ਸੋਲ੍ਹਵੀਂ ਸਦੀ ਵਿਚ ਤਿਆਰ ਕੀਤੀ ਸੀ।

ਘਰ ਕਿਹੋ ਜਿਹਾ ਵੀ ਹੋਵੇ, ਉਸ ਨੂੰ ਸਫ਼ਾਈ ਅਤੇ ਸਲੀਕੇ ਨਾਲ ਸੋਹਣਾ ਬਣਾਇਆ ਜਾ ਸਕਦਾ ਹੈ।

ਜ਼ਾਤ-ਪਾਤ ਅਪ੍ਰਵਾਨਗੀ ਦਾ ਵਰਤਾਰਾ ਹੈ, ਇਸੇ ਕਰਕੇ ਭਾਰਤ ਦੇ ਲੋਕਾਂ ਦਾ ਢੇਰ ਸਮਾਂ ਸ਼ੁੱਧ ਹੋਣ ਅਤੇ ਪਵਿੱਤਰ ਬਣਨ ਵਿਚ ਲੱਗ ਜਾਂਦਾ ਹੈ।

ਜਿਨ੍ਹਾਂ ਸਮਾਜਾਂ ਵਿਚ ਪਰੰਪਰਾ ਪ੍ਰਧਾਨ ਹੁੰਦੀ ਹੈ; ਉਥੇ ਲੋਕ ਸਵੇਰੇ ਉਠਦੇ ਹੀ ਹਨ, ਜਾਗਦੇ ਨਹੀਂ।

ਅਸੀਂ ਭਾਰਤਵਾਸੀ ਕਿਸੇ ਅਜਨਬੀ ਨੂੰ, ਪ੍ਰਸੰਨ ਹੋ ਕੇ ਨਹੀਂ ਮਿਲਦੇ; ਇਸ ਕਾਰਨ, ਉਹ ਅਜਨਬੀ ਹੀ ਰਹਿੰਦਾ ਹੈ।

ਸਾਡੀਆਂ ਬਹੁਤੀਆਂ ਰਸਮਾਂ ਜਿਵੇਂ ਕਿ ਮੱਥਾ ਟੇਕਣਾ, ਪੈਰੀਂ ਹੱਥ ਲਾਉਣਾ ਆਦਿ ਅਧੀਨਗੀ-ਗੁਲਾਮੀ ਪ੍ਰਗਟਾਉਣ ਵਾਲੀਆਂ ਹਨ; ਸੁਤੰਤਰਤਾ ਅਤੇ ਬਰਾਬਰੀ ਪ੍ਰਗਟਾਉਣ ਵਾਲੀਆਂ ਰਸਮਾਂ ਸਾਡੇ ਕੋਲ ਹਨ ਹੀ ਨਹੀਂ।

ਖ਼ੁਸ਼ਾਮਦੀ ਅਤੇ ਦਰਬਾਰੀ ਵਿਹਾਰ ਅਕਾਊ ਹੁੰਦਾ ਹੈ, ਇਸੇ ਕਰਕੇ ਸਰਕਾਰੀ ਸਮਾਗਮ ਥਕਾਊ ਹੁੰਦੇ ਹਨ।

ਫ਼ੌਜੀ, ਸਭ ਕੁਝ ਰਸਮ ਅਨੁਸਾਰ, ਰੀਹਰਸਲ ਅਨੁਸਾਰ, ਅਹੁਦੇ ਅਨੁਸਾਰ ਕਰਦੇ ਹਨ; ਅਜਿਹੇ ਵਿਹਾਰ ਨੂੰ ਕੇਵਲ ਫ਼ੌਜੀ ਹੀ ਮਾਣ ਸਕਦੇ ਹਨ।

ਵਿਦਵਾਨ ਨੂੰ ਸਾਰੇ ਕੱਪੜੇ ਜੱਚਦੇ ਹਨ, ਕਿਉਂਕਿ ਉਸ ਨੂੰ ਸੁਣਨ ਵਾਲਿਆਂ ਦਾ ਧਿਆਨ ਉਸ ਦੇ ਕੱਪੜਿਆਂ ਵੱਲ ਜਾਂਦਾ ਹੀ ਨਹੀਂ।

ਦਰਬਾਰੀ ਵਿਹਾਰ ਦਾ ਨਮੂਨਾ: ਜਿਤਨਾ ਚਿਰ ਤੁਸੀਂ ਖਲੋਤੇ ਹੋ, ਮੈਂ ਤੁਹਾਡਾ ਬੈਠਣ ਦਾ ਹੁਕਮ ਮੰਨਣ ਦੀ ਗੁਸਤਾਖ਼ੀ ਕਿਵੇਂ ਕਰ ਸਕਦਾ ਹਾਂ; ਤੁਸੀਂ ਬੈਠਣ ਲਈ ਆਪਣਾ ਹੁਕਮ ਦੁਹਰਾਇਆ ਹੈ, ਮੈਂ ਆਪ ਜੀ ਦਾ ਹੁਕਮ ਨਾ ਮੰਨਣ ਦੀ ਮੂਰਖਤਾ ਕਿਵੇਂ ਕਰ ਸਕਦਾ ਹਾਂ!

ਪੱਛੜੇ ਸਮਾਜਾਂ ਵਿਚ ਸਿੱਧੀ ਗੱਲ ਕਰਨੀ, ਬੇਇੱਜ਼ਤੀ ਸਮਝੀ ਜਾਂਦੀ ਹੈ।

ਬਹੁਤ ਕਰੜਾ ਅਨੁਸ਼ਾਸਨ ਸਿਰਜਣਾਤਮਕਤਾ ਨੂੰ ਮਾਰ ਦਿੰਦਾ ਹੈ, ਕਿਉਂਕਿ ਇਸ ਨਾਲ ਜ਼ਿੰਦਗੀ ਇਕ ਫਾਰਮੂਲਾ ਬਣ ਕੇ ਰਹਿ ਜਾਂਦੀ ਹੈ।

ਅਸੀਂ ਸਮੇਂ ਸਿਰ ਆਉਣ ਵਾਲਿਆਂ ਅਤੇ ਦੇਰ ਨਾਲ ਪਹੁੰਚਣ ਵਾਲਿਆਂ ਵਿਚ ਕੋਈ ਅੰਤਰ ਨਹੀਂ ਕਰਦੇ, ਇਸੇ ਕਰਕੇ ਸਾਡੇ ਦੇਸ਼ ਵਿਚ ਸਮੇਂ ਦੀ ਪਾਬੰਦੀ ਨਹੀਂ ਹੈ।

ਜੇ ਸ਼ਰਮਸਾਰ ਹੋਣ ਦੀ ਯੋਗਤਾ ਹੋਵੇ ਤਾਂ ਮਨੁੱਖ ਬੇਸ਼ਰਮ ਹੋਣ ਤੋਂ ਬਚਿਆ ਰਹਿੰਦਾ ਹੈ।

ਜਿਸ ਸੰਗਠਨ ਵਿਚ ਅਤੇ ਜਿਥੇ ਪ੍ਰਸ਼ਾਸਨ ਸਖ਼ਤ ਹੋਵੇਗਾ, ਉਥੇ ਕਰਤੱਵ ਮਹੱਤਵਪੂਰਨ ਹੋਣਗੇ, ਅਧਿਕਾਰ ਨਹੀਂ।

ਖੇਤੀਬਾੜੀ ਸਮਾਜਾਂ ਵਿਚ ਸਲੀਕਾ ਅਤੇ ਸਨੇਹ ਨਹੀਂ, ਵਿਰੋਧ ਅਤੇ ਸਾੜਾ ਪ੍ਰਧਾਨ ਹੁੰਦੇ ਹਨ; ਇਸ ਕਾਰਨ ਅਦਾਲਤਾਂ ਵਿਚ ਕਿਸਾਨਾਂ ਦੀਆਂ ਭੀੜਾਂ ਹੁੰਦੀਆਂ ਹਨ।

ਸਖ਼ਤ ਅਨੁਸ਼ਾਸਨ ਵਿਚ, ਹਰ ਕਿਸੇ ਦੇ ਵਿਹਾਰ ਦੇ ਨੁਕਸ ਹੀ ਕੱਢੇ ਜਾਂਦੇ ਹਨ।

ਕਿਸੇ ਦੀ ਗਰੀਬੀ 'ਤੇ ਹੱਸਣਾ, ਭੈੜਾ ਵਿਹਾਰ ਹੁੰਦਾ ਹੈ, ਕਿਸੇ ਦੀ ਅਮੀਰੀ ਨੂੰ ਭੰਡਣਾ, ਚੰਗਾ ਵਿਹਾਰ ਨਹੀਂ ਹੁੰਦਾ, ਕਿਉਂਕਿ ਹਰ ਕੋਈ ਕਿਸੇ ਲਈ ਗਰੀਬ ਅਤੇ ਕਿਸੇ ਲਈ ਅਮੀਰ ਹੁੰਦਾ ਹੈ।

ਜਿਵੇਂ ਪਹਿਲਾਂ ਹਮਲਾਵਰ ਆਉਂਦੇ ਸਨ, ਉਵੇਂ ਹੁਣ ਬਰਾਤਾਂ ਆਉਂਦੀਆਂ ਹਨ।

ਭਾਰਤ ਕੋਲ ਸਮਾਗਮ ਦਾ ਨਹੀਂ, ਮੇਲੇ ਅਤੇ ਤਮਾਸ਼ੇ ਦਾ ਸੰਕਲਪ ਹੈ; ਇਸੇ ਕਰਕੇ ਸਾਡਾ ਹਰ ਸਮਾਗਮ, ਕੁਝ ਚਿਰ ਮਗਰੋਂ, ਮੇਲਾ ਅਤੇ ਤਮਾਸ਼ਾ ਬਣ ਜਾਂਦਾ ਹੈ।

ਸਧਾਰਨ ਵਪਾਰੀ ਦੀ ਦਿਲਚਸਪੀ ਕੇਵਲ ਮੁਨਾਫ਼ੇ ਵਿਚ ਹੁੰਦੀ ਹੈ; ਚੰਗੇ ਵਪਾਰੀ ਦੀ ਦਿਲਚਸਪੀ ਗਾਹਕ ਵਿਚ ਵੀ ਹੁੰਦੀ ਹੈ।

ਮੁਆਫ਼ੀ ਇਵੇਂ ਮੰਗੀ ਜਾਣੀ ਚਾਹੀਦੀ ਹੈ ਕਿ ਮੁਆਫ਼ ਕਰਨ ਵਾਲਾ, ਮੁਆਫ਼ ਕਰਨ ਦਾ ਮੌਕਾ ਗੁਆਉਣਾ ਨਾ ਚਾਹੇ।

ਖੋਖਲੇ ਵਿਅਕਤੀ ਨਾ ਕੇਵਲ ਵਧੇਰੇ ਕੱਪੜੇ ਪਾਉਂਦੇ ਹਨ, ਸਗੋਂ ਆਪਣੇ ਅਤੇ ਹੋਰਾਂ ਦੇ ਕੱਪੜਿਆਂ ਵੱਲ ਧਿਆਨ ਵੀ ਵਧੇਰੇ ਦਿੰਦੇ ਹਨ।

ਵੱਡਿਆਂ ਅਤੇ ਬੱਚਿਆਂ ਦੀ ਹਾਜ਼ਰੀ ਵਿਚ ਚੰਗਾ ਵਿਹਾਰ, ਸਲੀਕਾ ਅਖਵਾਉਂਦਾ ਹੈ; ਇਸਤਰੀਆਂ ਦੀ ਹਾਜ਼ਰੀ ਵਿਚ ਚੰਗਾ ਵਿਹਾਰ ਕਰਨਾ, ਤਾਕਤ ਦੇ ਨਾਲ-ਨਾਲ ਚਰਿੱਤਰ ਵੀ ਅਖਵਾਉਂਦਾ ਹੈ।

ਜਿਸ ਵਰਗਾ ਬਣਨਾ ਚਾਹੁੰਦੇ ਹੋ, ਉਸ ਵਾਂਗ ਸੋਚਣਾ ਅਤੇ ਉਸ ਵਰਗਾ ਵਿਹਾਰ ਕਰਨਾ ਸਿੱਖੋ, ਉਹ ਬਣਨਾ ਸੌਖਾ ਹੋ ਜਾਵੇਗਾ।

ਯੋਰਪ ਵਿਚ ਦੇਰ ਨਾਲ ਆਉਣ ਵਾਲੇ ਕਾਰੀਗਰ ਅਤੇ ਮਹਿਮਾਨ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ; ਜਿਸ ਕਾਰਨ ਉਥੇ ਸਮੇਂ ਸਿਰ ਪਹੁੰਚਣ ਦਾ ਰਿਵਾਜ ਹੈ।

ਸਲੀਕੇ ਵਾਲਾ ਵਿਅਕਤੀ ਉਹ ਹੁੰਦਾ ਹੈ, ਜਿਸ ਦੇ ਵਿਹਾਰ ਦੀ, ਇਸਤਰੀਆਂ ਨੇੜੇ ਹੋ ਕੇ ਪ੍ਰਸੰਸਾ ਕਰਦੀਆਂ ਹਨ।

ਅਨੁਸ਼ਾਸਨ, ਸੰਜਮ ਅਤੇ ਸਵੈ-ਕਾਬੂ ਨਾਲ ਪੁਰਸ਼ਾਂ ਵਿਚ ਮਰਦਊਪੁਣਾ ਅਤੇ ਇਸਤਰੀਆਂ ਵਿਚ ਸਲੀਕਾ ਵਧਦਾ ਹੈ।

ਤੇਜ਼ ਟੁਰਨਾ ਹੋਰ ਗੱਲ ਹੈ, ਪਰ, ਕਾਹਲ ਨਾਲ ਟੁਰਨਾ, ਭੱਦਾ ਵਿਹਾਰ ਹੁੰਦਾ ਹੈ।

ਸਿੱਖਿਆ, ਆਰਥਿਕ ਪੱਖੋਂ ਲਾਭਕਾਰੀ ਹੋਣ ਕਾਰਨ ਹੀ ਨਹੀਂ, ਸਗੋਂ ਇਸ ਕਾਰਨ ਵੀ ਲਈ ਜਾਂਦੀ ਹੈ ਕਿ ਇਹ ਸਾਨੂੰ ਸੁਤੰਤਰ ਕਰਦੀ ਹੈ ਅਤੇ ਸੁਤੰਤਰਤਾ ਦਾ ਪਾਰਖੂ ਬਣਾਉਂਦੀ ਹੈ।

ਡੂੰਘਾ ਗਿਆਨ, ਮਨ ਨੂੰ ਚੌੜਾ, ਆਦਤਾਂ ਨੂੰ ਨਰਮ, ਵਿਹਾਰ ਨੂੰ ਲਚਕੀਲਾ ਅਤੇ ਤੱਕਣੀ ਨੂੰ ਖੁੱਲ੍ਹਾ ਬਣਾ ਦਿੰਦਾ ਹੈ।

ਸੰਪੂਰਨ ਮੁਆਫ਼ੀ ਅਤੇ ਸੰਪੂਰਣ ਬਦਲਾ ਸੰਭਵ ਨਹੀਂ ਹੁੰਦੇ।

ਇਸਤਰੀਆਂ ਮੁਆਫ਼ ਕਰਨ ਵਿਚ ਦਲੇਰ ਹੁੰਦੀਆਂ ਹਨ, ਪਰ ਭੁੱਲਣ ਵਿਚ ਨਹੀਂ।

ਪੁਜਾਰੀ, ਜੱਜ, ਪ੍ਰੋਫ਼ੈਸਰ, ਡਾਕਟਰ, ਫੌਜੀ ਆਦਿ ਦੇ ਅਹੁਦੇ, ਇਨ੍ਹਾਂ ਵਿਅਕਤੀਆਂ ਨਾਲ ਸਦਾ ਲਈ ਜੁੜ ਜਾਂਦੇ ਹਨ।

ਜ਼ਿੰਦਗੀ ਵਿਚ ਕੋਈ-ਕੋਈ ਹੀ ਅਜਿਹੀ ਪੱਧਰ 'ਤੇ ਪਹੁੰਚਦਾ ਹੈ, ਜਿਥੇ ਉਸ ਨੂੰ ਡਰ ਨਹੀਂ ਹੁੰਦਾ ਕਿ ਸੰਸਾਰ ਉਸ ਬਾਰੇ ਕੀ ਕਹਿੰਦਾ ਹੈ।

ਆਟੋਗ੍ਰਾਫ਼ ਲੈਣ ਵਾਲੇ ਨਹੀਂ, ਦੇਣ ਵਾਲੇ ਬਣੋ।

ਬਜ਼ਾਰ ਵਿਚ ਚੀਜ਼ਾਂ ਖਰੀਦਣ ਦੇ ਪੱਖੋਂ ਪੁਰਸ਼ ਕਾਹਲੇ ਅਤੇ ਇਸਤਰੀਆਂ ਸੁਸਤ ਹੁੰਦੀਆਂ ਹਨ।

ਜੇ ਜੀਵਨ ਸੁਰੱਖਿਅਤ ਨਹੀਂ ਤਾਂ ਸੁੱਖਾਂ ਨੂੰ ਮਾਣਿਆ ਨਹੀਂ ਜਾ ਸਕਦਾ।

ਕਈਆਂ ਦਾ ਸਿਧਾਂਤ ਹੁੰਦਾ ਹੈ: ਜੋ ਅਸੀਂ ਨਹੀਂ ਜਾਣਦੇ, ਉਹ ਗਿਆਨ ਨਹੀਂ ਹੈ।

ਹਾਦਸੇ ਵਾਪਰਨਗੇ, ਸੰਕਟ ਉਪਜਣਗੇ, ਹੜ੍ਹ ਆਉਣਗੇ, ਅੱਗਾਂ ਲੱਗਣਗੀਆਂ; ਲੋੜ ਸਥਿਤੀ ਅਨੁਸਾਰ ਉਪਰਾਲੇ ਕਰਨ ਦੀ ਹੈ।

ਤਰਕ ਤੋਂ ਬਿਨਾਂ ਲਿਆ ਗਿਆ ਨਿਰਣਾ, ਸਮੱਸਿਆਵਾਂ ਨੂੰ ਸੁਲਝਾਉਂਦਾ ਨਹੀਂ, ਉਲਝਾਉਂਦਾ ਹੈ।

ਨਿੱਕੀ ਜਿਹੀ ਗਲਤੀ ਦਾ ਵੱਡਾ ਬਦਲਾ ਲੈਣਾ, ਬਦਲਾ ਲੈਣ ਵਾਲੇ ਦੇ ਚਰਿੱਤਰ ਦੀ ਕਮਜ਼ੋਰੀ ਹੁੰਦੀ ਹੈ।

ਆਪੇ ਦੀ ਸੋਝੀ, ਉਦੇਸ਼ ਦੀ ਉਸਾਰੀ, ਇਤਿਹਾਸ ਦੀ ਸੂਝ ਆਦਿ, ਸਿੱਖਿਆ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ ਅਤੇ ਇਨ੍ਹਾਂ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਬਣਦਾ।

ਜਦੋਂ ਅਸੀਂ ਕੋਈ ਕਾਰਜ ਕਰਨਾ ਸਿੱਖ ਲੈਂਦੇ ਹਾਂ ਤਾਂ ਹੀ ਉਸ ਵਿਚ ਸੁਧਾਰ ਜਾਂ ਵਿਕਾਸ ਦੀ ਸੰਭਾਵਨਾ ਉਜਾਗਰ ਹੁੰਦੀ ਹੈ।

ਪਹਿਲਾਂ ਸ਼ਰਾਬੀ ਆਪ ਲੀਹ ਤੋਂ ਉਤਰਦਾ ਹੈ, ਫਿਰ ਉਹ ਆਪਣੇ ਪਰਿਵਾਰ ਨੂੰ ਲੀਹ ਤੋਂ ਲਾਹ ਦਿੰਦਾ ਹੈ।

ਹਿੰਮਤੀ ਬੰਦੇ ਦੀ ਮਦਦ ਕਰਨ ਲਈ ਸਾਰੇ ਬਹੁੜ ਪੈਂਦੇ ਹਨ, ਪਰ ਉਸ ਨੂੰ ਕਿਸੇ ਮਦਦ ਦੀ ਲੋੜ ਨਹੀਂ ਹੁੰਦੀ।

ਪਰਿਵਾਰ ਵਿਚ, ਪਿਤਾ ਦੇ ਮਰਨ ਨਾਲ ਬੱਚਿਆਂ ਲਈ ਮਾਂ, ਪਿਤਾ ਵੀ ਬਣ ਜਾਂਦੀ ਹੈ; ਮਾਂ ਦੇ ਮਰਨ ਨਾਲ, ਪਿਤਾ ਨਵੀਂ ਮਾਂ ਲੈ ਆਉਂਦਾ ਹੈ।

ਸਫ਼ਲ ਅਤੇ ਪ੍ਰਸਿੱਧ ਪ੍ਰਬੰਧਕਾਂ ਦੀ ਸਫ਼ਲਤਾ ਦਾ ਕਾਰਨ ਅਕਸਰ ਉਨ੍ਹਾਂ ਦੇ ਨਿਪੁੰਨ ਨਿਜੀ-ਸਕੱਤਰ ਹੁੰਦੇ ਹਨ।

ਕਈਆਂ ਦੇ ਅਹੁਦੇ ਦੀ ਮਿਆਦ ਪੰਜ ਸਾਲ ਹੁੰਦੀ ਹੈ, ਪਰ ਉਹ ਦੋ-ਤਿੰਨ ਸਾਲਾਂ ਵਿਚ ਹੀ ਸੰਸਥਾ ਨੂੰ ਬਰਬਾਦ ਕਰ ਵਿਖਾਉਂਦੇ ਹਨ।

ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਸੰਗਠਨ ਨਹੀਂ ਹੁੰਦਾ, ਉਹ ਇਕ ਹੀ ਗੱਲ ਨੂੰ ਬਾਰ-ਬਾਰ ਪੁੱਛਦੇ ਹਨ ਅਤੇ ਉਨ੍ਹਾਂ ਨੂੰ ਇਕ ਹੀ ਗੱਲ, ਮੁੜ-ਮੁੜ ਦੱਸਣ ਦੇ ਬਾਵਜੂਦ ਸਮਝ ਨਹੀਂ ਪੈਂਦੀ।

ਸਾਨੂੰ ਦੂਜਿਆਂ ਦੇ ਔਗੁਣ ਝੱਟ ਪਤਾ ਲੱਗ ਜਾਂਦੇ ਹਨ, ਪਰ ਅਸੀਂ ਸੋਚਦੇ ਨਹੀਂ ਕਿ ਦੂਜਿਆਂ ਨੂੰ ਵੀ ਸਾਡੇ ਔਗੁਣ ਝੱਟ ਪਤਾ ਲੱਗ ਜਾਂਦੇ ਹੋਣਗੇ।

ਹਿੰਮਤ ਨਾਲ ਸੁਖਾਵੇਂ ਨਤੀਜੇ ਅਤੇ ਸੁਸਤੀ ਨਾਲ ਪਛਤਾਵੇ ਉਪਜਦੇ ਹਨ।

ਵਿਦਵਾਨ ਇਸ ਲਈ ਰਾਜ ਨਹੀਂ ਕਰ ਸਕਦੇ, ਕਿਉਂਕਿ ਉਹ ਕਿਸੇ ਨਾਲ ਸਹਿਮਤ ਨਹੀਂ ਹੁੰਦੇ, ਉਹ ਸਾਂਝੀ ਰਾਇ ਨਹੀਂ ਉਸਾਰ ਸਕਦੇ, ਉਹ ਆਪਣੇ ਤੋਂ ਸਿਵਾਇ ਕਿਸੇ ਨੂੰ ਸਿਆਣਾ ਨਹੀਂ ਮੰਨਦੇ, ਉਹ ਸਿਧਾਂਤਕ ਹੋਣ ਕਾਰਨ, ਵਿਹਾਰਕ ਨਹੀਂ ਹੁੰਦੇ।

ਸਿਆਣੀਆਂ-ਸੋਹਣੀਆਂ ਇਸਤਰੀਆਂ ਕਿਸੇ ਸਮਾਗਮ ਵਿਚ ਹਰ ਕਿਸੇ ਨੂੰ ਵਿਖਾਈ ਦੇਣ ਦੀ ਜ਼ਿਦ ਨਹੀਂ ਕਰਦੀਆਂ, ਪਰੰਤੂ ਹਰ ਕੋਈ ਉਨ੍ਹਾਂ ਨੂੰ ਵੇਖਣ ਅਤੇ ਉਨ੍ਹਾਂ ਦੇ ਨੇੜੇ ਆਉਣ ਦਾ ਯਤਨ ਕਰਦਾ ਹੈ।

ਨਿਜੀ ਸ਼ੌਕਿਆਂ ਵਾਲੇ ਅਧਿਕਾਰੀ ਨਿਰਪੱਖ ਰਾਇ ਨਹੀਂ ਉਸਾਰ ਸਕਦੇ, ਰਾਜ-ਪ੍ਰਬੰਧ ਲਈ ਨਿਜੀ ਨਹੀਂ, ਨਿਰਪੱਖ ਰਾਇ ਦੀ ਲੋੜ ਪੈਂਦੀ ਹੈ।

ਜ਼ਾਤਾਂ-ਧਰਮਾਂ ਵਿਚ ਵੰਡੇ ਸਮਾਜ ਉੱਤੇ ਰਾਜ ਕਰਨਾ ਸੌਖਾ ਹੁੰਦਾ ਹੈ, ਪਰ ਅਜਿਹੇ ਸਮਾਜ ਵਿਚ ਵਿਕਾਸ ਕਰਨਾ ਬੜਾ ਮੁਸ਼ਕਿਲ ਹੁੰਦਾ ਹੈ।

ਸ਼ਾਹੀ ਖਾਨਦਾਨਾਂ ਪ੍ਰਤੀ ਜਨਤਾ ਵਿਚ ਸਾੜਾ ਨਹੀਂ ਉਪਜਦਾ, ਕਿਉਂਕਿ ਉਹ ਘੱਟ ਬੋਲਦੇ ਹਨ, ਘੱਟ ਦਿਸਦੇ ਹਨ, ਸੋ ਉਹ ਉੱਚੇ ਅਤੇ ਸਿਆਣੇ ਪ੍ਰਤੀਤ ਹੁੰਦੇ ਹਨ।

ਹੱਸਣ ਵਾਲੀ ਕੌਮ, ਆਪਣੇ ਵਿਹਾਰ ਵਿਚ ਬਨਾਵਟੀ ਤੱਤ ਉਪਜਣ ਨਹੀਂ ਦਿੰਦੀ।

ਗਰੀਬ, ਗਰੀਬ ਹੋਣ ਕਰਕੇ, ਵੱਡੇ ਖ਼ਤਰਿਆਂ ਅਤੇ ਛੋਟੀਆਂ ਉਜਰਤਾਂ ਵਾਲੇ ਕੰਮ ਕਰਨ ਲਈ ਮਜਬੂਰ ਹੁੰਦੇ ਹਨ।

ਫ਼ਰਾਂਸੀਸੀਆਂ ਨੂੰ ਆਪਣੇ ਸਲੀਕੇ 'ਤੇ ਇਤਨਾ ਮਾਣ ਰਿਹਾ ਹੈ ਕਿ ਢਾਈ ਸਦੀਆਂ ਤੋਂ ਉਨ੍ਹਾਂ ਨੇ ਕਿਸੇ ਸੁਧਾਰ ਦੀ ਲੋੜ ਮਹਿਸੂਸ ਨਹੀਂ ਕੀਤੀ।

ਪਿਆਰ ਸ਼ੁਰੂ ਇਸਤਰੀ ਵੱਲੋਂ ਹੁੰਦਾ ਹੈ, ਪਰ ਵਿਕਾਸ ਪੁਰਸ਼ ਰਾਹੀਂ ਕਰਦਾ ਹੈ।

ਚੰਗਾ ਸਕੂਲ ਉਹ ਹੁੰਦਾ ਹੈ, ਜਿਸ ਦੇ ਵਿਦਿਆਰਥੀ, ਆਪਣੇ ਬੱਚਿਆਂ ਨੂੰ ਵੀ, ਉਸੇ ਸਕੂਲ ਵਿਚ ਪਾਉਣ।

ਇਸਤਰੀਆਂ ਵਿਚ ਇੱਜ਼ਤ ਅਤੇ ਆਬਰੂ ਦਾ ਅਹਿਸਾਸ ਵਧੇਰੇ ਹੁੰਦਾ ਹੈ; ਇਸੇ ਕਰਕੇ ਉਨ੍ਹਾਂ ਦੇ ਬਹੁਤੇ ਆਤਮਘਾਤ ਆਪਣੀ ਇੱਜ਼ਤ ਜਾਂ ਪਰਿਵਾਰ ਦੀ ਆਬਰੂ ਬਚਾਉਣ ਦੇ ਉਦੇਸ਼ ਅਧੀਨ ਹੁੰਦੇ ਹਨ।

ਚੰਗੀ ਵਿੱਦਿਅਕ ਸੰਸਥਾ ਦੇ ਵਿਦਿਆਰਥੀ ਆਪਣੇ ਜਮਾਤੀਆਂ ਦਾ ਹੀ ਨਹੀਂ, ਉਸ ਸੰਸਥਾ ਦੇ ਕਿਸੇ ਵੀ ਵੇਲੇ ਰਹੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਵੀ ਜੀਵਨ ਭਰ ਮਾਣ ਅਤੇ ਸਤਿਕਾਰ ਕਰਦੇ ਹਨ।

ਕਾਮ-ਸ਼ਕਤੀ ਦੀ ਸਹੀ ਵਰਤੋਂ ਨਾਲ ਸਰੀਰ ਨਿਰੋਗ ਅਤੇ ਬੁੱਧੀ ਬਲਵਾਨ ਹੁੰਦੀ ਹੈ।

ਅਜੋਕਾ ਮਨੁੱਖ ਗਿਆਨ ਦੇ ਪੱਖੋਂ ਅਮੀਰ ਹੋ ਗਿਆ ਹੈ, ਪਰ ਉਸ ਵਿਚ ਸੰਕੀਰਣਤਾ ਦੀ ਗਰੀਬੀ ਘਟੀ ਨਹੀਂ।

ਯੋਰਪ ਦੇ ਵੱਡੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਹੁਕਮ ਦੇਣ ਅਤੇ ਹੁਕਮ ਮੰਨਣ ਦੀ ਵਿਸ਼ੇਸ਼ ਸਿਖਲਾਈ ਦਿੱਤੀ ਜਾਂਦੀ ਹੈ।

ਸੰਗਠਨ ਦੀ ਸਭ ਤੋਂ ਵੱਧ ਹੈਰਾਨੀਜਨਕ ਉਦਾਹਰਣ ਫੌਜੀ ਸੰਗਠਨ ਹੈ; ਇਕ ਹਜ਼ਾਰ, ਇਕ ਲੱਖ, ਇਕ ਕਰੋੜ ਜਾਂ ਇਕ ਅਰਬ ਦਾ ਸੰਗਠਨ ਬਣਾਉਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ, ਕਿਉਂਕਿ ਸੰਗਠਨ ਸਬੰਧੀ ਸਭ ਕੁਝ ਸਪਸ਼ਟ ਹੈ।

ਪੰਛੀਆਂ ਦੇ ਵਧੇਰੇ ਚਹਿਚਹਾਉਣ ਦੇ ਸ਼ੋਰ ਨਾਲ ਕੋਈ ਅੱਕਦਾ ਨਹੀਂ, ਸਗੋਂ ਪ੍ਰਸੰਨ ਹੁੰਦਾ ਹੈ ਅਤੇ ਪੰਛੀਆਂ ਦੇ ਚਹਿਕਣ ਨਾਲ ਰੋਗੀ ਵੀ ਅਰੋਗ ਹੋ ਜਾਂਦੇ ਹਨ।

ਯੋਰਪੀਨ ਸਕੂਲਾਂ ਵਿਚ ਸਿਖਾਇਆ ਜਾਂਦਾ ਹੈ ਕਿ ਪੁਰਸ਼ ਨੂੰ ਰੋਣਾ ਸ਼ੋਭਾ ਨਹੀਂ ਦਿੰਦਾ, ਸੋ ਉਸ ਨੂੰ ਚੁੱਪ ਕਰਕੇ ਵਿਰਲਾਪ ਕਰਨਾ ਚਾਹੀਦਾ ਹੈ।

ਰੋਗ, ਕੁਦਰਤ ਵੱਲੋਂ, ਮਨੁੱਖ ਦੇ ਹੰਕਾਰ ਦਾ, ਇਲਾਜ ਕਰਨ ਦੇ ਢੰਗ ਹੁੰਦੇ ਹਨ।

ਜੇ ਸੰਕਟ ਵਿਚ ਘਿਰੇ ਲੋਕ ਤੁਹਾਡੀ ਸਲਾਹ ਜਾਂ ਮਦਦ ਲੈਣ ਨਹੀਂ ਆਉਂਦੇ ਤਾਂ ਸਪਸ਼ਟ ਹੈ ਕਿ ਉਨ੍ਹਾਂ ਲਈ ਤੁਸੀਂ ਮਹੱਤਵਪੂਰਨ ਨਹੀਂ ਹੋ।

ਨਰਕ-ਸਵਰਗ ਆਤਮਾ ਲਈ ਹਨ, ਸਰੀਰ ਲਈ ਇਹ ਸੰਸਾਰ ਹੀ ਹੈ।

ਸੱਚੀ ਕਲਾ, ਸਾਰੇ ਸਿਧਾਂਤਾਂ ਤੋਂ ਉੱਪਰ ਹੁੰਦੀ ਹੈ।

ਜਿਉਂ-ਜਿਉਂ ਮਨੁੱਖ ਗਿਆਨਵਾਨ ਹੁੰਦਾ ਜਾਂਦਾ ਹੈ; ਉਹ ਸੁਪਨਿਆਂ ਸਬੰਧੀ ਘੱਟ ਚਿੰਤਾ ਕਰਦਾ ਹੈ।

ਚਿੱਕੜ ਉਛਾਲਣ, ਗਾਲ੍ਹਾਂ ਕੱਢਣ, ਈਰਖਾ ਪ੍ਰਗਟਾਉਣ ਅਤੇ ਨਫ਼ਰਤ ਕਰਨ ਦਾ ਚੰਗਾ ਢੰਗ ਕੋਈ ਨਹੀਂ ਹੁੰਦਾ।

ਸਿਧਾਂਤ, ਆਲੋਚਨਾ ਕਰਨ ਲਈ ਹੁੰਦੇ ਹਨ; ਪ੍ਰਸੰਸਾ ਲਈ ਕਿਸੇ ਸਿਧਾਂਤ ਦੀ ਲੋੜ ਨਹੀਂ ਪੈਂਦੀ।

ਹੈਂਕੜ ਨਾਲ, ਸਾਰੇ ਰਿਸ਼ਤਿਆਂ ਦੇ ਬੂਹੇ ਬੰਦ ਹੋ ਜਾਂਦੇ ਹਨ।

ਸੱਚੀ ਹਮਦਰਦੀ, ਹਮਦਰਦੀ ਵਿਖਾਉਣ ਵਾਲੇ ਨੂੰ ਥਕਾਉਂਦੀ ਨਹੀਂ, ਉਸ ਦੀ ਥਕਾਵਟ ਘਟਾਉਂਦੀ ਹੈ।

ਵੱਡੀਆਂ ਕੰਪਨੀਆਂ ਸੰਕਟਾਂ ਨੂੰ ਧੀਰਜ ਨਾਲ ਸਹਿੰਦੀਆਂ ਹਨ; ਮਹਾਨ ਕੰਪਨੀਆਂ ਸੰਕਟਾਂ ਵਿਚੋਂ ਮੌਕੇ ਲੱਭ ਲੈਂਦੀਆਂ ਹਨ।

ਚੰਗਾ ਇਨਸਾਨ ਉਹ ਹੁੰਦਾ ਹੈ, ਜਿਸ ਦੇ ਇਸ ਸੰਸਾਰ ਵਿਚ ਮੌਜੂਦ ਅਤੇ ਜਿਊਂਦੇ ਹੋਣ ਕਾਰਨ, ਅਸੀਂ ਰੱਬ ਦਾ ਧੰਨਵਾਦ ਕਰਦੇ ਹਾਂ।

ਇਤਿਹਾਸ ਨੂੰ ਲਿਖਦੇ ਜੇਤੂ ਹਨ, ਪਰ ਇਤਿਹਾਸ ਲਿਖਣ ਦੀ ਸਮੱਗਰੀ ਹਾਰਨ ਵਾਲੇ ਉਪਜਾਉਂਦੇ ਹਨ।

ਰਾਜੇ ਨਹੀਂ ਰਹੇ, ਪਰ ਹੁਣ ਜਦੋਂ ਕੋਈ ਰਾਜਿਆਂ ਵਾਂਗ ਵਿਹਾਰ ਕਰਦਾ ਹੈ ਤਾਂ ਸਭ ਨੂੰ ਜਲਦੀ ਹੀ ਪਤਾ ਲੱਗ ਜਾਂਦਾ ਹੈ ਕਿ ਰਾਜੇ ਕਿਉਂ ਨਹੀਂ ਰਹੇ।

ਜ਼ਾਲਮ ਹਾਕਮਾਂ ਦੇ ਜ਼ੁਲਮਾਂ ਵਿਚੋਂ ਹੀ, ਜ਼ੁਲਮ ਵਿਰੁੱਧ ਲੜਨ ਦੀ ਹਿਮਤ ਜਾਗਦੀ ਹੈ।

ਅਨੁਸ਼ਾਸਨ ਤੋਂ ਬਿਨਾਂ ਪ੍ਰਸ਼ਾਸਨ ਸੰਭਵ ਨਹੀਂ ਹੁੰਦਾ।

ਆਪਣੇ ਆਪ ਨਾਲ ਰਹਿਣ ਵਾਸਤੇ ਬੜੇ ਗੁਣਾਂ ਦੀ ਲੋੜ ਪੈਂਦੀ ਹੈ, ਪਰ ਲੋਕ ਰਹਿੰਦੇ ਔਗੁਣਾਂ ਨਾਲ ਹੀ ਹਨ।

ਭੁੱਖੇ ਵਿਅਕਤੀ ਲਈ ਸਵਾਦ ਨਹੀਂ, ਭੋਜਨ ਅਤੇ ਰੱਜੇ ਵਿਅਕਤੀ ਲਈ ਭੋਜਨ ਨਹੀਂ, ਸਵਾਦ ਮਹੱਤਵਪੂਰਨ ਹੁੰਦਾ ਹੈ।

ਵਿਆਹ ਵਿਚ ਸੁਣਨ-ਬੋਲਣ ਦੇ ਪੱਖੋਂ, ਲਾੜੇ ਦੀਆਂ ਦੋ ਹੀ ਮੁੱਖ ਪ੍ਰੀਖਿਆਵਾਂ ਹੁੰਦੀਆਂ ਹਨ; ਛੰਦ ਸੁਣਾਉਣ ਦੀ ਯੋਗਤਾ ਅਤੇ ਆਪੇ ਬਣੀਆਂ ਸਾਲੀਆਂ ਦੇ ਮਖੌਲ ਸੁਣਨ ਦੀ ਸਮਰੱਥਾ।

ਵਿਦਵਾਨ ਅਤੇ ਵਿਗਿਆਨੀ ਪੱਛਮ ਵਿਚ ਹੋਏ ਹਨ; ਪੂਰਬ ਵਿਚ ਰਿਸ਼ੀ, ਮੁਨੀ, ਸੰਤ, ਮਹਾਤਮਾ ਹੋਏ ਹਨ; ਉਨ੍ਹਾਂ ਦਾ ਰਿਸ਼ੀਆਂ-ਮੁਨੀਆਂ ਬਿਨਾਂ ਅਤੇ ਸਾਡਾ ਵਿਦਵਾਨਾਂ-ਵਿਗਿਆਨੀਆਂ ਬਿਨਾਂ ਹੀ ਸਰੀ ਜਾ ਰਿਹਾ ਹੈ।

ਜੀਵਨ ਵਿਚ ਜੇ ਆਪ ਸਫ਼ਲ ਨਾ ਹੋਏ ਹੋਈਏ ਤਾਂ ਰਿਸ਼ਤੇਦਾਰਾਂ ਅਤੇ ਭਰਾਵਾਂ ਦੀ ਸਫ਼ਲਤਾ ਵੀ ਬਰਦਾਸ਼ਤ ਕਰਨੀ ਔਖੀ ਹੁੰਦੀ ਹੈ।

ਨਿਮਰਤਾ ਦਾ ਅਰਥ, ਇਹ ਮੰਨਣਾ ਹੁੰਦਾ ਹੈ ਕਿ ਮੈਂ ਸਭ ਕੁਝ ਨਹੀਂ ਜਾਣਦਾ ਅਤੇ ਸਭ ਕੁਝ ਨਹੀਂ ਜਾਣ ਸਕਦਾ।

ਵਰਤਮਾਨ ਹੀ ਇਤਨਾ ਗੁੰਝਲਦਾਰ ਹੋ ਗਿਆ ਹੈ ਕਿ ਲੋਕ ਭਵਿੱਖ ਦੀ ਆਸ ਲਾਉਣੀ ਹੀ ਭੁੱਲ ਗਏ ਹਨ।

ਇਤਿਹਾਸ ਵਿਚ ਕੁਝ ਵੀ ਸਧਾਰਨ ਨਹੀਂ ਹੁੰਦਾ; ਜੋ ਸਧਾਰਨ ਹੁੰਦਾ ਹੈ, ਉਹ ਇਤਿਹਾਸ ਨਹੀਂ ਹੁੰਦਾ।

ਅਨੁਸ਼ਾਸਨ ਤੋਂ ਬਿਨਾਂ ਕੋਈ ਸਮੱਸਿਆ ਹੱਲ ਨਹੀਂ ਹੁੰਦੀ; ਵਾਸਤਵ ਵਿਚ ਸਮੱਸਿਆ ਉਪਜਦੀ ਹੀ ਅਨੁਸ਼ਾਸਨ ਦੀ ਅਣਹੋਂਦ ਵਿਚੋਂ ਹੈ।

ਵਿਆਹ ਨਹੀਂ ਟੁੱਟ ਰਹੇ, ਪਰਿਵਾਰ ਪ੍ਰਤੀ ਦ੍ਰਿਸ਼ਟੀਕੋਣ ਬਦਲ ਰਿਹਾ ਹੈ।

ਮਾਪਿਆਂ ਦੇ ਆਪਣੇ ਵਿਕਾਸ ਲਈ ਜ਼ਰੂਰੀ ਹੈ ਕਿ ਉਹ ਬੱਚਿਆਂ ਦੇ ਵਖਰੇਵਿਆਂ ਨੂੰ ਸਵੀਕਾਰ ਕਰਨ।

ਹਕੂਮਤਾਂ ਦੀ ਮੂਰਖਤਾ ਵੱਡੇ-ਵੱਡੇ ਨਾਹਰਿਆਂ ਪਿੱਛੇ ਛੁਪ ਜਾਂਦੀ ਹੈ।

ਪਰਿਵਾਰਕ ਸਮੱਸਿਆਵਾਂ, ਉਹ ਪਤੀ-ਪਤਨੀ ਹੀ ਉਪਜਾਉਂਦੇ ਹਨ, ਜਿਹੜੇ ਸਮਝਦੇ ਹਨ ਕਿ ਮੈਂ ਵਿਆਹ ਕਰਵਾਉਣਾ ਸੀ, ਕਰਵਾ ਲਿਆ ਹੈ; ਬਾਕੀ ਸਭ ਕੁਝ ਦੂਜੇ ਨੇ ਹੀ ਕਰਨਾ ਹੈ।

ਮਹੱਤਵਪੂਰਨ ਪ੍ਰਾਪਤੀਆਂ, ਸਫਲ ਵਿਆਹ ਅਤੇ ਸਫ਼ਲ ਪਰਿਵਾਰ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ।

ਪੁਰਸ਼ ਕੋਲ ਪ੍ਰਗਟਾਉਣ ਲਈ ਅਕਲ ਹੁੰਦੀ ਹੈ; ਇਸਤਰੀ ਕੋਲ ਵਿਖਾਉਣ ਲਈ ਸੁੰਦਰਤਾ ਵੀ ਹੁੰਦੀ ਹੈ।

ਚੰਗੀ ਯਾਤਰਾ ਦਾ ਅੰਤ ਨਹੀਂ ਹੁੰਦਾ; ਅੰਤ ਵੇਲੇ ਅਗਲੇਰੀ ਯਾਤਰਾ ਦੀ ਵਿਉਂਤ ਉਪਜ ਪੈਂਦੀ ਹੈ।

ਸਮੱਸਿਆਵਾਂ ਨੂੰ ਸਮੱਸਿਆਵਾਂ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਸਾਡੇ ਵਿਚ ਦੁਚਿੱਤੀ, ਤੌਖਲਾ, ਡਰ, ਇਕੱਲਤਾ ਆਦਿ ਉਪਜਾਉਂਦੀਆਂ ਹਨ; ਜਿਹੜੀਆਂ ਆਪਣੇ ਆਪ ਵਿਚ ਸਮੱਸਿਆਵਾਂ ਹਨ।

ਸਕੂਲ ਵਿਚ ਹੱਲ ਕਰਨ ਲਈ ਬੱਚਿਆਂ ਨੂੰ ਪ੍ਰਸ਼ਨ ਦਿੱਤੇ ਜਾਂਦੇ ਹਨ; ਵੱਡਿਆਂ ਨੂੰ ਹੱਲ ਕਰਨ ਲਈ ਜ਼ਿੰਦਗੀ ਸਮੱਸਿਆਵਾਂ ਦਿੰਦੀ ਰਹਿੰਦੀ ਹੈ।

ਮਹੱਤਵਪੂਰਨ ਤੱਥਾਂ ਨੂੰ ਛੁਪਾਉਣਾ, ਝੂਠ ਦੀ ਵਿਸ਼ੇਸ਼ਤਾ ਹੁੰਦੀ ਹੈ।

ਸੰਸਾਰ ਨੂੰ ਅਸੀਂ, ਸੰਸਾਰ ਨਾਲ ਆਪਣੇ ਸਬੰਧਾਂ ਰਾਹੀਂ ਹੀ ਜਾਣਦੇ-ਸਮਝਦੇ ਹਾਂ।

ਆਪਣੇ ਆਦਰਸ਼ਾਂ ਨੂੰ ਸੋਧਦੇ ਰਹਿਣਾ, ਲਾਹੇਵੰਦਾ ਹੁੰਦਾ ਹੈ।

ਪੁਰਾਣੀਆਂ ਹਾਰਾਂ-ਸਫ਼ਲਤਾਵਾਂ, ਜਿੱਤਾਂ-ਗਲਤੀਆਂ ਨਾਲ, ਚਿਮੜੇ ਰਹਿਣ ਨਾਲ, ਮਾਨਸਿਕ ਰੋਗ ਉਪਜਦੇ ਹਨ।

ਜਿਸ ਦੇ ਆਪਣੇ ਮਾਪਿਆਂ ਨਾਲ ਸਬੰਧ ਸੁਖਾਵੇਂ ਨਹੀਂ, ਉਹ ਆਪਣੇ ਅਧਿਆਪਕਾਂ ਅਤੇ ਅਧਿਕਾਰੀਆਂ ਨਾਲ ਵੀ ਖਹਿਬੜਦਾ ਰਹੇਗਾ।

ਜੇਲ੍ਹ ਵਿਚ ਕੈਦੀ ਜਿਊਂਦਾ ਤਾਂ ਹੈ, ਪਰ ਉਵੇਂ ਨਹੀਂ, ਜਿਵੇਂ ਉਹ ਚਾਹੁੰਦਾ ਹੈ; ਉਸ ਲਈ ਇਹੀ ਸਜ਼ਾ ਹੁੰਦੀ ਹੈ।

ਜਦੋਂ ਕੋਈ ਕਹਿੰਦਾ ਹੈ ਕਿ ਇਹ ਉਸ ਦੀ ਸਮੱਸਿਆ ਨਹੀਂ ਤਾਂ ਉਹ ਕਹਿ ਰਿਹਾ ਹੁੰਦਾ ਹੈ ਕਿ ਉਹ ਉਸ ਸਮੱਸਿਆ ਨੂੰ ਹੱਲ ਨਹੀਂ ਕਰੇਗਾ।

ਝੂਠ ਦੋ ਪ੍ਰਕਾਰ ਦਾ ਹੁੰਦਾ ਹੈ: ਜਾਣ-ਬੁੱਝ ਕੇ ਬੋਲਿਆ ਝੂਠ ਅਤੇ ਮਹੱਤਵਪੂਰਨ ਤੱਥਾਂ ਨੂੰ ਬਾਹਰ ਰੱਖ ਕੇ ਬੋਲਿਆ ਸੱਚ।

ਸ਼ਰਾਬੀ, ਜਦੋਂ ਤਕ ਸ਼ਰਾਬ ਛੱਡਣ ਦੀ ਆਪ ਜ਼ਿੰਮੇਵਾਰੀ ਨਹੀਂ ਚੁੱਕਦਾ, ਉਸ ਦੀ ਆਦਤ ਨਹੀਂ ਜਾਂਦੀ।

ਸਰੀਰਕ ਅਤੇ ਮਾਨਸਿਕ ਸਮੱਸਿਆਵਾਂ, ਅਕਸਰ ਜ਼ਿੰਮੇਵਾਰੀ ਦੀ ਘਾਟ ਜਾਂ ਜ਼ਿੰਮੇਵਾਰੀਆਂ ਦੇ ਬੋਝ ਕਾਰਨ ਉਪਜਦੀਆਂ ਹਨ।

ਜਦੋਂ ਕੋਈ ਬਦਸੂਰਤ ਵੀ ਹੋਵੇ ਅਤੇ ਕਾਲਾ ਵੀ ਹੋਵੇ ਤਾਂ ਉਸ ਨੂੰ ਨਾਲਾਇਕ ਵੀ ਸਮਝਿਆ ਜਾਂਦਾ ਹੈ।

ਦਿਲ ਦੇ ਦੌਰੇ ਉਪਰੰਤ ਮਨੁੱਖ, ਕੁਝ ਦਿਨਾਂ ਵਿਚ ਹੀ ਕਈ ਸਾਲਾਂ ਦੀ ਅਕਲ ਪ੍ਰਾਪਤ ਕਰ ਲੈਂਦਾ ਹੈ, ਪਰ ਇਹ ਅਕਲ ਵਰਤਣ ਦਾ ਵਕਤ ਨਹੀਂ ਮਿਲਦਾ।

ਬਲਵਾਨ ਕੌਮਾਂ ਆਪਣੇ-ਆਪ ਨੂੰ ਨਿਰੰਤਰ ਸੋਧਦੀਆਂ ਰਹਿੰਦੀਆਂ ਹਨ; ਕਮਜ਼ੋਰ ਕੌਮਾਂ ਕੱਟੜ ਹੋ ਜਾਂਦੀਆਂ ਹਨ ਅਤੇ ਪਰਿਵਰਤਨ ਦਾ ਵਿਰੋਧ ਕਰਦੀਆਂ ਹਨ।

ਜਿਤਨੀ ਕੋਈ ਸੱਭਿਅਤਾ ਰੋਅਬਦਾਰ ਅਤੇ ਖ਼ੁਸ਼ਹਾਲ ਹੁੰਦੀ ਹੈ, ਉਤਨੇ ਹੀ ਉਸ ਦੇ ਖੰਡਰ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਹੁੰਦੇ ਹਨ।

ਜਦੋਂ ਕੋਈ ਕਹਿੰਦਾ ਹੈ ਕਿ ਤੁਸੀਂ ਹੂ-ਬ-ਹੂ ਆਪਣੇ ਪਿਤਾ ਵਰਗੇ ਲਗਦੇ ਹੋ ਤਾਂ ਉਹ ਤੁਹਾਡੇ ਪਿਤਾ ਨੂੰ ਸਤਿਕਾਰ ਦੇ ਰਿਹਾ ਹੁੰਦਾ ਹੈ ਅਤੇ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾ ਰਿਹਾ ਹੁੰਦਾ ਹੈ।

ਮਾਨਸਿਕ ਰੋਗੀਆਂ ਦਾ ਇਲਾਜ ਕਦੇ ਵੀ ਸੰਖੇਪ ਨਹੀਂ ਹੁੰਦਾ।

ਜ਼ਿੰਦਗੀ ਨਾਲ ਨਿਰੰਤਰ ਵਧੀਕੀਆਂ ਕਰਨ ਵਾਲੇ ਹੀ ਕਹਿੰਦੇ ਹਨ ਕਿ ਜ਼ਮਾਨੇ ਨੇ ਸਾਡੇ ਨਾਲ ਇਨਸਾਫ਼ ਨਹੀਂ ਕੀਤਾ।

ਡਰ ਨਾਲ ਪਿੱਛੇ ਮੁੜਨ ਦੀ ਥਾਂ, ਆਸ ਨਾਲ ਅੱਗੇ ਵਧੋ, ਪਛਤਾਵਾ ਨਹੀਂ ਹੋਵੇਗਾ।

ਭਾਰਤੀ ਧਰਮ ਸਾਡੇ ਖਾਣ-ਪੀਣ, ਪਹਿਨਣ, ਬੋਲਣ, ਨਹਾਉਣ, ਬਿਸਤਰੇ ਵਿਚਲੇ ਸਾਡੇ ਵਿਹਾਰ ਆਦਿ 'ਤੇ ਵੀ ਰੋਕਾਂ ਲਾਉਂਦੇ ਹਨ; ਜਿਸ ਕਾਰਨ ਇਨ੍ਹਾਂ ਪੱਖਾਂ ਤੋਂ ਖੁੱਲ੍ਹਾਂ ਮਾਣਨ ਵਾਲੇ ਪੱਛਮੀ ਦੇਸ਼ਾਂ ਦੇ ਲੋਕ ਸਾਨੂੰ ਵਿਗੜੇ ਹੋਏ ਲਗਦੇ ਹਨ, ਉਹ ਵਿਗੜੇ ਹੋਏ ਨਹੀਂ, ਅਸੀਂ ਸੁੰਗੜੇ ਹੋਏ ਹਾਂ।

ਅੰਤਿਮ ਸੱਚ ਦਾ ਦਾਅਵਾ ਧਰਮ ਹੀ ਕਰਦੇ ਹਨ; ਵਿਗਿਆਨ ਵਿਚ ਕੁਝ ਵੀ ਅੰਤਿਮ ਨਹੀਂ ਹੁੰਦਾ।

ਪੁਰਾਣੀਆਂ ਸੱਭਿਅਤਾਵਾਂ ਵਿਚ ਡੂੰਘਾਈ ਅਤੇ ਵਿਸ਼ਾਲਤਾ ਹੁੰਦੀ ਹੈ, ਕਿਉਂਕਿ ਉਨ੍ਹਾਂ ਨੇ ਹਜ਼ਾਰਾਂ ਭੂਚਾਲਾਂ ਅਤੇ ਤੂਫ਼ਾਨਾਂ ਨੂੰ ਆਪਣੇ ਵਿਚ ਸਮੋਇਆ ਹੁੰਦਾ ਹੈ।

ਕਿਸੇ ਯੁੱਧ ਦਾ ਸਭ ਤੋਂ ਦਿਲਚਸਪ ਭਾਗ ਉਸ ਦਾ ਅੰਤਲਾ ਪੜਾਓ ਹੁੰਦਾ ਹੈ।

ਲੱਤਾਂ-ਬਾਹਵਾਂ ਹਿਲਾਉਂਦਾ ਬੱਚਾ ਮਹਿਸੂਸ ਕਰਦਾ ਹੈ ਕਿ ਉਹ ਨਹੀਂ ਆਲਾ-ਦੁਆਲਾ ਹੀ ਹਿੱਲ ਰਿਹਾ ਹੈ; ਮਾਂ ਨੇੜੇ ਆਉਂਦੀ ਹੈ ਤਾਂ ਉਹ ਸਮਝਦਾ ਹੈ ਕਿ ਮਾਂ ਉਸ ਕੋਲ ਨਹੀਂ; ਉਹ ਮਾਂ ਕੋਲ ਪਹੁੰਚ ਗਿਆ ਹੈ।

ਜਿਸ ਪ੍ਰਤੀ ਬਹੁਤ ਸਤਿਕਾਰ ਹੋਵੇ; ਉਸ ਨਾਲ ਪਿਆਰ ਪੈਣ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ।

ਮਾਨਸਿਕ ਰੋਗੀ ਦਾ ਇਲਾਜ ਲਈ ਮੰਨ ਜਾਣਾ; ਉਸ ਦੇ ਅਰੋਗ ਹੋ ਜਾਣ ਦਾ ਪਹਿਲਾ ਪੜਾਓ ਹੁੰਦਾ ਹੈ।

ਖੇਡਾਂ ਵਿਚਲਾ ਮਨੋਰੰਜਨ, ਟਕਰਾਓ ਵਿਚੋਂ ਉਪਜਦਾ ਹੈ ਅਤੇ ਤਣਾਓ ਨਾਲ ਵਧਦਾ ਹੈ।

ਪ੍ਰੇਮੀ ਸਮਝਦੇ ਹਨ ਕਿ ਉਨ੍ਹਾਂ ਦੇ ਸੱਚੇ ਪਿਆਰ ਸਾਹਮਣੇ ਸਾਰੀਆਂ ਮੁਸ਼ਕਿਲਾਂ ਗੋਡੇ ਟੇਕ ਦੇਣਗੀਆਂ, ਪਰ ਸਮੱਸਿਆਵਾਂ ਆਕੜ ਕੇ ਸਾਹਮਣੇ ਖਲੋ ਜਾਂਦੀਆਂ ਹਨ।

ਆਪਣੀ ਖ਼ੁਸ਼ਹਾਲੀ ਮਾਪਣ ਲਈ, ਆਪਣੀਆਂ ਉਨ੍ਹਾਂ ਚੀਜ਼ਾਂ ਨੂੰ ਗਿਣੋ, ਜਿਹੜੀਆਂ ਪੈਸੇ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ।

ਜਿਤਨੀ ਮਨੁੱਖ ਦੀ ਹਉਮੈ ਵੱਡੀ ਹੁੰਦੀ ਹੈ; ਉਤਨਾ ਹੀ ਉਸ ਦੀ ਜ਼ਿੰਦਗੀ ਦਾ ਘੇਰਾ ਤੰਗ ਹੁੰਦਾ ਹੈ।

ਜਿਹੜੇ ਹਰ ਵੇਲੇ ਆਪਣੀਆਂ ਹੀ ਗੱਲਾਂ ਕਰਦੇ ਹਨ, ਉਹ ਹੁੰਗਾਰਾ ਸੁਣਨ ਲਈ ਇਕੱਲੇ ਰਹਿ ਜਾਂਦੇ ਹਨ।

ਹਰਮਨ ਪਿਆਰਾ ਹੋਣਾ ਇਸਤਰੀ ਦਾ ਉਦੇਸ਼ ਹੁੰਦਾ ਹੈ; ਪੁਰਸ਼ ਦਾ ਉਦੇਸ਼ ਸ਼ਕਤੀਸ਼ਾਲੀ ਅਤੇ ਪ੍ਰਸਿੱਧ ਹੋਣਾ ਹੁੰਦਾ ਹੈ।

ਵਿਦੇਸ਼-ਯਾਤਰਾ ਅਮੀਰ ਲੋਕਾਂ ਲਈ ਹੁੰਦੀ ਹੈ; ਸਧਾਰਨ ਲੋਕਾਂ ਲਈ ਤੀਰਥ-ਯਾਤਰਾ ਹੀ ਹੁੰਦੀ ਹੈ।

ਸਭ ਤੋਂ ਦੁਖਦਾਈ ਅਨੁਭਵ, ਆਪਣੇ ਅਣਚਾਹੇ ਹੋਣ ਦਾ ਅਨੁਭਵ ਹੁੰਦਾ ਹੈ।

ਜਿੱਤਣ ਵਾਲੇ ਦੇ ਗਲ ਵਿਚ ਹਾਰ ਇਸ ਲਈ ਪਾਏ ਜਾਂਦੇ ਹਨ ਤਾਂ ਕਿ ਉਹ ਸਫ਼ਲਤਾਵਾਂ ਨੂੰ ਹੀ ਨਹੀਂ, 'ਹਾਰਾਂ' ਨੂੰ ਵੀ ਯਾਦ ਰੱਖੇ।

ਕਈ ਜਿੱਤਣਾ ਹੀ ਚਾਹੁੰਦੇ ਹਨ, ਹਾਰਨ 'ਤੇ ਉਹ ਦੰਗਾ-ਫ਼ਸਾਦ ਕਰਦੇ ਹਨ।

ਵਿਦਿਆਰਥੀ ਜਿਤਨਾ ਕਿਸੇ ਅਧਿਆਪਕ ਨੂੰ ਵਧੇਰੇ ਧਿਆਨ ਨਾਲ ਸੁਣਦੇ ਹਨ; ਉਤਨਾ ਹੀ ਉਸ ਅਧਿਆਪਕ ਵਿਚ ਵਿਕਾਸ ਵਧੇਰੇ ਵਾਪਰਦਾ ਹੈ।

ਇਸਤਰੀ-ਪੁਰਸ਼ ਦੀ ਆਪਸੀ ਖਿਚ ਵਿਚ ਅਕਲ ਦਾ ਕੋਈ ਰੋਲ ਨਹੀਂ ਹੁੰਦਾ।

ਆਪਣੇ ਬੱਚੇ ਨੂੰ ਹੋਰ ਬੱਚਿਆਂ ਨਾਲ ਸਕੂਲ ਜਾਣ ਦੇਣ ਦੀ ਥਾਂ, ਆਪ ਸਕੂਲ ਛੱਡਣ ਜਾਣ ਵਾਲੀ ਮਾਂ ਲਈ, ਬੱਚਾ ਮਹੱਤਵਪੂਰਨ ਹੁੰਦਾ ਹੈ; ਬੱਚੇ ਦਾ ਵਿਕਾਸ ਮਹੱਤਵਪੂਰਨ ਨਹੀਂ ਹੁੰਦਾ।

ਕਿਸੇ ਨਾਲ ਪਿਆਰ ਉਤਨਾ ਹੀ ਕੀਤਾ ਜਾ ਸਕਦਾ ਹੈ, ਜਿਤਨਾ ਪਿਆਰ ਆਪ ਮਹਿਸੂਸ ਕਰਨ ਦੀ ਯੋਗਤਾ ਹੋਵੇ।

ਜ਼ਿੰਦਗੀ ਦਾ ਇਹ ਦੁਖਾਂਤ ਹੈ ਕਿ ਜਦੋਂ ਪੁੱਤਰ, ਪਿਤਾ ਤੋਂ ਆਪਣੀਆਂ ਗਲਤੀਆਂ ਦੀ ਮੁਆਫ਼ੀ ਮੰਗਣੀ ਚਾਹੁੰਦਾ ਹੈ ਤਾਂ ਪਿਤਾ ਇਸ ਸੰਸਾਰ ਤੋਂ ਜਾ ਚੁੱਕਾ ਹੁੰਦਾ ਹੈ।

ਗਰੀਬੀ ਵਿਚ ਵੀ, ਕੁਝ ਦਿਹਾੜੇ ਬੜੇ ਅਮੀਰ ਅਨੁਭਵ ਵਾਲੇ ਹੁੰਦੇ ਹਨ।

ਮੂਰਖਾਂ ਨਾਲ ਕਦੇ ਨਾ ਲੜੋ-ਝਗੜੋ. ਹਾਰਨ-ਜਿੱਤਣ ਨਾਲ ਨੁਕਸਾਨ ਤੁਹਾਡਾ ਹੀ ਹੋਵੇਗਾ।

ਜਿਨ੍ਹਾਂ ਨੂੰ ਸੇਵਾ-ਮੁਕਤੀ ਵੇਲੇ ਵਿਦਾਇਗੀ ਪਾਰਟੀ ਨਹੀਂ ਦਿੱਤੀ ਜਾਂਦੀ, ਉਨ੍ਹਾਂ ਦੇ ਦਿਲ ਵਿਚ ਇਕ ਅਜਿਹਾ ਜ਼ਖ਼ਮ ਹੋ ਜਾਂਦਾ ਹੈ, ਜਿਹੜਾ ਭਰਦਾ ਹੀ ਨਹੀਂ।

ਰੋਂਦੇ ਹੋਏ ਬੱਚੇ ਦਾ ਸਾਰਾ ਵਜੂਦ ਹੀ ਰੋਂਦਾ ਹੈ।

ਅਦਾਲਤੀ ਮੁਕੱਦਮਿਆਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ ਕੀ-ਕੀ ਕਰ ਸਕਦਾ ਹੈ।

ਲੋੜੀਂਦੀ ਖ਼ੁਰਾਕ ਖਾਓ, ਖ਼ੁਰਾਕ ਤੁਹਾਡੇ ਸਰੀਰ ਨੂੰ ਢੋਵੇਗੀ; ਤੁੰਨ ਕੇ ਖਾਓ, ਤੁਹਾਡਾ ਸਰੀਰ, ਉਸ ਖ਼ੁਰਾਕ ਨੂੰ ਢੋਏਗਾ।

ਬੜੀ ਉਮਰ ਲੱਗ ਜਾਂਦੀ ਹੈ ਇਹ ਸਮਝਣ ਵਿਚ ਕਿ ਪਿਤਾ ਜੀ ਠੀਕ ਸਨ।

ਧਿਆਨ ਨਾਲ ਸੁਣਨਾ ਅਤੇ ਜ਼ਿੰਮੇਵਾਰੀ ਨਾਲ ਬੋਲਣਾ, ਸਾਨੂੰ ਸਿਆਣਾ, ਤਿੱਖਾ ਅਤੇ ਬਹਾਦਰ ਬਣਾ ਦਿੰਦਾ ਹੈ।

ਜਿਸ ਭਾਸ਼ਾ ਨੂੰ ਵਿਆਕਰਣ ਕੱਸ ਲੈਂਦੀ ਹੈ, ਉਹ ਭਾਸ਼ਾ ਮੁਰਝਾ ਜਾਂਦੀ ਹੈ।

ਵਪਾਰ ਵਿਚ ਬੋਲਣ ਤੋਂ ਪਹਿਲਾਂ ਸੋਚਣਾ ਪੈਂਦਾ ਹੈ; ਰਾਜਨੀਤੀ ਵਿਚ ਉਸੇ ਵੇਲੇ ਸੋਚਣਾ ਪੈਂਦਾ ਹੈ; ਵਿਆਹ ਵਿਚ ਬੋਲਣ ਤੋਂ ਮਗਰੋਂ ਸੋਚਣਾ ਪੈਂਦਾ ਹੈ; ਧਰਮ ਵਿਚ ਸੋਚਣ ਦੀ ਲੋੜ ਨਹੀਂ ਪੈਂਦੀ।

ਅਜੋਕੇ ਸੰਸਾਰ ਵਿਚ, ਜਿਸ ਦਾ ਬੈਂਕ ਨਾਲ ਸਬੰਧ ਨਹੀਂ; ਉਹ ਪੈਸੇ ਪੱਖੋਂ ਅਨਪੜ੍ਹ ਹੈ।

ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀਆਂ ਰੋਕਾਂ-ਮੁਸ਼ਕਿਲਾਂ, ਉਸ ਚੀਜ਼ ਦਾ ਲਾਲਚ ਵਧਾ ਦਿੰਦੀਆਂ ਹਨ।

ਜਿਹੜੇ ਵਿਦਵਾਨ ਵਿਆਕਰਣ ਨੂੰ ਬਚਾਉਂਦੇ ਰਹਿੰਦੇ ਹਨ; ਉਹ ਭਾਸ਼ਾ ਨੂੰ ਮਾਰ ਦਿੰਦੇ ਹਨ।

ਵਪਾਰਕ ਅਤੇ ਪਰਿਵਾਰਕ ਵਿਰੋਧ ਦਾ ਸਾਂਝਾ ਨੇਮ ਹੈ: ਮੈਂ ਸਹੀ ਹਾਂ, ਤੂੰ ਗਲਤ ਹੈਂ; ਤੇਰੀ ਇਮਾਨਦਾਰੀ ਗਲਤ ਹੈ, ਮੇਰੀ ਬੇਈਮਾਨੀ ਸਹੀ ਹੈ; ਮੈਂ ਪਤਨੀ ਵਜੋਂ ਠੀਕ ਹਾਂ, ਤੂੰ ਪਤੀ ਵਜੋਂ ਗਲਤ ਹੈਂ।

ਖ਼ੁਸ਼ਹਾਲੀ ਅਤੇ ਅਮੀਰੀ, ਪੈਸੇ ਦੇ ਗਿਆਨ ਤੋਂ ਬਿਨਾਂ ਸੰਭਵ ਨਹੀਂ ਹੁੰਦੀਆਂ।

'ਤੂੰ ਮੇਰੀ ਖਾਜ ਕਰ, ਮੈਂ ਤੇਰੀ ਖਾਜ ਕਰਾਂਗਾ' ਵਾਲੇ ਰਿਸ਼ਤੇ ਨੂੰ ਖੁਰਕ ਦਾ ਰੋਗ ਲੱਗ ਜਾਂਦਾ ਹੈ।

ਇਕੋ ਵੇਲੇ, ਇਕ ਤੋਂ ਵਧੇਰੇ ਨੂੰ ਪਿਆਰ ਕਰਨਾ; ਪ੍ਰਾਪਤੀ ਨਹੀਂ, ਸਜ਼ਾ ਹੁੰਦੀ ਹੈ।

ਪੱਖਪਾਤਾਂ ਨੂੰ ਤਜਰਬਾ ਵੀ ਨਹੀਂ ਬਦਲ ਸਕਦਾ।

ਪੁਰਾਣੇ ਜ਼ਮਾਨੇ ਵਿਚ ਲੋਕ ਧਰਮ ਅਤੇ ਪਰਮਾਤਮਾ ਦੋਹਾਂ ਦਾ ਅਪਮਾਨ ਸਹਿਣ ਨਹੀਂ ਸਨ ਕਰਦੇ; ਹੁਣ ਪਰਮਾਤਮਾ ਦਾ ਅਪਮਾਨ ਸਹਿ ਲੈਂਦੇ ਹਨ, ਪਰ ਧਰਮ ਦਾ ਅਜੇ ਵੀ ਨਹੀਂ ਸਹਿੰਦੇ।

ਜਦੋਂ ਤਕ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਜਾਗਦਾ; ਲੱਖਾਂ ਅਰਦਾਸਾਂ ਦੇ ਬਾਵਜੂਦ, ਪਰਮਾਤਮਾ ਵਿਚ ਵੀ ਨਹੀਂ ਜਾਗੇਗਾ।

ਸਮਾਜਵਾਦੀ ਦੇਸ਼ਾਂ ਵਿਚ, ਕੇਵਲ ਅਮਰੀਕਾ ਅਤੇ ਪੂੰਜੀਵਾਦ ਦੀ ਨਿੰਦਾ ਕਰਨ ਦੀ ਹੀ ਸੁਤੰਤਰਤਾ ਹੁੰਦੀ ਹੈ।

ਸੰਤ, ਇਸ ਸੰਸਾਰ ਵਿਚ, ਰੱਬ ਨਾਲ ਵਿਆਹੀਆਂ ਸੁਹਾਗਣਾਂ ਵਾਂਗ, ਵਿਚਰਦੇ ਹਨ।

ਹਰ ਇਸਤਰੀ ਲੜਕੀ ਲੱਗਣਾ ਚਾਹੁੰਦੀ ਹੈ, ਪਰ ਜਦੋਂ ਉਸ ਨਾਲ ਲੜਕੀ ਵਾਲਾ ਵਿਹਾਰ ਕੀਤਾ ਜਾਵੇ ਤਾਂ ਉਹ ਵਿਰੋਧ ਕਰਦੀ ਹੈ।

ਬੱਚਿਆਂ ਵਰਗੇ ਬਣਨ ਦਾ ਯਤਨ ਕਰੋਗੇ, ਪ੍ਰਸੰਨਤਾ ਮਿਲੇਗੀ; ਉਨ੍ਹਾਂ ਨੂੰ ਆਪਣੇ ਵਰਗਾ ਬਣਾਉਣ ਦੀ ਜ਼ਿੱਦ, ਪਰੇਸ਼ਾਨੀ ਹੀ ਉਪਜਾਏਗੀ।

ਅਜ਼ਾਦੀ ਦਾ ਦ੍ਰਿਸ਼ ਵੇਖਣਾ ਹੋਵੇ ਤਾਂ ਸਕੂਲ ਦੀ ਛੁੱਟੀ ਹੋਣ ਵੇਲੇ, ਬੱਚਿਆਂ ਨੂੰ ਵੇਖੋ।

ਬੁਢਾਪੇ ਵਿਚ, ਸਭ ਕੁਝ ਅੰਤਿਮ ਅਰਦਾਸ ਵੱਲ ਵਧ ਰਿਹਾ ਪ੍ਰਤੀਤ ਹੁੰਦਾ ਹੈ।

ਅਤੀਤ ਨੂੰ ਰੱਦ ਕਰਨਾ ਸੰਭਵ ਹੁੰਦਾ ਹੈ, ਪਰ ਅਤੀਤ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਹੁੰਦਾ।

ਕਿਸੇ ਕੌਮ ਵਿਚ ਜਿਤਨੇ ਵੱਡੇ ਗੁਣ ਹੁੰਦੇ ਹਨ, ਉਤਨੀਆਂ ਹੀ ਵੱਡੀਆਂ ਕੁਰੀਤੀਆਂ ਵੀ ਹੋਣਗੀਆਂ; ਕਿਉਂਕਿ ਸੰਤੁਲਨ ਨੇ ਸਥਾਪਤ ਹੋ ਕੇ ਰਹਿਣਾ ਹੁੰਦਾ ਹੈ।

ਸੰਕਟ ਵਿਚ, ਜਦੋਂ ਸੋਚ ਸਾਥ ਨਹੀਂ ਦਿੰਦੀ ਤਾਂ ਮਨੁੱਖ ਆਸ-ਉਮੀਦ ਦੀ ਉਂਗਲੀ ਫੜ ਲੈਂਦਾ ਹੈ।

ਕੋਈ ਵਿਚਾਰ ਆਪਣੇ ਆਪ ਵਿਚ ਸੁਤੰਤਰ ਨਹੀਂ ਹੁੰਦਾ, ਹਰੇਕ ਵਿਚਾਰ ਦਾ ਪਿਛੋਕੜ ਅਤੇ ਉਸ ਦਾ ਹੋਰਾਂ ਵਿਚਾਰਾਂ ਨਾਲ ਸਬੰਧ ਹੁੰਦਾ ਹੈ।

ਜੇ ਕਦੇ ਕੁਝ ਬੁਰਾ ਕਰਨ ਦਾ ਮਨ ਲਲਚਾਏ ਤਾਂ ਸਾਰਿਆਂ ਦੇ ਸਾਹਮਣੇ ਕਰਨਾ।

ਇਕ ਸੱਚਾ ਈਸਾਈ, ਇਕ ਸੱਚਾ ਹਿੰਦੂ ਵੀ ਹੋਵੇਗਾ; ਇਕ ਸੱਚਾ ਹਿੰਦੂ, ਇਕ ਸੱਚਾ ਮੁਸਲਮਾਨ ਵੀ ਹੋਵੇਗਾ; ਮਹੱਤਵਪੂਰਨ ਈਸਾਈ, ਹਿੰਦੂ, ਮੁਸਲਮਾਨ ਹੋਣਾ ਨਹੀਂ, ਸੱਚੇ ਹੋਣਾ ਹੈ।

ਭਾਰਤ ਵਿਚ ਕੇਵਲ ਤੀਹ ਹਜ਼ਾਰ ਅੰਗਰੇਜ਼, ਕਰੋੜਾਂ 'ਤੇ ਇਸ ਲਈ ਰਾਜ ਕਰ ਗਏ, ਕਿਉਂਕਿ ਉਹ ਤੀਹ-ਹਜ਼ਾਰ ਜਾਗਦੇ ਸਨ, ਜਦੋਂ ਕਿ ਕਰੋੜਾਂ ਸੁੱਤੇ ਹੋਏ ਸਨ।

ਜੇ ਪਿਆਰ ਕੀਤਾ ਹੈ ਤਾਂ ਇਹ ਨਾ ਕਹੋ ਕਿ ਮੈਨੂੰ ਭੁੱਲਣਾ ਨਾ ਜਾਂ ਮੈਨੂੰ ਯਾਦ ਰੱਖਣਾ, ਸਗੋਂ ਇਹ ਕਹੋ: ਕੀ ਮੈਨੂੰ ਭੁਲਾ ਸਕੋਗੇ?

ਯੂਨਾਨ ਦੀ ਜੁਮੈਟਰੀ ਨੇ, ਯੋਰਪ ਨੂੰ ਤਰਕਸ਼ੀਲ ਬਣਾ ਕੇ, ਸਾਰੇ ਵਿਸ਼ਵ 'ਤੇ ਯੋਰਪੀਨਾਂ ਨੂੰ ਰਾਜ ਕਰਨ ਦੇ ਯੋਗ ਬਣਾਇਆ ਹੈ।

ਕਲਪਨਾ ਕਾਰਨ ਮਨੁੱਖ, ਅੱਖਾਂ ਬੰਦ ਕਰਕੇ ਵੀ ਵੇਖ ਸਕਦਾ ਹੈ।

ਧਰਮ ਕਹਿੰਦਾ ਹੈ ਕਿ ਵਿਗਿਆਨਕ ਤਰਕ ਵਿਚ ਨੁਕਸ ਹੈ; ਵਿਗਿਆਨ ਕਹਿੰਦਾ ਹੈ ਕਿ ਵਿਸ਼ਵਾਸ ਦਾ ਅਰਥ ਹੀ ਕੋਈ ਨਹੀਂ।

ਭਾਰਤ ਨੂੰ ਪਾਪ ਸਵੀਕਾਰ ਨਹੀਂ; ਅਗਿਆਨਤਾ, ਅੰਧ-ਵਿਸ਼ਵਾਸ ਸਵੀਕਾਰ ਹਨ।

ਵਿਸਥਾਰ ਵਿਚ ਜੀਵਨ ਹੁੰਦਾ ਹੈ; ਸੰਕੀਰਣਤਾ ਵਿਚ ਮੌਤ ਹੁੰਦੀ ਹੈ।

ਅਮਰੀਕਾ ਉਦੋਂ ਹੀ ਸਮਝਦਾਰ ਬਣੇਗਾ, ਜਦੋਂ ਇਹ ਪ੍ਰਾਚੀਨ ਹੋ ਜਾਵੇਗਾ; ਅਜੇ ਇਹ ਨਵਾਂ ਹੋਣ ਕਰਕੇ ਤਾਕਤਵਰ ਹੀ ਹੈ।

ਸਵਾਦਾਂ ਦੀਆਂ ਆਪਣੀਆਂ ਇੰਦਰੀਆਂ ਢਿੱਲੀਆਂ ਕਰ ਦਿਓ; ਇਹ ਤੁਹਾਨੂੰ ਪੂਰੀ ਤਰ੍ਹਾਂ ਕੱਸ ਲੈਣਗੀਆਂ।

ਆਮ ਕਰਕੇ ਲੇਖਕ ਉਹ ਕੁਝ ਲਿਖਦੇ ਹਨ, ਜੋ ਪਾਠਕ ਪੜ੍ਹਨਾ ਚਾਹੁੰਦੇ ਹਨ, ਪਰ ਸਾਹਿਤ ਵਿਕਾਸ ਉਦੋਂ ਕਰਦਾ ਹੈ, ਜਦੋਂ ਲੇਖਕ ਉਹ ਕੁਝ ਲਿਖਣ, ਜੋ ਪਾਠਕਾਂ ਨੂੰ ਪੜ੍ਹਨਾ ਚਾਹੀਦਾ ਹੈ।

ਹਰ ਭੈੜਾ ਵਿਚਾਰ, ਸੋਚ ਦੀ ਦੁਰਵਰਤੋਂ ਹੁੰਦਾ ਹੈ।

ਰੂਮੀ ਨੇ ਸੱਤ ਸਦੀਆਂ ਪਹਿਲਾਂ ਕਿਹਾ ਸੀ: ਨਾ ਮੈਂ ਪੂਰਬ ਦਾ ਹਾਂ, ਨਾ ਪੱਛਮ ਦਾ, ਮੇਰੇ ਵਾਸਤੇ ਹੱਦਾਂ-ਸਰਹੱਦਾਂ ਦੇ ਕੋਈ ਅਰਥ ਨਹੀਂ; ਇਸੇ ਕਰਕੇ ਰੂਮੀ ਵਿਸ਼ਵ ਭਰ ਵਿਚ ਪੜ੍ਹਿਆ ਅਤੇ ਸਤਿਕਾਰਿਆ ਜਾਂਦਾ ਹੈ।

ਹਮਲਾਵਰਾਂ ਨੇ ਉਤਨੀਆਂ ਬਾਦਸ਼ਾਹੀਆਂ ਬਰਬਾਦ ਨਹੀਂ ਕੀਤੀਆਂ, ਜਿਤਨੀਆਂ ਚਾਪਲੂਸਾਂ ਨੇ ਤਬਾਹ ਕੀਤੀਆਂ ਹਨ।

ਕਵਿਤਾ ਸੋਹਣੇ ਸ਼ਬਦਾਂ ਵਿਚ ਪਰੋਈ ਹੋਈ ਹੁੰਦੀ ਹੈ; ਜਦੋਂ ਕੋਈ ਪੜ੍ਹਦਾ ਹੈ, ਸ਼ਬਦ ਰੌਣਕ ਲਾ ਦਿੰਦੇ ਹਨ।

ਅਨੇਕਾਂ ਸਵਾਲਾਂ ਦੇ ਜਵਾਬ ਹੁੰਦੇ ਹੀ ਨਹੀਂ; ਜਿਹੜੇ ਦਿੱਤੇ ਜਾਂਦੇ ਹਨ, ਉਹ ਜਵਾਬ ਨਹੀਂ ਹੁੰਦੇ, ਜਵਾਬ ਦੇਣ ਵਾਲਿਆਂ ਦੇ ਅਨੁਭਵ ਹੁੰਦੇ ਹਨ।

ਚੌਵੀ ਘੰਟਿਆਂ ਵਿਚੋਂ ਸਭ ਤੋਂ ਭਾਗਾਂ ਵਾਲਾ ਘੰਟਾ, ਪਹੁ-ਫੁਟਾਲੇ ਵਾਲਾ ਹੁੰਦਾ ਹੈ, ਇਸ ਘੰਟੇ ਨੂੰ ਭਾਗਾਂ ਵਾਲੇ ਹੀ ਮਾਣਦੇ ਹਨ।

ਕਵਿਤਾ, ਭਾਸ਼ਾ ਅੰਦਰ ਇਕ ਹੋਰ ਭਾਸ਼ਾ ਸਿਰਜ ਦਿੰਦੀ ਹੈ।

ਮਹਾਨ ਉਸ ਨੂੰ ਮੰਨਿਆ ਜਾਂਦਾ ਹੈ; ਜਿਸ ਬਾਰੇ ਸਾਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਇਸ ਵਰਗਾ ਸੰਸਾਰ ਵਿਚ ਕੋਈ ਨਹੀਂ ਹੋਇਆ।

ਜੇ ਕੇਵਲ ਮਨੁੱਖ ਨੇ ਹੀ ਨਰਕ-ਸਵਰਗ ਜਾਣਾ ਹੈ ਤਾਂ ਉਹ ਨਰਕ-ਸਵਰਗ ਇਸ ਸੰਸਾਰ ਨਾਲੋਂ ਕਿਸ ਪੱਖੋਂ ਵੱਖਰਾ ਹੋਵੇਗਾ?

ਅਨੇਕਾਂ ਤੂੜੀ-ਬਜ਼ਾਰ ਵਿਚ ਕਣਕ ਖਰੀਦਣ ਪਹੁੰਚ ਜਾਂਦੇ ਹਨ।

ਗਰੀਬ ਦੇਸ਼, ਅਜ਼ਾਦ ਹੋ ਕੇ ਵੀ, ਗੁਲਾਮ ਹੀ ਰਹਿੰਦੇ ਹਨ।

ਜੇ ਭੁੱਖ ਲੱਗੀ ਹੋਵੇ ਤਾਂ ਮਨੁੱਖ ਗੱਲਬਾਤ ਨਹੀਂ ਕਰਦਾ, ਵਿਅੰਗ ਕਰਦਾ ਹੈ; ਵਾਰਤਾਲਾਪ ਨਹੀਂ ਕਰਦਾ, ਤਕਰਾਰ ਕਰਦਾ ਹੈ।

ਗੁਲਾਮ ਦੇਸ਼ ਅਮੀਰ ਨਹੀਂ ਹੁੰਦੇ, ਅਮੀਰ ਦੇਸ਼ ਗੁਲਾਮ ਨਹੀਂ ਹੁੰਦੇ; ਗੁਲਾਮੀ ਅਤੇ ਗਰੀਬੀ, ਇਕ ਹੀ ਵਰਤਾਰੇ ਦੀ ਸਿੱਧ-ਪੁੱਠ ਹਨ।

ਮਨੁੱਖ ਦੇ ਕੱਦ ਅਤੇ ਡੀਲ-ਡੌਲ ਵਿਚ ਉਸ ਦੇ ਇਲਾਕੇ ਦਾ ਭੂਗੋਲ ਅਤੇ ਇਤਿਹਾਸ ਕਾਰਜਸ਼ੀਲ ਹੁੰਦੇ ਹਨ।

ਭਾਨ ਸ਼ਹਿਰ ਵਿਚ ਹੀ ਰਹਿੰਦੀ ਹੈ, ਨਿੱਕੇ ਨੋਟ ਲਗਭਗ ਦਸ ਕਿਲੋਮੀਟਰ ਦੇ ਘੇਰੇ ਵਿਚ ਘੁੰਮਦੇ ਰਹਿੰਦੇ ਹਨ, ਦੂਰ ਜਾਣ ਦੀ ਯੋਗਤਾ ਵੱਡੇ ਨੋਟਾਂ ਵਿਚ ਹੀ ਹੁੰਦੀ ਹੈ।

ਜਦੋਂ ਭੁੱਖ ਲੱਗੀ ਹੋਵੇ ਤਾਂ ਮਨੁੱਖ ਵਧੇਰੇ ਸੋਚਦਾ ਹੈ ਕਿ ਭੋਜਨ ਕਿਥੋਂ, ਕਿਵੇਂ, ਕਿਤਨਾ, ਕਦੋਂ ਪ੍ਰਾਪਤ ਕੀਤਾ ਜਾ ਸਕਦਾ ਹੈ; ਰੱਜਿਆ ਮਨੁੱਖ ਸੋਚਦਾ ਨਹੀਂ, ਸੌਂਦਾ ਹੀ ਹੈ।

ਆਇਓਡੀਨ ਦੀ ਘਾਟ, ਛੇ ਇੰਚ ਕੱਦ ਅਤੇ ਵੀਹ ਪ੍ਰਤੀਸ਼ਤ ਅਕਲ ਖਾ ਜਾਂਦੀ ਹੈ।

ਗੁਣਾਂ ਦਾ ਨੁਕਸਾਨ ਉਦੋਂ ਹੁੰਦਾ ਹੈ, ਜਦੋਂ ਇਹ ਅੰਦਰੋਂ ਔਗੁਣ ਬਣ ਚੁੱਕੇ ਹੁੰਦੇ ਹਨ।

ਜਿਨ੍ਹਾਂ ਨੂੰ ਜ਼ਿੰਦਗੀ ਵਿੱਚ ਵੱਡੀਆਂ ਦਾਤਾਂ ਮਿਲੀਆਂ ਹੋਣ; ਉਨ੍ਹਾਂ ਨੂੰ ਨਿੱਕੇ ਫ਼ਾਇਦੇ ਨਹੀਂ ਲੈਣੇ ਚਾਹੀਦੇ।

ਤੇਜ਼ ਤੁਰਨ ਨਾਲ ਪਰਛਾਵਾਂ ਪਿੱਛੇ ਨਹੀਂ ਰਹਿ ਜਾਂਦਾ।

ਚੁੱਪ ਕਰਕੇ ਆਪਣਾ ਕਾਰਜ ਕਰਨ ਵਾਲਿਆਂ ਦੇ ਗੁਣ, ਇਕੱਤਰ ਹੋਣ ਨਾਲ, ਜਦੋਂ ਜੋੜ ਵੱਡਾ ਹੋ ਜਾਂਦਾ ਹੈ ਤਾਂ ਉਹ ਪ੍ਰਸਿਧ ਹੋ ਜਾਂਦੇ ਹਨ।

ਜਦੋਂ ਕੋਈ ਚੀਜ਼ ਬਹੁਤ ਸਸਤੀ ਵਿਕ ਰਹੀ ਹੋਵੇ ਤਾਂ ਸਾਡਾ ਧਿਆਨ ਚੀਜ਼ ਤੋਂ ਹਟ ਕੇ ਕੀਮਤ 'ਤੇ ਕੇਂਦਰਿਤ ਹੋ ਜਾਂਦਾ ਹੈ ਅਤੇ ਅਸੀਂ ਉਹ ਚੀਜ਼ਾਂ ਵੀ ਖਰੀਦ ਲੈਂਦੇ ਹਾਂ, ਜਿਨ੍ਹਾਂ ਦੀ ਸਾਨੂੰ ਲੋੜ ਨਹੀਂ ਹੁੰਦੀ।

ਕਲਾਕਾਰ, ਕਵੀ ਅਤੇ ਸਾਹਿਤਕਾਰ ਦੀ ਜ਼ਿੰਦਗੀ ਵਿਚ ਕੋਈ ਐਤਵਾਰ ਨਹੀਂ ਹੁੰਦਾ।

ਜਿਸ ਸਮਾਜ ਵਿਚ ਜਿਤਨੇ ਵਧੇਰੇ ਸਾਧ-ਸੰਤ ਹੋਣਗੇ, ਉਸ ਸਮਾਜ ਵਿਚ ਸੰਤੁਲਨ ਬਣਾਈ ਰੱਖਣ ਲਈ, ਉਤਨੇ ਹੀ ਵਧੇਰੇ ਪਖੰਡੀ, ਚਾਲਬਾਜ਼ ਵੀ ਹੋਣਗੇ।

ਬਜ਼ਾਰ ਦੀ ਰੌਣਕ, ਇੱਛਾਵਾਂ ਅਤੇ ਲਾਲਸਾਵਾਂ ਦੀ ਰੌਣਕ ਹੁੰਦੀ ਹੈ।

ਸੰਜਮੀ ਵਿਅਕਤੀ ਲਈ, ਖੁੱਲ੍ਹਾ ਖਰਚ ਕਰਨਾ ਸੌਖਾ ਹੁੰਦਾ ਹੈ, ਪਰ ਖੁੱਲ੍ਹਾ ਖਰਚ ਕਰਨ ਵਾਲੇ ਲਈ, ਸੰਜਮੀ ਬਣਨਾ ਸੌਖਾ ਨਹੀਂ ਹੁੰਦਾ।

ਸਿਆਣੇ ਲੋਕ ਜਾਣਨਾ ਚਾਹੁੰਦੇ ਹਨ ਕਿ ਉਹ ਕੀ-ਕੀ ਨਹੀਂ ਜਾਣਦੇ।

ਭ੍ਰਿਸ਼ਟ ਉਹ ਸਭ ਕੁਝ ਲੈਂਦਾ ਹੈ, ਜੋ ਲਿਆ ਜਾ ਸਕਦਾ ਹੈ; ਬੇਸ਼ਰਮ ਉਹ ਸਭ ਕੁਝ ਕਰੇਗਾ, ਜੋ ਨਹੀਂ ਕੀਤਾ ਜਾਣਾ ਚਾਹੀਦਾ।

ਜਿਹੜਾ ਕੇਵਲ ਆਸ ਦੇ ਸਹਾਰੇ ਜਿਊਂਦਾ ਹੈ; ਉਹ ਜਿਊਂਦਾ ਡਰ ਕੇ ਹੀ ਹੈ।

ਜਿਹੜੀ ਚੀਜ਼ ਦੇ ਕੋਈ ਯੋਗ ਨਾ ਹੋਵੇ, ਉਸਨੂੰ ਪ੍ਰਾਪਤ ਕਰਕੇ ਉਹ ਪ੍ਰਸੰਨ ਕੁਝ ਦਿਨ ਹੀ ਹੋਵੇਗਾ, ਪਰ ਪਰੇਸ਼ਾਨ ਹਮੇਸ਼ਾਂ ਲਈ ਰਹੇਗਾ।

ਪਠਾਣਾਂ, ਰਾਜਪੂਤਾਂ ਅਤੇ ਪੰਜਾਬੀਆਂ ਦੀ ਬਹਾਦਰੀ ਪ੍ਰਸਿਧ ਹੈ, ਪਰ ਹੁੰਦੇ ਇਹ ਹੈਂਕੜਬਾਜ਼, ਲੜਾਕੇ ਅਤੇ ਅੜੀਅਲ ਹਨ।

ਜੇ ਕਿਸੇ ਦੀ ਦੁਕਾਨ ਵੀ ਨਾ ਚਲੇ ਅਤੇ ਪਤਨੀ ਵੀ ਲੜਾਕੀ ਹੋਵੇ ਤਾਂ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਘਰ ਰਹੇ ਜਾਂ ਦੁਕਾਨ 'ਤੇ ਜਾਵੇ।

ਭੈਣ-ਭਰਾ ਜੇ ਇਕ ਹੀ ਕਾਲਜ ਵਿਚ ਪੜ੍ਹਦੇ ਹੋਣ ਤਾਂ ਭਰਾ ਹੋਰ ਕੁੜੀਆਂ ਨੂੰ ਲੁਕ ਕੇ ਵੇਖਦਾ ਹੈ, ਪਰ ਭੈਣ 'ਤੇ ਪੂਰੀ ਨਜ਼ਰ ਰੱਖਦਾ ਹੈ; ਭੈਣ ਓਹਲਾ ਪਾ ਕੇ ਮੁੰਡਿਆਂ ਨੂੰ ਵੇਖਣ-ਮਿਲਣ ਵਿਚ ਮਾਹਿਰ ਹੋ ਜਾਂਦੀ ਹੈ ਅਤੇ ਭਰਾ ਦੀ ਨਜ਼ਰ ਤੋਂ ਬਚਣਾ ਸਿਖ ਲੈਂਦੀ ਹੈ।

ਪੰਜਾਬੀ ਜਦੋਂ ਕਿਸੇ ਨੂੰ ਪਿਆਰ ਨਾਲ ਬੁਲਾਉਂਦਾ ਹੈ ਤਾਂ ਕਹਿੰਦਾ ਹੈ 'ਓਏ'।

ਕੁਝ ਚੰਗਾ ਕਰਨ ਦਾ ਯਤਨ ਕਰੋਗੇ, ਰੁਕਾਵਟ ਪਏਗੀ; ਕੁਝ ਵੱਡਾ ਕਰਨ ਦਾ ਯਤਨ ਕਰੋਗੇ, ਮੁਸ਼ਕਿਲਾਂ ਪੈਣਗੀਆਂ; ਇਨ੍ਹਾਂ ਕਾਰਨਾਂ ਕਰਕੇ ਹੀ ਚੰਗਾ ਅਤੇ ਵੱਡਾ, ਸਤਿਕਾਰਯੋਗ ਬਣਦੇ ਹਨ।

ਕਈ ਪਤੀ-ਪਤਨੀ ਦੇ ਆਪਸੀ ਸਬੰਧ ਛੁਰੀ-ਕਾਂਟੇ ਵਾਲੇ ਹੁੰਦੇ ਹਨ।

ਮਹਾਨ ਵਿਅਕਤੀਆਂ ਵਿਚ ਵੀ ਗੁਣਾਂ ਦੇ ਨਾਲ ਦੋਸ਼ ਵੀ ਹੁੰਦੇ ਹਨ; ਗੁਣ ਭਾਵੇਂ ਥੋੜ੍ਹੇ ਹੀ ਹੁੰਦੇ ਹਨ, ਪਰ ਹੁੰਦੇ ਬੜੇ ਵੱਡੇ ਹਨ, ਦੋਸ਼ ਭਾਵੇਂ ਅਨੇਕਾਂ ਹੁੰਦੇ ਹਨ, ਪਰ ਹੁੰਦੇ ਨਿੱਕੇ-ਨਿੱਕੇ ਹਨ।

ਇਸਤਰੀਆਂ ਇਸ ਲਈ ਵਿਆਹ ਨੂੰ ਮਹੱਤਵਪੂਰਨ ਸਮਝਦੀਆਂ ਹਨ, ਕਿਉਂਕਿ ਉਹ ਜਾਣਦੀਆਂ ਹਨ ਕਿ ਪੁਰਸ਼ਾਂ ਲਈ ਇਕੱਲਿਆਂ ਰਹਿਣਾ ਠੀਕ ਨਹੀਂ ਹੋਵੇਗਾ।

ਜਿਹੜੇ ਬਚਪਨ ਵਿਚ ਸ਼ਰਮਾਕਲ ਹੁੰਦੇ ਹਨ; ਉਹ ਬਣਨ ਭਾਵੇਂ ਨਾ, ਪਰ ਉਨ੍ਹਾਂ ਵਿਚ ਕਲਾਕਾਰ, ਕਵੀ, ਸੰਗੀਤਕਾਰ ਬਣਨ ਦੀਆਂ ਸੰਭਾਵਨਾਵਾਂ ਵਧੇਰੇ ਹੁੰਦੀਆਂ ਹਨ।

ਮਨੁੱਖ ਕੇਵਲ ਧਾਰਮਿਕ ਸਥਾਨ 'ਤੇ ਹੀ ਝੁਕਦਾ ਹੈ; ਬਾਕੀ ਸਭ ਥਾਵਾਂ 'ਤੇ ਇਹ ਆਕੜਦਾ ਹੀ ਹੈ।

ਬਿਮਾਰ ਹੋਣ 'ਤੇ, ਮਨੁੱਖ ਨੂੰ ਸੋਝੀ ਹੁੰਦੀ ਹੈ ਕਿ ਉਹ ਉਤਨਾ ਮਜ਼ਬੂਤ ਅਤੇ ਤੰਦਰੁਸਤ ਨਹੀਂ, ਜਿਤਨਾ ਉਹ ਆਪਣੇ ਆਪ ਨੂੰ ਸਮਝਦਾ ਰਿਹਾ ਹੈ।

ਮਨੁੱਖ ਕੋਲ ਤਰਕ ਹੈ, ਕੁਦਰਤ ਕੋਲ ਨੇਮ ਹਨ; ਕੁਦਰਤ ਦੇ ਨੇਮਾਂ ਸਾਹਮਣੇ ਮਨੁੱਖ ਦਾ ਤਰਕ ਕਮਜ਼ੋਰ ਸਿੱਧ ਹੁੰਦਾ ਹੈ।

ਇਸਤਰੀ ਜਦੋਂ ਕਿਸੇ ਮਰੀਜ਼ ਦਾ ਹਾਲ ਪੁੱਛਦੀ ਹੈ ਤਾਂ ਉਸ ਦੇ ਦੱਸਣ ਤੋਂ ਪਹਿਲਾਂ ਹੀ ਉਸ ਦੇ ਕੱਪੜਿਆਂ, ਨਹੁੰਆਂ, ਵਾਲਾਂ, ਸਫ਼ਾਈ ਆਦਿ ਤੋਂ ਉਸਦੇ ਹਾਲ ਬਾਰੇ ਆਪੇ ਅਨੁਮਾਨ ਲਾ ਲੈਂਦੀ ਹੈ।

ਕਿਸੇ ਨਵੀਂ ਗੱਲ ਦੇ ਕਹਿਣ ਦਾ ਢੰਗ ਪੁਰਾਣਾ ਹੀ ਹੁੰਦਾ ਹੈ, ਕਿਉਂਕਿ ਪੁਰਾਣੇ ਦੇ ਸੰਦਰਭ ਵਿਚ ਹੀ ਕੁਝ ਨਵਾਂ ਹੋ ਸਕਦਾ ਹੈ।

ਜਦੋਂ ਮਨੁੱਖ ਇਕੱਲਾ ਹੋ ਜਾਂਦਾ ਹੈ ਤਾਂ ਭੈੜੀਆਂ ਆਦਤਾਂ ਉਸ ਦਾ ਸਾਥ ਦੇਣ ਲੱਗ ਪੈਂਦੀਆਂ ਹਨ।

ਮਹਾਨ ਸਾਹਿਤ ਕਿਸੇ ਵੀ ਯੁੱਗ ਦਾ ਹੋਵੇ, ਉਹ ਸਮਕਾਲੀ ਹੀ ਰਹਿੰਦਾ ਹੈ।

ਕਿਸੇ ਨੂੰ ਪਿਆਰ ਕਰਨ ਦਾ ਇਕ ਕਾਰਨ ਨਹੀਂ ਹੁੰਦਾ, ਸੈਂਕੜੇ ਕਾਰਨ ਹੁੰਦੇ ਹਨ; ਇਸੇ ਕਰਕੇ ਇਹ ਫੈਲਣ ਦਾ ਅਨੁਭਵ ਹੁੰਦਾ ਹੈ; ਕਿਸੇ ਨੂੰ ਨਫ਼ਰਤ ਕਰਨ ਦੇ ਅਨੇਕਾਂ ਕਾਰਨ ਨਹੀਂ ਹੁੰਦੇ, ਇਕ ਕਾਰਨ ਹੁੰਦਾ ਹੈ; ਇਸੇ ਕਰਕੇ ਇਹ ਸੁੰਗੜਨ ਦੀ ਪ੍ਰਕਿਰਿਆ ਹੈ।

ਮੁੱਢ ਵਿਚ ਹਰ ਕਲਾਕਾਰ ਪਰੰਪਰਾ ਪਾਲਦਾ ਹੈ, ਫਿਰ ਪਰੰਪਰਾ ਤੋਂ ਬਲ ਲੈ ਕੇ ਪਰੰਪਰਾ ਤੋੜਦਾ ਹੈ ਅਤੇ ਨਵੀਂ ਪਰੰਪਰਾ ਚਲਾਉਂਦਾ ਹੈ; ਇਵੇਂ ਉਹ ਪਰੰਪਰਾ ਦੇ ਉਲੰਘਣ ਰਾਹੀਂ, ਉਲੰਘਣ ਦੀ ਪਰੰਪਰਾ ਪਾਲਦਾ ਹੈ।

ਮਰਨ ਤੋਂ ਪਹਿਲਾਂ, ਜਿਉਂ ਲੈਣਾ ਚਾਹੀਦਾ ਹੈ।

ਸਭ ਤੋਂ ਡੂੰਘੀ ਮਾਯੂਸੀ ਪਿਆਸੇ ਅਤੇ ਭੁੱਖੇ ਪਸ਼ੂ ਦੀ ਹੁੰਦੀ ਹੈ, ਕਿਉਂਕਿ ਬੇਜ਼ੁਬਾਨ ਤਾਂ ਉਹ ਪਹਿਲਾਂ ਹੀ ਹੁੰਦਾ ਹੈ।

ਪੁੱਤਰ, ਪਿਤਾ ਨਾਲ ਗੱਲਾਂ ਕਰ ਸਕਦਾ ਹੈ, ਪਿਤਾ ਪੁੱਤਰ ਨਾਲ ਨਹੀਂ, ਕਿਉਂਕਿ ਗੱਲਾਂ ਛੋਟੇ ਨੇ ਵੱਡੇ ਨਾਲ ਕਰਨੀਆਂ ਹੁੰਦੀਆਂ ਹਨ, ਵੱਡੇ ਨੇ ਛੋਟੇ ਨੂੰ ਸੁਣਨਾ ਹੀ ਹੁੰਦਾ ਹੈ ਤਾਂ ਕਿ ਉਹ ਗੱਲਾਂ ਕਰਨੀਆਂ ਸਿਖ ਜਾਵੇ।

ਜਦੋਂ ਪ੍ਰੇਮੀ ਦੀ ਹਉਮੈ ਜ਼ਖ਼ਮੀ ਹੁੰਦੀ ਹੈ ਤਾਂ ਉਹ ਇਸ ਨੂੰ ਦਿਲ ਦੇ ਟੁੱਟਣ ਦਾ ਨਾਂ ਦਿੰਦਾ ਹੈ।

ਲਾੜੇ ਦੀ ਉਮਰ ਕੋਈ ਹੋਵੇ, ਉਸ ਨੂੰ ਕਿਹਾ 'ਕਾਕਾ' ਹੀ ਜਾਂਦਾ ਹੈ।

ਗ਼ੈਰਹਾਜ਼ਰ ਹੋਣ ਵਾਲੀਆਂ ਥਾਵਾਂ 'ਤੇ ਹਾਜ਼ਰ ਅਤੇ ਹਾਜ਼ਰ ਹੋਣ ਵਾਲੀਆਂ ਥਾਵਾਂ 'ਤੇ ਗ਼ੈਰਹਾਜ਼ਰ ਹੋਣ ਦੀ ਆਦਤ, ਅਕਸਰ ਸਕੂਲ ਵਿਚ ਸਿਖੀ ਜਾਂਦੀ ਹੈ।

ਤਕਰਾਰ ਨਹੀਂ ਕਰਨਾ ਚਾਹੀਦਾ; ਜਿਸ ਕੋਲ ਹਥਿਆਰ ਹੋਵੇ ਉਸ ਨਾਲ ਤਾਂ ਕਦੇ ਵੀ ਨਹੀਂ ਕਰਨਾ ਚਾਹੀਦਾ।

ਜੂਏ ਵਿਚ ਲਾਭ ਆਪਣੇ ਜਿੱਤਣ ਨਾਲ ਨਹੀਂ, ਹੋਰਾਂ ਦੇ ਹਾਰਨ ਨਾਲ ਹੁੰਦਾ ਹੈ।

ਸੰਕਟ ਉਸ ਹਾਲਤ ਨੂੰ ਕਹਿੰਦੇ ਹਨ, ਜਦੋਂ ਸਮੱਸਿਆਵਾਂ ਉਪਜਣ ਦੀ ਰਫ਼ਤਾਰ, ਉਨ੍ਹਾਂ ਨੂੰ ਹੱਲ ਕਰਨ ਦੀ ਰਫ਼ਤਾਰ ਤੋਂ ਤੇਜ਼ ਹੋ ਜਾਵੇ।

ਜਿੱਤ ਉਹ ਹੀ ਮਾਣਯੋਗ ਅਤੇ ਹੈਰਾਨ ਕਰਨ ਵਾਲੀ ਹੁੰਦੀ ਹੈ, ਜਿਹੜੀ ਬਰਾਬਰ ਦੇ ਮੁਕਾਬਲੇ ਵਿਚ, ਹਾਰਦਿਆਂ-ਹਾਰਦਿਆਂ ਜਿੱਤ ਬਣ ਜਾਵੇ।

ਸ਼ਕਤੀਸ਼ਾਲੀ ਭਾਸ਼ਾ ਤੋਂ ਬਿਨਾਂ, ਸ਼ਕਤੀਸ਼ਾਲੀ ਸੱਭਿਅਤਾ ਸੰਭਵ ਨਹੀਂ ਹੁੰਦੀ।

ਰੋਣ-ਕੁਰਲਾਣ ਨਾਲ ਯਥਾਰਥ ਨਹੀਂ ਬਦਲਦਾ।

ਨੁਕਸਾਨ ਬਾਹਰੋਂ ਹੁੰਦੇ ਹਨ, ਪਰ ਪੂਰੇ ਨਾ ਹੋਣ ਵਾਲੇ ਘਾਟੇ ਅੰਦਰੋਂ ਪੈਂਦੇ ਹਨ।

ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਭਾਰਤੀਆਂ ਲਈ ਗੁਲਾਮੀ ਅਤੇ ਅਜ਼ਾਦੀ ਦੇ ਅਰਥ ਸਪਸ਼ਟ ਕਰ ਦਿੱਤੇ ਸਨ।

ਪੁਰਸ਼ ਇਸ਼ਕ ਕਰਦਾ ਹੈ, ਇਸਤਰੀ ਮੁਹੱਬਤ ਕਰਦੀ ਹੈ।

ਆਪਣੇ ਸੋਹਣੇ ਦੰਦ ਵਿਖਾਉਣੇ ਹਨ, ਮੁਸਕਰਾ ਕੇ ਵਿਖਾਓ; ਹੱਸਣ ਨਾਲ ਕੋਝੇ ਮਸੂੜੇ ਵਧੇਰੇ ਅਤੇ ਸੋਹਣੇ ਦੰਦ ਘੱਟ ਦਿਸਣਗੇ।

ਰਾਜਸੀ ਆਗੂਆਂ ਦੇ ਵਾਅਦੇ ਗੋਲ-ਮੋਲ ਹੁੰਦੇ ਹਨ, ਜੇ ਇਹ ਗੋਲ-ਮੋਲ ਨਾ ਹੋਣ ਤਾਂ ਇਹ ਵਾਅਦੇ ਉਨ੍ਹਾਂ ਨੂੰ ਚੁਭਣ ਲੱਗ ਪੈਂਦੇ ਹਨ।

ਦੁੱਧ 'ਤੇ ਮਲਾਈ, ਉਬਲਣ ਉਪਰੰਤ ਹੀ ਆਉਂਦੀ ਹੈ; ਸਫ਼ਲਤਾ, ਜਦੋਜਹਿਦ ਦੀ ਮਲਾਈ ਹੁੰਦੀ ਹੈ।

ਭੈੜੇ ਕਾਰੀਗਰ ਕੋਲ, ਕਦੇ ਵੀ ਸਹੀ ਸੰਦ ਨਹੀਂ ਹੋਣਗੇ।

ਕੋਈ ਦੇਸ਼ ਉਦੋਂ ਨਿਘਰਨ ਲੱਗ ਪੈਂਦਾ ਹੈ, ਜਦੋਂ ਉਹ ਲੋਕ ਹਾਕਮ ਬਣ ਜਾਂਦੇ ਹਨ, ਜਿਨ੍ਹਾਂ ਨੇ ਆਪ ਕਦੇ ਕੋਈ ਹੁਕਮ-ਕਾਨੂੰਨ ਮੰਨਿਆ ਨਹੀਂ ਹੁੰਦਾ।

ਚਣੌਤੀ ਨੂੰ ਸਵੀਕਾਰ ਕਰਕੇ, ਮਨੁੱਖ ਜਿੱਤ ਦਾ ਹੱਕਦਾਰ ਹੋ ਜਾਂਦਾ ਹੈ।

ਅਸੀਂ ਆਪਣੇ ਹਮਾਇਤੀਆਂ ਦੇ ਮੁਕਾਬਲੇ ਵਿਰੋਧੀਆਂ ਤੋਂ ਵਧੇਰੇ ਸਿਖਦੇ ਹਾਂ।

ਪ੍ਰੇਮੀ ਦੇ ਬੈਠਣ ਲਈ ਸਭ ਤੋਂ ਸੁਹਾਵਣੀ ਥਾਂ, ਪ੍ਰੇਮਿਕਾ ਦੀ ਨਜ਼ਰ ਥੱਲੇ ਹੁੰਦੀ ਹੈ।

ਕਈ ਅਧਿਕਾਰੀ ਗਲਤ ਵਕਤ 'ਤੇ ਠੀਕ ਹੋਣ ਕਾਰਨ ਨੌਕਰੀ 'ਚੋਂ ਕੱਢੇ ਜਾਂਦੇ ਹਨ।

ਗਲਤੀ ਉਸ ਉਕਾਈ ਨੂੰ ਕਹਿੰਦੇ ਹਨ, ਜਿਸ ਤੋਂ ਕੁਝ ਵੀ ਸਿੱਖਿਆ ਨਹੀਂ ਜਾ ਸਕਦਾ; ਜਿਸ ਤੋਂ ਸਿੱਖਿਆ ਜਾ ਸਕੇ, ਉਹ ਗਲਤੀ, ਅਨੁਭਵ ਬਣ ਜਾਂਦੀ ਹੈ।

ਤੁਸੀਂ ਕਿਹੜੀਆਂ ਚੀਜ਼ਾਂ 'ਤੇ ਹੱਸਦੇ ਹੋ, ਇਸ ਵਿਚੋਂ ਤੁਹਾਡਾ ਚਰਿੱਤਰ ਝਲਕੇਗਾ।

ਸੰਸਾਰ ਦਾ ਕੋਈ ਵੀ ਦੇਸ਼ ਅਜਿਹਾ ਨਹੀਂ ਹੈ, ਜਿਹੜਾ ਕਿਸੇ ਨਾ ਕਿਸੇ ਵੇਲੇ ਕਿਸੇ ਹੋਰ ਦੇਸ਼ ਦਾ ਗੁਲਾਮ ਨਾ ਰਿਹਾ ਹੋਵੇ।

ਆਪਣੀ ਕਮਾਈ ਹੋਈ ਇੱਜ਼ਤ, ਵਿਰਸੇ ਵਿਚ ਮਿਲੀ ਇੱਜ਼ਤ ਨਾਲੋਂ, ਵਧੇਰੇ ਹੰਢਣਸਾਰ ਹੁੰਦੀ ਹੈ।

ਸ਼ਰਾਬੀ, ਸ਼ਰਾਬ ਪੀ ਕੇ; ਭੇਤ ਵਾਲੀਆਂ ਗੱਲਾਂ ਦੀ ਮੁਨਾਦੀ ਕਰਦੇ ਹਨ।

ਚਲਾਕ ਵਿਅਕਤੀ, ਹੋਰਾਂ ਦੇ ਰਾਹ ਵਿਚ ਰੁਕਾਵਟਾਂ ਉਸਾਰ ਕੇ, ਆਪ ਵਿਕਾਸ ਕਰਨ ਦਾ ਯਤਨ ਕਰਦੇ ਹਨ।

ਮੌਸਮ 'ਤੇ ਆਲੋਚਨਾ ਦਾ ਕੋਈ ਅਸਰ ਨਹੀਂ ਹੁੰਦਾ, ਮੌਸਮ ਵਰਗੇ ਬਣੋ।

ਅਨੇਕਾਂ ਕਾਢਾਂ, ਲੋੜੀਂਦੇ ਸੰਦਾਂ ਤੋਂ ਬਿਨਾਂ, ਲੋੜੀਂਦੀਆਂ ਸਹੂਲਤਾਂ ਤੋਂ ਬਿਨਾਂ ਅਤੇ ਲੋੜੀਂਦੀ ਬਾਹਰਲੀ ਪ੍ਰੇਰਨਾ ਤੋਂ ਬਗੈਰ ਕੱਢੀਆਂ ਗਈਆਂ ਹਨ, ਇਨ੍ਹਾਂ ਕਾਰਨਾਂ ਕਰਕੇ ਹੀ ਇਹ ਹੈਰਾਨ ਕਰਦੀਆਂ ਹਨ।

ਵਿਹਲਾ ਬੰਦਾ, ਚੜ੍ਹਦੀ ਕਲਾ ਵਿਚ ਨਹੀਂ ਹੋ ਸਕਦਾ।

ਸਫ਼ਲਤਾ ਦਾ ਇਕ ਪਲ, ਅਸਫ਼ਲਤਾ ਦੇ ਕਈ ਸਾਲ ਧੋ ਦਿੰਦਾ ਹੈ।

ਜਿਹੜਾ ਕੰਮ ਕਰਨ ਦੀ ਮਰਜ਼ੀ ਹੋਵੇ, ਉਸ ਲਈ ਢੰਗ ਲੱਭ ਪੈਂਦਾ ਹੈ; ਜਿਹੜਾ ਕੰਮ ਕਰਨ ਦੀ ਮਰਜ਼ੀ ਨਾ ਹੋਵੇ, ਉਸ ਲਈ ਬਹਾਨਾ ਮਿਲ ਜਾਂਦਾ ਹੈ।

ਵਿਹਲੇ-ਸ਼ੌਕੀਨ ਸੁਪਨੇ ਵੇਖਦੇ ਹਨ, ਮਾਹਿਰ ਉਨ੍ਹਾਂ ਨੂੰ ਅਸਲੀਅਤ ਬਣਾ ਦਿੰਦੇ ਹਨ।

ਕੰਜੂਸ ਨੂੰ ਜਿਊਂਦੇ ਜੀ ਸਭ ਕੋਸਦੇ ਹਨ, ਪਰ ਮਰਨ ਉਪਰੰਤ ਸਾਰੇ ਉਸ ਦੀਆਂ ਆਦਤਾਂ ਨੂੰ ਸਾਦਗੀ ਅਤੇ ਸੰਜਮ ਦਸ ਕੇ ਉਸ ਦੇ ਗੁਣ ਗਾਉਂਦੇ ਹਨ।

ਅਦਾਲਤ, ਸਕੂਲ, ਥਾਣੇ ਅਤੇ ਹਸਪਤਾਲ ਵਿਚ ਕੋਈ ਪ੍ਰਸੰਨ ਹੋ ਕੇ ਨਹੀਂ ਜਾਂਦਾ, ਪ੍ਰਸੰਨ ਇਥੋਂ ਆਉਣ ਵੇਲੇ ਹੀ ਹੋਇਆ ਜਾਂਦਾ ਹੈ।

ਸੱਚੇ ਵਿਅਕਤੀ ਨੂੰ, ਬਾਰ-ਬਾਰ ਸੁਣਿਆ ਜਾਂਦਾ ਹੈ; ਝੂਠਾ ਵਿਅਕਤੀ ਸੁਣਿਆ ਨਹੀਂ ਜਾਂਦਾ, ਬਰਦਾਸ਼ਤ ਹੀ ਕਰਨਾ ਪੈਂਦਾ ਹੈ।

ਚੰਗੇ ਦੋਸਤ ਉਹ ਕੁਝ ਵੀ ਸੁਣਦੇ ਹਨ, ਜੋ ਅਸੀਂ ਕਹਿੰਦੇ ਨਹੀਂ।

ਚੰਗੇਰੇ ਅਤੇ ਮਾਣਨਯੋਗ ਜੀਵਨ ਲਈ ਪਰਿਵਰਤਨ ਲਾਜ਼ਮੀ ਹੀ ਨਹੀਂ ਹੁੰਦਾ, ਪਰਿਵਰਤਨ ਹੀ ਜੀਵਨ ਹੁੰਦਾ ਹੈ।

ਜੇ ਤੁਸੀਂ ਇਸਤਰੀ ਹੋ ਅਤੇ ਗੁੱਸਾ ਚੜ੍ਹਿਆ ਹੋਇਆ ਹੈ ਤਾਂ ਆਟਾ ਗੁੰਨ੍ਹੋ।

ਕਿਸੇ ਚੰਗੇ ਕੰਮ ਨੂੰ ਮੁਲਤਵੀ ਨਾ ਕਰੋ; ਅੱਜ ਕਰਨ ਦੀ ਮੌਜ ਮਾਣੋ, ਕੱਲ੍ਹ ਕਰ ਚੁੱਕੇ ਹੋਣ ਦਾ ਆਨੰਦ ਲਵੋ।

ਪਿਆਰ ਵਿਚ ਪਹਿਲਾ ਪ੍ਰੇਮ-ਪੱਤਰ, ਪ੍ਰਸ਼ਨ-ਪੱਤਰ ਵਾਂਗ ਪੜ੍ਹਿਆ ਜਾਂਦਾ ਹੈ।

ਸੋਚਿਆ ਤਾਂ ਇਹ ਗਿਆ ਸੀ ਕਿ ਧਰਮ ਲੋਕਾਂ ਨੂੰ ਬਚਾਏਗਾ, ਪਰ ਹੁਣ ਲੋਕ ਧਰਮ ਨੂੰ ਬਚਾ ਰਹੇ ਹਨ।

ਬਹੁਤੇ ਲੋਕ ਅਜ਼ਾਦੀ ਨਹੀਂ ਮੰਗਦੇ, ਗੈਰ-ਜ਼ਿੰਮੇਵਾਰੀ ਨਾਲ ਜੀਵਨ ਗੁਜ਼ਾਰਨ ਦੀ ਖੁੱਲ੍ਹ ਮੰਗਦੇ ਹਨ।

ਧਰਮ ਅਤੇ ਵਿਗਿਆਨ ਇਕ ਹੀ ਸੰਸਾਰ 'ਤੇ ਖੁਲ੍ਹਦੀਆਂ ਦੋ ਬਾਰੀਆਂ ਹਨ, ਪਰ ਇਨ੍ਹਾਂ ਵਿਚੋਂ ਦ੍ਰਿਸ਼ ਵੱਖਰਾ-ਵੱਖਰਾ ਦਿਸਦਾ ਹੈ।

ਆਮਦਨ ਕਿਤਨੀ ਵੀ ਹੋਵੇ, ਖੁਸ਼ਹਾਲੀ ਬੱਚਤ ਨਾਲ ਹੀ ਆਵੇਗੀ।

ਕਿਸੇ ਨੂੰ ਇਹ ਕਹਿਣਾ ਕਿ 'ਉਸ ਨੂੰ ਪਿਆਰ ਕਰਨਾ ਤੇਰਾ ਫ਼ਰਜ਼ ਹੈ' ਨਫ਼ਰਤ ਹੀ ਉਪਜਾਉਂਦਾ ਹੈ।

ਅਸ਼ਲੀਲਤਾ ਕੱਪੜਿਆਂ ਵਿਚ ਹੁੰਦੀ ਹੈ, ਸਰੀਰ ਵਿਚ ਨਹੀਂ।

ਹਰ ਗੱਲ ਨੂੰ ਮੰਨ ਲੈਣਾ, ਬੱਚੇ ਦਾ ਗੁਣ ਅਤੇ ਪੁਰਸ਼ ਦਾ ਔਗੁਣ ਹੁੰਦਾ ਹੈ।

ਅਧਿਕਾਰ ਮਾਣਨ ਦਾ ਅਧਿਕਾਰ, ਬੁਨਿਆਦੀ ਅਧਿਕਾਰ ਹੁੰਦਾ ਹੈ; ਜੇ ਇਹ ਅਧਿਕਾਰ ਨਾ ਹੋਵੇ ਤਾਂ ਕਿਸੇ ਅਧਿਕਾਰ ਦੇ ਕੋਈ ਅਰਥ ਨਹੀਂ ਹੁੰਦੇ।

ਜਿਹੜਾ ਕਹਿੰਦਾ ਹੈ: ਕਿਸੇ 'ਤੇ ਇਤਬਾਰ ਨਾ ਕਰੋ, ਉਸ 'ਤੇ ਬਿਲਕੁਲ ਨਾ ਕਰੋ।

ਆਪਣੀ ਉਮਰ ਦੇ ਵਰ੍ਹੇ ਉਦੋਂ ਗਿਣੋ, ਜਦੋਂ ਗਿਣਨਯੋਗ ਬਾਕੀ ਸਭ-ਕੁਝ, ਗਿਣ ਲਿਆ ਗਿਆ ਹੋਵੇ।

ਭਾਵੇਂ ਕਿਤਨੀ ਵੀ ਮਹਿੰਗਾਈ ਹੋ ਜਾਵੇ, ਸਾਦਾ ਭੋਜਨ ਕਿਸੇ ਦੇ ਵਿੱਤ ਵਿਚੋਂ ਬਾਹਰ ਨਹੀਂ ਜਾਂਦਾ।

ਜਦੋਂ ਵੀ ਮੂੰਹ ਖੋਲ੍ਹੋਗੇ, ਤੁਹਾਡਾ ਦਿਮਾਗ ਵਿਖਾਈ ਦੇਣ ਲੱਗ ਪਏਗਾ।

ਇਕ ਵਾਰੀ ਹੀ ਵਾਪਰਨ ਵਾਲੀ ਗੱਲ ਤਜਰਬਾ ਨਹੀਂ ਅਨੁਭਵ ਅਖਵਾਉਂਦੀ ਹੈ; ਜਨਮ, ਵਿਆਹ, ਤਲਾਕ, ਮੌਤ ਆਦਿ ਤਜਰਬਾ ਨਹੀਂ, ਅਨੁਭਵ ਹੁੰਦੇ ਹਨ।

ਅਨੇਕਾਂ ਜਿਊਣ ਲਈ ਉੱਠਣ ਤੋਂ ਪਹਿਲਾਂ, ਮਰਨ ਲਈ ਲੇਟ ਜਾਂਦੇ ਹਨ।

ਵਿਚਾਰ ਕਿਸੇ ਦੀ ਮਲਕੀਅਤ ਨਹੀਂ ਹੁੰਦੇ, ਇਨ੍ਹਾਂ ਦਾ ਮਾਲਕ ਉਹ ਹੁੰਦਾ ਹੈ, ਜਿਹੜਾ ਇਨ੍ਹਾਂ ਤੋਂ ਲਾਭ ਉਠਾਉਂਦਾ ਹੈ।

ਦੇਰ ਨਾਲ ਕੀਤਾ ਸਹੀ ਫੈਸਲਾ ਵੀ, ਗਲਤ ਫੈਸਲਾ ਹੀ ਅਖਵਾਏਗਾ।

ਗੁੱਸੇ ਅਤੇ ਨਫ਼ਰਤ; ਸਾਵਧਾਨੀ ਅਤੇ ਡਰਪੋਕਪੁਣੇ; ਪ੍ਰਸੰਸਾ ਅਤੇ ਚਾਪਲੂਸੀ; ਨਿਮਰਤਾ ਅਤੇ ਕਮਜ਼ੋਰੀ; ਪੁਸਤਕ ਅਤੇ ਪੋਥੀ; ਪਿਆਰ ਅਤੇ ਲਾਲਸਾ ਵਿਚਲਾ ਅੰਤਰ, ਵਿਸ਼ਾਲ ਤਜਰਬੇ ਨਾਲ ਹੀ ਪਤਾ ਲੱਗਦਾ ਹੈ।

ਖਾਲੀ ਬਟੂਆ, ਮਨੁੱਖ ਨੂੰ ਇਕੱਲਿਆਂ ਕਰ ਦਿੰਦਾ ਹੈ।

ਜਿਹੜਾ ਸੌਂਹ ਖਾ ਕੇ ਕਿਸੇ ਨੂੰ ਧੋਖਾ ਦਿੰਦਾ ਹੈ, ਉਹ ਕਿਸੇ ਮਨੁੱਖ ਤੋਂ ਡਰਦਾ ਹੁੰਦਾ ਹੈ, ਉਹ ਰੱਬ ਤੋਂ ਨਹੀਂ ਡਰਦਾ।

ਵਿਹਲਾ ਜਵਾਨ, ਪਰੇਸ਼ਾਨ ਬੁੱਢਾ ਬਣਦਾ ਹੈ।

ਜੋ ਪੜ੍ਹਾਇਆ ਜਾਂਦਾ ਹੈ, ਉਹ ਅਸੀਂ ਭੁੱਲ ਜਾਂਦੇ ਹਾਂ; ਜੋ ਸਮਝਿਆ ਜਾਂਦਾ ਹੈ, ਉਹ ਯਾਦ ਰਹਿੰਦਾ ਹੈ; ਜੋ ਪੜ੍ਹਨ ਦੇ ਨਾਲ ਸਮਝਿਆ ਵੀ ਜਾਂਦਾ ਹੈ, ਉਹ ਸਾਡਾ ਵਿਹਾਰ ਬਣ ਜਾਂਦਾ ਹੈ।

ਜੇ ਮੰਗੀ ਜਾਵੇ ਤਾਂ ਸਲਾਹ ਹੀ ਦਿਓ, ਅੰਗ-ਰੱਖਿਅਕ ਨਾ ਬਣੋ।

ਤਜਰਬਾ ਉਦੋਂ ਮਿਲਦਾ ਹੈ, ਜਦੋਂ ਜੋ ਅਸੀਂ ਚਾਹੁੰਦੇ ਹਾਂ, ਉਹ ਨਹੀਂ ਮਿਲਦਾ।

ਅਜਨਬੀਆਂ ਨਾਲ ਵੀ ਸਲੀਕੇ ਅਤੇ ਸਤਿਕਾਰ ਨਾਲ ਪੇਸ਼ ਆਉਣ ਵਾਲਾ ਵਿਅਕਤੀ, ਵਿਸ਼ਵ-ਨਾਗਰਿਕ ਹੁੰਦਾ ਹੈ।

ਜਿਸ ਵਾਸਤੇ ਅਸੀਂ ਮਰਨ ਲਈ ਵੀ ਤਿਆਰ ਹੋ ਜਾਂਦੇ ਹਾਂ, ਉਹ ਸਾਨੂੰ ਜਿਊਣਾ ਸਿਖਾਉਂਦਾ ਹੈ।

ਜਿਹੜਾ ਬੱਚਤ ਨਹੀਂ ਕਰਦਾ, ਉਸ ਦਾ ਬਚਾਓ ਨਹੀਂ ਹੁੰਦਾ।

ਲਾਪ੍ਰਵਾਹੀ ਉਹ ਜ਼ਖ਼ਮ ਵਿਖਾਉਂਦੀ ਹੈ, ਜਿਹੜੇ ਸਾਵਧਾਨੀ ਨਾਲ ਰੋਕੇ ਜਾ ਸਕਦੇ ਸਨ।

ਮਨੁੱਖ ਭਾਵੇਂ ਕਿਤਨਾ ਵੀ ਭੁੱਖਾ ਹੋਵੇ, ਉਹ ਦੋਵੇਂ ਹੱਥਾਂ ਨਾਲ ਨਹੀਂ ਖਾਂਦਾ।

ਨਿਮਰਤਾ, ਸੁੰਦਰਤਾ ਦਾ ਲੱਛਣ ਹੈ, ਪਰ ਜੇ ਇਹ ਤਾਕਤਵਰਾਂ ਵਿਚ ਹੋਵੇ ਤਾਂ ਇਹ ਚਮਕਦੀ ਵੀ ਹੈ।

ਸੰਪੂਰਣਤਾ, ਪਰਮਾਤਮਾ ਦਾ ਲੱਛਣ ਹੈ; ਮਨੁੱਖਤਾ ਦਾ ਗੁਣ ਨਹੀਂ।

ਆਪਣੇ ਆਪ ਨਾਲ ਮੁਕਾਬਲਾ ਕਰਨ ਵਾਲੇ, ਹਰ ਰੋਜ਼ ਲੰਘ ਗਏ ਕੱਲ੍ਹ ਨਾਲੋਂ ਚੰਗੇਰੀ ਜ਼ਿੰਦਗੀ ਜਿਉਂਦੇ ਹਨ।

ਯੋਗਤਾ ਨਾਲ ਜੇ ਸਫ਼ਲਤਾ ਨਹੀਂ ਮਿਲ ਰਹੀ ਤਾਂ ਮਿਹਨਤ ਨਾਲ ਸਫ਼ਲ ਹੋਣ ਦਾ ਯਤਨ ਕਰੋ।

ਨੌਕਰੀ ਦੌਰਾਨ ਚੰਗੇ ਕੰਮ ਕਰਨ ਵਾਲੇ, ਭਾਵੇਂ ਸੇਵਾ ਮੁਕਤ ਹੋ ਜਾਂਦੇ ਹਨ, ਪਰ ਉਨ੍ਹਾਂ ਦੇ ਚੰਗੇ ਕੰਮ, ਸੇਵਾ-ਮੁਕਤ ਹੋਣ ਉਪਰੰਤ ਵੀ ਜਾਰੀ ਰਹਿੰਦੇ ਹਨ।

ਜੇ ਤੁਸੀਂ ਕੁਝ ਅਜਿਹਾ ਕਹੋਗੇ, ਜੋ ਨਹੀਂ ਕਹਿਣਾ ਚਾਹੀਦਾ; ਤਾਂ ਕੁਝ ਅਜਿਹਾ ਸੁਣਨਾ ਵੀ ਪਏਗਾ, ਜੋ ਤੁਸੀਂ ਸੁਣਨਾ ਨਹੀਂ ਚਾਹੋਗੇ।

ਤੁਹਾਨੂੰ ਜੇ ਕੋਈ ਪਿਆਰ ਕਰਦਾ ਹੈ ਤਾਂ ਤੁਹਾਨੂੰ ਕਿਸੇ ਹੋਰ ਚੀਜ਼ ਦੀ ਲੋੜ ਨਹੀਂ; ਜੇ ਤੁਹਾਨੂੰ ਕੋਈ ਵੀ ਪਿਆਰ ਨਹੀਂ ਕਰਦਾ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ ਕੋਲ ਕੀ-ਕੀ ਹੈ।

ਜਿਹੜਾ ਸਮਾਜ ਗਰੀਬਾਂ ਦੀ ਭਲਾਈ ਨਹੀਂ ਕਰੇਗਾ, ਉਹ ਅਮੀਰਾਂ ਦੀ ਰੱਖਿਆ ਵੀ ਨਹੀਂ ਕਰ ਸਕੇਗਾ।

ਕੋਈ ਵੀ ਨੌਕਰੀ ਦਿਲਚਸਪ ਨਹੀਂ ਹੁੰਦੀ, ਇਸ ਦੇ ਅਕੇਵੇਂ ਕਰਕੇ ਹੀ ਤਨਖਾਹ ਮਿਲਦੀ ਹੈ।

ਕੁਝ ਪਲਾਂ ਦੇ ਗੁੱਸੇ ਤੋਂ ਬਚੋ, ਮਹੀਨਿਆਂ ਦੇ ਦੁੱਖ ਤੋਂ ਬਚ ਜਾਓਗੇ।

ਜਿਸ ਦਾ ਅਸੀਂ ਸੁਪਨਾ ਨਹੀਂ ਵੇਖਦੇ, ਉਸ ਨੂੰ ਕੰਮ ਕਹਿੰਦੇ ਹਨ।

ਸਮਾਜ-ਸੁਧਾਰ ਦਾ ਸਭ ਤੋਂ ਵੱਧ ਰੌਲਾ ਪਾਉਣ ਵਾਲੇ, ਸਮਾਜ-ਸੁਧਾਰ ਵਿਚ ਸਭ ਤੋਂ ਘੱਟ ਦਿਲਚਸਪੀ ਲੈਂਦੇ ਹਨ।

ਸਰਕਾਰ ਕਿਸੇ ਦੀ ਵੀ ਬਣੇ, ਚਾਪਲੂਸ ਉਹੀ ਰਹਿੰਦੇ ਹਨ।

ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿਸ ਨੂੰ ਪਿਆਰ ਕਰਦੇ ਹੋ, ਮਹੱਤਵਪੂਰਨ ਇਹ ਹੈ ਕਿ ਤੁਸੀਂ ਪਿਆਰ ਕਰਦੇ ਹੋ।

ਰਾਜਨੀਤੀ ਵਿਚ ਦੋਸਤੀਆਂ, ਕਿਸੇ ਨੂੰ ਨਫ਼ਰਤ ਕਰਨ ਦੀ ਸਾਂਝ ਵਿਚੋਂ ਉਪਜਦੀਆਂ ਹਨ।

ਆਪਣੀਆਂ ਚੀਜ਼ਾਂ ਨਾਲ ਪ੍ਰਸੰਨ ਹੋਣ ਦੀ ਥਾਂ, ਮਨੁੱਖ ਦੂਜਿਆਂ ਦੀਆਂ ਚੀਜ਼ਾਂ ਵੇਖ ਕੇ, ਦੁਖੀ ਹੋਣ ਵਿਚ ਮਾਹਿਰ ਹੁੰਦਾ ਹੈ।

ਸਫ਼ਲਤਾ ਦੀ ਧੁੱਪ ਵਿਚ, ਚਰਿੱਤਰ ਅਕਸਰ ਪਿਘਲ ਜਾਂਦਾ ਹੈ।

ਜੇ ਤੁਸੀਂ ਬੈਂਕ ਦੇ ਹਜ਼ਾਰਾਂ-ਲੱਖਾਂ ਦੇਣੇ ਹਨ ਤਾਂ ਤੁਸੀਂ ਮੁਸੀਬਤ ਵਿਚ ਹੋਵੋਗੇ; ਜੇ ਤੁਸੀਂ ਕਰੋੜਾਂ ਦੇਣੇ ਹਨ ਤਾਂ ਬੈਂਕ ਮੁਸੀਬਤ ਵਿਚ ਹੋਵੇਗਾ।

ਜੇ ਤੁਸੀਂ ਆਪਣੇ ਆਪ ਨੂੰ ਮੂਰਖ ਸਮਝਦੇ ਹੋ ਤਾਂ ਕੋਈ ਨਹੀਂ ਕਹੇਗਾ ਕਿ ਤੁਸੀਂ ਗਲਤ ਸੋਚਦੇ ਹੋ।

ਤੁਹਾਡੀ ਪ੍ਰਸੰਸਾ ਜੇ ਭੀੜ ਕਰਦੀ ਹੈ ਤਾਂ ਤੁਸੀਂ ਗਲਤ ਰਸਤੇ 'ਤੇ ਹੋ।

ਪਹੁੰਚਣਾ ਹੀ ਜ਼ਰੂਰੀ ਨਹੀਂ ਹੁੰਦਾ; ਸਹੀ ਥਾਂ 'ਤੇ, ਸਹੀ ਕੰਮ ਲਈ, ਵਕਤ ਸਿਰ ਪਹੁੰਚਣਾ ਜ਼ਰੂਰੀ ਹੁੰਦਾ ਹੈ।

ਖਾਧੀ ਖ਼ੁਰਾਕ ਨਹੀਂ, ਹਜ਼ਮ ਕੀਤੀ ਖ਼ੁਰਾਕ ਤਾਕਤ ਦਿੰਦੀ ਹੈ; ਕਮਾਈ ਨਾਲ ਨਹੀਂ, ਬੱਚਤ ਨਾਲ ਅਮੀਰੀ ਆਉਂਦੀ ਹੈ; ਪੜ੍ਹਨ ਨਾਲ ਨਹੀਂ, ਪੜ੍ਹੇ ਨੂੰ ਸਮਝਣ ਨਾਲ ਵਿਦਵਤਾ ਉਪਜਦੀ ਹੈ।

ਧਾਰਮਿਕ ਲੋਕ ਸੋਚਦੇ ਹਨ ਕਿ ਮਾਇਆ ਤੋਂ ਬਿਨਾਂ ਵੀ ਪ੍ਰਸੰਨ ਹੋਇਆ ਜਾ ਸਕਦਾ ਹੈ, ਪਰ ਅਜਿਹੀ ਸੋਚ ਧਾਰਮਿਕ ਸਥਾਨ ਦੇ ਅੰਦਰ ਹੀ ਸਹੀ ਹੁੰਦੀ ਹੈ।

ਜਵਾਨੀ ਵਿਚ ਮਨੁੱਖ ਸੰਸਾਰ ਨੂੰ ਬਦਲਣਾ ਚਾਹੁੰਦਾ ਹੈ; ਬੁਢਾਪੇ ਵਿਚ ਉਹ ਜਵਾਨਾਂ ਨੂੰ ਬਦਲਣਾ ਚਾਹੁੰਦਾ ਹੈ, ਪਰ ਨਾ ਸੰਸਾਰ ਬਦਲਦਾ ਹੈ, ਨਾ ਜਵਾਨ ਬਦਲਦੇ ਹਨ।

ਕੱਲ੍ਹ ਦੇ ਸੁਪਨੇ ਨੇ, ਅੱਜ ਦੀ ਸੰਭਾਵਨਾ, ਕੱਲ੍ਹ ਦਾ ਯਥਾਰਥ ਅਤੇ ਪਰਸੋਂ ਨੂੰ ਇਤਿਹਾਸ ਬਣ ਜਾਣਾ ਹੁੰਦਾ ਹੈ।

ਗਰੀਬਾਂ 'ਤੇ ਹੱਸਣਾ ਸੌਖਾ ਹੁੰਦਾ ਹੈ, ਪਰ ਅਮੀਰਾਂ ਨਾਲ ਹੱਸਣਾ ਸੌਖਾ ਨਹੀਂ ਹੁੰਦਾ।

ਨਿਰਸੁਆਰਥ ਹੋਏ ਬਿਨਾਂ, ਮਸਲੇ ਦੇ ਦੋਵੇਂ ਪੱਖ ਨਹੀਂ ਵਿਚਾਰੇ ਜਾ ਸਕਦੇ।

ਝਿਜਕ ਤੋਂ ਬਿਨਾਂ ਦੇਣਾ, ਪਛਤਾਵੇ ਤੋਂ ਬਿਨਾਂ ਗੁਆਉਣਾ, ਬੇਈਮਾਨੀ ਤੋਂ ਬਿਨਾਂ ਕਮਾਉਣਾ, ਬੜੇ ਵੱਡੇ ਗੁਣ ਹੁੰਦੇ ਹਨ।

ਹਮਦਰਦੀ ਅਤੇ ਮਿਹਰਬਾਨੀ ਵਾਲੀ ਅਵਾਜ਼ ਨੀਵੀਂ ਹੁੰਦੀ ਹੈ, ਪਰ ਇਸ ਦਾ ਪ੍ਰਭਾਵ ਬੜਾ ਉੱਚਾ ਹੁੰਦਾ ਹੈ।

ਕੰਮ ਕਰਨ ਦੀ ਕੇਵਲ ਮਰਜ਼ੀ ਨਾਲ, ਕੰਮ ਨਹੀਂ ਹੋਣਗੇ; ਕੰਮ, ਕੰਮ ਕਰਨ ਨਾਲ ਹੀ ਹੋਣਗੇ।

ਆਗੂ ਦੋ ਕਿਸਮ ਦੇ ਹੁੰਦੇ ਹਨ: ਗੱਦੀਆਂ 'ਤੇ ਬਹਿਣ ਵਾਲੇ, ਉਨ੍ਹਾਂ ਨੂੰ ਗੱਦੀਆਂ ਤੋਂ ਲਾਹੁਣ ਵਾਲੇ।

ਹੱਸਣ ਮਗਰੋਂ ਚਿਹਰਾ ਪੂੰਝਣਾ ਨਹੀਂ ਪੈਂਦਾ, ਰੋਣ ਮਗਰੋਂ ਧੋਣਾ ਵੀ ਪੈਂਦਾ ਹੈ।

ਪਿਆਰ ਸਧਾਰਨ ਇਸਤਰੀਆਂ ਹੀ ਕਰਦੀਆਂ ਹਨ; ਬਹੁਤ ਸੁੰਦਰ ਇਸਤਰੀਆਂ ਕੋਲ, ਹੋਰ ਸੁੰਦਰ ਬਣਨ ਵਿਚ ਰੁਝੀਆਂ ਰਹਿਣ ਕਾਰਨ, ਕਿਸੇ ਨੂੰ ਪਿਆਰ ਕਰਨ ਲਈ ਸਮਾਂ ਹੀ ਨਹੀਂ ਹੁੰਦਾ।

ਜਿਹੜਾ ਕਿਸੇ ਸਮੱਸਿਆ ਦਾ ਝੱਟ-ਪੱਟ ਹੱਲ ਸੁਝਾ ਦਿੰਦਾ ਹੈ, ਉਸ ਨੇ ਸਮੱਸਿਆ ਸਮਝੀ ਹੀ ਨਹੀਂ ਹੁੰਦੀ।

ਵਿਸ਼ਵਾਸ ਨਾਲ ਮਨ ਬੰਦ ਹੋ ਜਾਂਦਾ ਹੈ; ਕਿੰਤੂ-ਪ੍ਰੰਤੂ ਨਾਲ ਇਹ ਖੁੱਲ੍ਹਾ ਰਹਿੰਦਾ ਹੈ।

ਖੇਡ ਕੋਈ ਹੋਵੇ, ਦੋ ਵੇਲਿਆਂ 'ਤੇ ਸਵੈ-ਕਾਬੂ ਬਣਾਈ ਰੱਖਣ ਦੀ ਬੜੀ ਲੋੜ ਹੁੰਦੀ ਹੈ; ਜਿੱਤਣ ਵੇਲੇ ਅਤੇ ਹਾਰਨ ਵੇਲੇ।

ਤੂਫ਼ਾਨ ਸਾਬਤ ਕਰਦੇ ਹਨ ਕਿ ਟੁੱਟਣ ਨਾਲੋਂ ਝੁਕਣਾ ਸਿਆਣਪ ਦਾ ਸਬੂਤ ਹੁੰਦਾ ਹੈ।

ਜ਼ਿੰਦਗੀ ਸਾਰੀਆਂ ਗਲਤੀਆਂ ਕਰਨ ਦੀ ਮੋਹਲਤ ਨਹੀਂ ਦਿੰਦੀ, ਸੋ ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਣ ਦੀ ਜਾਚ ਵੀ ਆਉਣੀ ਚਾਹੀਦੀ ਹੈ।

ਅੱਖਾਂ ਦੀ ਮਲੂਕ ਤੱਕਣੀ, ਜ਼ਬਾਨ ਦੇ ਧੀਮੇ ਬੋਲ, ਹੱਥਾਂ ਦੀ ਸੂਖਮ ਛੋਹ; ਹਰ ਕਿਸੇ 'ਤੇ ਜਾਦੂ ਕਰਦੀ ਹੈ।

ਸਕੂਲ-ਕਾਲਜ ਸਬਕ ਸਿੱਖਣ ਲਈ ਹੁੰਦੇ ਹਨ, ਇਥੇ ਸਬਕ ਸਿੱਖਣੇ ਹੀ ਚਾਹੀਦੇ ਹਨ; ਇਥੇ ਕਿਸੇ ਨੂੰ ਸਬਕ ਸਿਖਾਉਣੇ ਨਹੀਂ ਚਾਹੀਦੇ।

ਜੋ ਚੀਜ਼ ਵਰਤਣੀ ਨਹੀਂ, ਕਦੇ ਵਰਤੀ ਨਹੀਂ, ਉਹ ਭਾਵੇਂ ਮੁਫ਼ਤ ਮਿਲੇ, ਨਾ ਲਓ।

ਸਫ਼ਲ ਹੋਵੋ ਨਾ ਹੋਵੋ, ਪਰ ਸਫ਼ਲ ਹੋਣ ਲਈ ਪੂਰਾ ਯਤਨ ਕਰਨ ਵਿਚ ਜ਼ਰੂਰ ਸਫ਼ਲ ਹੋਵੋ।

ਜਦੋਂ ਵਿਰੋਧੀ ਗਲਤੀ ਕਰ ਰਿਹਾ ਹੋਵੇ ਤਾਂ ਵਿਘਨ ਨਾ ਪਾਓ।

ਕਈ ਵਾਰੀ ਝੂਠ ਨੂੰ ਛੁਪਾਉਣ ਲਈ ਵੀ ਸੱਚ ਬੋਲਣਾ ਪੈਂਦਾ ਹੈ।

ਕੁੱਟ ਖਾਧੀ ਜਾ ਸਕਦੀ ਹੈ, ਪਰ ਥੱਪੜ ਬਰਦਾਸ਼ਤ ਨਹੀਂ ਹੁੰਦਾ।

ਕੁਦਰਤ ਨੇ ਸਾਨੂੰ ਚਿਹਰਾ ਦਿੱਤਾ ਹੈ; ਇਸ ਨੂੰ ਆਪਣੇ ਕਾਰਜਾਂ ਨਾਲ ਪ੍ਰਭਾਵਸ਼ਾਲੀ ਬਣਾਉਣ ਦੀ ਜ਼ਿੰਮੇਵਾਰੀ ਸਾਡੀ ਹੈ।

ਅੰਕਲ ਭਾਵੇਂ ਸੈਂਕੜੇ ਹੋਣ, ਉਹ ਇਕ ਪਿਤਾ ਦੇ ਬਰਾਬਰ ਨਹੀਂ ਹੋ ਸਕਦੇ; ਮਾਸੀਆਂ ਭਾਵੇਂ ਦਰਜਨਾਂ ਹੋਣ, ਬੰਦਾ ਲੱਭਦਾ ਮਾਂ ਨੂੰ ਹੀ ਹੈ।

ਪਹਿਲਾਂ ਆਪ ਜਿਊਣਾ ਸਿੱਖੋ; ਉਪਦੇਸ਼ ਮਗਰੋਂ ਦੇਣਾ।

ਕੇਵਲ ਗਰੀਬ ਹੀ ਜਾਣਦੇ ਹਨ ਕਿ ਹੋਰਾਂ ਨਾਲ ਵੰਡਣ ਅਤੇ ਲੋੜਵੰਦਾਂ ਨੂੰ ਦੇਣ ਦਾ ਕਿਤਨਾ ਆਨੰਦ ਹੁੰਦਾ ਹੈ।

ਜਿਹੜਾ ਤੁਹਾਡੇ ਉਨ੍ਹਾਂ ਗੁਣਾਂ ਦੀ ਪ੍ਰਸੰਸਾ ਕਰਦਾ ਹੈ, ਜਿਹੜੇ ਤੁਹਾਡੇ ਵਿਚ ਹਨ ਹੀ ਨਹੀਂ; ਕੁਝ ਅਰਸੇ ਮਗਰੋਂ, ਉਹ ਤੁਹਾਨੂੰ ਉਨ੍ਹਾਂ ਨੁਕਸਾਂ ਕਰਕੇ ਭੰਡੇਗਾ, ਜਿਹੜੇ ਤੁਹਾਡੇ ਵਿਚ ਕਦੇ ਸਨ ਹੀ ਨਹੀਂ।

ਪਿਆਰ ਦਾ ਵਿਸ਼ਲੇਸ਼ਣ ਕਰਨ ਵਾਲਿਆਂ ਨੂੰ ਕੋਈ ਪਿਆਰ ਨਹੀਂ ਕਰਦਾ।

ਰੋਜ਼ਗਾਰ ਲੱਭਣ ਵਾਲੇ ਰੋਜ਼ਗਾਰ ਹੀ ਲੱਭਦੇ ਹਨ; ਜ਼ਰੂਰੀ ਨਹੀਂ ਕਿ ਉਹ ਕੰਮ ਵੀ ਲੱਭਦੇ ਹੋਣ।

ਕਿਸੇ ਸਥਿਤੀ, ਵਸਤ ਜਾਂ ਵਿਅਕਤੀ ਨੂੰ ਬਰਦਾਸ਼ਤ ਕੀਤੇ ਬਿਨਾਂ, ਉਸ ਨੂੰ ਬਦਲਣ ਬਾਰੇ ਸੋਚਿਆ ਨਹੀਂ ਜਾ ਸਕਦਾ।

ਦੂਜਿਆਂ ਦੇ ਔਗੁਣ ਗਿਣਨ ਨਾਲ ਆਪਣੇ ਗੁਣ ਨਹੀਂ ਵਧਦੇ।

ਸ਼ਰਾਫ਼ਤ ਬੜੀ ਸ਼ਕਤੀਸ਼ਾਲੀ ਹੁੰਦੀ ਹੈ; ਕਿਉਂਕਿ ਇਹ ਮਜ਼ਬੂਤ ਚਰਿੱਤਰ ਦੀ ਸ਼ਕਤੀ 'ਤੇ ਉਸਰੀ ਹੁੰਦੀ ਹੈ।

ਪ੍ਰਸੰਸਾ ਨਾਲ, ਚੰਗੇ, ਹੋਰ ਚੰਗੇ ਅਤੇ ਭੈੜੇ, ਹੋਰ ਭੈੜੇ ਬਣ ਜਾਂਦੇ ਹਨ।

ਸੁਸਤ ਬੰਦਿਆਂ ਦੀ ਦਿਲਚਸਪੀ ਕੱਲ੍ਹ ਵਿਚ ਹੁੰਦੀ ਹੈ; ਲੰਘ ਗਏ ਕੱਲ੍ਹ ਵਿਚ ਅਤੇ ਆਉਣ ਵਾਲੇ ਕੱਲ੍ਹ ਵਿਚ।

ਆਪਣੇ ਪਰਿਵਾਰ ਦੀ ਤਸਵੀਰ ਕੰਮ ਵਾਲੇ ਮੇਜ਼ 'ਤੇ ਰੱਖੋ; ਤਸਵੀਰ ਯਾਦ ਕਰਾਏਗੀ ਕਿ ਜੀਵਨ ਵਿਚ ਕੰਮ ਹੀ ਸਭ ਕੁਝ ਨਹੀਂ ਹੁੰਦਾ।

ਅਸੀਂ ਪਾਲਦੇ ਬੱਚਿਆਂ ਨੂੰ ਹਾਂ, ਪਰ ਵੱਡੇ ਆਪ ਹੋਈ ਜਾਂਦੇ ਹਾਂ।

ਬਹਾਨੇ ਲਾਉਣੇ ਅਤੇ ਹੋਰਾਂ ਵਿਚ ਨੁਕਸ ਕੱਢਣੇ ਬੰਦ ਕਰਨ ਨਾਲ, ਕੁਝ ਹੀ ਦਿਨਾਂ ਵਿਚ ਕਮਾਲ ਦੇ ਬੰਦੇ ਬਣਿਆ ਜਾ ਸਕਦਾ ਹੈ।

ਅਫ਼ਸਰ ਕਹਿੰਦਾ ਹੈ: ਜਾਓ! ਆਗੂ ਕਹਿੰਦਾ ਹੈ: ਆਓ ਚੱਲੀਏ!

ਜੇ ਇੱਛਾਵਾਂ ਨਹੀਂ ਤਿਆਗੀਆਂ ਤਾਂ ਚੀਜ਼ਾਂ-ਵਸਤਾਂ ਦਾ ਤਿਆਗ, ਝੂਠਾ ਤਿਆਗ ਸਾਬਤ ਹੋਵੇਗਾ।

ਚੰਗੀਆਂ ਇਸਤਰੀਆਂ ਨਾ ਕੇਵਲ ਚੰਗੀਆਂ ਪਤਨੀਆਂ ਬਣਦੀਆਂ ਹਨ, ਉਹ ਚੰਗੇ ਪਤੀ ਵੀ ਬਣਾਉਂਦੀਆਂ ਹਨ।

ਕਿਸੇ ਦੀ ਬੋਲ-ਬਾਣੀ, ਉਸ ਦੀ ਦਿਮਾਗੀ ਤਸਵੀਰ ਹੁੰਦੀ ਹੈ।

ਬਹੁਤ ਉਦਾਸ ਹੋ, ਦਾਦੀ ਕੋਲ ਜਾਓ, ਧਰਵਾਸ ਮਿਲੇਗੀ; ਜੇ ਦਾਦੀ ਨਹੀਂ ਤਾਂ ਮਾਂ ਕੋਲ ਬੈਠੋ, ਉਤਸ਼ਾਹ ਮਿਲੇਗਾ।

ਸੌਖੇ ਹੋ ਕੇ, ਔਖੇ ਕੰਮ ਨਹੀਂ ਕੀਤੇ ਜਾ ਸਕਦੇ।

ਕਈ ਉੱਚੇ ਅਹੁਦਿਆਂ 'ਤੇ ਕੇਵਲ ਰਿਸ਼ਵਤ ਲੈਣ ਲਈ ਹੀ ਲੱਗਦੇ ਹਨ।

ਵਿਦਵਾਨ ਜਾਣਦਾ ਹੈ ਕਿ ਕੀ ਕਹਿਣਾ ਹੈ; ਸਿਆਣਾ ਅਤੇ ਨਿਪੁੰਨ ਵਿਅਕਤੀ ਜਾਣਦਾ ਹੈ ਕਿ ਕੁਝ ਕਹਿਣਾ ਹੈ ਜਾਂ ਚੁੱਪ ਹੀ ਰਹਿਣਾ ਹੈ।

ਬਹੁਤਾ ਖਰੀਦਣ ਨਾਲ ਆਰਥਿਕਤਾ ਸੁਧਰਦੀ ਹੈ; ਘੱਟ ਖਰੀਦਣ ਨਾਲ ਮਾਨਸਿਕਤਾ ਸੁਧਰਦੀ ਹੈ।

ਦੂਜਿਆਂ ਨੂੰ ਨਫ਼ਰਤ ਕਰਨ ਵਾਲਿਆਂ ਕੋਲ, ਆਪ ਵਿਕਾਸ ਕਰਨ ਦਾ ਸਮਾਂ ਹੀ ਨਹੀਂ ਹੁੰਦਾ।

ਪਿੱਠ ਥਾਪੜਾ ਦੇਣ ਲਈ ਹੁੰਦੀ ਹੈ; ਛੁਰਾ ਮਾਰਨ ਲਈ ਨਹੀਂ।

ਬਹੁਤੇ ਲੋਕ ਪੜ੍ਹਦੇ ਹੀ ਹਨ, ਕੁਝ ਲਿਖਦੇ ਵੀ ਹਨ, ਕੋਈ-ਕੋਈ ਹੀ ਸੋਚਦਾ ਹੈ।

ਪੁਰਸ਼, ਇਸਤਰੀ ਨਾਲ ਤਿੰਨ ਢੰਗਾਂ ਨਾਲ ਪੇਸ਼ ਆਉਂਦਾ ਹੈ: ਪਿਆਰ ਕਰਦਾ ਹੈ, ਤੰਗ ਕਰਦਾ ਹੈ, ਨਜ਼ਰ-ਅੰਦਾਜ਼ ਕਰਦਾ ਹੈ।

'ਚਾਹੀਦਾ ਹੈ' ਅਸੀਂ ਦੂਜਿਆਂ ਲਈ ਹੀ ਵਰਤਦੇ ਹਾਂ।

ਜਿਹੜੇ ਹਰ ਵੇਲੇ ਤਲਵਾਰ ਚੁੱਕੀ ਫਿਰਦੇ ਹਨ, ਉਹ ਗੋਲੀ ਨਾਲ ਮਾਰੇ ਜਾਂਦੇ ਹਨ।

ਖੁੰਢੇ ਦਿਮਾਗ ਬਹੁਗਿਣਤੀ ਵਾਂਗ ਸੋਚਦੇ ਹਨ; ਤਿੱਖੇ ਦਿਮਾਗ ਘੱਟ ਗਿਣਤੀ ਵਾਂਗ ਸੋਚਦੇ ਹਨ; ਉੱਤਮ ਦਿਮਾਗ ਹਰ ਕਿਸੇ ਤੋਂ ਵੱਖਰਾ ਸੋਚਦੇ ਹਨ।

ਵਕਤ ਦੀ ਬਲੈਕ-ਮਾਰਕੀਟ ਨਹੀਂ ਹੁੰਦੀ।

ਆਲੋਚਨਾ ਨਾਲ ਚਿੜ੍ਹਨ ਵਾਲਾ, ਸਾਬਤ ਕਰਦਾ ਹੈ ਕਿ ਆਲੋਚਨਾ ਸਹੀ ਹੈ।

ਵਿਆਹ ਨਾਲ ਅਧਿਕਾਰ ਅੱਧੇ ਅਤੇ ਕਰਤੱਵ ਦੁੱਗਣੇ ਹੋ ਜਾਂਦੇ ਹਨ।

ਇਕ ਮਿੰਟ ਵਕਤ ਦੀ ਕੀਮਤ, ਉਹੀ ਜਾਣਦਾ ਹੈ, ਜਿਸ ਦੀ ਇਕ ਮਿੰਟ ਪਹਿਲਾਂ ਗੱਡੀ ਲੰਘ ਗਈ ਹੋਵੇ।

ਦਿਮਾਗ, ਸਮੱਸਿਆਵਾਂ ਸੁਲਝਾਉਣ ਦਾ ਕੇਂਦਰੀ ਅਦਾਰਾ ਹੁੰਦਾ ਹੈ।

ਸ਼ੀਲਾ, ਊਸ਼ਾ, ਬਿਮਲਾ ਅਤੇ ਕਾਂਤਾ ਇਕ-ਦੂਜੀ ਨੂੰ ਸ਼ੀਲਾ, ਊਸ਼ਾ, ਬਿਮਲਾ ਆਦਿ ਹੀ ਬੁਲਾਉਣਗੀਆਂ, ਪਰ ਸਰਮੁਖ, ਸੁਰਿੰਦਰ, ਮੁਨੀਸ਼, ਬਿਕਰਮ ਇਕ ਦੂਜੇ ਨੂੰ ਮੋਟਾ, ਡੱਬੂ, ਗੜਵਾ, ਘੋਗਾ ਆਦਿ ਕਹਿ ਕੇ ਬੁਲਾਉਣਗੇ।

ਜੇ ਜੇਬ ਵਿਚ ਪੈਸੇ ਹੋਣ ਤਾਂ ਬੰਦਾ ਆਪਣੇ ਆਪ ਨੂੰ ਸੋਹਣਾ ਹੀ ਨਹੀਂ, ਸਿਆਣਾ ਵੀ ਸਮਝਦਾ ਹੈ।

ਜਿਤਨੀ ਪ੍ਰਸੰਸਾ ਸੁਣਨੀ ਸੌਖੀ ਹੁੰਦੀ ਹੈ; ਉਤਨੀ ਕਰਨੀ ਸੌਖੀ ਨਹੀਂ ਹੁੰਦੀ।

ਮਿਹਨਤੀ ਬੰਦੇ ਹੀ ਆਪਣੇ ਆਪ ਨੂੰ ਸੁਧਾਰਦੇ ਹਨ, ਨਿਕੰਮਿਆਂ ਅਤੇ ਕੰਮ-ਚੋਰਾਂ ਦਾ ਬਿਨਾਂ ਸੁਧਰੇ ਹੀ ਸਰੀ ਜਾਂਦਾ ਹੈ।

ਜਦੋਂ ਵੀ ਕਿਸੇ ਮਹੱਤਵਪੂਰਨ ਵਿਅਕਤੀ ਨੂੰ ਮਿਲੋ, ਹੱਥ ਮਿਲਾਉਣ ਵੇਲੇ ਆਪਣਾ ਨਾਂ ਦੱਸੋ; ਇਹ ਭਰਮ ਨਾ ਪਾਲੋ ਕਿ ਉਹ ਤੁਹਾਨੂੰ ਪਹਿਲਾਂ ਹੀ ਜਾਣਦਾ ਹੋਵੇਗਾ।

ਸੱਚਾਈ ਦਾ ਤੀਰ ਛੱਡਣ ਤੋਂ ਪਹਿਲਾਂ, ਇਸ ਨੂੰ ਸ਼ਹਿਦ ਵਿਚ ਡੁਬੋ ਲੈਣਾ ਚਾਹੀਦਾ ਹੈ।

ਡੰਡੇ ਦੇ ਜ਼ੋਰ ਨਾਲ, ਇੱਜ਼ਤ ਸੰਭਵ ਨਹੀਂ ਹੁੰਦੀ; ਡੰਡਾ ਨਫ਼ਰਤ ਹੀ ਉਪਜਾਉਂਦਾ ਹੈ।

ਨਿਸ਼ਾਨਾ ਉੱਚਾ ਹੋਣਾ ਚਾਹੀਦਾ ਹੈ, ਅਦਿੱਖ ਨਹੀਂ ਹੋਣਾ ਚਾਹੀਦਾ।

ਮਨੁੱਖ ਦੇ ਜਿਉਂਦੇ ਰਹਿਣ ਵਾਸਤੇ, ਅਰਾਮ ਕਰਨ ਵਾਸਤੇ, ਥਕਾਵਟ ਲਾਹੁਣ ਵਾਸਤੇ, ਸੁਪਨੇ ਵੇਖਣ ਵਾਸਤੇ, ਰਾਤ ਦਾ ਹਨੇਰਾ ਬੜਾ ਜ਼ਰੂਰੀ ਹੁੰਦਾ ਹੈ।

ਦੂਜਿਆਂ ਦੀ ਨਿੰਦਾ, ਆਪਣੀ ਪ੍ਰਸੰਸਾ ਕਰਨ ਦਾ ਲੁਕਵਾਂ ਢੰਗ ਹੁੰਦੀ ਹੈ।

ਸਮਾਗਮ ਵਿਚ ਸ਼ਗਨ ਆਪਣੀ ਹੈਸੀਅਤ ਅਨੁਸਾਰ ਪਾਓ, ਲੈਣ ਵਾਲੇ ਦੀ ਹੈਸੀਅਤ ਅਨੁਸਾਰ ਨਹੀਂ।

ਭਾਸ਼ਾ ਨੂੰ ਆਮ-ਲੋਕ ਸਿਰਜਦੇ ਹਨ; ਗਿਆਨ ਨੂੰ ਵਿਸ਼ੇਸ਼ ਵਰਗ ਸਿਰਜਦਾ ਹੈ।

ਬਹੁਤ ਸਖ਼ਤ ਮਾਪਿਆਂ ਦੇ ਬੱਚੇ ਅਤੇ ਅਧਿਆਪਕਾਂ ਦੇ ਵਿਦਿਆਰਥੀ, ਇਨ੍ਹਾਂ ਪ੍ਰਤੀ ਆਪਣਾ ਵਿਰੋਧ, ਲਾਪ੍ਰਵਾਹ ਹੋ ਕੇ ਪ੍ਰਗਟਾਉਂਦੇ ਹਨ।

ਜਦੋਂ ਬੰਦਾ ਬਹੁਤ ਉੱਚਾ ਹੋ ਜਾਂਦਾ ਹੈ ਤਾਂ ਉਹ ਕਿਸੇ ਦੇ ਗਲ ਨਹੀਂ ਲੱਗ ਸਕਦਾ।

ਜਦੋਂ ਸਮਾਜ ਅਤੇ ਸੰਸਾਰ ਵਿਚ ਦੁੱਖ ਵਧਦਾ ਹੈ ਤਾਂ ਹਰ ਕਿਸੇ ਦੇ ਹਿੱਸੇ ਕੁਝ ਨਾ ਕੁਝ ਦੁੱਖ ਜ਼ਰੂਰ ਆਉਂਦਾ ਹੈ।

ਨਾਸਤਕ, ਆਸਤਕਾਂ ਨੂੰ ਵੇਖ ਕੇ ਕਹਿੰਦੇ ਹਨ: ਵਿਚਾਰੇ!
ਆਸਤਕ, ਨਾਸਤਕਾਂ ਨੂੰ ਵੇਖ ਕੇ ਕਹਿੰਦੇ ਹਨ: ਅਭਾਗੇ!

ਪਿਤਾ ਵਿਰੁੱਧ, ਵਿਦਵਾਨ ਦਾ ਪੁੱਤਰ ਪੜ੍ਹਾਈ ਛੱਡ ਕੇ; ਪੁਜਾਰੀ ਦਾ ਪੁੱਤਰ ਸ਼ਰਾਬ ਪੀ ਕੇ; ਕੰਜੂਸ ਦਾ ਪੁੱਤਰ ਪੈਸੇ ਲੁਟਾ ਕੇ; ਬਾਣੀਏ ਦਾ ਪੁੱਤਰ ਸ਼ਾਇਰ ਬਣ ਕੇ; ਡਾਕਟਰ ਦਾ ਪੁੱਤਰ ਨਸ਼ਿਆਂ ਦਾ ਰੋਗੀ ਹੋ ਕੇ; ਆਪਣਾ ਵਿਰੋਧ ਪ੍ਰਗਟਾਏਗਾ।

ਜਵਾਈ ਲਈ ਸਹੁਰਾ ਘਰ ਸਵਰਗ ਹੀ ਤਾਂ ਹੁੰਦਾ ਹੈ, ਪਰ ਉਥੇ ਉਸ ਦਾ ਦਿਲ ਨਹੀਂ ਲੱਗਦਾ।

ਕਈ ਨਿਰਾ ਖੜਾਕ ਹੁੰਦੇ ਹਨ, ਕਈ ਨਿਰਾ ਰੌਲਾ, ਕਈ ਨਿਰੋਲ ਖਲਲ ਅਤੇ ਕਈ ਸ਼ੁੱਧ ਪਰੇਸ਼ਾਨੀ।

ਹਥੌੜੇ ਦੀ ਰਾਜਨੀਤੀ ਬੜੀ ਸਰਲ ਹੈ; ਜਿਥੇ ਮੇਖ ਦਾ ਸਿਰ ਵੇਖੋ, ਠੋਕ ਦਿਓ।

ਅਜੋਕੇ ਸੰਸਾਰ ਵਿਚ ਪਿਆਰ ਦੀ ਯਾਤਰਾ, ਸ਼ੁਕਰਾਨਿਆਂ ਤੋਂ ਸ਼ਿਕਵਿਆਂ ਵੱਲ ਦੀ ਯਾਤਰਾ ਹੁੰਦੀ ਹੈ; ਸ਼ੁਕਰਾਨੇ ਘਟਦੇ ਜਾਂਦੇ ਹਨ, ਸ਼ਿਕਵੇ ਵਧਦੇ ਜਾਂਦੇ ਹਨ ਅਤੇ ਵਿਛੜਨ ਦਾ ਮੁਕਾਮ ਆ ਜਾਂਦਾ ਹੈ।

ਯਾਦਾਂ ਪੁਰਾਣੀਆਂ ਅਤੇ ਆਸਾਂ ਨਵੀਆਂ ਹੀ ਚੰਗੀਆਂ ਲੱਗਦੀਆਂ ਹਨ।

ਗੱਲਬਾਤ ਵਿਚ ਗਾਲ੍ਹਾਂ ਉਹੀ ਕੱਢਦੇ ਹਨ, ਜਿਨ੍ਹਾਂ ਦੀ ਆਪਣੇ ਆਪ ਬਾਰੇ ਰਾਇ ਬੜੀ ਨੀਵੀਂ ਹੁੰਦੀ ਹੈ।

ਜਦੋਂ ਤੁਸੀਂ ਜੀਵਨ ਦਾ ਪਹਿਲਾ ਸਾਹ ਲਿਆ ਸੀ ਤਾਂ ਤੁਹਾਡੇ ਮਾਤਾ-ਪਿਤਾ ਤੁਹਾਡੇ ਕੋਲ ਸਨ; ਜਦੋਂ ਮਾਤਾ-ਪਿਤਾ ਆਖ਼ਰੀ ਸਾਹ ਲੈਣ ਤਾਂ ਤੁਸੀਂ ਉਨ੍ਹਾਂ ਦੇ ਕੋਲ ਹੋਣਾ।

ਕਿਸੇ ਦੇ ਦੁੱਖਾਂ-ਦਰਦਾਂ ਦਾ ਕੋਈ ਗਾਹਕ ਨਹੀਂ ਹੁੰਦਾ, ਸੋ ਕਿਸੇ ਥਾਂ ਇਨ੍ਹਾਂ ਦੀ ਮੁਨਾਦੀ ਕਰਨ ਦੀ ਲੋੜ ਨਹੀਂ।

ਨਿੱਕੇ ਸਿੱਕੇ ਰੌਲਾ ਪਾਉਂਦੇ ਹਨ; ਵੱਡੇ ਨੋਟ ਚੁੱਪ ਰਹਿੰਦੇ ਹਨ।

ਜਿਨ੍ਹਾਂ ਕੋਲ ਕੰਮਾਂ ਦਾ ਰੁਝੇਵਾਂ ਨਹੀਂ ਹੁੰਦਾ; ਉਹ ਐਬਾਂ ਨੂੰ ਰੁਝੇਵਾਂ ਬਣਾ ਲੈਂਦੇ ਹਨ।

ਆਪਣੇ ਆਪ ਨੂੰ ਸਿਆਣੇ ਸਮਝਣ ਦੀ ਥਾਂ, ਸਿਆਣੇ ਬਣਨ ਦਾ ਨਿਰੰਤਰ ਯਤਨ ਵਧੇਰੇ ਲਾਭਕਾਰੀ ਹੁੰਦਾ ਹੈ।

ਕਿਸੇ ਪੀੜ੍ਹੀ ਦੇ ਜਵਾਨ, ਉਪਦੇਸ਼ ਨਹੀਂ ਸੁਣਦੇ ਕਿਉਂਕਿ ਉਪਦੇਸ਼ ਨਾ ਸੁਣਨਾ, ਜਵਾਨੀ ਦਾ ਸੁਭਾਓ ਹੁੰਦਾ ਹੈ।

ਕਿਸੇ ਦੀਆਂ ਯਾਦਾਂ ਨੂੰ ਸਾਂਭਦਾ-ਸਾਂਭਦਾ ਮਨੁੱਖ, ਆਪ ਖਿੰਡ ਜਾਂਦਾ ਹੈ।

ਭਾਰਤ ਨੇ ਤਿੰਨ ਪ੍ਰਕਾਰ ਦੇ ਨਾਇਕ ਸਿਰਜੇ ਹਨ: ਸੰਤ, ਯੋਧਾ ਅਤੇ ਪ੍ਰੇਮੀ; ਮਹਾਵੀਰ ਅਤੇ ਨਾਨਕ ਸੰਤ ਸਨ; ਰਾਮ ਅਤੇ ਗੋਬਿੰਦ ਸਿੰਘ ਸੰਤ ਅਤੇ ਯੋਧਾ ਦੋਵੇਂ ਸਨ; ਕ੍ਰਿਸ਼ਨ ਸੰਤ, ਯੋਧਾ ਅਤੇ ਪ੍ਰੇਮੀ ਤਿੰਨੇ ਸੀ।

ਹਾਰ ਤੋਂ ਬਚਣ ਨੂੰ ਜਿੱਤ ਨਹੀਂ ਕਹਿੰਦੇ; ਜਿੱਤ ਵੱਖਰੇ ਢੰਗ ਨਾਲ ਲੜਨ ਅਤੇ ਜਦੋਜਹਿਦ ਕਰਨ ਦਾ ਨਾਂ ਹੁੰਦੀ ਹੈ।

ਕੋਈ ਸਮਾਂ ਸੀ, ਜਦੋਂ ਮੂਰਖਾਂ ਕੋਲ ਪੈਸਾ ਨਹੀਂ ਸੀ ਰਹਿੰਦਾ; ਹੁਣ ਕਿਸੇ ਕੋਲ ਨਹੀਂ ਰਹਿੰਦਾ।

ਕਈ ਮਾਪਿਆਂ ਦੇ ਬੱਚੇ ਹੀ, ਉਨ੍ਹਾਂ ਦੀਆਂ ਵੱਡੀਆਂ ਗਲਤੀਆਂ ਬਣ ਜਾਂਦੇ ਹਨ।

ਪੈਸਾ ਖ਼ੁਸ਼ੀਆਂ ਤਾਂ ਨਹੀਂ ਖਰੀਦ ਸਕਦਾ, ਪਰ ਇਹ ਦੁੱਖਾਂ ਨੂੰ ਸਹਿਣਯੋਗ ਜ਼ਰੂਰ ਬਣਾ ਦਿੰਦਾ ਹੈ।

ਜੇ ਕਿਸ਼ਤਾਂ 'ਤੇ ਕਾਰਾਂ ਵਿਕਣੀਆਂ ਬੰਦ ਹੋ ਜਾਣ ਤਾਂ ਸੜਕਾਂ 'ਤੇ ਟ੍ਰੈਫ਼ਿਕ ਦੀ ਸੱਮਸਿਆ ਹੱਲ ਹੋ ਸਕਦੀ ਹੈ।

ਵੱਡੀਆਂ ਗਲਤੀਆਂ ਦੀ ਮੁਆਫ਼ੀ ਮੰਗਣੀ ਹੀ ਕਾਫ਼ੀ ਨਹੀਂ ਹੁੰਦੀ; ਪਛਤਾਵਾ ਵੀ ਜ਼ਰੂਰੀ ਹੁੰਦਾ ਹੈ।

ਸਵੈ-ਪਿਆਰ, ਮਨੁੱਖ ਨੂੰ ਸਿਆਣਾ ਨਹੀਂ ਬਣਨ ਦਿੰਦਾ।

ਜੇ ਕੋਈ ਆਪਣੇ ਆਪ 'ਤੇ ਨਹੀਂ ਹੱਸ ਸਕਦਾ ਤਾਂ ਸੱਚ ਇਹ ਹੈ ਕਿ ਉਸ ਨੂੰ ਹੱਸਣਾ ਆਉਂਦਾ ਹੀ ਨਹੀਂ।

ਲਤੀਫ਼ੇ ਆਪਣੇ ਅਰਥਾਂ ਕਾਰਨ ਨਹੀਂ, ਕਹਿਣ ਦੇ ਅੰਦਾਜ਼ ਨਾਲ ਹਸਾਉਂਦੇ ਹਨ।

ਫ਼ੈਸ਼ਨ ਰਾਹੀਂ ਮਨੁੱਖ, ਨਵੀਂ ਪ੍ਰਕਾਰ ਦੀ ਜ਼ਾਤ-ਪਾਤ ਉਸਾਰਦਾ ਹੈ।

ਭਰੇ ਹੋਏ ਦਰਿਆ ਦੇ ਕਿਨਾਰੇ ਬਹੁਤਾ ਚਿਰ ਨਹੀਂ ਗੁਜ਼ਾਰਨਾ ਚਾਹੀਦਾ; ਦਰਿਆ ਵਿਚ ਕੁੱਦਣ ਦਾ ਮਨ ਕਰ ਆਉਂਦਾ ਹੈ।

ਆਪਣੇ ਪੁਰਾਣੇ ਸਕੂਲ ਜਾ ਕੇ, ਅਸੀਂ ਅਤੀਤ ਅਤੇ ਵਰਤਮਾਨ ਦਾ ਸੰਗਮ ਮਾਣਦੇ ਹਾਂ।

ਜਦੋਂ ਵੀ ਕਿਸੇ ਦੇ ਪਹਿਰਾਵੇ ਦੀ ਗੱਲ ਕੀਤੀ ਜਾਂਦੀ ਹੈ, ਉਹ ਪ੍ਰਵਾਨਗੀ-ਅਪ੍ਰਵਾਨਗੀ ਦੇ ਸੰਦਰਭ ਵਿਚ ਹੀ ਕੀਤੀ ਜਾਂਦੀ ਹੈ।

ਅਤੀਤ ਦੀ ਸੋਝੀ ਤੋਂ ਬਿਨਾਂ, ਸਮਕਾਲੀ ਘਟਨਾਵਾਂ ਦੀ ਸਮਝ ਨਹੀਂ ਪੈਂਦੀ।

ਜਿਹੜੇ ਆਪਣੇ ਕੰਮਾਂ ਨੂੰ ਮੁਲਤਵੀ ਕਰਦੇ ਹਨ, ਉਨ੍ਹਾਂ ਦੀ ਆਪਣੀ ਸਫ਼ਲਤਾ ਵਿਚ ਦਿਲਚਸਪੀ ਨਹੀਂ ਹੁੰਦੀ।

ਜੇ ਭਾਸ਼ਣ ਸੰਖੇਪ ਹੋਵੇ ਤਾਂ ਉਸ ਨੂੰ ਇਸਤਰੀਆਂ ਵੀ ਪਸੰਦ ਕਰਦੀਆਂ ਹਨ।

ਨਵੀਨਤਾ ਦੀ ਤਾਂਘ, ਅਸਲ ਵਿਚ ਪੁਰਾਣੇ ਨੂੰ ਨਵਾਂ ਰੂਪ ਪ੍ਰਦਾਨ ਕਰਨ ਦੀ ਹੀ ਤਾਂਘ ਹੁੰਦੀ ਹੈ।

ਫੈਸ਼ਨ ਵਿਚ, ਕਈ ਵਾਰੀ ਸਰੀਰ ਅਤੇ ਕਈ ਵਾਰੀ ਕੱਪੜੇ ਵਿਖਾਏ ਜਾਂਦੇ ਹਨ।

ਕਿਸੇ ਸਮਾਜ ਦੇ ਬਗ਼ਾਵਤੀ ਲੱਛਣ ਪਹਿਲਾਂ ਵਿਹਾਰ ਵਿਚ, ਮਗਰੋਂ ਲਿਬਾਸ ਵਿਚ, ਫਿਰ ਸ਼ਬਦਾਵਲੀ ਵਿਚ ਪ੍ਰਗਟ ਹੁੰਦੇ ਹਨ ਅਤੇ ਅੰਤ ਨੂੰ ਬਰਬਾਦੀ ਵਿਚ ਵਿਖਾਈ ਦਿੰਦੇ ਹਨ।

ਬੱਚਿਆਂ ਦੇ ਖਿਡੌਣੇ ਟੁੱਟਦੇ ਹਨ, ਮਾਪਿਆਂ ਦੇ ਸੁਪਨੇ ਟੁੱਟਦੇ ਹਨ।

ਪੁਰਸ਼ ਜੋ ਆਪ ਕਰਨਾ ਚਾਹੁੰਦਾ ਹੈ, ਪਰ ਡਰਦਿਆਂ ਅਕਸਰ ਕਰਦਾ ਨਹੀਂ, ਉਸ ਨੂੰ ਕਰਨ ਵਾਲੇ ਨੂੰ ਉਹ ਸਜ਼ਾ ਦਿੰਦਾ ਹੈ।

ਪਰੰਪਰਾ ਅੱਖਾਂ ਮੀਚ ਕੇ ਵੀ ਪਾਲੀ ਜਾ ਸਕਦੀ ਹੈ, ਪਰ ਪਰਿਵਰਤਨ ਲਈ ਅੱਖਾਂ ਖੋਲ੍ਹਣੀਆਂ ਪੈਣਗੀਆਂ।

ਰੱਖਿਆਤਮਕ ਪੈਂਤੜੇ ਨਾਲ ਅਸੀਂ ਅਜਿੱਤ ਹੀ ਕਹਾ ਸਕਦੇ ਹਾਂ; ਜੇਤੂ ਅਸੀਂ ਹਮਲਾਵਰੀ ਪੈਂਤੜੇ ਨਾਲ ਹੀ ਬਣਦੇ ਹਾਂ।

ਬੇਈਮਾਨ ਹੋਰਾਂ ਦਾ ਇਕ-ਦੋ ਵਾਰੀ ਹੀ ਨੁਕਸਾਨ ਕਰ ਸਕਦਾ ਹੈ, ਪਰ ਆਪਣਾ ਹਰ ਵਾਰੀ ਕਰਦਾ ਹੈ।

ਜਦੋਂ ਤਰਕ ਸਾਡੇ ਵਿਰੁੱਧ ਹੋ ਜਾਂਦਾ ਹੈ ਤਾਂ ਅਸੀਂ ਭਾਵਨਾਵਾਂ ਨੂੰ ਵਰਤਦੇ ਹਾਂ।

ਆਪਣੇ ਇਰਾਦਿਆਂ ਨੂੰ ਮਜ਼ਬੂਤ ਬਣਾਉਣ ਲਈ, ਉਨ੍ਹਾਂ ਦੀਆਂ ਜੀਵਨੀਆਂ ਪੜ੍ਹੋ, ਜਿਹੜੇ ਜੀਵਨ-ਭਰ ਜੂਝਦੇ ਰਹੇ ਅਤੇ ਸੰਸਾਰ ਲਈ ਲਾਭਕਾਰੀ ਬਣੇ ਰਹੇ।

ਸਮਾਗਮ ਕੋਈ ਹੋਵੇ, ਉਥੇ ਮਹੱਤਵਪੂਰਨ ਵਿਅਕਤੀ ਤਿੰਨ-ਚਾਰ ਹੀ ਹੁੰਦੇ ਹਨ; ਬਾਕੀਆਂ ਦਾ ਉਦੇਸ਼ ਉਨ੍ਹਾਂ ਨਾਲ ਫੋਟੋਆਂ ਖਿਚਵਾਉਣਾ ਹੁੰਦਾ ਹੈ।

ਬਹੁਤੇ ਧਾਰਮਿਕ ਵਿਅਕਤੀਆਂ ਦੀਆਂ ਸਮੱਸਿਆਵਾਂ ਮਾਨਸਿਕ ਹੁੰਦੀਆਂ ਹਨ, ਜਿਨ੍ਹਾਂ ਨੂੰ ਉਹ ਰੂਹਾਨੀ ਸਮਝਦੇ ਰਹਿੰਦੇ ਹਨ।

ਸੰਗੀਤ ਵਿਚ ਮਾਪਿਆਂ ਦੀ ਨਹੀਂ, ਆਪਣੀ ਮਿਹਨਤ ਦੀ ਕਮਾਈ ਕੰਮ ਆਉਂਦੀ ਹੈ।

ਉਦੇਸ਼ ਤੋਂ ਬਿਨਾਂ, ਘੁੰਮਣ-ਫਿਰਨ ਦਾ ਸਨਮਾਨਿਤ ਨਾਂ, ਸੈਰ-ਸਪਾਟਾ ਹੈ ਅਤੇ ਬਦਨਾਮ ਨਾਂ, ਅਵਾਰਾਗਰਦੀ ਹੈ।

ਭਾਵੇਂ ਨਕਲ ਹੀ ਕਰੋ, ਪਰ ਨਕਲ ਕੀਤੇ ਨੂੰ ਇਤਨਾ ਸੁਧਾਰੋ-ਸੰਵਾਰੋ ਕਿ ਉਹ ਤੁਹਾਡੀ ਮੌਲਿਕਤਾ ਲੱਗਣ ਲੱਗ ਪਏ।

ਮੁਆਫ਼ ਕਰਨ ਉਪਰੰਤ, ਅਸੀਂ ਮੁੜ ਜਿਊਣ ਲੱਗ ਪੈਂਦੇ ਹਾਂ।

ਮਨੁੱਖ ਨੂੰ ਉਹ ਕਦੇ ਨਹੀਂ ਮਿਲਦਾ, ਜੋ ਉਹ ਚਾਹੁੰਦਾ ਹੈ, ਪਰ ਉਹ ਕੁਝ ਜ਼ਰੂਰ ਮਿਲਦਾ ਹੈ, ਜਿਸ ਦੇ ਉਹ ਯੋਗ ਹੁੰਦਾ ਹੈ।

ਭੁੱਖ ਨੂੰ ਬਰਦਾਸ਼ਤ ਕਰਨ ਵਿਚ ਸਭ ਕੁਝ ਬਰਦਾਸ਼ਤ ਕਰਨਾ ਆ ਜਾਂਦਾ ਹੈ।

ਮਾਂਵਾਂ ਕੁਝ ਵੀ ਅਜਿਹਾ ਨਹੀਂ ਕਰਦੀਆਂ ਕਿ ਮੁਆਫ਼ੀ ਮੰਗਣ ਜਾਂ ਮੁਆਫ਼ੀ ਮੰਗਵਾਉਣ ਦੀ ਲੋੜ ਪਏ।

ਸ਼ੌਕ, ਰੋਜ਼ਗਾਰ ਪ੍ਰਾਪਤ ਕਰਨ ਉਪਰੰਤ ਹੀ ਪਾਲਣੇ ਚਾਹੀਦੇ ਹਨ।

ਬਹੁਤ ਘੱਟ ਇਸਤਰੀਆਂ ਹੁੰਦੀਆਂ ਹਨ, ਜਿਹੜੀਆਂ ਪੁਰਸ਼ਾਂ ਦੀ ਨਕਲ ਨਹੀਂ ਕਰਦੀਆਂ, ਇਹੀ ਅਸਲ ਇਸਤਰੀਆਂ ਹੁੰਦੀਆਂ ਹਨ।

ਆਪਣਾ ਖਾਲੀਪਣ ਭਰਨ ਦੀ ਜ਼ਿੰਮੇਵਾਰੀ ਸਾਡੀ ਹੁੰਦੀ ਹੈ।

ਅਨੇਕਾਂ ਜ਼ਹਿਰ ਦਾ ਪਿਆਲਾ ਪੀਣ ਤੋਂ ਬਿਨਾਂ ਹੀ ਸੁਕਰਾਤ ਕਹਾਉਣਾ ਚਾਹੁੰਦੇ ਹਨ।

ਕਈ ਡੋਲੀਆਂ ਪੇਕੇ ਘਰੋਂ ਤੁਰਦੀਆਂ ਜ਼ਰੂਰ ਹਨ, ਪਰ ਸਹੁਰੇ ਘਰ ਪਹੁੰਚਦੀਆਂ ਨਹੀਂ।

ਮਹਾਨ ਸੱਭਿਅਤਾਵਾਂ ਉਸਰਦੀਆਂ ਤਾਕਤ ਦੇ ਜ਼ੋਰ ਨਾਲ ਹਨ, ਪਰ ਮਜ਼ਬੂਤ ਸਿਆਣਪ ਦੀ ਖ਼ੁਸ਼ਹਾਲੀ ਨਾਲ ਹੁੰਦੀਆਂ ਹਨ।

ਸਹੀ ਕੰਮ ਕਰਨ ਵਾਸਤੇ, ਕਿਸੇ ਨਾਲ ਸਲਾਹ ਕਰਨ ਦੀ ਲੋੜ ਨਹੀਂ ਪੈਂਦੀ।

ਨਸ਼ੇ ਕਰਨ ਵਾਲੇ ਬੁੱਢੇ ਨਹੀਂ ਹੁੰਦੇ, ਕਿਉਂਕਿ ਉਹ ਜਵਾਨੀ ਵਿਚ ਹੀ ਮਰ ਜਾਂਦੇ ਹਨ।

ਸੋਹਣੀਆਂ ਇਸਤਰੀਆਂ ਨੂੰ ਸਭ ਤੋਂ ਵਧੇਰੇ ਖ਼ੁਸ਼ੀ, ਆਪਣੀ ਅਕਲ ਦੀ ਪ੍ਰਸੰਸਾ ਸੁਣ ਕੇ ਹੁੰਦੀ ਹੈ।

ਕੀ ਸਾਰੇ ਫੁੱਲ ਸੋਹਣੇ ਹੁੰਦੇ ਹਨ? ਇਹ ਪੁੱਛਣਾ ਫੁੱਲਾਂ ਨਾਲ ਵਧੀਕੀ ਹੈ।

ਪਰਿਵਾਰ ਨਾਲ ਸਾਡਾ ਸਬੰਧ ਜੜ੍ਹਾਂ ਵਾਲਾ ਹੁੰਦਾ ਹੈ; ਸੰਸਾਰ ਨਾਲ ਸਾਡੇ ਸਬੰਧ ਟਾਹਣੀਆਂ ਵਾਲੇ ਹੁੰਦੇ ਹਨ।

ਥੋੜ੍ਹੀ ਆਮਦਨ ਨਾਲ ਸੰਤੁਸ਼ਟ ਹੋਣਾ ਵੀ ਕਲਾ ਹੈ।

ਕਿਸਾਨ ਆਪਣੀ ਅਗਿਆਨਤਾ ਪ੍ਰਗਟਾ ਨਹੀਂ ਸਕਦਾ, ਵਿਖਾ ਸਕਦਾ ਹੈ।

ਅਸਲੀ ਚੀਜ਼ ਤਾਂ ਮੌਤ ਹੈ, ਮਨੁੱਖ ਐਵੇਂ ਹੀ ਜ਼ਿੰਦਗੀ ਦੀ ਚਿੰਤਾ ਕਰਦਾ ਰਹਿੰਦਾ ਹੈ।

ਬਨਾਵਟੀ ਪਿਆਰ ਸੰਭਵ ਹੁੰਦਾ ਹੈ, ਬਨਾਵਟੀ ਨਫ਼ਰਤ ਸੰਭਵ ਨਹੀਂ ਹੁੰਦੀ।

ਸੰਭੋਗ ਕਰਨ ਵੇਲੇ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਇਸਤਰੀ-ਪੁਰਸ਼ ਵਿਚ ਵਖਰੇਵੇਂ ਹੀ ਵਖਰੇਵੇਂ ਹਨ।

ਕਿਸੇ ਵੀ ਪੰਛੀ ਨੇ ਅਜੇ ਤਕ ਪਿੰਜਰੇ ਵਿਚ ਆਲ੍ਹਣਾ ਨਹੀਂ ਪਾਇਆ।

ਸਲੀਕੇ ਨਾਲ ਪਿਆਰ ਹੀ ਕੀਤਾ ਜਾ ਸਕਦਾ ਹੈ, ਨਫ਼ਰਤ ਨਹੀਂ।

ਕੰਮ ਨੂੰ ਮੁਲਤਵੀ ਕਰਨ ਦਾ ਰਿਵਾਜ, ਉਨ੍ਹਾਂ ਸਮਾਜਾਂ ਵਿਚ ਹੀ ਹੈ, ਜਿਥੇ ਅਗਲੇ ਜਨਮ ਦਾ ਸੰਕਲਪ ਹੈ।

ਜਦੋਂ ਤਕ ਨਵੇਂ ਕੱਪੜੇ ਨਹੀਂ ਮਿਲਦੇ, ਅਸੀਂ ਪੁਰਾਣਿਆਂ ਨਾਲ ਹੀ ਗੁਜ਼ਾਰਾ ਕਰਦੇ ਹਾਂ; ਵਿਚਾਰਾਂ ਨਾਲ ਵੀ ਇਵੇਂ ਹੀ ਵਾਪਰਦਾ ਹੈ।

ਨਾੜੂ ਕੱਟਣ ਉਪਰੰਤ ਵੀ ਬੱਚਾ, ਮਾਂ ਨਾਲ ਜੁੜਿਆ ਰਹਿੰਦਾ ਹੈ।

ਜੇ ਕਵੀ ਬਿਮਾਰ ਪੈ ਜਾਵੇ ਤਾਂ ਜਦੋਂ ਤਕ ਉਹ ਇਕ ਚੰਗਾ ਗੀਤ ਨਹੀਂ ਲਿਖਦਾ, ਉਹ ਬਿਮਾਰੀ ਤੋਂ ਮੁਕਤ ਨਹੀਂ ਹੁੰਦਾ।

ਇਸਤਰੀ ਆਪਣੀ ਸੁੰਦਰਤਾ ਦੇ ਪ੍ਰਭਾਵਾਂ ਨਾਲ, ਪੁਰਸ਼ ਨੂੰ ਕੋਲੰਬਸ ਬਣਾ ਦਿੰਦੀ ਹੈ।

ਪੁਰਾਣਾ ਮੱਤ: ਜੇ ਗੁਲਾਮ ਸੌਂ ਰਿਹਾ ਹੋਵੇ ਤਾਂ ਉਸ ਨੂੰ ਜਗਾਓ ਨਾ, ਹੋ ਸਕਦਾ ਹੈ ਕਿ ਉਹ ਅਜ਼ਾਦੀ ਦਾ ਸੁਪਨਾ ਵੇਖ ਰਿਹਾ ਹੋਵੇ।
ਨਵਾਂ ਮੱਤ: ਸੁੱਤੇ ਹੋਏ ਗੁਲਾਮ ਨੂੰ ਜਗਾਓ ਅਤੇ ਅਜ਼ਾਦੀ ਦੇ ਅਰਥ ਸਮਝਾਓ ਤਾਂ ਕਿ ਉਹ ਮੁੜ ਅਜ਼ਾਦ ਹੋ ਕੇ ਹੀ ਸੌਂਏਂ।

ਸਿਆਣਪ ਸ਼ਬਦਾਂ ਵਿਚ ਨਹੀਂ, ਅਰਥਾਂ ਵਿਚ ਹੁੰਦੀ ਹੈ; ਅਰਥ ਸਮਝ ਆਉਂਦਿਆਂ ਕਈ ਵਾਰੀ ਉਮਰ ਲੱਗ ਜਾਂਦੀ ਹੈ।

ਜਿਤਨੀ ਖੁਸ਼ੀ ਵੱਡੀ ਹੁੰਦੀ ਹੈ, ਉਤਨਾ ਸੰਸਾਰ ਛੋਟਾ ਹੋ ਗਿਆ ਪ੍ਰਤੀਤ ਹੁੰਦਾ ਹੈ;

ਗਰੀਬ ਅਤੇ ਅਨਪੜ੍ਹ ਹੋਣ ਕਰਕੇ, ਗਰੀਬਾਂ ਦੇ ਬੱਚੇ ਵਧੇਰੇ ਹੁੰਦੇ ਹਨ ਅਤੇ ਬੱਚੇ ਵਧੇਰੇ ਹੋਣ ਕਰਕੇ, ਉਹ ਅਨਪੜ੍ਹ ਅਤੇ ਗਰੀਬ ਰਹਿੰਦੇ ਹਨ।

ਦੁੱਖ ਜਿਤਨਾ ਵੱਡਾ ਹੁੰਦਾ ਹੈ, ਸੰਸਾਰ ਉਤਨਾ ਹੀ ਵਡੇਰੀ ਮੁਸੀਬਤ ਬਣ ਜਾਂਦਾ ਹੈ।

ਇਕੱਲਿਆਂ ਮਨਾਈ ਖੁਸ਼ੀ, ਉਦਾਸੀ ਦੀ ਹੀ ਇਕ ਕਿਸਮ ਹੁੰਦੀ ਹੈ।

ਕੋਈ ਵੀ ਮਨੁੱਖ ਮੁਸਕਰਾਉਣ ਨਾਲ ਪ੍ਰਸੰਨ ਨਹੀਂ ਹੁੰਦਾ; ਪ੍ਰਸੰਨ ਹੋਣ ਕਰਕੇ ਉਹ ਮੁਸਕਰਾਉਂਦਾ ਹੈ।

ਘੱਟ ਖੁਰਾਕ, ਘੱਟ ਤਾਕਤ, ਘੱਟ ਕੰਮ, ਘੱਟ ਆਮਦਨ, ਗਰੀਬੀ ਦਾ ਇਹ ਇਕ ਅਜਿਹਾ ਅੰਨ੍ਹਾ ਚੱਕਰ ਹੈ, ਜਿਸ ਵਿਚੋਂ ਨਿਕਲਣਾ ਬੜਾ ਮੁਸ਼ਕਿਲ ਹੈ।

ਸਿਆਣੀ ਪਤਨੀ, ਪਤੀ 'ਤੇ ਰਾਜ ਕਰਦੀ ਹੈ; ਪਤੀ ਉਤੇ ਹਕੂਮਤ ਕਰਨ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਹੁੰਦੀ।

ਕਾਲਜ-ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਵਿਚ, ਆਪਣੇ ਯਤਨਾਂ ਨਾਲ ਆਪਣੇ ਪ੍ਰੇਮੀ ਉਸਾਰਨ ਦੀ ਥਾਂ, ਆਪਣੀ ਸਹੇਲੀ ਦੇ ਉਸਰੇ-ਪਰਖੇ ਪ੍ਰੇਮੀ ਨੂੰ ਖੋਹਣ ਦੀ ਪ੍ਰਵਿਰਤੀ ਵਧੇਰੇ ਬਲਵਾਨ ਹੁੰਦੀ ਹੈ।

ਕੁਦਰਤ ਬਜ਼ੁਰਗਾਂ ਦੀ ਮੌਤ ਰਾਹੀਂ, ਜ਼ਿੰਦਗੀ ਨੂੰ ਜਵਾਨ ਰੱਖਦੀ ਹੈ।

ਭੁੱਖ ਤੋਂ ਅਜ਼ਾਦੀ, ਡਰ ਤੋਂ ਅਜ਼ਾਦੀ, ਧਰਮ ਦੀ ਅਜ਼ਾਦੀ ਅਤੇ ਪ੍ਰਗਟਾਵੇ ਦੀ ਅਜ਼ਾਦੀ ਤੋਂ ਬਿਨਾਂ, ਅਰਥਪੂਰਣ ਜੀਵਨ ਨਹੀਂ ਜੀਵਿਆ ਜਾ ਸਕਦਾ।

ਜਿਤਨੀ ਵੱਡੀ ਛਾਲ ਹੋਵੇਗੀ, ਉਤਨੀ ਹੀ ਵੱਡੀ ਸੱਟ ਲੱਗਣ ਦਾ ਖ਼ਤਰਾ ਵੀ ਹੋਵੇਗਾ।

ਜਦੋਂ ਕਿਸੇ ਮੁਸੀਬਤ ਵਿਚੋਂ ਨਿਕਲਣ ਦੀ ਆਸ ਉਪਜ ਪਏ; ਉਦੋਂ ਅਸੀਂ ਸੋਚਣ ਰਾਹੀਂ, ਨਿਕਲਣ ਦਾ ਰਾਹ ਲੱਭ ਲੈਂਦੇ ਹਾਂ।

ਪੁਰਸ਼ਾਂ ਦੀਆਂ ਗੱਪਾਂ, ਨਿਰੀਆਂ ਗੱਪਾਂ ਹੁੰਦੀਆਂ ਹਨ; ਇਸਤਰੀਆਂ ਦੀਆਂ ਗੱਪਾਂ, ਸੱਚੀਆਂ ਕਹਾਣੀਆਂ ਹੁੰਦੀਆਂ ਹਨ।

ਜਦੋਂ ਇਸਤਰੀ-ਪੁਰਸ਼ ਦਾ ਪਿਆਰ ਥੱਕਣ ਲੱਗਦਾ ਹੈ ਤਾਂ ਦੋਵੇਂ ਵਿਆਹ ਕਰਨ ਬਾਰੇ ਸੋਚਣ ਲੱਗ ਪੈਂਦੇ ਹਨ।

ਕਈ ਕਾਰਜ ਦੋਸਤ ਸਾਨੂੰ ਕਰਨ ਨਹੀਂ ਦਿੰਦੇ; ਕਈ ਕਾਰਜ ਅਸੀਂ ਦੋਸਤਾਂ ਕਾਰਨ ਕਰਦੇ ਨਹੀਂ; ਕਈ ਕਾਰਜ ਦੋਸਤਾਂ ਕਾਰਨ ਕਰਨ ਦੀ ਲੋੜ ਹੀ ਨਹੀਂ ਪੈਂਦੀ।

ਨਾਜਾਇਜ਼ ਰਿਸ਼ਤੇ ਵਿਚ ਵੀ ਇਸਤਰੀ, ਸੁਰੱਖਿਆ ਵਿਆਹ ਵਾਲੀ ਹੀ ਭਾਲਦੀ ਹੈ।

ਇਹ ਚਿੱਕੜ ਦਾ ਸੁਭਾਓ ਹੈ ਕਿ ਇਕ 'ਤੇ ਉਛਾਲੋਗੇ, ਇਹ ਤੁਹਾਡੇ ਸਮੇਤ, ਕਈਆਂ 'ਤੇ ਪਏਗਾ।

ਕੁਦਰਤ ਵਿਚ ਪਿਆਰ ਦਾ ਸੰਕਲਪ ਨਹੀਂ ਹੈ, ਸੰਭੋਗ ਦਾ ਸੰਕਲਪ ਹੀ ਹੈ; ਪਿਆਰ ਮਨੁੱਖ ਦੀ ਕਾਢ ਹੈ, ਜਿਸ ਨੂੰ ਮਨੁੱਖ ਹੀ ਕਰਦੇ-ਵਰਤਦੇ ਹਨ।

ਨਸਲੀ ਅਤੇ ਸਮਾਜਿਕ ਵਿਰਾਸਤ ਨੂੰ ਸੰਭਾਲਣ ਦਾ ਕਾਰਜ ਇਸਤਰੀ ਕਰਦੀ ਹੈ।

ਸਰੀਰ ਦੀਆਂ ਕੁਝ ਕੁਦਰਤੀ ਲੋੜਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਬਹਿਸ ਸੰਭਵ ਨਹੀਂ ਹੁੰਦੀ; ਇਨ੍ਹਾਂ ਨੂੰ ਪੂਰਾ ਕਰਨਾ ਹੀ, ਸਹੀ ਪਹੁੰਚ ਹੁੰਦੀ ਹੈ।

ਜਿਥੇ ਹਕੂਮਤ ਹੋਵੇਗੀ, ਉਥੇ ਵਿਰੋਧ ਵੀ ਹੋਵੇਗਾ।

ਨਸਲ ਕੋਈ ਹੋਵੇ, ਉਸ ਦੀ ਪਛਾਣ ਉਸ ਨਸਲ ਦੇ ਨਰ ਨਾਲ ਹੁੰਦੀ ਹੈ, ਪਰ ਨਸਲ ਨੂੰ ਜਾਰੀ ਰੱਖਣ ਵਿਚ ਮਹੱਤਵਪੂਰਨ ਰੋਲ ਮਾਦਾ ਹੀ ਨਿਭਾਉਂਦੀ ਹੈ, ਇਵੇਂ ਮਾਦਾ ਹੀ ਹਰੇਕ ਨਸਲ ਦਾ ਅਸਲ ਹੁੰਦੀ ਹੈ।

ਮਨੁੱਖ ਦੇ ਹਰ ਕਾਰਜ ਪਿੱਛੇ ਕੋਈ ਨਾ ਕੋਈ ਸੋਚ ਹੁੰਦੀ ਹੈ, ਜਦੋਂ ਇਹ ਸੋਚ ਇਕ ਪ੍ਰਣਾਲੀ ਬਣ ਜਾਂਦੀ ਹੈ ਤਾਂ ਇਹ ਸਿਧਾਂਤ ਅਖਵਾਉਂਦੀ ਹੈ।

ਇਸਤਰੀ ਆਪਣੇ ਲਿਬਾਸ ਬਾਰੇ ਨਿਰੰਤਰ ਸੋਚਦੀ ਹੈ; ਉਸ ਦਾ ਲਿਬਾਸ ਉਸ ਦੇ ਮਾਨਸਿਕ ਅਤੇ ਸਰੀਰਕ ਵਿਹਾਰ ਨੂੰ ਨਿਰਧਾਰਤ ਕਰਦਾ ਹੈ।

ਫੈਸ਼ਨ ਨਾਲ ਇਸਤਰੀਆਂ ਕੱਪੜਿਆਂ ਵੱਲ ਨਹੀਂ, ਆਪਣੇ ਸਰੀਰ ਵੱਲ ਧਿਆਨ ਖਿੱਚਦੀਆਂ ਹਨ।

ਗਿਆਨ ਅਤੇ ਪ੍ਰਯੋਗ, ਯੋਰਪ ਦੀ ਅਮੀਰੀ ਦੇ ਅਧਾਰ ਹਨ; ਵਿਸ਼ਵਾਸ ਅਤੇ ਪਰੰਪਰਾ, ਸਾਡੀ ਗਰੀਬੀ ਦੀਆਂ ਨੀਹਾਂ ਹਨ।

ਵਾਅਦੇ ਦਾ ਮਾਣ, ਵਾਅਦਾ ਕਰਨ ਵਾਲੇ ਨੇ ਰੱਖਣਾ ਹੁੰਦਾ ਹੈ।

ਜੇ ਆਪਣੇ ਪਿਆਰੇ ਗੁਜ਼ਰ ਜਾਣ ਤਾਂ ਜਿਉਂਦੇ ਰਹਿਣ ਦੇ ਬਹਾਨੇ ਲੱਭਣੇ ਪੈਂਦੇ ਹਨ।

ਪੈਨਸ਼ਨ, ਨੌਕਰੀ ਮੁੱਕਣ 'ਤੇ ਮਿਲਦੀ ਹੈ, ਪਰ ਸਿਫ਼ਾਰਸ਼ੀ ਕਰਮਚਾਰੀ, ਨੌਕਰੀ ਲਗਦਿਆਂ ਹੀ ਪੈਨਸ਼ਨ ਲੈਣ ਲੱਗ ਪੈਂਦੇ ਹਨ।

ਸਾਡੇ ਪਿਆਰਿਆਂ ਦਾ ਗੁਜ਼ਰ ਜਾਣਾ, ਸਾਨੂੰ ਰੱਬ ਵੱਲੋਂ ਮਿਲੀ ਸਜ਼ਾ ਹੁੰਦੀ ਹੈ।

ਅਜ਼ਾਦੀ ਬੜੀ ਕੀਮਤੀ ਚੀਜ਼ ਹੈ, ਅਜ਼ਾਦੀ ਨਾਲੋਂ ਵੀ ਨਿਆਂ ਵਧੇਰੇ ਕੀਮਤੀ ਹੁੰਦਾ ਹੈ; ਗਰੀਬ ਅਤੇ ਗੁਲਾਮ ਲੋਕ, ਅਜ਼ਾਦੀ ਨਹੀਂ, ਨਿਆਂ ਮੰਗਦੇ ਹਨ, ਕਿਉਂਕਿ ਨਿਆਂ ਵਿਚ ਅਜ਼ਾਦੀ ਵੀ ਹੁੰਦੀ ਹੈ।

ਚਮੇਲੀ ਦੇ ਫੁੱਲ ਨੂੰ, ਗੁਲਾਬ ਨਾ ਹੋਣ ਦਾ ਤਾਹਨਾ ਨਹੀਂ ਮਾਰਨਾ ਚਾਹੀਦਾ।

ਜਿਹੜੀ ਗੱਲ ਤਿੰਨ ਉਦਾਹਰਣਾਂ ਨਾਲ ਸਾਬਤ ਨਹੀਂ ਹੁੰਦੀ, ਉਹ ਸੌ ਨਾਲ ਵੀ ਨਹੀਂ ਹੋਵੇਗੀ।

ਕਈ ਬੰਦਿਆਂ ਨੂੰ ਮਿਲ ਕੇ ਹੀ ਅਕੇਵੇਂ ਦੇ ਅਰਥ ਸਮਝ ਆਉਂਦੇ ਹਨ।

ਜਿਹੜਾ ਵਿਆਹ ਚਾਰ ਲਾਵਾਂ ਨਾਲ ਸਫ਼ਲ ਨਹੀਂ ਹੁੰਦਾ, ਉਹ ਚਾਲ੍ਹੀ ਨਾਲ ਵੀ ਨਹੀਂ ਹੋਵੇਗਾ।

ਪਤਨੀ ਦਾ ਬਹੁਤ ਅਧਿਕ ਧਾਰਮਿਕ ਹੋਣਾ, ਪਤੀ ਨੂੰ ਉਸ ਪ੍ਰਤੀ ਲਾਪ੍ਰਵਾਹ ਬਣਾ ਦਿੰਦਾ ਹੈ; ਪਤੀ ਦਾ ਬਹੁਤ ਅਧਿਕ ਧਾਰਮਿਕ ਹੋਣਾ, ਪਤਨੀ ਲਈ ਵਿਹਾਰਕ ਅਤੇ ਆਰਥਿਕ ਸਮੱਸਿਆਵਾਂ ਸਿਰਜਦਾ ਹੈ।

ਬੱਚੇ ਦੀ ਸੁੰਦਰਤਾ ਦੀ ਨਹੀਂ, ਉਸ ਦੇ ਕਾਰਜਾਂ ਦੀ; ਜਵਾਨ ਦੀ ਤਾਕਤ ਦੀ ਨਹੀਂ, ਉਸ ਦੀ ਅਕਲ ਦੀ; ਬਜ਼ੁਰਗ ਦੀ ਸਿਆਣਪ ਦੀ ਨਹੀਂ, ਉਸ ਦੀ ਸਿਹਤ ਦੀ ਪ੍ਰਸੰਸਾ ਕਰੋ, ਇਹ ਪ੍ਰਸੰਨ ਹੋਣਗੇ।

ਸਿੱਧੀ ਪ੍ਰਸੰਸਾ, ਸਿੱਧੀ ਰੋਸ਼ਨੀ ਵਾਂਗ, ਅਣਸੁਖਾਵੀਂ ਹੁੰਦੀ ਹੈ।

ਹਮਾਇਤੀ, ਨਾਨੀ ਵਰਗਾ ਭਰੋਸੇਮੰਦ ਅਤੇ ਦਾਦੀ ਵਰਗਾ ਪੱਕਾ ਹੋਣਾ ਚਾਹੀਦਾ ਹੈ।

ਕੁਦਰਤ ਮਨੁੱਖ ਦੀ ਰੱਖਿਆ ਕਰਦੀ ਹੈ, ਪਰ ਜੇ ਮਨੁੱਖ ਆਪਣੇ ਆਪ ਨੂੰ ਬਰਬਾਦ ਕਰਨ 'ਤੇ ਤੁੱਲ ਪਵੇ ਤਾਂ ਕੁਦਰਤ ਵੀ ਕੁਝ ਨਹੀਂ ਕਰ ਸਕਦੀ।

ਖੇਡ ਰਾਹੀਂ, ਖੇਡ ਨਾਲ ਹੀ ਨਹੀਂ, ਅਸੀਂ ਖੇਡ ਦੇ ਮੈਦਾਨ ਦੇ ਖੁੱਲ੍ਹੇਪਣ ਅਤੇ ਹਾਜ਼ਰ ਦਰਸ਼ਕਾਂ ਦੀ ਹਾਜ਼ਰੀ ਨਾਲ ਵੀ ਪ੍ਰਭਾਵਿਤ ਹੁੰਦੇ ਹਾਂ।

ਪਰਿਵਾਰ ਨੂੰ ਬਰਬਾਦ ਕਰਨ ਲਈ, ਘਰ ਦਾ ਇਕ ਜੀਅ ਹੀ ਕਾਫ਼ੀ ਹੁੰਦਾ ਹੈ।

ਜਦੋਂ ਇਸਤਰੀ ਸੋਹਣੀ ਨਹੀਂ ਰਹਿੰਦੀ ਤਾਂ ਉਹ ਵਿਹਾਰ ਦੇ ਪੱਖੋਂ ਚੰਗੇਰੀ ਅਤੇ ਕਾਰਜ ਦੇ ਪਖੋਂ ਲਾਭਕਾਰੀ ਹੋ ਜਾਂਦੀ ਹੈ; ਜਦੋਂ ਪੁਰਸ਼ ਕਮਾਊ ਨਹੀਂ ਰਹਿੰਦਾ, ਉਹ ਵਿਹਾਰ ਦੇ ਪੱਖੋਂ ਨੀਵਾਂ ਅਤੇ ਕਾਰਜ ਦੇ ਪੱਖੋਂ ਲਾਪ੍ਰਵਾਹ ਹੋ ਜਾਂਦਾ ਹੈ।

ਲਿੰਕਨ ਪ੍ਰਧਾਨ ਅਮਰੀਕਾ ਦਾ ਸੀ, ਪਰ ਉਹ ਆਗੂ ਸਾਰੇ ਵਿਸ਼ਵ ਦਾ ਸੀ।

ਚੰਗਾ ਤਾਂ ਹੀ ਬੋਲਿਆ ਜਾ ਸਕਦਾ ਹੈ, ਜੇ ਦੂਜੇ ਧਿਆਨ ਨਾਲ ਸੁਣਨ।

ਜਦੋਂ ਮਨੁੱਖ ਵਿਚ ਕੁਝ ਕਰਨ ਦੀ ਸਮਰੱਥਾ ਨਹੀਂ ਰਹਿੰਦੀ ਤਾਂ ਉਸ ਵਿਚ ਹੋਰਾਂ ਦੇ ਕਾਰਜਾਂ ਦੀ ਆਲੋਚਨਾ ਕਰਨ ਦੀ ਯੋਗਤਾ ਵੱਧ ਜਾਂਦੀ ਹੈ।

ਜੇ ਪਿਆਰ ਪੈਣ ਦਾ ਆਨੰਦ ਨਹੀਂ ਮਿਲਿਆ ਤਾਂ ਪਿਆਰ ਟੁੱਟਣ ਦਾ ਦਰਦ ਵੀ ਨਹੀਂ ਹੋਵੇਗਾ।

ਜਿਸ ਦਾ ਸਬੰਧ ਸਾਰਿਆਂ ਨਾਲ ਹੋਵੇ, ਉਸ ਦੇ ਹਰ ਕਾਰਜ ਦੀ ਆਲੋਚਨਾ ਹੋਵੇਗੀ; ਸਰਕਾਰ ਦੀ ਆਲੋਚਨਾ ਇਸੇ ਅਧਾਰ 'ਤੇ ਹੁੰਦੀ ਹੈ।

ਜਿਥੇ ਵੀ ਕਾਮ ਦੀ ਗੱਲ ਹੋਵੇਗੀ, ਉਥੇ ਫਰਾਇਡ ਲੁਕ ਕੇ ਵੇਖਣ ਲੱਗ ਪਏਗਾ।

ਸ਼ਰਧਾਲੂ, ਮਹਾਂਪੁਰਸ਼ਾਂ ਵਿਚ ਇਤਨੇ ਗੁਣ ਪਾ ਦਿੰਦੇ ਹਨ ਕਿ ਉਨ੍ਹਾਂ ਮਹਾਂਪੁਰਸ਼ਾਂ ਦਾ ਸਤਿਕਾਰ ਨਾ ਕਰਨਾ, ਪਾਪ ਪ੍ਰਤੀਤ ਹੋਣ ਲਗ ਪੈਂਦਾ ਹੈ।

ਵਿਚਾਰਾਂ ਸਬੰਧੀ ਵਿਵਾਦ ਨਹੀਂ ਹੁੰਦੇ, ਵਿਵਾਦ ਹਿੱਤਾਂ ਸਬੰਧੀ ਹੁੰਦੇ ਹਨ।

ਮਨੁੱਖ, ਹਰ ਰੋਜ਼ ਜਿਉਂਦਾ ਕੁਝ ਪਲ ਹੀ ਹੈ; ਬਾਕੀ ਸਾਰਾ ਸਮਾਂ ਉਹ ਮਰਨ ਤੋਂ ਬਚਦਾ ਰਹਿੰਦਾ ਹੈ।

ਕਿਸੇ ਨਾਲ ਕਾਮ ਦੀ ਗੱਲ ਕਰਨੀ ਹੈ ਤਾਂ ਫਰਾਇਡ ਦਾ ਹਵਾਲਾ ਦੇ ਕੇ ਕਰੋ, ਸ਼ਰਮ ਮਹਿਸੂਸ ਨਹੀਂ ਹੋਵੇਗੀ।

ਅਨਪੜ੍ਹਾਂ ਦੇ ਪ੍ਰਤੀਕਰਮ ਸੁਹਿਰਦ, ਮੌਲਿਕ ਅਤੇ ਸਰਲ ਹੁੰਦੇ ਹਨ।

ਹਨੇਰੇ ਵਿਚ ਕੀਤੀ ਗੱਲਬਾਤ, ਬੋਝਲ ਹੋ ਜਾਂਦੀ ਹੈ।

ਸਭ ਤੋਂ ਪਰੇਸ਼ਾਨ ਵਿਅਕਤੀ ਉਹ ਹੋਵੇਗਾ, ਜਿਸ ਦੀਆਂ ਸਭ ਇੱਛਾਵਾਂ ਪੂਰੀਆਂ ਕਰ ਦਿੱਤੀਆਂ ਗਈਆਂ ਹੋਣ ਅਤੇ ਹੋਰ ਕੋਈ ਇੱਛਾ ਕਰਨ ਦਾ ਅਧਿਕਾਰ ਨਾ ਹੋਵੇ।

ਭਾਰਤੀ ਧਰਮਾਂ ਨੇ, ਪੈਸੇ ਦੀ ਨਿੰਦਾ ਕਰ-ਕਰ ਕੇ ਇਸ ਦਾ ਲਾਲਚ ਵਧਾ ਦਿੱਤਾ ਹੈ।

ਦਿਨਾਂ ਦੇ ਨਾਂ ਵੱਖਰੇ-ਵੱਖਰੇ ਹੁੰਦੇ ਹਨ, ਰਾਤ ਦਾ ਇਕ ਹੀ ਨਾਂ ਹੁੰਦਾ ਹੈ।

ਮਨੁੱਖ ਨੂੰ ਸੰਤੁਸ਼ਟ ਅਤੇ ਪ੍ਰਸੰਨ ਕਰਨ ਲਈ ਇਕ ਹੀ ਧਰਮ ਕਾਫ਼ੀ ਹੁੰਦਾ ਹੈ; ਬਹੁਤੇ ਧਰਮ ਆਪਸ ਵਿਚ ਲੜਨ ਲਈ ਹੁੰਦੇ ਹਨ।

ਹਿਟਲਰ ਨੇ ਸੰਸਾਰ ਨੂੰ, ਯਹੂਦੀਆਂ ਨਾਲ ਕੀਤੇ ਆਪਣੇ ਦੁਰਵਿਹਾਰ ਬਾਰੇ, ਇਤਨੀ ਜਾਣਕਾਰੀ ਦਿੱਤੀ ਸੀ ਕਿ ਲੋਕ ਹਿਟਲਰ ਨੂੰ ਭੁੱਲ ਜਾਣਗੇ, ਪਰ ਯਹੂਦੀਆਂ ਨਾਲ ਉਸ ਦੇ ਕੀਤੇ ਜ਼ੁਲਮਾਂ ਨੂੰ ਯਾਦ ਰੱਖਣਗੇ।

ਕਿਸੇ ਨੂੰ ਕਹਿਣਾ: ਮੈਂ ਤੈਨੂੰ ਹਮੇਸ਼ਾਂ ਪਿਆਰ ਕਰਾਂਗਾ, ਕਹਿਣਾ-ਸੁਣਨਾ ਚੰਗਾ ਲੱਗੇਗਾ, ਪਰ ਜੇ ਕਰਨਾ ਪੈ ਗਿਆ ਤਾਂ ਬੜਾ ਅਕਾਊ ਹੋ ਜਾਵੇਗਾ।

ਜੇ ਲੋਕ ਪੂਜਾ ਨਾ ਕਰਨ ਤਾਂ ਦੇਵਤੇ ਮਰ ਜਾਣਗੇ।

ਸੰਸਾਰ ਵਿਚ ਬਹੁਤੇ ਵਿਕਾਸ, ਸੰਕਟਾਂ ਕਾਰਨ ਅਤੇ ਬਹੁਤੇ ਸੰਕਟ, ਵਿਕਾਸ ਕਾਰਨ ਵਾਪਰਦੇ ਹਨ।

ਹੁਣ ਰੱਬ ਦਾ ਕੰਮ, ਮਨੁੱਖ ਤੋਂ, ਕੁਦਰਤ ਦੀ ਰੱਖਿਆ ਕਰਨਾ ਹੋ ਗਿਆ ਹੈ।

ਮਨੁੱਖ ਵੱਲੋਂ ਆਪਣੇ ਦੁੱਖ-ਦਰਦ, ਉਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਆਸ ਨਾਲ ਬਿਆਨ ਕੀਤੇ ਜਾਂਦੇ ਹਨ।

ਜਿਹੜਾ ਵਿਚਾਰ ਇਕ-ਦੋ ਸਾਲਾਂ ਵਿਚ ਸਹੀ ਸਿੱਧ ਹੋ ਜਾਵੇ, ਉਹ ਮਹਾਨ ਵਿਚਾਰ ਨਹੀਂ ਹੁੰਦਾ, ਕਿਉਂਕਿ ਮਹਾਨ ਵਿਚਾਰ ਨੂੰ ਕਈ ਦਹਾਕੇ ਗਲਤ ਸਿੱਧ ਕਰਨ ਦੇ ਯਤਨ ਕੀਤੇ ਜਾਂਦੇ ਹਨ, ਫਿਰ ਮੰਨਿਆ ਜਾਂਦਾ ਹੈ ਕਿ ਉਹ ਵਿਚਾਰ ਸਹੀ ਵੀ ਹੈ ਅਤੇ ਮਹਾਨ ਵੀ ਹੈ।

ਅੱਗ ਦਾ, ਸੁੱਕੀਆਂ ਚੀਜ਼ਾਂ ਨਾਲ ਮੋਹ ਹੁੰਦਾ ਹੈ।

ਇਸਤਰੀ, ਪੁਰਸ਼ ਦੇ ਤਿੰਨ ਰੂਪਾਂ ਨੂੰ ਚੰਗੀ ਤਰ੍ਹਾਂ ਜਾਣਦੀ ਹੁੰਦੀ ਹੈ: ਫੜ੍ਹਾਂ ਮਾਰਨ ਵਾਲਾ, ਲਾਰੇ ਲਾਉਣ ਵਾਲਾ, ਮਿੰਨਤਾਂ ਕਰਨ ਵਾਲਾ।

ਪਾਪ ਉਹ ਹੁੰਦਾ ਹੈ, ਜਿਸ ਦਾ ਪਛਤਾਵਾ ਹੋਵੇ; ਜੇ ਪਛਤਾਵਾ ਨਹੀਂ ਤਾਂ ਉਹ ਪਾਪ ਨਹੀਂ, ਗਲਤੀ ਹੀ ਹੁੰਦੀ ਹੈ।

ਜਦੋਂ ਕੋਈ ਨਾਵਲ ਛਪ ਜਾਂਦਾ ਹੈ ਤਾਂ ਨਾਵਲਕਾਰ ਨੂੰ ਨਿੱਤ ਦਿਨ, ਉਸ ਦੇ ਪਾਤਰ ਮਿਲਣ ਲੱਗ ਪੈਂਦੇ ਹਨ।

ਸਾਡਾ ਮੁੱਢਲਾ ਵਿਹਾਰ ਬਾਰ੍ਹਾਂ ਕੁ ਸਾਲ ਤਕ ਪੱਕ ਜਾਂਦਾ ਹੈ, ਉਸ ਮਗਰੋਂ ਵਿਕਾਸ ਦਾ ਅਰਥ, ਚਲਾਕ ਬਣਨਾ ਹੀ ਹੁੰਦਾ ਹੈ।

ਰਾਜਨੀਤੀ ਨਾਅਰਿਆਂ ਦੇ ਸਿਰ 'ਤੇ ਚਲਦੀ ਹੈ; ਝੰਡਾ ਉਸ ਨਾਅਰੇ ਦਾ ਲਿਬਾਸ ਹੁੰਦਾ ਹੈ ਅਤੇ ਡੰਡਾ ਉਸ ਨਾਅਰੇ ਦੀ ਤਾਕਤ ਹੁੰਦਾ ਹੈ।

ਪ੍ਰੇਮਿਕਾ ਦੀਆਂ ਪਿਆਰੀਆਂ ਝਿੜਕਾਂ, ਪ੍ਰੇਮੀ ਦਾ ਹੌਸਲਾ ਵਧਾ ਦਿੰਦੀਆਂ ਹਨ।

ਧਾਰਮਿਕ ਲੋਕ ਅਕਸਰ ਦੂਜਿਆਂ ਵਿਚ ਵਧੇਰੇ ਨੁਕਸ ਕੱਢਦੇ-ਵੇਖਦੇ ਹਨ, ਜਿਸ ਕਾਰਨ ਉਨ੍ਹਾਂ ਵਿਚੋਂ ਵੇਖ ਕੇ ਅਣਡਿੱਠ ਕਰਨ ਦਾ ਗੁਣ ਲੋਪ ਹੋ ਜਾਂਦਾ ਹੈ।

ਹਰ ਯੁੱਧ ਵਿਚ ਪਹਿਲੇ ਸਾਰੇ ਯੁੱਧ ਹਾਜ਼ਰ ਹੁੰਦੇ ਹਨ।

ਸੂਰਜ ਦੀ ਰੋਸ਼ਨੀ ਦੀ ਬਹੁਤਾਤ ਹਰ ਚੀਜ਼ ਨੂੰ ਕੋਝਾ ਬਣਾ ਦਿੰਦੀ ਹੈ; ਚੰਨ ਦੀ ਚਾਨਣੀ ਦੀ ਬਹੁਤਾਤ ਹਰੇਕ ਚੀਜ਼ ਨੂੰ ਚਮਕਾ ਦਿੰਦੀ ਹੈ।

ਜਿਸ ਨੂੰ ਨਫ਼ਰਤ ਕਰਦੇ ਹੋਈਏ, ਉਸ ਨੂੰ ਪਿਆਰ ਨਾਲ ਵੇਖਣਾ, ਸਾਡਾ ਅਸਲੀ ਪਖੰਡ ਹੁੰਦਾ ਹੈ।

ਮੂਰਖਾਂ ਦੀਆਂ ਹਰਕਤਾਂ ਜਿਹਾ ਦਿਲਚਸਪ, ਕੋਈ ਨਾਟਕ ਨਹੀਂ ਹੁੰਦਾ।

ਸੋਹਣੀ ਇਸਤਰੀ, ਆਪਣੀ ਹਾਜ਼ਰੀ ਨਾਲ, ਕੁਝ ਕਹਿਣ ਤੋਂ ਪਹਿਲਾਂ ਹੀ, ਸਾਰੇ ਨੁਕਤੇ, ਕੋਣ ਅਤੇ ਪੱਖ ਸਪਸ਼ਟ ਕਰ ਦਿੰਦੀ ਹੈ।

ਦਿਮਾਗ, ਸਿਰ ਵਿਚ ਹੀ ਨਹੀਂ ਹੁੰਦਾ, ਅੱਖਾਂ-ਕੰਨਾਂ-ਹੱਥਾਂ ਵਿਚ ਵੀ ਹੁੰਦਾ ਹੈ।

ਇਕ ਉਮਰ 'ਤੇ, ਸਰੀਰ ਜ਼ਿੰਦਗੀ ਦਾ ਬੋਝ ਚੁੱਕਣ ਤੋਂ ਇਨਕਾਰੀ ਹੋ ਜਾਂਦਾ ਹੈ; ਇਸ ਉਪਰੰਤ ਇਕ ਪੜਾਓ 'ਤੇ, ਇਹ ਬੋਝ ਹੋਰਾਂ ਵੱਲੋਂ ਚੁੱਕਿਆ ਜਾਂਦਾ ਹੈ, ਜਿਹੜਾ ਅੰਤ ਨੂੰ ਸ਼ਮਸ਼ਾਨਘਾਟ ਜਾ ਕੇ ਹੀ ਲਾਹਿਆ ਜਾਂਦਾ ਹੈ।

ਜਿਸ ਨੂੰ ਅਸੀਂ ਸਿਆਣਾ ਨਹੀਂ ਸਮਝਦੇ, ਉਸ ਨਾਲ ਅਸੀਂ ਗੰਭੀਰਤਾ ਅਤੇ ਸਤਿਕਾਰ ਨਾਲ ਨਹੀਂ ਬੋਲਦੇ।

ਕੀ ਦੁਸ਼ਮਣ ਤੋਂ ਕੁਝ ਸਿੱਖਿਆ ਜਾ ਸਕਦਾ ਹੈ? ਹਾਂ, ਜੇ ਸਿੱਖਣ ਦੀ ਯੋਗਤਾ ਹੋਵੇ।

ਹਸਪਤਾਲ ਦਾ ਉਦੇਸ਼ ਹੁੰਦਾ ਹੈ: ਜੋ ਆਵੇ ਸੋ ਰਾਜ਼ੀ ਜਾਵੇ।

ਧਾਰਮਿਕ ਗ੍ਰੰਥਾਂ ਦਾ ਪਾਠ ਕਰਨਾ, ਕਿਸੇ ਦੇ ਇਮਾਨਦਾਰ, ਧਾਰਮਿਕ ਜਾਂ ਸੁਹਿਰਦ ਹੋਣ ਦਾ ਸਬੂਤ ਨਹੀਂ ਹੁੰਦਾ।

ਭਾਵਨਾਵਾਂ ਦੇ ਪੱਖੋਂ ਹੀ ਰੂਹਾਨੀ ਹੋਇਆ ਜਾ ਸਕਦਾ ਹੈ, ਤਰਕ ਦੇ ਪੱਖੋਂ ਨਹੀਂ; ਤਰਕ ਦੇ ਪੱਖੋਂ ਵਿਗਿਆਨਕ ਹੀ ਹੋਇਆ ਜਾ ਸਕਦਾ ਹੈ।

ਆਪਣੇ ਤੋਂ ਅਮੀਰ ਅਤੇ ਆਪਣੇ ਤੋਂ ਗਰੀਬ ਲੋਕਾਂ ਨਾਲ ਕਦੇ ਆਪਣੀ ਅਮੀਰੀ ਦੀ ਗੱਲ ਨਾ ਕਰੋ, ਅਮੀਰ ਮੰਨਣਗੇ ਨਹੀਂ, ਗਰੀਬ ਸਮਝਣਗੇ ਨਹੀਂ।

ਕੁਝ ਵੀ ਸੰਪੂਰਣ ਨਹੀਂ, ਇਸੇ ਕਰਕੇ ਕੁਝ ਵੀ ਆਲੋਚਨਾ ਤੋਂ ਮੁਕਤ ਨਹੀਂ।

ਪਿਆਰੇ ਦੀ ਹਾਜ਼ਰੀ ਨਾਲ ਦਿਲ ਦੀ ਧੜਕਣ ਹੀ ਤੇਜ਼ ਨਹੀਂ ਹੋ ਜਾਂਦੀ, ਅੱਖਾਂ ਵੀ ਕਮਲੀਆਂ ਹੋ ਜਾਂਦੀਆਂ ਹਨ।

ਕਈ ਯਤਨ ਤਾਂ ਕਤਲ ਕਰਨ ਦਾ ਕਰਦੇ ਹਨ, ਪਰ ਸਫ਼ਲ ਆਤਮਘਾਤ ਕਰਨ ਵਿਚ ਹੁੰਦੇ ਹਨ।

ਅਸਲੀ ਵਿਕਲਾਂਗ ਉਹ ਹੈ, ਜਿਸ ਦਾ ਕੋਈ ਅਸੂਲ ਨਹੀਂ ਹੁੰਦਾ।

ਮਹਾਨ ਲੇਖਕਾਂ ਨੂੰ ਬਹੁਤ ਘੱਟ ਪੜ੍ਹਿਆ ਜਾਂਦਾ ਹੈ, ਪਰ ਜੇ ਪੜ੍ਹਿਆ ਜਾਵੇ ਤਾਂ ਬਾਰ-ਬਾਰ ਪੜ੍ਹਿਆ ਜਾਂਦਾ ਹੈ।

ਸ਼ੇਰ, ਬਹਾਦਰੀ ਅਤੇ ਤਾਕਤ ਦੀ ਨਿਸ਼ਾਨੀ ਹੈ; ਮਨੁੱਖ ਜਾਨਵਰਾਂ ਵਿਚੋਂ ਕੇਵਲ ਸ਼ੇਰ ਕਿਹਾ ਜਾਣਾ ਹੀ ਪਸੰਦ ਕਰਦਾ ਹੈ।

ਫ਼ਿਲਾਸਫ਼ੀ ਵਿਚ ਵਿਚਾਰਾਂ ਦੀ ਚਿਣਾਈ ਕਰਕੇ ਸਿਧਾਂਤ ਉਸਾਰਿਆ ਜਾਂਦਾ ਹੈ; ਉਦਾਹਰਣਾਂ ਦੇਣ ਦਾ ਰਿਵਾਜ ਨਾ ਹੋਣ ਕਾਰਨ, ਫ਼ਿਲਾਸਫ਼ੀ ਔਖੀ ਲੱਗਦੀ ਹੈ।

ਚੰਗਾ ਲੇਖਕ, ਉਹ ਨਹੀਂ ਹੁੰਦਾ, ਜਿਹੜਾ ਸੌਖਿਆਂ ਸਮਝ ਆ ਜਾਵੇ; ਚੰਗਾ ਲੇਖਕ ਉਹ ਹੁੰਦਾ ਹੈ, ਜਿਸ ਨੂੰ ਗਲਤ ਸਮਝਿਆ ਹੀ ਨਾ ਜਾ ਸਕੇ।

ਚੰਗੀਆਂ ਪੁਸਤਕਾਂ ਲੱਭਣੀਆਂ ਪੈਂਦੀਆਂ ਹਨ, ਕਿਉਂਕਿ ਇਹ ਸਧਾਰਨ ਪੁਸਤਕਾਂ ਦੀ ਭੀੜ ਵਿਚ ਗੁਆਚੀਆਂ ਹੁੰਦੀਆਂ ਹਨ।

ਜਿਨ੍ਹਾਂ ਸੰਸਥਾਵਾਂ ਦੀ ਆਮਦਨ ਲੋੜ ਨਾਲੋਂ ਵੱਧ ਜਾਂਦੀ ਹੈ, ਉਹ ਸੰਸਥਾਵਾਂ ਭ੍ਰਿਸ਼ਟਾਚਾਰ ਦੇ ਅੱਡੇ ਬਣ ਜਾਂਦੀਆਂ ਹਨ।

ਜਿਨ੍ਹਾਂ ਲੇਖਕਾਂ ਕੋਲ ਵਿਚਾਰਾਂ ਦੀ ਘਾਟ ਹੁੰਦੀ ਹੈ, ਉਨ੍ਹਾਂ ਕੋਲ ਸ਼ਬਦਾਂ ਅਤੇ ਵੇਰਵਿਆਂ ਦੇ ਢੇਰ ਹੁੰਦੇ ਹਨ।

ਵਾਰਤਕ ਟੁਰਦੀ ਹੈ, ਕਵਿਤਾ ਨੱਚਦੀ ਹੈ, ਆਲੋਚਨਾ ਪਰੇਡ ਕਰਦੀ ਹੈ।

ਸੁਸਤ ਬੰਦਿਆਂ ਦੀਆਂ ਆਦਤਾਂ ਚਿੜ੍ਹ ਪੈਦਾ ਕਰਦੀਆਂ ਹਨ।

ਸੰਸਕ੍ਰਿਤ, ਲਾਤੀਨੀ, ਯੂਨਾਨੀ, ਅਰਬੀ, ਫਰਾਂਸੀਸੀ ਸੰਖੇਪ ਭਾਸ਼ਾਵਾਂ ਹਨ; ਇਨ੍ਹਾਂ ਦੇ ਗਰਭ ਵਿਚ ਗਿਆਨ ਹੈ, ਇਹ ਗਿਆਨ ਅਤੇ ਚਿੰਤਨ ਦੀਆਂ ਭਾਸ਼ਾਵਾਂ ਹੋਣ ਕਰਕੇ ਸੰਖੇਪ ਹਨ।

ਜਦੋਂ ਕਿਸੇ ਇਕ ਵਾਕ ਵਿਚ ਕਈ ਪੱਖ ਪ੍ਰਗਟਾਉਣ ਦਾ ਯਤਨ ਕੀਤਾ ਜਾਵੇ ਤਾਂ ਕੋਈ ਵੀ ਪੱਖ ਸਪਸ਼ਟ ਨਹੀਂ ਹੁੰਦਾ।

ਘੋੜਾ, ਹਮੇਸ਼ਾਂ ਬਹਾਦਰਾਂ, ਯੋਧਿਆਂ, ਅਣਖੀਆਂ, ਜਰਨੈਲਾਂ ਅਤੇ ਸਰਦਾਰਾਂ ਦੀ ਸਵਾਰੀ ਰਿਹਾ ਹੈ; ਘੋੜਾ ਅਤੇ ਸਵਾਰ ਇਕ-ਦੂਜੇ ਦਾ ਦਿਲ ਜਿੱਤਣ ਲਈ ਪੂਰੀ ਵਾਹ ਲਾ ਦਿੰਦੇ ਹਨ; ਅਜਿਹੀ ਤਸੱਲੀ, ਕਾਰ ਵਿਚੋਂ ਨਹੀਂ ਮਿਲਦੀ।

ਯੂਨਾਨੀਆਂ ਨੂੰ ਕੇਵਲ ਮਹਾਨ ਪ੍ਰਵਾਨ ਸੀ; ਉਹ ਮਹਾਨਤਾ ਦੇ ਮਤਵਾਲੇ ਸਨ; ਜੇ ਉਨ੍ਹਾਂ ਦੀ ਜਿੱਤ ਮਹਾਨ ਹੁੰਦੀ ਸੀ ਤਾਂ ਉਨ੍ਹਾਂ ਦੀ ਹਾਰ ਵੀ ਮਹਾਨ ਹੁੰਦੀ ਸੀ।

ਸੰਖੇਪ ਬੋਲਣ ਵਾਲੇ ਦੇ ਸ਼ਬਦ ਧਿਆਨ ਨਾਲ ਸੁਣੇ ਜਾਣ ਦੇ ਨਾਲ-ਨਾਲ, ਉਸ ਦਾ ਚਿਹਰਾ ਵੀ ਧਿਆਨ ਨਾਲ ਵੇਖਿਆ ਜਾਂਦਾ ਹੈ।

ਜੇ ਕੰਮ ਗੰਭੀਰ ਹੋਵੇ ਤਾਂ ਲੋਕਾਂ ਦੇ ਜਾਗਣ ਤੋਂ ਪਹਿਲਾਂ ਕਰੋ; ਜੇ ਕੰਮ ਜ਼ਰੂਰੀ ਹੋਵੇ ਤਾਂ ਉਨ੍ਹਾਂ ਦੇ ਸੌਣ ਤੋਂ ਮਗਰੋਂ ਕਰੋ; ਇਵੇਂ ਨਾ ਕੇਵਲ ਘੱਟ ਸਮੇਂ ਵਿਚ ਵੱਧ ਕੰਮ ਹੋਵੇਗਾ, ਸਗੋਂ ਕੰਮ ਦੀ ਪੱਧਰ ਅਤੇ ਕੰਮ ਤੋਂ ਮਿਲਣ ਵਾਲੀ ਤਸੱਲੀ ਵੀ ਉਚੇਰੀ ਹੋਵੇਗੀ।

ਤਾਨਾਸ਼ਾਹ ਉਨ੍ਹਾਂ ਤੋਂ ਡਰਦੇ ਹਨ, ਜਿਹੜੇ ਤਾਨਾਸ਼ਾਹਾਂ ਤੋਂ ਨਹੀਂ ਡਰਦੇ।

ਮਹੱਤਵਪੂਰਨ ਗੱਲਾਂ ਕਰਨ ਵਾਲੇ ਸੰਖੇਪ ਹੁੰਦੇ ਹਨ, ਸੰਖੇਪ ਹੋਏ ਬਿਨਾਂ ਮਹੱਤਵਪੂਰਨ ਨਹੀਂ ਹੋਇਆ ਜਾ ਸਕਦਾ।

ਜਿਹੜੀ ਖੁਰਾਕ, ਖਾਣ ਵਾਲੇ ਨੂੰ ਸ਼ਕਤੀਸ਼ਾਲੀ ਨਹੀਂ ਬਣਾਉਂਦੀ; ਉਹ ਖੁਰਾਕ ਉਸ ਨੂੰ ਕਮਜ਼ੋਰ ਕਰੇਗੀ।

ਜਿਸ ਨੂੰ ਸਾਰੇ ਨਾਲਾਇਕ ਸਮਝਣ, ਉਸ ਦੇ ਸਹੀ ਕਾਰਜਾਂ ਅਤੇ ਨਿਰਣਿਆਂ ਵੱਲ ਵੀ ਧਿਆਨ ਨਹੀਂ ਦਿੱਤਾ ਜਾਂਦਾ।

ਬਹੁਤ ਹੌਲੀ ਟੁਰਨਾ ਅਤੇ ਬਹੁਤ ਤੇਜ਼ ਟੁਰਨਾ, ਦੋਵੇਂ ਥਕਾ ਦਿੰਦੇ ਹਨ।

ਜੇ ਗੁੱਸਾ ਕਾਬੂ ਵਿਚ ਨਾ ਆਵੇ ਤਾਂ ਇਹ ਪ੍ਰਗਟਾਉਣ ਵਾਲੇ ਵਿਅਕਤੀ ਦਾ, ਵਧੇਰੇ ਨੁਕਸਾਨ ਕਰਦਾ ਹੈ।

ਸਾਡੇ ਨਾਲ ਆਪਣੇ ਦੁਸ਼ਮਣਾਂ ਦੀਆਂ ਗੱਲਾਂ ਕਰਨ ਵਾਲਾ ਬੜਾ ਅਕਾਊ ਹੁੰਦਾ ਹੈ, ਕਿਉਂਕਿ ਉਨ੍ਹਾਂ ਨਾਲ ਦੁਸ਼ਮਣੀ ਉਸ ਦੀ ਹੁੰਦੀ ਹੈ, ਸਾਡੀ ਨਹੀਂ।

ਮਨੁੱਖ, ਜਿਸ ਨੂੰ ਪ੍ਰਾਪਤ ਕਰਨ ਲਈ, ਪਹਿਲਾਂ ਤੜਪਦਾ ਹੈ, ਫਿਰ ਉਸ ਦੇ ਗੁਆਚਣ ਦੀ ਚਿੰਤਾ ਨਾਲ ਪੀੜਤ ਹੁੰਦਾ ਹੈ।

ਜਿਹੜਾ ਮਨ ਵਿਚ ਉਪਜਣ ਵਾਲੀ ਹਰੇਕ ਗੱਲ ਬੋਲ ਦੇਵੇ, ਕਿਹਾ ਤਾਂ ਉਸ ਨੂੰ ਸੁਹਿਰਦ ਜਾਵੇਗਾ, ਪਰ ਉਸ ਨੂੰ ਸਿਆਣਾ ਨਹੀਂ ਸਮਝਿਆ ਜਾਵੇਗਾ।

ਬੁਢਾਪਾ ਕੋਈ ਸੰਸਾ ਨਹੀਂ ਰਹਿਣ ਦਿੰਦਾ ਕਿ ਸਭ ਕੁਝ ਬਦਲ ਗਿਆ ਹੈ।

ਜੋ ਸੁਹਿਰਦ ਹੋ ਕੇ ਲਿਖਿਆ ਜਾਵੇ, ਉਹ ਸਿੱਧਾ ਦਿਲ ਨੂੰ ਪ੍ਰਭਾਵਿਤ ਕਰਦਾ ਹੈ।

ਅਸਲੀਅਤ ਇਹ ਨਹੀਂ ਕਿ ਮੁਸੀਬਤਾਂ ਵੱਡੀਆਂ ਹੋਣ ਕਰਕੇ ਅਸੀਂ ਹੌਸਲਾ ਨਹੀਂ ਵਿਖਾਉਂਦੇ; ਅਸਲੀਅਤ ਇਹ ਹੈ ਕਿ ਅਸੀਂ ਹੌਸਲਾ ਨਹੀਂ ਵਿਖਾਉਂਦੇ, ਜਿਸ ਕਾਰਨ ਮੁਸੀਬਤਾਂ ਵੱਡੀਆਂ ਲਗਦੀਆਂ ਹਨ।

ਕਿਸੇ ਦਾ ਸਨਮਾਨ ਕਰਨ ਵਿਚ ਲਾਪ੍ਰਵਾਹੀ ਹੋ ਸਕਦੀ ਹੈ, ਪਰ ਕਿਸੇ ਨੂੰ ਬੇਇੱਜ਼ਤ ਕਰਨ ਵਿਚ ਅਸੀਂ ਕੋਈ ਕਸਰ ਨਹੀਂ ਛੱਡਦੇ।

ਮਨੁੱਖ ਜਿਸ ਨੂੰ ਬਹੁਤ ਪਿਆਰ ਕਰਦਾ ਹੈ, ਉਸੇ ਨੂੰ ਸਤਾਉਂਦਾ ਹੈ।

ਨਾਸਤਕਾਂ ਨੂੰ, ਇਸਤਰੀਆਂ ਪਸੰਦ ਨਹੀਂ ਕਰਦੀਆਂ, ਕਿਉਂਕਿ ਇਸਤਰੀਆਂ ਦਾ ਤਰਕ ਇਹ ਹੈ ਕਿ ਜਿਹੜਾ ਰੱਬ ਨੂੰ ਨਹੀਂ ਮੰਨਦਾ, ਉਹ ਸਾਨੂੰ ਕਿਵੇਂ ਮੰਨੇਗਾ?

ਜੇ ਅਨੁਸ਼ਾਸਨ ਨਹੀਂ ਤਾਂ ਵਫ਼ਾਦਾਰੀ ਦੇ ਵੀ ਕੋਈ ਅਰਥ ਨਹੀਂ ਹੋਣਗੇ।

ਦਿਲ ਕੋਲ ਹਾਂ ਕਹਿਣ ਦਾ ਆਪਣਾ ਤਰਕ ਹੁੰਦਾ ਹੈ, ਬੁੱਧੀ ਕੋਲ ਨਾਂਹ ਕਹਿਣ ਦੇ ਆਪਣੇ ਜਜ਼ਬਾਤ ਹੁੰਦੇ ਹਨ।

ਹਰ ਵਿਅਕਤੀ ਵਿਚ ਕਈ ਬਾਂਦਰ ਅਤੇ ਕਈ ਤੋਤੇ ਲੁਕੇ ਹੁੰਦੇ ਹਨ।

ਵਿਆਹ ਵੇਲੇ, ਦੁਲਹਨ ਦੀਆਂ ਸਹੇਲੀਆਂ, ਲਾੜੇ ਤੋਂ ਪੁੱਛਦੀਆਂ ਇਹ ਹਨ: ਵੇ! ਤੂੰ ਕੀ ਏਂ? ਪਰ ਦੱਸਦੀਆਂ ਇਹ ਹਨ: ਵੇਖ, ਅਸੀਂ ਕੀ ਹਾਂ!

ਪਰਿਵਾਰ, ਸਕੂਲ ਅਤੇ ਕਾਰਖਾਨਾ ਦੇਸ਼ ਦੀ ਮਜ਼ਬੂਤੀ ਦੇ ਥੰਮ੍ਹ ਹੁੰਦੇ ਹਨ; ਜੇ ਇਹ ਨਹੀਂ ਹਨ ਤਾਂ ਕਿਸੇ ਥੰਮ੍ਹ ਵਿਚ ਮਜ਼ਬੂਤੀ ਨਹੀਂ ਹੋਵੇਗੀ।

ਯੁੱਧ ਵਿਚ ਬਰਾਬਰੀ ਦਾ ਕੋਈ ਸੰਕਲਪ ਨਹੀਂ ਹੁੰਦਾ।

ਜਦੋਂ ਦਰਵਾਜ਼ੇ 'ਤੇ ਦੁਸ਼ਮਣ ਖਲੋਤਾ ਹੋਵੇ ਤਾਂ ਅੰਦਰਲੇ ਵਿਰੋਧ ਮੁੱਕ ਜਾਂਦੇ ਹਨ।

ਪਿੰਡ ਵਿਚ ਹਰ ਰੋਜ਼ ਕੁਝ ਨਾ ਕੁਝ ਵਾਪਰਦਾ ਹੈ, ਪਰ ਬਦਲਦਾ ਕੁਝ ਨਹੀਂ।

ਅਸੀਂ ਆਪਣੇ ਸਿਰਜੇ ਨੂੰ ਹੀ ਪਿਆਰਦੇ ਹਾਂ; ਰੱਬ ਪਿਆਰਾ ਹੈ, ਕਿਉਂਕਿ ਸਾਡਾ ਆਪਣਾ ਸਿਰਜਿਆ ਹੋਇਆ ਹੈ; ਪ੍ਰੇਮਿਕਾ, ਦੋਸਤ-ਸਹੇਲੀਆਂ, ਸੰਤਾਨ ਸਾਡੇ ਆਪਣੇ ਸਿਰਜੇ ਹੋਣ ਕਰਕੇ ਹੀ ਪਿਆਰੇ ਲੱਗਦੇ ਹਨ।

ਅਨੁਸ਼ਾਸਨ ਹੋਵੇ ਤਾਂ ਕਿਸਮਤ ਦੀ ਲੋੜ ਨਹੀਂ ਪੈਂਦੀ।

ਕਈਆਂ ਵਿਚ ਬੰਦ ਬਜ਼ਾਰ ਵਾਲੀ ਰੌਣਕ ਹੁੰਦੀ ਹੈ।

ਸੰਕਟ ਦੌਰਾਨ ਵਕਤ ਦਾ ਸੁਭਾਓ ਬਦਲ ਜਾਂਦਾ ਹੈ।

ਕਿਸੇ ਨੂੰ ਵਿਦਾ ਕਰਨ ਵੇਲੇ ਅਤੇ ਕਿਸੇ ਤੋਂ ਵਿਦਾ ਹੋਣ ਵੇਲੇ, ਸ਼ਬਦਾਂ ਵਿਚ ਰੰਗ ਭਰਨਾ ਜ਼ਰੂਰੀ ਹੁੰਦਾ ਹੈ।

ਹਰ ਪ੍ਰਕਾਰ ਦੇ ਗਿਆਨ ਦੇ ਆਲੇ-ਦੁਆਲੇ, ਅਗਿਆਨਤਾ ਦਾ ਸੰਘਣਾ ਵਾਤਾਵਰਣ ਹੁੰਦਾ ਹੈ।

ਮਹਿੰਗੀਆਂ ਮਸ਼ੀਨਾਂ ਕੇਵਲ ਮਾਹਿਰਾਂ ਨੂੰ ਪਛਾਣਦੀਆਂ ਹਨ।

ਸੰਸਾਰ ਨੂੰ ਬਦਲਦੇ ਉਹ ਲੋਕ ਹਨ, ਜਿਹੜੇ ਆਲੋਚਨਾ ਦੀ ਪ੍ਰਵਾਹ ਨਹੀਂ ਕਰਦੇ।

ਸੱਭਿਅਤਾਵਾਂ ਮਹਾਨ ਗ੍ਰੰਥਾਂ 'ਤੇ ਉਸਰੀਆਂ ਹੁੰਦੀਆਂ ਹਨ ਅਤੇ ਇਹ ਸੱਭਿਅਤਾਵਾਂ ਮਹਾਂ-ਕਾਵਿ ਉਸਾਰਦੀਆਂ ਹਨ।

ਆਸ ਦੇ ਅਰਥ ਹਨ: ਜੋ ਵੀ ਹੋਵੇਗਾ, ਠੀਕ ਹੀ ਹੋਵੇਗਾ।

ਡਰ ਨੇ ਮੰਦਰ ਉਸਾਰ ਕੇ, ਪੱਥਰਾਂ ਵਿਚ ਸੁਰੱਖਿਆ ਪਾ ਦਿੱਤੀ ਹੈ।

ਅਜੋਕਾ ਮਨੁੱਖ ਮਿਹਨਤ ਬਿਨਾਂ ਸਫ਼ਲ ਹੋਣਾ ਅਤੇ ਯਤਨ ਬਿਨਾਂ ਮੰਜ਼ਿਲ 'ਤੇ ਪਹੁੰਚਣਾ ਚਾਹੁੰਦਾ ਹੈ।

ਕੁਦਰਤ ਨੂੰ ਚੁੱਪ ਰਹਿ ਕੇ ਹੀ ਮਾਣਿਆ ਜਾ ਸਕਦਾ ਹੈ।

ਉਂਞ ਸਾਰੇ ਘੰਟੇ ਬਰਾਬਰ ਹੁੰਦੇ ਹਨ, ਪਰ ਅਨੁਭਵ ਅਨੁਸਾਰ ਉਹ ਲੰਮੇ-ਛੋਟੇ ਹੁੰਦੇ ਰਹਿੰਦੇ ਹਨ।

ਹੋ ਸਕਦਾ ਹੈ ਇਕ ਦਿਨ ਮਨੁੱਖ ਦੀ ਯਾਦ-ਸ਼ਕਤੀ ਗਵਾਚ ਜਾਵੇ ਅਤੇ ਮਨੁੱਖ ਫਿਰ ਸੁਖੀ ਹੋ ਜਾਵੇ।

ਜਿਸ ਦਿਨ ਘਰ ਵਿਚ ਪਤੀ ਕੋਈ ਮੂਰਖਤਾ ਨਾ ਕਰੇ; ਉਸ ਨੂੰ ਲੱਗਦਾ ਹੈ ਜਿਵੇਂ ਪਤਨੀ ਵਲੋਂ ਉਹ ਰੰਗੇ ਹੱਥੀਂ ਫੜਿਆ ਗਿਆ ਹੋਵੇ।

ਪੁਰਾਣੇ ਜ਼ਮਾਨੇ ਵਿਚ ਦਿਨ ਹੁੰਦੇ ਸਨ; ਸਵੇਰ, ਦੁਪਹਿਰ, ਸ਼ਾਮ ਹੁੰਦੀ ਸੀ; ਘੰਟੇ, ਮਿੰਟ, ਸਕਿੰਟ ਨਹੀਂ ਸਨ ਹੁੰਦੇ।

ਕਿਸੇ ਅਧਿਆਪਕ ਵੱਲੋਂ, ਕਿਸੇ ਵਿਦਿਆਰਥੀ ਨੂੰ ਕਹਿਣਾ: ਤੂੰ ਜ਼ਿੰਦਗੀ ਵਿਚ ਕੁਝ ਨਹੀਂ ਬਣ ਸਕਦਾ; ਅਧਿਆਪਕ ਦੀ ਹਾਰ ਦਾ ਐਲਾਨ ਹੁੰਦਾ ਹੈ।

ਸੁਕਰਾਤ ਅਤੇ ਪਲੈਟੋ ਕੋਲ ਵਿਸ਼ਾਲ ਸੋਚਾਂ ਲਈ ਖੁੱਲ੍ਹਾ ਸਮਾਂ ਸੀ; ਅਜੋਕੇ ਸਮਿਆਂ ਵਿਚ ਸਾਡਾ ਸਭ ਕੁਝ ਮਿੰਟਾਂ-ਸਕਿੰਟਾਂ ਨਾਲ ਬੰਨ੍ਹਿਆ ਹੋਣ ਕਰਕੇ, ਸਾਡੀਆਂ ਸੋਚਾਂ ਵਿਸ਼ਾਲ ਨਹੀਂ ਰਹੀਆਂ।

ਸੱਭਿਅਤਾਵਾਂ ਦਾ ਇਤਿਹਾਸ, ਦਰਿਆਵਾਂ ਦਾ ਲਿਖਿਆ ਹੁੰਦਾ ਹੈ।

ਅਧਿਆਪਕ ਨੂੰ ਤਨਖਾਹ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਮਿਲਦੀ ਹੈ, ਪਰ ਅਵਸਰ ਆਪ ਪੜ੍ਹਨ ਦਾ ਮਿਲਦਾ ਹੈ।

ਸ਼ਰਾਬੀ ਦੇ ਹੱਥ ਵਿਚ ਦੁੱਧ ਦਾ ਗਲਾਸ ਵੀ, ਸ਼ਰਾਬ ਹੀ ਸਮਝਿਆ ਜਾਂਦਾ ਹੈ।

ਜਿਹੜੇ ਪੜ੍ਹਾਈ ਮੁੱਕਦਿਆਂ ਹੀ ਅਧਿਆਪਕ ਲੱਗ ਜਾਂਦੇ ਹਨ, ਉਹ ਕਈ ਵਰ੍ਹੇ ਜਮਾਤ ਵਿਚ ਆਪ ਨਹੀਂ ਬੋਲਦੇ, ਉਨ੍ਹਾਂ ਅੰਦਰ ਬੈਠੇ, ਉਨ੍ਹਾਂ ਦੇ ਅਧਿਆਪਕ ਬੋਲਦੇ ਰਹਿੰਦੇ ਹਨ।

ਸ਼ਰਾਬੀ ਅਤੇ ਜੁਆਰੀਏ, ਕੰਮ-ਕਾਜ ਤਿਆਗ ਦਿੰਦੇ ਹਨ, ਜਿਸ ਕਾਰਨ ਇਨ੍ਹਾਂ ਦੇ ਬਰਬਾਦ ਹੋਣ ਦੀ ਰਫ਼ਤਾਰ ਹੋਰ ਤੇਜ਼ ਹੋ ਜਾਂਦੀ ਹੈ।

ਅਸਲ ਰਾਜ, ਦੰਡ-ਨੀਤੀ ਦਾ ਰਾਜ ਹੁੰਦਾ ਹੈ; ਜਿਹੋ ਜਿਹੀ ਦੰਡ-ਨੀਤੀ ਹੋਵੇਗੀ, ਉਹੋ ਜਿਹਾ ਰਾਜ-ਪ੍ਰਬੰਧ ਹੋਵੇਗਾ।

ਜਿਥੇ ਸਭ ਬਰਾਬਰ ਹੋਣ, ਉਥੇ ਬਰਾਬਰੀ ਦਾ ਵਿਰੋਧ ਹੁੰਦਾ ਹੈ; ਜਿਥੇ ਨਾ-ਬਰਾਬਰੀ ਹੋਵੇਗੀ, ਉਥੇ ਨਾ-ਬਰਾਬਰੀ ਦਾ ਵਿਰੋਧ ਹੋਵੇਗਾ; ਵਿਰੋਧ ਹਰ ਰਾਜਨੀਤਕ-ਆਰਥਿਕ ਵਰਤਾਰੇ ਦਾ ਲਾਜ਼ਮੀ ਭਾਗ ਹੁੰਦਾ ਹੈ।

ਈਸਾਈ ਧਰਮ ਨੇ ਬਾਈਬਲ ਪੜ੍ਹਨ ਵਾਸਤੇ, ਲੋਕਾਂ ਨੂੰ ਯੋਗ ਬਣਾਉਣ ਲਈ ਸਿੱਖਿਆ ਸੰਸਥਾਵਾਂ ਖੋਲ੍ਹੀਆਂ, ਜਿਸ ਨਾਲ ਯੋਰਪ ਵਿਚ ਸਿੱਖਿਆ ਫੈਲੀ ਅਤੇ ਵਿਕਾਸ ਵਾਪਰਿਆ; ਭਾਰਤ ਵਿਚ ਬ੍ਰਾਹਮਣਾਂ ਨੇ ਵੇਦ ਪੜ੍ਹਨ 'ਤੇ ਪਾਬੰਦੀ ਲਾਈ, ਜਿਸ ਕਾਰਨ ਅਸੀਂ ਅਨਪੜ੍ਹ ਅਤੇ ਅੰਧ-ਵਿਸ਼ਵਾਸੀ ਹੀ ਬਣੇ ਰਹੇ।

ਜਿਥੇ ਰਲ ਕੇ ਅਭਿਆਸ ਕਰਨ ਦੀ ਲੋੜ ਪੈਂਦੀ ਹੈ, ਉਥੇ ਪੁਰਸ਼ ਨਾਲੋਂ ਇਸਤਰੀ ਵਧੇਰੇ ਸਫ਼ਲ ਹੁੰਦੀ ਹੈ; ਜਿਥੇ ਇਕੱਲਿਆਂ ਅਤੇ ਦਹਾਕਿਆਂ ਦੇ ਅਭਿਆਸ ਦੀ ਲੋੜ ਪੈਂਦੀ ਹੈ, ਉਨ੍ਹਾਂ ਖੇਤਰਾਂ ਵਿਚੋਂ ਇਸਤਰੀ ਗਾਇਬ ਹੈ।

ਸਮਾਧੀ ਪੁਰਸ਼ ਹੀ ਲਾਉਂਦੇ ਹਨ, ਇਹ ਸਨਿਆਸੀਆਂ ਦਾ ਕਾਰਜ ਹੈ; ਇਸਤਰੀਆਂ ਪਰਿਵਾਰ-ਪੱਖੀ ਹੁੰਦੀਆਂ ਹਨ, ਇਨ੍ਹਾਂ ਦੀ ਸਮਾਧੀ ਅਤੇ ਸਨਿਆਸ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਨਵੀਆਂ ਕਾਢਾਂ ਕੱਢਣ ਵਾਲਾ ਨਹੀਂ, ਵਰਤਣ ਵਾਲਾ ਵਿਕਾਸ ਕਰਦਾ ਹੈ; ਕੰਪਾਸ, ਬਾਰੂਦ ਅਤੇ ਛਪਾਈ ਦੀ ਕਾਢ ਚੀਨ ਨੇ ਕੱਢੀ ਸੀ, ਪਰ ਇਨ੍ਹਾਂ ਨੂੰ ਵਰਤ ਕੇ ਖ਼ੁਸ਼ਹਾਲ ਯੋਰਪ ਹੋਇਆ ਹੈ।

ਲੋਕ ਆਪਣੀਆਂ ਭੈੜੀਆਂ ਆਦਤਾਂ ਨਹੀਂ ਬਦਲਦੇ, ਉਨ੍ਹਾਂ ਨੂੰ ਛੁਪਾਉਣ ਦਾ ਢੰਗ ਹੀ ਬਦਲਦੇ ਹਨ।

ਵਿਆਹ ਵੇਲੇ, ਪਤੀ-ਪਤਨੀ ਨਹੀਂ ਜਾਣ ਸਕਦੇ ਕਿ ਉਨ੍ਹਾਂ ਨੂੰ ਕਿਹੜੇ-ਕਿਹੜੇ ਅਨੁਭਵ ਹੋਣਗੇ; ਇਹ ਨਾ ਜਾਣਨਾ ਹੀ, ਵਿਆਹ ਕਰਵਾਉਣ ਦਾ ਸਭ ਤੋਂ ਵੱਧ ਦਿਲਚਸਪ ਪੱਖ ਹੁੰਦਾ ਹੈ।

ਯੁੱਧ ਵਿਚ ਦੁਸ਼ਮਣ ਜਿਤਨਾ ਸਪਸ਼ਟ ਅਤੇ ਸਾਹਮਣੇ ਹੋਵੇਗਾ, ਉਤਨਾ ਹੀ ਉਸ ਦਾ ਡਰ ਘੱਟ ਹੋਵੇਗਾ।

ਕਾਰਟੂਨ ਵਿਚ ਚਿੱਤਰ ਨਹੀਂ, ਟਿੱਪਣੀ ਮਹੱਤਵਪੂਰਨ ਹੁੰਦੀ ਹੈ।

ਅਜੋਕੇ ਮਾਪਿਆਂ ਦਾ ਵੱਡਾ ਦੋਸ਼ ਇਹ ਹੈ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਆਪ ਵਿਗਾੜੀ ਹੋਈ ਲਾਡਲੀ ਸੰਤਾਨ, ਉਨ੍ਹਾਂ ਦਾ ਨਾਂ ਰੌਸ਼ਨ ਕਰੇ।

ਜਨਤਾ ਨੂੰ ਹਾਕਮਾਂ ਦੀ ਭਾਸ਼ਾ ਸਮਝ ਨਹੀਂ ਆਉਂਦੀ, ਪਰ ਅਰਥ ਸਮਝ ਆਉਂਦੇ ਹਨ; ਸਮਝ ਆਏ ਅਰਥਾਂ ਦਾ ਪ੍ਰਗਟਾਵਾ, ਉਹ ਚੋਣਾਂ ਸਮੇਂ ਕਰਦੇ ਹਨ।

ਪੁਰਸ਼, ਇਸਤਰੀ ਨੂੰ ਚੰਗੀ ਤਰ੍ਹਾਂ ਉਦੋਂ ਸਮਝਦਾ ਹੈ, ਜਦੋਂ ਉਹ ਤਲਾਕ ਦੇ ਮੁਕੱਦਮੇ ਲਈ ਅਦਾਲਤ ਵਿਚ, ਪੁਰਸ਼ ਦੇ ਸਾਹਮਣੇ ਖਲੋਤੀ ਹੁੰਦੀ ਹੈ।

ਕੁਸ਼ਤੀ-ਕਬੱਡੀ ਗਰੀਬਾਂ ਦੀਆਂ ਖੇਡਾਂ ਹਨ; ਹਰ ਖੇਡ ਲਈ ਕਿਸੇ ਸਾਮਾਨ ਦੀ ਲੋੜ ਪੈਂਦੀ ਹੈ, ਪਰ ਇਨ੍ਹਾਂ ਖੇਡਾਂ ਵਿਚ ਪਾਏ ਕੱਪੜੇ ਵੀ ਲਾਹੁਣੇ ਪੈਂਦੇ ਹਨ।

ਸੈਰ ਕਰਨ ਦੇ ਲਾਭ ਤਾਂ ਹੀ ਹੁੰਦੇ ਹਨ, ਜੇ ਇਹ ਰੋਜ਼ ਪ੍ਰਸੰਨ ਹੋ ਕੇ ਕੀਤੀ ਜਾਵੇ।

ਜ਼ਿੰਦਗੀ ਵਿਚ ਕਿਸੇ ਨੇ ਕੀ ਬਣਨਾ ਹੈ, ਇਸ ਦਾ ਨਿਰਣਾ ਅਕਸਰ ਵੀਹ ਸਾਲ ਦੀ ਉਮਰ ਤਕ ਹੋ ਜਾਂਦਾ ਹੈ।

ਅਮੀਰੀ ਗਿਆਨ ਦੀ ਹੁੰਦੀ ਹੈ, ਬਾਕੀ ਅਮੀਰੀਆਂ ਮਹਿੰਗੇ ਲਿਬਾਸਾਂ ਨਾਲ ਢਕੀਆਂ, ਗਰੀਬੀਆਂ ਹੀ ਹੁੰਦੀਆਂ ਹਨ।

ਸਕੂਲੋਂ ਦੌੜਨ ਵਾਲੇ, ਦੌੜਨ ਦੇ ਮਾਹਿਰ ਹੋ ਜਾਂਦੇ ਹਨ, ਪਰ ਉਹ ਪਹੁੰਚਦੇ ਕਿਧਰੇ ਨਹੀਂ।

ਮਨੁੱਖ ਦੀ ਸੁਪਨੇ ਵੇਖਣ ਦੀ ਆਦਤ ਨੇ ਹੀ ਸਿਨੇਮੇ ਦਾ ਨਿਰਮਾਣ ਕੀਤਾ ਹੈ।

ਸੱਤ ਪੁਸ਼ਤਾਂ ਦੀ ਮਿਹਨਤ ਅਤੇ ਬੱਚਤ ਨਾਲ ਉਪਜਾਈ ਖ਼ੁਸ਼ਹਾਲੀ ਉਪਰੰਤ ਹੀ ਕੋਈ ਪਰਿਵਾਰ, ਖਾਨਦਾਨ ਅਖਵਾਉਂਦਾ ਹੈ।

ਅਮੀਰੀ ਵਿਚ ਵੀ ਸੰਜਮ ਵਰਤਦੇ ਰਹਿਣ ਨਾਲ, ਗਰੀਬੀ ਵਿਚ ਵੀ ਸਵੈਮਾਣ ਬਣਿਆ ਰਹਿੰਦਾ ਹੈ।

ਜੇ ਕਿਸਾਨ ਆਪਣੇ ਖੇਤ ਨਾ ਜਾਵੇ ਤਾਂ ਖੇਤ ਉਸ ਨੂੰ ਪਛਾਣਨ ਅਤੇ ਉਸ ਦੇ ਆਖੇ ਲਗਣਾ ਬੰਦ ਕਰ ਦਿੰਦੇ ਹਨ।

ਕੋਈ-ਕੋਈ ਇਸਤਰੀ ਤਾਂ ਇਤਨੀ ਸੋਹਣੀ ਹੁੰਦੀ ਹੈ ਕਿ ਵੇਖਣ ਵਾਲੇ ਦੀ ਜਾਨ ਹੀ ਨਿਕਲ ਜਾਂਦੀ ਹੈ।

ਚਿੰਤਨ ਵਿਚ ਅਤੇ ਚਿੰਤਾ ਕਰਨ ਵਿਚ ਅੰਤਰ ਹੁੰਦਾ ਹੈ; ਚਿੰਤਨ ਦੀ ਆਦਤ ਨੂੰ ਅਪਨਾਉਣ ਦੀ ਅਤੇ ਚਿੰਤਾ ਦੀ ਆਦਤ ਨੂੰ ਤਿਆਗਣ ਦੀ ਲੋੜ ਪੈਂਦੀ ਹੈ।

ਦਰਦ ਦੀ ਕੋਈ ਪਰਿਭਾਸ਼ਾ ਨਹੀਂ ਹੈ, ਇਹ ਵੀ ਇਕ ਦਰਦ ਹੈ।

ਭਾਵੇਂ ਹਰ ਵਾਰੀ ਜਿੱਤੋ, ਤਾਂ ਵੀ ਜੂਆ ਨਹੀਂ ਖੇਡਣਾ ਚਾਹੀਦਾ, ਕਿਉਂਕਿ ਜੂਏ ਵਿਚ ਜਿੱਤ ਆਰਜ਼ੀ ਹੁੰਦੀ ਹੈ, ਹਾਰ ਲਾਜ਼ਮੀ ਅਤੇ ਪੱਕੀ ਹੁੰਦੀ ਹੈ।

ਜਿਨ੍ਹਾਂ ਨੇ ਅਧਿਆਪਕਾਂ ਤੋਂ ਖਿੜੇ ਮੱਥੇ ਮਾਰ ਖਾਧੀ ਹੋਵੇ, ਉਹ ਸਾਰੀ ਜ਼ਿੰਦਗੀ ਕਿਸੇ ਤੋਂ ਮਾਰ ਨਹੀਂ ਖਾਂਦੇ।

ਕਈਆਂ ਤੋਂ ਆਪਣੀਆਂ ਕੀਤੀਆਂ ਵਧੀਕੀਆਂ ਦੀ ਮੁਆਫ਼ੀ ਮੰਗਣ ਲਈ, ਅਸੀਂ ਉਨ੍ਹਾਂ ਨੂੰ ਉਮਰ ਭਰ ਲੱਭਦੇ ਰਹਿੰਦੇ ਹਾਂ।

ਕੁਝ ਦਿਓਗੇ, ਕੁਝ ਮਿਲੇਗਾ; ਕੁਝ-ਕੁਝ ਦਿਓਗੇ, ਕੁਝ-ਕੁਝ ਮਿਲੇਗਾ; ਸਭ ਕੁਝ ਦਿਓਗੇ, ਸਭ ਕੁਝ ਮਿਲੇਗਾ; ਦੁਨੀਆਂ ਕਦੇ ਗਲਤ ਨਹੀਂ ਤੋਲਦੀ।

ਮਨੁੱਖ ਸਿਰਜ ਕੇ ਪਰਮਾਤਮਾ ਨੇ ਗਲਤੀ ਕੀਤੀ ਹੈ ਜਾਂ ਪਰਮਾਤਮਾ ਸਿਰਜ ਕੇ ਮਨੁੱਖ ਨੇ ਗਲਤੀ ਕੀਤੀ ਹੈ; ਗਲਤੀ ਕਿਧਰੇ ਨਾ ਕਿਧਰੇ ਜ਼ਰੂਰ ਹੋਈ ਹੈ।

ਵਾਸਤਵ ਵਿਚ ਸੰਸਾਰ ਵਿਚ ਕੁਝ ਵੀ ਅਜਿਹਾ ਨਹੀਂ, ਜਿਸ ਨੂੰ ਮਨੁੱਖ ਆਪਣਾ ਕਹਿ ਸਕੇ, ਕਿਉਂਕਿ ਮਨੁੱਖ ਆਪ ਸੰਸਾਰ ਦਾ ਭਾਗ ਹੈ।

ਲੱਭਤ ਜਾਂ ਕਾਢ ਦੇ ਅਰਥ ਹਨ, ਉਹ ਵੇਖਣਾ, ਜੋ ਹਰ ਕਿਸੇ ਨੇ ਵੇਖਿਆ ਹੋਵੇ, ਪਰ ਉਹ ਸੋਚਣਾ, ਜੋ ਕਿਸੇ ਨੇ ਨਹੀਂ ਸੋਚਿਆ; ਨਿਊਟਨ ਦੇ ਗੁਰੂਤਾ ਅਤੇ ਆਈਨਸਟੀਨ ਦੇ ਸਾਪੇਖਤਾ ਦੇ ਨੇਮ ਇਵੇਂ ਹੀ ਲੱਭੇ ਗਏ ਸਨ।

ਆਗੂ, ਸੰਤ, ਮਹਾਤਮਾ, ਅਧਿਆਪਕ ਦਾ ਤਾਂ ਹੀ ਸਤਿਕਾਰ ਹੋਵੇਗਾ, ਜੇ ਇਨ੍ਹਾਂ ਦਾ ਵਿਹਾਰ ਸਰਲ ਹੋਵੇ।

ਇੱਟ ਦਾ ਜਵਾਬ ਪੱਥਰ, ਦਾ ਅਰਥ ਹੈ: ਅੱਖ ਦੇ ਬਦਲੇ ਅੱਖ ਨਹੀਂ, ਦੋਵੇਂ ਅੱਖਾਂ; ਦੰਦ ਦੇ ਬਦਲੇ ਦੰਦ ਨਹੀਂ, ਪੂਰਾ ਜਬਾੜ੍ਹਾ।

ਸ਼ਾਨ, ਸਿਆਣਪ ਅਤੇ ਦੌਲਤ, ਕਦੇ ਵੀ ਜੂਏਬਾਜ਼ਾਂ ਕੋਲ ਨਹੀਂ ਵਸਦੀਆਂ।

ਸੰਕਟ ਦੌਰਾਨ ਦੋ ਪ੍ਰਕਾਰ ਦੇ ਆਗੂ ਉਪਜਦੇ ਹਨ; ਸੰਕਟ ਵਿਚੋਂ ਬਾਹਰ ਕੱਢਣ ਵਾਲੇ ਅਤੇ ਸੰਕਟ ਦਾ ਨਾਜਾਇਜ਼ ਲਾਭ ਉਠਾਉਣ ਵਾਲੇ।

ਵਿਕਾਸ ਕਿਸੇ ਪ੍ਰਕਾਰ ਦਾ ਵਾਪਰੇ, ਲਾਭ ਪੜ੍ਹੇ-ਲਿਖੇ, ਸੁਚੇਤ ਅਤੇ ਸ਼ਕਤੀਸ਼ਾਲੀ ਵਿਅਕਤੀ ਹੀ ਉਠਾਉਂਦੇ ਹਨ; ਵਿਕਾਸ ਤੋਂ ਲਾਭ ਉਠਾਉਣ ਲਈ, ਪੜ੍ਹੇ-ਲਿਖੇ ਅਤੇ ਸ਼ਕਤੀਸ਼ਾਲੀ ਹੋਵੋ।

ਨਵੀਆਂ ਕਾਢਾਂ, ਨਵਾਂ ਸ਼ਬਦ-ਭੰਡਾਰ ਉਪਜਾਉਂਦੀਆਂ ਹਨ।

ਦੂਜੇ ਵਿਸ਼ਵ-ਯੁੱਧ ਦੇ ਅੰਤ 'ਤੇ ਕੋਈ ਸ਼ਾਂਤੀ ਸਮਝੌਤਾ ਨਹੀਂ ਸੀ ਹੋਇਆ; ਇਸ ਕਾਰਨ ਉਸ ਮਗਰੋਂ ਸ਼ਾਂਤੀ ਹੋਈ ਹੀ ਨਹੀਂ।

ਜੇ ਕਿਸੇ ਕੌਮ ਕੋਲ ਬਹਾਦਰੀਆਂ ਦਾ ਇਤਿਹਾਸ ਨਾ ਹੋਵੇ, ਉਹ ਕੌਮ ਕਿਸੇ ਨਵੇਂ ਸੰਕਟ ਵਿਚ ਬਹਾਦਰੀ ਨਹੀਂ ਵਿਖਾ ਸਕਦੀ।

ਜਦੋਂ ਵੀ ਕਿਸੇ ਯੁੱਧ ਦੇ ਕਾਰਨ ਵਿਚਾਰੇ ਜਾਂਦੇ ਹਨ ਤਾਂ ਉਸ ਦੇ ਬੀਜ ਕਿਸੇ ਪਹਿਲੇ ਯੁੱਧ ਵਿਚੋਂ ਲੱਭ ਪੈਂਦੇ ਹਨ।

ਬਸੰਤ ਵਾਂਗ ਹੀ ਪੱਤਝੜ ਵੀ ਮਹੱਤਵਪੂਰਨ ਹੈ, ਪਰ ਉਡੀਕੀ ਬਸੰਤ ਹੀ ਜਾਂਦੀ ਹੈ, ਪੱਤਝੜ ਨਹੀਂ।

ਹਰੇਕ ਨਵੀਨਤਾ ਨੇ ਵਕਤ ਪਾ ਕੇ ਪਰੰਪਰਾ ਦਾ ਭਾਗ ਬਣਨਾ ਹੁੰਦਾ ਹੈ।

ਗਰਮੀ-ਸਰਦੀ ਵਿਚ ਵਕਤ ਦੀ ਚਾਲ ਉਹੀ ਰਹਿੰਦੀ ਹੈ, ਪਰ ਰਫ਼ਤਾਰ ਬੜੀ ਬਦਲੀ ਹੋਈ ਲੱਗਦੀ ਹੈ।

ਯਾਤਰਾ ਨਾਲ ਮਨ ਖੁਲ੍ਹਦਾ ਹੈ; ਕਿਤਾਬਾਂ ਨਾਲ ਇਹ ਖਿੜਦਾ ਵੀ ਹੈ।

ਭੋਗ ਸਮੇਂ, ਸ਼ਰਧਾਂਜਲੀਆਂ ਵਿਚਲਾ ਝੂਠ, ਸੰਗਤਾਂ ਨੂੰ ਥਕਾ ਦਿੰਦਾ ਹੈ।

ਜੇ ਮਾਪੇ ਬੱਚਿਆਂ ਦੇ ਰਾਹਾਂ ਵਿਚੋਂ ਸਾਰੇ ਕੰਡੇ ਚੁਗਣ ਲੱਗ ਪੈਣ ਤਾਂ ਉਹ ਉਨ੍ਹਾਂ ਲਈ ਫੁੱਲਾਂ ਦੇ ਉਗਣ ਦੀਆਂ ਸੰਭਾਵਨਾਵਾਂ ਵੀ ਘਟਾ ਦਿੰਦੇ ਹਨ।

ਜਦੋਂ ਤਕ ਕੋਈ ਉਚੇਰਾ ਜੀਵਨ-ਨਿਸ਼ਾਨਾ ਨਹੀਂ ਮਿਥਿਆ ਜਾਂਦਾ, ਖਾਣਾ-ਪੀਣਾ ਅਤੇ ਸੰਭੋਗ ਕਰਨਾ ਹੀ ਨਿਸ਼ਾਨਾ ਬਣਿਆ ਰਹੇਗਾ।

ਸੈਰ ਨਾ ਕਰਨ ਦੇ ਸਾਰੇ ਬਹਾਨੇ, ਸੁਸਤੀ ਦੇ ਸਬੂਤ ਹੁੰਦੇ ਹਨ।

ਬੱਚਿਆਂ ਨੂੰ ਦਿਮਾਗ ਅਤੇ ਹੱਥ ਦੋਵੇਂ ਨਾਲ-ਨਾਲ ਵਰਤਣ ਦੀ ਆਦਤ ਪਾਓ, ਨਹੀਂ ਤਾਂ ਉਹ ਦੋਵੇਂ ਨਹੀਂ ਵਰਤਣਗੇ।

ਸੂਈ ਵਿਚ ਧਾਗਾ ਪਾਉਣਾ, ਤਾੜੀ ਮਾਰਨਾ, ਆਟਾ ਗੁੰਨ੍ਹਣਾ ਆਦਿ ਇਕ ਹੱਥ ਵੱਲੋਂ, ਦੂਜੇ ਹੱਥ ਨੂੰ ਦਿੱਤੇ ਸਹਿਯੋਗ ਦੀਆਂ ਉਦਾਹਰਣਾਂ ਹਨ।

ਭਾਰਤ ਦੇ ਰਾਸ਼ਟਰਪਤੀ ਨੇ ਯੂਨਾਨ ਦੇ ਬਾਦਸ਼ਾਹ ਦਾ ਸਵਾਗਤ ਕਰਦਿਆਂ ਕਿਹਾ ਸੀ: ਤੁਸੀਂ ਯੂਨਾਨ ਦੇ ਪਹਿਲੇ ਬਾਦਸ਼ਾਹ ਹੋ, ਜਿਹੜੇ ਸਾਡੇ ਬੁਲਾਏ 'ਤੇ ਆਏ ਹੋ, ਤੁਹਾਡਾ ਸਿਕੰਦਰ ਬਿਨ-ਬੁਲਾਏ ਆਇਆ ਸੀ।

ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ, ਆਪਣੀ ਆਲੋਚਨਾ ਦਾ ਅਧਿਕਾਰ ਉਨ੍ਹਾਂ ਨੂੰ ਹੀ ਦਿੱਤਾ ਜਾਂਦਾ ਹੈ।

ਪੈਸੇ-ਜਾਇਦਾਦ ਨਾਲ ਮਾਪੀ ਜਾਣ ਵਾਲੀ ਸਫ਼ਲਤਾ, ਸਫ਼ਲਤਾ ਨਹੀਂ ਹੁੰਦੀ, ਪ੍ਰਾਪਤੀ ਹੁੰਦੀ ਹੈ; ਸਫ਼ਲਤਾ, ਸੰਤੁਸ਼ਟਤਾ ਦੀ ਗਹਿਰਾਈ ਦਾ ਨਾਂ ਹੈ।

ਕਿਸੇ ਦੇਸ਼ ਦੇ ਅਸਲੀ ਲੋਕ ਵੇਖਣੇ ਹੋਣ ਤਾਂ ਮੇਲਿਆਂ, ਅਦਾਲਤਾਂ, ਹਸਪਤਾਲਾਂ ਅਤੇ ਬਸ ਅੱਡਿਆਂ 'ਤੇ ਵੇਖੋ।

ਚਰਿੱਤਰ ਦੇ ਨਿਰਮਾਣ ਵਿਚ, ਮਨੁੱਖ ਨੂੰ ਹਾਂ ਨਾਲੋਂ ਨਾਂਹ ਵਧੇਰੇ ਕਰਨੀ ਪੈਂਦੀ ਹੈ।

ਖ਼ੁਸ਼ਹਾਲ ਦੇਸ਼ਾਂ ਵਿਚ ਭਰਪੂਰ ਜੀਵਨ ਚਾਲ੍ਹੀ ਤੋਂ ਅਰੰਭ ਹੁੰਦਾ ਹੈ, ਗਰੀਬ ਦੇਸ਼ਾਂ ਵਿਚ ਜੀਵਨ ਤੀਹ 'ਤੇ ਮੁੱਕ ਜਾਂਦਾ ਹੈ।

ਸੰਸਾਰ ਸਾਡੇ ਅੰਦਰ ਹੈ, ਜੋ ਬਾਹਰ ਹੈ; ਉਹ ਕੁਦਰਤ ਹੈ।

ਪੈਸੇ ਤਾਂ ਹੀ ਵਧਦੇ ਹਨ, ਜੇ ਠੀਕ ਥਾਂ 'ਤੇ ਪਏ ਹੋਣ; ਜੇਬ ਵਿਚ ਪਏ ਪੈਸੇ ਘਟਦੇ ਹਨ, ਬੈਂਕ ਵਿਚ ਵਧਦੇ ਹਨ; ਦੁਕਾਨ ਵਿਚ ਪਏ ਵਧਦੇ ਹਨ, ਘਰ ਵਿਚ ਪਏ ਘਟਦੇ ਹਨ।

ਫੋਟੋ, ਸਕਿੰਟਾਂ ਵਿਚ ਖਿਚੀ ਜਾਂਦੀ ਹੈ, ਸੋ ਕੁਝ ਮਿੰਟ ਹੀ ਵੇਖੀ ਜਾਂਦੀ ਹੈ; ਚਿੱਤਰ ਬਣਾਉਣ ਲਈ ਚਿੱਤਰਕਾਰ ਨੂੰ ਕਈ-ਕਈ ਸਾਲ ਲੱਗਦੇ ਹਨ, ਇਸ ਲਈ ਚਿੱਤਰ ਨੂੰ ਕਈ ਦਹਾਕੇ-ਸਦੀਆਂ ਵੇਖਿਆ ਜਾਂਦਾ ਹੈ।

ਪੈਸੇ ਨਾਲ ਖ਼ੁਸ਼ੀਆਂ ਨਹੀਂ ਖਰੀਦੀਆਂ ਜਾ ਸਕਦੀਆਂ, ਪਰ ਤੰਗੀਆਂ ਤੋਂ ਬਚਿਆ ਜਾ ਸਕਦਾ ਹੈ।

ਇਸਤਰੀ ਆਪਣੇ ਸੋਹਣੇ ਹੋਣ ਨੂੰ ਸਭ ਤੋਂ ਪਹਿਲਾਂ ਆਪ ਵੇਖਦੀ ਹੈ।

ਜੇ ਬੱਚੇ ਪੱਛੜ ਕੇ ਹੋਣ, ਤਾਂ ਉਨ੍ਹਾਂ ਕਾਰਨ ਮਾਪਿਆਂ ਵਿਚ ਸਥਿਰਤਾ ਅਤੇ ਮਾਪਿਆਂ ਦੀ ਚਿੰਤਾ ਕਾਰਨ, ਬੱਚਿਆਂ ਵਿਚ ਸੁਤੰਤਰਤਾ ਨਹੀਂ ਆਉਂਦੀ।

ਕਿਸਾਨ, ਫ਼ਸਲਾਂ ਦੀਆਂ ਗੱਲਾਂ ਵਿਚ ਮੌਸਮ ਦੀਆਂ ਗੱਲਾਂ ਕਰਦੇ-ਕਰਦੇ, ਰੱਬ ਦੀਆਂ ਗੱਲਾਂ ਕਰਨ ਲੱਗ ਪੈਂਦੇ ਹਨ।

ਨਿਕੰਮਿਆਂ ਨੂੰ ਅਸੀਂ ਉਬਾਸੀ ਜਾਂ ਨਿੱਛ ਵਾਂਗ ਭੁੱਲ ਜਾਂਦੇ ਹਾਂ।

ਮੰਦਰ-ਗੁਰਦੁਆਰੇ ਵਿਚ ਸੰਗਤਾਂ ਲਈ ਲੰਗਰ ਅਤੇ ਪ੍ਰਬੰਧਕਾਂ ਲਈ ਚੜ੍ਹਾਵਾ ਮਹੱਤਵਪੂਰਨ ਹੁੰਦਾ ਹੈ।

ਜਨਮ ਅਤੇ ਮਰਨ ਵਾਸਤੇ ਸ਼ੁਭ ਦਿਨ ਨਹੀਂ ਲਭਿਆ ਜਾਂਦਾ; ਸ਼ੁਭ ਦਿਨ ਕੇਵਲ ਵਿਆਹ ਵਾਸਤੇ ਲੱਭਣਾ ਪੈਂਦਾ ਹੈ।

ਜ਼ਿੰਦਗੀ ਨੂੰ ਅਰਥਪੂਰਨ ਬਣਾਉਣ ਵਾਲੀ ਕੋਈ ਵੀ ਚੀਜ਼ ਨਾ ਕਿਧਰੇ ਵਿਕਦੀ ਹੈ, ਨਾ ਹੀ ਕਿਧਰੋਂ ਖਰੀਦੀ ਜਾ ਸਕਦੀ ਹੈ।

ਮਨੁੱਖ ਨੂੰ ਮਸ਼ੀਨ ਨੇ ਨਹੀਂ ਬਦਲਿਆ, ਮਸ਼ੀਨ ਦੀ ਤੇਜ਼-ਰਫ਼ਤਾਰ ਨੇ ਬਦਲਿਆ ਹੈ।

ਪਰਮਾਤਮਾ ਕਿਸੇ ਦਾ ਰਿਸ਼ਤੇਦਾਰ ਨਹੀਂ, ਪਰ ਹਰ ਕਿਸੇ ਦਾ ਸਾਥੀ ਹੁੰਦਾ ਹੈ।

ਸਾਰੇ ਦੇਸ਼ ਆਪਣੇ ਆਪ ਨੂੰ ਸ਼ਰੀਫ ਅਤੇ ਹੋਰਨਾਂ ਨੂੰ ਲੜਾਕੇ ਸਮਝ ਕੇ ਹਥਿਆਰ ਬਣਾ ਰਹੇ ਹਨ।

ਕਈ ਮਰੀਜ਼ ਇਤਨੀ ਹਾਏ-ਹਾਏ ਕਰਦੇ ਹਨ ਕਿ ਬਿਮਾਰੀ ਨੂੰ ਅਰਾਮ ਹੀ ਨਹੀਂ ਕਰਨ ਦਿੰਦੇ।

ਅਣਜਾਣੇ ਵਿਚ ਕੀਤੀ ਗਲਤੀ ਨੂੰ ਭੁੱਲ ਕਹਿੰਦੇ ਹਨ; ਜਾਣ-ਬੁੱਝ ਕੇ ਕੀਤੀ ਗਲਤੀ, ਗਲਤੀ ਨਹੀਂ ਹੁੰਦੀ, ਸਾਜ਼ਸ਼ ਹੁੰਦੀ ਹੈ।

ਹੁਣ ਚਵਾਨੀਆਂ-ਅਠਾਨੀਆਂ ਹਾਰ ਗਈਆਂ ਹਨ; ਬਾਕੀ ਸਿੱਕਿਆਂ ਵਿਚੋਂ ਵੀ ਹਿੰਮਤ ਮੁੱਕਦੀ ਜਾ ਰਹੀ ਹੈ।

ਜਿਹੜਾ ਪੁਰਸ਼ ਸਭ ਕੁਝ ਆਪਣੀ ਪਤਨੀ ਨੂੰ ਦੱਸ ਦਿੰਦਾ ਹੈ, ਉਹ ਬਹੁਤਾ ਕੁਝ ਜਾਣਦਾ ਹੀ ਨਹੀਂ ਹੁੰਦਾ।

ਧੀਆਂ ਜੰਮ ਪੈਣ ਤਾਂ ਮਾਂਵਾਂ ਦੀਆਂ ਅੱਖਾਂ, ਸੁੱਤਿਆਂ ਹੋਇਆਂ ਵੀ ਆਲੇ-ਦੁਆਲੇ ਨੂੰ ਵੇਖਦੀਆਂ ਰਹਿੰਦੀਆਂ ਹਨ।

ਜੋ ਕੁਝ ਵੀ ਚੰਗਾ ਹੈ, ਉਸ ਨੂੰ ਚੰਗੇਰਾ ਬਣਾਇਆ ਜਾ ਸਕਦਾ ਹੈ; ਜੋ ਚੰਗੇਰਾ ਹੈ ਉਸ ਵਿਚ ਉੱਤਮ ਬਣਨ ਦੀਆਂ ਸੰਭਾਵਨਾਵਾਂ ਵੀ ਹੋਣਗੀਆਂ।

ਜਿਸ ਨੂੰ ਭਾਰਤੀ ਸੰਤੁਸ਼ਟਤਾ ਕਹਿੰਦੇ ਹਨ, ਉਹ ਯੋਰਪੀਨ ਨਜ਼ਰਾਂ ਵਿਚ ਸੁਸਤੀ ਅਖਵਾਉਂਦੀ ਹੈ।

ਬੋਲਣ ਦਾ ਢੰਗ ਬਦਲ ਕੇ, ਪ੍ਰਸੰਸਾ ਭਰੇ ਸ਼ਬਦਾਂ ਨਾਲ, ਅਪਮਾਨ ਵੀ ਕੀਤਾ ਜਾ ਸਕਦਾ ਹੈ।

ਪਵਿੱਤਰ ਉਹ ਹੁੰਦਾ ਹੈ, ਜਿਸ 'ਤੇ ਅਸੀਂ ਕਾਬਜ਼ ਨਹੀਂ ਹੁੰਦੇ।

ਜਿਹੜੀਆਂ ਕੌਮਾਂ ਨੂੰ ਇਤਿਹਾਸ ਵਿਚ ਰਸਤਾ ਨਹੀਂ ਮਿਲਦਾ, ਉਨ੍ਹਾਂ ਦਾ ਇਤਿਹਾਸ ਰਸਤੇ ਵਿਚ ਗਵਾਚ ਜਾਂਦਾ ਹੈ।

ਗਿਆਨ ਦੇ ਪੱਖੋਂ, ਯੂਨਾਨੀ ਸੱਭਿਅਤਾ ਦੀ ਦਹਿਲੀਜ਼ 'ਤੇ ਸਾਰੀ ਮਨੁੱਖਤਾ, ਹੁਣ ਵੀ ਉਡੀਕਵਾਨ ਪ੍ਰਤੀਤ ਹੁੰਦੀ ਹੈ।

ਪੰਜਾਬੀਆਂ ਕੋਲ ਨਮੋਸ਼ੀ ਦਾ ਮੁਹਾਵਰਾ ਨਹੀਂ ਹੈ; ਇਹ ਭਾਵੇਂ ਜਿੱਤਣ, ਭਾਵੇਂ ਹਾਰਨ, ਇਹ ਲਾਉਂਦੇ ਜੈਕਾਰੇ ਹੀ ਹਨ।

ਜਿਹੜੇ ਸਿਰ ਉੱਚਾ ਕਰਕੇ ਅਸਮਾਨ ਵੱਲ ਨਹੀਂ ਵੇਖਦੇ, ਉਨ੍ਹਾਂ ਦੇ ਇਰਾਦੇ ਨੀਵੇਂ ਹੀ ਰਹਿੰਦੇ ਹਨ।

ਅਨੁਭਵ ਲਈ ਉਮਰ, ਕਦੇ ਰੁਕਾਵਟ ਨਹੀਂ ਬਣਦੀ।

ਸੁਹਿਰਦਤਾ ਨਾਲ ਮਿਹਨਤ ਕਰੋਗੇ ਤਾਂ ਜਿੱਤ ਸਿਰਜੋਗੇ, ਜਦੋਜਹਿਦ ਵੀ ਕਰੋਗੇ ਤਾਂ ਇਤਿਹਾਸ ਸਿਰਜਿਆ ਜਾਵੇਗਾ।

ਨਿਸ਼ਕਾਮ ਰਿਸ਼ਤੇ ਖ਼ਿਆਲਾਂ, ਆਦਰਸ਼ਾਂ ਅਤੇ ਗ੍ਰੰਥਾਂ ਵਿਚ ਹੀ ਸੰਭਵ ਹੁੰਦੇ ਹਨ।

ਨਰਕ ਦੀ ਕਾਢ ਕੱਢਣ ਉਪਰੰਤ, ਨਰਕ ਵਿਚ ਰਹਿਣ ਲਈ, ਮਨੁੱਖ ਆਪਣੇ ਆਪ ਨੂੰ ਯੋਗ ਬਣਾਉਂਦਾ ਗਿਆ ਹੈ।

ਕਿਤਾਬਾਂ ਰਾਹੀਂ, ਅਸੀਂ ਬਿਸਤਰੇ ਵਿਚ ਬਹਿ ਕੇ, ਗਿਆਨ ਦੀ ਬਾਰ੍ਹਾਂਦਰੀ ਵਿਚ ਘੁੰਮਦੇ ਹਾਂ।

ਹਰ ਮਾਂ ਚਾਹੁੰਦੀ ਹੈ ਕਿ ਉਸ ਦੇ ਬੰਦ ਅੱਖਾਂ ਨਾਲ ਵੇਖੇ ਸੁਪਨਿਆਂ ਨੂੰ, ਉਸ ਦੀ ਧੀ ਖੁੱਲ੍ਹੀਆਂ ਅੱਖਾਂ ਨਾਲ ਵੇਖੇ।

ਸ਼ਰਮਾਕਲ ਲੜਕੀ ਨਾਲ ਪਿਆਰ ਕਰੋ, ਚੁੱਪ ਵੀ ਰੰਗੀਨ ਹੋ ਜਾਵੇਗੀ।

ਪਰਮਾਤਮਾ ਦੇ ਸੰਕਲਪ ਤੋਂ ਹੀ ਇਨਸਾਫ਼ ਦਾ ਸੰਕਲਪ ਉਸਰਿਆ ਹੈ।

ਜੇ ਰਸਤੇ ਵਿਚ ਮੀਂਹ ਆ ਜਾਵੇ ਤਾਂ ਤਿੰਨ ਗੱਲਾਂ ਵਾਪਰਨਗੀਆਂ; ਤੁਸੀਂ ਵਾਪਸ ਮੁੜ ਜਾਵੋਗੇ, ਤੁਸੀਂ ਰੁਕ ਜਾਵੋਗੇ, ਤੁਸੀਂ ਚਲਦੇ ਰਹੋਗੇ; ਦੱਸਣ ਦੀ ਲੋੜ ਨਹੀਂ ਕਿ ਕਿਹੜਾ ਫੈਸਲਾ ਮੰਜ਼ਲ 'ਤੇ ਪਹੁੰਚਾਏਗਾ।

ਮਨੁੱਖ ਰਹਿੰਦਾ ਧਰਤੀ 'ਤੇ ਹੈ, ਪਰ ਭਰੋਸਾ ਅਸਮਾਨ 'ਤੇ ਕਰਦਾ ਹੈ।

ਜਿਵੇਂ ਫੁੱਲ ਵਿਚੋਂ ਨਿਕਲ ਕੇ ਮਹਿਕ ਕਦੇ ਵੀ ਪਰਤ ਕੇ ਨਹੀਂ ਆਉਂਦੀ; ਉਵੇਂ ਹੀ ਡੋਲੀ ਵਿਚ ਬਹਿ ਕੇ ਗਈ ਧੀ, ਉਸ ਵਿਹੜੇ ਵਿਚ ਧੀ ਵਜੋਂ ਰਹਿਣ ਲਈ ਕਦੇ ਵੀ ਵਾਪਸ ਨਹੀਂ ਮੁੜਦੀ।

ਸ਼ਾਮ ਹੋਣ 'ਤੇ, ਸੂਰਜ ਆਪਣੀ ਹੱਟੀ ਬੰਦ ਕਰਨ ਵਾਸਤੇ, ਧੁੱਪ ਸਮੇਟਣ ਲੱਗ ਪੈਂਦਾ ਹੈ।

ਜਦੋਂ ਮਰੀਜ਼ ਆਪ ਤਿਆਰ ਹੋਣ ਲੱਗ ਪਏ, ਸਮਝੋ ਉਹ ਰਾਜ਼ੀ ਹੋ ਗਿਆ ਹੈ।

ਜੇ ਇਰਾਦੇ ਉੱਚੇ ਹੋਣ ਤਾਂ ਰੁਕਾਵਟਾਂ ਨੀਵੀਆਂ ਹੋ ਜਾਂਦੀਆਂ ਹਨ।

ਜਿਹੜਾ ਵਿਦਿਆਰਥੀ ਸਿਲੇਬਸ ਤੋਂ ਬਾਹਰਲੀਆਂ ਕਿਤਾਬਾਂ ਪੜ੍ਹਨ ਲੱਗ ਪਏ, ਉਹ ਵਿਦਿਆਰਥੀ ਤੋਂ ਵਿਦਵਾਨ ਬਣ ਜਾਂਦਾ ਹੈ।

ਮਾਂ-ਧੀ ਦਾ ਰਿਸ਼ਤਾ ਹੀ ਨਹੀਂ ਹੁੰਦਾ; ਔਰਤ ਹੋਣ ਦੀ ਸਾਂਝ ਵੀ ਹੁੰਦੀ ਹੈ।

ਜੇ ਗੱਲਬਾਤ ਵਿਚੋਂ ਸਾਰੇ ਵਿਸ਼ੇਸ਼ਣ ਕੱਢ ਦੇਈਏ ਤਾਂ ਗੱਲਬਾਤ ਬਹਿ ਜਾਵੇਗੀ।

ਦੋ ਡਾਕਟਰ, ਮਰੀਜ਼ ਦੀ ਬਿਮਾਰੀ ਬਾਰੇ ਭਾਵੇਂ ਸਹਿਮਤ ਹੋ ਜਾਣ, ਪਰ ਉਸ ਬਿਮਾਰੀ ਦੇ ਇਲਾਜ ਬਾਰੇ ਸਹਿਮਤ ਨਹੀਂ ਹੋਣਗੇ।

ਮਹਾਨ ਵਿਅਕਤੀ ਗੁਜ਼ਰ ਭਾਵੇਂ ਜਾਣ ਪਰ ਉਨ੍ਹਾਂ ਦਾ ਅੰਤ ਨਹੀਂ ਹੁੰਦਾ।

ਕਿਸੇ ਨੂੰ ਹਰਾਉਣ ਦੀ ਥਾਂ, ਆਪ ਜਿੱਤਣ ਵਿਚ ਦਿਲਚਸਪੀ ਲਓ।

ਪੁਰਸ਼, ਇਸਤਰੀ ਨਾਲ ਇਸ ਲਈ ਦੁਰਵਿਹਾਰ ਕਰਦਾ ਹੈ, ਕਿਉਂਕਿ ਉਹ, ਇਸਤਰੀ ਦੇ ਗੁਣਾਂ ਸਾਹਮਣੇ, ਹੀਣਤਾ ਮਹਿਸੂਸ ਕਰਦਾ ਹੈ।

ਮਨੁੱਖ ਅੰਦਰੋਂ ਪੁਰਾਣਾ ਹੈ, ਬਾਹਰੋਂ ਨਵਾਂ ਹੈ, ਇਸ ਕਰਕੇ ਪਰੇਸ਼ਾਨ ਹੈ।

ਪੁਰਸ਼ ਆਪਣੇ ਆਪ ਨੂੰ ਜਿਊਂਦਾ ਮਹਿਸੂਸ ਕਰਨ ਵਾਸਤੇ, ਇਸਤਰੀ ਦੀਆਂ ਬਾਹਵਾਂ ਲੱਭਦਾ ਰਹਿੰਦਾ ਹੈ।

ਗਰੀਬਾਂ ਦਾ ਵਿਆਹ ਜਲਦੀ ਅਤੇ ਬੱਚੇ ਛੇਤੀ ਹੁੰਦੇ ਹਨ, ਇਨ੍ਹਾਂ ਕਾਰਨਾਂ ਕਰਕੇ ਹੀ ਉਹ ਗਰੀਬੀ ਵਿਚੋਂ ਬਾਹਰ ਨਿਕਲਣ ਵਿਚ ਦੇਰ ਕਰ ਦਿੰਦੇ ਹਨ।

ਅਨੇਕਾਂ ਲੋਕ ਆਪਣਾ ਕੀਮਤੀ ਸਮਾਂ, ਸਸਤੇ ਦੁਸ਼ਮਣ ਬਣਾਉਣ ਅਤੇ ਫ਼ਜ਼ੂਲ ਲੜਾਈਆਂ ਲੜਨ ਵਿਚ ਖਰਚ ਦਿੰਦੇ ਹਨ।

ਧੀਆਂ ਦੇ ਮੁਕਾਬਲੇ ਪੁੱਤਰਾਂ ਕੋਲ ਘਰੋਂ ਬਾਹਰ ਰਹਿਣ ਦੇ, ਮੌਕੇ ਹੀ ਵਧੇਰੇ ਨਹੀਂ ਹੁੰਦੇ, ਬਹਾਨੇ ਵੀ ਵਧੇਰੇ ਹੁੰਦੇ ਹਨ।

ਯਾਦਾਂ ਇਸ ਲਈ ਪਿਆਰੀਆਂ ਹੁੰਦੀਆਂ ਹਨ, ਕਿਉਂਕਿ ਸਭ ਕੁਝ ਬਦਲ ਜਾਣ ਦੇ ਬਾਵਜੂਦ, ਇਹ ਬਦਲਦੀਆਂ ਨਹੀਂ।

ਜਦੋਂ ਇਸਤਰੀ ਤੀਹ ਸਾਲ ਦੀ ਹੁੰਦੀ ਹੈ ਤਾਂ ਉਸ ਦੀ ਸਾਲਾਂ ਨਾਲ ਸਬੰਧਤ ਯਾਦ-ਸ਼ਕਤੀ, ਕਮਜ਼ੋਰ ਪੈਣ ਲੱਗ ਪੈਂਦੀ ਹੈ।

ਕਈ ਕੇਵਲ ਮੂੰਹ ਬੰਦ ਰੱਖਣ ਕਰਕੇ ਹੀ ਸਤਿਕਾਰੇ ਜਾਂਦੇ ਹਨ।

ਸ਼ਾਂਤੀ ਦੌਰਾਨ ਖ਼ਤਰੇ ਲੁਕੇ ਰਹਿੰਦੇ ਹਨ; ਯੁੱਧ ਵਿਚ ਖ਼ਤਰਾ ਸਾਹਮਣੇ ਹੁੰਦਾ ਹੈ।

ਚੰਗੀ ਪੁਸਤਕ ਵਿਚੋਂ, ਹਰ ਪਾਠਕ ਨੂੰ ਆਪਣੇ ਕਿਸੇ ਮਹੱਤਵਪੂਰਨ ਪ੍ਰਸ਼ਨ ਦਾ ਉੱਤਰ ਮਿਲ ਜਾਂਦਾ ਹੈ।

ਲੇਖਕ, ਦਰਦ ਤਾਂ ਆਪਣਾ ਬਿਆਨ ਕਰਦਾ ਹੈ, ਪਰ ਇਹ ਪ੍ਰਾਪਤੀ, ਉਸ ਬੋਲੀ ਦੇ ਸਾਹਿਤ ਦੀ ਬਣ ਜਾਂਦੀ ਹੈ।

ਸਮਾਂ ਸਾਡੀ ਪੂੰਜੀ ਹੈ, ਜੇ ਸੁਚੇਤ ਨਾ ਹੋਈਏ ਤਾਂ ਦੂਜੇ ਹੀ ਸਾਡੀ ਇਹ ਪੂੰਜੀ ਵਰਤਦੇ ਰਹਿੰਦੇ ਹਨ।

ਜਦੋਂ ਭਰਾ ਦੀ ਜਾਨ ਖ਼ਤਰੇ ਵਿਚ ਹੋਵੇ ਤਾਂ ਛੋਟੀ, ਡਰਪੋਕ ਅਤੇ ਕਮਜ਼ੋਰ ਭੈਣ ਵੀ ਸ਼ੇਰਨੀ ਬਣ ਜਾਂਦੀ ਹੈ।

ਸੁਯੋਗ ਬੰਦਿਆਂ ਨਾਲ ਕੰਮ ਕਰਨ ਵਿਚੋਂ, ਖੇਡ ਵਰਗਾ ਆਨੰਦ ਆਉਂਦਾ ਹੈ।

ਇਮਾਨਦਾਰ ਸੱਚ ਬੋਲਦਾ ਹੈ, ਭਾਵੇਂ ਕਿਸੇ ਦਾ ਦਿਲ ਦੁਖੇ; ਬੇਈਮਾਨ ਕੁਝ ਬੋਲਦਾ ਹੀ ਦੂਜੇ ਦਾ ਦਿਲ ਦੁਖਾਉਣ ਲਈ ਹੈ।

ਭੋਗ ਵੇਲੇ ਸ਼ਰਧਾਂਜਲੀ ਅਕਸਰ ਇਹ ਸੋਚ-ਵੇਖ ਕੇ ਦਿੱਤੀ ਜਾਂਦੀ ਹੈ ਕਿ ਸਵਰਗਵਾਸੀ ਵਿਅਕਤੀ ਦੇ, ਸੁਣਨ ਵਾਲੇ ਪਿੱਛੇ ਕੌਣ-ਕੌਣ ਰਹਿ ਗਏ ਹਨ।

ਪੰਛੀ ਆਪਣੀ ਇਕਾਂਤ ਦੇ ਗੀਤ ਗਾਉਂਦੇ ਹਨ।

ਕਈਆਂ ਦਾ ਮਨ ਹੀਰੇ ਵਰਗਾ ਹੁੰਦਾ ਹੈ, ਬੜਾ ਹੀ ਸਖ਼ਤ।

ਇਨਾਮਾਂ-ਸਨਮਾਨਾਂ ਲਈ ਭੱਜ-ਦੌੜ ਕਰਨ ਵਾਲੇ, ਬੜੇ ਨੀਵੇਂ ਝੁਕ ਕੇ, ਉੱਚੇ ਦਿਸਣ ਦਾ ਯਤਨ ਕਰਦੇ ਹਨ।

ਨਫ਼ਰਤ ਨਾਲ ਨਫ਼ਰਤ ਵਧਦੀ ਹੈ; ਪਿਆਰ ਨਾਲ ਨਫ਼ਰਤ ਘਟਦੀ ਹੀ ਨਹੀਂ, ਲੋਪ ਵੀ ਹੋ ਜਾਂਦੀ ਹੈ।

ਸ਼ਰਧਾਂਜਲੀਆਂ ਰਾਹੀਂ, ਮਰਨ ਵਾਲੇ ਦਾ ਨਾਂ ਲੈ ਕੇ, ਪ੍ਰਸੰਨ ਘਰ ਵਾਲਿਆਂ ਨੂੰ ਕੀਤਾ ਜਾਂਦਾ ਹੈ।

ਚੰਗੀਆਂ ਪੁਸਤਕਾਂ ਸਾਡਾ ਗਿਆਨ ਹੀ ਨਹੀਂ, ਸਾਡਾ ਸਵੈ-ਵਿਸ਼ਵਾਸ ਵੀ ਵਧਾਉਂਦੀਆਂ ਹਨ।

ਜਦੋਂ ਮਾਲਕ, ਨੌਕਰ ਦੀਆਂ ਨਜ਼ਰਾਂ ਵਿਚ ਡਿੱਗ ਪਏ ਤਾਂ ਨੌਕਰ ਲਈ ਨੌਕਰੀ ਤਸੀਹਾ ਬਣ ਜਾਂਦੀ ਹੈ।

ਸਭ ਤੋਂ ਵੱਡੀ ਰੁਕਾਵਟ, ਅਸਫ਼ਲਤਾ ਦਾ ਡਰ ਹੁੰਦੀ ਹੈ।

ਧਾਰਮਿਕ ਉਹ ਹੁੰਦਾ ਹੈ, ਜਿਹੜਾ ਆਪਣੀ ਗੰਭੀਰ ਬਿਮਾਰੀ ਵਿਚ ਵੀ ਸਰਬੱਤ ਦਾ ਭਲਾ ਮੰਗੇ।

ਨਸ਼ੇ ਕਰਨ ਵਾਲੇ ਲੰਮਾ ਆਤਮਘਾਤ ਕਰਦੇ ਹਨ; ਉਹ ਕੰਮ-ਕਾਜ ਪੱਖੋਂ ਮਰ ਜਲਦੀ ਜਾਂਦੇ ਹਨ, ਪਰ ਉਨ੍ਹਾਂ ਦਾ ਸਸਕਾਰ ਕਈ ਸਾਲ ਮਗਰੋਂ ਹੁੰਦਾ ਹੈ।

ਸੂਟ ਬੜਾ ਸੋਹਣਾ ਪਾਇਐ ਜੀਤੋ...., ਧੰਨਵਾਦ ਜੀ;
ਲਿਪਸਟਿਕ ਵੀ ਸੋਹਣੀ ਲਾਈ ਹੈ...., ਬਹੁਤ-ਬਹੁਤ ਧੰਨਵਾਦ ਜੀ;
ਸ਼ਿੰਗਾਰ ਵੀ ਸੋਹਣਾ ਕੀਤੈ...., ਪਰ ਸੋਹਣੀ ਤੂੰ ਫੇਰ ਵੀ ਨਹੀਂ ਲੱਗਦੀ।

ਸੱਚ ਉਹ ਹੁੰਦਾ ਹੈ, ਜਿਸ ਦੇ ਅਰਥ ਨਾ ਪੁੱਛੇ ਜਾਣ, ਨਾ ਹੀ ਦੱਸਣੇ ਪੈਣ।

ਦੌੜਨ ਅਤੇ ਚੱਲਣ ਵਿਚ ਅੰਤਰ ਹੁੰਦਾ ਹੈ; ਦੌੜਦਿਆਂ ਬਹੁਤ ਕੁਝ ਪਿੱਛੇ ਰਹਿ ਜਾਂਦਾ ਹੈ, ਚਲਦਿਆਂ ਸਭ ਕੁਝ ਅੱਗੋਂ ਵਿਖਾਈ ਦਿੰਦਾ ਹੈ।

ਕੁੜੀਆਂ ਨੂੰ ਵਿਆਹ ਵਾਲਾ ਜੀਵਨ ਨਹੀਂ, ਸ਼ਾਦੀ ਵਾਲਾ ਸਮਾਗਮ ਚੰਗਾ ਲੱਗਦਾ ਹੈ।

ਜੇ ਤੁਸੀਂ ਮੁੜ-ਮੁੜ ਕਹੋਗੇ; ਮੈਨੂੰ ਭੈੜੇ ਲੋਕ ਚੰਗੇ ਨਹੀਂ ਲੱਗਦੇ, ਤੁਹਾਨੂੰ ਕੇਵਲ ਭੈੜੇ ਲੋਕ ਹੀ ਮਿਲਣਗੇ; ਕਹੋ ਮੈਨੂੰ ਚੰਗੇ ਲੋਕ ਬੜੇ ਚੰਗੇ ਲੱਗਦੇ ਹਨ, ਤੁਹਾਨੂੰ ਭੈੜੇ ਲੋਕ ਵੀ ਚੰਗੇ ਬਣ ਕੇ ਮਿਲਣਗੇ।

ਦੁੱਖ ਵੰਡਾਉਣ ਵਾਲਾ ਕੋਈ ਹੋਰ ਅਤੇ ਖ਼ੁਸ਼ੀਆਂ ਸਾਂਝੀਆਂ ਕਰਨ ਵਾਲਾ, ਕੋਈ ਹੋਰ ਨਹੀਂ ਹੋ ਸਕਦਾ।

ਪੁਰਸ਼ ਜਿਤਨਾ ਮਰਜ਼ੀ ਕਹੀ ਜਾਵੇ ਕਿ ਇਸਤਰੀਆਂ ਨੂੰ ਅਕਲ ਨਹੀਂ, ਪਰ ਇਸਤਰੀਆਂ ਨੂੰ ਅਕਲ ਵਾਲਾ ਬੰਦਾ ਪਛਾਨਣ ਦੀ ਜਿਹੜੀ ਅਕਲ ਹੁੰਦੀ ਹੈ, ਉਹ ਪੁਰਸ਼ਾਂ ਵਿਚ ਨਹੀਂ ਹੁੰਦੀ।

ਕੁਝ ਅਧਿਆਪਕ, ਅਧਿਆਪਕ ਨਹੀਂ ਹੁੰਦੇ, ਪੂਰਾ ਸਕੂਲ-ਕਾਲਜ ਹੁੰਦੇ ਹਨ।

ਸੰਕਟ ਦੌਰਾਨ ਅਸੀਂ ਦੁਸ਼ਮਣਾਂ ਦੇ ਬੋਲਾਂ ਅਤੇ ਦੋਸਤਾਂ ਦੀ ਚੁੱਪ ਦੇ ਅਰਥ ਸਮਝਦੇ ਹਾਂ।

ਗਿਆਨ ਉਦੋਂ ਹੀ ਗਿਆਨ ਬਣਦਾ ਹੈ, ਜਦੋਂ ਇਹ ਵਰਤਿਆ ਜਾਵੇ।

ਉਹੀ ਗੱਲਾਂ ਅਤੇ ਚੀਜ਼ਾਂ ਸੁੱਖ ਦਿੰਦੀਆਂ ਹਨ, ਜਿਹੜੀਆਂ ਸਾਡੀ ਸੋਚ ਨਾਲ ਇਕ-ਸੁਰ ਹੁੰਦੀਆਂ ਹਨ।

ਪ੍ਰਸ਼ਨ ਇਹ ਨਹੀਂ ਕਿ ਪਰਿਵਰਤਨ ਦੀ ਕੀ ਲਾਗਤ ਹੈ; ਸਗੋਂ ਇਹ ਹੈ ਕਿ ਜੇ ਪਰਿਵਰਤਨ ਨਾ ਵਾਪਰਿਆ ਤਾਂ ਲਾਗਤ ਕੀ ਹੋਵੇਗੀ।

ਇਸਤਰੀ ਦਾ ਮੁੱਖ ਲੱਛਣ ਵਿਸ਼ਵਾਸ ਹੈ; ਪੁਰਸ਼ ਦਾ ਮੁੱਖ ਲੱਛਣ ਤਰਕ ਹੈ।

ਯੁੱਧ, ਪੁਰਸ਼-ਅਕਲ ਨਾਲ ਲੜੇ ਜਾਂਦੇ ਹਨ; ਸ਼ਾਂਤੀ, ਇਸਤਰੀ-ਅਕਲ ਨਾਲ ਉਸਰਦੀ ਹੈ।

ਜੇ ਤੁਸੀਂ ਦੂਜਿਆਂ ਦੇ ਚਲਾਇਆਂ ਹੀ ਚੱਲਣਾ ਹੈ ਤਾਂ ਤੁਸੀਂ ਹਮੇਸ਼ਾਂ ਪੱਛੜੇ ਰਹੋਗੇ।

ਸੰਸਾਰ ਤੁਰਦਿਆਂ ਦੇ ਨਾਲ ਤੁਰਦਾ ਹੈ, ਖਲੋਤਿਆਂ ਦੇ ਨਾਲ ਖਲੋਂਦਾ ਨਹੀਂ।

ਮੋਟੇ ਹੋਣਾ ਸੌਖਾ ਹੈ, ਪਤਲੇ ਹੋਣਾ ਸੰਭਵ ਹੈ; ਪਤਲੇ ਰਹਿਣਾ ਮੁਸ਼ਕਿਲ ਹੈ; ਮੋਟੇ ਹੋ ਕੇ ਪਤਲੇ ਹੋਣਾ ਅਸੰਭਵ ਹੈ।

ਬਿਪਤਾ ਵਿਚ ਆਪਣੇ ਖਰਚਿਆਂ ਨੂੰ ਘਟਾਉਣਾ, ਬਿਪਤਾ ਦਾ ਸਾਹਮਣਾ ਕਰਨ ਦਾ ਪਹਿਲਾ ਸਫ਼ਲ ਕਦਮ ਹੁੰਦਾ ਹੈ।

ਚਰਿੱਤਰ, ਸ਼ੀਸ਼ੇ ਵਿਚੋਂ ਵੇਖਿਆਂ, ਵਿਖਾਈ ਨਹੀਂ ਦਿੰਦਾ।

ਜੇ ਤੁਹਾਨੂੰ ਬਹੁਤ ਕੁਝ ਬਰਦਾਸ਼ਤ ਕਰਨਾ ਪੈ ਰਿਹਾ ਹੈ ਤਾਂ ਅਰਥ ਇਹੀ ਹੈ ਕਿ ਤੁਸੀਂ ਬਰਦਾਸ਼ਤ ਕਰਨ ਦਾ ਯਤਨ ਹੀ ਕਰ ਰਹੇ ਹੋ, ਬਰਦਾਸ਼ਤ ਨਹੀਂ ਕਰ ਰਹੇ।

ਚੰਗੀ ਥਾਂ 'ਤੇ ਜਾਣ ਨਾਲ, ਕੁਝ ਨਾ ਕੁਝ, ਚੰਗਾ ਸਿੱਖਣ ਲਈ ਜ਼ਰੂਰ ਮਿਲਦਾ ਹੈ।

ਆਪਣੀਆਂ ਆਦਤਾਂ 'ਤੇ ਨਜ਼ਰ ਰੱਖੋ, ਇਹ ਚਰਿੱਤਰ ਬਣ ਜਾਂਦੀਆਂ ਹਨ।

ਸ਼ਹਿਰਾਂ ਵਿਚ ਮੰਤਰੀ ਰਹਿੰਦੇ ਹਨ, ਪਿੰਡਾਂ ਵਿਚ ਵੋਟਰ।

ਉਂਝ ਤਾਂ ਸਭ ਪ੍ਰਕਾਰ ਦੀ ਪ੍ਰਸੰਸਾ ਪਸੰਦ ਕੀਤੀ ਜਾਂਦੀ ਹੈ, ਪਰ ਚਰਿੱਤਰ ਦੀ ਪ੍ਰਸੰਸਾ ਮਾਣੀ ਵੀ ਜਾਂਦੀ ਹੈ।

ਸੰਕਟ ਦੌਰਾਨ, ਵਖਰੇਵੇਂ ਨਹੀਂ, ਸਾਂਝਾਂ ਵੇਖੀਆਂ ਜਾਂਦੀਆਂ ਹਨ।

ਜਿੱਤਣ-ਹਾਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ, ਇਹ ਗੱਲ ਕਿਸੇ ਹਾਰਨ ਵਾਲੇ ਨੇ ਹੀ ਕਹੀ ਹੋਵੇਗੀ; ਫ਼ਰਕ ਪੈਂਦਾ ਹੀ ਜਿੱਤਣ-ਹਾਰਨ ਨਾਲ ਹੈ।

ਕਿਸੇ ਨੂੰ ਉਡੀਕਣਾ, ਵਕਤ ਦਾ ਸੁਭਾਓ ਨਹੀਂ ਹੈ।

ਨਿੰਦਾ ਦੀ ਅਵਾਜ਼, ਪ੍ਰਸੰਸਾ ਦੀ ਅਵਾਜ਼ ਨਾਲੋਂ, ਉੱਚੀ ਹੀ ਨਹੀਂ, ਤਾਕਤਵਰ ਵੀ ਹੁੰਦੀ ਹੈ।

ਕੋਈ ਨਹੀਂ ਬਦਲਦਾ, ਪਰ ਹਰ ਕਿਸੇ ਕੋਲ, ਉਨ੍ਹਾਂ ਲੋਕਾਂ ਦੀ ਸੂਚੀ ਹੁੰਦੀ ਹੈ, ਜਿਨ੍ਹਾਂ ਨੂੰ ਉਹ ਬਦਲਣਾ ਚਾਹੁੰਦਾ ਹੈ।

ਵਾਲ ਰੰਗਣ ਵਾਲਿਆਂ ਨੂੰ, ਅਕਲ ਨਾਲੋਂ ਵਧੇਰੇ ਉਮਰ ਦੀ ਚਿੰਤਾ ਹੁੰਦੀ ਹੈ।

ਪਿਆਰ ਕਈ ਕਿਸਮ ਦਾ ਹੁੰਦਾ ਹੈ: ਹਾਣ ਦੇ ਦਿਓਰ ਵਰਗਾ, ਬਰਾਬਰ ਦੇ ਸ਼ਰੀਕ ਵਰਗਾ; ਪਹਿਲੇ ਪਿਆਰ ਵਰਗਾ, ਦੂਜੇ ਵਿਆਹ ਵਰਗਾ।

ਅੰਦਰਲੀ ਯਾਤਰਾ ਵਿਚ, ਬਾਹਰਲੀ ਦੁਨੀਆਂ ਵਾਲੇ ਪੈਮਾਨੇ ਲਾਗੂ ਨਹੀਂ ਹੁੰਦੇ।

ਕਈ ਲਿਖਦੇ-ਲਿਖਦੇ ਆਪ ਸੁੱਕ ਜਾਂਦੇ ਹਨ, ਪਰ ਪੜ੍ਹਨ ਵਾਲਿਆਂ ਨੂੰ ਹਰਾ-ਭਰਾ ਕਰ ਜਾਂਦੇ ਹਨ।

ਸੰਸਾਰ, ਖਿਝਦਿਆਂ ਨੂੰ ਖਿਝਾਉਂਦਾ ਅਤੇ ਹੱਸਦਿਆਂ ਨੂੰ ਹਸਾਉਂਦਾ ਹੈ।

ਸਾਰੀਆਂ ਸਿਆਣਪਾਂ ਦੇ ਬਾਵਜੂਦ ਫ਼ਿਲਾਸਫ਼ਰ ਅਤੇ ਸੰਤ, ਮਨੁੱਖ ਵੀ ਹੁੰਦੇ ਹਨ; ਸੋ ਉਨ੍ਹਾਂ ਦੇ ਤਿਲ੍ਹਕਣ ਦਾ ਡਰ ਬਣਿਆ ਰਹਿੰਦਾ ਹੈ।

ਬਹੁਤੀ ਅਕਲ ਵੀ ਖ਼ੁਸ਼ੀਆਂ ਨੂੰ ਮਾਰ ਦਿੰਦੀ ਹੈ; ਖ਼ੁਸ਼ ਹੋਣ ਲਈ ਕੁਝ ਚਿਰ ਵਾਸਤੇ ਸੋਚਾਂ ਤੋਂ ਮੁਕਤ ਹੋਣਾ ਜ਼ਰੂਰੀ ਹੁੰਦਾ ਹੈ।

ਸੋਹਣਾ ਫੁੱਲ ਉਹ ਹੁੰਦਾ ਹੈ, ਜਿਹੜਾ ਕਿਸੇ ਸੁੰਦਰ ਚਿਹਰੇ ਦੀ ਯਾਦ ਜਗਾ ਦੇਵੇ।

ਜਿਹੜਾ ਆਪਣੀ ਜ਼ਿੰਦਗੀ ਵਿਚੋਂ ਦਰਦ ਕੱਢ ਦਿੰਦਾ ਹੈ, ਉਸ ਦੀ ਜ਼ਿੰਦਗੀ ਵਿਚੋਂ ਖ਼ੁਸ਼ੀਆਂ ਵੀ ਲੋਪ ਹੋ ਜਾਂਦੀਆਂ ਹਨ।

ਜਦੋਂ ਤਕ ਜੀਵਨ ਵਿਚ ਸਧਾਰਨ ਨੂੰ ਰੱਦ ਨਹੀਂ ਕੀਤਾ ਜਾਂਦਾ, ਉੱਤਮ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਕਿਸੇ ਪ੍ਰਤੀ ਨਫ਼ਰਤ ਪ੍ਰਗਟਾਉਂਦਿਆਂ, ਅਸੀਂ ਆਪਾ ਪ੍ਰਗਟਾਉਣ ਤੋਂ ਬਚ ਨਹੀਂ ਸਕਦੇ।

ਅਕਲ ਨੂੰ ਵੀ ਕਾਬੂ ਵਿਚ ਰੱਖਣ ਦੀ ਲੋੜ ਪੈਂਦੀ ਹੈ, ਮੂਰਖਤਾ ਨੂੰ ਤਾਂ ਪੈਂਦੀ ਹੀ ਹੈ।

ਉਸ ਨਾਲ ਨਫ਼ਰਤ ਹੋਣੀ ਸੁਭਾਵਕ ਹੈ, ਜਿਹੜਾ ਉਹ ਬਣ ਜਾਂਦਾ ਹੈ, ਜੋ ਅਸੀਂ ਬਣਨਾ ਚਾਹੁੰਦੇ ਸੀ; ਸਾਨੂੰ ਲੱਗਦਾ ਹੈ ਕਿ ਸਾਡੀ ਅਕਲ ਉਸ ਨੇ ਚੁਰਾ ਲਈ ਹੈ ਅਤੇ ਸਾਡੀ ਪ੍ਰਸਿੱਧੀ 'ਤੇ ਉਹ ਕਾਬਜ਼ ਹੋ ਗਿਆ ਹੈ।

ਪ੍ਰਸਿੱਧ ਹੋਣ ਲਈ ਬੜੀ ਸ਼ਿੱਦਤ ਦੀ ਲੋੜ ਹੁੰਦੀ ਹੈ, ਕਿਉਂਕਿ ਪ੍ਰਸਿੱਧੀ ਦੇ ਦੋਖੀਆਂ ਦੀਆਂ ਨਜ਼ਰਾਂ ਨੂੰ ਟਾਲਣ ਲਈ ਬੜੀ ਤਾਕਤ ਲੱਗਦੀ ਹੈ।

ਸਿਆਣਪ, ਮਨੁੱਖੀ ਕਮਜ਼ੋਰੀਆਂ ਨੂੰ ਕਾਬੂ ਵਿਚ ਰੱਖਦੀ ਹੈ, ਖ਼ਤਮ ਨਹੀਂ ਕਰਦੀ।

ਜਿਹੜਾ ਸਾਨੂੰ ਆਪਣੀ ਅਸਲੀਅਤ ਪ੍ਰਗਟਾਉਣ ਲਈ ਬੇਵਸ ਅਤੇ ਮਜਬੂਰ ਕਰਦਾ ਹੈ, ਅਸੀਂ ਉਸ ਨੂੰ ਨਫ਼ਰਤ ਹੀ ਕਰਦੇ ਹਾਂ।

ਅਸੀਂ ਪਸੰਦ ਉਨ੍ਹਾਂ ਨੂੰ ਕਰਦੇ ਹਾਂ, ਜਿਹੜੇ ਸਾਨੂੰ ਉਹ ਕੁਝ ਸਮਝਦੇ ਹਨ, ਜੋ ਅਸੀਂ ਹੁੰਦੇ ਨਹੀਂ, ਪਰ ਬਣਨਾ ਚਾਹੁੰਦੇ ਹਾਂ।

ਭਾਂਤ-ਭਾਂਤ ਦੇ ਅਨੁਭਵਾਂ ਕਾਰਨ ਮਨੁੱਖ ਇਕ ਸ਼ਖ਼ਸੀਅਤ ਨਹੀਂ ਹੁੰਦਾ, ਅਨੇਕਾਂ ਸ਼ਖ਼ਸੀਅਤਾਂ ਦਾ ਮਿਸ਼ਰਣ ਹੁੰਦਾ ਹੈ, ਜਿਸ ਕਾਰਨ ਹਰੇਕ ਵਿਅਕਤੀ, ਉਸ ਦੀ ਵੱਖਰੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੁੰਦਾ ਹੈ।

ਚਰਿੱਤਰ ਉਹ ਸੁਖਾਵਾਂ ਪ੍ਰਭਾਵ ਹੁੰਦਾ ਹੈ, ਜਿਹੜਾ ਅਸੀਂ ਕਿਸੇ 'ਤੇ ਪਾਉਣਾ ਚਾਹਿਆ ਨਹੀਂ ਹੁੰਦਾ, ਪਰ ਪੈ ਜਾਂਦਾ ਹੈ।

ਕੇਵਲ ਠੰਡੇ ਦਿਮਾਗਾਂ ਕੋਲ, ਤੱਤਿਆਂ ਨੂੰ ਠੰਡੇ ਕਰਨ ਦੀ ਯੋਗਤਾ ਹੁੰਦੀ ਹੈ।

ਮਹਾਨ ਵਿਚਾਰ ਦੀ ਪਛਾਣ ਇਹ ਹੁੰਦੀ ਹੈ ਕਿ ਇਹ ਪਹਿਲਾਂ ਹੀ ਪ੍ਰਾਪਤ ਵਿਚਾਰਾਂ ਵਿਚ, ਹੋਰ ਡੂੰਘਾਈ ਭਰ ਦਿੰਦਾ ਹੈ।

ਜਿਸ ਦੇ ਗੁਆਚਣ ਦਾ ਡਰ ਹੋਵੇ; ਉਸ ਨੂੰ ਪੂਰੀ ਤਰ੍ਹਾਂ ਮਾਣਿਆ ਨਹੀਂ ਜਾ ਸਕਦਾ।

ਗਵਾਂਢੀ ਦਾ ਦਿਲ ਖੋਜੋ, ਬੜੇ ਸਾੜੇ, ਵਿਰੋਧ, ਈਰਖਾਵਾਂ ਦਿਸਣਗੀਆਂ; ਹੋਰ ਖੋਜੋ ਸ਼ਰਾਫ਼ਤ, ਵਫ਼ਾਦਾਰੀ ਅਤੇ ਸਹਿਜਤਾ ਲੱਭੇਗੀ।

ਅਜੋਕੇ ਕਵੀ ਕਵਿਤਾ ਦੇ ਸਿਰਲੇਖ ਥੱਲੇ, ਅਲਜਬਰਾ ਲਿਖਣ ਲੱਗ ਪਏ ਹਨ।

ਵੱਡੇ ਕਲਾਕਾਰ ਆਪਣੀ ਕਲਾ ਨਾਲ ਇਤਨੇ ਇਕ-ਸੁਰ ਹੁੰਦੇ ਹਨ ਕਿ ਲੋਕ ਉਨ੍ਹਾਂ ਦੇ ਸਧਾਰਨ-ਸੁਭਾਵਿਕ ਵਿਹਾਰ ਨੂੰ ਵੀ ਕਲਾ ਕਹਿਣ ਲੱਗ ਪੈਂਦੇ ਹਨ।

ਅਨੰਤ ਅਤੇ ਸਦੀਵੀ, ਰਲ ਕੇ ਬ੍ਰਹਿਮੰਡ ਬਣਦੇ ਹਨ।

ਜਦੋਂ ਕੋਈ ਮਾਹਿਰ ਉਭਰਦਾ ਹੈ ਤਾਂ ਅਨੇਕਾਂ, ਉਸ ਦੀ ਫੋਟੋ-ਕਾਪੀ ਪ੍ਰਤੀਤ ਹੋਣ ਦਾ ਯਤਨ ਕਰਦੇ ਹਨ।

ਸਾਰੀ ਉਮਰ ਕਵੀ ਸ਼ਬਦਾਂ ਨੂੰ ਬੀੜਦਾ ਅਤੇ ਬੰਨ੍ਹਦਾ ਰਹਿੰਦਾ ਹੈ; ਫਿਰ ਉਸ ਕਵੀ ਅਤੇ ਉਸ ਦੀ ਕਲਾ ਦੀ ਸ਼ੋਹਰਤ ਖੁਲ੍ਹਦੀ ਅਤੇ ਫੈਲਦੀ ਚਲੀ ਜਾਂਦੀ ਹੈ।

ਤਾਲ-ਮੇਲ ਦਾ ਹੁਨਰ ਸਿੱਖਣਾ ਹੈ ਤਾਂ ਜੁਮੈਟਰੀ ਸਿੱਖੋ।

ਜੇ ਕਿਸੇ ਦੀ ਸਮਰੱਥਾ ਛੋਟੀ ਹੋਵੇ ਅਤੇ ਮੌਕਾ ਵੱਡਾ ਮਿਲ ਜਾਵੇ ਤਾਂ ਸਮਰੱਥਾ ਨਹੀਂ ਵਧਦੀ; ਮੌਕਾ, ਛੋਟਾ ਹੋ ਜਾਂਦਾ ਹੈ।

ਬਹੁਤ ਵਧੇਰੇ ਰੋਸ਼ਨੀ ਨਾਲ, ਵਧੇਰੇ ਨਹੀਂ ਦਿਸਦਾ; ਦਿਸਣਾ ਬੰਦ ਹੋ ਜਾਂਦਾ ਹੈ।

ਅਨੇਕਾਂ ਵਿਚ ਖਾਲਸ ਹੋਣ ਦੀ ਸਮਰੱਥਾ ਹੁੰਦੀ ਹੈ, ਪਰ ਉਹ ਮਿਲਾਵਟ ਵਿਚੋਂ ਤਸੱਲੀਆਂ ਲੱਭਦੇ ਰਹਿੰਦੇ ਹਨ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਆਪਣੇ ਸਭ ਤੋਂ ਵੱਡੇ ਦੁਸ਼ਮਣ ਅਤੇ ਆਪਣੇ ਸਭ ਤੋਂ ਵੱਡੇ ਸਹਿਯੋਗੀ ਅਸੀਂ ਆਪ ਹੀ ਹੁੰਦੇ ਹਾਂ।

ਯੁੱਗ-ਪੁਰਸ਼ਾਂ ਦੇ ਔਗੁਣ ਸਾਡੇ ਔਗੁਣਾਂ ਵਰਗੇ ਹੁੰਦੇ ਹਨ, ਪਰ ਸਾਡੇ ਕੋਲ ਉਨ੍ਹਾਂ ਵਾਲੇ ਗੁਣ ਨਹੀਂ ਹੁੰਦੇ, ਜਿਸ ਕਰਕੇ ਉਹ ਯੁੱਗ-ਪੁਰਸ਼ ਕਹਾਉਂਦੇ ਹਨ।

ਭੀੜ ਦਾ ਭਾਗ ਬਣ ਕੇ ਆਪਣੀ ਵੱਖਰੀ ਪਛਾਣ ਉਸਾਰਨੀ ਸੰਭਵ ਨਹੀਂ ਹੁੰਦੀ।

ਕਿਸੇ ਦੀ ਸਿਆਣਪ ਅਤੇ ਮੂਰਖਤਾ ਔਸਤ ਬੁੱਧੀ ਤੋਂ ਵੱਧ-ਘੱਟ ਹੋਣ ਦੇ ਅਧਾਰ 'ਤੇ ਅੰਕੀ-ਮਾਪੀ ਜਾਂਦੀ ਹੈ।

ਜਿਸ ਨੂੰ ਖਰੀਦਿਆ-ਵੇਚਿਆ ਨਾ ਜਾ ਸਕੇ; ਉਹ ਸਭ ਤੋਂ ਵੱਧ ਮੁੱਲਵਾਨ ਹੁੰਦਾ ਹੈ; ਸੂਰਜ ਵਾਂਗ, ਹਵਾ ਵਾਂਗ।

ਜਿਹੜੇ ਵਿਚਾਰ ਸਾਨੂੰ ਸਭ ਤੋਂ ਵੱਧ ਤਸੱਲੀ ਦਿੰਦੇ ਹਨ, ਉਨ੍ਹਾਂ ਨੂੰ ਅਸੀਂ ਆਪਣੇ ਅਸੂਲ ਬਣਾ ਲੈਂਦੇ ਹਾਂ।

ਆਲੋਚਨਾ ਦਾ ਅਰਥ, ਪਾਠਕਾਂ ਨੂੰ ਸੇਧ ਦੇਣਾ ਹੁੰਦਾ ਹੈ, ਪਰ ਬਹੁਤੇ ਆਲੋਚਕ, ਲੇਖਕਾਂ ਨੂੰ ਹੀ ਸਿੱਧਾ ਕਰਨ ਲੱਗ ਪੈਂਦੇ ਹਨ।

ਕਿਸੇ ਦੀ ਬੇਇੱਜ਼ਤੀ, ਕੇਵਲ ਉਸ ਵਾਸਤੇ ਹੀ ਨਹੀਂ ਹੁੰਦੀ, ਦੂਜਿਆਂ ਨੂੰ ਦਰਸਾਉਣ ਵਾਸਤੇ ਵੀ ਹੁੰਦੀ ਹੈ; ਉਹ ਬੇਇੱਜ਼ਤੀ ਬਣਦੀ ਹੀ ਤਾਂ ਹੈ, ਜੇ ਦੂਜਿਆਂ ਸਾਹਮਣੇ ਕੀਤੀ ਜਾਵੇ।

ਨਵਾਂ ਇਸ ਲਈ ਚੰਗਾ ਲੱਗਦਾ ਹੈ, ਕਿਉਂਕਿ ਇਸ ਨਾਲ ਕਿਸੇ ਪੁਰਾਣੀ ਇੱਛਾ ਦੀ ਪੂਰਤੀ ਹੋ ਰਹੀ ਹੁੰਦੀ ਹੈ।

ਕੁਝ ਰਚਨਾਵਾਂ ਸਾਡੀ ਸੋਚ ਵਿਚ ਵਿਸਥਾਰ ਅਤੇ ਕੁਝ ਰਚਨਾਵਾਂ ਸਾਡੀ ਸੋਚ ਵਿਚ ਡੂੰਘਾਈ ਲਿਆਉਂਦੀਆਂ ਹਨ; ਚੰਗੀਆਂ ਰਚਨਾਵਾਂ ਵਿਸ਼ਾਲਤਾ ਅਤੇ ਡੂੰਘਾਈ ਦੋਵੇਂ ਲਿਆ ਕੇ, ਸਾਨੂੰ ਚੰਗੇਰਾ ਬਣਨ ਦਾ ਆਦਰਸ਼ ਵੀ ਦੇ ਜਾਂਦੀਆਂ ਹਨ।

ਨਵੀਨਤਾ, ਕਿਸੇ ਵਸਤ ਦਾ ਸਭ ਤੋਂ ਪਹਿਲਾਂ ਮੁੱਕ ਜਾਣ ਵਾਲਾ ਲੱਛਣ ਹੁੰਦੀ ਹੈ।

ਧਿਆਨ ਸਾਡਾ ਅਸਧਾਰਨ ਚੀਜ਼ਾਂ ਖਿੱਚਦੀਆਂ ਹਨ, ਪਰ ਜ਼ਿੰਦਗੀ ਨੂੰ ਚਲਾਉਂਦੀਆਂ ਸਧਾਰਨ ਚੀਜ਼ਾਂ ਹਨ; ਧਿਆਨ ਸਾਡਾ ਅਤਿਵਾਦੀ ਖਿੱਚਦੇ ਹਨ, ਪਰ ਜ਼ਿੰਦਗੀ ਨੂੰ ਚਲਾਉਂਦੇ ਉਦਾਰਵਾਦੀ ਹਨ।

ਕਿਸੇ ਦੀ ਸਰੀਰਕ ਸੁੰਦਰਤਾ, ਜ਼ਿੰਦਗੀ ਪ੍ਰਤੀ ਸਾਡਾ ਸਤਿਕਾਰ ਵਧਾ ਦਿੰਦੀ ਹੈ।

ਕਈ ਰਚਨਾਵਾਂ ਪੜ੍ਹ ਕੇ ਮਨ ਕਿਧਰੇ ਦੂਰ ਨਿਕਲ ਜਾਂਦਾ ਹੈ; ਕਈਆਂ ਨੂੰ ਪੜ੍ਹ ਕੇ ਦੂਰ ਗਿਆ ਮਨ ਮੁੜ ਆਉਂਦਾ ਹੈ।

ਚੰਗੀ ਪੁਸਤਕ ਬੋਲੀ ਦੀ ਸੁੰਦਰਤਾ, ਵਿਚਾਰਾਂ ਦੇ ਸੋਹਜ ਅਤੇ ਪ੍ਰਗਟਾਵੇ ਦੀ ਅਮੀਰੀ ਦੇ ਦੀਦਾਰ ਕਰਵਾ ਜਾਂਦੀ ਹੈ।

ਅਕੇਵੇਂ ਦਾ ਕੋਈ ਚਿਹਰਾ ਨਹੀਂ ਹੁੰਦਾ, ਚਿਹਰਾ ਉਤਸ਼ਾਹ ਦਾ ਹੀ ਹੁੰਦਾ ਹੈ।

ਫ਼ਿਲਾਸਫ਼ੀ, ਉਨ੍ਹਾਂ ਮਸਲਿਆਂ ਬਾਰੇ ਹੀ ਸੋਚਦੀ ਹੈ; ਜਿਨ੍ਹਾਂ ਮਸਲਿਆਂ ਬਾਰੇ ਕਿਸੇ ਇਲਹਾਮ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਸੱਚ ਸਾਨੂੰ ਦੱਸਦਾ ਹੈ ਕਿ ਸਹੀ ਕੀ ਹੈ, ਪਰ ਇਹ ਸਾਨੂੰ ਗਲਤੀਆਂ ਕਰਨ ਤੋਂ ਰੋਕ ਨਹੀਂ ਸਕਦਾ।

ਜੇ ਭਵਿੱਖ ਵਿਚ ਕੁਝ ਕਰਨਾ ਹੀ ਨਹੀਂ ਤਾਂ ਭਵਿੱਖ ਦੀ ਉਡੀਕ ਵਿਚ ਕੋਈ ਉਤਸ਼ਾਹ ਨਹੀਂ ਹੋਵੇਗਾ।

ਹਰ ਵਿਅਕਤੀ ਦੇ ਟੁੱਟਣ ਦਾ ਇਕ ਪੜਾਓ ਹੁੰਦਾ ਹੈ, ਉਸ ਉਪਰੰਤ ਉਸ ਦਾ ਵਿਹਾਰ, ਗੈਰ-ਜ਼ਿੰਮੇਵਾਰ ਹੋ ਜਾਂਦਾ ਹੈ।

ਹਰ ਦੇਸ਼ ਵਿਚ ਖੇਤੀ, ਲੁਹਾਰਾ, ਤਰਖਾਣਾ ਆਦਿ ਬੁਨਿਆਦੀ ਕੰਮ ਕਰਨ ਵਾਲਿਆਂ ਨੂੰ, ਨੀਵਾਂ ਹੀ ਸਮਝਿਆ ਜਾਂਦਾ ਹੈ।

ਹਰ ਵਿਚਾਰ ਦਾ ਵਿਰੋਧੀ ਵਿਚਾਰ, ਜੀਵਨ ਦੀ ਹਰਕਤ ਲਈ ਜ਼ਰੂਰੀ ਹੁੰਦਾ ਹੈ; ਇਕ ਹੀ ਵਿਚਾਰ, ਵਿਚਾਰ ਨਹੀਂ ਰਹਿੰਦਾ, ਵਿਸ਼ਵਾਸ ਬਣ ਕੇ ਸਾਡੇ ਮਨ ਨੂੰ ਸੰਤੁਸ਼ਟ, ਪਰ ਸੁਸਤ ਕਰ ਦਿੰਦਾ ਹੈ।

ਸਮਾਗਮ ਵਿਚ ਕਈ ਆਪਣੀ ਗ਼ੈਰਹਾਜ਼ਰੀ ਰਾਹੀਂ, ਆਪਣੀ ਹਾਜ਼ਰੀ ਲਵਾਉਂਦੇ ਹਨ।

ਜ਼ਿੰਦਗੀ ਚੂਹੇ-ਬਿੱਲੀ ਦੀ ਦੌੜ ਵਾਂਗ ਹੈ, ਜਿਸ ਵਿਚ ਚੂਹਾ ਅਕਸਰ ਜਿੱਤਦਾ ਹੈ, ਕਿਉਂਕਿ ਬਿੱਲੀ ਕੇਵਲ ਇਕ ਵਕਤ ਦੇ ਭੋਜਨ ਲਈ ਦੌੜਦੀ ਹੈ, ਜਦੋਂ ਕਿ ਚੂਹਾ ਆਪਣੀ ਜਾਨ ਬਚਾਉਣ ਲਈ ਦੌੜਦਾ ਹੈ।

'ਮੈਂ' ਨੂੰ ਖੁਲ੍ਹਾ ਕਰਨ ਦੀ ਲੋੜ ਹੁੰਦੀ ਹੈ, ਬਹੁਤੇ 'ਮੈਂ' ਨੂੰ ਤਿੱਖਾ ਕਰਨ ਲੱਗ ਪੈਂਦੇ ਹਨ।

ਚੰਗੀ ਕਵਿਤਾ ਦਾ ਸੰਖੇਪ ਨਹੀਂ ਕੀਤਾ ਜਾ ਸਕਦਾ; ਜਿਸ ਕਵਿਤਾ ਦਾ ਸੰਖੇਪ ਹੋ ਜਾਵੇ, ਉਹ ਚੰਗੀ ਕਵਿਤਾ ਨਹੀਂ ਹੁੰਦੀ।

ਇਸਤਰੀ, ਪੁਰਸ਼ ਨਾਲੋਂ ਵਧੇਰੇ ਮਹਿਸੂਸ ਕਰਦੀ ਹੈ, ਇਸੇ ਕਰਕੇ ਉਹ ਵਧੇਰੇ ਰੋਂਦੀ ਹੈ।

ਝੀਲ ਭਾਵੇਂ ਵੀਹ ਫੁੱਟ ਡੂੰਘੀ ਹੋਵੇ ਜਾਂ ਹਜ਼ਾਰ ਫੁੱਟ, ਪ੍ਰਭਾਵਿਤ ਉਸ ਦੀ ਉੱਪਰਲੀ ਸਤਹਿ ਹੀ ਕਰਦੀ ਹੈ।

ਜਿਨ੍ਹਾਂ ਨੇ ਪੁਰਾਣੇ ਰਾਹ ਤਿਆਗੇ, ਭਾਵੇਂ ਉਹ ਗੁਰੂ ਗੋਬਿੰਦ ਸਿੰਘ ਵਾਂਗ ਉਜਾੜਾਂ ਵੱਲ ਤੁਰੇ, ਲੋਕਾਂ ਨੇ ਉਨ੍ਹਾਂ ਦੀਆਂ ਪੈੜਾਂ ਲੱਭ-ਲੱਭ ਕੇ ਉਥੇ ਸ਼ਾਹ-ਰਾਹ ਬਣਾਏ ਹਨ ਅਤੇ ਹੌਸਲੇ ਬੁਲੰਦ ਕਰਨ ਵਾਲੇ ਮੀਨਾਰ ਉਸਾਰੇ ਹਨ।

ਤਿਲ੍ਹਕਣ ਨਾਲ ਸਭ ਤੋਂ ਪਹਿਲਾਂ, ਹੰਕਾਰ ਫਿਸਲਦਾ ਹੈ।

ਧਰਮ ਵਿਚ ਮਨ ਨੂੰ ਖੁੱਲ੍ਹਾ ਰੱਖਣ ਅਤੇ ਖੁੱਲ੍ਹ ਕੇ ਸੋਚਣ ਦੀ ਆਗਿਆ ਨਹੀਂ ਹੁੰਦੀ; ਕਿਉਂਕਿ ਅਜਿਹਾ ਕਰਨ ਨਾਲ ਧਰਮ ਬਾਹਰ ਨਿਕਲ ਜਾਂਦਾ ਹੈ।

ਨਵੇਂ ਰਸਤਿਆਂ 'ਤੇ ਤੁਰਨ ਨਾਲ, ਇਕ ਰਸਤਾ ਮੁੱਕੇਗਾ, ਨਵਾਂ ਅਰੰਭ ਹੋ ਜਾਵੇਗਾ; ਮਨੁੱਖ ਨੂੰ, ਸੰਸਾਰ ਤਾਂ ਹੀ ਵੇਖਦਾ ਹੈ, ਜਦੋਂ ਉਹ ਹੋਰਾਂ ਦਾ ਤੁਰਿਆ ਰਸਤਾ ਤਿਆਗ ਕੇ, ਆਪਣੇ ਬਣਾਏ ਰਾਹ 'ਤੇ ਤੁਰਦਾ ਹੈ।

ਮੋਤੀ, ਸਮੁੰਦਰ ਵਿਚੋਂ ਹੀ ਲੱਭਦੇ ਹਨ, ਛੱਪੜ ਵਿਚੋਂ ਨਹੀਂ।

ਸਹੀ ਯਤਨ ਹੀ ਸਹੀ ਸਿੱਟੇ ਸਿਰਜਦੇ ਹਨ; ਤਾਸ਼ ਦੇ ਨੇਮਾਂ ਨਾਲ ਸ਼ਤਰੰਜ ਨਹੀਂ ਖੇਡੀ ਜਾ ਸਕਦੀ; ਮਿਰਜ਼ੇ ਨੂੰ ਹੀਰ ਦੀ ਤਰਜ਼ 'ਤੇ ਨਹੀਂ ਗਾਇਆ ਜਾ ਸਕਦਾ; ਗਿੱਧੇ ਦੇ ਅੰਦਾਜ਼ ਵਿਚ ਭੰਗੜਾ ਪਾਉਣਾ ਸੰਭਵ ਨਹੀਂ ਹੁੰਦਾ; ਪਿਆਰ ਦੀ ਬਿਰਤੀ ਨਾਲ ਨਫ਼ਰਤ ਨਹੀਂ ਕੀਤੀ ਜਾ ਸਕਦੀ।

ਜੋ ਉੱਤਮ ਹੁੰਦਾ ਹੈ, ਉਸ ਦੀ ਨਕਲ ਨਹੀਂ ਕੀਤੀ ਜਾ ਸਕਦੀ; ਜਿਸ ਦੀ ਨਕਲ ਕੀਤੀ ਜਾ ਸਕੇ, ਉਹ ਉੱਤਮ ਨਹੀਂ ਹੁੰਦਾ।

ਪਹਿਰਾਵਾ, ਜਿਸਮ ਦੀ ਸ਼ਰਾਫਤ ਜਾਂ ਸੋਚ ਦੀ ਬੇਸ਼ਰਮੀ ਨੂੰ ਪ੍ਰਗਟਾਉਂਦਾ ਹੈ।

ਵਿਚਾਰ, ਕਵਿਤਾ ਵਿਚ ਅਕੇਵਾਂ ਅਤੇ ਰੁਕਾਵਟ ਉਪਜਾਉਂਦੇ ਹਨ; ਕਵਿਤਾ ਵਿਚ ਵਿਚਾਰ ਉਵੇਂ ਹੋਣਾ ਚਾਹੀਦਾ ਹੈ, ਜਿਵੇਂ ਸਤਰੰਗੀ ਪੀਂਘ ਦੇ ਆਲੇ-ਦੁਆਲੇ ਅਸਮਾਨ ਹੁੰਦਾ ਹੈ।

ਬੱਚਾ ਵੀ ਰਾਜਨੀਤੀ ਕਰਦਾ ਹੈ, ਉਹ ਜਾਣਦਾ ਹੈ ਕਿ ਰੁਸਣ ਅਤੇ ਰੋਣ ਨਾਲ ਕਈ ਮੰਗਾਂ ਮਨਵਾਈਆਂ ਜਾ ਸਕਦੀਆਂ ਹਨ, ਇਵੇਂ ਰੁਸਣਾ ਅਤੇ ਰੋਣਾ ਬੱਚੇ ਦਾ ਰਾਜਨੀਤਕ ਵਿਹਾਰ ਹੁੰਦਾ ਹੈ।

ਸਰਕਾਰਾਂ, ਭੀੜਾਂ ਦੇ ਸਿਰ 'ਤੇ ਜਿਊਂਦੀਆਂ ਹਨ ਅਤੇ ਸਰਕਾਰਾਂ ਨੂੰ ਡੇਗਦੀਆਂ ਵੀ ਭੀੜਾਂ ਹੀ ਹਨ।

ਜਦੋਂ ਮਨੁੱਖ ਕਿਸੇ ਤਰਕ ਦਾ ਵਿਰੋਧ ਨਹੀਂ ਕਰ ਸਕਦਾ; ਉਹ ਉਸ ਤਰਕ ਵਾਲੇ ਵਿਅਕਤੀ ਦਾ ਵਿਰੋਧ ਕਰਨ ਲੱਗ ਪੈਂਦਾ ਹੈ।

ਕੀ ਜ਼ਰੂਰ ਕਰਨਾ ਹੈ ਅਤੇ ਕੀ ਕਦੇ ਵੀ ਨਹੀਂ ਕਰਨਾ, ਸਫ਼ਲ ਜੀਵਨ ਲਈ ਇਹ ਦੋਵੇਂ ਜਾਣਨ ਦੀ ਲੋੜ ਹੁੰਦੀ ਹੈ।

ਅਸੀਂ ਕਿਤਨਾ ਚਿਰ ਆਪਣੀਆਂ ਅਤੇ ਆਪਣੇ ਦੇਸ਼ ਦੀਆਂ ਕਮਜ਼ੋਰੀਆਂ ਦਾ ਦੋਸ਼, ਅੰਗਰੇਜ਼ਾਂ ਸਿਰ ਲਾਉਣ ਦਾ ਬਚਪਨਾ ਵਿਖਾਉਂਦੇ ਰਹਾਂਗੇ?

ਨਵੇਂ ਵਿਚਾਰਾਂ ਦੇ ਬਹਿਣ-ਖਲੋਣ ਲਈ, ਨਵੀਂ ਥਾਂ ਦੀ ਲੋੜ ਪੈਂਦੀ ਹੈ।

ਨਿੱਕੀਆਂ-ਨਿੱਕੀਆਂ ਚੀਜ਼ਾਂ ਵੱਲ ਧਿਆਨ ਦਿਓ, ਕਿਉਂਕਿ ਪੈਰ ਵਿਚ ਚੁਭਿਆ ਕੰਡਾ, ਮਹੱਤਵਪੂਰਨ ਲੰਮੀ ਯਾਤਰਾ ਰੋਕ ਸਕਦਾ ਹੈ।

ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ, ਕਿਸੇ ਨੂੰ ਗਲਤ ਸਾਬਤ ਕਰਨ ਦੀ ਲੋੜ ਨਹੀਂ ਪੈਣੀ ਚਾਹੀਦੀ।

ਜੇ ਕਿਸੇ ਮੁਸੀਬਤ ਵਿਚੋਂ ਤੁਸੀਂ ਕਈ ਵਾਰ ਲੰਘੇ ਹੋ ਤਾਂ ਸਪਸ਼ਟ ਹੈ ਕਿ ਤੁਸੀਂ ਉਸ ਮੁਸੀਬਤ ਤੋਂ ਅਜੇ ਪਾਰ ਨਹੀਂ ਗਏ।

ਜਦੋਂ ਕਿਸੇ ਰਾਹੀਂ ਪਰਮਾਤਮਾ ਆਪਣਾ ਸੁਨੇਹਾ ਭੇਜਦਾ ਹੈ ਤਾਂ ਉਸ ਦੇ ਬੋਲ, ਬਾਣੀ ਅਖਵਾਉਣ ਲੱਗ ਪੈਂਦੇ ਹਨ।

ਜਦੋਂ ਸਮਾਜ ਪੜ੍ਹਿਆ-ਲਿਖਿਆ ਹੋਵੇ ਤਾਂ ਚਿੰਤਕ ਉਪਜਦੇ ਹਨ; ਜੇ ਅਨਪੜ੍ਹ ਹੋਵੇ ਤਾਂ ਪ੍ਰਚਾਰਕ ਉਪਜਦੇ ਹਨ।

ਸਾਡੀ ਇਕ ਅਸਲ ਉਮਰ ਹੁੰਦੀ ਹੈ; ਇਕ ਉਮਰ ਦੇ ਅਸੀਂ ਲੱਗਣਾ ਚਾਹੁੰਦੇ ਹਾਂ; ਮਹਿਸੂਸ ਕਰਨ ਵਾਲੀ ਸਾਡੀ ਉਮਰ ਹੋਰ ਹੁੰਦੀ ਹੈ; ਇਕ ਉਮਰ ਉਹ ਹੁੰਦੀ ਹੈ, ਜਿਸ ਦੇ ਅਸੀਂ ਹੋਰਾਂ ਨੂੰ ਲੱਗਦੇ ਹਾਂ; ਇਕ ਉਮਰ ਉਹ ਹੁੰਦੀ ਹੈ, ਜਿਸ ਦੇ ਅਸੀਂ ਲੱਗਣਾ ਪਸੰਦ ਨਹੀਂ ਕਰਦੇ।

ਹਰ ਰਾਜਨੀਤਕ ਪਾਰਟੀ ਕੋਲ, ਹੋਰ ਪਾਰਟੀਆਂ ਨੂੰ ਨਫ਼ਰਤ ਕਰਨ ਦਾ ਵੱਖਰਾ ਕਾਰਨ ਅਤੇ ਨਿਵੇਕਲਾ ਅੰਦਾਜ਼ ਹੁੰਦਾ ਹੈ।

ਰਾਜਸੀ ਆਗੂ ਇਕ-ਦੂਜੇ ਵਿਚ ਨੁਕਸ ਹੀ ਕੱਢਦੇ ਹਨ, ਇਵੇਂ ਉਹ ਨਫ਼ਰਤ ਦੀਆਂ ਚੋਟੀਆਂ ਸਰ ਕਰਦੇ-ਕਰਦੇ ਹੋਰ ਥੱਲੇ, ਹੋਰ ਥੱਲੇ ਜਾਈ ਜਾਂਦੇ ਹਨ।

ਕਈ ਇਸਤਰੀਆਂ ਆਪ ਸਥਿਰ ਰਹਿੰਦੀਆਂ ਹਨ, ਪਰ ਪੁਰਸ਼ਾਂ ਨੂੰ ਨਚਾਉਂਦੀਆਂ ਹਨ; ਆਪ ਉਹ ਚੁੱਪ ਰਹਿੰਦੀਆਂ ਹਨ, ਪਰ ਪੁਰਸ਼ ਉਨ੍ਹਾਂ ਦੇ ਭਾਸ਼ਣ ਨੂੰ ਧਿਆਨ ਨਾਲ ਸੁਣਦੇ ਹਨ।

ਅਜੋਕੇ ਬੱਚੇ, ਮਾਪਿਆਂ ਨਾਲੋਂ ਵਧੇਰੇ, ਟੈਲੀਵਿਜ਼ਨ ਤੋਂ ਪ੍ਰਭਾਵਿਤ ਹੁੰਦੇ ਹਨ।

ਗੁੱਸਾ ਤਲਵਾਰ ਹੀ ਬਣਦਾ ਹੈ, ਇਹ ਕਦੇ ਵੀ ਢਾਲ ਨਹੀਂ ਬਣਦਾ।

ਕਈ ਇਸਤਰੀਆਂ ਨੂੰ ਵੇਖ ਕੇ ਕਾਮ-ਇੱਛਾ ਹੀ ਜਾਗਦੀ ਹੈ; ਕਈਆਂ ਨੂੰ ਵੇਖ ਕੇ ਸਲੀਕੇ ਦੇ ਨਵੇਂ ਪੱਖ ਵੀ ਸਮਝ ਆਉਂਦੇ ਹਨ।

ਬੱਚਿਆਂ ਦੀਆਂ ਗੱਲਾਂ ਵਿਚ ਨਵੀਨਤਾ ਇਸ ਕਾਰਨ ਹੁੰਦੀ ਹੈ, ਕਿਉਂਕਿ ਉਨ੍ਹਾਂ ਦੀ ਚੇਤਨਾ ਕਿਸੇ ਸੋਚ-ਪ੍ਰਣਾਲੀ ਵਿਚ ਢਲੀ ਨਹੀਂ ਹੁੰਦੀ।

ਜਦੋਂ ਕੋਈ ਕਹਿੰਦੀ ਹੈ: 'ਮੈਂ ਪਿਆਰ ਕਰਦੀ ਹਾਂ' ਤਾਂ ਹੀਰ, ਸੋਹਣੀ, ਸੱਸੀ ਅਤੇ ਸਾਹਿਬਾਂ ਸਭ ਜਾਗ ਕੇ, ਪਹਿਲਾਂ ਉਸ ਦੇ ਨਾਲ ਖਲੋ ਜਾਂਦੀਆਂ ਹਨ, ਫਿਰ ਉਸ ਨੂੰ ਆਪਣੇ ਨਾਲ ਰਲਾ ਲੈਂਦੀਆਂ ਹਨ।

ਜਿਹੜੀ ਕਲਾ ਸਿਖਣ ਵਿਚ ਸਾਡੇ ਵਲੋਂ ਤਿੰਨ ਸਾਲ ਯਤਨ ਕਰਨ ਦੇ ਬਾਵਜੂਦ ਵਿਕਾਸ ਨਾ ਵਾਪਰੇ, ਉਹ ਕਲਾ ਸਾਡੇ ਵਸ ਦੀ ਗੱਲ ਨਹੀਂ ਹੁੰਦੀ, ਪਰ ਜੇ ਵਿਕਾਸ ਵਾਪਰੇ ਤਾਂ ਤਿੰਨ ਸਾਲ ਉਪਰੰਤ, ਵਿਕਾਸ ਦੀ ਦਰ ਤੇਜ਼ ਹੋ ਜਾਂਦੀ ਹੈ।

ਸੰਗੀਤ ਨਾਲ ਅੱਖਾਂ ਬੰਦ ਹੋ ਜਾਂਦੀਆਂ ਹਨ, ਪਰ ਅਹਿਸਾਸ ਜਾਗਣ ਦਾ ਹੁੰਦਾ ਹੈ।

ਜੇ ਕਿਸੇ ਦੀਆਂ ਗੱਲਾਂ ਅਕਾਉਣ ਲੱਗ ਪੈਣ ਤਾਂ ਉਸ ਦੇ ਨੈਣ-ਨਕਸ਼ਾਂ ਦੀ ਖਿੱਚ ਵੀ ਮੁੱਕ ਜਾਂਦੀ ਹੈ।

ਪਿਆਰ ਹੋ ਜਾਣ 'ਤੇ, ਪ੍ਰੇਮੀ ਨੂੰ ਦੋ ਚੰਨ ਵੇਖਣ ਦੀ ਜਾਚ ਆ ਜਾਂਦੀ ਹੈ।

ਪਿਆਰ ਹੋ ਜਾਣ ਦੀ ਸੂਰਤ ਵਿਚ ਮਨੁੱਖ ਹਰ ਚੀਜ਼ ਅਤੇ ਹਰੇਕ ਨਜ਼ਾਰੇ ਬਾਰੇ ਨਵੇਂ ਢੰਗ ਨਾਲ ਮਹਿਸੂਸਣ ਲੱਗ ਪੈਂਦਾ ਹੈ; ਆਨੰਦ, ਨਵੇਂ ਢੰਗ ਨਾਲ ਮਹਿਸੂਸਣ ਵਿਚੋਂ ਮਿਲਦਾ ਹੈ।

ਸ਼ਰਮਾਉਣ ਦੀ ਸੂਰਤ ਵਿਚ ਪਹਿਲੀ ਇੱਛਾ, ਚਿਹਰਾ ਛੁਪਾਉਣ ਦੀ ਹੁੰਦੀ ਹੈ।

ਪ੍ਰੇਮੀ, ਆਪਣੀ ਪ੍ਰੇਮਿਕਾ ਨੂੰ, ਆਪਣੇ ਆਪ ਨੂੰ ਭੁੱਲ ਜਾਣ ਦੀ ਹੱਦ ਤਕ, ਜਾਣਨਾ ਚਾਹੁੰਦਾ ਹੁੰਦਾ ਹੈ।

ਬੁੱਧੀ ਨੂੰ, ਦਿਲ ਨਾਲੋਂ ਬਲਵਾਨ ਮੰਨਣ ਦਾ ਰਿਵਾਜ ਹੈ, ਪਰ ਵਾਸਤਵ ਵਿਚ ਦਿਲ, ਬੁੱਧੀ ਨਾਲੋਂ ਬਲਵਾਨ ਹੈ।

ਜਿਹੜਾ ਵਿਚਾਰ ਸਪਸ਼ਟ ਹੋ ਜਾਂਦਾ ਹੈ, ਉਸ ਵਿਚਾਰ ਨੂੰ ਦਿਮਾਗ ਬਾਹਰ ਕੱਢ ਦਿੰਦਾ ਹੈ; ਧੁੰਦਲੀਆਂ ਸੋਚਾਂ ਦਿਮਾਗ ਦਾ ਮਨੋਰੰਜਨ ਕਰਦੀਆਂ ਰਹਿੰਦੀਆਂ ਹਨ।

ਪਤਨੀ ਨੂੰ, ਜਿਤਨੀ ਖ਼ੁਸ਼ੀ ਆਪਣੇ ਪੇਕਿਆਂ ਦੀਆਂ ਸਿਫ਼ਤਾਂ ਸੁਣ ਕੇ ਹੁੰਦੀ ਹੈ; ਉਤਨੀ ਆਪਣੀ ਮਹਿਮਾ ਸੁਣ ਕੇ ਵੀ ਨਹੀਂ ਹੁੰਦੀ।

ਸੁਪਨੇ ਸਾਬਤ ਕਰਦੇ ਹਨ ਕਿ ਮਨੁੱਖ ਦਾ ਦਿਮਾਗ ਹਰ ਵੇਲੇ ਤਰਕ-ਸੰਗਤ ਢੰਗ ਨਾਲ ਨਹੀਂ ਸੋਚਦਾ।

ਕਈ ਵਾਰੀ, ਕਿਸੇ ਵੱਲੋਂ ਸਾਨੂੰ ਵੱਖਰੇ ਅੰਦਾਜ਼ ਨਾਲ ਗੂੜਾ-ਗੂੜ੍ਹਾ ਵੇਖੇ ਜਾਣ ਦੇ ਕਾਰਨ ਦੀ ਸਮਝ, ਵੀਹ ਸਾਲ ਮਗਰੋਂ ਆਉਂਦੀ ਹੈ।

ਮਨੋਵਿਗਿਆਨੀ, ਜਾਣੀਆਂ-ਪਛਾਣੀਆਂ ਗੱਲਾਂ ਦੇ ਨਵੇਂ ਅਰਥ ਕੱਢਦੇ ਰਹਿੰਦੇ ਹਨ, ਇਸੇ ਨੂੰ ਮਨੋਵਿਸ਼ਲੇਸ਼ਣ ਦੀ ਵਿਧੀ ਕਹਿੰਦੇ ਹਨ।

ਖ਼ੁਸ਼ਬੂ ਹਮੇਸ਼ਾਂ ਇਕੱਲੀ ਹੁੰਦੀ ਹੈ; ਇਕੱਲੀ ਹੋਣ ਕਰਕੇ ਹੀ ਇਹ ਮਾਣੀ ਜਾਂਦੀ ਹੈ; ਕੋਈ ਖ਼ੁਸ਼ਬੂ ਕਿਸੇ ਹੋਰ ਖ਼ੁਸ਼ਬੂ ਦਾ ਸਾਥ ਨਹੀਂ ਮਾਣ ਸਕਦੀ।

ਜੇ ਦੋ ਪੁਰਸ਼ਾਂ ਨੂੰ ਕੋਈ ਇਕ ਇਸਤਰੀ ਸੋਹਣੀ ਲੱਗਦੀ ਹੈ ਤਾਂ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਕੋਈ ਇਕ ਹੀ ਇਸਤਰੀ ਕੋਝੀ ਵੀ ਲੱਗੇਗੀ।

ਪਿਆਰ ਕਦੇ ਵੀ ਵਿਉਂਤ ਅਨੁਸਾਰ ਨਾ ਅਰੰਭ ਹੁੰਦਾ ਹੈ, ਨਾ ਸਿਰੇ ਚੜ੍ਹਦਾ ਹੈ।

ਇਨਕਲਾਬ ਨਾਲ, ਦਹਾਕਿਆਂ ਮਗਰੋਂ ਆਉਣ ਵਾਲਾ ਪਰਿਵਰਤਨ, ਮਹੀਨਿਆਂ ਵਿਚ ਆ ਜਾਂਦਾ ਹੈ ਅਤੇ ਸਦੀਆਂ ਦੀਆਂ ਪ੍ਰਾਪਤੀਆਂ ਦਾ, ਕੁਝ ਸਾਲਾਂ ਵਿਚ ਮਲੀਆਮੇਟ ਹੋ ਜਾਂਦਾ ਹੈ।

ਵਖਰੇਵੇਂ ਲੱਭੋਗੇ, ਵਖਰੇਵੇਂ ਦਿਖਾਈ ਦੇਣਗੇ; ਸਾਂਝਾਂ ਲੱਭੋਗੇ, ਸਾਂਝਾਂ ਹੀ ਦਿਸਣਗੀਆਂ।

ਚਿੰਤਕ ਉਹ ਹੁੰਦੇ ਹਨ, ਜਿਹੜੇ ਪਹਿਲਾਂ ਸੋਚੇ ਜਾ ਚੁੱਕੇ ਨੂੰ ਵੀ ਮੁੜ ਗਹਿਰਾਈ ਨਾਲ ਸੋਚਦੇ ਹਨ।

ਵਿਧਵਾ ਲਈ ਜੀਵਨ ਦੇ ਸੱਤੇ ਰੰਗ, ਹਨੇਰਾ ਹੋ ਜਾਂਦੇ ਹਨ।

ਆਪਣੀ ਸਾਂਭ-ਸੰਭਾਲ ਆਪ ਕਰ ਸਕਣੀ, ਬਜ਼ੁਰਗ ਵਿਅਕਤੀ ਦੀ ਬੜੀ ਵੱਡੀ ਯੋਗਤਾ ਹੁੰਦੀ ਹੈ।

ਉਂਝ ਅਸੀਂ ਮਹੀਨਿਆਂ-ਸਾਲਾਂ ਦੇ ਸੰਦਰਭ ਵਿਚ ਸੋਚਦੇ ਹਾਂ, ਪਰ ਪੀੜ-ਦੁੱਖ ਦਰਦ ਸਾਨੂੰ ਪਲਾਂ-ਮਿੰਟਾਂ-ਘੰਟਿਆਂ ਵਿਚ ਸੋਚਣਾ ਸਿਖਾ ਦਿੰਦੇ ਹਨ।

ਚੀਜ਼ਾਂ ਜਾਂ ਬੰਦੇ ਸਾਨੂੰ ਦੁਖੀ ਨਹੀਂ ਕਰਦੇ, ਉਨ੍ਹਾਂ ਸਬੰਧੀ ਸਾਡਾ ਦ੍ਰਿਸ਼ਟੀਕੋਣ, ਸਾਨੂੰ ਦੁਖੀ ਕਰਦਾ ਰਹਿੰਦਾ ਹੈ।

ਜਦੋਂ ਕਿਸੇ ਨੂੰ ਹਰ ਰੋਜ਼ ਮਿਲੋਗੇ ਤਾਂ ਤੁਸੀਂ ਉਸ ਦੇ ਰੰਗ ਵਿਚ ਜਾਂ ਉਹ ਤੁਹਾਡੇ ਰੰਗ ਵਿਚ ਰੰਗਿਆ ਜਾਵੇਗਾ।

ਜਦੋਂ ਕੋਈ ਵੱਡੀ ਘਟਨਾ ਵਾਪਰਦੀ ਹੈ ਤਾਂ ਉਸ ਸਮੇਂ, ਸਾਡੇ ਵੱਸ ਵਿਚ ਸਾਡਾ ਕੇਵਲ ਪ੍ਰਤੀਕਰਮ ਹੀ ਹੁੰਦਾ ਹੈ।

ਜਿਤਨਾ ਵੱਧ ਸੋਚੋਗੇ, ਉਤਨੇ ਚੁੱਪ ਹੁੰਦੇ ਜਾਵੋਗੇ।

ਜਿਨ੍ਹਾਂ ਦੀ ਅਸੀਂ ਨਿੰਦਾ ਕਰਦੇ ਹਾਂ, ਉਹ ਸਾਡੀਆਂ ਸੋਚਾਂ ਵਿਚ ਲੁਕ ਕੇ ਸਾਡਾ ਸਮਾਂ ਅਤੇ ਸ਼ਕਤੀ ਬਰਬਾਦ ਕਰਨ ਲੱਗ ਪੈਂਦੇ ਹਨ।

ਗਲਤੀ ਹੋ ਗਈ ਹੈ, ਮੁਆਫ਼ੀ ਮੰਗੋ; ਤੁਹਾਨੂੰ ਲੱਗੇਗਾ ਕਿ ਤੁਸੀਂ ਗਲਤੀ ਕਰਨ ਦਾ ਭੈੜਾ ਕੰਮ ਨਹੀਂ ਕੀਤਾ, ਮੁਆਫ਼ੀ ਮੰਗਣ ਦਾ ਚੰਗਾ ਕੰਮ ਕੀਤਾ ਹੈ।

ਕਿਤਨੀ ਅਜੀਬ ਗੱਲ ਹੈ ਕਿ ਮਨੁੱਖ ਦੀਆਂ ਮੂਰਖਤਾਵਾਂ ਅਤੇ ਸਿਆਣਪਾਂ ਇਕ ਹੀ ਦਿਮਾਗ ਵਿਚੋਂ ਉਪਜਦੀਆਂ ਹਨ!

ਪਰੰਪਰਾ, ਨਵੀਆਂ ਸੋਚਾਂ ਸੋਚਣ ਦੇ ਦਰਦ ਤੋਂ ਬਚਣ ਲਈ ਪਾਲੀ ਜਾਂਦੀ ਹੈ।

ਚਿੱਤਰਕਾਰ ਦਾ ਉਦੇਸ਼, ਆਪਣੇ ਆਪ ਨੂੰ ਛੁਪਾ ਕੇ, ਆਪਣੇ ਚਿੱਤਰ ਨੂੰ ਉਘਾੜਨਾ ਹੁੰਦਾ ਹੈ।

ਮਹਿੰਗੀਆਂ ਵਸਤਾਂ ਦੇ ਸੰਪਰਕ ਵਿਚ ਅਸੀਂ ਆਪਣੀਆਂ ਤਾਂਘਾਂ ਅਤੇ ਇੱਛਾਵਾਂ ਰਾਹੀਂ ਆਉਂਦੇ ਹਾਂ।

ਅਜੋਕੇ ਸੰਸਾਰ ਵਿਚ ਜਾਇਜ਼ ਸਬੰਧਾਂ ਦੇ ਮੁਕਾਬਲੇ, ਨਾਜਾਇਜ਼ ਸਬੰਧ ਉਸਾਰਨੇ ਸੌਖੇ ਹੋ ਗਏ ਹਨ।

ਕਿਸੇ ਨਵੇਂ ਬੰਦੇ ਨਾਲ ਇਕ-ਸੁਰ ਹੋਣਾ, ਨਵੀਂ ਭਾਸ਼ਾ ਸਿੱਖਣ ਵਾਂਗ ਹੁੰਦਾ ਹੈ।

ਜਦੋਂ ਕਿਹਾ ਜਾਵੇ: ਇਹ ਗੱਲ ਕਹਿਣ ਦੀ ਤੇਰੀ ਹਿੰਮਤ ਕਿਵੇਂ ਪਈ? ਤਾਂ ਇਤਰਾਜ਼ ਗੱਲ 'ਤੇ ਨਹੀਂ, ਕਹਿਣ ਦੀ ਹਿੰਮਤ 'ਤੇ ਕੀਤਾ ਜਾ ਰਿਹਾ ਹੁੰਦਾ ਹੈ।

ਦੁੱਖ ਵਿਚ ਅਸੀਂ ਨਹੀਂ ਜਿਊਂਦੇ, ਦੁੱਖ ਜਿਊਂਦਾ ਹੈ।

ਜਲਦਬਾਜ਼ੀ ਵਿਚ ਕਹੀਆਂ ਗੱਲਾਂ ਨੂੰ, ਧੀਰਜ ਨਾਲ ਸੁਣਨਾ ਸੌਖਾ ਨਹੀਂ ਹੁੰਦਾ।

ਦੂਜਿਆਂ ਨੂੰ ਪ੍ਰਸੰਨ ਕਰਨ ਦਾ ਸਾਡਾ ਉਚੇਚਾ ਯਤਨ ਪ੍ਰਸੰਨਤਾ ਨਹੀਂ, ਅਕੇਵਾਂ ਉਪਜਾਉਂਦਾ ਹੈ।

ਕਈ ਵਾਰੀ ਸ਼ੀਸ਼ੇ ਵਿਚ ਵੇਖਦਿਆਂ, ਆਪਣੇ ਆਪ ਨੂੰ ਮਨਾਉਣਾ ਪੈਂਦਾ ਹੈ ਕਿ ਜੋ ਨਜ਼ਰ ਆ ਰਿਹਾ ਹੈ, ਇਹ ਮੈਂ ਹੀ ਹਾਂ।

ਸਿਆਣਾ ਬੰਦਾ ਗਲਤੀਆਂ ਵੀ ਸਿਆਣੇ ਢੰਗ ਨਾਲ ਕਰਦਾ ਹੈ।

ਬੇਇੱਜ਼ਤੀ, ਦੂਜੇ ਨੂੰ ਕਮਜ਼ੋਰ ਕਰਨ ਦੀ ਨੀਅਤ ਨਾਲ ਕੀਤੀ ਜਾਂਦੀ ਹੈ; ਇਵੇਂ ਹਰ ਬੇਇੱਜ਼ਤੀ ਦਾ ਭਾਵੇਂ ਪਿਛੋਕੜ ਹੁੰਦਾ ਹੈ, ਪਰ ਇਸ ਦਾ ਉਦੇਸ਼ ਭਵਿੱਖ ਨਾਲ ਸਬੰਧਤ ਹੁੰਦਾ ਹੈ।

ਮੌਤ ਤੋਂ ਤਾਂ ਸਾਰੇ ਡਰਦੇ ਹੀ ਹਨ, ਅਨੇਕਾਂ ਜਿਊਣ ਤੋਂ ਵੀ ਡਰਦੇ ਹਨ; ਆਤਮਘਾਤ ਕਰਨ ਵਾਲੇ ਮੌਤ ਤੋਂ ਨਹੀਂ, ਜਿਊਣ ਤੋਂ ਡਰੇ ਹੋਏ ਹੁੰਦੇ ਹਨ।

ਜਦੋਂ ਮੰਜ਼ਲ 'ਤੇ ਪਹੁੰਚ ਜਾਈਏ ਤਾਂ ਅਹਿਸਾਸ ਹੁੰਦਾ ਹੈ ਕਿ ਅਸੀਂ ਠੀਕ ਰਸਤਾ ਅਤੇ ਢੰਗ ਚੁਣਿਆ ਸੀ, ਇਹ ਅਹਿਸਾਸ ਸਾਡੀ ਤਸੱਲੀ ਵਧਾ ਦਿੰਦਾ ਹੈ।

ਮਨੁੱਖ ਵਿਚ ਸ਼ਾਂਤ ਹੋਣ ਦੀ ਇੱਛਾ ਹੈ, ਯੋਗਤਾ ਨਹੀਂ; ਅਸ਼ਾਂਤ ਹੋਣ ਦੀ ਅਥਾਹ ਯੋਗਤਾ ਹੈ ਪਰ ਇੱਛਾ ਸ਼ਾਂਤ ਹੋਣ ਦੀ ਹੀ ਹੁੰਦੀ ਹੈ।

ਪਹਿਲੀ ਨਜ਼ਰੇ ਲੱਗਦਾ ਹੈ, ਇਨਸਾਨ ਅਜ਼ਾਦ ਹੈ; ਧਿਆਨ ਨਾਲ ਵੇਖੀਏ ਤਾਂ ਉਹ ਅਜ਼ਾਦ ਨਹੀਂ ਲੱਗਦਾ; ਜੇ ਹੋਰ ਧਿਆਨ ਨਾਲ ਵੇਖੀਏ ਤਾਂ ਲੱਗਦਾ ਹੈ, ਇਨਸਾਨ ਤਾਂ ਕੋਈ ਹੈ ਹੀ ਨਹੀਂ।

ਕਈਆਂ ਦੀ ਗੁੱਸੇ ਵਾਲੀ ਹਾਲਤ ਅਸਲੀ ਹਾਲਤ ਹੁੰਦੀ ਹੈ; ਅਜਿਹਿਆਂ ਦੀ ਸ਼ਾਂਤ ਹਾਲਤ ਬਨਾਵਟੀ ਲੱਗਦੀ ਹੈ।

ਚੰਗੇ ਬੰਦਿਆਂ ਨੂੰ ਰੱਬ, ਆਪਣੀ ਤਸੱਲੀ ਅਤੇ ਖ਼ੁਸ਼ੀ ਲਈ ਪੈਦਾ ਕਰਦਾ ਹੈ।

ਹਰ ਦੁਰਘਟਨਾ ਦੇ ਬੀਜ, ਕਿਸੇ ਦੀ ਅਣਗਹਿਲੀ ਵਿਚ ਪਏ ਹੁੰਦੇ ਹਨ।

ਹੱਸਣ ਵੇਲੇ ਅਸੀਂ ਆਪਣੇ ਆਪ ਨੂੰ ਹਾਲਾਤ ਤੋਂ ਉੱਚੇ ਸਮਝਦੇ ਹਾਂ; ਇਹੀ ਭਾਵਨਾ ਸਾਨੂੰ ਹੱਸਣ ਦੀ ਸਮਰੱਥਾ ਦਿੰਦੀ ਹੈ।

ਅਸੀਂ ਯਾਤਰਾ ਇਸ ਉਦੇਸ਼ ਨਾਲ ਕਰਦੇ ਹਾਂ ਕਿ ਅੱਖਾਂ ਨੂੰ ਨਵੇਂ ਦ੍ਰਿਸ਼, ਕੰਨਾਂ ਨੂੰ ਨਵੀਆਂ ਅਵਾਜ਼ਾਂ ਅਤੇ ਜੀਭ ਨੂੰ ਨਵੇਂ ਸਵਾਦ ਮਿਲਣਗੇ; ਸਰੀਰ ਦੀ ਬੇਅਰਾਮੀ ਬਾਰੇ ਅਸੀਂ ਸੋਚਦੇ ਹੀ ਨਹੀਂ।

ਹਰ ਮਨੁੱਖ ਨੂੰ ਲੱਗਦਾ ਹੈ ਕਿ ਉਸ ਕੋਲ ਕੁਝ ਵਾਧੂ ਅਣਵਰਤੀ ਸਿਆਣਪ ਹੈ; ਜਿਸ ਨੂੰ ਵਰਤਣ ਲਈ ਉਹ ਵਿਸ਼ੇਸ਼ ਮੌਕੇ ਉਡੀਕਦਾ ਰਹਿੰਦਾ ਹੈ।

ਝੂਠ ਉਸ ਨੂੰ ਕਹਿੰਦੇ ਹਨ, ਜਿਹੜਾ ਸੱਚ ਵਿਚ ਘੁਲਦਾ ਨਹੀਂ।

ਮਰਨਾ ਕੋਈ ਨਹੀਂ ਚਾਹੁੰਦਾ; ਜਿਹੜੇ ਜਿਊਂਦਿਆਂ ਹੀ ਅਮਰ ਹੋ ਜਾਂਦੇ ਹਨ, ਉਹ ਵੀ ਮਰਨ ਲਈ ਤਿਆਰ ਨਹੀਂ ਹੁੰਦੇ।

ਮਨੁੱਖ, ਜੀਵਨ ਦੀਆਂ ਮੁੱਲਵਾਨ ਚੀਜ਼ਾਂ ਅਤੇ ਮਹੱਤਵਪੂਰਨ ਸਮੇਂ ਨੂੰ ਲਾਪ੍ਰਵਾਹੀ ਨਾਲ ਵਰਤਣ ਦੇ ਰੋਗ ਤੋਂ ਪੀੜਤ ਹੈ।

ਘਰ ਦੀ ਨੌਕਰਾਣੀ, ਸਾਡੇ ਬਾਰੇ ਜੋ ਸੋਚਦੀ ਹੈ, ਉਹ ਸਾਡਾ ਅਸਲੀ ਅਤੇ ਸਹੀ ਮੁਲਾਂਕਣ ਹੁੰਦਾ ਹੈ।

ਆਪਣੇ ਦੁੱਖਾਂ-ਦਰਦਾਂ ਨੂੰ ਕਾਗਜ਼ਾਂ ਦੇ ਹਵਾਲੇ ਕਰਨ ਦੇ ਯਤਨ ਵਿਚੋਂ ਹੀ ਸਾਹਿਤ ਦਾ ਜਨਮ ਹੋਇਆ ਹੈ।

ਅਸਫ਼ਲਤਾ ਦਾ ਡਰ ਅਮੀਰਾਂ ਨੂੰ ਹੁੰਦਾ ਹੈ, ਗਰੀਬਾਂ ਨੂੰ ਨਹੀਂ, ਕਿਉਂਕਿ ਗਰੀਬ ਪਹਿਲਾਂ ਹੀ ਅਸਫ਼ਲ ਹੋ ਚੁੱਕੇ ਹੁੰਦੇ ਹਨ।

ਪ੍ਰੇਮੀ ਲਈ ਪ੍ਰੇਮਿਕਾ ਯਥਾਰਥ ਹੁੰਦੀ ਹੈ, ਪਿਆਰ ਕਲਪਨਾ ਹੁੰਦਾ ਹੈ; ਜੇ ਯਥਾਰਥ ਨਾ ਹੋਵੇ ਤਾਂ ਕਲਪਨਾ ਵੀ ਸੰਭਵ ਨਹੀਂ ਹੁੰਦੀ।

ਜਦੋਂ ਹਿੰਮਤੀ ਕੋਲੰਬਸ, ਅਣਕਿਆਸੀ ਯਾਤਰਾ 'ਤੇ ਨਿਕਲਿਆ ਸੀ ਤਾਂ ਪ੍ਰਸੰਨ ਹੋ ਕੇ ਉਸ ਦੀ ਕਿਸਮਤ ਨੇ, ਉਸ ਦੇ ਰਸਤੇ ਵਿਚ ਅਮਰੀਕਾ ਰੱਖ ਦਿੱਤਾ ਸੀ।

ਭਵਿੱਖ ਦੇ ਸਾਰੇ ਵਾਅਦੇ, ਮੌਤ ਨੂੰ ਭੁੱਲ ਕੇ ਹੀ ਕੀਤੇ ਜਾਂਦੇ ਹਨ।

ਸਮੱਸਿਆ ਦਾ ਹੱਲ ਲੱਭਦਿਆਂ ਕੋਈ ਆਪਣਾ ਨਹੁੰ ਟੁਕਦਾ ਹੈ, ਕੋਈ ਸਿਰ ਖੁਰਕਦਾ ਹੈ, ਕੋਈ ਮੁੱਛ ਨੂੰ ਵੱਟ ਦਿੰਦਾ ਹੈ, ਕੋਈ ਚੁੱਟਕੀ ਵਜਾਉਂਦਾ ਹੈ, ਕੋਈ ਠੋਡੀ ਮਲਣ ਲੱਗ ਪੈਂਦਾ ਹੈ, ਪਰ ਸੋਚਦਾ ਕੋਈ-ਕੋਈ ਹੀ ਹੈ।

ਚੰਗਾ ਅਧਿਆਪਕ, ਜੋ ਅਸੀਂ ਰੋਜ਼ ਵੇਖਦੇ-ਸੁਣਦੇ ਹਾਂ, ਉਸ ਨੂੰ ਨਵੀਆਂ ਅੱਖਾਂ-ਕੰਨਾਂ ਨਾਲ ਵੇਖਣ-ਸੁਣਨ ਦੀ ਜਾਚ ਸਿਖਾਉਂਦਾ ਹੈ।

ਕਈਆਂ ਦੀਆਂ ਪ੍ਰਾਪਤੀਆਂ ਸੰਸਾਰ ਦੀਆਂ ਹੈਰਾਨੀਆਂ ਬਣ ਜਾਂਦੀਆਂ ਹਨ।

ਦਰਦ ਹੁੰਦਾ ਨਿਜੀ ਹੈ, ਪਰ ਅਸੀਂ ਇਸ ਨੂੰ ਅਜਨਬੀ ਸਮਝਦੇ ਹਾਂ ਅਤੇ ਸੋਚਦੇ ਹਾਂ ਪਤਾ ਨਹੀਂ ਇਹ ਕਿੱਥੋਂ ਆ ਗਿਆ ਹੈ?

ਪਿਆਰ ਵਿਚ ਮੈਂ ਦੀ ਵਰਤੋਂ ਮੁੱਕ ਜਾਂਦੀ ਹੈ, ਜਦੋਂ ਤਕ ਮੁੱਕੀ ਰਹਿੰਦੀ ਹੈ, ਉਦੋਂ ਤਕ ਪਿਆਰ ਰਹਿੰਦਾ ਹੈ।

ਵਪਾਰੀ ਮਨ, ਮੁਨਾਫ਼ੇ ਵਾਲਾ ਪੱਖ ਹੀ ਵੇਖਦਾ ਹੈ, ਸਾਰੇ ਪੱਖ ਨਹੀਂ ਵੇਖਦਾ।

ਵਿਵਾਦ ਕੋਈ ਹੋਵੇ, ਸਾਡਾ ਉਦੇਸ਼ ਆਪਣੇ ਵਿਚਾਰ ਪ੍ਰਗਟਾਉਣਾ ਘੱਟ ਅਤੇ ਵਿਰੋਧੀ ਵਿਚਾਰਾਂ ਨੂੰ ਰੱਦ ਕਰਨਾ ਵਧੇਰੇ ਹੁੰਦਾ ਹੈ।

ਕੰਜੂਸ ਦਾ ਅੰਦਰਲਾ ਪੈਸੇ ਦੀ ਤਾਕਤ ਨਾਲ ਰੋਸ਼ਨ ਹੁੰਦਾ ਹੈ; ਬਾਹਰਲੀ ਰੋਸ਼ਨੀ ਉਸ ਨੂੰ ਫਜ਼ੂਲ-ਖਰਚੀ ਲੱਗਦੀ ਹੈ।

ਜਿਹੜੇ ਚਿੱਤਰਕਾਰ ਆਪਣੇ ਆਪ ਨੂੰ ਵੇਚ ਦਿੰਦੇ ਹਨ, ਉਨ੍ਹਾਂ ਦੇ ਚਿੱਤਰ ਨਹੀਂ ਵਿਕਦੇ।

ਅੱਖਾਂ ਅਤੇ ਕੰਨ, ਪ੍ਰਸੰਨ ਅਤੇ ਪਰੇਸ਼ਾਨ ਹੋਣ ਅਤੇ ਕਰਨ ਦੇ ਸਾਧਨ ਹੁੰਦੇ ਹਨ।

ਜੇ ਤੁਹਾਡੀ ਗਵਾਂਢੀ ਨੂੰ ਅਤੇ ਗਵਾਂਢੀ ਦੀ ਤੁਹਾਨੂੰ ਸਮਝ ਨਹੀਂ ਪੈਂਦੀ ਤਾਂ ਇਹ ਸਬੂਤ ਹੈ ਕਿ ਦੋਹਾਂ ਵਿਚ ਆਧੁਨਿਕ ਕਵੀ ਬਣਨ ਦੀਆਂ ਸੰਭਾਵਨਾਵਾਂ ਹਨ।

ਅਜੋਕੇ ਸੰਤਾਂ ਨੂੰ ਪਾਪੀਆਂ ਦੀ, ਰਾਜਸੀ ਆਗੂਆਂ ਨੂੰ ਭੀੜਾਂ ਦੀ ਅਤੇ ਪੁਲੀਸ ਨੂੰ ਮੁਜਰਿਮਾਂ ਦੀ ਲੋੜ ਪੈਂਦੀ ਰਹਿੰਦੀ ਹੈ।

ਪ੍ਰਸੰਨ ਹੋਣ ਦੀ ਯੋਗਤਾ ਵਧਾਉਣੀ ਪੈਂਦੀ ਹੈ; ਦੁਖੀ ਹੋਣ ਦੀ ਯੋਗਤਾ ਪਹਿਲਾਂ ਹੀ ਬੜੀ ਹੁੰਦੀ ਹੈ।

ਜਿਸ ਨੂੰ ਅਸੀਂ ਪਸੰਦ ਨਹੀਂ ਕਰਦੇ, ਉਸ ਦੇ ਕੁਝ ਮੰਗਣ-ਕਹਿਣ ਤੋਂ ਪਹਿਲਾਂ ਹੀ ਸਾਡੀ ਨਾਂਹ ਤਿਆਰ ਹੁੰਦੀ ਹੈ।

ਦੁਸ਼ਮਣ ਨੂੰ ਵੇਖਦਿਆਂ ਹੀ ਮਨ ਸਖ਼ਤ ਹੋ ਜਾਂਦਾ ਹੈ।

ਦੌਲਤ ਨਾਲ ਜ਼ਿੰਦਗੀ ਵਿਸ਼ਾਲ ਹੁੰਦੀ ਹੈ, ਕਿਉਂਕਿ ਦੌਲਤ ਨਾਲ ਸੰਭਾਵਨਾਵਾਂ ਉਪਜ ਪੈਂਦੀਆਂ ਹਨ; ਜ਼ਿੰਦਗੀ ਸੰਭਾਵਨਾਵਾਂ ਵਿਚ ਹੁੰਦੀ ਹੈ।

ਜੋ ਜ਼ਿੰਦਗੀ ਤੋਂ ਸਿੱਖਿਆ ਜਾਂਦਾ ਹੈ, ਉਹ ਹੀ ਅਸਲੀ ਜ਼ਿੰਦਗੀ ਅਤੇ ਅਸਲੀ ਸਿਖਿਆ ਹੁੰਦੀ ਹੈ; ਬਾਕੀ ਸਭ ਸਿਧਾਂਤ ਹੁੰਦੇ ਹਨ।

ਹਉਮੈ ਭੈੜੀ ਗੱਲ ਹੈ, ਪਰ ਜਿਹੜੀ ਹਉਮੈ ਹਰ ਕਿਸੇ ਨੂੰ ਭੈੜੀ ਲੱਗਦੀ ਹੈ, ਉਹ ਹੋਰਾਂ ਦੀ ਹਉਮੈ ਹੁੰਦੀ ਹੈ।

ਜਿਵੇਂ ਗਰੀਬ ਵਿਚ, ਅਮੀਰ ਹੋਣ ਦੀ ਆਸ ਉਮੀਦ ਹੁੰਦੀ ਹੈ; ਉਵੇਂ ਹੀ ਅਮੀਰ ਵਿਚ, ਗਰੀਬ ਹੋ ਜਾਣ ਦਾ ਡਰ-ਭੈਅ ਹੁੰਦਾ ਹੈ।

ਸਾਡੇ ਹਰ ਕਾਰਜ ਵਿਚ, ਕਿਵੇਂ ਨਾ ਕਿਵੇਂ ਸਾਡੇ ਮਾਪੇ ਸ਼ਾਮਲ ਹੁੰਦੇ ਹਨ।

ਪ੍ਰਸੰਨ ਵਿਅਕਤੀ, ਮੁੜ-ਮੁੜ ਆਪਣੇ ਵੱਲ ਮੁੜਦਾ ਹੈ; ਦੁਖੀ ਵਿਅਕਤੀ ਆਪਣੇ ਤੋਂ ਦੂਰ ਭੱਜਦਾ ਹੈ।

ਸੁੰਦਰਤਾ ਪ੍ਰਗਟਾਈ ਨਹੀਂ ਜਾ ਸਕਦੀ, ਮਾਣੀ ਹੀ ਜਾ ਸਕਦੀ ਹੈ; ਸੁੰਦਰਤਾ ਇਕ ਸੂਖਮ ਅਨੁਭਵ ਹੈ, ਜਿਸ ਨੂੰ ਪ੍ਰਗਟਾਉਣਾ ਸੰਭਵ ਨਹੀਂ ਹੁੰਦਾ।

ਪ੍ਰਸੰਨ ਵਿਅਕਤੀ ਆਪਣੀ ਬੇਇੱਜ਼ਤੀ ਦੀ ਵੀ ਪ੍ਰਵਾਹ ਨਹੀਂ ਕਰਦਾ।

ਜਿਹੜਾ ਅਰਾਮ ਸਾਰਾ ਸੰਸਾਰ ਘੁੰਮ ਕੇ ਨਹੀਂ ਲੱਭਦਾ, ਉਹ ਆਪਣੇ ਘਰ ਅਚਾਨਕ ਲੱਭ ਪੈਂਦਾ ਹੈ।

ਸਭ ਤੋਂ ਗੰਭੀਰ ਗੱਲਬਾਤ, ਮਨੁੱਖ ਆਪਣੇ ਆਪ ਨਾਲ ਕਰਦਾ ਹੈ।

ਕਈ ਆਪਣੀ ਮੂਰਖਤਾ ਸਬੰਧੀ ਪਛਤਾਉਂਦੇ-ਪਛਤਾਉਂਦੇ ਸਿਆਣੇ ਹੋ ਜਾਂਦੇ ਹਨ।

ਮਹਾਨ, ਪ੍ਰਸਿੱਧ ਅਤੇ ਮਹੱਤਵਪੂਰਨ ਉਹ ਹੁੰਦਾ ਹੈ, ਜਿਸ 'ਤੇ, ਪ੍ਰੀਖਿਆ ਵਿਚ, ਸਕੂਲੀ ਬੱਚਿਆਂ ਨੂੰ ਲੇਖ ਲਿਖਣ ਲਈ ਕਿਹਾ ਜਾਵੇ।

ਜੇ ਮਨੁੱਖ ਵਿਚ ਕਲਪਨਾ ਦਾ ਵਖਰੇਵਾਂ ਨਾ ਹੁੰਦਾ ਤਾਂ ਹਰ ਕਿਸੇ ਪੁਰਸ਼ ਦਾ, ਹਰ ਕਿਸੇ ਇਸਤਰੀ ਨਾਲ ਸਰ ਜਾਣਾ ਸੀ।

ਕਈ ਇਤਨੇ ਸਾਦੇ ਅਤੇ ਸਰਲ ਹੁੰਦੇ ਹਨ ਕਿ ਸੋਚਣਾ ਪੈਂਦਾ ਹੈ ਕਿ ਇਹ ਕਿਸ ਚੀਜ਼ ਦੀ ਇੱਛਾ ਕਰਦੇ ਹੋਣਗੇ?

ਆਪਣੇ ਜਿਊਂਦੇ ਹੋਣ ਦੇ ਅਹਿਸਾਸ ਨੂੰ ਮਾਣਨ ਲਈ, ਦੂਜਿਆਂ ਦਾ ਜਿਊਂਦੇ ਹੋਣਾ ਵੀ ਜ਼ਰੂਰੀ ਹੁੰਦਾ ਹੈ।

ਲਤੀਫ਼ੇ ਉਦੋਂ ਹੀ ਸੁਣੇ-ਸੁਣਾਏ ਜਾਂਦੇ ਹਨ, ਜਦੋਂ ਕੰਮ ਦੀ ਗੱਲ ਮੁੱਕ ਜਾਵੇ।

ਜਦੋਂ ਵੀ ਦੋਸਤ-ਸਹੇਲੀਆਂ ਮਿਲਦੀਆਂ ਹਨ ਤਾਂ ਉਹ ਪਿਛਲੀ ਮਿਲਣੀ ਦੇ ਸੰਦਰਭ ਵਿਚ ਹੀ ਮਿਲਦੀਆਂ ਹਨ।

ਗੁੱਸੇ ਦੀ ਹਾਲਤ ਵਿਚ ਹੋਣ ਵਾਲੇ ਨੁਕਸਾਨ ਦਾ ਬੀਮਾ ਨਹੀਂ ਹੁੰਦਾ।

ਚੋਰੀਆਂ ਮਨੁੱਖ ਅਨੇਕਾਂ ਕਰਦਾ ਹੈ, ਪਰ ਦੋਸ਼ ਵਸਤਾਂ-ਪੈਸਿਆਂ ਦੀ ਚੋਰੀ ਦਾ ਹੀ ਲੱਗਦਾ ਹੈ।

ਜਦੋਂ ਕੋਈ ਸਾਡੀ ਜਾਨ ਬਚਾਉਂਦਾ ਹੈ ਤਾਂ ਉਹ ਰੱਬ ਵਰਗਾ ਨਹੀਂ, ਰੱਬ ਉਸ ਵਰਗਾ ਲੱਗਣ ਲੱਗ ਪੈਂਦਾ ਹੈ।

ਸਪਸ਼ਟਤਾ ਚਾਹੁਣ ਵਾਲੇ, ਕਵੀ ਜਾਂ ਕਲਾਕਾਰ ਨਹੀਂ ਬਣ ਸਕਦੇ।

ਸ਼ਰਮਸਾਰ ਹੋਣ ਦਾ ਅਮਲ ਵੱਖ-ਵੱਖ ਉਮਰਾਂ ਵਿਚ, ਵੱਖ-ਵੱਖ ਰਫ਼ਤਾਰ ਅਤੇ ਵੱਖ-ਵੱਖ ਨਮੋਸ਼ੀ ਵਾਲਾ ਹੁੰਦਾ ਹੈ।

ਹੱਸਦਿਆਂ ਸੋਚਿਆ ਨਹੀਂ ਜਾ ਸਕਦਾ, ਸੋਚਦਿਆਂ ਹੱਸਿਆ ਨਹੀਂ ਜਾ ਸਕਦਾ।

ਗੁੰਝਲਦਾਰ ਦਿਸਦਾ ਘੱਟ ਹੈ, ਛੁਪਿਆ ਹੋਇਆ ਵਧੇਰੇ ਹੁੰਦਾ ਹੈ।

ਬੁਢਾਪੇ ਵਿਚ, ਹੋਰ ਚੀਜ਼ਾਂ ਵਾਂਗ ਯਾਦ-ਸ਼ਕਤੀ ਵੀ ਸਮੇਂ ਦੀ ਪਾਬੰਦ ਨਹੀਂ ਰਹਿੰਦੀ, ਇਸੇ ਕਰਕੇ ਲੋੜ ਵੇਲੇ ਕੋਈ ਗੱਲ ਯਾਦ ਨਹੀਂ ਆਉਂਦੀ।

ਅਸੰਭਵ, ਕਦੇ ਬੁੱਢਾ ਨਹੀਂ ਹੁੰਦਾ।

ਸਾਨੂੰ ਵਿਸ਼ਵਾਸ ਹੁੰਦਾ ਹੈ ਕਿ ਲੋੜ ਪੈਣ 'ਤੇ ਸਭ ਕੁਝ ਯਾਦ ਆ ਜਾਵੇਗਾ, ਜੇ ਇਹ ਵਿਸ਼ਵਾਸ ਨਾ ਹੁੰਦਾ ਤਾਂ ਜ਼ਿੰਦਗੀ ਸੰਭਵ ਨਹੀਂ ਸੀ ਹੋਣੀ।

ਅਜੇ ਤਕ ਸੰਸਾਰ ਵਿਚ ਕਿਸੇ ਨੂੰ ਸੋਚਣ ਤੋਂ ਨਹੀਂ ਰੋਕਿਆ ਗਿਆ, ਰੋਕਿਆ ਪ੍ਰਗਟਾਉਣ ਤੋਂ ਹੀ ਗਿਆ ਹੈ।

ਦਿਲਚਸਪ ਰਚਨਾਵਾਂ ਨੂੰ ਰੁੱਖੇ ਢੰਗ ਨਾਲ ਸਮਝਾਉਣ ਅਤੇ ਪ੍ਰਗਟਾਉਣ ਨੂੰ ਆਲੋਚਨਾ ਕਹਿੰਦੇ ਹਨ।

ਇਸਤਰੀਆਂ ਵਿਚ ਹਉਮੈਂ ਘੱਟ ਅਤੇ ਸ਼ਰਮ ਵਧੇਰੇ ਹੁੰਦੀ ਹੈ, ਪੁਰਸ਼ਾਂ ਵਿਚ ਉਲਟ ਹੈ।

ਜੋ ਗਿਣਤੀ-ਮਿਣਤੀ ਤੋਂ ਪਾਰ ਹੈ, ਉਸ 'ਤੇ ਵਿਗਿਆਨ ਲਾਗੂ ਨਹੀਂ ਹੁੰਦਾ।

ਅਜੇ ਤਕ ਅਕਲ ਦੀ ਪਰਿਭਾਸ਼ਾ ਨਹੀਂ ਸਿਰਜੀ ਜਾ ਸਕੀ, ਕਿਉਂਕਿ ਸਿਰਜਣ ਲਈ ਕਿਸੇ ਕੋਲ ਲੋੜੀਂਦੀ ਅਕਲ ਹੀ ਨਹੀਂ।

ਸਿੱਖਿਆ ਦਾ ਉਦੇਸ਼, ਮਹਿੰਗੀਆਂ ਨਹੀਂ, ਚੰਗੀਆਂ ਚੀਜ਼ਾਂ ਦੀ ਪ੍ਰਸੰਸਾ ਅਤੇ ਨਿਰਮਾਣ ਕਰਨ ਦੀ ਸਿਖਲਾਈ ਦੇਣਾ ਹੁੰਦਾ ਹੈ।

ਜਿਹੜੇ ਮਿੱਤਰ, ਨਿੱਕੀ ਜਿਹੀ ਗੱਲ ਨਾਲ ਕੌੜੇ ਦੁਸ਼ਮਣ ਬਣ ਜਾਂਦੇ ਹਨ, ਉਹ ਮਿੱਤਰ ਹੁੰਦੇ ਹੀ ਨਹੀਂ, ਉਹ ਦੁਸ਼ਮਣ ਬਣਨ ਦਾ ਮੌਕਾ ਤਲਾਸ਼ ਰਹੇ ਹੁੰਦੇ ਹਨ।

ਜਦੋਂ ਕਿਸੇ ਇਸਤਰੀ ਦੇ ਬਰਦਾਸ਼ਤ ਕਰਨ ਦੀ ਹੱਦ ਤੋਂ ਵਧੇਰੇ ਨੁਕਸ ਕੱਢੇ ਜਾਣ ਤਾਂ ਉਹ ਆਪਣੇ ਨਹੀਂ, ਨੁਕਸ ਕੱਢਣ ਵਾਲੇ ਦੇ ਨੁਕਸ ਵੇਖਣ ਲੱਗ ਪੈਂਦੀ ਹੈ।

ਜਿਹੜਾ ਝੱਟ ਬੇਇੱਜ਼ਤੀ ਹੋ ਗਈ ਮਹਿਸੂਸ ਕਰਦਾ ਹੈ, ਉਹ ਕੋਈ ਹੰਢਣਸਾਰ ਰਿਸ਼ਤਾ ਨਹੀਂ ਉਸਾਰ ਸਕਦਾ।

ਇਸਤਰੀ ਇਹ ਜ਼ਿੱਦ ਨਹੀਂ ਕਰਦੀ ਕਿ ਪੁਰਸ਼ ਉਸ ਨਾਲ ਸਹਿਮਤ ਹੋਵੇ, ਪਰ ਉਹ ਚਾਹੁੰਦੀ ਹੈ ਕਿ ਉਸ ਨੂੰ ਸੁਣਿਆ ਜਾਵੇ।

ਹਾਰਨ 'ਤੇ ਬਹਾਨੇ ਇਸ ਲਈ ਘੜੇ ਜਾਂਦੇ ਹਨ, ਤਾਂ ਕਿ ਲੋਕ, ਦੂਜੇ ਦੀ ਜਿੱਤ ਵੱਲ ਧਿਆਨ ਨਾ ਦੇਣ।

ਹਰ ਵੇਲੇ ਸ਼ਿਕਾਇਤਾਂ ਕਰਨ ਵਾਲੀ ਪਤਨੀ ਨਾਲ ਰਹਿੰਦਿਆਂ, ਪਤੀ ਨੂੰ ਆਪਣੇ ਅਸਫ਼ਲ ਹੋਣ ਦਾ ਹੀ ਅਹਿਸਾਸ ਹੁੰਦਾ ਹੈ, ਇਹ ਪਰੇਸ਼ਾਨੀ ਉਸ ਨੂੰ ਕਿਸੇ ਪਖੋਂ ਸਫ਼ਲ ਹੋਣ ਹੀ ਨਹੀਂ ਦਿੰਦੀ।

ਸਫ਼ਲ ਵਿਅਕਤੀਆਂ ਨੂੰ ਸਫ਼ਲ ਹੋਣ ਦਾ ਢੰਗ ਆ ਜਾਂਦਾ ਹੈ, ਇਸ ਲਈ ਉਹ ਕਰਦੇ ਹੀ ਉਹ ਕੁਝ ਹਨ, ਜਿਸ ਵਿਚ ਉਨ੍ਹਾਂ ਦੀ ਸਫ਼ਲਤਾ ਨਿਸ਼ਚਿਤ ਹੁੰਦੀ ਹੈ।

ਜੇ ਪਤੀ ਘੱਟ ਬੋਲੇ ਤਾਂ ਪਤਨੀ ਉਸ ਦਾ ਵਧੇਰੇ ਧਿਆਨ ਰੱਖਦੀ ਹੈ।

ਡੀਂਗਾਂ ਮਾਰਨ ਵਾਲੇ ਪਤੀਆਂ 'ਤੇ, ਪਤਨੀਆਂ ਖ਼ੂਬ ਹੱਸਦੀਆਂ ਹਨ।

ਅਸਫ਼ਲ ਵਿਅਕਤੀ ਅਰੋਗ ਹੋਣ ਵਿਚ ਬੜੀ ਦੇਰ ਲਾਉਂਦੇ ਹਨ, ਕਿਉਂਕਿ ਉਹ ਬਿਮਾਰੀ ਰਾਹੀਂ ਆਪਣੇ ਆਪ ਨੂੰ ਮਹੱਤਵਪੂਰਨ ਸਮਝਦੇ-ਦਰਸਾਉਂਦੇ ਹਨ।

ਜੇ ਸਹੁਰਾ ਪਰਿਵਾਰ ਨੂੰਹ ਦਾ ਸਾਥ ਦੇਵੇ ਤਾਂ ਖ਼ੁਸ਼ਹਾਲੀ ਦੀ ਜਦੋਜਹਿਦ ਵਿਚ, ਉਹ ਰਾਣੀ ਝਾਂਸੀ ਬਣ ਜਾਂਦੀ ਹੈ।

ਹਰ ਵੇਲੇ ਸ਼ਿਕਾਇਤਾਂ ਕਰਨ ਵਾਲੇ ਪਤੀ ਨਾਲ ਪਤਨੀ ਖ਼ੁਸ਼ ਨਹੀਂ ਹੁੰਦੀ, ਕਿਉਂਕਿ ਉਹ ਮਹਿਸੂਸ ਕਰਦੀ ਹੈ ਕਿ ਉਹ ਆਪਣੇ ਸਹਿਯੋਗੀ ਪਤੀ ਨਾਲ ਨਹੀਂ, ਇਕ ਹੋਰ ਵਿਰੋਧੀ ਸੱਸ ਨਾਲ ਰਹਿ ਰਹੀ ਹੈ।

ਧਰਮ ਵਿਚ ਰਹੱਸ ਵਧੇਰੇ ਹੈ, ਗਿਆਨ ਘੱਟ ਹੈ; ਵਿਗਿਆਨ ਵਿਚ ਉਲਟ ਹੈ।

ਆਪਣੇ ਪਿਆਰ ਦਾ ਹੁਲਾਰਾ ਦੇਣ ਲਈ ਪੁਰਸ਼, ਇਸਤਰੀ ਦੇ ਪੈਰ ਉਖਾੜਨੇ ਚਾਹੁੰਦਾ ਹੈ; ਜਦੋਂ ਕਿ ਇਸਤਰੀ ਆਪਣੇ ਪਿਆਰ ਨਾਲ ਪੁਰਸ਼ ਦੇ ਪੈਰ, ਧਰਤੀ 'ਤੇ ਮਜ਼ਬੂਤੀ ਨਾਲ ਟਿਕਾ ਦਿੰਦੀ ਹੈ।

ਬਾਰ-ਬਾਰ ਰੱਬ ਨੂੰ ਯਾਦ ਕਰਨਾ, ਰੱਬ ਵਿਚ ਵਿਸ਼ਵਾਸ ਦਾ ਸਬੂਤ ਨਹੀਂ ਹੁੰਦਾ, ਸਗੋਂ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਸ਼ਰਧਾਲੂ ਡਰਿਆ ਹੋਇਆ ਹੈ।

ਕਵੀ-ਸਾਹਿਤਕਾਰ-ਕਲਾਕਾਰ ਪੱਖਪਾਤੀ ਹੁੰਦੇ ਹਨ, ਪਰ ਇਨ੍ਹਾਂ ਦਾ ਪੱਖਪਾਤ ਸਮਾਜ ਅਤੇ ਇਨਸਾਨੀਅਤ ਦੇ ਪੱਖ ਵਿਚ ਹੁੰਦਾ ਹੈ।

ਆਪਣੇ ਠੀਕ ਹੋਣ ਦੀ ਰੱਟ, ਗੱਲਬਾਤ ਨੂੰ ਬਹਿਸ ਬਣਾ ਦਿੰਦੀ ਹੈ।

ਪਿਆਰ ਹੋਣ ਦੀ ਸੂਰਤ ਵਿਚ ਦੋਵੇਂ ਧਿਰਾਂ, ਪਿਆਰ ਨੂੰ ਵਧਾਉਣ ਵਾਲੀ ਹਰ ਗੱਲ 'ਤੇ ਸਹਿਯੋਗ ਦਿੰਦੀਆਂ ਹਨ।

ਜਵਾਨਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਵਿਚ ਚਣੌਤੀਆਂ ਮੁੱਕ ਨਾ ਜਾਣ, ਨਹੀਂ ਤਾਂ ਬੁਢਾਪੇ ਵਾਲੀ ਨਿਰਾਸਤਾ ਉਪਜਣ ਲੱਗ ਪਏਗੀ।

ਵਧਦੇ ਤਲਾਕ ਇਸ ਗੱਲ ਦਾ ਸੰਕੇਤ ਹਨ ਕਿ ਪਤੀ-ਪਤਨੀ ਦੋਹਾਂ ਦੀਆਂ ਇਕ-ਦੂਜੇ ਤੋਂ ਆਸਾਂ-ਉਮੀਦਾਂ ਬਹੁਤ ਵੱਧ ਗਈਆਂ ਹਨ।

ਪੁਰਸ਼ ਦਰਜੇਬੰਦੀ ਉਸਾਰਦਾ ਹੈ, ਇਸਤਰੀ ਭਾਈਵਾਲੀ ਚਾਹੁੰਦੀ ਹੈ।

ਕਾਰਟੂਨ ਰਾਹੀਂ, ਮੰਦਭਾਵਨਾ ਦਾ ਸੁਖਾਵਾਂ ਪ੍ਰਗਟਾਵਾ ਕੀਤਾ ਜਾਂਦਾ ਹੈ।

ਕੋਈ ਮੁੰਡਾ, ਉਮਰ ਨਾਲ ਮਰਦ ਨਹੀਂ ਬਣ ਜਾਂਦਾ, ਮਰਦ ਉਹ ਮਰਦਾਂ ਵਾਲੀਆਂ ਜ਼ਿੰਮੇਵਾਰੀਆਂ ਨਾਲ ਹੀ ਬਣਦਾ ਹੈ।

ਕਿਸੇ ਨੂੰ ਖਲੋਣ ਲਈ ਕਹੋ, ਉਹ ਬੈਠਣ ਦਾ ਯਤਨ ਕਰੇਗਾ; ਬੈਠਣ ਲਈ ਕਹੋ, ਉਹ ਲੇਟਣਾ ਚਾਹੇਗਾ; ਮਨੁੱਖ ਨੂੰ ਜੋ ਕੁਝ ਕਰਨ ਲਈ ਕਿਹਾ ਜਾਵੇ, ਉਹ ਉਸ ਤੋਂ ਸੌਖਾ ਕਾਰਜ ਕਰਨ ਦਾ ਉਪਰਾਲਾ ਕਰਨ ਲੱਗ ਪੈਂਦਾ ਹੈ।

ਜਦੋਂ ਕੋਈ ਪਛੜਨ ਲੱਗ ਪਏ ਤਾਂ ਉਹ, ਲੇਟ ਹੋਈ ਗੱਡੀ ਵਾਂਗ, ਪਛੜਦਾ ਹੀ ਜਾਂਦਾ ਹੈ।

ਹੋ ਸਕਦਾ ਹੈ, ਮਿਹਨਤ ਕਰਦਿਆਂ ਖ਼ੁਸ਼ੀ ਨਾ ਮਿਲੇ, ਪਰ ਕੋਈ ਖ਼ੁਸ਼ੀ, ਮਿਹਨਤ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ।

ਦੂਜਿਆਂ ਵੱਲੋਂ ਪਸੰਦ ਅਤੇ ਪ੍ਰਵਾਨ ਕੀਤੇ ਜਾਣ ਦੀ ਇੱਛਾ, ਸਾਨੂੰ ਸੁਤੰਤਰ ਹੋ ਕੇ ਸੋਚਣ ਤੋਂ ਰੋਕਦੀ ਰਹਿੰਦੀ ਹੈ।

ਬੱਚੇ ਤਾਂ ਮਾਪਿਆਂ ਨੂੰ ਚੰਗੇ ਲੱਗਦੇ ਹੀ ਹਨ, ਪਰ ਉਨ੍ਹਾਂ ਦੇ ਭਵਿੱਖ ਸਬੰਧੀ ਤੌਖਲੇ, ਮਾਪਿਆਂ ਨੂੰ ਤੰਗ ਕਰਦੇ ਰਹਿੰਦੇ ਹਨ।

ਆਪਣੇ ਦੁਸ਼ਮਣ ਤੋਂ ਆਪਣੇ ਆਪ ਨੂੰ ਉੱਚਾ ਸਿੱਧ ਕਰਨ ਲਈ, ਦੁਸ਼ਮਣ ਨੂੰ ਮੁਆਫ਼ ਕਰ ਦਿਓ।

ਕਈਆਂ ਨੂੰ ਬੋਲਦਿਆਂ ਸੁਣਨ ਦਾ ਅਜਿਹਾ ਆਨੰਦ ਆਉਂਦਾ ਹੈ ਕਿ ਉਹ ਸਾਨੂੰ ਵੀ ਬੋਲਣ ਦਾ ਹੁਨਰ ਸਿਖਾ ਦਿੰਦੇ ਹਨ।

ਇਕ ਚੰਗਾ ਰਿਸ਼ਤਾ ਉਸਾਰਨ ਵਿਚ ਸਮਾਂ ਲੱਗਦਾ ਹੀ ਹੈ; ਤੁਸੀਂ ਦੱਸੋ ਤੁਹਾਨੂੰ ਸਫ਼ੈਦੇ ਦੇ ਦਰੱਖਤ ਪਸੰਦ ਹਨ ਜਾਂ ਸਾਗਵਾਨ ਦੇ?

ਸੰਕਟ ਦੌਰਾਨ ਸੁੰਦਰਤਾ ਜਾਂ ਅਮੀਰੀ ਮਹੱਤਵਪੂਰਨ ਨਹੀਂ ਰਹਿੰਦੀ, ਹੋਂਦ ਮਹੱਤਵਪੂਰਨ ਹੋ ਜਾਂਦੀ ਹੈ।

ਆਪਣੀ ਪ੍ਰੇਮਿਕਾ ਨੂੰ ਯਾਦ ਕਰਦਿਆਂ, ਪ੍ਰੇਮੀ ਨੂੰ ਇਕੱਲਤਾ ਮਹਿਸੂਸ ਨਹੀਂ ਹੁੰਦੀ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਆਪਣੇ ਆਪ ਨੂੰ ਪਰਮਾਤਮਾ ਦੇ ਨੇੜੇ ਹੀ ਨਹੀਂ, ਪਰਮਾਤਮਾ ਨੂੰ ਵੀ ਆਪਣੇ ਨੇੜੇ ਮਹਿਸੂਸ ਕਰਦੀਆਂ ਹਨ।

ਜਿਹੜੇ ਪਤੀ-ਪਤਨੀ ਦੇ ਰਿਸ਼ਤੇ ਵਿਚ ਸਮੱਸਿਆਵਾਂ ਹਨ, ਜੇ ਉਹ ਬੋਲਣ-ਸੁਣਨ ਦੀ ਅਨੁਪਾਤ ਬਦਲ ਲੈਣ ਤਾਂ ਸਮੱਸਿਆਵਾਂ ਹੱਲ ਹੋਣ ਲੱਗ ਪੈਣਗੀਆਂ।

ਇਸਤਰੀਆਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਨਾ ਸੁਝਾਓ, ਉਨ੍ਹਾਂ ਨੂੰ ਸੁਣੋ, ਉਨ੍ਹਾਂ ਨੂੰ ਸੁਣਨਾ ਹੀ, ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਨਿਬੜਦਾ ਹੈ।

ਨਰਕ ਦਾ ਸੰਕਲਪ, ਆਪਣੀ ਪ੍ਰੇਮਿਕਾ ਤੋਂ ਵਿਛੜੇ ਪ੍ਰੇਮੀ ਨੇ ਹੀ ਸਿਰਜਿਆ ਹੋਵੇਗਾ।

ਆਪਣੇ ਮਾਤਾ-ਪਿਤਾ ਦੀ ਉਵੇਂ ਸੇਵਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਤੁਹਾਡੀ ਕਰਨ।

ਹੁਣ ਘਰਾਂ ਅੰਦਰ ਇਸਤਰੀਆਂ ਨੂੰ ਪੁਰਸ਼ਾਂ ਦਾ ਵਧੇਰੇ ਧਿਆਨ ਰੱਖਣਾ ਪੈਂਦਾ ਹੈ, ਪਰ ਬਦਲੇ ਵਿਚ ਪ੍ਰਸੰਸਾ ਨਹੀਂ ਵਧਦੀ, ਆਲੋਚਨਾ ਹੀ ਵਧਦੀ ਹੈ।

ਫਜ਼ੂਲ-ਖਰਚੀ, ਕੰਜੂਸੀ ਨਾਲੋਂ ਵੀ ਭੈੜੀ ਆਦਤ ਹੈ।

ਅਜੋਕੇ ਮਨੁੱਖ ਵਿਚ ਇਕ-ਦੂਜੇ ਦੀਆਂ ਸਹਿਜ-ਸੁਭਾਓ ਹੋਈਆਂ ਗਲਤੀਆਂ ਨੂੰ ਵੇਖ ਕੇ ਅਣਡਿੱਠ ਕਰਨ ਦੀ ਸਮਰੱਥਾ ਲਗਭਗ ਮੁੱਕ ਗਈ ਹੈ।

ਆਪਣੇ ਹਮਦਰਦ ਨੂੰ ਆਪਣੀਆਂ ਤਕਲੀਫ਼ਾਂ ਦੱਸਣ ਨਾਲ ਤਕਲੀਫ਼ਾਂ ਤਾਂ ਨਹੀਂ ਘਟਦੀਆਂ, ਪਰ ਉਹ ਸਹਿਣਯੋਗ ਜ਼ਰੂਰ ਹੋ ਜਾਂਦੀਆਂ ਹਨ।

ਸੇਵਾ ਕਰਨ ਵਾਸਤੇ ਪਹਿਲਾਂ ਮਨੁੱਖ ਤੋਂ ਇਨਸਾਨ ਬਣਨਾ ਜ਼ਰੂਰੀ ਹੁੰਦਾ ਹੈ।

ਸਿਆਣੇ ਬੰਦਿਆਂ ਵਿਚ ਕੋਈ ਜ਼ਾਤ-ਪਾਤ ਨਹੀਂ ਹੁੰਦੀ।

ਕਮਾਲ ਸਨ ਉਹ ਨਿੱਕੀਆਂ ਜਿੰਦਾਂ, ਜਿਹੜੀਆਂ ਝੂਠ ਬੋਲ ਕੇ ਜਾਨਾਂ ਬਚਾ ਸਕਦੀਆਂ ਸਨ, ਪਰ ਉਹ ਸੱਚ ਬੋਲ ਕੇ ਧਰਮ ਦੀਆਂ ਮਜ਼ਬੂਤ ਨੀਹਾਂ ਬਣ ਗਈਆਂ।

ਜਿਥੇ ਵਿਸ਼ਵਾਸ ਹੋਵੇਗਾ, ਉਥੇ ਦਰਸ਼ਨ ਕਰਕੇ ਜਾਣ ਵਾਲਿਆਂ ਨਾਲੋਂ, ਦਰਸ਼ਨ ਕਰਨ ਲਈ ਆਉਣ ਵਾਲਿਆਂ ਦੀਆਂ ਵਹੀਰਾਂ ਵੱਡੀਆਂ ਹੋਣਗੀਆਂ।

ਗ੍ਰੰਥ ਕਹਿੰਦੇ ਹਨ: ਬਦੀ ਦਾ ਬਦਲਾ ਨੇਕੀ ਨਾਲ ਚੁਕਾਓ, ਪਰ ਜਿਨ੍ਹਾਂ ਨੇ ਸਾਡੇ ਨਾਲ ਨੇਕੀਆਂ ਹੀ ਕੀਤੀਆਂ ਹੋਣ, ਉਨ੍ਹਾਂ ਦਾ ਬਦਲਾ ਕਿਵੇਂ ਚੁਕਾਈਏ?

ਬਾਬਾ ਬੰਦਾ ਸਿੰਘ ਬਹਾਦਰ, ਇਤਿਹਾਸ ਦਾ ਬੂਹਾ ਖੜਕਾਉਣ ਆਇਆ ਸੀ।

ਜੇ ਚਿੱਕੜ ਹੀ ਉਛਾਲਣਾ ਹੈ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਹੜੀ ਮਿੱਟੀ ਦਾ ਹੈ।

ਵਧੇਰੇ ਪੈਸੇ ਨਾਲ ਜੀਵਨ ਸੌਖਾ ਨਹੀਂ ਹੋ ਜਾਂਦਾ, ਵਧੇਰੇ ਗੁੰਝਲਦਾਰ ਹੋ ਜਾਂਦਾ ਹੈ।

ਪੁਰਸ਼ਾਂ ਕੋਲ ਪੈਸਾ ਵਧਣ ਨਾਲ ਇਸਤਰੀਆਂ ਦਾ ਮਹੱਤਵ ਘੱਟ ਜਾਂਦਾ ਹੈ; ਪੁਰਸ਼ ਇਸਤਰੀਆਂ ਦੀ ਥਾਂ ਪੈਸੇ ਦੀਆਂ ਗੱਲਾਂ ਅਤੇ ਚਿੰਤਾ ਕਰਨ ਲੱਗ ਪੈਂਦੇ ਹਨ।

ਜੀਵਨ ਗੁੰਝਲਦਾਰ ਹੋਣ ਕਾਰਨ, ਹੁਣ ਕਿਸੇ ਵੀ ਪ੍ਰਸ਼ਨ ਦਾ ਉੱਤਰ ਸਰਲ, ਸਪਸ਼ਟ ਜਾਂ ਹਾਂ-ਨਾਂਹ ਨਹੀਂ ਹੁੰਦਾ।

ਪਤੀ ਦਾ ਚੰਗਾ ਸਾਥ, ਪਤਨੀ ਨੂੰ ਸੁਣਨ ਨਾਲ ਅਰੰਭ ਹੁੰਦਾ ਹੈ।

ਇਸਤਰੀਆਂ ਦੇ ਘਰ ਅੰਦਰਲੇ ਕੰਮ ਕਦੇ ਨਹੀਂ ਮੁੱਕਦੇ, ਪਰ ਪੁਰਸ਼ਾਂ ਨਾਲ ਗੱਲਾਂ ਕਰਨ ਨਾਲ, ਉਹ ਚਿੰਤਾ-ਮੁਕਤ ਮਹਿਸੂਸ ਕਰਨ ਕਰਕੇ, ਬਹੁਤੇ ਘਰੇਲੂ ਕੰਮ ਅਛੋਪਲੇ ਹੀ ਕਰ ਲੈਂਦੀਆਂ ਹਨ।

ਗੁੱਸੇ ਨਾਲ ਪੁੱਛੇ ਗਏ ਸਵਾਲਾਂ ਦੇ ਸਿੱਧੇ ਜਵਾਬ ਗੁੱਸਾ ਵਧਾਉਂਦੇ ਹਨ; ਗੋਲ-ਮੋਲ ਉੱਤਰਾਂ ਨਾਲ ਗੁੱਸਾ ਘਟਦਾ ਹੈ।

ਜਦੋਂ ਪਤੀ-ਪਤਨੀ ਆਪਣਾ ਗੁੱਸਾ ਖੁੱਲ੍ਹ ਕੇ ਪ੍ਰਗਟਾ ਲੈਂਦੇ ਹਨ, ਉਸ ਉਪਰੰਤ ਹੀ ਉਹ ਇਕ-ਦੂਜੇ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੇ ਯੋਗ ਹੁੰਦੇ ਹਨ।

ਦੁਖੀ ਇਸਤਰੀ, ਦੁਖੀ ਪੁਰਸ਼ ਵਾਂਗ, ਇਕੱਲੀ ਨਹੀਂ ਹੋਣਾ ਚਾਹੁੰਦੀ।

ਇਸਤਰੀ ਹਰ ਵੇਲੇ ਤਿਆਰ ਹੋਣ, ਕਿਸੇ ਲਈ ਕੁਝ ਤਿਆਰ ਕਰਨ ਅਤੇ ਕੋਈ ਨਾ ਕੋਈ ਤਿਆਰੀ ਕਰਨ ਵਿਚ ਲੱਗੀ ਰਹਿੰਦੀ ਹੈ।

ਵੱਡੀਆਂ ਜਦੋਜਹਿਦਾਂ ਭਾਵੇਂ ਅਸਫ਼ਲ ਹੋ ਜਾਂਦੀਆਂ ਹਨ, ਪਰ ਉਨ੍ਹਾਂ ਦੇ ਆਦਰਸ਼ ਲੋਪ ਨਹੀਂ ਹੁੰਦੇ।

ਭਾਸ਼ਾਈ ਬਰੀਕੀਆਂ, ਗੱਲਬਾਤ ਦਾ ਸ਼ਿੰਗਾਰ ਹੁੰਦੀਆਂ ਹਨ।

ਭਾਵਕ ਸਬੰਧਾਂ ਵਿਚ ਇਸਤਰੀ, ਪੁਰਸ਼ ਦੀ ਅਫ਼ਸਰ ਨਹੀਂ ਬਣਨਾ ਚਾਹੁੰਦੀ, ਉਹ ਭਾਈਵਾਲੀ ਵਾਲੀ ਬਰਾਬਰੀ ਦੇ ਅਧਾਰ ਤੇ ਵਿਚਰਣਾ ਚਾਹੁੰਦੀ ਹੈ।

ਸਭ ਕੁਝ ਗਵਾਚ ਕੇ ਜੋ ਬਚ ਜਾਂਦਾ ਹੈ, ਉਸ ਨੂੰ ਯਥਾਰਥ ਕਹਿੰਦੇ ਹਨ।

ਗੁੱਸਾ, ਕਦੇ ਵੀ ਇਕ ਗੱਲ ਬਾਰੇ ਨਹੀਂ ਹੁੰਦਾ, ਪਰ ਉਸ ਨੂੰ ਤੀਲੀ ਲਾਉਣ ਦਾ ਕਾਰਜ, ਕੋਈ ਇਕ ਗੱਲ ਕਰਦੀ ਹੈ।

ਜਿਹੜੀ ਸਿੱਖਿਆ, ਮਨੁੱਖ ਨੂੰ ਸਹਿਜ-ਸੰਤੁਸ਼ਟੀ ਨਹੀਂ ਦਿੰਦੀ; ਉਹ ਸਿੱਖਿਆ ਨਹੀਂ, ਸੂਚਨਾ ਹੀ ਹੁੰਦੀ ਹੈ।

ਚੰਗੀ ਰਚਨਾ ਸੋਚਣ ਦਾ ਉਤਸ਼ਾਹ ਦਿੰਦੀ ਹੈ; ਸੋਚਣ ਨਾਲ ਮਨੁੱਖ ਗੰਭੀਰ ਹੁੰਦਾ ਹੈ; ਇਵੇਂ ਚੰਗੀ ਰਚਨਾ ਦਾ ਗੰਭੀਰ ਹੋਣਾ, ਲਾਜ਼ਮੀ ਗੁਣ ਹੁੰਦਾ ਹੈ।

ਗੁੱਸੇ ਹੋਣ ਦੀ ਕੋਈ ਸਿਖਲਾਈ ਨਹੀਂ ਲੈਣੀ ਪੈਂਦੀ, ਪਰ ਹਰ ਕੋਈ ਆਪਣੇ ਅਭਿਆਸ ਅਤੇ ਯਤਨਾਂ ਨਾਲ ਹੀ ਨਿਪੁੰਨ ਅਤੇ ਮਾਹਿਰ ਬਣ ਜਾਂਦਾ ਹੈ।

ਰਾਜਨੀਤੀ ਵਿਚ ਸੋਚ ਨਹੀਂ ਹੁੰਦੀ, ਹਿਤ ਅਤੇ ਹਿਤਾਂ ਦੇ ਨਾਅਰੇ ਹੁੰਦੇ ਹਨ, ਧਰਮ ਵਿਚ ਸੋਚ ਨਹੀਂ, ਵਿਸ਼ਵਾਸ ਹੁੰਦਾ ਹੈ, ਸੋ ਨਾਅਰਿਆਂ ਦੀ ਥਾਂ ਜੈਕਾਰੇ ਹੁੰਦੇ ਹਨ।

ਸੁਪਨਿਆਂ ਅਤੇ ਸੰਸਿਆਂ ਨਾਲ, ਜਿਤਨਾ ਵਾਹ ਕੁੜੀਆਂ ਦਾ ਪੈਂਦਾ ਹੈ, ਉਤਨਾ ਮੁੰਡਿਆਂ ਦਾ ਨਹੀਂ ਪੈਂਦਾ।

ਪਿਆਰ ਦੇ ਭੁੱਖੇ ਲੋਕ, ਅਕਸਰ ਗਲਤ ਲੋਕਾਂ ਨਾਲ ਰਿਸ਼ਤਾ ਗੰਢ ਲੈਂਦੇ ਹਨ।

ਜਜ਼ਬੇ ਦੀ ਸ਼ਿੱਦਤ ਪਿਆਰ ਦੇ ਕੱਚੇਪਣ ਵਿਚ ਹੁੰਦੀ ਹੈ, ਜਦੋਂ ਪਿਆਰ ਡੂੰਘਾ ਹੋ ਜਾਂਦਾ ਹੈ ਤਾਂ ਉਸ ਵਿਚ ਝੀਲ ਵਾਲਾ ਟਿਕਾਓ ਆ ਜਾਂਦਾ ਹੈ।

ਜਿਸ ਨੂੰ ਪ੍ਰਾਪਤ ਕਰਨ ਲਈ ਜਦੋਜਹਿਦ ਨਾ ਕਰਨੀ ਪਏ, ਉਸ ਦੀ ਪ੍ਰਾਪਤੀ ਅਕਾਊ ਹੋਵੇਗੀ; ਇਸੇ ਕਰਕੇ ਬੱਚੇ ਆਪਣੇ ਖਿਡੌਣਿਆਂ ਤੋਂ ਉਚਾਟ ਹੋ ਜਾਂਦੇ ਹਨ।

ਕੋਈ ਵਿਅਕਤੀ ਨਹੀਂ ਜਾਣਦਾ, ਜਾਣਨ ਦਾ ਯਤਨ ਵੀ ਨਹੀਂ ਕਰਦਾ ਕਿ ਕਿਹੜੇ ਸੁਪਨਿਆਂ-ਸੰਸਿਆਂ ਨਾਲ ਧੀ, ਬਾਬਲ ਦੇ ਦੇਸੋਂ ਅਤੇ ਅੰਮੜੀ ਦੇ ਵਿਹੜਿਓਂ, ਦੂਰ ਉਡਾਰੀ ਮਾਰਦੀ ਹੈ।

ਨਵ-ਵਿਆਹੇ ਪਤੀ-ਪਤਨੀ ਵੱਖ-ਵੱਖ ਭਾਸ਼ਾ ਬੋਲਦੇ ਹਨ, ਪਰ ਇਹ ਗੱਲ ਸਮੱਸਿਆ ਨਹੀਂ ਬਣਦੀ, ਕਿਉਂਕਿ ਦੋਹਾਂ ਵਲੋਂ ਵਧੇਰੇ ਯਤਨ ਦੂਜੇ ਨੂੰ ਸਮਝਾਉਣ ਦਾ ਨਹੀਂ, ਸਮਝਣ ਦਾ ਕੀਤਾ ਜਾਂਦਾ ਹੈ।

ਪਿਆਰ ਕਰਨ ਨਾਲ, ਦਰਦ ਹੰਢਾਉਣ ਦੀ ਜਾਚ ਆ ਜਾਂਦੀ ਹੈ।

ਫ਼ਿਲਾਸਫ਼ਰ ਗਿਆਨ ਨਾਲ ਵਿਆਹੇ ਹੁੰਦੇ ਹਨ; ਇਸਤਰੀ ਨਾਲ ਵਿਆਹ, ਉਨ੍ਹਾਂ ਦਾ ਦੂਜਾ ਵਿਆਹ ਹੁੰਦਾ ਹੈ।

ਨਿਜੀ ਅਨੁਭਵਾਂ ਉੱਤੇ ਉਸਰੇ ਵਿਸ਼ਵਾਸਾਂ ਅਤੇ ਬਾਹਰੋਂ ਮਿਲੇ ਭਰੋਸਿਆਂ ਦੇ ਰੰਗ ਹੋਰ-ਹੋਰ ਹੁੰਦੇ ਹਨ।

ਤੁਹਾਡੀ ਸੋਚ ਨੂੰ ਹਾਰੇ ਹੋਏ ਲੋਕ ਪ੍ਰਭਾਵਿਤ ਕਰਦੇ ਹਨ ਕਿ ਜੇਤੂ? ਇਸ ਤੋਂ ਜੀਵਨ ਵਿਚ ਤੁਹਾਡੀ ਹਾਰ-ਜਿੱਤ ਦਾ ਪਤਾ ਲੱਗੇਗਾ।

ਪ੍ਰੇਮੀ ਅਤੇ ਪ੍ਰੇਮਿਕਾ ਆਪਣੀਆਂ ਯਾਦਾਂ ਨੂੰ ਠੱਪ-ਠੱਪ ਕੇ, ਦਿਲ ਦੇ ਪਵਿੱਤਰ ਰੁਮਾਲਿਆਂ ਵਿਚ, ਸਾਂਭ-ਸਾਂਭ ਕੇ ਰੱਖਦੇ ਹਨ।

ਕਈ ਸਿਖਿਆ ਦੇ ਪਖੋਂ, ਪੜ੍ਹੇ-ਲਿਖੇ ਭਾਵੇਂ ਨਹੀਂ ਹੁੰਦੇ, ਪਰ ਉਹ ਆਲੇ-ਦੁਆਲੇ ਦਾ ਜਗਤ-ਤਮਾਸ਼ਾ ਬੜੀ ਨੀਝ ਨਾਲ ਵੇਖਦੇ ਹਨ।

ਜਦੋਂ ਕੋਈ ਲੜਕੀ ਪਿਆਰ ਕਰਨ ਲੱਗ ਪਏ ਤਾਂ ਉਹ ਆਪਣੇ ਆਪ ਨੂੰ ਸੋਹਣੀ ਸਮਝਣ ਦੇ ਨਾਲ-ਨਾਲ, ਸਿਆਣੀ ਵੀ ਸਮਝਣ ਲੱਗ ਪੈਂਦੀ ਹੈ।

ਰਸੋਈ ਵਿਚ ਚੀਜ਼ਾਂ ਦੀ ਹਿਲ-ਜੁਲ ਤੋਂ ਇਸਤਰੀ ਜਾਣ ਜਾਂਦੀ ਹੈ ਕਿ ਉਸ ਦੀ ਗੈਰਹਾਜ਼ਰੀ ਵਿਚ, ਕਿਤਨੀ ਕੁ ਅਕਲ ਵਾਲਾ ਬੰਦਾ ਰਸੋਈ ਵਿਚ ਆਇਆ ਸੀ।

ਹੁਕਮਰਾਨ ਧਿਆਨ ਰੱਖਦੇ ਹਨ ਕਿ ਉਨ੍ਹਾਂ ਦਾ ਮਹੱਤਵ ਫ਼ਿਲਾਸਫ਼ਰਾਂ, ਵਿਦਵਾਨਾਂ, ਕਲਾਕਾਰਾਂ, ਵਿਗਿਆਨੀਆਂ ਆਦਿ ਤੋਂ ਉਚੇਰਾ ਬਣਿਆ ਰਹੇ, ਇਸ ਲਈ ਹਾਕਮ ਇਨ੍ਹਾਂ ਨੂੰ ਇਨਾਮ-ਸਨਮਾਨ ਦੇਣ ਵਾਲੇ ਪਤਵੰਤੇ ਅਧਿਕਾਰੀ ਬਣ ਜਾਂਦੇ ਹਨ।

ਮੁਆਫ਼ ਕਰਨ ਅਤੇ ਖ਼ਿਮਾ ਕਰਨ ਵਿਚ ਅੰਤਰ ਹੈ; ਮੁਆਫ਼ ਕਰਕੇ ਯਾਦ ਰਹਿੰਦਾ ਹੈ ਕਿ ਮੁਆਫ਼ ਕੀਤਾ ਸੀ, ਖ਼ਿਮਾ ਕਰਕੇ ਭੁੱਲ ਜਾਈਦਾ ਹੈ ਕਿ ਕੁਝ ਵਾਪਰਿਆ ਸੀ।

ਜੇ ਪਿਤਾ ਨਾ ਹੋਵੇ ਤਾਂ ਪਰਿਵਾਰ ਨੂੰ ਜ਼ਿੰਦਗੀ ਦੀ ਸੇਧ ਨਹੀਂ ਮਿਲਦੀ; ਜੇ ਮਾਂ ਨਾ ਹੋਵੇ ਤਾਂ ਪਰਿਵਾਰ ਨੂੰ ਜੀਵਨ ਦੀ ਤਸੱਲੀ ਨਹੀਂ ਲਭਦੀ।

ਜਦੋਂ ਕੰਮ ਅਤੇ ਉਦੇਸ਼ ਵਿਚ, ਸੋਚ ਅਤੇ ਅਮਲ ਵਿਚ, ਤਾਲ-ਮੇਲ ਉਪਜ ਪੈਂਦਾ ਹੈ ਤਾਂ ਨਤੀਜਾ, ਪੱਕੀ ਸਫ਼ਲਤਾ ਹੁੰਦਾ ਹੈ।

ਜੇ ਬੁੱਧੀ ਕਠੋਰ ਹੋ ਜਾਵੇ ਤਾਂ ਇਸ ਵਿਚੋਂ ਵਾਦ ਅਤੇ ਸਿਧਾਂਤ ਉਪਜਦੇ ਹਨ; ਜੇ ਬੁੱਧੀ ਕੋਮਲ ਹੋ ਜਾਵੇ ਤਾਂ ਇਸ ਵਿਚੋਂ ਕਲਾ ਦੇ ਵੱਖ-ਵੱਖ ਰੂਪ ਉਭਰਦੇ ਹਨ।

ਅਨੇਕਾਂ ਮੁਸੀਬਤਾਂ ਸਾਡੀ ਸਹਿਣਸ਼ੀਲਤਾ ਨੂੰ ਉਪਜਾਉਣ, ਵਧਾਉਣ ਅਤੇ ਪਰਖਣ ਲਈ ਹੀ ਹੁੰਦੀਆਂ ਹਨ।

ਪ੍ਰੇਮੀ, ਹਰ ਵਾਰੀ ਮਿਲਣ ਦਾ ਕੋਈ ਨਾ ਕੋਈ ਨਵਾਂ ਬਹਾਨਾ ਲੱਭਣ ਵਿਚ ਸਫ਼ਲ ਹੋ ਜਾਂਦੇ ਹਨ, ਇਵੇਂ ਉਨ੍ਹਾਂ ਨੂੰ ਆਪਣੀ ਅਕਲ ਵੱਧ ਗਈ ਪ੍ਰਤੀਤ ਹੁੰਦੀ ਹੈ।

ਅਜੋਕੇ ਯੁੱਗ ਵਿਚ ਆਪਣੀ ਸਮਾਜਿਕ-ਆਰਥਿਕ ਹਾਲਤ ਨਾਲ ਕੋਈ ਸੰਤੁਸ਼ਟ ਨਹੀਂ ਹੈ, ਇਸੇ ਕਾਰਨ ਜੀਵਨ ਵਿਚ ਤਣਾਓ ਹੈ।

ਜਿਹੜੇ ਪਵਿੱਤਰ, ਇਕ ਵਾਰੀ ਪਤਿਤ ਹੋ ਜਾਂਦੇ ਹਨ, ਉਹ ਮੁੜ ਪੁਨੀਤ ਨਹੀਂ ਹੁੰਦੇ।

ਜੇ ਕਿਸੇ ਦਾ ਵਿਹਾਰ ਆਸ ਨਾਲੋਂ ਵਧੇਰੇ ਚੰਗਾ ਹੋਵੇ ਤਾਂ ਉਸ ਦੀ ਨੀਅਤ 'ਤੇ ਸ਼ੱਕ ਹੋਣਾ ਸੁਭਾਵਿਕ ਹੁੰਦਾ ਹੈ।

ਇਸਤਰੀ ਪੁਰਸ਼ ਤੋਂ ਸਹਿਮਤੀ ਘੱਟ ਚਾਹੁੰਦੀ ਹੈ, ਉਹ ਸੁਣੇ ਜਾਣਾ ਵਧੇਰੇ ਚਾਹੁੰਦੀ ਹੈ।

ਲੰਮੀ ਬਹਿਸ ਮਗਰੋਂ, ਹੋਏ ਪ੍ਰਵਾਨਿਤ ਫ਼ੈਸਲੇ ਉਪਰੰਤ, ਸਾਰੇ ਹਾਜ਼ਰ ਵਿਅਕਤੀ ਲਤੀਫ਼ੇ ਸੁਣਾ ਕੇ, ਬਹਿਸ ਨਾਲ ਉਪਜੇ ਤਣਾਓ ਨੂੰ ਦੂਰ ਕਰਦੇ ਹਨ।

ਜੇ ਹੋਰ ਕੋਈ ਗੁਣ ਨਾ ਹੋਵੇ ਤਾਂ ਸੁੰਦਰਤਾ ਵੀ ਹਾਸੇ-ਮਖ਼ੌਲ ਦਾ ਵਿਸ਼ਾ ਬਣ ਜਾਂਦੀ ਹੈ।

ਜਿਤਨਾ ਤੁਸੀਂ ਹੋਰਾਂ ਨੂੰ ਜਿਵੇਂ ਦਾ ਤਿਵੇਂ ਪ੍ਰਵਾਨ ਕਰੋਗੇ, ਉਤਨੇ ਹੀ ਆਪਣੇ ਆਪ ਨਾਲ ਵਧੇਰੇ ਸੌਖੇ ਹੋਵੋਗੇ।

ਕਈ ਬੰਦੇ ਗੱਲਾਂ ਤਾਂ ਬੜੀਆਂ ਦਿਲਚਸਪ ਕਰਦੇ ਹਨ, ਪਰ ਉਹ ਇਤਬਾਰੀ ਨਹੀਂ ਹੁੰਦੇ, ਕਿਉਂਕਿ ਉਹ ਕੇਵਲ ਗੱਲਾਂ ਹੀ ਕਰਦੇ ਹਨ।

ਇਸਤਰੀਆਂ ਨੂੰ ਦਰਦ ਮਹਿਸੂਸ ਕਰਨ ਦਾ ਵਧੇਰੇ ਅਨੁਭਵ ਹੁੰਦਾ ਹੈ; ਉਹ ਆਪਣੇ ਦਰਦ ਨਾਲੋਂ ਵੀ ਦੂਜੇ ਦਾ ਦਰਦ ਵਧੇਰੇ ਮਹਿਸੂਸ ਕਰਦੀਆਂ ਹਨ।

ਯਾਦਗਾਰੀ ਪਿਆਰ ਦੀਆਂ ਦੋਵੇਂ ਧਿਰਾਂ, ਸਬੰਧ ਟੁੱਟ ਜਾਣ ਮਗਰੋਂ ਵੀ, ਜੀਵਨ-ਭਰ ਇਕ-ਦੂਜੇ ਦਾ ਪੂਰਾ ਧਿਆਨ ਰੱਖਦੀਆਂ ਹਨ।

ਜੇਲ੍ਹ ਵਿਚ ਬੰਦ ਪੁੱਤਰ ਨੂੰ, ਮਾਂ ਵਧੇਰੇ ਯਾਦ ਆਉਂਦੀ ਹੈ ਅਤੇ ਉਸ ਪੁੱਤਰ ਨੂੰ ਵੀ ਮਾਂ ਵਧੇਰੇ ਯਾਦ ਕਰਦੀ ਹੈ।

ਧਰਤੀ ਪੁੱਠੇ ਬੀਜ ਨੂੰ ਵੀ ਸਿੱਧਾ ਸਵੀਕਾਰ ਕਰਦੀ ਹੈ, ਕਿਉਂਕਿ ਧਰਤੀ ਨੂੰ ਸਵੀਕਾਰ ਕਰਨਾ ਆਉਂਦਾ ਹੈ।

ਜਿਹੜੀਆਂ ਚੀਜ਼ਾਂ ਰਿੰਨ੍ਹਣ-ਪਕਾਉਣ ਵਿਚ ਸੌਖੀਆਂ ਹੁੰਦੀਆਂ ਹਨ, ਉਹ ਖਾਣ ਅਤੇ ਹਜ਼ਮ ਕਰਨ ਵਿਚ ਵੀ ਸੌਖੀਆਂ ਹੁੰਦੀਆਂ ਹਨ।

ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਦੇ ਰਾਹ ਵਿਚ, ਆਪ ਜਗਣ ਲੱਗ ਪੈਂਦੇ ਹਨ।

ਯੂਨਾਨੀ ਬੜੇ ਸਿਆਣੇ ਸਨ, ਪਰ ਆਪਸ ਵਿਚ ਲੜਨ ਦੀ ਮੂਰਖਤਾ ਤੋਂ ਉਹ ਵੀ ਮੁਕਤ ਨਹੀਂ ਸਨ।

ਆਪਣੇ ਸਧਾਰਨ ਰੂਪ ਵਿਚ ਪਿਆਰ, ਕਾਮ ਬਣ ਜਾਂਦਾ ਹੈ; ਆਪਣੇ ਉੱਚੇ ਰੂਪ ਵਿਚ ਇਹ ਰੂਹਾਨੀਅਤ ਹੋ ਨਿਬੜਦਾ ਹੈ।

ਗਿਆਨ ਵਧਣ ਨਾਲ ਜੀਵਨ ਸ਼ਾਂਤ ਨਹੀਂ, ਬੇਚੈਨ ਹੋਇਆ ਹੈ; ਪਤਾ ਨਹੀਂ ਲੱਗ ਰਿਹਾ ਕਿ ਨੁਕਸ ਗਿਆਨ ਵਿਚ ਹੈ ਜਾਂ ਜੀਵਨ ਵਿਚ ਹੈ।

ਸਾਹਿਤ ਸਭਾਵਾਂ ਦਾ ਉਦੇਸ਼ ਪਰਸਪਰ-ਪ੍ਰਸ਼ੰਸਾ ਕਰਨਾ ਹੁੰਦਾ ਹੈ; ਜਦੋਂ ਕਿ ਹੋਣੀ ਪਰਸਪਰ-ਆਲੋਚਨਾ ਚਾਹੀਦੀ ਹੈ।

ਅੱਕਣ ਵਾਲੇ ਬੰਦੇ ਆਨੰਦ ਨਹੀਂ ਮਾਣ ਸਕਦੇ।

ਭੈੜੇ ਕਾਮੇ ਦੀ ਨਵੀਂ ਮਸ਼ੀਨ ਵੀ ਖ਼ਰਾਬ ਹੋਵੇਗੀ; ਚੰਗੇ ਕਾਮੇ ਦੀ ਪੁਰਾਣੀ ਮਸ਼ੀਨ ਵੀ ਨਵੀਂ ਵਾਂਗ ਚੱਲੇਗੀ।

ਤਿੰਨ ਸੌ ਪੈਂਹਠ ਦਿਹਾੜੇ ਵਾਲਾ ਸਾਲ, ਸੰਸਾਰ ਵਿਚ ਸਭ ਤੋਂ ਪਹਿਲਾਂ ਮਿਸਰੀਆਂ ਨੇ ਚਿਤਵਿਆ ਸੀ ਪਰ ਚਿਤਵਣ ਦਾ ਦਾਅਵਾ ਕਈ ਦੇਸ਼ ਕਰਦੇ ਹਨ।

ਵਿਆਹ, ਆਲੋਚਨਾ ਨੂੰ ਕੁਚਲ ਕੇ ਪ੍ਰਸ਼ੰਸਾ ਜਗਾ ਦਿੰਦਾ ਹੈ; ਤਲਾਕ ਵੇਲੇ ਉਲਟ ਹੁੰਦਾ ਹੈ; ਪ੍ਰਸ਼ੰਸਾ ਸੌਂ ਜਾਂਦੀ ਹੈ ਅਤੇ ਨਫ਼ਰਤ ਜਾਗ ਪੈਂਦੀ ਹੈ।

ਬੱਚਿਆਂ ਨੂੰ ਪਿਆਰ ਵੀ ਚਾਹੀਦਾ ਹੁੰਦਾ ਹੈ, ਚਾਕਲੇਟ ਵੀ ਚਾਹੀਦੀ ਹੁੰਦੀ ਹੈ; ਕਈ ਵਾਰੀ ਉਨ੍ਹਾਂ ਨੂੰ ਪਿਆਰ ਨਾਲੋਂ ਵੀ ਵਧੇਰੇ, ਚਾਕਲੇਟ ਚਾਹੀਦੀ ਹੁੰਦੀ ਹੈ।

ਦਿਸ਼ਾਹੀਣਤਾ ਕਾਰਨ ਉਤਸ਼ਾਹ ਬੁਝ ਜਾਂਦਾ ਹੈ; ਇਸੇ ਕਰਕੇ ਸੈਰ ਕਰਨ ਵਾਲੇ ਵੀ ਕੋਈ ਦਿਸ਼ਾ ਜਾਂ ਨਿਸ਼ਾਨਾ, ਮਿਥ ਲੈਂਦੇ ਹਨ।

ਯੂਨਾਨੀਆਂ ਕੋਲ ਇਕ ਸਾਲ ਦਾ ਨਹੀਂ, ਚਾਰ ਸਾਲ ਦਾ ਸੰਕਲਪ ਸੀ; ਉਲੰਪਿਕਸ ਵਾਂਗ ਉਦੋਂ ਹਰ ਉਤਸਵ ਚਾਰ ਸਾਲਾਂ ਮਗਰੋਂ, ਇਕ ਵਾਰੀ ਮਨਾਇਆ ਜਾਂਦਾ ਸੀ।

ਇਸਤਰੀਆਂ ਨੂੰ ਪੁਰਸ਼ਾਂ ਦੇ ਲੁਕੇ ਇਰਾਦੇ ਸਮਝਣ ਦੀ ਅਤੇ ਆਪਣੀਆਂ ਇੱਛਾਵਾਂ ਲੁਕਾ ਕੇ ਪ੍ਰਗਟਾਉਣ ਦੀ ਵਧੇਰੇ ਮੁਹਾਰਤ ਹੁੰਦੀ ਹੈ।

ਭਾਰਤ ਨੇ ਰਚਿਆ ਕਾਮ-ਸੂਤਰ ਹੈ, ਪਰ ਪ੍ਰਚਾਰਿਆ ਬ੍ਰਹਮਚਾਰਿਆ ਹੈ।

ਊਂਝ ਧਰਮ, ਕਰਮ-ਮਾਰਗ ਦੇ ਮਤਵਾਲੇ ਹੁੰਦੇ ਹਨ, ਪਰ ਜਦੋਂ ਇਹ ਥੱਕ ਜਾਣ ਤਾਂ ਇਹ ਤਿਆਗ, ਸਨਿਆਸ ਅਤੇ ਮੁਕਤੀ ਦਾ ਮਾਰਗ ਅਪਣਾਉਂਦੇ ਹਨ।

ਜਦੋਂ ਕੋਈ ਸੰਸਥਾ ਆਪਣੇ ਸਮੇਂ ਦੇ ਹਾਣ ਦੀ ਨਾ ਰਹੇ, ਉਹ ਦੇਫਾੜ ਹੋ ਜਾਂਦੀ ਹੈ।

ਊਤੇ ਹੋਏ ਆਵੇ ਦੀ ਹਰੇਕ ਇੱਟ, ਦੂਜੀ ਉੱਤੇ ਕੱਚੀ, ਪਿੱਲੀ ਜਾਂ ਖੰਗਰ ਹੋਣ ਦੀ ਤੋਹਮਤ ਲਾ ਕੇ, ਆਪਣੀ ਕਚਿਆਈ ਲੁਕਾਉਂਦੀ ਹੈ।

ਭਾਰਤ ਦੇ ਇਤਿਹਾਸ ਵਿਚ ਧਰਮ ਦਾ ਜਬਰ ਹੀ ਹੁੰਦਾ ਰਿਹਾ ਹੈ; ਰਾਜਨੀਤਕ ਜਬਰ ਕਰਨ ਵਾਲੇ, ਅੰਗਰੇਜ਼ ਪਹਿਲੇ ਸਨ।

ਜੋ ਅਸੀਂ ਜਾਣਦੇ ਹਾਂ, ਉਹ ਸਦੀਵੀ ਸੱਚ ਨਹੀਂ ਹੋ ਸਕਦਾ, ਕਿਉਂਕਿ ਸਦੀਵੀ ਸੱਚ ਲਈ ਭਾਲ ਵੀ ਸਦੀਵੀ ਹੁੰਦੀ ਹੈ।

ਅਸੀਂ ਵਿਉਂਤਾਂ ਆਪਣੇ ਸੁਪਨਿਆਂ ਅਨੁਸਾਰ ਉਸਾਰਦੇ ਹਾਂ, ਪਰ ਸਾਡੀ ਕਾਰਗੁਜ਼ਾਰੀ ਸਾਡੇ ਸੰਸਿਆਂ ਅਨੁਸਾਰ ਹੁੰਦੀ ਹੈ।

ਪੁਰਸ਼ ਚਾਹੁੰਦਾ ਹੈ ਕਿ ਇਸਤਰੀ ਸਿੱਧਾ ਕੇਂਦਰੀ ਨੁਕਤਾ ਵਿਚਾਰੇ, ਜਦੋਂ ਕਿ ਇਸਤਰੀ ਦੀ ਦਿਲਚਸਪੀ ਵੇਰਵਿਆਂ ਨੂੰ ਪ੍ਰਗਟਾਉਣ ਵਿਚ ਹੁੰਦੀ ਹੈ।

ਕਈ ਹਰ ਵੇਲੇ, ਹਰ ਥਾਂ ਦੂਜਿਆਂ ਨੂੰ ਧੋ ਕੇ, ਉਨ੍ਹਾਂ ਵਿਚੋਂ ਮੈਲ ਕੱਢਣ ਲਈ ਯਤਨਸ਼ੀਲ ਰਹਿੰਦੇ ਹਨ।

ਹੁਣ ਮਨੁੱਖ ਨੂੰ ਸ਼ੇਰਾਂ-ਚੀਤਿਆਂ ਤੋਂ ਖ਼ਤਰਾ ਨਹੀਂ ਰਿਹਾ, ਪਰ ਬੰਦਾ, ਬੰਦੇ ਤੋਂ ਡਰਨ ਲੱਗ ਪਿਆ ਹੈ।

ਜਿਸ ਦਿਨ ਮਹਿਮਾਨਾਂ ਨੇ ਖਾਣੇ ਲਈ ਆਉਣਾ ਹੁੰਦਾ ਹੈ, ਅਕਸਰ ਉਸੇ ਦਿਨ ਦਹੀਂ ਠੀਕ ਨਹੀਂ ਜੰਮਦਾ।

ਬਣਨਾ ਹਰ ਕੋਈ ਸਿਆਣਾ ਚਾਹੁੰਦਾ ਹੈ, ਜਿਹੜਾ ਸਿਆਣਾ ਬਣਨ ਵਿਚ ਸਫ਼ਲ ਨਹੀਂ ਹੁੰਦਾ, ਉਹ ਚਤੁਰ-ਚਲਾਕ ਬਣ ਜਾਂਦਾ ਹੈ, ਪਰ ਸਮਝਦਾ ਉਹ ਵੀ ਆਪਣੇ ਆਪ ਨੂੰ ਸਿਆਣਾ ਹੀ ਹੈ।

ਯੁੱਧ ਦੌਰਾਨ ਦੇਸ਼ ਦੇ ਕਵੀ ਅਤੇ ਕਲਾਕਾਰ ਵੀ ਵਰਦੀ ਪਹਿਨ ਲੈਂਦੇ ਹਨ।

ਜਿਹੜੀ ਕਾਰ ਖਰੀਦਣ ਦੀ ਸਾਡੀ ਔਕਾਤ ਹੁੰਦੀ ਹੈ, ਉਹ ਸਾਨੂੰ ਪਸੰਦ ਨਹੀਂ ਹੁੰਦੀ।

ਹੁਣ ਡਾਕਟਰਾਂ ਦੀ ਟੀਮ ਮੁਆਇਨਾ ਕਰਕੇ ਦੱਸਦੀ ਹੈ ਕਿ ਮਰੀਜ਼ ਨੂੰ ਇਲਾਜ ਦਾ ਬਿੱਲ ਦਿਖਾਉਣ ਨਾਲ, ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ।

ਦੇਸ਼ ਕੋਈ ਹੋਵੇ, ਸੂਰਜ ਸਵੇਰੇ ਹੀ ਚੜ੍ਹਦਾ ਹੈ।

ਅਨੇਕਾਂ ਦੇ ਨੈਣ-ਨਕਸ਼ ਤਾਂ ਹੁੰਦੇ ਹਨ ਪਰ ਚਿਹਰਾ ਕੋਈ ਨਹੀਂ ਹੁੰਦਾ।

ਪ੍ਰੇਮਿਕਾ ਦੀ ਖ਼ਾਮੋਸ਼ੀ ਵਿਚ ਵੀ ਕੋਈ ਸੁਨੇਹਾ ਹੁੰਦਾ ਹੈ, ਪ੍ਰੇਮੀ ਦੀ ਚੁੱਪ ਦੇ ਵੀ ਅਨੇਕਾਂ ਅਰਥ ਹੁੰਦੇ ਹਨ।

ਅਕਸਰ ਅਸੀਂ ਕਾਰਜਾਂ ਦੇ ਉਡੀਕਦੇ ਨਤੀਜੇ ਹਾਂ, ਪਰ ਨਿਕਲਦੇ ਸਿੱਟੇ ਹਨ।

ਕਲਾ ਦੇ ਨੇਮ ਵਿਗਿਆਨ ਜਾਂ ਗਣਿਤ ਦੇ ਨੇਮਾਂ ਵਾਂਗ ਕਠੋਰ ਨਹੀਂ ਹੁੰਦੇ, ਕਲਾ ਦਾ ਮੀਰੀ ਗੁਣ ਲਚਕ ਅਤੇ ਕੂਲਾਪਣ ਹੁੰਦਾ ਹੈ।

ਸੈਰ ਕਰਨਾ ਖ਼ੁਸ਼ਹਾਲੀ ਦੀ ਨਿਸ਼ਾਨੀ ਹੁੰਦੀ ਹੈ, ਸੈਰ ਕਰਦੇ ਰਹਿਣਾ ਸਿਆਣਪ ਦਾ ਪ੍ਰਮਾਣ ਹੁੰਦਾ ਹੈ।

ਦਿਲ ਨਾਲ ਸੋਚਿਆਂ, ਕਿਸੇ ਬਾਰੇ ਨਿਚੋੜ ਪਹਿਲਾਂ ਕੱਢਿਆ ਜਾਂਦਾ ਹੈ, ਉਸ ਬਾਰੇ ਵਿਚਾਰਿਆ ਮਗਰੋਂ ਜਾਂਦਾ ਹੈ।

ਕਈ ਇਸਤਰੀਆਂ ਦੀਆਂ ਅੱਖਾਂ, ਤਪੱਸਵੀਆਂ ਨੂੰ ਮੋਹਿਤ ਕਰਨ ਵਾਲੀਆਂ ਹੁੰਦੀਆਂ ਹਨ।

ਜਾਗਦਿਆਂ ਅਸੀਂ ਸੰਸਾਰ ਨਾਲ ਹੁੰਦੇ ਹਾਂ; ਸੁੱਤਿਆਂ ਅਸੀਂ ਕੁਦਰਤ ਨਾਲ ਹੁੰਦੇ ਹਾਂ; ਸੁਪਨਿਆਂ ਵਿਚ ਅਸੀਂ ਇੱਛਾਵਾਂ ਨਾਲ ਹੁੰਦੇ ਹਾਂ; ਮੁਸੀਬਤ ਵਿਚ ਅਸੀਂ ਆਪਣੇ ਆਪ ਨਾਲ ਹੁੰਦੇ ਹਾਂ।

ਕੰਜੂਸ ਬੰਦਾ ਪ੍ਰੇਮੀ ਨਹੀਂ ਹੋ ਸਕਦਾ, ਕਿਉਂਕਿ ਉਹ ਕੇਵਲ ਇਕ ਹੀ ਆਨੰਦ ਨੂੰ ਜਾਣਦਾ ਹੈ, ਜਿਹੜਾ ਉਸ ਨੂੰ ਪੈਸੇ ਵਿਚੋਂ ਪਹਿਲਾਂ ਹੀ ਮਿਲ ਰਿਹਾ ਹੁੰਦਾ ਹੈ।

ਜਿਹੜਾ ਆਪਣੇ ਆਪ ਨੂੰ ਮਹੱਤਵਪੂਰਨ ਸਮਝਦਾ ਹੈ, ਉਸ ਨੂੰ ਕੋਈ ਵੀ ਮਹੱਤਵਪੂਰਨ ਨਹੀਂ ਸਮਝਦਾ।

ਪ੍ਰੇਮੀ, ਸਭ ਤੋਂ ਵੱਧ, ਪਹਿਲਾ ਪਿਆਰ ਟੁੱਟਣ ਵੇਲੇ ਟੁਟਦਾ ਹੈ।

ਨਫ਼ਰਤ ਕਰਨ ਵਾਲੇ, ਆਪ ਨਫ਼ਰਤ ਕੀਤੇ ਜਾਣ ਯੋਗ ਹੁੰਦੇ ਹਨ।

ਪਿਆਰ, ਮੌਤ ਨੂੰ ਭੁੱਲਣ ਦਾ ਉਪਰਾਲਾ ਹੁੰਦਾ ਹੈ; ਪਿਆਰ ਕਰਦਿਆਂ ਮਨੁੱਖ ਮੌਤ ਤੋਂ ਨਹੀਂ ਡਰਦਾ।

ਪਿਆਰ-ਵਿਆਹ ਕਰਨ ਦੀ ਇੱਛਾ ਵਿਚ ਕਲਪਨਾ ਅਤੇ ਆਸਾਂ-ਉਮੀਦਾਂ ਵਧੇਰੇ ਹੁੰਦੀਆਂ ਹਨ; ਇਸ ਕਰਕੇ ਨਿਰਾਸਤਾ ਵੀ ਵਧੇਰੇ ਹੁੰਦੀ ਹੈ।

ਮਨੁੱਖ ਪ੍ਰਕਿਰਤਿਕ ਨਾਲੋਂ ਵਧੇਰੇ ਸਮਾਜਿਕ-ਸੱਭਿਆਚਾਰਕ ਜੀਵ ਹੈ; ਬਾਕੀ ਸਾਰੇ ਜੀਵ-ਜੰਤੂ ਪ੍ਰਕਿਰਤਿਕ ਜੀਵ ਹੀ ਹਨ।

ਜੀਵਨ ਵਿਚ ਕੋਈ ਅਕੇਵਾਂ ਨਹੀਂ ਹੈ; ਅਕੇਵਾਂ ਮਨੁੱਖ ਵਿਚ ਹੈ।

ਜਿਥੇ ਪਿਆਰ ਹੁੰਦਾ ਹੈ, ਉਥੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ।

ਜਦੋਂ ਕੁਝ ਡੁਲ੍ਹਦਾ ਹੈ ਤਾਂ ਉਹ ਅਕਸਰ ਕਿਸੇ ਕੀਮਤੀ ਚੀਜ਼ ਵੱਲ ਵਹਿੰਦਾ ਹੈ।

ਭਾਰਤ ਵਿਚ ਖੇਤੀ-ਬਾੜੀ ਜੀਵਨ-ਨਿਰਬਾਹ ਦਾ ਵਸੀਲਾ ਹੀ ਨਹੀਂ, ਪਰੰਪਰਾ ਨੂੰ ਜਾਰੀ ਰੱਖਣ ਦਾ ਉਪਰਾਲਾ ਵੀ ਹੈ।

ਚੰਗਾ ਆਗੂ, ਆਪਣੇ ਹਿੱਸੇ ਨਾਲੋਂ ਵਧੇਰੇ ਦੋਸ਼ ਸਵੀਕਾਰਦਾ ਹੈ ਅਤੇ ਆਪਣੇ ਹਿੱਸੇ ਨਾਲੋਂ ਘੱਟ ਪ੍ਰਸ਼ੰਸਾ ਸਵੀਕਾਰ ਕਰਦਾ ਹੈ।

ਸਰੀਰ ਦਾ ਧਿਆਨ ਰੱਖੋ, ਸੰਸਾਰ ਵਿਚ ਸਰੀਰ ਤਾਂ ਅਰਬਾਂ ਹਨ, ਪਰ ਸਾਡਾ ਇਕ ਹੀ ਹੈ।

ਪਤੀ-ਪਤਨੀ ਵਿਚ ਅਣਬਣ ਦੇ ਮੁੱਢਲੇ ਸੰਕੇਤ, ਉਨ੍ਹਾਂ ਵਿਚਕਾਰ ਗੱਲਬਾਤ ਦਾ ਸੰਖੇਪ ਹੁੰਦੇ ਜਾਣਾ ਹੁੰਦੇ ਹਨ।

ਪਿਆਰ ਪੈਂਦਿਆਂ ਹੀ, ਪ੍ਰੇਮੀ ਯਥਾਰਥ ਤੋਂ ਅੱਖਾਂ ਮੀਟ ਲੈਂਦੇ ਹਨ।

ਲੋਕ ਲਿੰਕਨ, ਗਾਂਧੀ ਅਤੇ ਕੈਨੇਡੀ ਵਰਗਾ ਬਣਨਾ ਚਾਹੁੰਦੇ ਹਨ, ਪਰ ਕੋਈ ਉਨ੍ਹਾਂ ਵਾਂਗ ਮਰਨਾ ਨਹੀਂ ਚਾਹੁੰਦਾ।

ਭੈੜੀ ਨੀਅਤ ਨਾਲ, ਚੰਗੇ ਫੈਸਲੇ ਨਹੀਂ ਕੀਤੇ ਜਾ ਸਕਦੇ।

ਬੱਚੇ ਸਕੂਲ ਜਾਂਦੇ ਨਹੀਂ, ਭੇਜੇ ਜਾਂਦੇ ਹਨ; ਕਰਮਚਾਰੀ ਦਫ਼ਤਰ ਜਾਂਦੇ ਨਹੀਂ, ਜਾਣਾ ਪੈਂਦਾ ਹੈ; ਮੁਜਰਿਮ ਜੇਲ੍ਹ ਜਾਂਦੇ ਨਹੀਂ, ਲੈ ਜਾਏ ਜਾਂਦੇ ਹਨ; ਲੋਕ ਸ਼ਮਸ਼ਾਨਘਾਟ ਜਾਂਦੇ ਨਹੀਂ, ਪਹੁੰਚਾਏ ਜਾਂਦੇ ਹਨ।

ਜੇ ਪ੍ਰੇਮੀ ਦੇ ਪੰਜ-ਛੇ ਗਾਣੇ ਸੁਣ ਕੇ ਪ੍ਰੇਮਿਕਾ ਪੁੱਛੇ: ਤੈਨੂੰ ਗਾਉਣਾ ਆਉਂਦੈ? ਇਹ ਪ੍ਰੇਮੀ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਪ੍ਰਸੰਸਾ ਸਮਝੇ ਜਾਂ ਆਲੋਚਨਾ।

ਕੋਮਲ-ਦਿਲ ਵਾਲੇ ਬੰਦਿਆਂ ਦੀ ਸ਼ਤਰੰਜ ਵਿਚ ਦਿਲਚਸਪੀ ਨਹੀਂ ਹੁੰਦੀ, ਕਿਉਂਕਿ ਸ਼ਤਰੰਜ ਮਰਨ-ਮਾਰਨ ਦੀ ਖੇਡ ਹੈ।

ਇਸਤਰੀ, ਜਿਸ ਪੁਰਸ਼ ਨੂੰ ਪਿਆਰ ਕਰਦੀ ਹੈ, ਉਸ 'ਤੇ ਹੱਕ ਜਤਲਾਏ ਬਿਨਾਂ ਨਹੀਂ ਰਹਿੰਦੀ; ਪੁਰਸ਼, ਜਿਸ ਇਸਤਰੀ ਨੂੰ ਪਿਆਰ ਕਰਦਾ ਹੈ, ਉਸ 'ਤੇ ਹੁਕਮ ਚਲਾਏ ਬਿਨਾਂ ਨਹੀਂ ਰਹਿੰਦਾ।

ਜੇ ਕੋਈ ਮੂਰਖ ਨਾਲ ਸਹਿਮਤ ਹੋਵੇ ਤਾਂ ਸਮਝੋ ਉਹ ਵੀ ਮੂਰਖ ਹੈ।

ਦੁਖੀ ਇਸਤਰੀ ਨੂੰ ਆਪਣੀਆਂ ਸਮੱਸਿਆਵਾਂ ਦੇ ਹੱਲ ਨਹੀਂ ਚਾਹੀਦੇ ਹੁੰਦੇ, ਉਹ ਚਾਹੁੰਦੀ ਹੈ ਕਿ ਤੁਸੀਂ ਜਾਣੋ ਕਿ ਉਹ ਦੁਖੀ ਹੈ।

ਜੇ ਅੱਖਾਂ ਮੁਸਕਰਾਹਟ ਵਿਚ ਸ਼ਾਮਲ ਨਾ ਹੋਣ ਤਾਂ ਮੁਸਕਰਾਹਟ ਬਨਾਵਟੀ ਅਤੇ ਵਿਅੰਗਾਤਮਕ ਲੱਗਦੀ ਹੈ।

ਸੋਚਣ ਵੇਲੇ, ਅੱਖਾਂ ਅੰਦਰ ਵੱਲ ਝਾਕ ਰਹੀਆਂ ਹੁੰਦੀਆਂ ਹਨ।

ਕੋਈ ਜਾਗੇ ਨਾ ਜਾਗੇ, ਸੂਰਜ ਦਾ ਕਾਰਜ ਹੈ, ਜਗਾਉਂਦੇ ਰਹੋ।

ਜ਼ਿੰਦਗੀ ਨੂੰ ਚੰਗੇ ਅੰਦਾਜ਼ ਨਾਲ ਜਿਊਣ ਲਈ ਪੈਸੇ ਨਾਲੋਂ ਵੀ ਵਧੇਰੇ, ਸੁੰਦਰ ਅਤੇ ਸਲੀਕੇ ਵਾਲੇ ਵਿਚਾਰਾਂ ਦੀ ਲੋੜ ਹੁੰਦੀ ਹੈ।

ਜਦੋਂ ਮੁਸ਼ਕਿਲਾਂ-ਮੁਸੀਬਤਾਂ ਵਧਦੀਆਂ ਹਨ ਤਾਂ ਸਮਝ-ਤਜਰਬਾ ਵੀ ਵਧਦੇ ਹਨ।

ਚੱਲਣ ਵਿਚ ਮਹੱਤਵਪੂਰਨ ਪੱਖ ਚੱਲਣਾ ਹੈ, ਰਫ਼ਤਾਰ ਕੋਈ ਹੋਵੇ, ਚੱਲਦੇ ਰਹਿਣ ਨਾਲ ਸਫ਼ਲਤਾ ਮਿਲਦੀ ਹੈ।

ਕੇਵਲ ਆਪਣੇ ਲਈ ਮੰਗਣ ਵਾਲਾ ਮੰਗਤਾ ਅਖਵਾਉਂਦਾ ਹੈ; ਸਾਰਿਆਂ ਲਈ ਮੰਗਣ ਵਾਲੇ ਨੂੰ, ਦਰਵੇਸ਼ ਕਿਹਾ ਜਾਂਦਾ ਹੈ।

ਮਹਿਮਾ ਗਿਆਨ ਦੀ ਹੁੰਦੀ ਹੈ, ਵਿਦਵਾਨ ਦੀ ਨਹੀਂ; ਮੁੱਲ ਤਲਵਾਰ ਦਾ ਹੁੰਦਾ ਹੈ, ਮਿਆਨ ਦਾ ਨਹੀਂ।

ਆਤਮ-ਵਿਸ਼ਵਾਸੀ ਦੇ ਕਦਮ ਭਾਵੇਂ ਛੋਟੇ ਹੋਣ, ਪਰ ਇਹ ਹੁੰਦੇ ਬੜੇ ਮਜ਼ਬੂਤ ਹਨ।

ਬਹੁਤੀਆਂ ਰਾਜਨੀਤਕ ਪਾਰਟੀਆਂ, ਹਕੂਮਤ ਕਰਨਾ ਹੀ ਚਾਹੁੰਦੀਆਂ ਹਨ, ਰਾਜ-ਪ੍ਰਬੰਧ ਨਹੀਂ।

ਅਜੋਕੇ ਕਵੀਆਂ ਨੇ ਆਪਣੀ ਸਿਆਹੀ ਵਿਚ, ਸਿਆਹੀ ਘੱਟ ਅਤੇ ਪਾਣੀ ਵਧੇਰੇ ਮਿਲਾਇਆ ਹੋਇਆ ਹੈ।

ਪ੍ਰੇਮੀ, ਪ੍ਰੇਮਿਕਾ ਇਕ-ਦੂਜੇ ਦੀਆਂ ਅੱਖਾਂ ਨਹੀਂ ਵੇਖਦੇ, ਇਕ-ਦੂਜੇ ਦੀਆਂ ਅੱਖਾਂ ਵਿਚਲੇ ਆਪਣੇ-ਆਪਣੇ ਭਵਿੱਖ ਦੇ ਸੁਪਨੇ ਵੇਖਦੇ ਹਨ।

ਜੇ ਉਦੇਸ਼ ਮਿੱਥ ਲਿਆ ਜਾਵੇ ਤਾਂ ਸੋਚ, ਉਸ ਉਦੇਸ਼ ਲਈ ਸਿੱਧਾ, ਸਰਲ ਅਤੇ ਛੋਟਾ ਰਸਤਾ ਤਲਾਸ਼ਣ ਲੱਗ ਪੈਂਦੀ ਹੈ।

ਸ਼ਕਤੀਸ਼ਾਲੀ ਵਿਅਕਤੀ ਅਤੇ ਦੇਸ਼, ਵਿਸ਼ਵ ਭਰ ਦੀ ਆਲੋਚਨਾ ਦੇ ਬਾਵਜੂਦ, ਉਹੀ ਕੁਝ ਕਰਦੇ ਹਨ, ਜੋ ਉਹ ਕਰਨਾ ਚਾਹੁੰਦੇ ਹਨ।

ਸਭ ਤੋਂ ਸ਼ਕਤੀਸ਼ਾਲੀ ਫੌਜ ਦੇ ਬਾਵਜੂਦ ਤੈਮੂਰ, ਚੰਗੇਜ਼ਖ਼ਾਨ ਅਤੇ ਹਿਟਲਰ ਹਾਰ ਗਏ, ਕਿਉਂਕਿ ਉਨ੍ਹਾਂ ਦੇ ਇਰਾਦੇ ਮਾੜੇ ਅਤੇ ਕਿਰਦਾਰ ਨੀਵਾਂ ਸੀ।

ਜਿਵੇਂ ਬੰਸਰੀ ਵਿਚੋਂ ਲੰਘਦਿਆਂ ਫੂਕ ਸੁਰ ਬਣ ਜਾਂਦੀ ਹੈ, ਉਵੇਂ ਹੀ ਕਵੀ ਵਿਚੋਂ ਲੰਘਦਿਆਂ ਵੈਣ, ਗੀਤ ਬਣ ਜਾਂਦੇ ਹਨ।

ਯਾਤਰਾ ਲਈ ਸਾਮਾਨ ਅੱਧਾ ਅਤੇ ਪੈਸੇ ਦੁੱਗਣੇ ਲੈ ਕੇ ਜਾਓ, ਪਰ ਅਕਸਰ ਲੋਕ ਕਰਦੇ ਉਲਟ ਹਨ।

ਕਈ ਇਸਤਰੀਆਂ ਇਤਨੀਆਂ ਸਾਫ਼-ਸੁਥਰੀਆਂ ਹੁੰਦੀਆਂ ਹਨ ਕਿ ਦੂਜੀ ਵਾਰ ਵੇਖਣ ਨਾਲ ਹੀ ਮੈਲੀਆਂ ਹੋ ਜਾਂਦੀਆਂ ਹਨ।

ਬਦਕਿਸਮਤੀ ਦੀ ਉਦਾਹਰਣ: ਜਿਸ ਦੀਆਂ ਸਾਰੀਆਂ ਸਹੇਲੀਆਂ ਅਜੇ ਕੰਵਾਰੀਆਂ ਹੋਣ ਅਤੇ ਉਹ ਆਪ ਵਿਧਵਾ ਹੋ ਜਾਵੇ।

ਇਸਤਰੀ ਨੂੰ, ਜੇ ਸੁਣੇ ਜਾਣ ਲਈ ਲੜਨਾ ਪਏ ਤਾਂ ਉਹ ਝਗੜਾਲੂ ਹੋ ਜਾਂਦੀ ਹੈ।

ਚੰਗੀ ਸਵੈ-ਜੀਵਨੀ ਉਹ ਹੁੰਦੀ ਹੈ, ਜਿਹੜੀ ਲੋਕ ਚਾਅ ਨਾਲ ਪੜ੍ਹਨ ਅਤੇ ਉਵੇਂ ਜੀਣ ਲੱਗ ਪੈਣ।

ਮਾਂਵਾਂ ਆਪਣੇ ਬੱਚਿਆਂ ਦੀ ਸਿਫ਼ਤ ਕਰਨ ਵੇਲੇ ਅਕਸਰ ਮੋਹ-ਭਰੀ ਮੂਰਖਤਾ ਦਾ ਸਬੂਤ ਦਿੰਦੀਆਂ ਹਨ।

ਕੁਝ ਲਿਖਣ ਵਿਚ ਕਿਸੇ ਦੀ ਨਕਲ ਨਾ ਕਰੋ, ਇਵੇਂ ਤੁਹਾਡੀ ਆਪਣੀ ਨਿਵੇਕਲੀ ਸ਼ੈਲੀ ਦਾ ਜਨਮ ਹੋਵੇਗਾ।

ਜਦੋਂ ਕਿਸੇ ਨੂੰ ਕੋਈ ਗੰਭੀਰ ਰੋਗ ਲੱਗ ਜਾਂਦਾ ਹੈ ਤਾਂ ਲੋਕ ਉਸ ਨਾਲ ਸਾਂਝਾ ਕਰਨੋਂ ਹਟ ਜਾਂਦੇ ਹਨ।

ਜਿਨ੍ਹਾਂ ਰਚਨਾਵਾਂ ਵਿਚ ਜਿਊਂਦੇ ਬੰਦਿਆਂ ਦੇ ਨਾਂ ਹੁੰਦੇ ਹਨ, ਉਹ ਰਚਨਾਵਾਂ ਜਲਦੀ ਪੁਰਾਣੀਆਂ ਹੋ ਜਾਂਦੀਆਂ ਹਨ।

ਸ਼ਬਦਕੋਸ਼ ਨਾਲ ਭਾਸ਼ਾ ਟਿਕ ਜਾਂਦੀ ਹੈ; ਵਿਆਕਰਣ ਨਾਲ ਭਾਸ਼ਾ ਦਾ ਸਲੀਕਾ ਬਣਿਆ ਰਹਿੰਦਾ ਹੈ; ਅਖਾਣਾਂ-ਮੁਹਾਵਰਿਆਂ ਨਾਲ ਭਾਸ਼ਾ ਜਵਾਨ ਰਹਿੰਦੀ ਹੈ; ਸਾਹਿਤ ਰਚਨਾ ਨਾਲ ਭਾਸ਼ਾ ਜਿਊਂਦੀ ਰਹਿੰਦੀ ਹੈ; ਬੋਲਦੇ ਰਹਿਣ ਨਾਲ ਭਾਸ਼ਾ ਮਜ਼ਬੂਤ ਹੁੰਦੀ ਹੈ।

ਹੱਸਣ ਵਾਲੇ ਆਗੂ ਵਧੇਰੇ ਹਰਮਨ ਪਿਆਰੇ ਹੁੰਦੇ ਹਨ, ਕਿਉਂਕਿ ਹੱਸਣ ਨਾਲ ਚਿਹਰਾ ਕੋਮਲ ਅਤੇ ਭਰੋਸੇਯੋਗ ਹੋ ਜਾਂਦਾ ਹੈ।

ਪਿਆਰ ਪੈ ਜਾਣ ਦੀ ਸੂਰਤ ਵਿਚ, ਸ਼ਬਦਾਂ ਨਾਲੋਂ ਇਸ਼ਾਰੇ ਵਧੇਰੇ ਮਹੱਤਵਪੂਰਨ ਹੋ ਜਾਂਦੇ ਹਨ।

ਸੋਹਣਿਆਂ ਦੀਆਂ ਪਰੇਸ਼ਾਨੀਆਂ ਘੱਟ ਨਹੀਂ ਹੁੰਦੀਆਂ; ਉਨ੍ਹਾਂ ਨੂੰ ਲਲਚਾਈਆਂ ਨਜ਼ਰਾਂ ਅਤੇ ਅਫ਼ਵਾਹਾਂ ਦਾ ਸ਼ਿਕਾਰ ਵਧੇਰੇ ਹੋਣਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਬਦਨਾਮ ਅਤੇ ਪਰੇਸ਼ਾਨ ਕਰਨ ਵਾਲੇ ਵੀ ਵਧੇਰੇ ਹੁੰਦੇ ਹਨ।

ਸਫ਼ਲਤਾ ਤਾਂ ਹੀ ਸੰਭਵ ਹੁੰਦੀ ਹੈ, ਜੇ ਸਫ਼ਲ ਹੋਣ ਦਾ ਭਰੋਸਾ, ਅਸਫ਼ਲ ਹੋਣ ਦੇ ਡਰ ਨਾਲੋਂ ਵਧੇਰੇ ਮਜ਼ਬੂਤ ਹੋਵੇ।

ਲੰਮੀ ਛੁੱਟੀ, ਮਨੁੱਖ ਨੂੰ ਨਿਕੰਮਾ ਬਣਾ ਦਿੰਦੀ ਹੈ; ਨਿਕੰਮਾ ਮਨੁੱਖ ਹੀ ਲੰਮੀ ਛੁੱਟੀ ਲਈ ਤਾਂਘਦਾ ਹੈ।

ਚੰਗੀ ਪੁਸਤਕ ਉਹ ਹੁੰਦੀ ਹੈ, ਜਿਹੜੀ ਹੋਵੇ ਬੱਚਿਆਂ ਲਈ, ਪਰ ਉਸ ਨੂੰ ਜਵਾਨ ਅਤੇ ਬਜ਼ੁਰਗ ਵੀ ਪੜ੍ਹਨ।

ਸਾਰੇ ਵਖਰੇਵੇਂ ਹਟਾ ਦਿੱਤੇ ਜਾਣ 'ਤੇ ਵੀ ਸਰੀਰਕ ਪੱਖੋਂ, ਤਕੜੇ ਅਤੇ ਕਮਜ਼ੋਰ ਦਾ ਵਖਰੇਵਾਂ ਬਣਿਆ ਰਹੇਗਾ, ਜਿਹੜਾ ਸਾਰੇ ਵਖਰੇਵਿਆਂ ਦੀ ਸ਼ੁਰੂਆਤ ਹੋ ਨਿਬੜੇਗਾ।

ਹਰੇਕ ਦੇ ਮਨ ਵਿਚ ਹੋਰਾਂ ਵਰਗਾ ਹੋਣ ਅਤੇ ਹੋਰਾਂ ਨਾਲੋਂ ਵੱਖਰਾ ਹੋਣ ਦੀ ਇੱਛਾ, ਅੱਗੇ-ਪਿੱਛੇ ਹੁੰਦੀ ਰਹਿੰਦੀ ਹੈ।

ਬੱਚਿਆਂ ਵਿਚ ਤਰਕ ਨਾ ਹੋਣ ਕਰਕੇ ਹਮਦਰਦੀ ਵੀ ਨਹੀਂ ਹੁੰਦੀ; ਜਿਸ ਦੀ ਅੱਖ ਖ਼ਰਾਬ ਹੈ, ਬੱਚਿਆਂ ਲਈ ਉਹ ਕਾਣਾ ਹੈ, ਜਿਸ ਦੀ ਲੱਤ ਖ਼ਰਾਬ ਹੈ, ਉਹ ਲੰਗੜਾ ਹੈ; ਜਦੋਂ ਸੋਚ ਉਸਰਦੀ ਹੈ, ਤਾਂ ਹੀ ਹਮਦਰਦੀ ਉਪਜਦੀ ਹੈ।

ਪੈਸਿਆਂ ਦਾ ਆਪਣੇ ਆਪ ਵਿਚ ਕੋਈ ਮਹੱਤਵ ਨਹੀਂ ਹੁੰਦਾ; ਇਨ੍ਹਾਂ ਦਾ ਮਹੱਤਵ ਇਨ੍ਹਾਂ ਨੂੰ ਖਰਚਣ ਵਿਚ ਹੁੰਦਾ ਹੈ।

ਪ੍ਰਚਲਿਤ ਕਦੇ ਵੀ ਮਹਾਨ ਨਹੀਂ ਬਣਦਾ, ਮਹਾਨ ਮੁੱਢੋਂ ਹੀ ਮਹਾਨ ਹੁੰਦਾ ਹੈ।

ਜੇ ਪਤੀ-ਪਤਨੀ ਲੜ ਪੈਣ ਤਾਂ ਉਹ ਆਪਣਾ ਗੁੱਸਾ ਪੁਰਸ਼ ਅਤੇ ਨਾਰੀ ਸ਼ਬਦਾਵਲੀ ਵਿਚ, ਦੂਜੇ ਨੂੰ ਨੀਵਾਂ ਵਿਖਾਉਣ ਵਿਚ ਪ੍ਰਗਟਾਉਂਦੇ ਹਨ।

ਵਿਦਿਆਰਥੀ-ਜੀਵਨ ਉਪਰੰਤ, ਭਾਸ਼ਣ ਸੁਣਨ ਨਾਲੋਂ ਕਿਤਾਬਾਂ ਪੜ੍ਹਨਾ ਵਧੇਰੇ ਲਾਭਕਾਰੀ ਹੁੰਦਾ ਹੈ; ਭਾਸ਼ਣਾਂ ਵਿਚੋਂ ਕਿਤਾਬਾਂ ਨਹੀਂ ਉਪਜਦੀਆਂ, ਕਿਤਾਬਾਂ ਵਿਚੋਂ ਭਾਸ਼ਣ ਉਪਜਦੇ ਹਨ।

ਜੀਵਨ ਬੜਾ ਵੱਡਾ ਚਿੱਤਰ ਹੈ, ਰੰਗ ਮੁੱਕ ਜਾਂਦੇ ਹਨ, ਚਿੱਤਰ ਪੂਰਾ ਨਹੀਂ ਹੁੰਦਾ।

ਕਵੀ ਦੀ ਚੇਤਨਾ ਅਤੇ ਕਲਪਨਾ ਵਿਚ ਘੁੰਮਦੀਆਂ ਕਵਿਤਾਵਾਂ ਵਿਚੋਂ, ਜਦੋਂ ਕੋਈ ਕਵਿਤਾ ਮੁਟਿਆਰ ਹੋ ਜਾਂਦੀ ਹੈ ਤਾਂ ਉਹ ਕਵੀ ਨੂੰ ਕਹਿੰਦੀ ਹੈ ਕਿ ਹੁਣ ਮੈਨੂੰ ਆਪਣੀ ਕਲਮ ਦੀ ਡੋਲੀ ਚਾੜ੍ਹ ਦੇ।

ਜਿਹੜੇ ਔਗੁਣ ਕਿਸੇ ਨੇ ਤਿਆਗ ਦਿੱਤੇ ਹੋਣ, ਉਨ੍ਹਾਂ ਔਗੁਣਾਂ ਦੀਆਂ ਗੱਲਾਂ ਕਰਨੀਆਂ ਵਕਤ, ਅਕਲ ਅਤੇ ਰਿਸ਼ਤੇ ਦੀ ਦੁਰਵਰਤੋਂ ਹੁੰਦੀ ਹੈ।

ਜਦੋਂ ਗਾਲ੍ਹਾਂ ਚੱਲ ਪੈਣ, ਫਿਰ ਦਲੀਲ ਨਹੀਂ ਚੱਲਦੀ।

ਪੁਰਸ਼ਾਂ ਨੂੰ ਆਪ ਪ੍ਰਸ਼ਨ ਪੁੱਛਣ ਦੀ ਆਦਤ ਹੁੰਦੀ ਹੈ, ਜਿਸ ਕਾਰਨ ਉਹ ਇਸਤਰੀ ਵੱਲੋਂ ਪ੍ਰਸ਼ਨ ਪੁੱਛੇ ਜਾਣਾ ਪਸੰਦ ਨਹੀਂ ਕਰਦੇ।

ਸੰਸਾਰ-ਸਾਹਿਤ ਦੀਆਂ ਬਹੁਤ ਘੱਟ ਰਚਨਾਵਾਂ ਵਿਚ, ਇਸਤਰੀ ਅਤੇ ਪੁਰਸ਼ ਪਾਤਰ ਇੱਕੋ-ਜਿਹੀ ਨਿਪੁੰਨਤਾ ਨਾਲ ਪ੍ਰਗਟਾਏ ਗਏ ਹੁੰਦੇ ਹਨ।

ਚੰਗੀ ਗੱਲਬਾਤ ਉਹ ਹੁੰਦੀ ਹੈ, ਜਿਸ ਵਿਚ ਬੋਲਣ ਵਾਲਿਆਂ ਦੀ ਲਿਆਕਤ ਹੀ ਨਹੀਂ, ਇਨਸਾਨੀਅਤ ਵੀ ਝਲਕੇ।

ਜਦੋਂ ਰਿਸ਼ਤੇ ਦੀ ਰੰਗੀਨੀ ਮੁੱਕ ਜਾਂਦੀ ਹੈ ਤਾਂ ਸਭ ਰੰਗਾਂ ਦੇ ਨੁਕਸ ਵਿਖਾਈ ਦੇਣ ਲੱਗ ਪੈਂਦੇ ਹਨ।

ਕਈ ਵਾਰੀ ਕਿਸੇ ਦੇ ਕੱਪੜੇ ਵੇਖ ਕੇ, ਕਿੱਥੋਂ ਸੰਵਾਏ ਹਨ, ਇਹ ਜਾਨਣ ਲਈ ਪੁੱਛਿਆ ਜਾਂਦਾ ਹੈ ਕਿ ਉਹ ਕਿਹੜਾ ਦਰਜ਼ੀ ਹੈ, ਜਿਹੜਾ ਮੂਰਖਾਂ ਲਈ ਵੀ ਢੁਕਵੇਂ ਅਤੇ ਫੱਬਵੇਂ ਕੱਪੜੇ ਸਿਊਂਦਾ ਹੈ।

ਹਰ ਕਿਸੇ ਦਾ ਮਖੌਲ ਉਡਾਉਣ ਵਾਲੇ ਨੂੰ, ਆਪਣੀ ਬੇਇੱਜ਼ਤੀ ਹੋ ਜਾਣ ਦਾ ਸ਼ਿਕਵਾ ਨਹੀਂ ਕਰਨਾ ਚਾਹੀਦਾ।

ਇਕ ਉਮਰ 'ਤੇ ਬੱਚਾ ਆਪਣੀ ਮਾਂ ਨਾਲ ਹੀ ਚਲਾਕੀ ਕਰਨ ਲੱਗ ਪੈਂਦਾ ਹੈ ਅਤੇ ਉਹ ਆਪਣੀ ਇਸ ਯੋਗਤਾ ਨਾਲ ਪ੍ਰਸੰਨ ਵੀ ਹੁੰਦਾ ਹੈ।

ਮਿਹਨਤ ਨੂੰ ਕੋਈ ਨਹੀਂ ਮਾਣਦਾ, ਮਿਹਨਤ ਸੁੱਖ-ਸਾਧਨਾਂ ਦੀ ਪ੍ਰਾਪਤੀ ਦਾ ਵਸੀਲਾ ਹੋਣ ਕਰਕੇ ਹੀ ਪ੍ਰਵਾਨ ਕੀਤੀ ਜਾਂਦੀ ਹੈ।

ਕੁਝ ਪਹਿਰਾਵੇ ਰੋਅਬ, ਕੁਝ ਪ੍ਰਸੰਸਾ, ਕੁਝ ਆਲੋਚਨਾ, ਕੁਝ ਸ਼ਰਧਾ ਅਤੇ ਕੁਝ ਕਾਮ-ਇੱਛਾ ਉਪਜਾਉਣ ਲਈ ਹੁੰਦੇ ਹਨ।

ਕਿਸਮਤ ਕੰਵਾਰੇ ਬੰਦੇ ਦੀ ਹੁੰਦੀ ਹੈ, ਵਿਆਹੇ ਬੰਦੇ ਦੀ ਪਤਨੀ ਹੁੰਦੀ ਹੈ।

ਕਈ ਇਤਨੇ ਸੁਯੋਗ ਹੁੰਦੇ ਹਨ ਕਿ ਉਨ੍ਹਾਂ ਦੇ ਉੱਤਰ-ਅਧਿਕਾਰੀ, ਉਹ ਆਪ ਹੀ ਹੋ ਸਕਦੇ ਹਨ।

ਉਮਰ ਦੇ ਬੀਤਣ ਨਾਲ, ਨੈਣ-ਨਕਸ਼ ਉਹੀ ਰਹਿੰਦੇ ਹਨ, ਪਰ ਚਿਹਰਾ ਬਦਲ ਜਾਂਦਾ ਹੈ।

ਭੈੜੇ ਬੰਦਿਆਂ ਦੇ ਕੋਈ ਅਸੂਲ ਨਾ ਹੋਣ ਕਾਰਨ, ਉਹ ਸਵਾਰਥ ਕਾਰਨ ਝੱਟ ਸਹਿਮਤ ਹੋ ਜਾਂਦੇ ਹਨ ਪਰ ਉਨ੍ਹਾਂ ਨਾਲ ਦੋਸਤੀ ਦਾ ਪਛਤਾਵਾ ਹੀ ਹੁੰਦਾ ਹੈ।

ਪ੍ਰੇਮੀ ਦੀਆਂ ਖ਼ੁਸ਼ੀਆਂ ਵਿਚੋਂ ਸਭ ਤੋਂ ਵੱਡੀ ਖ਼ੁਸ਼ੀ, ਪ੍ਰੇਮਿਕਾ ਨੂੰ ਖ਼ੁਸ਼ ਵੇਖਣਾ ਹੁੰਦੀ ਹੈ।

ਅਨੇਕਾਂ ਦੀ ਨੀਅਤ ਬੜੀ ਮਿਹਰਬਾਨ ਹੁੰਦੀ ਹੈ, ਪਰ ਉਨ੍ਹਾਂ ਕੋਲ ਮਿਹਰਬਾਨ ਹੋਣ ਦੇ ਸਾਧਨ ਨਹੀਂ ਹੁੰਦੇ।

ਜੇ ਕਵੀ-ਪਤੀ, ਆਪਣੀ ਕਵਿਤਾ ਬਾਰੇ, ਆਪਣੀ ਪਤਨੀ ਦੀ ਰਾਇ ਜਾਨਣ ਦਾ ਯਤਨ ਕਰਨ ਤਾਂ ਨਾ ਕੇਵਲ ਕਵੀ ਘੱਟ ਹੋਣਗੇ, ਸਗੋਂ ਕਾਵਿ-ਸੰਗ੍ਰਹਿ ਵੀ ਘੱਟ ਹੋਣਗੇ।

ਜਿਹੜੇ ਨਿੱਕੀਆਂ ਮਿਹਰਬਾਨੀਆਂ ਦਾ ਧੰਨਵਾਦ ਨਹੀਂ ਕਰਦੇ, ਉਹ ਵੱਡੀਆਂ ਦਾ ਵੀ ਨਹੀਂ ਕਰਨਗੇ।

ਤਰਕ ਵਿਚ ਕੁਝ ਵੀ ਸੰਜੋਗ ਨਾਲ ਨਹੀਂ ਵਾਪਰਦਾ; ਤਰਕ ਵਿਚ ਹੈਰਾਨ ਕਰਨ ਵਾਲੇ ਤੱਤ ਨਹੀਂ ਹੁੰਦੇ; ਤਰਕ ਵਿਚ ਕੁਝ ਵੀ ਵਿਸ਼ੇਸ਼ ਜਾਂ ਸਧਾਰਨ ਨਹੀਂ ਹੁੰਦਾ।

ਸੰਸਾਰ ਕਿਸੇ ਦੀ ਮਰਜ਼ੀ ਅਨੁਸਾਰ ਨਹੀਂ ਚੱਲਦਾ, ਇਸੇ ਕਾਰਨ ਕਿਸਮਤ ਦਾ ਸੰਕਲਪ ਉਪਜਿਆ ਹੈ।

ਪੌੜੀ ਦਾ ਮਹੱਤਵ, ਉਪਰ ਜਾਣ ਨਾਲੋਂ ਵਧੇਰੇ ਥੱਲੇ ਆਉਣ ਵਿਚ ਹੁੰਦਾ ਹੈ, ਪਰ ਇਹ ਪ੍ਰਤੀਕ ਉੱਪਰ ਜਾਣ ਦਾ ਹੀ ਹੈ।

ਜੋ ਸੋਚਿਆ ਜਾ ਸਕਦਾ ਹੈ, ਉਸ ਦਾ ਹੋਣਾ ਵੀ ਸੰਭਵ ਹੁੰਦਾ ਹੈ; ਜੋ ਅਜ ਤਕ ਸੰਭਵ ਹੋਇਆ ਹੈ, ਉਹ ਪਹਿਲਾਂ ਸੋਚਿਆ ਗਿਆ ਸੀ।

ਜੇ ਬੱਚਿਆਂ ਦੀ ਸੋਚ, ਮਾਪਿਆਂ ਦੀ ਸੋਚ ਤੋਂ ਅੱਗੇ ਨਹੀਂ ਜਾਂਦੀ, ਉਹ ਜੀਵਨ ਵਿਚ ਵੀ ਉਨ੍ਹਾਂ ਤੋਂ ਅੱਗੇ ਨਹੀਂ ਜਾਣਗੇ।

ਪਤੀ ਜਾਂ ਪਤਨੀ ਦੇ ਚਲੇ ਜਾਣ ਮਗਰੋਂ, ਮਨੁੱਖ ਜਿਊਂਦਾ ਭਾਵੇਂ ਰਹਿੰਦਾ ਹੈ, ਪਰ ਉਹ ਮਾਣਦਾ ਕੁਝ ਨਹੀਂ।

ਜ਼ਿੰਦਗੀ ਸੰਤੁਲਨ ਬਣਾਈ ਰੱਖਦੀ ਹੈ; ਔਖੀ ਜਵਾਨੀ, ਬੁਢਾਪੇ ਨੂੰ ਸੁਖਾਲਾ ਬਣਾ ਦਿੰਦੀ ਹੈ, ਪਰ ਸੌਖੀ ਜਵਾਨੀ ਨਾਲ ਬੁਢਾਪਾ ਔਖਾ ਹੋ ਜਾਂਦਾ ਹੈ।

ਭਾਰੀ ਅਤੇ ਡੂੰਘੀ ਅਵਾਜ਼ ਵਿਚ ਭਰੋਸਾ ਅਤੇ ਰੋਅਬ ਹੁੰਦਾ ਹੈ।

ਕਿਸੇ ਇਲਾਕੇ ਬਾਰੇ ਜਾਣਨ ਲਈ ਸਵਾਰੀ ਗੱਡੀ ਦੇ ਸਧਾਰਨ ਡੱਬੇ ਵਿਚ ਸਫ਼ਰ ਕਰੋ; ਸਭ ਪ੍ਰਕਾਰ ਦਾ ਵਿਹਾਰ ਅਤੇ ਹਰੇਕ ਰਾਇ ਪ੍ਰਗਟ ਹੋ ਰਹੀ ਹੋਵੇਗੀ।

ਜੇ ਵਿਆਹ ਵਿਚ ਦਾਜ ਨਹੀਂ ਲਓਗੇ ਤਾਂ ਪਤਨੀ ਘਰ ਨੂੰ ਵਧੇਰੇ ਸੁਘੜ-ਸਿਆਣੇ ਢੰਗ ਨਾਲ ਸਜਾਏਗੀ।

ਆਪਣੀਆਂ ਮੂਰਖਤਾਵਾਂ ਦੀਆਂ ਗੱਲਾਂ ਸਾਵਧਾਨੀ ਨਾਲ ਕਰੋ, ਕਿਉਂਕਿ ਅਗਲੇ ਮੌਕਿਆਂ 'ਤੇ, ਲੋਕ ਤੁਹਾਡੀਆਂ ਸੁਣਾਈਆਂ ਗੱਲਾਂ ਨੂੰ ਤੁਹਾਡੇ ਵਿਰੁੱਧ ਵਰਤਣਗੇ।

ਬੇਜੋੜ ਵਿਆਹ, ਸ਼ੱਕ ਦਾ ਸ਼ਿਕਾਰ ਹੋ ਜਾਂਦੇ ਹਨ।

ਜੇ ਬੁਢਾਪੇ ਵਿਚ ਤੁਹਾਡੀ ਦੇਖਭਾਲ ਲਈ ਨਰਸ ਰੱਖ ਲਈ ਗਈ ਹੈ ਤਾਂ ਸਮਝ ਲੈਣਾ ਕਿ ਘਰ ਵਾਲਿਆਂ ਨੇ ਤੁਹਾਡੀ ਮੌਤ ਸਵੀਕਾਰ ਕਰ ਲਈ ਹੈ।

ਜ਼ਮਾਨਾ ਕਿਤਨਾ ਵੀ ਫਹਿੰਦੀ ਕਲਾ ਵਿਚ ਹੋਵੇ, ਵਪਾਰ ਕਿਤਨਾ ਵੀ ਸੰਕਟ ਵਿਚ ਹੋਵੇ, ਸੰਸਾਰ ਵਿਚ ਲਾਇਕ ਬੰਦਿਆਂ ਲਈ ਥਾਂ ਬਣੀ ਰਹਿੰਦੀ ਹੈ।

ਜੇ ਬਹੁਤ ਅਧਿਕ ਦਾਜ ਲਓਗੇ ਤਾਂ ਪਤਨੀ ਵੀ ਬੜੀ ਮਹਿੰਗੀ ਸਾਬਤ ਹੋਵੇਗੀ।

ਕਿਸੇ ਵੀ ਮਿਲਣੀ ਵਿਚ, ਆਪਣੇ ਬਾਰੇ ਹੀ ਗੱਲਾਂ ਕਰੀ ਜਾਣਾ, ਕੋਝਾ ਵਿਹਾਰ ਅਤੇ ਕਿਸੇ ਗੈਰਹਾਜ਼ਰ ਬੰਦੇ ਬਾਰੇ ਹੀ ਗੱਲਾਂ ਕਰੀ ਜਾਣਾ, ਭੈੜਾ ਵਿਹਾਰ ਹੁੰਦਾ ਹੈ।

ਗਰੀਬੀ, ਉਧਾਰ ਚੁੱਕਣ ਲਈ ਮਜਬੂਰ ਕਰਦੀ ਹੈ ਅਤੇ ਉਧਾਰ, ਗਰੀਬੀ ਵਿਚੋਂ ਨਿਕਲਣ ਦਾ ਰਾਹ ਰੋਕ ਲੈਂਦਾ ਹੈ।

ਵਿਆਹ ਦੀਆਂ ਇੱਛਕ ਵਧੇਰੇ ਇਸਤਰੀਆਂ ਹੁੰਦੀਆਂ ਹਨ, ਜਦੋਂ ਕਿ ਇਸ ਦੀ ਲੋੜ ਵਧੇਰੇ ਪੁਰਸ਼ਾਂ ਨੂੰ ਹੁੰਦੀ ਹੈ।

ਇਸਤਰੀ-ਪੁਰਸ਼ ਭਾਸ਼ਾ ਭਾਵੇਂ ਇਕ ਹੀ ਬੋਲਦੇ ਹਨ, ਪਰ ਸ਼ਬਦਾਂ ਵਿਚ ਅਰਥ ਵੱਖਰੇ-ਵੱਖਰੇ ਪਾਉਂਦੇ-ਕੱਢਦੇ ਹਨ।

ਕਾਲਜ ਵਿਚ ਦੋਸਤਾਂ ਜਾਂ ਸਹੇਲੀਆਂ ਕਾਰਨ ਪੜ੍ਹਾਈ ਸੌਖੀ ਹੋ ਜਾਂਦੀ ਹੈ, ਜੇ ਕਿਸੇ ਨਾਲ ਪਿਆਰ ਵੀ ਪੈ ਜਾਵੇ ਤਾਂ ਪੜ੍ਹਾਈ ਦਿਲਚਸਪ ਵੀ ਹੋ ਜਾਂਦੀ ਹੈ।

ਪਹਿਲੀ ਤਰੀਕ ਹਰੇਕ ਮਹੀਨੇ ਦਾ ਜਨਮ-ਦਿਨ ਹੁੰਦੀ ਹੈ, ਸ਼ਾਇਦ ਇਸ ਦਿਹਾੜੇ ਨੂੰ ਮਨਾਉਣ ਲਈ ਹੀ ਤਨਖ਼ਾਹ ਮਿਲਦੀ ਹੈ।

ਮਹੱਤਵਪੂਰਨ ਵਿਅਕਤੀਆਂ ਦੇ ਆਲੇ-ਦੁਆਲੇ ਸੁਰੱਖਿਆ ਅਮਲਾ ਇਸ ਲਈ ਹੁੰਦਾ ਹੈ ਤਾਂ ਕਿ ਗੋਲੀ ਮਾਰਨ ਵਾਲੇ ਨੂੰ, ਮਹੱਤਵਪੂਰਨ ਵਿਅਕਤੀ ਨੂੰ ਪਛਾਣਨ ਵਿਚ ਕੋਈ ਭੁਲੇਖਾ ਨਾ ਲੱਗੇ।

ਪੜ੍ਹਿਆਂ-ਲਿਖਿਆਂ ਦੇ ਘਰ, ਅਨਪੜ੍ਹ ਵਿਅਕਤੀ ਰੱਜ ਕੇ ਰੋਟੀ ਨਹੀਂ ਖਾ ਸਕਦਾ।

ਸੇਵਾ-ਮੁਕਤੀ ਦੀ ਉਮਰ ਕੋਈ ਹੋਵੇ, ਮਨੁੱਖ ਦੋ-ਤਿੰਨ ਸਾਲ ਪਹਿਲਾਂ ਹੀ ਥੱਕਣ ਲੱਗ ਪੈਂਦਾ ਹੈ।

ਸਫ਼ਰ ਦਾ ਸਾਧਨ ਕੋਈ ਹੋਵੇ, ਅਰਾਮ-ਬੇਅਰਾਮੀ ਦਾ ਅਨੁਪਾਤ ਉਹੀ ਰਹਿੰਦਾ ਹੈ।

ਕੁਝ ਜਿਥੇ ਜਾਂਦੇ ਹਨ, ਉਥੇ ਬਹਾਰ ਆ ਜਾਂਦੀ ਹੈ; ਕੁਝ ਜਦੋਂ ਜਾਂਦੇ ਹਨ, ਉਦੋਂ ਬਹਾਰ ਆ ਜਾਂਦੀ ਹੈ।

ਖ਼ੁਸ਼ਹਾਲ ਇਲਾਕੇ ਉਹ ਹੁੰਦੇ ਹਨ, ਜਿਥੇ ਪਹੁੰਚਣ ਦੇ ਅਨੇਕਾਂ ਰਸਤੇ ਅਤੇ ਵੰਨ-ਸੁਵੰਨੇ ਸਾਧਨ ਹੁੰਦੇ ਹਨ।

ਪਿਆਰ ਤੋਂ ਬਿਨਾਂ, ਰਿਸ਼ਤਾ ਤਾਂ ਭਾਵੇਂ ਉਸਰ ਜਾਵੇ, ਪਰ ਇਹ ਡੂੰਘਾ ਅਤੇ ਹੰਢਣਸਾਰ, ਪਿਆਰ ਨਾਲ ਹੀ ਬਣੇਗਾ।

ਪਿਆਰ ਦੀ ਘਾਟ ਨਾਲ ਮਾਨਸਿਕ ਰੋਗ ਉਪਜਦੇ ਹਨ ਅਤੇ ਪਿਆਰ ਦੀ ਪੁਨਰ-ਸਥਾਪਤੀ ਨਾਲ ਇਹ ਰੋਗ, ਰੋਗ ਨਹੀਂ ਰਹਿੰਦੇ।

ਕੁਦਰਤ ਸਭ ਨੂੰ ਇਸ ਲਈ ਚੰਗੀ ਲੱਗਦੀ ਹੈ, ਕਿਉਂਕਿ ਇਸ ਵਿਚ ਕਰਾਮਾਤੀ ਕਲਾਵਾਂ ਵਾਲੇ ਸਾਰੇ ਲੱਛਣ ਹੁੰਦੇ ਹਨ।

ਆਪਣੀਆਂ ਦਿਲਚਸਪੀਆਂ ਦਾ ਘੇਰਾ ਤੰਗ ਨਾ ਹੋਣ ਦਿਓ; ਇਹ ਘੇਰਾ ਜਿਤਨਾ ਵਿਸ਼ਾਲ ਹੋਵੇਗਾ, ਜ਼ਿੰਦਗੀ ਵਿਚੋਂ ਉਤਨੀ ਹੀ ਵਧੇਰੇ ਤਸੱਲੀ ਮਿਲੇਗੀ।

ਜਦੋਂ ਪ੍ਰੇਮਿਕਾ ਕੁਦਰਤੀ ਲਿਬਾਸ ਵਿਚ ਪ੍ਰੇਮੀ ਸਾਹਮਣੇ ਆਉਂਦੀ ਹੈ ਤਾਂ ਪ੍ਰੇਮੀ ਉਸ ਨੂੰ ਉਤਨਾ ਨਹੀਂ ਵੇਖਦਾ, ਜਿਤਨਾ ਕੁਦਰਤ ਦਾ ਕ੍ਰਿਸ਼ਮਾ ਵੇਖਦਾ ਹੈ।

ਸੋਨਾ, ਕਿਸੇ ਸਰਕਾਰ ਦਾ ਗੁਲਾਮ ਨਹੀਂ ਹੁੰਦਾ; ਜਿਥੇ ਇਸ ਦਾ ਸਤਿਕਾਰ ਹੁੰਦਾ ਹੈ, ਇਹ ਉਥੇ ਚਲਾ ਜਾਂਦਾ ਹੈ।

ਜਿਹੜੇ ਅੱਖਾਂ ਮੀਟ ਕੇ ਵਿਆਹ ਕਰਦੇ ਹਨ, ਉਹ ਵਿਆਹ ਟੁੱਟਣ ਨਾਲ ਹੀ ਅੱਖਾਂ ਖੋਲ੍ਹਦੇ ਹਨ।

ਯਥਾਰਥ ਨੂੰ ਮੰਨਣ ਦੀ ਯੋਗਤਾ ਕਿਸੇ-ਕਿਸੇ ਵਿਚ ਹੁੰਦੀ ਹੈ; ਬਹੁਤੇ ਲੋਕ ਭਰਮ-ਭੁਲੇਖਿਆਂ ਨੂੰ ਮਾਣਨ ਵਿਚ ਰੁਝੇ ਰਹਿੰਦੇ ਹਨ।

ਲੋਕ ਪਰਿਵਰਤਨ ਚਾਹੁੰਦੇ ਹਨ, ਪਰ ਜਦੋਂ ਪਰਿਵਰਤਨ ਵਾਪਰਦਾ ਹੈ ਤਾਂ ਉਹ ਪਰਿਵਰਤਨ ਦਾ ਵਿਰੋਧ ਕਰਦੇ ਹਨ ਅਤੇ ਪਰੰਪਰਾ ਦੇ ਗੁਣ ਗਾਉਂਦੇ ਹਨ।

ਚਾਲ੍ਹੀ ਸਾਲ ਦੀ ਇਸਤਰੀ ਦੀ ਮਨਚਾਹੀ ਉਮਰ, ਤੀਹ ਸਾਲ ਹੁੰਦੀ ਹੈ।

ਸਮਝ ਦੇ ਵਧਣ ਨਾਲ ਸਹੀ ਅਤੇ ਹੰਢਣਸਾਰ ਫੈਸਲੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ, ਕਿਉਂਕਿ ਵਧੀ ਹੋਈ ਸਮਝ, ਸਮੱਸਿਆ ਦੇ ਅੰਤਰ-ਵਿਰੋਧਾਂ ਅਤੇ ਵਿਭਿੰਨ ਵਿਕਲਪਾਂ ਨੂੰ ਵੇਖ ਰਹੀ ਹੁੰਦੀ ਹੈ।

ਪਿਆਰ, ਹੌਂਸਲੇ ਅਤੇ ਸਿਆਣਪ ਦੀਆਂ ਡਿਗਰੀਆਂ ਨਹੀਂ ਮਿਲਦੀਆਂ; ਇਹ ਵਿਹਾਰ ਦੇ ਸੁੰਦਰ ਪੱਖ ਹੁੰਦੇ ਹਨ।

ਕਲਪਨਾ, ਗਿਆਨ ਨਾਲੋਂ; ਮਿਥਿਹਾਸ, ਇਤਿਹਾਸ ਨਾਲੋਂ; ਸੁਪਨਾ, ਯਥਾਰਥ ਨਾਲੋਂ; ਆਸ, ਤਜਰਬੇ ਨਾਲੋਂ; ਪਿਆਰ, ਮੌਤ ਨਾਲੋਂ ਵਧੇਰੇ ਬਲਵਾਨ ਹੁੰਦਾ ਹੈ।

ਭੋਜਨ ਖਾਣ ਤੋਂ ਪਹਿਲਾਂ ਹੱਥ ਧੋਵੋ, ਰੋਗਾਂ ਤੋਂ ਬਚੇ ਰਹੋਗੇ; ਖਾਣ ਵਾਲੀ ਚੀਜ਼ ਵੰਡ ਕੇ ਖਾਓ, ਸਵਾਦ ਵੱਧ ਜਾਵੇਗਾ; ਸੁਹਿਰਦਤਾ ਨਾਲ ਖੁਆਓ, ਖ਼ੁਸ਼ੀ ਦੁੱਗਣੀ ਹੋ ਜਾਵੇਗੀ; ਘੱਟ ਖਾਓ, ਸਿਹਤ ਠੀਕ ਰਹੇਗੀ।

ਕੇਵਲ ਦਿਮਾਗ ਵਰਤਣ ਨਾਲ ਸਿਧਾਂਤ ਉਪਜਦੇ ਹਨ; ਦਿਮਾਗ ਨਾਲ ਹੱਥ ਵਰਤਣ ਨਾਲ ਕਾਢਾਂ ਨਿਕਲਦੀਆਂ ਹਨ।

ਪਿੰਡਾਂ ਵਿਚ ਰਲ ਕੇ ਕੱਪੜੇ ਧੋਣ ਦੌਰਾਨ, ਇਸਤਰੀਆਂ ਜੋ ਗੱਲਾਂ ਕਰਦੀਆਂ ਹਨ, ਉਹੋ ਜਿਹੀਆਂ ਗੱਲਾਂ ਹੋਰ ਕਿਧਰੇ ਨਹੀਂ ਕੀਤੀਆਂ ਜਾਂਦੀਆਂ, ਕਿਉਂਕਿ ਆਪਣੀਆਂ ਗੱਲਾਂ ਨਾਲ, ਉਹ ਹਰ ਕਿਸੇ ਦੀ ਮੈਲ ਕੱਢਦੀਆਂ, ਕਈਆਂ ਨੂੰ ਧੋਂਦੀਆਂ ਅਤੇ ਕੁਝ ਨੂੰ ਨਿਚੋੜਦੀਆਂ ਵੀ ਹਨ।

ਕੋਈ ਅਜਨਬੀ ਉਦੋਂ ਤਕ ਹੀ ਅਜਨਬੀ ਰਹਿੰਦਾ ਹੈ, ਜਦੋਂ ਤਕ ਉਹ ਸਾਡੇ ਨਾਲ ਹੱਸਦਾ ਨਹੀਂ, ਫਿਰ ਅਸੀਂ ਉਸ ਨੂੰ ਅਤੇ ਉਹ ਸਾਨੂੰ ਪ੍ਰਵਾਨ ਹੋ ਜਾਂਦਾ ਹੈ।

ਹੁਣ ਲੋਕਾਂ ਨੂੰ ਬਿਨਾਂ ਸੋਚੇ ਗੱਲਾਂ ਕਰਨ ਦੀ ਆਦਤ ਹੀ ਨਹੀਂ ਪੈ ਗਈ, ਸਗੋਂ ਗੱਲਾਂ ਕਰਨਾ, ਹੁਣ ਸੋਚਣ ਤੋਂ ਬਚਣ ਦਾ ਢੰਗ ਵੀ ਬਣ ਗਿਆ ਹੈ।

ਸਾਹਿਤ, ਸਮਾਜ ਦੀ ਤੀਜੀ ਅੱਖ ਹੁੰਦਾ ਹੈ; ਇਸ ਦੇ ਖੁੱਲ੍ਹਣ ਨਾਲ, ਬਾਕੀ ਦੋ ਅੱਖਾਂ ਵੀ ਵਧੇਰੇ ਵੇਖਣ ਲੱਗ ਪੈਂਦੀਆਂ ਹਨ।

ਭੀੜ ਵਿਚ, ਜੋ ਨਾਲ ਹੈ, ਉਸ ਦਾ ਹੱਥ ਫੜੋ, ਇਵੇਂ ਤੁਸੀਂ ਗਵਾਚੋਗੇ ਨਹੀਂ।

ਵਿਚਾਰਾਂ ਦੇ ਦਰਵਾਜ਼ੇ ਬੰਦ ਨਹੀਂ ਕੀਤੇ ਜਾ ਸਕਦੇ; ਇਹ ਸ਼ੀਸ਼ਿਆਂ ਵਿਚੋਂ ਅੰਦਰ ਆ ਜਾਂਦੇ ਹਨ ਅਤੇ ਵਿਰਲਾਂ ਵਿਚੋਂ ਬਾਹਰ ਨਿਕਲ ਜਾਂਦੇ ਹਨ।

ਵਰਦੀ ਉਤਾਰ ਕੇ ਫੌਜੀ, ਫੌਜੀ ਨਹੀਂ ਰਹਿੰਦਾ; ਪਤੀ, ਪੁੱਤਰ, ਪਿਤਾ ਬਣ ਜਾਂਦਾ ਹੈ।

ਸਮਾਜਵਾਦ ਵਿਚ ਲੇਖਕਾਂ 'ਤੇ ਸ਼ੱਕ ਕੀਤਾ ਜਾਂਦਾ ਹੈ, ਕਿਉਂਕਿ ਜਿਵੇਂ ਸਮਾਜ ਹੁੰਦਾ ਹੈ, ਉਹ ਉਵੇਂ ਪੇਸ਼ ਕਰਨ ਲੱਗ ਪੈਂਦੇ ਹਨ, ਪਰ ਹਾਕਮ ਚਾਹੁੰਦੇ ਹਨ ਕਿ ਉਹ ਸਮਾਜ ਨਹੀਂ, ਸਮਾਜਵਾਦ ਪੇਸ਼ ਕਰਨ।

ਵਧੇਰੇ ਜਿਊਣ ਲਈ, ਵਧੇਰੇ ਵੇਖੋ, ਵਧੇਰੇ ਪੜ੍ਹੋ, ਵਧੇਰੇ ਸੁਣੋ, ਵਧੇਰੇ ਕਰੋ।

ਜਦੋਂ ਸਰਕਾਰ ਕਮਜ਼ੋਰ ਹੁੰਦੀ ਹੈ ਤਾਂ ਸਭ ਪ੍ਰਕਾਰ ਦੇ ਭੈੜੇ, ਬਦਨਾਮ ਅਤੇ ਸਮਾਜ-ਵਿਰੋਧੀ ਲੋਕ ਬਲਵਾਨ ਹੋ ਜਾਂਦੇ ਹਨ।

ਧੜੇਬੰਦੀਆਂ ਅਤੇ ਵੰਡੀਆਂ ਦੀ ਆਦਤ, ਮਨੁੱਖ ਨੇ ਧਰਮ ਤੋਂ ਸਿੱਖੀ ਹੈ।

ਹੜਤਾਲ ਦੀ ਸੂਰਤ ਵਿਚ, ਮਾਲਕਾਂ ਨੂੰ ਉਤਨੀ ਨਫ਼ਰਤ ਨਹੀਂ ਕੀਤੀ ਜਾਂਦੀ, ਜਿਤਨੀ ਹੜਤਾਲ ਵਿਚ ਸ਼ਾਮਲ ਨਾ ਹੋਣ ਵਾਲੇ ਸਾਥੀਆਂ ਨੂੰ ਕੀਤੀ ਜਾਂਦੀ ਹੈ।

ਯੁੱਧ ਦੌਰਾਨ ਸਭ ਤੋਂ ਪਹਿਲਾਂ ਸੱਚ ਮਰਦਾ ਹੈ ਅਤੇ ਸ਼ੱਕ ਪ੍ਰਧਾਨ ਹੋ ਜਾਂਦਾ ਹੈ।

ਹਰ ਸੰਸਥਾ ਅੰਤ ਨੂੰ ਟੁੱਟਦੀ ਹੈ, ਪਹਿਲਾਂ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੁੰਦੀ ਹੈ, ਫਿਰ ਧੜੇਬੰਦੀ ਦੀ ਭੇਟ ਚੜ੍ਹਦੀ ਹੈ।

ਸੰਗਠਨ ਕੋਈ ਹੋਵੇ, ਉੱਪਰਲਿਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਥੱਲੇ ਕੀ ਹੋ ਰਿਹਾ ਹੈ, ਥਲਵਿਆਂ ਨੂੰ ਵੀ ਪਤਾ ਨਹੀਂ ਲੱਗਦਾ ਕਿ ਉੱਪਰ ਕੀ ਹੋ ਰਿਹਾ ਹੈ।

ਨਾਅਰਿਆਂ ਦਾ ਉਦੇਸ਼ ਗੁੰਝਲਦਾਰ ਮਸਲਿਆਂ ਨੂੰ, ਸਧਾਰਨ ਲੋਕਾਂ ਲਈ, ਸਰਲ ਸ਼ਬਦਾਂ ਵਿਚ ਪ੍ਰਗਟਾਉਣਾ ਹੁੰਦਾ ਹੈ।

ਜਿਤਨਾ ਕੋਈ ਵਧੇਰੇ ਅਕਲਮੰਦ ਹੁੰਦਾ ਹੈ, ਉਤਨੀ ਹੀ ਉਸ ਨਾਲ ਗੱਲਬਾਤ ਕਰਨੀ ਔਖੀ ਨਹੀਂ, ਸੌਖੀ ਹੋ ਜਾਂਦੀ ਹੈ।

ਉਪਯੋਗੀ ਵਿਚਾਰ ਗੁਆਚਦੇ ਨਹੀਂ, ਕਈ ਵਾਰੀ ਇਹ ਕੁਝ ਚਿਰ ਵਾਸਤੇ ਵਿਖਾਈ ਨਹੀਂ ਦਿੰਦੇ।

ਜਿਨ੍ਹਾਂ ਵਿਦਿਆਰਥੀਆਂ ਤੋਂ ਅਧਿਆਪਕਾਂ ਨੂੰ ਆਸ ਹੁੰਦੀ ਹੈ, ਉਹ ਵਿਦਿਆਰਥੀ ਲਾਇਕ ਹੋ ਨਿਬੜਦੇ ਹਨ।

ਸਭ ਤੋਂ ਮੁਸ਼ਕਿਲ ਕਾਰਜ, ਆਪਣਿਆਂ ਦੇ ਗਲਤ ਵਿਹਾਰ ਦਾ ਵਿਰੋਧ ਕਰਨਾ ਹੁੰਦਾ ਹੈ।

ਅੱਜ ਦੀ ਕ੍ਰਾਂਤੀ, ਕੱਲ੍ਹ ਦੀ ਪਰੰਪਰਾ ਅਤੇ ਪਰਸੋਂ ਦਾ ਕੱਟੜਵਾਦ ਬਣ ਜਾਵੇਗੀ।

ਜੋ ਹੋਣਾ ਚਾਹੀਦਾ ਹੁੰਦਾ ਹੈ, ਉਸ ਦਾ ਹੋਣਾ ਖ਼ਬਰ ਨਹੀਂ ਹੁੰਦੀ; ਜੋ ਨਹੀਂ ਹੋਣਾ ਚਾਹੀਦਾ, ਉਸ ਦਾ ਵਾਪਰਨਾ ਖ਼ਬਰ ਬਣਦੀ ਹੈ।

ਕਈ ਕਾਰਜ ਸਾਨੂੰ ਸਮਾਜ ਨਹੀਂ ਕਰਨ ਦਿੰਦਾ, ਕਈਆਂ ਦੇ ਕਰਨ ਵਿਚ ਪਰਿਵਾਰ, ਰਿਵਾਜ ਅਤੇ ਕਾਨੂੰਨ ਰੁਕਾਵਟ ਬਣਦੇ ਹਨ, ਕਈ ਕੰਮ ਆਰਥਿਕ ਹਾਲਤਾਂ ਨਹੀਂ ਕਰਨ ਦਿੰਦੀਆਂ, ਧਰਮ ਅਨੇਕਾਂ ਕਾਰਜ ਕਰਨ ਤੋਂ ਰੋਕਦਾ ਹੈ, ਇਵੇਂ ਸੁਤੰਤਰ ਮਨੁੱਖ, ਸੁਤੰਤਰਤਾ ਗੁਆ ਕੇ ਸਮੂਹ ਦਾ ਭਾਗ ਬਣ ਜਾਂਦਾ ਹੈ।

ਹਰ ਕੋਈ ਪੈਸਾ ਕਮਾਉਣ ਦੀਆਂ ਗੱਲਾਂ ਕਰਦਾ ਹੈ, ਪਰ ਵਕਤ ਕਮਾਉਣ ਬਾਰੇ ਕੋਈ ਨਹੀਂ ਸੋਚਦਾ।

ਅਸੀਂ ਕੇਵਲ ਵਰਤਮਾਨ ਸਮੇਂ ਨੂੰ ਹੀ ਵਿਅਰਥ ਗੁਆ ਸਕਦੇ ਹਾਂ, ਪਰ ਇਸ ਦੇ ਸਿੱਟੇ ਭਵਿੱਖ ਵਿਚ ਭੁਗਤਣੇ ਪੈਂਦੇ ਹਨ।

ਅੰਦਰਲੇ ਦਬਾਓ, ਬਾਹਰਲੇ ਦਬਾਵਾਂ ਨਾਲ ਖਹਿ-ਖਹਿ ਕੇ ਤਣਾਓ ਬਣ ਜਾਂਦੇ ਹਨ।

ਜੇ ਹਰ ਕੋਈ ਸੰਪੂਰਨ ਹੁੰਦਾ ਤਾਂ ਕੋਈ ਵਿਕਾਸ ਨਹੀਂ ਸੀ ਵਾਪਰਨਾ, ਕੋਈ ਪਰਿਵਰਤਨ ਸੰਭਵ ਨਹੀਂ ਸੀ ਹੋਣਾ, ਕਿਸੇ ਨੂੰ ਮਿਲਣ ਦੀ ਲੋੜ ਨਹੀਂ ਸੀ ਪੈਣੀ, ਹਰ ਕਿਸੇ ਨੇ ਅਕੇਵੇਂ ਨਾਲ ਹੀ ਮਰ ਜਾਣਾ ਸੀ।

ਮਿਹਨਤ ਉਹ ਹੁੰਦੀ ਹੈ, ਜਿਹੜੀ ਹੋਰਾਂ ਦੇ ਜਾਗਣ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਸੌਣ ਤੋਂ ਮਗਰੋਂ ਕੀਤੀ ਜਾਂਦੀ ਹੈ।

ਕਮਜ਼ੋਰ ਹੋਣ ਕਰਕੇ ਬੱਚੇ, ਵੱਡਿਆਂ ਦੀ ਨਕਲ ਕਰਦੇ ਹਨ; ਜਦੋਂ ਬੱਚੇ ਬਲਵਾਨ ਹੋ ਜਾਂਦੇ ਹਨ ਤਾਂ ਉਹ ਨਕਲ ਨਹੀਂ ਕਰਦੇ, ਨਕਲਾਂ ਲਾਉਂਦੇ ਹਨ।

ਸਾਡੀਆਂ ਗਲਤੀਆਂ ਵਿਚੋਂ ਸਾਡਾ ਅਚੇਤ ਮਨ ਝਲਕਦਾ ਹੈ।

ਜੇ ਕਰਨ ਲਈ ਕੋਈ ਕੰਮ ਨਹੀਂ ਤਾਂ ਸੌਣਾ ਮਨੋਰੰਜਨ ਹੈ, ਪਰ ਕੰਮ ਹੋਣ ਦੇ ਬਾਵਜੂਦ ਸੌਣਾ ਆਲਸ ਹੁੰਦਾ ਹੈ।

ਵਿਕਾਸ ਹਮੇਸ਼ਾਂ ਵਿਅਕਤੀ ਵਿਚ ਵਾਪਰਦਾ ਹੈ, ਸਮੂਹ ਵਿਕਾਸ ਨੂੰ ਰੋਕਦਾ ਹੀ ਹੈ।

ਪਿਆਰ, ਇਸ਼ਕ ਅਤੇ ਮੁਹੱਬਤ ਵਿਚ ਅੰਤਰ ਹੁੰਦਾ ਹੈ; ਜੋ ਪਿਤਾ ਆਪਣੀ ਬੇਟੀ ਨੂੰ ਕਰਦਾ ਹੈ, ਉਹ ਪਿਆਰ ਹੈ; ਜੋ ਉਸ ਦਾ ਜਮਾਤੀ, ਉਸ ਨੂੰ ਕਰਦਾ ਹੈ, ਉਹ ਇਸ਼ਕ ਹੈ; ਜੋ ਉਹ ਕਿਸੇ ਨੂੰ ਕਰਦੀ ਹੈ, ਉਹ ਮੁਹੱਬਤ ਹੁੰਦੀ ਹੈ।

ਵਿਆਹ, ਸੱਭਿਅਤਾ ਦਾ ਅਧਾਰ ਹੈ; ਹਰੇਕ ਸੱਭਿਅਤਾ ਉਦੋਂ ਹੀ ਸੰਭਵ ਹੋਈ, ਜਦੋਂ ਉਸ ਵਿਚ ਵਿਆਹ ਦੀ ਪ੍ਰਥਾ ਹੋਂਦ ਵਿਚ ਆਈ।

ਹੜ੍ਹ ਅਤੇ ਭੂਚਾਲ ਵਾਂਗ, ਸਾਨੂੰ ਉਹ ਹਾਲਤਾਂ ਹੀ ਪਰੇਸ਼ਾਨ ਕਰਦੀਆਂ ਹਨ, ਜਿਨ੍ਹਾਂ 'ਤੇ ਸਾਡਾ ਨਿਯੰਤਰਣ ਨਹੀਂ ਹੁੰਦਾ।

ਕਈ ਮਸਲਿਆਂ ਦਾ ਨਿਪਟਾਰਾ ਸੰਕਟ ਵਿਚੋਂ ਲੰਘੇ ਬਿਨਾਂ ਸੰਭਵ ਨਹੀਂ ਹੁੰਦਾ।

ਜੇ ਉਦੇਸ਼ ਕੇਵਲ ਮਸ਼ਹੂਰ ਹੋਣਾ ਹੋਵੇ ਤਾਂ ਸਿਆਸਤ, ਧਰਮ ਅਤੇ ਅਪਰਾਧ ਵਿਚ ਅੰਤਰ ਮੁੱਕ ਜਾਂਦਾ ਹੈ।

ਕਿਸਾਨ ਖ਼ੁਸ਼ਹਾਲ ਨਹੀਂ ਹੁੰਦੇ, ਖ਼ੁਸ਼ਹਾਲ ਆੜ੍ਹਤੀ ਹੁੰਦੇ ਹਨ; ਲੇਖਕ ਖ਼ੁਸ਼ਹਾਲ ਨਹੀਂ ਹੁੰਦੇ, ਖ਼ੁਸ਼ਹਾਲ ਪ੍ਰਕਾਸ਼ਕ ਹੁੰਦੇ ਹਨ।

ਲੋਕ, ਪਿਆਰ ਕਰਨ ਲਈ ਹੁੰਦੇ ਹਨ; ਚੀਜ਼ਾਂ, ਵਰਤਣ ਲਈ ਹੁੰਦੀਆਂ ਹਨ, ਉਲਟ ਨਾ ਕਰੋ।

ਸਾਰੇ ਮਨੁੱਖੀ ਰਿਸ਼ਤੇ ਹਿਤਾਂ ਦੀ ਸ਼ਤਰੰਜ ਵਿਚ ਬੱਝੇ ਹੋਏ ਹਨ।

ਸੜਕਾਂ, ਸੌਖਿਆਂ ਬਣ ਜਾਂਦੀਆਂ ਹਨ, ਪੁਲ ਬੜੇ ਔਖੇ ਬਣਦੇ ਹਨ; ਅਨੇਕਾਂ ਇਲਾਕਿਆਂ ਦਾ ਵਿਕਾਸ, ਪੁਲਾਂ ਦੀ ਅਣਹੋਂਦ ਕਾਰਨ ਰੁਕਿਆ ਰਹਿੰਦਾ ਹੈ।

ਪਾਗਲਪਣ ਹੋਵੇ ਤਾਂ ਕੋਈ ਹੋਰ ਰੋਗ ਨਹੀਂ ਲੱਗਦਾ।

ਜੇ ਕਿਸੇ ਨੂੰ ਲੰਮਾ ਅਰਸਾ ਆਸਰਾ ਦੇਵੋਗੇ; ਉਹ ਸਹਿਯੋਗੀ ਨਹੀਂ ਬਣੇਗਾ, ਬੋਝ ਬਣ ਜਾਵੇਗਾ।

ਅਸੀਂ ਬੌਧਿਕ ਗੱਲਬਾਤ ਕਰਨ ਵਿਚ ਕਮਜ਼ੋਰ ਹੀ ਹਾਂ; ਸ਼ਕਤੀਸ਼ਾਲੀ ਅਸੀਂ ਨਿੰਦਣ, ਗਾਲ੍ਹਾਂ-ਕੱਢਣ ਅਤੇ ਲੜਨ-ਭਿੜਨ ਵਿਚ ਹੀ ਹਾਂ।

ਜਿਥੇ ਲਾਭ ਹੋਣਾ ਹੁੰਦਾ ਹੈ, ਉਥੇ ਸਾਰੇ ਸਿਆਣਪ ਵਿਖਾਉਂਦੇ ਹਨ; ਇਸ ਨੂੰ ਸਵਾਰਥ ਕਹਿੰਦੇ ਹਨ।

ਅਧਿਕ ਫੈਸ਼ਨ ਕਰਨ ਵਾਲੇ, ਫੈਸ਼ਨ ਦੇ ਮਰੀਜ਼ ਹੁੰਦੇ ਹਨ; ਫੈਸ਼ਨ ਨੂੰ ਸਿੱਧਾ ਰੱਖਣ ਵਾਸਤੇ, ਉਹ ਆਪ ਵਿੰਗੇ-ਟੇਢੇ ਹੁੰਦੇ ਰਹਿੰਦੇ ਹਨ।

ਡਰ ਹਮੇਸ਼ਾਂ ਕੰਮ ਕਰਨ ਨਾਲ ਦੂਰ ਹੋਣਗੇ; ਕੰਮ ਨਾਲ ਲੁਕਣ-ਮੀਚੀ ਖੇਡਣ ਨਾਲ ਡਰ ਵਧਣਗੇ।

ਸਾਨੂੰ ਪੜ੍ਹਾਉਂਦੇ ਅਧਿਆਪਕ ਹਨ, ਅਸੀਂ ਪੜ੍ਹਦੇ ਪੁਸਤਕਾਂ ਹਾਂ, ਪਰ ਸਿੱਖਦੇ ਅਸੀਂ ਜ਼ਿੰਦਗੀ ਤੋਂ ਅਤੇ ਸਮਝਦੇ ਸੰਸਾਰ ਤੋਂ ਹਾਂ।

ਸਧਾਰਨ ਬੰਦੇ ਸਹਿਜ ਵਾਪਰਨ ਵਾਲੇ ਵਿਕਾਸ ਨਾਲ ਸੰਤੁਸ਼ਟ ਹੁੰਦੇ ਹਨ; ਕੰਮ-ਚੋਰ, ਕੰਮ ਦੇ ਮੁਲਤਵੀ ਹੋਣ ਨਾਲ ਪ੍ਰਸੰਨ ਹੁੰਦੇ ਹਨ।

ਪੈਸੇ ਉਧਾਰ ਨਾ ਦਿਓ, ਜਿਤਨੇ ਦੇ ਸਕਦੇ ਹੋ, ਦੇ ਹੀ ਦਿਓ।

ਪੰਦਰ੍ਹਾਂ ਮਿੰਟ, ਅਸਫ਼ਲਤਾ ਨੂੰ ਸਫ਼ਲਤਾ ਵਿਚ ਬਦਲ ਸਕਦੇ ਹਨ; ਕੰਮ ਵਾਲੀ ਥਾਂ 'ਤੇ ਹਰ ਰੋਜ਼ ਪੰਦਰ੍ਹਾਂ ਮਿੰਟ ਪਹਿਲਾਂ ਪਹੁੰਚੋ।

ਮਹਾਨ ਵਿਗਿਆਨੀਆਂ ਨੂੰ ਇਨਾਮ ਮਿਲਦੇ ਹਨ, ਪਰ ਇਨਾਮ ਕਦੇ ਵੀ ਉਨ੍ਹਾਂ ਦਾ ਉਦੇਸ਼ ਨਹੀਂ ਹੁੰਦੇ।

ਪੜ੍ਹਾਈ ਕੀਤੀ ਹੈ ਕਿ ਨਹੀਂ, ਇਹ ਗੱਲ ਸਾਰੀ ਜ਼ਿੰਦਗੀ 'ਤੇ ਅਸਰ-ਅੰਦਾਜ਼ ਹੋਵੇਗੀ ਅਤੇ ਸਾਡੀ ਸਫ਼ਲਤਾ-ਅਸਫ਼ਲਤਾ ਦਾ ਅਧਾਰ ਬਣੇਗੀ।

ਜੇ ਖਾਣ ਵਾਲੇ ਖ਼ੁਸ਼ ਤਾਂ ਪਕਾਣ ਵਾਲੇ ਬਹੁਤ ਖ਼ੁਸ਼।

ਜਿਨ੍ਹਾਂ ਲੇਖਕਾਂ ਕੋਲ ਵਿਸ਼ਾਲ ਦ੍ਰਿਸ਼ਟੀ ਨਹੀਂ ਹੁੰਦੀ, ਉਹ ਰਾਜਨੀਤਕ ਮੌਸਮ ਬਦਲਣ ਨਾਲ, ਬਦਲ ਜਾਂਦੇ ਹਨ।

ਮਹਾਰਾਜੇ-ਮਹਾਰਾਣੀਆਂ ਇਸ ਲਈ ਉਪਜੇ ਸਨ ਤਾਂ ਕਿ ਲੋਕ ਹੀਰੇ-ਜਵਾਹਰਾਤ, ਤਾਜ, ਸ਼ਾਹੀ ਲਿਬਾਸ ਅਤੇ ਸੰਗਮਰਮਰ ਦੇ ਮਹਿਲ ਵੇਖ ਲੈਣ।

ਸਾਡੀ ਪੰਜਾਬੀਆਂ ਦੀ ਸ਼ਾਨ ਨਿਰਾਲੀ ਹੈ, ਕਿਉਂਕਿ ਅਸੀਂ ਫਾਡੀ ਹੋ ਕੇ ਵੀ ਆਪਣੇ ਆਪ ਨੂੰ ਅੱਵਲ ਸਮਝਦੇ ਹਾਂ।

ਜੇ ਦੀਵਾਲੀ ਦਿਲ ਵਿਚ ਨਹੀਂ ਤਾਂ ਇਹ ਦੀਵਿਆਂ ਵਿਚ ਵੀ ਨਹੀਂ ਹੋਵੇਗੀ।

ਪਰੀਆਂ, ਦਿਲ ਨਾਲ ਵੇਖੀਆਂ ਜਾਂਦੀਆਂ ਹਨ; ਜਿਸ ਮੁਟਿਆਰ ਨੂੰ ਵੀ ਦਿਲ ਨਾਲ ਵੇਖਿਆ ਜਾਵੇਗਾ, ਉਹ ਪਰੀ ਲੱਗੇਗੀ।

'ਜੈਸੇ ਕੋ ਤੈਸਾ' ਦੀ ਨੀਤੀ ਨਾਲ ਜਿੱਤਿਆ ਨਹੀਂ ਜਾ ਸਕਦਾ, ਵੱਧ ਤੋਂ ਵੱਧ ਬਰਾਬਰ ਹੀ ਹੋਇਆ ਜਾ ਸਕਦਾ ਹੈ।

ਘਰ ਅੰਦਰ ਟੈਲੀਵਿਜ਼ਨ ਅਤੇ ਅਖ਼ਬਾਰ ਹੀ ਨਹੀਂ, ਪਤਨੀ ਅਤੇ ਬੱਚੇ ਵੀ ਮਹੱਤਵਪੂਰਨ ਹੁੰਦੇ ਹਨ।

ਜੇ ਕਿਸੇ ਰਿਸ਼ਤੇ ਵਿਚ ਆਵਾਜਾਈ ਰੁਕ ਗਈ ਹੈ ਤਾਂ ਪੁਲ ਨਾ ਤੋੜੋ, ਪੁਲ ਦੀ ਮੁਰੰਮਤ ਕਰਵਾਓ ਅਤੇ ਕਰੋ।

ਹਰੇਕ ਪਰਿਵਾਰ ਵਿਚ ਆਸਤਕ-ਨਾਸਤਕ ਦੋਵੇਂ ਹੁੰਦੇ ਹਨ, ਕੋਈ-ਕੋਈ ਤਾਂ ਆਪਣੇ ਆਪ ਨੂੰ ਪਰਮਾਤਮਾ ਵੀ ਸਮਝਦਾ ਹੈ।

ਨੋਕ ਤੋਂ ਬਗੈਰ ਤੀਰ ਨਕਾਰਾ ਹੁੰਦਾ ਹੈ; ਖੁੰਢੀ ਅਕਲ ਕਿਸੇ ਕੰਮ ਨਹੀਂ ਆਉਂਦੀ।

ਕਿਸੇ ਬੰਦੇ ਨੂੰ ਨਿਪੁੰਨ ਅਤੇ ਸਿਆਣਾ, ਜ਼ਿੰਮੇਵਾਰੀ ਦੀ ਭਾਵਨਾ ਬਣਾਉਂਦੀ ਹੈ, ਉਮਰ ਦੇ ਵਰ੍ਹੇ ਨਹੀਂ।

ਸਮਾਜ ਦੱਸਦਾ ਹੈ ਕੀ ਕਰਨ ਦੀ ਲੋੜ ਹੈ, ਬੁੱਧੀ ਦੱਸਦੀ ਹੈ, ਕੀ ਕਰਨਾ ਹੈ; ਦਿਲ ਦੱਸਦਾ ਹੈ, ਕਿਉਂ ਕਰਨਾ ਹੈ; ਹੱਥ ਦੱਸਦੇ ਹਨ, ਕਿਵੇਂ ਕਰਨਾ ਹੈ; ਮਨ ਦੱਸਦਾ ਹੈ, ਕਦੋਂ ਕਰਨਾ ਹੈ; ਸਰੀਰ ਦੱਸਦਾ ਹੈ, ਕਿੱਥੇ ਕਰਨਾ ਹੈ।

ਅਰਦਾਸ ਅਕਸਰ ਮੰਗਾਂ ਸਬੰਧੀ ਅਤੇ ਸ਼ੁਕਰਾਨਾ ਹਮੇਸ਼ਾਂ ਦਾਤਾਂ ਬਾਰੇ ਹੁੰਦਾ ਹੈ; ਮਨੁੱਖ ਸ਼ੁਕਰਾਨਾ ਘੱਟ ਕਰਦਾ ਹੈ ਅਤੇ ਅਰਦਾਸਾਂ ਕਰਦਾ ਹੀ ਰਹਿੰਦਾ ਹੈ।

ਬਲੱਡ-ਪ੍ਰੈਸ਼ਰ ਅਤੇ ਸ਼ੂਗਰ ਦੇ ਰੋਗ, ਉਦਯੋਗੀਕਰਣ ਦੀ ਦੇਣ ਹਨ।

ਜਿਸ ਸ਼ਹਿਰ ਵਿਚ ਧਨਾਢਾਂ ਦੀ ਗਿਣਤੀ ਜਿਤਨੀ ਵਧੇਰੇ ਹੋਵੇਗੀ; ਉਥੇ ਲੋਕ ਉਤਨੇ ਹੀ ਵਧੇਰੇ ਪਰੇਸ਼ਾਨ ਅਤੇ ਉਦਾਸ-ਮਾਯੂਸ ਹੋਣਗੇ।

ਜਿਉਂ-ਜਿਉਂ ਕਿਸੇ ਦੀ ਆਮਦਨ ਵਧਦੀ ਜਾਂਦੀ ਹੈ, ਤਿਉਂ-ਤਿਉਂ ਉਸ ਲਈ ਸੌਣਾ ਮੁਸ਼ਕਿਲ ਹੁੰਦਾ ਜਾਂਦਾ ਹੈ।

ਮਸ਼ੀਨ ਦਾ ਨਵਾਂ ਮਾਡਲ ਬਜ਼ਾਰ ਵਿਚ ਲਿਆ ਕੇ; ਪੁਰਾਣੇ ਮਾਡਲਾਂ ਪ੍ਰਤੀ, ਵਿਗਿਆਪਨਾਂ ਰਾਹੀਂ, ਉਦਾਸੀਨਤਾ ਉਪਜਾਈ ਜਾਂਦੀ ਹੈ।

ਆਤਮਘਾਤ ਕਰਨ ਬਾਰੇ ਸੋਚਣ ਵਾਲੇ, ਅਕੇਵੇਂ ਦੀਆਂ ਬਹੁਤ ਗੱਲਾਂ ਕਰਦੇ ਹਨ; ਆਤਮਘਾਤ ਕਰਨ ਦਾ ਫ਼ੈਸਲਾ ਕਰਨ ਵਾਲੇ, ਸਭ ਕੁਝ ਰੱਦ ਕਰਨ ਬਾਰੇ ਸੋਚਦੇ ਹਨ ਅਤੇ ਚੁੱਪ ਹੋ ਜਾਂਦੇ ਹਨ।

ਟੈਲੀਵਿਜ਼ਨ, ਮਨੋਰੰਜਨ ਦੀ ਬਹੁਤਾਤ ਨਾਲ ਬੋਰੀਅਤ ਵਧਾਉਂਦਾ ਹੈ; ਬੋਰੀਅਤ ਖਾਣ-ਪੀਣ ਵਧਾ ਕੇ ਮੋਟਾਪਾ ਲਿਆਉਂਦੀ ਹੈ, ਮੋਟਾਪੇ ਨਾਲ ਮਨੋਵਿਗਿਆਨਕ ਪਰੇਸ਼ਾਨੀਆਂ ਅਤੇ ਸਰੀਰਕ ਬਿਮਾਰੀਆਂ ਵਧਦੀਆਂ ਹਨ।

ਤਿੰਨ ਪ੍ਰਤੀਸ਼ਤ ਇਸਤਰੀਆਂ ਨੂੰ ਕੁਦਰਤ, ਮਾਂ ਬਣਨ ਦੀ ਆਗਿਆ ਨਹੀਂ ਦਿੰਦੀ।

ਯਤੀਮ, ਵਿਧਵਾ, ਬਾਂਝ ਆਦਿ, ਦੁਖਾਂਤ ਪ੍ਰਗਟਾਉਣ ਵਾਲੇ ਸ਼ਬਦ ਹਨ; ਜਿਸ ਦੀ ਸੰਤਾਨ ਮਰ ਜਾਵੇ, ਉਸ ਦੇ ਦੁੱਖ ਨੂੰ ਪ੍ਰਗਟਾਉਣ ਲਈ ਕੋਈ ਸ਼ਬਦ ਨਹੀਂ ਹੈ, ਕਿਉਂਕਿ ਇਸ ਦੁੱਖ ਨੂੰ ਪ੍ਰਗਟਾਉਣਾ ਸੰਭਵ ਨਹੀਂ ਹੁੰਦਾ।

ਕੋਈ ਮਨੁੱਖ ਭਾਵੇਂ ਕਿਤਨਾ ਵੀ ਪੈਸੇ ਵਾਲਾ ਹੋ ਜਾਵੇ, ਅਨੇਕਾਂ ਵਾਰ ਉਸ ਦੇ ਵਿਹਾਰ ਵਿਚੋਂ, ਗਰੀਬੀ ਦੇ ਸੰਕੇਤ ਉਭਰਦੇ ਰਹਿੰਦੇ ਹਨ।

ਪੱਛਮ ਦਾ ਮਹੱਤਵ ਇਸ ਲਈ ਹੈ ਕਿ ਸੰਸਾਰ ਵਿਚ ਸਭ ਤੋਂ ਪਹਿਲਾਂ, ਪੱਛਮ ਨੇ ਸੁਚੇਤ ਯਤਨ ਕਰਕੇ, ਗਰੀਬੀ ਅਤੇ ਅਨਪੜ੍ਹਤਾ ਤੋਂ ਛੁਟਕਾਰਾ ਪਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ।

ਜਿਹੜੇ ਲੋਕ ਹਰ ਰੋਜ਼ ਚੜ੍ਹਦੇ ਸੂਰਜ ਨੂੰ ਵੇਖਦੇ ਹਨ; ਉਹ ਕੁਝ ਵੀ ਹੋਣ, ਉਹ ਉਦਾਸ-ਮਾਯੂਸ ਨਹੀਂ ਹੁੰਦੇ।

ਜਿਹੜੇ ਕੰਮ ਕੇਵਲ ਪੁਰਸ਼ ਕਰ ਸਕਦੇ ਸਨ, ਹੁਣ ਉਹ ਕੰਮ ਮੁੱਕਦੇ ਜਾ ਰਹੇ ਹਨ; ਜਿਸ ਕਾਰਨ ਪੁਰਸ਼ਾਂ ਦੇ ਡੌਲੇ ਲੋਪ ਹੋ ਗਏ ਹਨ ਅਤੇ ਕੰਨਾਂ ਵਿਚ ਮੁੰਦਰਾਂ ਚਮਕਣ ਲੱਗ ਪਈਆਂ ਹਨ।

ਪੈਸੇ ਵਾਲਿਆਂ ਦਾ ਨਾਂ ਹੁੰਦਾ ਹੈ, ਗਰੀਬਾਂ ਦੀ ਗਿਣਤੀ ਹੀ ਹੁੰਦੀ ਹੈ।

ਉਦਾਸ-ਮਾਯੂਸ ਵਿਅਕਤੀ ਵਧੇਰੇ ਖਾਣ-ਖਰੀਦਣ ਲੱਗ ਪੈਂਦੇ ਹਨ, ਕਿਉਂਕਿ ਉਹ ਅੰਦਰਲੇ ਖਾਲੀਪਣ ਨੂੰ, ਬਾਹਰਲੀਆਂ ਚੀਜ਼ਾਂ ਨਾਲ ਭਰਨ ਦਾ ਉਪਰਾਲਾ ਕਰਦੇ ਹਨ ਅਤੇ ਹੋਰ ਮਾਯੂਸ-ਉਦਾਸ ਹੋ ਜਾਂਦੇ ਹਨ।

ਫ਼ੈਸਲਾ ਕਰਨਾ ਮੁਸ਼ਕਿਲ ਨਹੀਂ ਹੁੰਦਾ, ਸਹੀ ਫ਼ੈਸਲਾ ਕਰਨਾ ਮੁਸ਼ਕਿਲ ਹੁੰਦਾ ਹੈ।

ਜਦੋਂ ਕਿਸੇ ਨੂੰ ਆਪਣੇ ਆਪ ਨਾਲ ਗੱਲਾਂ ਕਰਨੀਆਂ ਆ ਜਾਂਦੀਆਂ ਹਨ ਤਾਂ ਉਹ ਲੇਖਕ ਬਣ ਜਾਂਦਾ ਹੈ।

ਸ਼ਾਂਤ, ਸਥਿਰ ਹੋ ਕੇ ਬੈਠਣਾ, ਸਰੀਰ ਅਤੇ ਮਨ ਦੋਹਾਂ ਦਾ ਇਲਾਜ ਹੁੰਦਾ ਹੈ।

ਹਰ ਪੀੜ੍ਹੀ ਸਮਝਦੀ ਹੈ ਕਿ ਪਿਛਲੀ ਪੀੜ੍ਹੀ ਨੂੰ ਸੁੱਖ-ਅਰਾਮ ਵਧੇਰੇ ਸਨ, ਪਰ ਹਰ ਪੀੜ੍ਹੀ ਇਹ ਵੀ ਸਮਝਦੀ ਹੈ ਕਿ ਉਹ ਪਿਛਲੀ ਪੀੜ੍ਹੀ ਨਾਲੋਂ ਸਿਆਣੀ ਹੈ।

ਕਈ ਵਾਰੀ ਸਾਡੀ ਕਲਪਨਾ ਅਤੇ ਯਥਾਰਥ ਗਲਵੱਕੜੀ ਪਾ ਲੈਂਦੇ ਹਨ; ਇਸ ਅਨੁਭਵ ਨੂੰ ਵਿਸਮਾਦ ਕਹਿੰਦੇ ਹਨ।

ਭਾਰਤੀਆਂ ਦਾ ਧਿਆਨ ਨਜ਼ਾਰਿਆਂ 'ਤੇ ਨਹੀਂ, ਨੁਕਸਾਂ 'ਤੇ ਜਾਂਦਾ ਹੈ।

ਭਾਵਨਾਵਾਂ ਦੀ ਪਕੜ ਵਿਚ ਕੀਤੇ ਫੈਸਲੇ, ਪਛਤਾਵਾ ਸਿਰਜਦੇ ਹਨ; ਪ੍ਰੇਮ-ਵਿਆਹ ਕਰਨ ਦਾ ਫੈਸਲਾ, ਭਾਵਨਾਵਾਂ ਦੀ ਪਕੜ ਵਿਚ ਕੀਤਾ ਜਾਂਦਾ ਹੈ।

ਮਨੁੱਖ, ਪੁੱਤਰਾਂ-ਧੀਆਂ ਨਾਲ ਪ੍ਰਸੰਨ ਹੋਣ ਦਾ ਯਤਨ ਕਰਦਾ ਰਹਿੰਦਾ ਹੈ, ਪਰ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨਾਲ ਬਿਨਾਂ ਯਤਨ ਹੀ ਪ੍ਰਸੰਨ ਰਹਿੰਦਾ ਹੈ।

ਸਵੇਰੇ ਉੱਠਣ ਦੀ ਆਦਤ, ਜ਼ਿੰਦਗੀ ਭਰ ਤੁਹਾਨੂੰ ਹੋਰਾਂ ਤੋਂ ਅੱਗੇ ਰੱਖੇਗੀ।

ਪੁਸਤਕ ਖਰੀਦਣ ਵਿਚ ਪੈਸੇ ਅਤੇ ਪੜ੍ਹਨ ਵਿਚ ਸਮਾਂ ਲੱਗਦਾ ਹੈ, ਪਰ ਜੇ ਕਿਤਾਬ ਚੰਗੀ ਹੋਵੇ ਤਾਂ ਦੋਹਾਂ ਦਾ ਲਾਭ ਵਸੂਲ ਹੋ ਜਾਂਦਾ ਹੈ।

ਪੁਰਸ਼, ਅਕਸਰ ਬੱਚੇ ਨਹੀਂ ਚੁੱਕਦੇ; ਇਸਤਰੀਆਂ, ਸੂਟਕੇਸ ਨਹੀਂ ਚੁੱਕਦੀਆਂ।

ਸਵੇਰ ਦੀ ਸੈਰ, ਸਰੀਰ ਨੂੰ ਸਾਰਾ ਦਿਨ ਅਸੀਸਾਂ ਦਿੰਦੀ ਰਹਿੰਦੀ ਹੈ।

ਧਰਤੀ ਵਿਚ ਫ਼ਸਲ ਅਤੇ ਬੁੱਧੀ ਵਿਚ ਗਿਆਨ ਬੀਜਣ ਦਾ ਢੰਗ ਇਕ ਹੀ ਹੈ।

ਸਰਹੱਦਾਂ ਝਗੜਿਆਂ ਨਾਲ ਉਪਜਦੀਆਂ ਹਨ ਅਤੇ ਝਗੜੇ ਉਪਜਾਉਂਦੀਆਂ ਹਨ; ਇਵੇਂ ਸਰਹੱਦੀ ਲੋਕ ਲੜਾਕੇ ਅਤੇ ਝਗੜਾਲੂ ਹੋ ਨਿਬੜਦੇ ਹਨ।

ਲੜਾਈ ਲੁਕ ਕੇ ਨਹੀਂ ਲੜੀ ਜਾ ਸਕਦੀ।

ਪੈਸੇ ਬਚਾਓ ਅਤੇ ਆਪਣੇ ਆਪ ਨੂੰ ਖਰਚੋ, ਅਮੀਰ ਹੋ ਜਾਵੋਗੇ।

ਮਹਾਨ ਵਿਅਕਤੀ ਸਾਨੂੰ ਇਹ ਹੀ ਨਹੀਂ ਦੱਸਦੇ ਕਿ ਉਨ੍ਹਾਂ ਨੇ ਕੀ-ਕੀ ਕੀਤਾ, ਸਗੋਂ ਉਹ ਇਹ ਵੀ ਦੱਸਦੇ ਹਨ ਕਿ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਣਾ ਕੇ ਅਸੀਂ ਕੀ-ਕੀ ਕਰ ਸਕਦੇ ਹਾਂ ਅਤੇ ਅਸੀਂ ਕੀ-ਕੀ ਨਹੀਂ ਕਰਨਾ।

ਕਈ ਸੋਚਦੇ ਹਨ ਕਿ ਜੇ ਉਹ ਅਮੀਰ ਹੁੰਦੇ ਤਾਂ ਕਈਆਂ ਦੀ ਮਦਦ ਕਰਦੇ, ਪਰ ਅਮੀਰੀ ਕੇਵਲ ਪੈਸੇ ਦੀ ਨਹੀਂ ਹੁੰਦੀ; ਸਨੇਹ, ਹਮਦਰਦੀ, ਸਹਿਯੋਗ, ਸਦਭਾਵਨਾ ਦੀ ਵੀ ਹੁੰਦੀ ਹੈ।

ਜਦੋਂ ਕੋਈ ਬੱਚਾ ਪ੍ਰਸ਼ਨ ਪੁੱਛਣ ਲੱਗ ਪਏ, ਸਮਝੋ ਉਸ ਦੇ ਵਿਦਿਆਰਥੀ ਬਣਨ ਦੀ ਉਮਰ ਹੋ ਗਈ ਹੈ।

ਜ਼ਿੰਦਗੀ ਵਿਚ ਬਹਾਨੇ ਉਹੀ ਬਣਾਉਂਦੇ ਹਨ, ਜਿਹੜੇ ਆਪਣੀਆਂ ਘਾਟਾਂ ਦੇ ਦੋਸ਼ ਦੂਜਿਆਂ 'ਤੇ ਲਾਉਂਦੇ ਹਨ।

ਨੁਕਸ ਵਿਹੜੇ ਵਿਚ ਨਹੀਂ ਹੁੰਦਾ, ਘੁੰਗਰੂਆਂ ਵਿਚ ਵੀ ਨਹੀਂ ਹੁੰਦਾ, ਨੱਚਣ ਵਾਲੇ ਵਿਚ ਹੁੰਦਾ ਹੈ।

ਹੁਣ ਬਹੁਤੇ ਕਿਸਮਤ ਦਾ ਦਰਵਾਜ਼ਾ ਵੀ, ਰੀਮੋਟ ਨਾਲ ਖੋਲ੍ਹਣਾ ਚਾਹੁੰਦੇ ਹਨ।

ਇੱਜ਼ਤ-ਵਿਹੂਣੀ ਸਫ਼ਲਤਾ, ਤੁਹਾਡੀ ਭੁੱਖ ਤਾਂ ਮਿਟਾ ਦੇਵੇਗੀ, ਪਰ ਤੁਹਾਨੂੰ ਰੱਜਣ ਦਾ ਅਹਿਸਾਸ ਨਹੀਂ ਦੇਵੇਗੀ।

ਕਿਸਮਤ ਨੂੰ ਮਿਲਣਾ ਚਾਹੁੰਦੇ ਹੋ? ਸਵੇਰੇ ਉੱਠੋ, ਸਵੇਰੇ ਕਿਸਮਤ ਵਾਲੇ ਉੱਠਦੇ ਹਨ, ਜਿਹੜੇ ਸਵੇਰੇ ਉੱਠਦੇ ਹਨ, ਉਨ੍ਹਾਂ ਦੀ ਕਿਸਮਤ ਜਾਗ ਪੈਂਦੀ ਹੈ।

ਸਿਆਣਪ ਝੀਲ ਵਾਂਗ ਹੁੰਦੀ ਹੈ; ਜਿਤਨੀ ਡੂੰਘੀ, ਉਤਨੀ ਸ਼ਾਂਤ।

ਜੇਕਰ ਤੁਸੀਂ ਦੂਰ ਤਕ ਵੇਖ ਸਕਦੇ ਹੋ ਤਾਂ ਸਪਸ਼ਟ ਹੈ ਕਿ ਕਈਆਂ ਨੇ ਤੁਹਾਨੂੰ ਉੱਚੇ ਉੱਠਣ ਵਾਸਤੇ ਆਪਣਾ ਮੋਢਾ ਦਿੱਤਾ ਹੋਇਆ ਹੈ।

ਨਿਸ਼ਾਨਾ ਮਿਥੋ; ਪਹਿਲਾਂ ਅਸੰਭਵ ਲੱਗੇਗਾ; ਫਿਰ ਮੁਸ਼ਕਿਲ ਲੱਗੇਗਾ; ਫਿਰ ਸੰਭਵ ਲੱਗਣ ਲੱਗ ਪਏਗਾ; ਫਿਰ ਸੌਖਾ ਹੋ ਜਾਵੇਗਾ।

ਅਜੋਕੇ ਯਥਾਰਥ ਨਾਲ ਭਵਿੱਖ ਦਾ ਅਨੁਮਾਨ ਲਾਉਣਾ, ਕਲਪਨਾ ਅਖਵਾਉਂਦਾ ਹੈ।

ਜਿਥੇ ਬੋਲਣ ਦੀ ਲੋੜ ਹੋਵੇ, ਉਥੇ ਚੁੱਪ ਰਹਿਣਾ, ਝੂਠ ਬੋਲਣ ਵਾਂਗ ਹੁੰਦਾ ਹੈ।

ਚਰਿੱਤਰ ਉਪਜਦਾ ਉਦੋਂ ਹੈ, ਜਦੋਂ ਸਾਨੂੰ ਕੋਈ ਵੇਖ ਨਹੀਂ ਰਿਹਾ ਹੁੰਦਾ; ਪ੍ਰਗਟ ਉਦੋਂ ਹੁੰਦਾ ਹੈ, ਜਦੋਂ ਸਾਰੇ ਵੇਖ ਰਹੇ ਹੋਣ।

ਮਹਾਨ ਵਿਅਕਤੀਆਂ ਦੀ ਤੱਕਣੀ ਵਿਚ, ਉਨ੍ਹਾਂ ਵਲੋਂ ਸਾਡੇ ਲਈ ਨੇੜੇ ਆਉਣ ਦਾ ਨਿੱਘਾ ਬੁਲਾਵਾ ਹੁੰਦਾ ਹੈ।

ਜੇ ਪਤਾ ਹੀ ਨਹੀਂ ਕਿ ਬੇੜੀ ਨੂੰ ਕਿਸ ਕਿਨਾਰੇ ਲਾਉਣਾ ਹੈ ਤਾਂ ਹਵਾ ਦਾ ਰੁਖ ਕੋਈ ਹੋਵੇ, ਕੋਈ ਫ਼ਰਕ ਨਹੀਂ ਪੈਂਦਾ।

ਜਿਹੜਾ ਹਿਦਾਇਤਾਂ ਹੀ ਪਾਲਦਾ ਹੈ, ਉਹ ਵੱਧ ਤੋਂ ਵੱਧ ਕਲਰਕ ਹੀ ਲੱਗੇਗਾ; ਫ਼ੈਸਲੇ ਕਰਨ ਵਾਲੇ ਹੀ ਅਫ਼ਸਰ ਲੱਗਦੇ ਹਨ।

ਕੋਈ ਕਾਢ ਕੱਢਣ ਵਾਲਾ ਵੀ ਉਹੀ ਕੁਝ ਵੇਖਦਾ ਹੈ, ਜੋ ਸਾਰੇ ਵੇਖਦੇ ਹਨ; ਪਰ ਜਿਵੇਂ ਉਹ ਸੋਚਦਾ ਹੈ, ਕੋਈ ਉਵੇਂ ਸੋਚਦਾ ਨਹੀਂ।

ਜਿਹੜਾ ਕਿਸਾਨ ਦੇ ਘਰ ਤੂੜੀ ਦੇ ਢੇਰ ਵਿਚੋਂ ਸੂਈ ਲੱਭਣ ਦਾ ਯਤਨ ਕਰਦਾ ਹੈ, ਉਸ ਨੂੰ ਕਿਸਾਨ ਦੀ ਧੀ ਲੱਭ ਪੈਂਦੀ ਹੈ।

ਹਰੇਕ ਕਾਰਜ ਦੇ ਸਭ ਤੋਂ ਮਹੱਤਵਪੂਰਨ ਭਾਗ, ਅਰੰਭ ਅਤੇ ਅੰਤ ਹੁੰਦੇ ਹਨ।

ਵੱਡੇ ਖਿਡਾਰੀਆਂ ਦਾ ਉਦੇਸ਼, ਇਹ ਮੈਚ ਜਾਂ ਉਹ ਮੈਚ ਜਿੱਤਣਾ ਨਹੀਂ ਹੁੰਦਾ, ਚੈਂਪੀਅਨ ਬਣਨਾ ਹੁੰਦਾ ਹੈ।

ਦੋਸਤ ਨੂੰ ਮਿਲਣ ਨਾਲ, ਸਾਨੂੰ ਆਪਣਾ-ਆਪ ਚੰਗਾ ਲੱਗਣ ਲੱਗ ਪੈਂਦਾ ਹੈ, ਇਸ ਦਾ ਕਾਰਨ ਦੋਸਤੀ ਦਾ ਨਿੱਘ ਹੁੰਦਾ ਹੈ।

ਜਦੋਂ ਕੋਈ ਵੀ ਤੁਹਾਡੇ ਪੈਮਾਨੇ 'ਤੇ ਪੂਰਾ ਨਹੀਂ ਉਤਰ ਰਿਹਾ ਤਾਂ ਆਪ ਬਦਲੋ ਜਾਂ ਆਪਣਾ ਪੈਮਾਨਾ ਬਦਲੋ।

ਸਾਂਝਾਂ ਕਾਰਨ ਰਿਸ਼ਤਾ ਮਾਣਿਆ ਜਾਂਦਾ ਹੈ; ਵਖਰੇਵਿਆਂ ਕਾਰਨ ਇਹ ਦਿਲਚਸਪ ਹੋ ਜਾਂਦਾ ਹੈ।

ਕਿਸੇ ਵੱਲੋਂ ਤੁਹਾਨੂੰ ਜ਼ਿੰਮੇਵਾਰੀ ਦਿਤੇ ਜਾਣਾ, ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਤੁਸੀਂ ਮਾਹਿਰ ਅਤੇ ਵਿਸ਼ਵਾਸਯੋਗ ਹੋ।

ਜਿਹੜਾ ਪੁੱਛਣ ਤੋਂ ਡਰਦਾ ਹੈ, ਉਹ ਸਿੱਖਣ ਤੋਂ ਸ਼ਰਮਾਏਗਾ।

ਚੰਗੇ ਅਧਿਆਪਕ ਜ਼ਿੰਦਗੀ ਪੜ੍ਹਾਉਂਦੇ ਹਨ ਅਤੇ ਕਲਪਨਾ ਜਗਾ ਦਿੰਦੇ ਹਨ; ਸਧਾਰਨ ਅਧਿਆਪਕ ਹਰ ਚੀਜ਼ ਵਿਆਕਰਣ ਬਣਾ ਕੇ ਪੜ੍ਹਾਉਂਦੇ ਹਨ ਅਤੇ ਕਲਪਨਾ ਮਾਰ ਦਿੰਦੇ ਹਨ।

ਆਲਸੀਆਂ ਨੂੰ ਜ਼ੰਗਾਲ ਲੱਗਦਾ ਹੈ, ਹਿੰਮਤੀ ਘੱਸ-ਘੱਸ ਕੇ ਤਿੱਖੇ ਹੁੰਦੇ ਹਨ।

ਦੂਜਿਆਂ ਨੂੰ ਧਿਆਨ ਨਾਲ ਸੁਣਨ ਲਈ, ਆਪਣੀਆਂ ਐਨਕਾਂ ਲਾਹ ਕੇ ਰੱਖ ਦਿਓ ਅਤੇ ਉਨ੍ਹਾਂ ਦੇ ਦਿੱਤੇ ਵੇਰਵਿਆਂ ਰਾਹੀਂ ਸੰਸਾਰ ਵੇਖੋ।

ਹਮਦਰਦ ਦੇ ਸਰੀਰ ਦਾ ਸਭ ਤੋਂ ਮਹੱਤਵਪੂਰਨ ਭਾਗ, ਉਸ ਦੇ ਕੰਨ ਹੁੰਦੇ ਹਨ।

ਨਵੇਂ ਵਿਚਾਰ ਪ੍ਰਗਟਾਉਣੇ ਹੀ ਨਹੀਂ ਹੁੰਦੇ, ਆਪਣੇ ਮਿਹਨਤੀ ਕਾਰਜਾਂ ਨਾਲ, ਸਹੀ ਸਾਬਤ ਵੀ ਕਰਨੇ ਹੁੰਦੇ ਹਨ।

ਪਹਿਲੇ ਦਰਜੇ ਦੇ ਮਾਲਕ, ਪਹਿਲੇ ਦਰਜੇ ਦੇ ਵਿਅਕਤੀਆਂ ਨੂੰ ਰੋਜ਼ਗਾਰ ਦਿੰਦੇ ਹਨ ਅਤੇ ਆਪ ਮਾਲਾ-ਮਾਲ ਹੋ ਜਾਂਦੇ ਹਨ; ਦੂਜੇ ਦਰਜੇ ਦੇ ਮਾਲਕ, ਤੀਜੇ-ਚੌਥੇ ਦਰਜੇ ਦੇ ਵਿਅਕਤੀਆਂ ਨੂੰ, ਪਹਿਲੇ ਦਰਜੇ ਦੇ ਰੋਜ਼ਗਾਰ ਦਿੰਦੇ ਹਨ ਅਤੇ ਘਾਟੇ ਨਾਲ ਆਪ ਬੇਰੋਜ਼ਗਾਰ ਹੋ ਜਾਂਦੇ ਹਨ।

ਵਿਆਹ ਦਾ ਉਦੇਸ਼ ਇਕੋ ਢੰਗ ਨਾਲ ਸੋਚਣਾ ਨਹੀਂ ਹੁੰਦਾ; ਰਲ ਕੇ ਸੋਚਣਾ ਹੁੰਦਾ ਹੈ।

ਹੱਸਣ ਨਾਲ, ਧੁੰਦ ਵਾਲੇ ਚਿਹਰੇ 'ਤੇ ਧੁੱਪ ਨਿਕਲ ਆਉਂਦੀ ਹੈ।

ਨਵਾਂ ਵਿਚਾਰ ਕੂੜੇਦਾਨ ਵਿਚ ਜਾਏਗਾ ਜਾਂ ਅਲਾਦੀਨ ਦਾ ਚਿਰਾਗ਼ ਬਣ ਜਾਏਗਾ, ਇਹ ਵਿਚਾਰ ਸੁਝਣ ਵਾਲੇ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ।

ਦ੍ਰਿੜ੍ਹਤਾ ਦਾ ਅਰਥ ਹੈ, ਥਕਾਵਟ ਦੇ ਬਾਵਜੂਦ ਜ਼ਰੂਰੀ ਕੰਮ ਕਰਨਾ ਅਤੇ ਉਸ ਨੂੰ ਮੁਕੰਮਲ ਕਰਨਾ।

ਜਿਹੜਾ ਅਕੇਵਾਂ ਬਰਦਾਸ਼ਤ ਨਹੀਂ ਕਰ ਸਕਦਾ, ਉਹ ਮਹੱਤਵਪੂਰਨ ਵਿਅਕਤੀ ਨਹੀਂ ਬਣ ਸਕਦਾ।

ਸਾਦੇ ਜੀਵਨ ਦੀਆਂ ਤਸੱਲੀਆਂ, ਬੜੀਆਂ ਰਮਣੀਕ ਹੁੰਦੀਆਂ ਹਨ।

ਅਸੀਂ ਅੱਕਦੇ-ਥੱਕਦੇ ਮਜਬੂਰੀ ਵੱਸ ਕੀਤੇ ਕੰਮ ਵਿਚ ਹੀ ਹਾਂ; ਸ਼ੌਕ ਪਾਲਣ ਵਿਚ ਮਜਬੂਰੀ ਨਹੀਂ ਹੁੰਦੀ, ਇਸ ਲਈ ਸ਼ੌਕ, ਸਾਡੀ ਥਕਾਵਟ ਅਤੇ ਅਕੇਵੇਂ ਦਾ ਇਲਾਜ ਹੁੰਦੇ ਹਨ।

ਜਦੋਂ ਵਿਗਿਆਨਕ ਦ੍ਰਿਸ਼ਟੀ ਨਾਲ ਆਪਣੀ ਅਸਫਲਤਾ ਜਾਣ ਲਈ ਜਾਏ ਤਾਂ ਸਫ਼ਲ ਹੋਣ ਦਾ ਢੰਗ ਪਤਾ ਲੱਗ ਜਾਂਦਾ ਹੈ।

ਹੀਣਤਾ ਦੀ ਭਾਵਨਾ, ਇੱਛਾ ਤਾਂ ਹੋਰਾਂ ਤੋਂ ਅੱਗੇ ਲੰਘਣ ਦੀ ਉਪਜਾਉਂਦੀ ਹੈ, ਪਰ ਇਹ ਰੱਖਦੀ ਹੋਰਾਂ ਤੋਂ ਹਮੇਸ਼ਾਂ ਪਿੱਛੇ ਹੀ ਹੈ।

ਸੰਸਾਰ ਵਿਚ ਮਨੁੱਖ ਨੇ ਸਭ ਤੋਂ ਵੱਡੀਆਂ ਗਲਤੀਆਂ, ਸੰਤੁਸ਼ਟ ਅਤੇ ਪ੍ਰਸੰਨ ਹੋਣ ਦੇ ਢੰਗ ਤਲਾਸ਼ਣ ਵਿਚ ਕੀਤੀਆਂ ਹਨ।

ਪੁਰਸ਼ ਵਸਤਾਂ ਖਰੀਦਦੇ ਹੀ ਹਨ; ਇਸਤਰੀਆਂ, ਖਰੀਦਣ ਤੋਂ ਪਹਿਲਾਂ, ਵਸਤਾਂ ਪਸੰਦ ਵੀ ਕਰਦੀਆਂ ਹਨ।

ਟੈਲੀਵਿਜ਼ਨ ਕਾਰਨ, ਹੁਣ ਅਸੀਂ ਆਪਣਾ ਮੁਕਾਬਲਾ ਵਧੇਰੇ ਲੋਕਾਂ ਨਾਲ ਕਰਨ ਕਰਕੇ, ਵਧੇਰੇ ਪਰੇਸ਼ਾਨ ਹੁੰਦੇ ਹਾਂ।

ਭ੍ਰਿਸ਼ਟਾਚਾਰ ਚੋਣਾਂ ਦਾ ਮੁੱਦਾ ਨਹੀਂ ਬਣਦਾ, ਕਿਉਂਕਿ ਇਸ ਮੁੱਦੇ ਨਾਲ ਲੋਕਾਂ ਨੂੰ ਭੜਕਾਇਆ-ਲੜਾਇਆ-ਵੰਡਿਆ ਨਹੀਂ ਜਾ ਸਕਦਾ, ਇਸ ਲਈ ਅਕਸਰ ਧਰਮ-ਜ਼ਾਤ ਦੇ ਭੜਕਾਊ ਮੁੱਦੇ ਉਭਾਰੇ ਜਾਂਦੇ ਹਨ।

ਇਸਤਰੀਆਂ ਵਿਚ ਚਿਹਰੇ ਪੜ੍ਹਨ ਅਤੇ ਅਵਾਜ਼ ਸੁਣਨ ਦੀ ਯੋਗਤਾ, ਪੁਰਸ਼ਾਂ ਨਾਲੋਂ ਵਧੇਰੇ ਹੁੰਦੀ ਹੈ।

ਸਧਾਰਨ, ਇੱਕਲੇ ਵਿਅਕਤੀ ਜੀਵਨ ਮਾਣਨਾ ਹੀ ਚਾਹੁੰਦੇ ਹਨ; ਪ੍ਰਸੰਨ-ਪਰਿਵਾਰ ਵਿਕਾਸ ਵੀ ਕਰਨਾ ਚਾਹੁੰਦੇ ਹਨ।

ਇਕੱਲਤਾ ਇਸ ਕਾਰਨ ਨਹੀਂ ਹੁੰਦੀ ਕਿ ਆਲੇ-ਦੁਆਲੇ ਲੋਕ ਨਹੀਂ ਹੁੰਦੇ; ਲੋਕ ਤਾਂ ਹੁੰਦੇ ਹਨ, ਪਰ ਉਨ੍ਹਾਂ ਨਾਲ ਸਾਡਾ ਕਈ ਰਿਸ਼ਤਾ ਨਹੀਂ ਹੁੰਦਾ।

ਬੋਲਣ ਦਾ ਉਦੇਸ਼, ਸੂਚਨਾ ਦੇਣਾ ਹੀ ਨਹੀਂ ਹੁੰਦਾ, ਸੁਣਨ ਵਾਲੇ 'ਤੇ ਪ੍ਰਭਾਵ ਪਾਉਣਾ ਵੀ ਹੁੰਦਾ ਹੈ।

ਜਦੋਂ ਕਿਸੇ ਹੁਨਰ ਵਿਚ ਨਿਪੁੰਨ ਹੋ ਜਾਵੇ; ਕੁਝ ਨਵਾਂ ਸਿੱਖੋ, ਪਹਿਲਾ ਹੁਨਰ ਵਧੇਰੇ ਨਿਖਰੇਗਾ, ਜਿਹੜਾ ਨਵੇਂ ਹੁਨਰ ਨੂੰ ਵੀ ਨਿਖਾਰ ਦੇਵੇਗਾ।

ਵਕਤ ਦੇ ਬਦਲਣ ਮਗਰੋਂ ਨਹੀਂ, ਵਕਤ ਦੇ ਬਦਲਣ ਤੋਂ ਪਹਿਲਾਂ ਬਦਲੋ।

ਮਿਹਨਤ, ਮੌਲਿਕਤਾ ਲਈ ਚਾਹੀਦੀ ਹੁੰਦੀ ਹੈ; ਨਕਲ ਕਰਨੀ, ਮਿਹਨਤ ਅਤੇ ਮੌਲਿਕਤਾ ਤੋਂ ਬਿਨਾਂ ਵੀ ਸੰਭਵ ਹੁੰਦੀ ਹੈ।

ਭਾਸ਼ਾ-ਵਿਗਿਆਨੀ ਜਾਂ ਮਨੋ-ਵਿਗਿਆਨੀ ਨਾਲ ਪਿਆਰ ਨਹੀਂ ਕੀਤਾ ਜਾ ਸਕਦਾ; ਇਕ ਪ੍ਰੇਮਿਕਾ ਦੇ ਉਚਾਰਣ ਅਤੇ ਵਾਕ-ਬਣਤਰ ਦੀ ਛਾਣ-ਬੀਣ ਕਰੇਗਾ, ਦੂਜਾ ਉਸ ਦੀ ਹਰ ਗੱਲ ਦਾ ਵਿਸ਼ਲੇਸ਼ਣ ਕਰਦਾ ਰਹੇਗਾ।

ਜੇ ਸਾਰੇ ਕਾਨੂੰਨ ਖ਼ਤਮ ਕਰ ਦਿੱਤੇ ਜਾਣ ਤਾਂ ਚੰਗੇ ਬੰਦੇ ਪਹਿਲਾਂ ਵਾਂਗ ਹੀ ਚੰਗੇ ਰਹਿਣਗੇ, ਪਰ ਕੋਈ ਉਨ੍ਹਾਂ ਨੂੰ ਚੰਗੇ ਰਹਿਣ ਨਹੀਂ ਦੇਵੇਗਾ।

ਮਹਾਨ ਵਿਅਕਤੀ ਆਪਣੇ ਉਦੇਸ਼ ਵਿਚ ਸਫ਼ਲ ਹੋ ਕੇ ਦੱਸਦੇ ਹਨ ਕਿ ਉਨ੍ਹਾਂ ਦਾ ਉਦੇਸ਼ ਕੀ ਸੀ।

ਚੰਗਾ ਅਧਿਆਪਕ, ਠੀਕ ਢੰਗ ਨਾਲ ਬੈਠਣਾ, ਸਤਿਕਾਰ ਨਾਲ ਸੁਣਨਾ, ਦਲੇਰੀ ਨਾਲ ਸੋਚਣਾ ਅਤੇ ਸਲੀਕੇ ਨਾਲ ਬੋਲਣਾ ਸਿਖਾਉਂਦਾ ਹੈ।

ਵਿਦਵਾਨਾਂ ਨਾਲ ਦੋਸਤੀ, ਮੱਸਿਆ ਤੋਂ ਪੂਰਨਮਾਸ਼ੀ ਵੱਲ ਵਿਕਾਸ ਕਰਦੀ ਹੈ, ਮੂਰਖਾਂ ਨਾਲ ਮੇਲ-ਮਿਲਾਪ, ਪੂਰਨਮਾਸ਼ੀ ਤੋਂ ਮੱਸਿਆ ਵੱਲ ਲੈ ਜਾਵੇਗਾ।

ਪੈਸੇ ਨਾਲ, ਸਾਰੀਆਂ ਹਨੇਰੀਆਂ ਥਾਵਾਂ, ਰੌਸ਼ਨ ਹੋ ਜਾਂਦੀਆਂ ਹਨ।

ਪਰਖ-ਪੜਤਾਲ ਕਰਕੇ ਦੋਸਤੀਆਂ ਨਹੀਂ ਪੈਂਦੀਆਂ; ਇਹ ਆਪ-ਮੁਹਾਰੇ ਪੈ ਜਾਂਦੀਆਂ ਹਨ ਅਤੇ ਪਈਆਂ ਰਹਿੰਦੀਆਂ ਹਨ।

ਦੋਸਤ, ਨੇਕੀ ਲਈ ਪ੍ਰੇਰਦੇ, ਬਦੀ ਤੋਂ ਹੋੜਦੇ, ਮੁਸ਼ਕਿਲ ਵਿਚ ਪਹੁੰਚਦੇ ਅਤੇ ਮੁਸੀਬਤ ਵਿਚ ਨਾਲ ਨਿਭਦੇ ਹਨ।

ਕਈ ਮਿਲਣ ਵੇਲੇ ਨਹੀਂ, ਵਿਛੜਨ ਵੇਲੇ ਵਧੇਰੇ ਪਿਆਰ ਵਿਖਾਉਂਦੇ ਹਨ ਅਤੇ ਵਧੇਰੇ ਪਿਆਰੇ ਲੱਗਦੇ ਹਨ।

ਪੁਸਤਕਾਂ ਸਾਨੂੰ ਸੋਚਣ ਦਾ ਹੌਸਲਾ ਅਤੇ ਬੋਲਣ ਦੀ ਹਿੰਮਤ ਦਿੰਦੀਆਂ ਹਨ।

ਪ੍ਰੋਫ਼ੈਸਰ ਦੇ ਅਰਥ ਪਰਿਵਰਤਨ ਲਿਆਉਣ ਵਾਲੇ ਵਿਦਵਾਨ ਤੋਂ ਹਨ; ਜਿਸ ਦੀ ਪਰਿਵਰਤਨ ਵਿਚ ਦਿਲਚਸਪੀ ਨਹੀਂ, ਉਹ ਪ੍ਰੋਫ਼ੈਸਰ ਨਹੀਂ, ਪ੍ਰਚਾਰਕ ਹੈ।

ਵਿਗੜੇ ਹੋਏ ਬੰਦੇ, ਇਸਤਰੀਆਂ ਵੱਲ ਵਧੇਰੇ ਝੁਕੇ ਹੋਏ ਹੁੰਦੇ ਹਨ।

ਜਾਣ-ਬੁੱਝ ਕੇ ਹਰ ਕਿਸੇ ਦੀ ਬੇਇੱਜ਼ਤੀ ਕਰਨ ਵਾਲੇ ਨੂੰ ਸਬਕ ਜ਼ਰੂਰ ਸਿਖਾਓ; ਉਦੋਂ ਸਿਖਾਓ ਜਦੋਂ ਅਸਰਦਾਰ ਢੰਗ ਨਾਲ ਸਿਖਾ ਸਕਦੇ ਹੋ; ਇਵੇਂ ਤੁਸੀਂ ਕਈ ਹੋਰਾਂ ਨੂੰ ਬੇਇੱਜ਼ਤ ਹੋਣ ਤੋਂ ਬਚਾ ਰਹੇ ਹੋਵੋਗੇ।

ਪਤੀ-ਪਤਨੀ ਦੇ ਰਿਸ਼ਤੇ ਵਿਚ ਕੋਈ ਖਤਰਾ ਨਹੀਂ ਹੁੰਦਾ, ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਵਿਚ ਕੋਈ ਸੁਰੱਖਿਆ ਨਹੀਂ ਹੁੰਦੀ।

ਸੋਹਣੀ ਇਸਤਰੀ ਜਗਾਉਂਦੀ ਸਰੀਰ ਨੂੰ ਹੈ, ਜਿੱਤਦੀ ਦਿਲ ਨੂੰ ਹੈ, ਟੁੰਬਦੀ ਦਿਮਾਗ ਨੂੰ ਹੈ, ਭਰਮਾਉਂਦੀ ਆਤਮਾ ਨੂੰ ਹੈ।

ਬਹਾਦਰੀ, ਦਲੇਰੀ, ਸੋਝੀ, ਸਿਆਣਪ, ਅਕਲ, ਕੁਰਬਾਨੀ ਆਦਿ ਪੁਰਸ਼ ਦੇ ਸਾਰੇ ਗੁਣ, ਇਸਤਰੀ-ਲਿੰਗ ਵਾਚਕ ਹਨ।

ਉਪਕਾਰ ਕਰਨ ਵਾਲੇ ਵੀ ਅਨੇਕਾਂ ਹੋਏ ਹਨ; ਜ਼ੁਲਮ ਕਰਨ ਵਾਲੇ ਵੀ ਘੱਟ ਨਹੀਂ ਹੋਏ; ਚੰਗਿਆਂ ਦਾ ਕਦੇ ਕਾਲ ਨਹੀਂ ਪਿਆ; ਭੈੜਿਆਂ ਦੀ ਕਦੇ ਥੁੜ ਨਹੀਂ ਆਈ।

ਜਿਨ੍ਹਾਂ ਦੇ ਹੱਥਾਂ ਵਿਚ ਦੇਸ਼ ਦੇ ਸਰਮਾਏ ਦੀ ਡੋਰ ਹੁੰਦੀ ਹੈ, ਉਨ੍ਹਾਂ ਦੀ ਹਕੂਮਤ ਦੇ ਹੀ ਪਤੰਗ ਉੱਡਦੇ ਹਨ।

ਕਿਸੇ ਵਿਚ ਦਿਲਚਸਪੀ, ਦਰਿਆ ਵੇਖਣ ਵਾਂਗ ਹੁੰਦੀ ਹੈ; ਪਿਆਰ ਕਰਨਾ, ਡੁੱਬ ਕੇ ਦਰਿਆ ਤੋਂ ਪਾਰ ਜਾਣ ਦਾ ਅਨੁਭਵ ਹੁੰਦਾ ਹੈ।

ਜਿਹੜੇ ਸ਼ੌਕ ਅਤੇ ਸਬੰਧ ਕੇਵਲ ਇਕੱਲਤਾ ਨੂੰ ਭਰਨ ਲਈ ਉਸਾਰੇ ਜਾਂਦੇ ਹਨ, ਉਨ੍ਹਾਂ ਦੇ ਸਹੀ-ਗਲਤ ਹੋਣ ਬਾਰੇ ਸੋਚਿਆ ਨਹੀਂ ਜਾਂਦਾ।

ਖੇਤਰ ਕੋਈ ਹੋਵੇ, ਬਦਲਾ ਲੈਣ ਦੇ ਸਿੱਧੇ ਢੰਗ ਵਰਤਣ ਵਾਲਿਆਂ ਨਾਲੋਂ, ਅਸਿੱਧੇ ਢੰਗ ਵਰਤਣ ਵਾਲੇ, ਵਧੇਰੇ ਖ਼ਤਰਨਾਕ ਹੁੰਦੇ ਹਨ।

ਚੰਗੀਆਂ ਆਦਤਾਂ ਇਸ ਲਈ ਅਪਨਾਉਣੀਆਂ ਮੁਸ਼ਕਿਲ ਹੁੰਦੀਆਂ ਹਨ, ਕਿਉਂਕਿ ਸਾਡੀ ਬਹੁਤੀ ਜ਼ਿੰਦਗੀ ਭੈੜੀਆਂ ਆਦਤਾਂ ਨਾਲ ਹੀ ਬੀਤ ਚੁੱਕੀ ਹੁੰਦੀ ਹੈ।

ਪਛੜ ਕੇ ਕੀਤੇ ਗਏ ਕੰਮ, ਅਕਸਰ ਅਧੂਰੇ ਹੀ ਰਹਿੰਦੇ ਹਨ।

ਹਰ ਪੀੜ੍ਹੀ ਦੀ ਆਪਣੀ ਅਵਾਜ਼ ਅਤੇ ਗੂੰਜ ਹੁੰਦੀ ਹੈ, ਨਵੀਂ ਪੀੜ੍ਹੀ ਨੂੰ ਕਿਸੇ ਪੁਰਾਣੀ ਪੀੜ੍ਹੀ ਦੀ ਗੂੰਜ ਨਹੀਂ ਬਣਾਇਆ ਜਾ ਸਕਦਾ।

ਛਾਪੇਖਾਨੇਂ ਦੀ ਕਾਢ ਨੇ, ਵਿੱਦਿਆ ਦੇ ਪਸਾਰ ਨਾਲ, ਪਰਜਾਤੰਤਰ ਉਸਾਰ ਕੇ, ਤਾਨਾਸ਼ਾਹੀਆਂ ਅਤੇ ਬਾਦਸ਼ਾਹੀਆਂ ਰੋਲ ਦਿੱਤੀਆਂ ਹਨ।

ਵੇਖਣ ਲਈ ਕੁਦਰਤ ਨੇ ਸਾਨੂੰ ਅੱਖਾਂ ਦਿੱਤੀਆਂ ਹਨ; ਅਣਡਿੱਠ ਕਰਨ ਲਈ ਝਿਮਣੀਆਂ ਵੀ ਦਿੱਤੀਆਂ ਹਨ।

ਅਜ਼ਾਦੀ ਬੋਲਣ ਦੀ ਹੋਣੀ ਚਾਹੀਦੀ ਹੈ, ਰੌਲਾ ਪਾਉਣ ਦੀ ਨਹੀਂ।

ਜਿਹੜਾ ਕਹਿੰਦਾ ਹੈ: ਮੇਰਾ ਧਰਮ ਹੀ ਅਸਲੀ ਧਰਮ ਹੈ, ਉਹ ਘਰ ਜਾਵੇ, ਪਾਣੀ ਦੀ ਬਾਲਟੀ ਵਿਚ ਲੂਣ ਘੋਲੇ ਅਤੇ ਕਹੇ ਕਿ ਇਹ ਅਸਲੀ ਸਮੁੰਦਰ ਹੈ।

ਅਮੀਰਾਂ ਦਾ ਫਰਸ਼, ਗਰੀਬਾਂ ਦੀ ਛੱਤ ਨਾਲੋਂ ਵੀ ਉੱਚਾ ਹੁੰਦਾ ਹੈ।

ਧਰਮ ਇਕ ਅਜਿਹਾ ਅਹਿਰਨ ਹੈ, ਜਿਸ 'ਤੇ ਤਰਕ ਦੇ ਅਨੇਕਾਂ ਹਥੌੜੇ, ਸੱਟਾਂ ਮਾਰ-ਮਾਰ ਕੇ ਘਸ ਗਏ ਹਨ।

ਇਕ ਮੰਗਤੇ ਨੂੰ ਵੇਖ ਕੇ ਤਾਲਸਤਾਏ ਨੇ ਜੇਬਾਂ ਫਰੋਲ ਕੇ ਕਿਹਾ: ਬੁਰਾ ਨਾ ਮਨਾਵੀਂ ਭਰਾਵਾ, ਮੇਰੇ ਕੋਲ ਇਸ ਵੇਲੇ ਤੈਨੂੰ ਦੇਣ ਲਈ ਕੁਝ ਨਹੀਂ; ਮੰਗਤੇ ਦਾ ਉੱਤਰ ਸੀ: ਤੁਸੀਂ ਮੈਨੂੰ ਭਰਾ ਕਿਹੈ, ਮੈਨੂੰ ਸਭ ਕੁਝ ਮਿਲ ਗਿਆ ਹੈ।

ਜਦੋਂ ਤਕ ਅਰਦਾਸ ਨਾ ਕੀਤੀ ਜਾਵੇ, ਸਫਲਤਾ-ਅਸ ਾਲਤਾ ਦੀ ਜ਼ਿੰਮੇਵਾਰੀ, ਸਾਡੀ ਹੀ ਰਹਿੰਦੀ ਹੈ।

ਆਪਣੇ ਦੇਸ਼ ਨੂੰ ਮਹਾਨ ਸਿੱਧ ਕਰਨ ਵਾਸਤੇ, ਹੋਰ ਦੇਸ਼ਾਂ ਨੂੰ ਨਿੰਦਣ ਦੀ ਲੋੜ ਨਹੀਂ ਪੈਣੀ ਚਾਹੀਦੀ।

ਜਿਨ੍ਹਾਂ ਸਰਹੱਦਾਂ ਤੋਂ ਵਪਾਰ ਲੰਘਦਾ ਹੈ, ਉਥੋਂ ਫੌਜਾਂ ਨਹੀਂ ਲੰਘਦੀਆਂ।

ਸ਼ਕਤੀਸ਼ਾਲੀ ਅਤੇ ਅਣਖੀਲੇ ਪਰਿਵਾਰ ਅਤੇ ਦੇਸ਼ ਉਹ ਹੁੰਦੇ ਹਨ, ਜਿਨ੍ਹਾਂ ਨਾਲ ਕੁਝ ਵਾਪਰ ਜਾਵੇ, ਉਹ ਕਿਸੇ ਕੋਲੋਂ ਮਦਦ ਨਹੀਂ ਮੰਗਦੇ।

ਜ਼ਿੰਦਗੀ ਵਿਚ ਸ਼ਾਂਤੀ, ਵਿਰੋਧਾਂ ਦਾ ਖ਼ਾਤਮਾ ਕਰਨ ਨਾਲ ਨਹੀਂ, ਵਿਰੋਧਾਂ ਦਾ ਸਾਹਮਣਾ ਕਰਨ ਨਾਲ ਹੀ ਆਵੇਗੀ।

ਸਭ ਤੋਂ ਚੰਗੀ ਖੁਸ਼ਬੂ ਭੋਜਨ ਦੀ, ਸਭ ਤੋਂ ਵੱਡਾ ਸਵਾਦ ਲੂਣ ਦਾ, ਸਭ ਤੋਂ ਵੱਡੀ ਪਿਆਸ ਪਾਣੀ ਦੀ, ਸਭ ਤੋਂ ਵੱਡੀ ਭੁੱਖ ਪਿਆਰ ਦੀ ਹੁੰਦੀ ਹੈ।

ਪਰਿਵਾਰ ਵਿਚ ਬੱਚਿਆਂ ਦੇ ਆਗਮਨ ਨਾਲ, ਪਤੀ-ਪਤਨੀ ਨੂੰ ਭਾਂਤ-ਭਾਂਤ ਦੇ ਕਰਤੱਵ ਅਤੇ ਵੰਨ-ਸੁਵੰਨੇ ਰੁਝੇਵੇਂ ਮਿਲ ਜਾਂਦੇ ਹਨ।

ਸਾਡੀ ਯੋਗਤਾ ਪੁੱਛੇ ਬਿਨਾਂ ਹੀ, ਕੁਦਰਤ ਸਾਡੇ 'ਤੇ ਜਿਊਣ ਦੀ ਬੜੀ ਵੱਡੀ ਜ਼ਿੰਮੇਵਾਰੀ ਲੱਦ ਦਿੰਦੀ ਹੈ।

ਭਾਰਤੀ ਮਹਿਮਾਨ ਆਉਣ ਵਿਚ ਦੇਰ ਕਰ ਦਿੰਦੇ ਹਨ, ਪਰ ਜਾਣ ਵਿਚ ਜਲਦੀ ਨਹੀਂ ਕਰਦੇ।

ਚੰਗੀ ਕਿਤਾਬ, ਚੰਗੀ ਆਦਤ, ਚੰਗੇ ਦੋਸਤ ਦਾ ਪ੍ਰਭਾਵ ਹੌਲੀ-ਹੌਲੀ ਪੈਂਦਾ ਹੈ।

ਦੋਸਤੀ ਦੇ ਨਿੱਘ ਕਾਰਨ ਦੋਸਤ ਦੀ ਪ੍ਰਸ਼ੰਸਾ ਹੈਰਾਨ ਨਹੀਂ ਕਰਦੀ ਅਤੇ ਦੋਸਤ ਦੀ ਨਿੰਦਾ 'ਤੇ ਗੁੱਸਾ ਨਹੀਂ ਆਉਂਦਾ।

ਕੋਲੰਬਸ ਬਾਰੇ ਹੈਰਾਨੀ ਇਸ ਗੱਲ ਦੀ ਨਹੀਂ ਸੀ ਕਿ ਉਸ ਨੇ ਅਮਰੀਕਾ ਲੱਭਿਆ ਸੀ, ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਉਹ ਅਮਰੀਕਾ ਲੱਭ ਕੇ, ਆਪਣੇ ਦੇਸ਼ ਵਾਪਸ ਪਹੁੰਚ ਗਿਆ ਸੀ।

ਪਿਤਾ ਦੇ ਬੂਟ ਘਸਦੇ ਹਨ, ਸੰਤਾਨ ਟਾਇਰ ਘਸਾਉਂਦੀ ਹੈ।

ਕਿਤਾਬਾਂ ਮਨੁੱਖ ਦੇ ਦਿਮਾਗ ਨੂੰ ਵਿਚਾਰ, ਦਿਲ ਨੂੰ ਕਲਪਨਾ ਅਤੇ ਆਤਮਾ ਨੂੰ ਆਦਰਸ਼ ਦਿੰਦੀਆਂ ਹਨ।

ਸਿੱਧੇ ਖਲੋਤੇ ਪਰਿਵਾਰ, ਕੌਮ ਨੂੰ ਡਿੱਗਣ ਤੋਂ ਬਚਾਉਂਦੇ ਹਨ।

ਮਹਾਨ ਸਾਹਿਤ ਵਿਚ ਅੰਦਰਲਾ ਜਲੌ ਹੁੰਦਾ ਹੈ, ਜਿਸ ਦਾ ਪੀੜ੍ਹੀਆਂ, ਸਦੀਆਂ ਤਕ ਨਿੱਘ ਮਾਣਦੀਆਂ ਹਨ।

ਬੱਚੇ ਸਾਰੇ ਮਾਪਿਆਂ ਕੋਲ ਹੁੰਦੇ ਹਨ, ਪਰ ਕੁਝ ਬੱਚੇ ਹੀ ਹੁੰਦੇ ਹਨ, ਜਿਨ੍ਹਾਂ ਦੇ ਮਾਪਿਆਂ ਵਿਚ, ਮਾਪੇ ਬਣਨ ਦੀ ਯੋਗਤਾ ਹੁੰਦੀ ਹੈ।

ਜਿਉਂ-ਜਿਉਂ ਬੁੱਢੇ ਹੋਵੋ, ਨਜ਼ਰ-ਅੰਦਾਜ਼ ਕੀਤੇ ਜਾਣ ਦੀ ਜਾਚ ਸਿੱਖੋ।

ਭਰਪੂਰ ਜੀਵਨ ਤੀਹ ਤੋਂ ਪੰਜਾਹ ਵਿਚਕਾਰ ਹੀ ਜੀਵਿਆ ਜਾਂਦਾ ਹੈ; ਪਹਿਲਾਂ ਦਾ ਸਮਾਂ, ਤਿਆਰੀ ਵਿਚ ਅਤੇ ਮਗਰੋਂ ਦਾ ਸਮਾਂ ਮੁਲਾਂਕਣ ਵਿਚ ਖਰਚ ਹੁੰਦਾ ਹੈ।

ਧਾਰਮਿਕ ਸਥਾਨ ਵਿਕਾਸ ਕਰ ਰਹੇ ਹਨ, ਪਰ ਧਰਮ ਨਿੱਘਰ ਰਿਹਾ ਹੈ।

ਕੇਵਲ 'ਹੈਲੋ' ਕਹਿਣ ਨਾਲ ਦੋਸਤੀ ਨਹੀਂ ਪੈਂਦੀ, ਪਰ ਦੋਸਤੀ ਦੀ ਸ਼ੁਰੂਆਤ ਹੈਲੋ ਨਾਲ ਹੀ ਹੋਵੇਗੀ।

ਆਧੁਨਿਕ ਸਾਹਿਤ, ਆਧੁਨਿਕ ਵਧੇਰੇ ਹੈ, ਸਾਹਿਤ ਘੱਟ ਹੈ।

ਵਿੱਦਿਆ ਸਾਨੂੰ ਮੰਜ਼ਲ ਚੁਣਨ ਅਤੇ ਇਕੱਲਿਆਂ ਟੁਰ ਕੇ ਮੰਜ਼ਲ 'ਤੇ ਪਹੁੰਚਣਾ ਸਿਖਾਉਂਦੀ ਹੈ।

ਅੱਛਾਈ-ਬੁਰਾਈ ਹਰੇਕ ਵਿਚ ਹੁੰਦੀ ਹੈ, ਧਿਆਨ ਅੱਛਾਈ 'ਤੇ ਰਹੇ ਤਾਂ ਹੋਰਾਂ ਨਾਲ ਸੁਖਾਵੇਂ ਸਬੰਧ ਬਣੇ ਰਹਿੰਦੇ ਹਨ, ਜਦੋਂ ਸਬੰਧ ਵਿਗੜਦੇ ਹਨ ਤਾਂ ਧਿਆਨ ਬੁਰਾਈ 'ਤੇ ਟਿਕ ਜਾਂਦਾ ਹੈ।

ਸੰਕਟ ਦਾ ਸਾਹਮਣਾ ਕੀਤਾ ਜਾਂਦਾ ਹੈ, ਕਿਉਂਕਿ ਸੰਕਟ ਸਾਹਮਣੇ ਹੁੰਦਾ ਹੈ।

ਆਗੂ ਦਾ ਕੰਮ, ਪਹਿਲ ਕਰਨ ਦਾ ਖ਼ਤਰਾ ਸਹੇੜਨਾ ਹੁੰਦਾ ਹੈ; ਅਰੰਭੇ ਹੋਏ ਕਾਰਜ ਨੂੰ ਮੁਕੰਮਲ ਕਰਨ ਦਾ ਕਾਰਜ, ਹੋਰ ਲੋਕ ਕਰਦੇ ਹਨ।

ਜ਼ਿੰਦਗੀ ਵਿਚ ਮਨੁੱਖ ਆਪਣੀ ਹਿੰਮਤ ਦੇ ਅਨੁਪਾਤ ਵਿਚ ਲੋਹਾ, ਪਿੱਤਲ, ਤਾਂਬਾ, ਚਾਂਦੀ, ਸੋਨਾ, ਹੀਰਾ ਬਣ ਜਾਂਦਾ ਹੈ।

ਜ਼ਹਿਰੀਲਾ ਬੂਟਾ, ਕਦੇ ਨਹੀਂ ਸੁੱਕਦਾ; ਭੈੜੇ ਬੰਦੇ ਕਦੇ ਨਹੀਂ ਥੱਕਦੇ।

ਅਜ਼ਾਦ ਹੋ ਕੇ ਗੁਲਾਮ, ਮਾਲਕਾਂ ਨੂੰ ਯਾਦ ਨਹੀਂ ਕਰਦੇ, ਨਿੰਦਦੇ ਹੀ ਹਨ।

ਕੁਝ ਦੇ ਸਾਹਮਣੇ ਹੀ ਵੱਡੀ ਸਮੱਸਿਆ ਹੁੰਦੀ ਹੈ, ਬਹੁਤੇ ਆਪਣੀ ਸਮੱਸਿਆ ਨੂੰ ਵੱਡੀ ਬਣਾ ਲੈਂਦੇ ਹਨ।

ਜ਼ਿੰਦਗੀ ਵਿਚ ਇਕ ਵਕਤ ਹੁੰਦਾ ਹੈ, ਜਦੋਂ ਪੈਸਾ ਨਹੀਂ, ਗਿਆਨ ਨਹੀਂ, ਹੌਸਲਾ ਨਹੀਂ, ਕੇਵਲ ਨੇਕ-ਸਲਾਹ ਚਾਹੀਦੀ ਹੁੰਦੀ ਹੈ।

ਵਿਹਲਿਆਂ ਨੂੰ ਇਕ-ਦੂਜੇ ਦੀ ਇਤਨੀ ਲੋੜ ਹੁੰਦੀ ਹੈ ਕਿ ਉਹ ਕਿਸੇ ਕੀਮਤ 'ਤੇ ਵੀ ਆਪਸੀ ਸਬੰਧ ਟੁੱਟਣ ਨਹੀਂ ਦਿੰਦੇ

ਆਪਣੀਆਂ ਨਿਜੀ ਲੋੜਾਂ ਲਈ ਕਦੇ ਉਧਾਰ ਨਾ ਲਓ, ਕਦੇ ਉਧਾਰ ਨਾ ਮੰਗੋ, ਇਹ ਆਦਤ ਤੁਹਾਨੂੰ ਮਜ਼ਬੂਤ ਬਣਾਏਗੀ।

ਜਿਹੜਾ ਵੀ ਨਿਰਣਾ ਮਨ ਨੂੰ ਸ਼ਾਂਤ ਕਰੇ, ਉਹ ਸਹੀ ਨਿਰਣਾ ਹੁੰਦਾ ਹੈ।

ਆਪਣੀ ਔਕਾਤ ਨੂੰ ਨਾ ਭੁੱਲੋ, ਇਵੇਂ ਕਿਸੇ ਸਮੱਸਿਆ ਨਾਲ ਪੈਰ ਨਹੀਂ ਉਖੜਨਗੇ।

ਜਿਹੜਾ ਵੀ ਕੋਈ ਚੰਗਾ ਕੰਮ, ਚੰਗੀ ਨੀਅਤ ਨਾਲ, ਚੰਗੇ ਢੰਗ ਨਾਲ ਕਰੇਗਾ; ਉਸ ਵੱਲ ਧਿਆਨ ਦੇਣ ਲਈ, ਸੰਸਾਰ ਨੂੰ ਵਕਤ ਕੱਢਣਾ ਪਏਗਾ।

ਵੱਡੀਆਂ ਬਿਮਾਰੀਆਂ ਦੇ ਇਲਾਜ, ਨਿੱਕੇ-ਨਿੱਕੇ ਪਰਹੇਜ਼ ਹੁੰਦੇ ਹਨ।

ਜੇ ਮੁਨਾਫ਼ੇ ਅਤੇ ਇਖ਼ਲਾਕ ਨੂੰ ਚੁਣਨਾ ਪਏ ਤਾਂ ਇਖ਼ਲਾਕ ਨੂੰ ਚੁਣਨਾ, ਤੁਹਾਨੂੰ ਆਪਣੀ ਚੋਣ 'ਤੇ ਮਾਣ ਰਹੇਗਾ।

ਸਲਾਹ ਉਸ ਤੋਂ ਹੀ ਲਓ, ਜਿਹੜਾ ਪਹਿਲਾਂ ਧੀਰਜ ਨਾਲ ਤੁਹਾਡੀ ਗੱਲ ਸੁਣੇ।

ਪਿਆਸ, ਕਦੇ ਵੀ ਸ਼ਰਾਬ ਨਾਲ ਨਹੀਂ ਮਿਟਦੀ, ਉਂਝ ਯਤਨ ਲੱਖਾਂ ਕਰਦੇ ਹਨ।

ਸੰਕਟ ਦੌਰਾਨ ਅਸੀਂ ਅਕਸਰ ਭੈੜਾ ਵਿਹਾਰ ਕਰਦੇ ਹਾਂ, ਜਿਸ ਕਾਰਨ ਸੰਕਟ, ਸੰਕਟ ਬਣਿਆ ਰਹਿੰਦਾ ਹੈ।

ਟੁੱਟ ਗਈ ਗੱਲਬਾਤ, ਹਰ ਕਿਸੇ ਨੂੰ ਪਰੇਸ਼ਾਨ ਕਰਦੀ ਹੈ।

ਜੇਕਰ ਕਿਸੇ ਦੀਆਂ ਸਾਰੀਆਂ ਆਦਤਾਂ ਨੂੰ ਧਿਆਨ ਵਿਚ ਰੱਖ ਕੇ, ਉਸ ਨਾਲ ਰਿਸ਼ਤਾ ਉਸਾਰੋਗੇ ਤਾਂ ਕੋਈ ਰਿਸ਼ਤਾ ਨਹੀਂ ਉਸਰੇਗਾ।

ਹਰ ਕਿਸੇ ਦਾ ਧਰੁਵ-ਤਾਰਾ, ਵੱਖਰੀ ਦਿਸ਼ਾ ਵਿਚ ਹੁੰਦਾ ਹੈ।

ਜੇ ਮੁਆਫ਼ੀ ਮੰਗਣ ਵਿਚ, ਅੱਗੋਂ ਆਪਣੇ ਆਪ ਨੂੰ ਸੁਧਾਰਨ ਦਾ ਵਾਅਦਾ ਨਾ ਹੋਵੇ ਤਾਂ ਉਹ ਮੁਆਫ਼ੀ, ਮੁਆਫ਼ੀ ਨਹੀਂ ਹੁੰਦੀ, ਚਤੁਰਾਈ ਹੁੰਦੀ ਹੈ।

ਸਫ਼ਲ ਗੱਲਬਾਤ ਵਿਚ ਕੁਝ ਲੁਕਾਇਆ ਨਹੀਂ ਜਾਂਦਾ, ਇਸ ਲਈ ਹੀ ਇਹ ਸਫ਼ਲ ਗੱਲਬਾਤ ਕਹਾਉਂਦੀ ਹੈ।

ਜੇ ਖਿੜੇ-ਮੱਥੇ ਮੰਨ ਲਈਏ ਕਿ ਹਰ ਕਿਸੇ ਵਿਚ ਨੁਕਸ ਹੁੰਦੇ ਹਨ ਤਾਂ ਹਰੇਕ ਦਾ ਸਤਿਕਾਰ ਕਰਨਾ ਸੌਖਾ ਹੋ ਜਾਂਦਾ ਹੈ।

ਸੰਵਾਰ ਕੇ ਲਿਖੀ ਚਿੱਠੀ, ਸੁੱਖ ਅਤੇ ਖ਼ੁਸ਼ਹਾਲੀ ਦਾ ਸੁਨੇਹਾ ਹੁੰਦੀ ਹੈ।

ਜਿਨ੍ਹਾਂ ਕੋਲ ਪਹਿਲਾਂ ਹੀ ਧਨ ਵਧੇਰੇ ਹੁੰਦਾ ਹੈ, ਉਹੀ ਅਕਸਰ ਵਧੇਰੇ ਲਾਲਚੀ ਅਤੇ ਵੱਧ ਕੰਜੂਸ ਹੁੰਦੇ ਹਨ।

ਕਿਸੇ ਕੰਮਚੋਰ, ਆਲਸੀ ਅਤੇ ਸੁਸਤ ਪਸ਼ੂ ਦੀ ਕੋਈ ਮਿਸਾਲ ਨਹੀਂ ਮਿਲਦੀ।

ਜਿਥੇ ਹਰ ਕੋਈ ਆਪਣੀ ਰਾਇ ਖੁੱਲ੍ਹ ਕੇ ਪ੍ਰਗਟਾਉਂਦਾ ਹੈ, ਉਥੇ ਹੋਇਆ ਫੈਸਲਾ ਸਭ ਲਈ ਲਾਭਕਾਰੀ ਹੁੰਦਾ ਹੈ।

ਜੇ ਤੁਹਾਡਾ ਨਾਂ ਲੈਣ ਲੱਗਿਆਂ, ਮਾਪਿਆਂ ਨੂੰ ਸਿਰ ਨਿਵਾਉਣਾ ਪੈਂਦਾ ਹੈ ਤਾਂ ਇਹ ਸਬੂਤ ਹੈ ਕਿ ਤੁਹਾਡੇ ਚਰਿੱਤਰ ਵਿਚ ਕੋਈ ਨੁਕਸ ਹੈ।

ਜਵਾਨ ਹੋ ਰਹੇ ਬੱਚੇ ਅਕਸਰ ਮਾਪਿਆਂ ਨੂੰ ਕਹਿੰਦੇ ਹਨ: ਤੁਸੀਂ ਕੀ ਬੱਚਿਆਂ ਵਾਲੀਆਂ ਗੱਲਾਂ ਕਰ ਰਹੇ ਹੋ?

ਜਿਸ ਦਾ ਸਤਿਕਾਰ ਨਹੀਂ, ਉਸ ਦੀ ਨਸੀਹਤ ਦਾ ਮਹੱਤਵ ਵੀ ਨਹੀਂ ਹੋਵੇਗਾ।

ਜਿਥੇ ਅਯਾਸ਼ੀ ਹੋਵੇਗੀ, ਉਥੇ ਸਿਆਪਾ ਵੀ ਪਏਗਾ।

ਜਿਹੜਾ ਕਿਸੇ ਵਿਚਾਰ-ਵਟਾਂਦਰੇ ਵਿਚ ਚੁੱਪ ਕਰਕੇ ਬੈਠੇਗਾ, ਉਹ ਹੋਏ ਫੈਸਲੇ ਨਾਲ ਸਹਿਮਤ ਨਹੀਂ ਹੋਵੇਗਾ।

ਨਾਟਕ ਵਿਚ, ਨਾਇਕ ਨੂੰ ਦਿਲਚਸਪ, ਖਲਨਾਇਕ ਬਣਾਉਂਦਾ ਹੈ।

ਜੇ ਚੰਦਰਮਾ ਕਾਰਨ ਜਵਾਰ-ਭਾਟਾ ਨਾ ਹੁੰਦਾ ਤਾਂ ਸਮੁੰਦਰ ਨੇ ਵਿਸ਼ਾਲ ਟੋਭੇ ਦਾ ਰੂਪ ਧਾਰ ਲੈਣਾ ਸੀ।

ਜੇ ਮਨੁੱਖ ਨੇ ਪਿਆਰ ਨਾ ਕੀਤਾ ਹੁੰਦਾ ਤਾਂ ਉਸ ਨੇ ਰੱਬ ਨੂੰ ਵੀ ਨਹੀਂ ਸੀ ਸਿਰਜਣਾ।

ਕਿਸੇ ਦੀ ਕਬਰ ਵਿਚ ਕੋਈ ਹੋਰ ਨਹੀਂ ਲੇਟਦਾ।

ਕੋਝ ਜ਼ਿੰਦਗੀ ਵਿਚ ਹੀ ਹੁੰਦਾ ਹੈ, ਕਲਾ ਵਿਚ ਇਸ ਲਈ ਕੋਈ ਥਾਂ ਨਹੀਂ ਹੁੰਦੀ।

ਧਰਮ, ਫ਼ਲਸਫ਼ਾ ਨਹੀਂ ਹੁੰਦਾ, ਪਰ ਫਿਰ ਵੀ ਧਰਮ ਜੀਵਨ ਦੇ ਗੰਭੀਰ ਪ੍ਰਸ਼ਨਾਂ ਨੂੰ ਵਿਚਾਰਨ ਦਾ ਉਪਰਾਲਾ ਕਰਦਾ ਹੈ।

ਹਿੰਮਤ, ਕਾਰਜਾਂ ਵਿਚ ਉਘੜਨ ਤੋਂ ਪਹਿਲਾਂ, ਬੋਲਾਂ ਵਿਚ ਉਘੜਦੀ ਹੈ।

ਜਿਹੜਾ ਕਹਿੰਦਾ ਹੈ ਕਿ ਉਸ ਨੂੰ ਕਿਸੇ ਕੰਮ ਦਾ ਵੀਹ ਸਾਲ ਦਾ ਤਜਰਬਾ ਹੈ, ਵਾਸਤਵ ਵਿਚ ਉਸ ਨੂੰ ਤਜਰਬਾ ਤਾਂ ਇਕ ਸਾਲ ਦਾ ਹੀ ਹੁੰਦਾ ਹੈ, ਜਿਹੜਾ ਉਸ ਵਲੋਂ ਉੱਨੀ ਵਾਰ ਦੁਹਰਾਇਆ ਗਿਆ ਹੁੰਦਾ ਹੈ।

ਆਪਣੇ ਆਪ ਨੂੰ ਬਹੁਤ ਮਹੱਤਵਪੂਰਨ ਸਮਝਣ ਵਾਲੇ, ਹਰ ਵੇਲੇ ਕਿਸੇ ਨਾ ਕਿਸੇ ਨਾਲ, ਨਰਾਜ਼ ਹੀ ਰਹਿੰਦੇ ਹਨ।

ਭੈੜੇ ਬੰਦੇ ਦੀ ਗੈਰਹਾਜ਼ਰੀ ਨੂੰ, ਸਾਰੇ ਮਾਣਦੇ ਹਨ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਟ੍ਰੈਫਿਕ-ਜਾਮ, ਦੇਸ਼ ਦੇ ਆਰਥਿਕ ਵਿਕਾਸ ਦੇ ਸੂਚਕ ਹੁੰਦੇ ਹਨ ਪਰ ਇਹ ਮਾੜੇ ਪ੍ਰਬੰਧ ਦੇ ਵੀ ਸੂਚਕ ਹੁੰਦੇ ਹਨ।

ਧਰਮ ਕਹਿੰਦਾ ਹੈ : ਕਾਮ ਤਿਆਗੋ, ਪ੍ਰੇਮ ਕਰੋ, ਪਰ ਲੋਕ ਕਰਦੇ ਉਲਟ ਹਨ।

ਜੇ ਆਪਣੀ ਨੇਕ-ਕਮਾਈ ਜਾਣਨੀ ਚਾਹੁੰਦੇ ਹੋ ਤਾਂ ਆਪਣੀ ਅੱਖ ਵਿਚੋਂ ਇਕ ਅੱਥਰੂ ਵਹਾ ਕੇ ਵੇਖੋ ਕਿ ਕਿਤਨੇ ਹੱਥ ਪੂੰਝਣ ਲਈ ਉੱਠਦੇ ਹਨ।

ਤੁਸੀਂ ਦਿਲਚਸਪ ਹੋ ਜਾਂ ਨਹੀਂ, ਜਾਣਨ ਵਾਸਤੇ ਬੱਚੇ ਨੂੰ ਇਕ ਕਹਾਣੀ ਸੁਣਾਓ, ਜੇ ਉਹ ਕਹੇ: ਹੋਰ ਸੁਣਾਓ ਤਾਂ ਇਹ ਪ੍ਰਮਾਣ ਹੈ ਕਿ ਤੁਸੀਂ ਦਿਲਚਸਪ ਹੋ।

ਵੇਚਣ ਦਾ ਹੁਨਰ ਹੋਵੇ ਤਾਂ ਵੇਚਣ ਵਾਲੇ ਸਮੁੰਦਰ ਦੇ ਕਿਨਾਰੇ ਪਾਣੀ ਅਤੇ ਰੇਤ ਵੇਚਣ ਲੱਗ ਪੈਂਦੇ ਹਨ।

ਸੇਵਾ-ਮੁਕਤੀ ਉਪਰੰਤ, ਸਮਾਂ ਖਾਲੀ-ਖਾਲੀ ਅਤੇ ਟੈਲੀਫੋਨ ਚੁੱਪ-ਚੁੱਪ ਹੋ ਜਾਂਦਾ ਹੈ।

ਧੀ ਦੇ ਜੰਮਣ ਨਾਲ, ਇਕ ਹੋਰ ਖਾਨਦਾਨ ਦੀ ਸੰਭਾਵਨਾ ਉਜਾਗਰ ਹੋ ਜਾਂਦੀ ਹੈ।

ਡਰੋ ਨਾ, ਕਿਉਂਕਿ ਸੰਸਾਰ, ਡਰਿਆਂ ਹੋਇਆਂ ਨੂੰ ਹੋਰ ਡਰਾਉਂਦਾ ਹੈ।

ਜਿਹੜਾ ਕੰਮ ਗੁੱਸੇ ਨਾਲ ਕਰੋਗੇ, ਉਹ ਕੰਮ ਸ਼ਰਮਸਾਰ ਕਰੇਗਾ।

ਗੁਣ ਕਦੇ ਵੀ ਕਿਸੇ ਨੂੰ ਹਾਸੋਹੀਣਾ ਨਹੀਂ ਬਣਾਉਂਦੇ, ਪਰ ਜਿਹੜੇ ਗੁਣ ਨਾ ਹੋਣ, ਉਨ੍ਹਾਂ ਦੇ ਹੋਣ ਦਾ ਪਖੰਡ, ਹਰ ਕਿਸੇ ਨੂੰ ਹਾਸੋਹੀਣਾ ਬਣਾਉਂਦਾ ਹੈ।

ਕਿਸੇ ਦੀ ਪ੍ਰਸੰਸਾ ਕਰਦਿਆਂ, ਅਸੀਂ ਉਸ ਨੂੰ ਆਪਣੇ ਵਰਗਾ ਸਮਝਦੇ ਹਾਂ, ਇਵੇਂ ਅਸੀਂ ਆਪਣੀ ਵੀ ਪ੍ਰਸੰਸਾ ਕਰ ਰਹੇ ਹੁੰਦੇ ਹਾਂ।

ਕੰਮ ਕਰਨ ਵੇਲੇ ਸੰਦਾਂ ਨੂੰ ਲੱਭਣ ਵਾਲਾ ਕਾਰੀਗਰ, ਕੰਮ ਕਦੇ ਪੂਰਾ ਨਹੀਂ ਕਰੇਗਾ।

ਹੈਂਕੜਬਾਜ਼ ਅਫ਼ਸਰ, ਸੇਵਾ-ਮੁਕਤ ਹੋਣ ਵਾਲੇ ਦਿਨ ਹੀ ਦਮ ਤੋੜ ਜਾਂਦੇ ਹਨ।

ਨਿਕੰਮੇ ਬੰਦਿਆਂ ਦਾ ਭਵਿੱਖ ਨਹੀਂ ਹੁੰਦਾ; ਇਹੀ ਬੰਦੇ ਜੋਤਸ਼ੀਆਂ ਕੋਲ ਜਾਂਦੇ ਹਨ।

ਜੇ ਕੋਈ ਆਰਥਿਕ ਪੱਖੋਂ ਸੁਤੰਤਰ ਨਾ ਹੋਵੇ ਤਾਂ ਉਸ ਦੇ ਕਿਸੇ ਹੋਰ ਪੱਖੋਂ ਸੁਤੰਤਰ ਹੋਣ ਦੇ ਕੋਈ ਅਰਥ ਨਹੀਂ ਹੁੰਦੇ।

ਸ਼ਰੀਫ਼ ਬੰਦੇ, ਆਪਣੀ ਗਲਤੀ ਮੰਨ ਜਾਂਦੇ ਹਨ, ਕਿਉਂਕਿ ਗਲਤੀ ਮੰਨਣਾ, ਸ਼ਰਾਫ਼ਤ ਦਾ ਗੁਣ ਹੁੰਦਾ ਹੈ।

ਉੱਤਮ ਚੀਜ਼ਾਂ ਹੀ ਖਰੀਦੋ, ਇਹ ਵੀ ਬੱਚਤ ਦਾ ਇਕ ਢੰਗ ਹੁੰਦਾ ਹੈ।

ਪੜ੍ਹਿਆਂ-ਲਿਖਿਆਂ 'ਤੇ ਰਾਜ ਕਰਨਾ ਸੌਖਾ ਹੁੰਦਾ ਹੈ, ਪਰ ਉਨ੍ਹਾਂ 'ਤੇ ਹਕੂਮਤ ਕਰਨੀ ਬੜੀ ਔਖੀ ਹੁੰਦੀ ਹੈ।

ਧੰਨਵਾਦੀ ਹੋਣ ਦਾ ਗੁਣ, ਸਿਆਣਿਆਂ ਵਿਚ ਹੀ ਹੁੰਦਾ ਹੈ ਅਤੇ ਇਹ ਗੁਣ ਮਨੁੱਖ ਨੂੰ ਹੋਰ ਸਿਆਣਾ ਬਣਾ ਦਿੰਦਾ ਹੈ।

ਵਿਰਸੇ ਵਿਚ ਮਿਲੀ ਜਾਇਦਾਦ, ਅਕਸਰ ਹਿੰਮਤ ਅਤੇ ਉੱਦਮ ਨੂੰ ਮਾਰ ਦਿੰਦੀ ਹੈ।

ਪ੍ਰਸਿੱਧ ਵਿਅਕਤੀਆਂ ਨੂੰ ਇਕ ਪੜਾਓ 'ਤੇ ਬਦਨਾਮੀ ਵਾਲੇ ਰਿਸ਼ਤੇ ਅਤੇ ਕਾਰਜ, ਭਰਮਾਉਣ ਲੱਗ ਪੈਂਦੇ ਹਨ।

ਜੇ ਦੇਣ ਵਾਲਾ ਵਿਅਕਤੀ ਬਦਨਾਮ ਅਤੇ ਭੈੜਾ ਹੋਵੇ ਤਾਂ ਉਸ ਦਾ ਤੋਹਫ਼ਾ ਪਿਆਰ ਨਹੀਂ, ਨਫ਼ਰਤ ਹੀ ਉਪਜਾਏਗਾ।

ਪਸ਼ੂਆਂ ਕੋਲ ਬੁੱਧੀ ਨਹੀਂ ਹੁੰਦੀ, ਇਸੇ ਲਈ ਉਹ ਲੋੜ ਨਾਲੋਂ ਵੱਧ ਨਹੀਂ ਖਾਂਦੇ।

ਗੱਪਾਂ ਮਾਰਨਾ ਅਜਿਹਾ ਕਾਰਜ ਹੈ, ਜਿਸ ਨੂੰ ਸਾਰੇ ਵਿਹਲੇ ਖ਼ੂਬ ਮਾਣਦੇ ਹਨ।

ਔਖ ਅਤੇ ਤਕਲੀਫ਼ ਨੂੰ ਸਹਿਣ ਦੀ ਯੋਗਤਾ ਤੋਂ ਬਿਨਾਂ, ਪਹਾੜ 'ਤੇ ਨਹੀਂ ਚੜ੍ਹਿਆ ਜਾ ਸਕਦਾ।

ਬੇਈਮਾਨੀ ਕਾਰਨ ਬਦਨਾਮ ਹੋ ਕੇ ਮਨੁੱਖ, ਅਕਸਰ ਇਮਾਨਦਾਰ ਬਣ ਜਾਂਦਾ ਹੈ, ਪਰ ਉਸ 'ਤੇ ਇਤਬਾਰ ਕੋਈ ਨਹੀਂ ਕਰਦਾ।

ਜਦੋਂ ਕਿਸੇ ਵਿਚਾਰ ਦੇ ਯਥਾਰਥ ਬਣਨ ਦਾ ਸਮਾਂ ਆ ਜਾਵੇ ਤਾਂ ਸਾਰੇ ਵਿਰੋਧੀ ਹੱਥ ਮਲਣ ਲੱਗ ਪੈਂਦੇ ਹਨ।

ਅੱਠ ਦਹਾਕਿਆਂ ਦੇ ਸਿਰਦਰਦ ਨੂੰ ਜੀਵਨ ਕਹਿੰਦੇ ਹਨ, ਪਰ ਹਰ ਕੋਈ ਚਾਹੁੰਦਾ ਹੈ ਕਿ ਇਹ ਦਰਦ ਜਾਰੀ ਰਹੇ।

ਇਕੱਲੇ ਰਹਿਣ ਵਾਲਿਆਂ ਕੋਲ ਕਰਨ ਲਈ ਵਧੇਰੇ ਗੱਲਾਂ ਹੁੰਦੀਆਂ ਹਨ, ਪਰ ਬਹੁਤੀਆਂ ਮਨਘੜਤ ਹੀ ਹੁੰਦੀਆਂ ਹਨ।

ਇਸਤਰੀ ਦੀ ਨਾਂਹ ਆਰਜ਼ੀ ਹੁੰਦੀ ਹੈ, ਹਾਂ ਵੀ ਆਰਜ਼ੀ ਹੁੰਦੀ ਹੈ।

ਗੁੰਮਣ ਨਾਲ ਹਰ ਚੀਜ਼ ਵਧੇਰੇ ਮਹੱਤਵਪੂਰਨ ਹੋ ਜਾਂਦੀ ਹੈ।

ਲੋੜ ਵੇਲੇ ਪਸੰਦਗੀ-ਨਾਪਸੰਦਗੀ ਵੱਲ ਧਿਆਨ ਨਹੀਂ ਜਾਂਦਾ।

ਜੇ ਮੰਤਰੀ ਨਰਕ ਵਿਚ ਭਾਸ਼ਣ ਦੇਵੇਗਾ ਤਾਂ ਇਹੀ ਕਹੇਗਾ ਕਿ ਇਸ ਇਲਾਕੇ ਨੂੰ ਸਾਡੀ ਸਰਕਾਰ, ਪੰਜ ਸਾਲਾਂ ਵਿਚ ਸਵਰਗ ਬਣਾ ਦੇਵੇਗੀ।

ਚਰਿੱਤਰ, ਬਹੁਤਾਤ ਅਤੇ ਥੁੜ੍ਹ, ਦੋਹਾਂ ਵਿਚ ਪਰਖਿਆ ਜਾਂਦਾ ਹੈ।

ਸੋਹਣੀਆਂ ਇਸਤਰੀਆਂ ਬਾਰੇ, ਬੜੀਆਂ ਕੋਝੀਆਂ ਅਫ਼ਵਾਹਾਂ ਫੈਲਦੀਆਂ ਹਨ।

ਜੇ ਪ੍ਰੇਮਿਕਾ ਨਾਲ ਹੋਵੇ ਤਾਂ ਸਭ ਤੋਂ ਵਧੇਰੇ ਰੌਣਕ ਇਕਾਂਤ ਵਿਚ ਹੁੰਦੀ ਹੈ।

ਜਿਨ੍ਹਾਂ ਨੂੰ ਭੇਤ ਲੁਕਾਉਣਾ ਨਹੀਂ ਆਉਂਦਾ, ਉਹ ਹੋਰਾਂ ਦੇ ਭੇਤ ਜਾਣਨ ਦੇ ਵਧੇਰੇ ਸ਼ੌਕੀਨ ਹੁੰਦੇ ਹਨ।

ਧਰਮ ਖੁੰਢੀ ਤਲਵਾਰ ਅਤੇ ਤਿੱਖੀ ਢਾਲ ਹੁੰਦਾ ਹੈ; ਇਹ ਜ਼ਖ਼ਮੀ ਨਹੀਂ ਕਰਦਾ, ਨਿਤਾਣਾ ਕਰਦਾ ਹੈ।

ਅਮੀਰਾਂ ਨੂੰ ਸਤਿਕਾਰਯੋਗ ਕਿਹਾ ਜਾਂਦਾ ਹੈ, ਗਰੀਬਾਂ ਨੂੰ ਸਾਊ ਕਹਿੰਦੇ ਹਨ।

ਪਲੈਟੋ ਨੇ ਸੰਸਾਰ ਨੂੰ ਦੱਸਿਆ ਸੀ ਕਿ ਇਕ ਫ਼ਿਲਾਸਫ਼ਰ ਨੂੰ ਕਿਵੇਂ ਸੋਚਣਾ-ਬੋਲਣਾ ਅਤੇ ਕਾਰਜ ਕਰਨਾ ਚਾਹੀਦਾ ਹੈ।

ਸੋਚਹੀਣਤਾ, ਪਰੰਪਰਾ ਦੀ ਬੁਨਿਆਦ ਹੁੰਦੀ ਹੈ।

ਸੋਚਣ ਦੀ ਦਲੇਰੀ ਅਤੇ ਪ੍ਰਗਟਾਵੇ ਦੀ ਸਪਸ਼ਟਤਾ, ਵਿਦਵਾਨ ਦੇ ਗੁਣ ਹੁੰਦੇ ਹਨ।

ਬਲਵਾਨ ਅਤੇ ਹਿੰਮਤੀ ਕੌਮਾਂ, ਸੁਸਤ ਅਤੇ ਕਮਜ਼ੋਰ ਕੌਮਾਂ ਨਾਲ ਵਿਆਹ ਰਾਹੀਂ ਰਿਸ਼ਤੇ ਗੰਢ ਕੇ, ਆਪ ਵੀ ਕਮਜ਼ੋਰ ਹੋ ਜਾਂਦੀਆਂ ਹਨ।

ਜ਼ਾਤ-ਪਾਤ ਵਰਗੀ ਸਥਾਪਤ ਪਰੰਪਰਾ ਨੂੰ ਬਦਲਣ ਲਈ, ਲੱਖਾਂ ਦੇ ਸਹਿਯੋਗ ਅਤੇ ਸਦੀਆਂ ਦੇ ਪ੍ਰਯੋਗ ਦੀ ਲੋੜ ਪੈਂਦੀ ਹੈ।

ਨੈਤਿਕ ਨੇਮ ਪ੍ਰੇਰਦੇ ਹਨ; ਕਾਨੂੰਨੀ ਨੇਮ ਮਜਬੂਰ ਕਰਦੇ ਹਨ।

ਤਰਕਹੀਣ ਇੱਛਾਵਾਂ, ਮਨੁੱਖ ਨੂੰ ਜੀਵਨ ਭਰ ਭਜਾਈ ਫਿਰਦੀਆਂ ਹਨ।

ਪਰੰਪਰਾ ਵਿਚ ਤਰਕ ਨਹੀਂ ਹੁੰਦਾ, ਪ੍ਰਵਾਨਗੀ-ਅਪ੍ਰਵਾਨਗੀ ਹੀ ਹੁੰਦੀ ਹੈ।

ਸ਼ਰਧਾਲੂਆਂ ਲਈ ਧਰਮ, ਉਤਨਾ ਵਿਸ਼ਵਾਸ ਦਾ ਨਹੀਂ, ਜਿਤਨਾ ਸ਼ਕਤੀ ਦਾ ਸਰੋਤ ਹੁੰਦਾ ਹੈ।

ਭ੍ਰਿਸ਼ਟਾਚਾਰ ਅਤੇ ਪਾਪ, ਹਰ ਯੁੱਗ ਦੇ ਵਰਤਾਰੇ ਰਹੇ ਹਨ।

ਉਦਯੋਗਿਕ-ਸਮਾਜ ਵਿਚ, ਖੇਤੀ-ਸਮਾਜ ਵਾਲੀ ਨੈਤਿਕਤਾ ਨਹੀਂ ਚੱਲਦੀ।

ਨਿਰੋਧ ਨੇ, ਸੰਭੋਗ ਨੂੰ ਗਰਭ ਤੋਂ ਨਿਖੇੜ ਕੇ ਅਤੇ ਅਣਚਾਹੇ ਗਰਭ ਦਾ ਡਰ ਦੂਰ ਕਰਕੇ, ਇਸਤਰੀ-ਪੁਰਸ਼ ਦਾ ਰਿਸ਼ਤਾ ਬਦਲ ਦਿੱਤਾ ਹੈ।

ਸ਼ਹਿਰਾਂ ਨੇ ਨਾਜਾਇਜ਼ ਰਿਸ਼ਤਿਆਂ ਦੀਆਂ ਸੰਭਾਵਨਾਵਾਂ ਵਧਾਈਆਂ ਹਨ, ਪਰ ਵਿਆਹ ਦੀ ਸਫ਼ਲਤਾ ਦੀਆਂ ਸੰਭਾਵਨਾਵਾਂ ਘਟਾਈਆਂ ਹਨ।

ਭਾਵੇਂ ਨੈਪੋਲੀਅਨ ਅੰਤ ਨੂੰ ਹਾਰਿਆ, ਪਰ ਉਹ ਗਿਣਿਆ ਸੰਸਾਰ ਦੇ ਮਹਾਨ ਜੇਤੂਆਂ ਵਿਚ ਜਾਂਦਾ ਹੈ।

ਜਾਬਰ, ਮੌਤ ਦੇ ਘਾਟ ਉਤਾਰੇ ਜਾਂਦੇ ਹਨ; ਸ਼ਹੀਦ, ਮੌਤ ਦੇ ਰਾਹ ਪੈ ਜਾਂਦੇ ਹਨ।

ਮਹੱਤਵਪੂਰਨ ਮਸਲੇ ਉਹ ਹੁੰਦੇ ਹਨ, ਜਿਨ੍ਹਾਂ ਬਾਰੇ ਬਹਿਸ ਜਾਰੀ ਰਹਿੰਦੀ ਹੈ।

ਵਿਸ਼ਵਾਸ ਜਿਤਨਾ ਸਰਲ ਹੋਵੇਗਾ, ਉਤਨਾ ਪੱਕਾ ਹੋਵੇਗਾ; ਰੱਬ ਵਿਚ ਵਿਸ਼ਵਾਸ ਉਦਾਹਰਣ ਹੈ।

ਜਿਸ ਕੋਲ ਵੀ ਮਿਹਨਤ ਤੋਂ ਬਿਨਾਂ ਆਮਦਨ ਆਵੇਗੀ, ਉਹ ਭ੍ਰਿਸ਼ਟ ਅਤੇ ਵਿਭਚਾਰੀ ਹੋ ਨਿਬੜੇਗਾ।

ਆਪਣੀਆਂ ਪਰੰਪਰਾਵਾਂ ਕਾਰਨ, ਸਮਾਜ ਲੀਹ ਤੋਂ ਉਤਰਨ ਤੋਂ ਬਚਿਆ ਰਹਿੰਦਾ ਹੈ।

ਸੰਸਾਰ ਦੀ ਦੌਲਤ ਭਾਵੇਂ ਕਿਤਨੀ ਵਾਰ ਮੁੜ-ਮੁੜ ਵੰਡ ਦਿੱਤੀ ਜਾਵੇ, ਹਰ ਵਾਰ ਇਹ, ਦੌਲਤ ਨੂੰ ਸੰਭਾਲਣ ਵਾਲੇ ਮਾਹਿਰ ਲੋਕਾਂ ਕੋਲ ਇਕੱਤਰ ਹੋਣ ਲੱਗ ਪਵੇਗੀ।

ਸਮਾਜ ਨੂੰ ਚਲਾਉਂਦਾ ਸਵਾਰਥ ਹੈ, ਪਰ ਇਸ ਨੂੰ ਨੇਮ-ਬੱਧ ਕਰਨ ਦਾ ਕਾਰਜ, ਪੈਸਾ ਕਰਦਾ ਹੈ।

ਹਰ ਕਿਸੇ ਦੀ ਸੁਤੰਤਰਤਾ ਸੰਭਵ ਬਣਾਉਣ ਵਾਸਤੇ, ਹਰ ਕਿਸੇ ਦੀ ਸੁਤੰਤਰਤਾ 'ਤੇ ਸੀਮਾ ਲਗਦੀ ਹੈ।

ਬੰਦਿਆਂ ਦੇ ਤਿਲ੍ਹਕਣ ਅਤੇ ਰਿਸ਼ਤਿਆਂ ਦੇ ਹਿੱਲਣ ਨਾਲ, ਵਿਅਕਤੀ ਦੁਖੀ ਅਤੇ ਪਰਿਵਾਰ ਪਰੇਸ਼ਾਨ ਹੁੰਦੇ ਹਨ।

ਸਵਾਰਥੀ ਉਹ ਹੁੰਦਾ ਹੈ, ਜਿਹੜਾ ਨਿੱਕੇ ਜਿਹੇ ਲਾਭ ਵਾਸਤੇ, ਬੜਾ ਪੁਰਾਣਾ ਅਤੇ ਨਿੱਘਾ ਰਿਸ਼ਤਾ ਕੁਰਬਾਨ ਕਰ ਦਿੰਦਾ ਹੈ।

ਅਧੂਰੀ ਜਾਣਕਾਰੀ ਆਪਣੀ ਕਿਸਮ ਦੀ ਹਉਮੈਂ ਉਪਜਾਉਂਦੀ ਹੈ, ਜਿਹੜੀ ਪੂਰੀ ਜਾਣਕਾਰੀ ਮਿਲਣ 'ਤੇ ਲੋਪ ਹੋ ਜਾਂਦੀ ਹੈ।

ਨਾਲਾਇਕੀ ਦਾ ਨਾ ਕੋਈ ਇਲਾਜ ਹੈ ਅਤੇ ਨਾ ਹੀ ਕਦੇ ਕਿਸੇ ਇਲਾਜ ਦੇ ਲੱਭ ਪੈਣ ਦੀ ਸੰਭਾਵਨਾ ਹੈ।

ਕਵਿਤਾ ਵਿਉਂਤ ਬਣਾ ਕੇ ਨਹੀਂ ਲਿਖੀ ਜਾ ਸਕਦੀ, ਵਾਰਤਕ ਵਿਉਂਤ ਬਣਾਉਣ ਤੋਂ ਬਿਨਾਂ ਲਿਖੀ ਜਾਣੀ ਸੰਭਵ ਨਹੀਂ ਹੁੰਦੀ।

ਭੈੜੇ ਬੰਦੇ ਤੋਂ ਵਿਛੜ ਕੇ, ਆਪਣਾ-ਆਪ ਖੁੱਲ੍ਹਾ-ਖੁੱਲ੍ਹਾ ਅਤੇ ਚੰਗੇ ਬੰਦੇ ਤੋਂ ਵਿਛੜਨ ਨਾਲ, ਆਪਣਾ-ਆਪ ਖਾਲੀ-ਖਾਲੀ ਲਗਦਾ ਹੈ।

ਵਿਚਾਰਾਂ ਨਾਲ ਭਾਸ਼ਾ, ਗਰਭਵਤੀ ਹੁੰਦੀ ਰਹਿੰਦੀ ਹੈ।

ਸਜ਼ਾ ਦੇ ਡਰ ਤੋਂ ਬਿਨਾਂ, ਅਨੁਸ਼ਾਸਨ ਸੰਭਵ ਨਹੀਂ ਹੁੰਦਾ; ਅਨੁਸ਼ਾਸਨ ਤੋਂ ਬਿਨਾਂ ਕਿਸੇ ਵਿਕਾਸ ਦੀ ਸੰਭਾਵਨਾ ਨਹੀਂ ਹੁੰਦੀ।

ਕਿਸੇ ਵੀ ਚੀਜ਼ ਦਾ ਬੇਰੋਕ ਵਾਧਾ, ਨਫ਼ਰਤ ਅਤੇ ਵਿਰੋਧ ਉਪਜਾਉਂਦਾ ਹੈ।

ਮੌਤ ਸੁਭਾਵਕ ਹੈ, ਜੇ ਇਹ ਸੁਭਾਵਕ ਢੰਗ ਨਾਲ, ਸੁਭਾਵਕ ਸਮੇਂ ਆਵੇ ਤਾਂ ਇਸ ਨੂੰ ਸਾਰੇ ਪ੍ਰਵਾਨ ਕਰਦੇ ਹਨ।

ਜਿਉਂ-ਜਿਉਂ ਮਨੁੱਖ ਵਿਚ ਧੰਨਵਾਦ ਦੀ ਭਾਵਨਾ ਘਟਦੀ ਹੈ, ਤਿਉਂ-ਤਿਉਂ ਉਸ ਵਿਚ ਸ਼ਿਕਵੇ-ਸ਼ਿਕਾਇਤਾਂ ਕਰਨ ਦੀ ਸਮਰੱਥਾ ਵਧਦੀ ਹੈ।

ਕੁਝ ਪੁਸਤਕਾਂ ਸਾਡੀਆਂ ਮੁਸ਼ਕਿਲਾਂ ਹੱਲ ਕਰਦੀਆਂ ਹਨ; ਕੁਝ ਪੁਸਤਕਾਂ ਨੂੰ ਪੜ੍ਹਨਾ ਹੀ, ਮੁਸ਼ਕਿਲ ਬਣ ਜਾਂਦੀ ਹੈ।

ਇਸਤਰੀ ਜੇ ਭੁੱਲਦੀ ਹੈ ਤਾਂ ਪੁਰਸ਼ ਦੇ ਜੁਰਮ ਵੀ ਭੁੱਲ ਜਾਂਦੀ ਹੈ; ਜੇ ਭੰਡਣ 'ਤੇ ਆਉਂਦੀ ਹੈ ਤਾਂ ਪੁਰਸ਼ ਦੇ ਗੁਣ ਵੀ ਭੰਡਦੀ ਹੈ।

ਪੈਸਾ ਕਮਾਉਣ ਲਈ ਦਿਮਾਗ ਅਤੇ ਖਰਚਣ ਲਈ ਦਿਲ ਚਾਹੀਦਾ ਹੁੰਦਾ ਹੈ।

ਇਮਾਨਦਾਰ ਰਾਜਸੀ ਆਗੂ, ਅੱਠਵਾਂ ਅਜੂਬਾ ਅਖਵਾਉਂਦਾ ਹੈ।

ਜਿਹੜਾ ਦੋ ਪੈੱਗਾਂ ਦੇ ਵਿਚਕਾਰਲੇ ਸਮੇਂ ਵਿਚ ਵੀ ਪੈੱਗ ਪੀਂਦਾ ਰਹੇ, ਉਸ ਨੂੰ ਪਿਅੱਕੜ ਕਿਹਾ ਜਾਂਦਾ ਹੈ।

ਲੜਾਕੇ ਵਿਦਿਆਰਥੀ, ਰੋਜ਼ ਸਕੂਲ ਆਉਂਦੇ ਹਨ।

ਨੀਂਦਰ ਦੌਰਾਨ ਮੁਫ਼ਤ ਵੇਖੀਆਂ ਫਿਲਮਾਂ ਨੂੰ, ਸੁਪਨੇ ਕਿਹਾ ਜਾਂਦਾ ਹੈ।

ਜਦੋਂ ਬੱਚੇ ਦੇ ਪੱਖ ਵਿਚ ਮਾਂ ਹੀ ਨਹੀਂ, ਦਾਦੀ ਵੀ ਖਲੋ ਜਾਵੇ ਤਾਂ ਉਸ ਦਾ ਹੌਸਲਾ ਵੱਧ ਜਾਂਦਾ ਹੈ।

ਸਵਾਗਤੀ ਸੋਹਣੇ ਬੁਲ੍ਹ, ਠੋਡੀ 'ਤੇ ਕਾਲੇ ਤਿੱਲ ਅਤੇ ਗੱਲ੍ਹਾਂ ਵਿਚ ਟੋਇਆਂ ਵਰਗੇ ਜ਼ੇਵਰ, ਰੱਬ ਹੀ ਬਣਾਉਂਦਾ ਹੈ।

ਹਥਿਆਰਾਂ ਵਿਚ, ਆਪਣਿਆਂ-ਪਰਾਇਆਂ ਦੀ ਸੋਝੀ ਨਹੀਂ ਹੁੰਦੀ।

ਲਿਪਸਟਿਕ ਨਾਲ, ਪੁਰਾਣੇ ਬੁੱਲ੍ਹਾਂ 'ਤੇ, ਨਵੀਂ ਰੌਣਕ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਆਧੁਨਿਕ ਪਤਨੀ ਜਾਣਦੀ ਹੁੰਦੀ ਹੈ ਕਿ ਪਤੀ ਨੂੰ ਚੰਗਾ ਲੱਗਣ ਵਾਲਾ ਖਾਣਾ ਕਿਹੜੇ ਹੋਟਲ ਵਿਚ ਮਿਲਦਾ ਹੈ।

ਜੇ ਇਸਤਰੀ-ਪੁਰਸ਼ ਵਿਆਹ ਉਪਰੰਤ ਉਵੇਂ ਵਿਹਾਰ ਕਰਨ, ਜਿਵੇਂ ਉਨ੍ਹਾਂ ਨੇ ਮੰਗਣੀ ਅਤੇ ਵਿਆਹ ਦੇ ਵਿਚਕਾਰਲੇ ਸਮੇਂ ਦੌਰਾਨ ਕੀਤਾ ਸੀ ਤਾਂ ਤਲਾਕ ਇਕ ਵੀ ਨਹੀਂ ਹੋਵੇਗਾ, ਪਰ ਦੀਵਾਲਾ ਹਰੇਕ ਦਾ ਨਿਕਲ ਜਾਵੇਗਾ।

ਕਈਆਂ ਦੀ ਜ਼ਿੰਦਗੀ ਵਿਚ ਭਲਕ ਆਉਂਦੀ ਹੀ ਨਹੀਂ, ਲੰਘ ਗਈ ਕੱਲ੍ਹ ਹੀ ਬਾਰ-ਬਾਰ ਦੁਹਰਾਈ ਜਾਂਦੀ ਹੈ।

ਕਵੀ ਨੂੰ ਇਨਾਮ ਨਹੀਂ ਚਾਹੀਦਾ ਹੁੰਦਾ, ਪਰ ਦਾਦ ਦੀ ਡਾਢੀ ਲੋੜ ਹੁੰਦੀ ਹੈ।

ਜੇ ਪਿਆਰਾ ਮਿਠ-ਬੋਲੜਾ ਵੀ ਹੋਵੇ ਅਤੇ ਸੋਹਣਾ ਵੀ ਹੋਵੇ ਤਾਂ ਸਮਝ ਨਹੀਂ ਆਉਂਦੀ ਕਿ ਕੰਨ ਬੰਦ ਕਰਕੇ ਵੇਖਦੇ ਰਹੀਏ ਜਾਂ ਅੱਖਾਂ ਬੰਦ ਕਰਕੇ ਸੁਣਦੇ ਰਹੀਏ।

ਜਿਹੜਾ ਵੀ ਜ਼ੁਲਮ ਵਿਰੁੱਧ ਲੜੇਗਾ, ਉਸ ਦੇ ਰਸਤੇ ਵਿਚ ਜਾਂ ਚਮਕੌਰ ਆਵੇਗਾ ਜਾਂ ਸਰਹਿੰਦ ਆਵੇਗਾ।

ਬੁਝ ਜਾਣ ਦਾ ਡਰ, ਅਨੇਕਾਂ ਨੂੰ ਬਲਣ ਹੀ ਨਹੀਂ ਦਿੰਦਾ।

ਚੰਗਾ ਮਹਿਮਾਨ ਉਹ ਹੁੰਦਾ ਹੈ, ਜਿਸ ਦੇ ਆਉਣ ਤੋਂ ਪਹਿਲਾਂ, ਆਪਣਾ ਘਰ ਛੋਟਾ-ਛੋਟਾ ਲੱਗੇ ਅਤੇ ਉਸ ਦੇ ਬੈਠਿਆਂ ਵੱਡਾ-ਵੱਡਾ ਲੱਗੇ।

ਜਿਹੜੀਆਂ ਮੇਖਾਂ ਠੀਕ ਨਾ ਠੁਕੀਆਂ ਹੋਣ, ਉਹ ਚੁਭਦੀਆਂ ਰਹਿੰਦੀਆਂ ਹਨ, ਇਹ ਨੇਮ ਰਿਸ਼ਤਿਆਂ 'ਤੇ ਵੀ ਲਾਗੂ ਹੁੰਦਾ ਹੈ।

ਲੁਟਿਆ ਕਾਫ਼ਲਾ, ਕਟੀ ਪਤੰਗ, ਟੁੱਟੀ ਵੰਗ, ਜ਼ੁਲਫ਼ ਵਿਚੋਂ ਡਿੱਗਿਆ ਫੁੱਲ, ਤਿੜਕਿਆ ਵਿਸ਼ਵਾਸ, ਇਹ ਸਾਰੇ ਪਰੇਸ਼ਾਨੀਆਂ ਦੇ ਨਾਂ ਹਨ।

ਜੇ ਇਤਰੀ ਘਰ ਅੰਦਰ ਸੁਰੱਖਿਅਤ ਨਹੀਂ ਤਾਂ ਉਹ ਕਿਧਰੇ ਵੀ ਸੁਰੱਖਿਅਤ ਨਹੀਂ।

ਜੇਲ੍ਹ ਵਰਗਾ ਸਕੂਲ ਹੋਣਾ, ਜੇਲ੍ਹ ਅਤੇ ਸਕੂਲ ਦੋਹਾਂ ਦੀ ਤੌਹੀਨ ਹੈ।

ਇਸਤਰੀਆਂ ਗੁੱਸੇ ਨਹੀਂ ਹੁੰਦੀਆਂ, ਰੋਣ ਲੱਗ ਪੈਂਦੀਆਂ ਹਨ; ਪੁਰਸ਼ ਰੋਂਦੇ ਨਹੀਂ, ਗੁੱਸੇ ਹੋਣ ਲੱਗ ਪੈਂਦੇ ਹਨ।

ਦਿਲ ਦੇ ਰਿਸ਼ਤਿਆਂ ਵਿਚ, ਜ਼ਾਤ-ਪਾਤ ਨਹੀਂ ਹੁੰਦੀ।

ਪ੍ਰੇਮਿਕਾ ਦੀਆਂ ਯਾਦਾਂ ਨਾਲ, ਪ੍ਰੇਮੀ ਦੀ ਮਹਿਫ਼ਲ ਸੱਜ ਜਾਂਦੀ ਹੈ।

ਧਰਮ ਜੈਕਾਰਿਆਂ ਤੋਂ ਬਿਨਾਂ, ਰਾਜਨੀਤੀ ਨਾਅਰਿਆਂ ਤੋਂ ਬਿਨਾਂ ਅਤੇ ਪਿਆਰ ਲਾਰਿਆਂ ਤੋਂ ਬਿਨਾਂ ਚੱਲਦੇ ਹੀ ਨਹੀਂ।

ਸਭ ਕੁਝ ਕਰਨ ਦੇ ਯਤਨ ਵਿਚ, ਕੁਝ ਵੀ ਨਹੀਂ ਹੋਵੇਗਾ।

ਨਿਕੰਮੇ ਬੰਦੇ, ਭਾਵੇਂ ਕਿਧਰੇ ਵੀ, ਕਿਵੇਂ ਵੀ ਬੈਠਣ-ਖਲੋਣ, ਵਿਖਾਈ ਉਨ੍ਹਾਂ ਦਾ ਨਿਕੰਮਾਪਣ ਹੀ ਦੇਵੇਗਾ।

ਕਈ ਵਾਰੀ ਕੁਝ ਕਰਨ ਵਾਸਤੇ, ਮਨ ਨਹੀਂ ਮੰਨਦਾ, ਦਿਲ ਅਤੇ ਦਿਮਾਗ ਵੀ ਨਹੀਂ ਮੰਨਦੇ, ਮਜਬੂਰੀ ਮਨਵਾ ਲੈਂਦੀ ਹੈ।

ਸੁੰਦਰਤਾ ਦੱਸਦੀ ਹੈ ਕਿ ਰੱਬ ਕਿੱਥੋਂ-ਕਿੱਥੋਂ ਲੰਘਿਆ ਹੈ।

ਸ਼ਰਧਾ ਕਿਸੇ ਪ੍ਰਤੀ ਹੋਵੇ, ਪ੍ਰਗਟਾਈ ਇਹ ਝੁਕਣ ਨਾਲ ਹੀ ਜਾਂਦੀ ਹੈ।

ਜ਼ਿੰਦਗੀ ਦੇ ਕੋਈ ਅਰਥ ਨਹੀਂ ਹੁੰਦੇ; ਜ਼ਿੰਦਗੀ ਵਿਚ ਅਰਥ, ਜ਼ਿੰਦਗੀ ਜਿਊਣ ਵਾਲੇ ਨੇ ਪਾਉਣੇ ਹੁੰਦੇ ਹਨ।

ਡਰਿਆ ਹੋਇਆ ਬੰਦਾ, ਅੱਖਾਂ ਖੋਲ੍ਹ ਕੇ ਸੌਂਦਾ ਹੈ।

ਜ਼ਿੰਦਗੀ ਦੀਆਂ ਸਾਰੀਆਂ ਚੰਗੀਆਂ ਅਤੇ ਸੁੰਦਰ ਵਸਤਾਂ, ਕੇਵਲ ਅੱਖਾਂ ਨਾਲ ਨਹੀਂ ਵੇਖੀਆਂ ਜਾ ਸਕਦੀਆਂ।

ਜੇ ਮਨ ਤਿਆਰ ਹੋਵੇ ਤਾਂ ਕਿਸੇ ਹੋਰ ਤਿਆਰੀ ਦੀ ਲੋੜ ਨਹੀਂ ਪੈਂਦੀ।

ਗਿਆਨ ਆਉਂਦਾ ਹੈ, ਕਿਉਂਕਿ ਗਿਆਨ ਦਾ ਸੁਭਾਓ ਪੁਰਸ਼ ਵਾਲਾ ਹੈ; ਸਿਆਣਪ ਆਉਂਦੀ ਹੈ, ਕਿਉਂਕਿ ਸਿਆਣਪ ਦਾ ਸੁਭਾਓ ਇਸਤਰੀ ਵਾਲਾ ਹੈ।

ਯੋਗਤਾ ਹਰ ਕਿਸੇ ਵਿਚ ਹੁੰਦੀ ਹੈ, ਪਰ ਅਨੇਕਾਂ ਇਸ ਨੂੰ ਵਰਤਦੇ ਨਹੀਂ।

ਜਦੋਂ ਵੀ ਮਿਹਰਬਾਨੀ ਕਰਨ ਦਾ ਅਵਸਰ ਮਿਲੇ, ਥੋੜ੍ਹੀ ਜਿਹੀ ਵਾਧੂ ਕਰੋ; ਪ੍ਰਸੰਸਾ ਉਤਨੀ ਮਿਹਰਬਾਨੀ ਦੀ ਨਹੀਂ ਹੋਵੇਗੀ, ਜਿਤਨੀ ਵਾਧੂ ਭਾਗ ਦੀ ਹੋਵੇਗੀ।

ਜਿਹੜਾ ਦਰੱਖ਼ਤ ਝੱਖੜ ਨਾਲ ਬਹਿਸਦਾ ਹੈ, ਉਹ ਦਰੱਖ਼ਤ ਨਹੀਂ ਰਹਿੰਦਾ।

ਮਿਹਨਤ ਤੋਂ ਬਿਨਾਂ ਸੋਨਾ ਬਣਨ ਦੀ ਤਾਂਘ, ਪਿੱਤਲ ਵੀ ਨਹੀਂ ਬਣਨ ਦਿੰਦੀ।

ਅਸੀਂ ਬੜਾ ਵਿਕਾਸ ਕੀਤਾ ਹੈ, ਪਹਿਲਾਂ ਕੋਈ-ਕੋਈ ਫ਼ਿਕਰ ਕਰਦਾ ਸੀ, ਹੁਣ ਹਰ ਕਿਸੇ ਨੂੰ ਅਨੇਕਾਂ ਚਿੰਤਾਵਾਂ ਹਨ।

ਜਿਸ ਨੂੰ ਕਿਸੇ ਦੀ ਪ੍ਰਵਾਹ ਨਹੀਂ, ਕੋਈ ਉਸ ਦੀ ਵੀ ਪ੍ਰਵਾਹ ਨਹੀਂ ਕਰਦਾ।

ਜਵਾਨੀ ਪ੍ਰਵਾਹ ਨਹੀਂ ਕਰਦੀ ਕਿ ਸੰਸਾਰ ਉਸ ਬਾਰੇ ਕੀ ਸੋਚਦਾ ਹੈ; ਅਧਖੜ ਉਮਰ ਵਿਚ ਚਿੰਤਾ ਹੁੰਦੀ ਹੈ ਕਿ ਸੰਸਾਰ ਪਤਾ ਨਹੀਂ ਸਾਡੇ ਬਾਰੇ ਕੀ ਸੋਚਦਾ ਹੈ; ਬੁਢਾਪੇ ਵਿਚ ਪ੍ਰਵਾਹ ਜਾਂ ਚਿੰਤਾ ਨਹੀਂ ਹੁੰਦੀ, ਪਛਤਾਵਾ ਹੁੰਦਾ ਹੈ ਕਿ ਸੰਸਾਰ ਨੇ ਤਾਂ ਸਾਡੇ ਬਾਰੇ ਕਦੇ ਕੁਝ ਸੋਚਿਆ ਹੀ ਨਹੀਂ।

ਸੱਠ ਸਾਲ ਦੀ ਉਮਰ ਵਿਚ, ਜਵਾਨ ਲੜਕੀ ਨਾਲ ਵਿਆਹ, ਉਸ ਪੁਸਤਕ ਵਾਂਗ ਹੁੰਦਾ ਹੈ, ਜਿਹੜੀ ਹੁੰਦੀ ਸਾਡੀ ਹੈ, ਪਰ ਜਿਸ ਨੂੰ ਪੜ੍ਹਦੇ ਹੋਰ ਹਨ।

ਮਰਯਾਦਾ ਸ਼ਕਤੀਸ਼ਾਲੀ ਹੁੰਦੀ ਹੈ, ਇਸ ਦੀਆਂ ਖੜਾਵਾਂ ਵੀ ਰਾਜ ਕਰਦੀਆਂ ਹਨ।

ਪਿਆਰ ਵਿਚ, ਦਰਦ ਦੀ ਹਰ ਨੁੱਕਰ ਫਰੋਲੀ ਜਾਂਦੀ ਹੈ, ਉਡੀਕ ਦੀ ਹਰ ਗਹਿਰਾਈ ਮਾਪੀ ਜਾਂਦੀ ਹੈ, ਤਲਾਸ਼ ਦੀ ਹਰ ਪੌੜੀ ਚੜ੍ਹੀ ਜਾਂਦੀ ਹੈ।

ਰਾਤ ਵੇਲੇ ਚੰਦਰਮਾ ਦੀ ਰਾਖੀ, ਤਾਰੇ ਬੈਠਦੇ ਹਨ।

ਇਹ ਨਾ ਕਹੋ ਕਿ ਭਾਵੇਂ ਸੰਭਵ ਹੈ, ਪਰ ਮੁਸ਼ਕਿਲ ਹੈ; ਸਗੋਂ ਕਹੋ ਭਾਵੇਂ ਮੁਸ਼ਕਿਲ ਹੈ, ਪਰ ਸੰਭਵ ਹੈ।

ਜਿਨ੍ਹਾਂ ਵਿਚ ਲਚਕ ਨਹੀਂ ਹੁੰਦੀ, ਉਨ੍ਹਾਂ ਵਿਚ ਹੀ ਚਿੱਬ ਪੈਂਦੇ ਹਨ।

ਸੁਪਨਾ ਪੂਰਾ ਹੋਣ ਉਪਰੰਤ ਹੀ ਪਤਾ ਲੱਗਦਾ ਹੈ ਕਿ ਸੁਪਨੇ ਵਿਚ ਨੁਕਸ ਸੀ।

ਉਤਸ਼ਾਹ ਅਤੇ ਆਸ਼ਾਵਾਦ, ਪ੍ਰਸੰਨ ਜ਼ਿੰਦਗੀ ਦੇ ਗੇਡੇ ਅਤੇ ਮੇਵੇ ਹੁੰਦੇ ਹਨ।

ਪੁਰਾਣੀਆਂ ਪੁਸਤਕਾਂ ਰਾਹੀਂ ਪੂਰਵਜਾਂ ਨਾਲ ਸੰਪਰਕ, ਗੱਲਬਾਤ ਰਾਹੀਂ ਜਿਉਂਦਿਆਂ ਨਾਲ ਸਬੰਧ, ਸੋਚਣ ਰਾਹੀਂ ਆਪਣੇ-ਆਪ ਬਾਰੇ ਸੋਝੀ ਅਤੇ ਕਲਪਨਾ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਰਿਸ਼ਤਾ ਉਸਾਰਿਆ ਜਾਂਦਾ ਹੈ।

ਸਹੀ ਫੈਸਲੇ ਨੂੰ ਦੇਰ ਨਾਲ ਲਾਗੂ ਕਰਨਾ ਵੀ, ਗਲਤ ਫੈਸਲਾ ਹੁੰਦਾ ਹੈ।

ਸੱਚ ਨੂੰ ਦਰਵਾਜ਼ੇ ਰਾਹੀਂ ਬਾਹਰ ਕੱਢੋਗੇ, ਬਾਰੀ ਰਾਹੀਂ ਅੰਦਰ ਆ ਜਾਵੇਗਾ।

ਮਹਾਨ ਵਿਚਾਰਾਂ ਦੇ ਖੰਭ ਵੀ ਹੁੰਦੇ ਹਨ ਅਤੇ ਪੈਰ ਵੀ ਹੁੰਦੇ ਹਨ।

ਵੈਰ ਦਾ ਅਰੰਭ ਗੁੱਸੇ ਨਾਲ, ਇਸ ਦਾ ਵਾਧਾ ਝਗੜਨ ਨਾਲ ਅਤੇ ਅੰਤ ਕਤਲ ਨਾਲ ਹੁੰਦਾ ਹੈ, ਜਿਸ ਮਗਰੋਂ ਫਾਂਸੀ ਲੱਗਦੀ ਹੈ।

ਸੰਸਿਆਂ ਦਾ ਇਜਲਾਸ, ਸ਼ੰਕਿਆਂ ਦੀ ਕਾਨਫਰੰਸ ਅਤੇ ਦੁਚਿੱਤੀਆਂ ਦਾ ਸੰਮੇਲਨ ਕੁਝ ਨਹੀਂ ਸਿਰਜਦੇ।

ਨਿੱਘੇ ਸਬੰਧ ਉਸਾਰਨ ਲਈ ਪੁਰਸ਼ ਨੂੰ ਸਮਝੋ ਵਧੇਰੇ, ਪਿਆਰ ਘੱਟ ਕਰੋ; ਇਸਤਰੀ ਨੂੰ ਪਿਆਰ ਵਧੇਰੇ ਕਰੋ ਅਤੇ ਸਮਝੋ ਘੱਟ।

ਕੁਝ ਸਾਨੂੰ ਹੱਸ ਕੇ ਵੇਖਦੇ ਹਨ, ਬਹੁਤੇ ਸਾਨੂੰ ਵੇਖ ਕੇ ਹੱਸਦੇ ਹਨ।

ਬਦਕਿਸਮਤ ਲੋਕਾਂ ਨੂੰ, ਆਪਣੀ ਕਾਮਯਾਬੀ ਦੇ ਕਿੱਸੇ ਨਾ ਸੁਣਾਓ, ਉਨ੍ਹਾਂ ਦੀਆਂ ਮਜਬੂਰੀਆਂ ਨੂੰ ਸੁਣੋ।

ਜੇ ਤੁਸੀਂ ਇਸਤਰੀ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਵਿਆਹ ਨਾ ਕਰੋ, ਸਫ਼ਲ ਪਤੀ ਨਹੀਂ ਬਣ ਸਕੋਗੇ।

ਸੋਚਣ ਨਾਲ ਬੁੱਧੀ ਮਜ਼ਬੂਤ, ਪੜ੍ਹਨ ਨਾਲ ਯਾਦ-ਸ਼ਕਤੀ ਬਲਵਾਨ ਅਤੇ ਲਿਖਣ ਨਾਲ ਪ੍ਰਗਟਾਵੇ ਦੀ ਪੱਧਰ, ਉੱਚੀ ਹੋ ਜਾਂਦੀ ਹੈ।

ਜੋ ਦੇ ਸਕਦੇ ਹੋ, ਸਭ ਕੁਝ ਨਾ ਦੇਵੋ; ਜੋ ਹੈ, ਸਭ ਕੁਝ ਨਾ ਖਰਚੋ; ਜੋ ਸੁਣਦੇ ਹੋ, ਸਭ ਕੁਝ ਨਾ ਮੰਨੋ; ਜੋ ਜਾਣਦੇ ਹੋ, ਸਭ ਕੁਝ ਨਾ ਬੋਲੋ, ਸਿਆਣੇ ਕਹਾਓਗੇ।

ਗੂੰਜ ਮੌਲਿਕ ਨਹੀਂ ਹੁੰਦੀ, ਕਿਸੇ ਦੀ ਗੂੰਜ ਨਾ ਬਣੋ।

ਰਿਹਾਈ ਲਈ ਤੜਪ ਰਿਹਾ, ਅੱਖ ਵਿਚਲਾ ਅੱਥਰੂ, ਸੰਖੇਪ ਵਿਚ ਬੜੀ ਲੰਮੀ ਦਾਸਤਾਨ ਕਹਿ ਰਿਹਾ ਹੁੰਦਾ ਹੈ।

ਜੀਵਨ ਵਿਚ ਘਟਨਾਵਾਂ, ਸਮੁੰਦਰ ਦੀ ਝੱਗ ਵਾਂਗ ਹੁੰਦੀਆਂ ਹਨ; ਸਮਰੱਥ ਵਿਅਕਤੀਆਂ ਦੀ ਦਿਲਚਸਪੀ ਝੱਗ ਵਿਚ ਨਹੀਂ, ਸਮੁੰਦਰ ਵਿਚ ਹੁੰਦੀ ਹੈ।

ਤਸਵੀਰਾਂ ਪਦਾਰਥਾਂ ਦੀਆਂ ਹੀ ਹੋ ਸਕਦੀਆਂ ਹਨ, ਖ਼ਿਆਲਾਂ ਦੀਆਂ ਨਹੀਂ; ਖ਼ਿਆਲਾਂ ਦੀ ਚਿੱਤਰਕਾਰੀ ਹੁੰਦੀ ਹੈ।

'ਇਹ ਨਾ ਕਰੋ', ਇਹ ਸਮਾਜ ਦੀ ਅਵਾਜ਼ ਹੁੰਦੀ ਹੈ।

ਕਾਰ ਦਾ ਅਗਲਾ ਸ਼ੀਸ਼ਾ, ਪਿਛਲੇ ਸ਼ੀਸ਼ੇ ਨਾਲੋਂ ਵੱਡਾ ਹੁੰਦਾ ਹੈ; ਸੰਕੇਤ ਸਪਸ਼ਟ ਹੈ ਕਿ ਪਿੱਛੇ ਘੱਟ ਅਤੇ ਅੱਗੇ ਵਧੇਰੇ ਵੇਖਣਾ ਹੈ।

ਕੋਈ ਵੱਡਾ ਕਵੀ, ਕਿਸੇ ਹੋਰ ਕਵੀ ਦੇ ਪਿੱਛੇ ਨਹੀਂ ਟੁਰਦਾ।

ਜੂਏ ਵਿਚ ਲੋਕ ਧੋਖੇ ਦੀ ਸ਼ਿਕਾਇਤ ਕਰਦੇ ਹਨ, ਜੂਏ ਦੀ ਸ਼ਿਕਾਇਤ ਨਹੀਂ ਕਰਦੇ।

ਗਰਭ ਵਿਚਲੇ ਬੱਚੇ ਵਿਚ, ਮਾਂ ਦੇ ਸੁਪਨਿਆਂ ਨੂੰ ਰੰਗਣ ਅਤੇ ਪਿਤਾ ਦੇ ਭਵਿੱਖ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਹੁੰਦੀ ਹੈ।

ਸਰੀਰ ਦੀਆਂ ਲੋੜਾਂ ਹੁੰਦੀਆਂ ਹਨ, ਮਨ ਦੀਆਂ ਇੱਛਾਵਾਂ।

ਸੱਚ ਨੂੰ ਲੱਭਣ ਦਾ ਰਾਹ, ਪ੍ਰੇਮ ਅਖਵਾਉਂਦਾ ਹੈ; ਗਿਆਨੀ ਭਟਕ ਜਾਂਦੇ ਹਨ, ਪ੍ਰੇਮੀ ਅੱਪੜ ਜਾਂਦੇ ਹਨ।

ਅਕਸਰ ਕ੍ਰਿਸ਼ਨ ਦੇ ਸ਼ਬਦ, ਬਾਈਬਲ ਵਿਚੋਂ ਲੱਭਦੇ ਹਨ; ਗੀਤਾ ਦੇ ਕਈ ਵਾਕ, ਕੁਰਾਨ ਵਿਚ ਦਰਜ ਹਨ; ਕੀਰਤਨ ਕੀਤਾ ਗੁਰਦੁਆਰੇ ਵਿਚ ਜਾਂਦਾ ਹੈ, ਗੂੰਜਦਾ ਮਸਜਿਦ ਵਿਚ ਹੈ; ਬੁੱਧ ਦੇ ਕਥਨ, ਅਕਸਰ ਕਬੀਰ ਸਮਝਾਉਂਦਾ ਹੈ।

ਗੀਤਾ ਕਹਿੰਦੀ ਹੈ, ਫਲ ਦੀ ਇੱਛਾ ਨਾ ਕਰੋ; ਬੁੱਧ ਕਹਿੰਦਾ ਹੈ, ਇੱਛਾ ਹੀ ਨਾ ਕਰੋ।

ਹਾਕਮਾਂ ਦੀ ਲੁੱਟ ਇਤਨੀ ਵੱਡੀ ਅਤੇ ਵਿਆਪਕ ਹੁੰਦੀ ਹੈ ਕਿ ਇਸ ਨੂੰ ਲੁੱਟ ਨਹੀਂ, ਹਕੂਮਤ ਕਿਹਾ ਜਾਂਦਾ ਹੈ।

ਜ਼ਿੰਦਗੀ ਹਮੇਸ਼ਾਂ ਵਿਸ਼ਾਲ ਹੁੰਦੀ ਹੈ; ਜ਼ਿੰਦਗੀ ਦੇ ਸਿਧਾਂਤ ਸਦਾ ਸੌੜੇ ਹੁੰਦੇ ਹਨ।

ਧਾਰਮਿਕ ਸਥਾਨ, ਖਰੀਦਣ-ਵੇਚਣ ਦੇ ਸਥਾਨ ਨਹੀਂ ਹੁੰਦੇ, ਇਸੇ ਕਰਕੇ ਇਨ੍ਹਾਂ ਵਿਚ ਮਨ ਨੂੰ ਸ਼ਾਂਤੀ ਮਿਲਦੀ ਹੈ।

ਦਰਿਆ ਦੇ ਪ੍ਰਾਣ, ਉਸ ਦੇ ਵਹਾਓ ਵਿਚ ਹੁੰਦੇ ਹਨ; ਸਾਗਰ ਦੀ ਸ਼ਕਤੀ, ਉਸ ਦੀ ਵਿਸ਼ਾਲਤਾ ਵਿਚ ਹੁੰਦੀ ਹੈ।

ਖੇਤਰ ਕੋਈ ਹੋਵੇ, ਠਿੱਬੀ ਲਾਉਣ ਅਤੇ ਕੂਹਣੀ ਮਾਰ ਕੇ ਅੱਗੇ ਲੰਘਣ ਵਾਲਿਆਂ ਤੋਂ ਬਚਿਆ ਨਹੀਂ ਜਾ ਸਕਦਾ।

ਭਾਰਤੀ ਧਰਮਾਂ ਵਿਚ ਪੂਜਾ ਦੇ ਫੁੱਲ ਉਨ੍ਹਾਂ ਦਰੱਖ਼ਤਾਂ ਤੋਂ ਨਹੀਂ ਲਏ ਜਾਂਦੇ, ਜਿਨ੍ਹਾਂ ਨੇ ਵਕਤ ਪਾ ਕੇ ਫਲ ਬਣਨਾ ਹੁੰਦਾ ਹੈ।

ਅਦਿਖ ਮਾਂ ਨੂੰ, ਰੱਬ ਅਤੇ ਪ੍ਰਤੱਖ ਰੱਬ ਨੂੰ, ਮਾਂ ਕਹਿੰਦੇ ਹਨ।

ਜਿਵੇਂ ਤਬਲਾ-ਵਾਜਾ ਕੋਲ ਹੋਣ ਨਾਲ, ਕੋਈ ਸੰਗੀਤਕਾਰ ਨਹੀਂ ਬਣ ਜਾਂਦਾ, ਓਵੇਂ ਹੀ ਕੇਵਲ ਬੱਚੇ ਕੋਲ ਹੋਣ ਨਾਲ, ਕੋਈ ਮਾਤਾ-ਪਿਤਾ ਨਹੀਂ ਬਣ ਜਾਂਦੇ।

ਇਮਾਨਦਾਰੀ ਦਰਵਾਜ਼ੇ 'ਤੇ ਹੀ ਖਲੋਤੀ ਰਹਿੰਦੀ ਹੈ, ਰਿਸ਼ਵਤ ਅੰਦਰ ਵੜ ਜਾਂਦੀ ਹੈ।

ਸਭ ਤੋਂ ਸੰਘਣੀ ਛਾਂ, ਆਪਣੀ ਇੱਜ਼ਤ ਦੀ ਛਾਂ ਹੁੰਦੀ ਹੈ।

ਦੁੱਖ-ਦਰਦ ਵਾਲੇ ਸਬੰਧ, ਖ਼ੁਸ਼ੀ ਦੇ ਰਿਸ਼ਤਿਆਂ ਨਾਲੋਂ ਵਧੇਰੇ ਪੀਡੇ, ਪੱਕੇ, ਹੰਢਣਸਾਰ ਅਤੇ ਨਿੱਘੇ ਹੁੰਦੇ ਹਨ।

ਦੂਜਿਆਂ ਨੂੰ ਪਿਆਰ ਕਰਨ ਵਾਲੇ ਹੀ ਅੰਬਾਂ ਦੇ ਬੂਟੇ ਲਾਉਂਦੇ ਹਨ।

ਦੂਜਿਆਂ ਦੇ ਪਿੱਛੇ ਟੁਰਨ ਵਾਲੇ, ਆਪਣੇ ਪੈਰਾਂ ਦੇ ਨਿਸ਼ਾਨ ਨਹੀਂ ਛੱਡਦੇ।

ਸ਼ਾਂਤੀ ਵਿਚ ਸਦਭਾਵਨਾ, ਯੁੱਧ ਵਿਚ ਦ੍ਰਿੜ੍ਹਤਾ, ਹਾਰ ਵਿਚ ਅਣਖ ਅਤੇ ਜਿੱਤ ਵਿਚ ਉਦਾਰਤਾ, ਵੱਡੇ ਬੰਦਿਆਂ ਦੇ ਲੱਛਣ ਹੁੰਦੇ ਹਨ।

ਬੋਲਣ ਦਾ ਕਈ ਵਾਰ ਪਛਤਾਵਾ ਹੁੰਦਾ ਹੈ; ਚੁੱਪ ਰਹਿਣ ਦਾ ਸਦਾ ਮਾਣ ਹੁੰਦਾ ਹੈ।

ਜੇ ਕਿਸੇ ਯਾਤਰਾ ਦੀਆਂ ਮੁਸ਼ਕਿਲਾਂ ਦਾ ਪਹਿਲਾਂ ਹੀ ਪਤਾ ਲੱਗ ਜਾਵੇ ਤਾਂ ਕੋਈ ਯਾਤਰਾ ਸੰਭਵ ਨਹੀਂ ਹੋਵੇਗੀ।

ਜੀਵਨ ਇਵੇਂ ਗੁਜ਼ਾਰੋ ਕਿ ਤੁਹਾਡੀ ਨਿੰਦਾ ਕਰਨ ਵਾਲਿਆਂ 'ਤੇ ਲੋਕ ਹੱਸਣ।

ਰਾਜਨੀਤੀ ਵਿਚ ਕੌਣ ਕੀ ਹੈ, ਜਾਣਨਾ ਮਹੱਤਵਪੂਰਨ ਨਹੀਂ ਹੁੰਦਾ; ਕੌਣ ਕਿਸ ਦਾ ਹੈ ਅਤੇ ਕੌਣ ਕਿਸ ਨਾਲ ਹੈ, ਜਾਣਨਾ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਜਦੋਂ ਤਕ ਕੋਈ ਬੋਲਦਾ ਨਹੀਂ, ਸੁਣਨ ਵਾਲਿਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕੀ ਨਹੀਂ ਜਾਣਦਾ।

ਵਿਰੋਧੀ ਨੂੰ ਆਪਣੀਆਂ ਮਿਹਰਬਾਨੀਆਂ ਨਾਲ ਹਰਾਓ, ਜਿੱਤ ਸਦੀਵੀ ਹੋ ਜਾਵੇਗੀ।

ਦੁੱਖ ਕਾਰਨ ਮਨੁੱਖ ਸੋਚਦਾ ਹੈ, ਸੋਚਣ ਨਾਲ ਉਹ ਸਿਆਣਾ ਬਣਦਾ ਹੈ, ਸਿਆਣਪ ਕਾਰਨ ਦੁੱਖ ਸਹਿਣਯੋਗ ਹੋ ਜਾਂਦਾ ਹੈ।

ਮੁੱਲਵਾਨ ਟੂਕਾਂ ਵਿਚ ਸਾਹਿਤ ਦੀ ਖ਼ੂਬਸੂਰਤੀ, ਫਲਸਫ਼ੇ ਦਾ ਨਿਚੋੜ, ਤਜਰਬੇ ਦੀ ਅਮੀਰੀ, ਅਨੁਭਵ ਦੀ ਡੂੰਘਾਈ ਅਤੇ ਕਾਰਜ ਲਈ ਪ੍ਰੇਰਨਾ ਹੁੰਦੀ ਹੈ।

ਭੀੜ ਦੇ ਪਿੱਛੇ ਲੱਗਣ ਵਾਲੇ ਦੇ ਪਿੱਛੇ, ਭੀੜ ਨਹੀਂ ਲੱਗਦੀ।

ਕਿਸੇ ਦੇ ਪਛਤਾਵੇ, ਕਿਸੇ ਹੋਰ ਦੇ ਪਛਤਾਵਿਆਂ ਨਾਲ ਮੇਲ ਨਹੀਂ ਖਾਂਦੇ।

ਛੋਟੇ ਬੱਚੇ ਸਾਡੀ ਨੀਂਦਰ ਵਿਚ ਅਤੇ ਵੱਡੇ ਬੱਚੇ ਸਾਡੀ ਜ਼ਿੰਦਗੀ ਵਿਚ, ਨਿਰੰਤਰ ਵਿਘਨ ਪਾਉਂਦੇ ਰਹਿੰਦੇ ਹਨ।

ਥੱਪੜ ਮਾਰਨ ਦਾ ਉਦੇਸ਼, ਸਜ਼ਾ ਦੇਣਾ ਨਹੀਂ, ਅਪਮਾਨ ਕਰਨਾ ਹੁੰਦਾ ਹੈ।

ਰੱਬ ਦੀਆਂ, ਆਸਤਕਾਂ ਨਾਲੋਂ ਨਾਸਤਕ, ਵਧੇਰੇ ਗੱਲਾਂ ਕਰਦੇ ਹਨ।

ਮਨੁੱਖ ਕੋਲ ਸਮੱਸਿਆਵਾਂ ਉਪਜਾਉਣ ਵਾਲਾ ਮਨ ਅਤੇ ਉਨ੍ਹਾਂ ਨੂੰ ਸੁਲਝਾਉਣ ਵਾਲੀ ਬੁੱਧੀ ਹੈ।

ਨੂੰਹਾਂ ਅਕਸਰ ਡਰ ਕੇ ਦੌੜਨ ਵੇਲੇ ਲੱਗਦੇ ਹਨ।

ਮਾਂ ਦੀਆਂ ਅੱਖਾਂ ਵਿਚ ਵੇਖਦਿਆਂ, ਝੂਠ ਬੋਲਣ ਦੀ ਹਿੰਮਤ ਨਹੀਂ ਪੈਂਦੀ।

ਰਾਜਨੀਤੀ ਵਿਚ ਵਿਕਾਸ ਕਰਨ ਲਈ, ਮੂਰਖਤਾ ਰੁਕਾਵਟ ਨਹੀਂ ਬਣਦੀ।

ਜੇ ਕਿਸੇ ਝੂਠੇ ਬੰਦੇ ਨੂੰ, ਧੀਰਜ ਨਾਲ ਸੁਣੀਏ ਤਾਂ ਸਮੱਸਿਆ ਦੀ ਸਾਰੀ ਸੱਚਾਈ ਦਾ ਪਤਾ ਲੱਗ ਜਾਂਦਾ ਹੈ।

ਹੁਣ ਦਿਲਚਸਪ ਪਿਆਰ, ਵਿਆਹ ਤੋਂ ਮਗਰੋਂ ਵਾਪਰਦੇ ਹਨ।

ਜਵਾਨੀ ਵਿਚ ਜਿਤਨਾ ਮੌਜ-ਮੇਲਾ ਵੱਧ ਕਰੋਗੇ, ਬੁਢਾਪੇ ਵਿਚ ਉਤਨੀ ਹੀ ਪਰਹੇਜ਼ ਅਤੇ ਦਵਾਈਆਂ ਦੀ ਲੋੜ ਵਧੇਰੇ ਪਏਗੀ।

ਕੋਈ ਅਵਸਰ ਗੁਆਚਦਾ ਨਹੀਂ, ਜਿਹੜਾ ਤੁਹਾਡਾ ਗੁਆਚੇਗਾ, ਉਹ ਕਿਸੇ ਹੋਰ ਨੂੰ ਲੱਭ ਪਏਗਾ।

ਪਿਆਰ, ਮਿਹਨਤ ਅਤੇ ਜ਼ਿੰਮੇਵਾਰੀ ਦੇ ਦਰਦ, ਪ੍ਰਸੰਨਤਾ ਦਿੰਦੇ ਹਨ।

ਮੋਮਬੱਤੀਆਂ ਬਣਾਉਣ ਵਾਲਿਆਂ ਦਾ ਹੌਸਲਾ ਵੇਖੋ; ਮੁਕਾਬਲਾ ਸੂਰਜ ਨਾਲ ਹੈ।

ਜਿਤਨੀ ਕਮਰ ਛੋਟੀ ਹੋਵੇਗੀ, ਉਤਨੀ ਜ਼ਿੰਦਗੀ ਲੰਮੀ ਹੋਵੇਗੀ।

ਸੌਂਦਾ ਬੱਚਾ ਹੈ, ਅਰਾਮ ਮਾਂ ਕਰਦੀ ਹੈ।

ਜਦੋਂ ਇਸਤਰੀ ਸਮਰਪਣ ਕਰਦੀ ਹੈ ਤਾਂ ਅਰਥ ਇਹ ਹੁੰਦਾ ਹੈ ਕਿ ਉਹ ਜਿੱਤ ਗਈ ਹੈ।

ਇਵੇਂ ਨੱਚੋ, ਜਿਵੇਂ ਕੋਈ ਨਹੀਂ ਵੇਖ ਰਿਹਾ; ਇਵੇਂ ਗਾਓ, ਜਿਵੇਂ ਸਾਰੇ ਸੁਣ ਰਹੇ ਹਨ।

ਆਪਣੇ ਘੁਰਾੜੇ ਤਾਂ ਨਹੀਂ ਸੁਣਦੇ, ਪਰ ਘੁਰਾੜਿਆਂ ਦੀ ਨਿੰਦਾ ਸੁਣਨੀ ਪੈਂਦੀ ਹੈ।

ਗਿਆਨ ਅਤੇ ਤਜਰਬੇ ਦੀ ਮੁਸ਼ਕਿਲ ਇਹ ਹੈ ਕਿ ਇਹ ਵਿਰਸੇ ਵਿਚ ਨਹੀਂ ਮਿਲਦੇ।

ਨਿੱਘੇ ਰਿਸ਼ਤੇ ਦੀ ਪਛਾਣ ਇਹ ਹੁੰਦੀ ਹੈ ਕਿ ਅਸਹਿਮਤ ਹੋਣ ਦੇ ਬਾਵਜੂਦ ਗਲਵੱਕੜੀ ਪਾਈ ਜਾ ਸਕਦੀ ਹੈ।

ਨਾਂਹ ਉਨ੍ਹਾਂ ਦੀ ਹੀ ਮੁੱਲਵਾਨ ਹੁੰਦੀ ਹੈ, ਜਿਨ੍ਹਾਂ ਦੀ ਹਾਂ ਵੀ ਮੁੱਲਵਾਨ ਹੋਵੇ।

ਬਹੁਤ ਅਧਿਕ ਸਹਿਮਤੀ ਨਾਲ, ਗੱਲਬਾਤ ਨੀਰਸ ਹੋ ਜਾਂਦੀ ਹੈ।

ਹਰ ਕਿਸੇ ਦੇ ਉਬਲਣ ਅਤੇ ਠੰਡੇ ਹੋਣ ਦਾ ਤਾਪਮਾਨ, ਵੱਖਰਾ ਹੁੰਦਾ ਹੈ।

ਜਦੋਂ ਵੀ ਕੰਮ 'ਤੇ ਜਾਓ, ਧੰਨਵਾਦ ਕਰੋ ਕਿ ਤੁਹਾਡੇ ਕੋਲ ਰੋਜ਼ਗਾਰ ਹੈ।

ਮਨੁੱਖ ਨੂੰ ਗੁੰਝਲਦਾਰ ਸੱਚ, ਸਮਝ ਨਹੀਂ ਪੈਂਦੇ ਅਤੇ ਸੌਖੇ, ਸਿੱਧੇ ਅਤੇ ਲਾਭਕਾਰੀ ਸੱਚ, ਯਾਦ ਨਹੀਂ ਰਹਿੰਦੇ।

ਕਿਸੇ ਥਾਂ ਜਦੋਂ ਸਾਡੀ ਬੇਇੱਜ਼ਤੀ ਹੋ ਰਹੀ ਹੁੰਦੀ ਹੈ ਤਾਂ ਉਥੇ ਹੀ ਕਿਸੇ ਦਾ ਮਨੋਰੰਜਨ ਵੀ ਹੋ ਰਿਹਾ ਹੁੰਦਾ ਹੈ।

ਜਦੋਂ ਤਕ ਕੁਝ ਨਵਾਂ ਪੜ੍ਹਦੇ, ਸਿੱਖਦੇ, ਕਰਦੇ ਰਹੋਗੇ, ਤੰਦਰੁਸਤ ਰਹੋਗੇ।

ਨੈਣ-ਨਕਸ਼ ਨਹੀਂ ਬਦਲੇ ਜਾ ਸਕਦੇ, ਪਰ ਚਿਹਰੇ ਦਾ ਪ੍ਰਭਾਵ ਜ਼ਰੂਰ ਬਦਲਿਆ ਜਾ ਸਕਦਾ ਹੈ।

ਡਿਗਰੀਆਂ ਇਹ ਹੀ ਦੱਸਦੀਆਂ ਹਨ ਕਿ ਅਸੀਂ ਕੀ ਕਰ ਸਕਦੇ ਹਾਂ, ਪਰ ਇਹ ਨਹੀਂ ਦੱਸਦੀਆਂ ਕਿ ਅਸੀਂ ਕੀ ਕਰਾਂਗੇ।

ਖੇਤਰ ਕੋਈ ਵੀ ਹੋਵੇ, ਉੱਚੀ ਪ੍ਰਾਪਤੀ ਲਈ ਇਕ ਅੱਖ ਜ਼ਮੀਨ 'ਤੇ ਅਤੇ ਦੂਜੀ ਅਸਮਾਨ 'ਤੇ ਹੋਣੀ ਚਾਹੀਦੀ ਹੈ।

ਬਹੁਤੇ ਰੋਗ ਇਸ ਲਈ ਠੀਕ ਨਹੀਂ ਹੁੰਦੇ, ਕਿਉਂਕਿ ਰੋਗੀ ਤਾਂ ਮਰੀਜ਼ ਦਾ ਮਨ ਹੁੰਦਾ ਹੈ, ਪਰ ਡਾਕਟਰ ਸਰੀਰ ਨੂੰ ਟੋਹਦਾ ਰਹਿੰਦਾ ਹੈ।

ਅਧਿਆਪਕ ਨੂੰ ਗਿਆਨ ਦਾ ਆਪਣਾ ਦੀਵਾ, ਬੁਝਣ ਨਹੀਂ ਦੇਣਾ ਚਾਹੀਦਾ।

ਕਲਪਨਾ ਨਾਲ ਕੇਵਲ ਅਸਮਾਨ ਹੀ ਛੋਹਿਆ ਜਾ ਸਕਦਾ ਹੈ; ਕਿਸੇ ਸਿਖ਼ਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਣਾ ਜ਼ਰੂਰੀ ਹੁੰਦਾ ਹੈ।

ਇਮਾਰਤ ਵਿਚ ਖੁੱਲ੍ਹੀ ਹਵਾ, ਤਾਜ਼ਾ ਪਾਣੀ ਅਤੇ ਸੂਰਜ ਦਾ ਪ੍ਰਕਾਸ਼ ਆਉਣਾ, ਵਾਸਤੂ-ਸ਼ਾਸਤਰ ਦਾ ਸਾਰ ਹੈ।

ਇਸ਼ਨਾਨ ਦਾ ਉਦੇਸ਼ ਮਨ ਦੀ ਮੈਲ ਉਤਾਰਨਾ ਹੁੰਦਾ ਹੈ, ਨਹਾਉਣ ਦਾ ਉਦੇਸ਼ ਸਰੀਰ ਨੂੰ ਸਾਬਣ-ਪਾਣੀ ਨਾਲ ਧੋਣਾ ਹੁੰਦਾ ਹੈ।

ਲੋਕ-ਤੰਤਰ ਵਿਚ ਚੋਣ ਜਿੱਤਣ ਲਈ ਧਨ ਦੀ ਲੋੜ ਪੈਂਦੀ ਹੈ, ਇਵੇਂ ਲੋਕ-ਤੰਤਰ ਅਤੇ ਧਨ-ਤੰਤਰ, ਆਪਸ ਵਿਚ ਜੁੜੇ ਹੋਏ ਹਨ।

ਸੰਕਟ ਦੇ ਸਮੇਂ ਆਪਣਾ ਧਨ ਹੀ, ਸਭ ਤੋਂ ਵੱਡਾ ਮਿੱਤਰ ਹੁੰਦਾ ਹੈ।

ਪ੍ਰਾਣਾਂ ਦਾ ਵਹਾਓ, ਸਰੀਰ ਦੇ ਜਿਸ-ਜਿਸ ਅੰਗ ਤਕ ਪੁਜਦਾ ਹੈ, ਉਹ ਅੰਗ ਤੰਦਰੁਸਤ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਹੈ।

ਲੋਕ-ਤੰਤਰ ਨਿਰੋਲ ਗਿਣਤੀ 'ਤੇ ਅਧਾਰਿਤ ਹੈ, ਇਸੇ ਲਈ ਦਸ ਸ਼ੇਰਾਂ ਉਤੇ ਗਿਆਰ੍ਹਾਂ ਗਿੱਦੜ, ਰਾਜ ਕਰ ਸਕਦੇ ਹਨ।

ਪਿਤਾ ਦੀ ਵਿਰਾਸਤ ਵੱਲ ਵੇਖਣ ਵਾਲਾ ਪੁੱਤਰ, ਵਿਕਾਸ ਨਹੀਂ ਕਰਦਾ।

ਚੰਦਨ ਦੀ ਲੱਕੜੀ ਨੂੰ ਭਾਵੇਂ ਸੱਪ ਲਿਪਟੇ ਰਹਿੰਦੇ ਹਨ, ਪਰੰਤੂ ਚੰਦਨ ਕਦੇ ਜ਼ਹਿਰੀਲਾ ਨਹੀਂ ਹੁੰਦਾ।

ਮਨੁੱਖ ਨੂੰ ਉਸ ਦੇ ਗੁਣ ਉੱਚਾ ਕਰਦੇ ਹਨ, ਪਦਵੀ ਨਹੀਂ; ਕੁਤਬ-ਮੀਨਾਰ 'ਤੇ ਬੈਠ ਕੇ ਕਾਂ, ਬਾਜ਼ ਨਹੀਂ ਬਣ ਜਾਂਦਾ।

ਜਿਨ੍ਹਾਂ ਵਿਚ ਇਕੱਲਿਆਂ ਚੱਲਣ ਦੀ ਹਿੰਮਤ ਹੁੰਦੀ ਹੈ, ਵੱਡੇ ਕਾਫ਼ਲੇ ਉਨ੍ਹਾਂ ਮਗਰ ਹੀ ਚੱਲਦੇ ਹਨ।

ਲੋਹੇ ਨੂੰ ਜੇ ਪਾਰਸ ਮਿਲ ਜਾਵੇ ਤਾਂ ਕਾਇਆ-ਕਲਪ, ਲੋਹੇ ਦਾ ਹੁੰਦਾ ਹੈ; ਲੋਹਾ ਨਹੀਂ, ਪਾਰਸ ਬਣੋ।

ਪੈਸੇ ਦੇ ਸਬੰਧ ਵਿਚ ਨਿੱਕੇ ਖਰਚਿਆਂ ਪ੍ਰਤੀ ਸੁਚੇਤ ਰਹੋ, ਵਡੇ ਜਹਾਜ਼ ਨਿੱਕੀਆਂ ਮੋਰੀਆਂ ਨਾਲ ਹੀ ਡੁਬਦੇ ਹਨ।

ਪਿਆਰ, ਜ਼ਿੰਦਗੀ ਦੀ ਕੜਾਹੀ ਵਿਚ ਘਿਓ ਵਾਂਗ ਹੁੰਦਾ ਹੈ, ਜਿਸ ਨਾਲ ਜ਼ਿੰਦਗੀ ਦਾ ਸਵਾਦ ਬਣਿਆ ਰਹਿੰਦਾ ਹੈ।

ਵੱਧ ਪੈਸੇ ਕਮਾਉਣ ਨਾਲ ਕੋਈ ਅਮੀਰ ਨਹੀਂ ਬਣਦਾ; ਅਮੀਰ ਪੈਸੇ ਦੀ ਸਹੀ ਵਰਤੋਂ ਨਾਲ ਬਣਿਆ ਜਾਂਦਾ ਹੈ।

ਜਿਸ ਔਰਤ ਨੂੰ ਸੂਈ ਅਤੇ ਕੈਂਚੀ ਵਰਤਣੀ ਆ ਜਾਵੇ, ਉਹ ਕੁਰਾਹੇ ਨਹੀਂ ਪੈਂਦੀ।

ਹੁਣ ਜਿਵੇਂ ਕੁਝ ਬਣਨ ਅਤੇ ਵਿਕਾਸ ਕਰਨ ਦੀਆਂ ਅਣਗਿਣਤ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ, ਉਵੇਂ ਹੀ ਵਿਗੜਨ ਅਤੇ ਕੁਰਾਹੇ ਪੈਣ ਦੀਆਂ ਵੀ, ਅਮੁੱਕ ਸੰਭਾਵਨਾਵਾਂ ਉਪਜ ਪਈਆਂ ਹਨ।

ਪੈਸੇ ਦੀ ਸੋਝੀ, ਪੈਸੇ ਦੀ ਥੁੜ ਨੂੰ ਦੂਰ ਕਰ ਦਿੰਦੀ ਹੈ।

ਚੰਗੀ ਕਿਤਾਬ ਖੋਲ੍ਹੋਗੇ, ਜ਼ਿੰਦਗੀ ਦੀ ਇਕ ਨਵੀਂ ਬਾਰੀ ਖੁੱਲ੍ਹ ਜਾਵੇਗੀ।

ਜਿਸ ਕੋਲ ਲੱਖਾਂ-ਕਰੋੜਾਂ ਸਾਲ ਪੁਰਾਣੇ ਸੰਸਾਰ ਨੂੰ ਵੇਖਣ ਲਈ ਨਵੀਆਂ-ਨਕੋਰ ਅੱਖਾਂ ਹੋਣ, ਉਸ ਨੂੰ ਕਲਾਕਾਰ ਕਹਿੰਦੇ ਹਨ।

ਸੱਚਾ ਵਿਦਵਾਨ, ਇਵੇਂ ਸੌਖ ਨਾਲ ਲਿਖਦਾ ਹੈ, ਜਿਵੇਂ ਸੌਖ ਨਾਲ ਉਕਾਬ ਉਡਦੀ ਹੈ; ਇਵੇਂ ਸਪਸ਼ਟ ਲਿਖਦਾ ਹੈ, ਜਿਵੇਂ ਟਿਕੀ ਹੋਈ ਝੀਲ ਵਿਚੋਂ ਚੰਨ ਸਪਸ਼ਟ ਦਿਸਦਾ ਹੈ।

ਅਦਾਲਤੀ ਸਜ਼ਾ ਰਾਹੀਂ, ਇਨਸਾਫ਼ ਦੇ ਨਾਂ ਥੱਲੇ, ਬਦਲਾ ਲਿਆ ਜਾਂਦਾ ਹੈ।

ਮਨੁੱਖ ਨੂੰ ਪੈਸੇ ਦੀ ਸਮਝ ਅਮੀਰ ਬਣਾਉਂਦੀ ਹੈ, ਸਮਝ ਤੋਂ ਭਾਵ ਹੈ: ਕਿਵੇਂ ਕਮਾਈਏ, ਕਿਵੇਂ ਬਚਾਈਏ, ਕਿਵੇਂ ਵਧਾਈਏ।

ਅੱਖਾਂ, ਦਿਮਾਗ ਨੂੰ ਕੰਟਰੋਲ ਕਰਦੀਆਂ ਹਨ; ਜੇ ਅੱਖਾਂ ਸ਼ਾਂਤ ਹੋ ਜਾਣ ਤਾਂ ਦਿਮਾਗ ਨੂੰ ਅਰਾਮ ਮਿਲਦਾ ਹੈ।

ਸਿਹਤ ਖਰੀਦੀ ਨਹੀਂ ਜਾ ਸਕਦੀ, ਇਹ ਕਮਾਉਣੀ-ਸਾਂਭਣੀ ਪੈਂਦੀ ਹੈ; ਬਹੁਤੇ ਸਿਹਤ ਕਮਾਉਂਦੇ ਨਹੀਂ, ਖਰਚ ਹੀ ਕਰਦੇ ਹਨ।

ਸਾਡੇ ਮਗਰੋਂ, ਸਾਡੀ ਜ਼ਿੰਦਗੀ ਦੀਆਂ ਦੋ ਗਵਾਹੀਆਂ ਹੀ ਹੋ ਸਕਦੀਆਂ ਹਨ; ਸਾਡੇ ਬੱਚੇ ਅਤੇ ਸਾਡੇ ਕੰਮ।

ਮੁਸੀਬਤ, ਸਾਡੇ 'ਤੇ ਆਪਣੇ-ਆਪ ਬਾਰੇ ਲੱਗਿਆ, ਭੁਲੇਖਿਆਂ ਦਾ ਲੇਪ ਲਾਹ ਦਿੰਦੀ ਹੈ ਅਤੇ ਸਾਡੀ ਅਸਲੀਅਤ ਪ੍ਰਗਟਾ ਦਿੰਦੀ ਹੈ।

ਪਰਿਵਾਰ ਤੋਂ ਬਿਨਾਂ ਵਿਅਕਤੀ ਦੇ ਚਰਿੱਤਰ, ਜੀਵਨ ਅਤੇ ਸ਼ਖ਼ਸੀਅਤ ਦੀਆਂ ਜੜ੍ਹਾਂ ਹੀ ਨਹੀਂ ਲਗਦੀਆਂ।

ਹੱਥ ਮਿਲਾਉਣ ਅਤੇ ਹੱਥ ਪਕੜਨ ਵਿਚ, ਬੜਾ ਅੰਤਰ ਹੁੰਦਾ ਹੈ।

ਜਿਤਨੀ ਉੱਚੀ ਸਿਖ਼ਰ ਹੋਵੇਗੀ, ਡਿੱਗਣ ਦਾ ਉਤਨਾ ਹੀ ਵੱਡਾ ਡਰ ਹੋਵੇਗਾ।

ਜ਼ਿੰਦਗੀ ਵਿਚ ਬੱਚਤ ਕਰਨ ਦੀ ਸਭ ਤੋਂ ਵਧੇਰੇ ਲੋੜ ਉਦੋਂ ਹੁੰਦੀ ਹੈ, ਜਦੋਂ ਬੱਚਤ ਕਰਨੀ ਸੰਭਵ ਨਹੀਂ ਹੁੰਦੀ।

ਜਿਹੜੇ ਜਵਾਨੀ ਵਿਚ, ਮਿਹਨਤ ਨਹੀਂ ਕਰਦੇ; ਉਨ੍ਹਾਂ ਨੂੰ ਮਜਬੂਰ ਹੋ ਕੇ ਬੁਢਾਪੇ ਵਿਚ ਮਜ਼ਦੂਰੀ ਕਰਨੀ ਪੈਂਦੀ ਹੈ।

ਕਿਸੇ ਸਮਾਗਮ ਵਿਚ, ਕਈਆਂ ਦੀ ਹਾਜ਼ਰੀ ਹੀ ਸ਼ਗਨ ਹੁੰਦੀ ਹੈ।

ਮਾਂ ਨੂੰ ਆਪਣੇ ਬੱਚਿਆਂ ਦੀਆਂ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ, ਇਵੇਂ ਉਹ ਬੱਚਿਆਂ ਲਈ, ਗਿਆਨਵਾਨ ਮਾਂ ਬਣ ਜਾਵੇਗੀ।

ਟਕਰਾਓ ਸੁਭਾਵਕ ਹੈ; ਵਿਅਕਤੀ ਦਾ ਹੋਰਾਂ ਨਾਲ ਹੀ ਟਕਰਾਓ ਨਹੀਂ, ਵਿਅਕਤੀ ਦੇ ਅੰਦਰ ਵੀ ਟਕਰਾਓ ਹੈ।

ਕਿਸੇ ਵੱਲੋਂ ਭਰੋਸੇਯੋਗ ਸਮਝ ਕੇ ਤੁਹਾਨੂੰ ਜ਼ਿੰਮੇਵਾਰੀ ਦਿੱਤੀ ਜਾਣੀ, ਤੁਹਾਡੀ ਯੋਗਤਾ ਅਤੇ ਚਰਿੱਤਰ ਦੀ ਪ੍ਰਸ਼ੰਸਾ ਦਾ ਪ੍ਰਮਾਣ ਹੁੰਦਾ ਹੈ।

ਸਦੀਆਂ 'ਤੇ ਨਜ਼ਰ ਫੇਰਨੀ ਹੈ ਤਾਂ ਮਹਾਨ ਚਿੰਤਕਾਂ ਦੇ ਕੰਧਾੜੇ ਚੜ੍ਹ ਕੇ ਵੇਖੋ।

ਹਰ ਭਾਸ਼ਾ ਵਿਚ ਨਿਵੇਕਲੀ ਕਿਸਮ ਦਾ ਗਿਆਨ ਹੁੰਦਾ ਹੈ, ਜਿਹੜਾ ਉਸ ਭਾਸ਼ਾ ਨੂੰ ਜਾਣਨ ਨਾਲ ਹੀ ਮਿਲਦਾ ਹੈ।

ਸਰੀਰਕ ਅਤੇ ਆਰਥਿਕ ਘਾਟਾਂ, ਹਿੰਮਤੀਆਂ ਨੂੰ ਨਹੀਂ ਰੋਕਦੀਆਂ, ਇਹ ਕੰਮ-ਚੋਰਾਂ ਨੂੰ ਹੀ ਰੋਕਦੀਆਂ ਹਨ।

ਕੋਈ ਨਹੀਂ ਜਾਣਦਾ, ਰੱਬ ਕਦੋਂ ਸਾਡੇ ਕੋਲੋਂ ਆਪਣਾ ਹੱਥ ਛੁਡਾ ਲਵੇ।

ਡਿੱਗਿਆ ਬੱਚਾ, ਮਾਪਿਆਂ ਦਾ ਚਿਹਰਾ ਵੇਖ ਕੇ ਨਿਰਣਾ ਕਰਦਾ ਹੈ ਕਿ ਉਹ ਰੋਵੇ ਕਿ ਨਾ; ਜੇ ਮਾਪੇ ਚਿੰਤਾ ਵਿਖਾਉਣ ਤਾਂ ਰੋਵੇਗਾ, ਜੇ ਮਾਪੇ ਹੋਰ ਪਾਸੇ ਵੇਖ ਰਹੇ ਹੋਣ ਤਾਂ ਬੱਚਾ, ਅਕਸਰ ਨਹੀਂ ਰੋਂਦਾ।

ਜਿਸ ਤਰ੍ਹਾਂ ਪਿਆਰ ਅੰਨ੍ਹਾ ਹੁੰਦਾ ਹੈ, ਉਵੇਂ ਹੀ ਨਫ਼ਰਤ ਵੀ ਅੰਨ੍ਹੀ ਹੁੰਦੀ ਹੈ।

ਜਦੋਂ ਤੁਸੀਂ ਕਿਸੇ ਨੂੰ ਗਲਤ ਸਾਬਤ ਕਰਦੇ ਹੋ ਤਾਂ ਅਸਲ ਵਿਚ ਤੁਸੀਂ ਆਪਣੇ ਸਹੀ ਹੋਣ ਦੀ, ਜ਼ਿੱਦ ਕਰ ਰਹੇ ਹੁੰਦੇ ਹੋ।

ਵਿਗਿਆਨ ਦੇ ਕਥਨ, ਪ੍ਰਯੋਗ ਰਾਹੀਂ ਸਾਬਤ ਕੀਤੇ ਜਾ ਸਕਦੇ ਹਨ; ਇਸ ਪੱਖੋਂ ਵਿਗਿਆਨ, ਧਰਮ ਨਾਲੋਂ ਅੱਗੇ ਹੈ ਅਤੇ ਵਧੇਰੇ ਭਰੋਸੇਯੋਗ ਹੈ।

ਚੱਜ-ਆਚਾਰ ਦਾ ਅਰਥ ਹੀ ਇਹ ਹੈ ਕਿ ਹੋਰਾਂ ਨੂੰ ਵੀ ਆਪਣੇ ਜਿਤਨਾ ਮਹੱਤਵਪੂਰਨ ਅਤੇ ਸਤਿਕਾਰਯੋਗ ਸਮਝੋ।

ਜੇ ਦੁਸ਼ਮਣ ਸੋਚ ਸਕਦਾ ਹੋਵੇ ਤਾਂ ਉਸ ਨੂੰ ਸੋਚਣ ਦਿਓ, ਉਸ ਦਾ ਸੋਚਣਾ, ਅਕਸਰ ਦੁਸ਼ਮਣੀ ਮੁਕਾ ਦੇਵੇਗਾ।

ਜੇ ਤੁਹਾਡੀ ਕਿਸੇ ਨਾਲ ਵੀ ਬੋਲ-ਚਾਲ ਨਹੀਂ ਤਾਂ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ ਵਿਚਾਰ ਕੀ ਹਨ।

ਭਾਰਤੀ ਪਰਜਾ-ਤੰਤਰ ਵਿਚ ਤੰਤਰ ਜਿੱਤਦਾ ਹੈ, ਪਰਜਾ ਹਾਰਦੀ ਹੈ।

ਵਿਗਿਆਨ ਨੇ ਕਿਸੇ ਲਈ ਸ਼ੇਖ-ਚਿੱਲੀ ਵਾਂਗ ਰਹਿਣਾ, ਸੰਭਵ ਨਹੀਂ ਰਹਿਣ ਦਿੱਤਾ।

ਪਰਉਪਕਾਰੀ ਅਤੇ ਮਿਹਨਤੀ ਬੰਦਿਆਂ ਨੂੰ ਪਰਮਾਤਮਾ, ਆਪਣੀ ਕਿਸਮਤ ਆਪ ਲਿਖਣ ਦੀ ਆਗਿਆ ਦੇ ਦਿੰਦਾ ਹੈ।

ਜਿਨ੍ਹਾਂ ਨੂੰ ਤੈਰਨਾ ਆਉਂਦਾ ਹੈ, ਉਹ ਵਧੇਰੇ ਹੌਸਲੇ ਵਾਲੇ ਹੁੰਦੇ ਹਨ।

ਪ੍ਰਸ਼ਨ ਇਹ ਨਹੀਂ ਕਿ ਪਰਮਾਤਮਾ ਹੈ ਕਿ ਨਹੀਂ, ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਤੁਹਾਨੂੰ, ਪਰਮਾਤਮਾ ਦੀ ਲੋੜ ਹੈ ਕਿ ਨਹੀਂ।

ਵਪਾਰ ਵਿਚ ਰਿਸ਼ਤੇਦਾਰ ਨੂੰ ਰਲਾਉਣ ਦਾ ਲਾਭ ਘੱਟ ਅਤੇ ਨੁਕਸਾਨ ਵਧੇਰੇ ਹੁੰਦਾ ਹੈ, ਕਿਉਂਕਿ ਦੋਹਾਂ ਦੀ ਨਿਰਪੱਖਤਾ ਧੁੰਦਲੀ ਹੋ ਜਾਂਦੀ ਹੈ।

ਹੋਰਾਂ ਨੂੰ ਸਾੜੇ-ਈਰਖਾ-ਨਿੰਦਾ ਤੋਂ ਮੁਕਤ ਹੋ ਕੇ ਵੇਖੋ, ਤੁਹਾਡੀ ਨਜ਼ਰ ਮੁੜ ਆਵੇਗੀ।

ਆਪਣੀ ਆਤਮਾ ਜਿਤਨੀ ਸ਼ਾਂਤ ਥਾਂ, ਸੰਸਾਰ ਵਿਚ ਹੋਰ ਕਿਧਰੇ ਨਹੀਂ ਹੁੰਦੀ।

ਸੰਭੋਗ ਵਿਚ ਆਨੰਦ ਰਿਸ਼ਤੇ ਦੀ ਡੂੰਘਾਈ ਕਾਰਨ ਮਿਲਦਾ ਹੈ, ਬਲਾਤਕਾਰ ਵਿਚ ਇਹ ਡੂੰਘਾਈ ਨਹੀਂ ਹੁੰਦੀ।

ਨਵੀਂ ਪੀੜ੍ਹੀ ਪਿਆਰ ਤਾਂ ਕਰਨਾ ਚਾਹੁੰਦੀ ਹੈ, ਪਰ ਸਬੰਧ ਉਸਾਰਨ ਲਈ ਇਹ ਤਿਆਰ ਨਹੀਂ ਹੈ, ਜਿਸ ਕਾਰਨ ਇਹ ਕਿਸੇ ਨਾਲ ਇਕ-ਮਿਕ ਨਹੀਂ ਹੁੰਦੀ।

ਹੋਰਾਂ ਨੂੰ ਜਦੋਂ ਸਤਿਕਾਰ ਅਤੇ ਪਿਆਰ ਨਾਲ ਵੇਖੋਗੇ ਤਾਂ ਤੁਹਾਡੀਆਂ ਅੱਖਾਂ ਵਿਚ ਸ਼ਰਾਫ਼ਤ ਆ ਜਾਵੇਗੀ।

ਮਹਾਭਾਰਤ, ਯੁੱਧ ਦਾ ਗ੍ਰੰਥ ਹੈ; ਇਹ ਮਨੁੱਖ ਦੇ ਮਨ ਦਾ ਗ੍ਰੰਥ ਹੈ, ਜਿਥੇ ਮਹਾਭਾਰਤ ਨਿਰੰਤਰ ਚੱਲਦਾ ਰਹਿੰਦਾ ਹੈ।

ਸ਼ੇਰ, ਰਿੱਛ, ਬਾਂਦਰ ਸਭ ਨੂੰ ਕਾਬੂ ਕੀਤਾ ਜਾ ਸਕਦਾ ਹੈ, ਪਰ ਵਿਗੜੇ ਹੋਏ ਮਨੁੱਖ ਨੂੰ ਕਾਬੂ ਕਰਨਾ ਸੰਭਵ ਨਹੀਂ ਹੁੰਦਾ।

ਜਦੋਂ ਤਕ ਪੁੱਤਰ ਆਪਣਾ ਹੱਥ, ਪਿਤਾ ਦੀ ਜੇਬ ਵਿਚੋਂ ਨਹੀਂ ਕੱਢਦਾ, ਉਸ ਨੂੰ ਕਿਸੇ ਇਸਤਰੀ ਦਾ ਹੱਥ ਨਹੀਂ ਫੜਨਾ ਚਾਹੀਦਾ।

ਕਈਆਂ ਕੋਲ ਸਭ ਕੁਝ ਹੁੰਦਾ ਹੈ, ਕੇਵਲ ਦਿਲ ਦੀ ਘਾਟ ਹੁੰਦੀ ਹੈ।

ਪਿਤਾ ਤੋਂ ਬਿਨਾਂ ਬੱਚਾ, ਅੱਧਾ ਯਤੀਮ ਹੁੰਦਾ ਹੈ, ਜੇ ਪਿਤਾ ਹੋਵੇ, ਪਰ ਮਾਂ ਨਾ ਹੋਵੇ ਤਾਂ ਉਹ ਦੋਵੇਂ ਯਤੀਮ ਹੁੰਦੇ ਹਨ।

ਮਿਹਰਬਾਨੀਆਂ ਭੁੱਲ ਜਾਂਦੀਆਂ ਹਨ ਪਰ ਵਧੀਕੀਆਂ ਲੋੜ ਨਾਲੋਂ ਵਧੇਰੇ ਯਾਦ ਰੱਖੀਆਂ ਜਾਂਦੀਆਂ ਹਨ।

ਜੇ ਕੁਝ ਮੁੱਲਵਾਨ ਕਰਨ ਦੀ ਹਿੰਮਤ ਅਤੇ ਜ਼ਿੰਦਗੀ ਦਾ ਉਦੇਸ਼ ਹੀ ਗੁਆਚ ਜਾਵੇ ਤਾਂ ਜਿਊਣ ਦਾ ਅਧਾਰ ਵੀ ਗੁੰਮ ਜਾਂਦਾ ਹੈ।

ਮਾਰ, ਇਕ ਹਦ ਤਕ ਹੀ ਪੀੜ ਕਰਦੀ ਹੈ, ਫਿਰ ਸਰੀਰ ਸਹਿੰਦੜ ਹੋ ਜਾਂਦਾ ਹੈ।

ਜੰਗੀ ਕੈਦੀਆਂ ਕੋਲ ਖ਼ਬਰਾਂ ਨਾਲੋਂ, ਅਫ਼ਵਾਹਾਂ ਵਧੇਰੇ ਹੁੰਦੀਆਂ ਹਨ।

ਕਿਸੇ ਵੀ ਪੱਖੋਂ ਸਾਡੀ ਜ਼ਿੰਦਗੀ ਵਿਚ ਦਿਲਚਸਪੀ ਜਗਾਉਣ ਅਤੇ ਰੌਣਕ ਲਿਆਉਣ ਵਾਲਾ ਵਿਅਕਤੀ, ਹੌਲੀ-ਹੌਲੀ ਸਾਡੀ ਪਸੰਦ ਬਣ ਜਾਂਦਾ ਹੈ।

ਜਦੋਂ ਜ਼ਿੰਦਗੀ ਨੂੰ ਹੀ ਖ਼ਤਰਾ ਹੋਵੇ, ਉਸ ਸਮੇਂ ਕਿਸੇ ਵੀ ਪੱਖੋਂ ਮਹੱਤਵਪੂਰਨ ਅਤੇ ਉਘੜਵੇਂ ਬਣਨ ਦਾ ਖ਼ਤਰਾ ਨਾ ਸਹੇੜੋ।

ਯੁੱਧ ਵਿਚ ਰੋਜ਼ ਹੀ ਮਰਨ ਦੇ ਡਰ ਕਾਰਨ, ਮਰਨ ਦਾ ਡਰ ਜਾਂਦਾ ਰਹਿੰਦਾ ਹੈ।

ਮਾਰ ਦੀ ਪੀੜ ਨਾਲੋਂ, ਬੇਇਨਸਾਫ਼ੀ ਦੀ ਪੀੜ ਵਧੇਰੇ ਹੁੰਦੀ ਹੈ।

ਜਦੋਂ ਵੀ ਅਨੁਭਵ ਡੂੰਘਾ ਹੋਵੇਗਾ, ਪ੍ਰਗਟਾਉਣ ਦਾ ਅੰਦਾਜ਼ ਕਾਵਿਕ ਹੋ ਜਾਵੇਗਾ।

ਜਦੋਂ ਸਮੇਂ ਦੇ ਪੱਖੋਂ ਦੁੱਖ ਨੂੰ ਸਹਿਣ ਦੀ ਮਿਆਦ ਮਿੱਥ ਦਿੱਤੀ ਜਾਵੇ ਤਾਂ ਉਸ ਨੂੰ ਬਰਦਾਸ਼ਤ ਕਰਨ ਦੀ ਹਿੰਮਤ ਜਾਗ ਪੈਂਦੀ ਹੈ।

ਜ਼ਿੰਦਗੀ ਦੇ ਅਰਥ ਬਦਲਦੇ ਰਹਿੰਦੇ ਹਨ, ਪਰ ਅਰਥ ਕਦੇ ਖ਼ਤਮ ਨਹੀਂ ਹੁੰਦੇ।

ਆਪਣੇ ਆਪ ਬਾਰੇ ਅਧਿਕ ਸੁਚੇਤ ਵਿਅਕਤੀ ਹੱਸਮੁਖ ਨਹੀਂ ਹੁੰਦੇ, ਉਹ ਹਰ ਲਤੀਫ਼ੇ ਅਤੇ ਮਖੌਲ ਦੇ ਅਰਥ, ਗਲਤ ਹੀ ਕੱਢਦੇ ਹਨ।

ਮੁਗ਼ਲਾਂ ਨੇ ਚਰੱਖੜੀਆਂ ਬਣਾਈਆਂ ਸਨ, ਉਨ੍ਹਾਂ ਚਰੱਖੜੀਆਂ 'ਤੇ ਹੱਸ-ਹੱਸ ਕੇ ਚੜ੍ਹਨ ਵਾਲਿਆਂ ਨੇ, ਚਰੱਖੜੀਆਂ ਵੀ ਸ਼ਿੰਗਾਰ ਦਿੱਤੀਆਂ ਸਨ।

ਮਰੀਜ਼ ਦੀ ਹਾਲਤ ਵਿਚ ਮੋੜ ਉਦੋਂ ਆਉਂਦਾ ਹੈ, ਜਦੋਂ ਉਹ ਆਪੇ ਤਿਆਰ ਹੋ ਕੇ ਮੁਸਕਰਾ ਕੇ ਗੱਲ ਕਰਦਾ ਹੈ।

ਫੋਟੋ ਵਿਚਲੀ ਮੁਸਕਰਾਹਟ ਦਾ ਕੋਈ ਕਾਰਨ ਨਹੀਂ ਹੁੰਦਾ, ਇਸ ਲਈ ਫੋਟੋ ਵਿਚਲੀ ਮੁਸਕਰਾਹਟ ਫਿਕੀ ਹੁੰਦੀ ਹੈ।

ਦਸੰਬਰ ਦੇ ਅੰਤਲੇ ਦਿਨ, ਆਸ਼ਾਵਾਦੀ ਨਵਾਂ ਸਾਲ ਚੜ੍ਹਾ ਕੇ ਸੌਂਦਾ ਹੈ ਅਤੇ ਨਿਰਾਸ਼ਾਵਾਦੀ ਪੁਰਾਣਾ ਸਾਲ ਮੁਕਾ ਕੇ ਸੌਂਦਾ ਹੈ।

ਕਈ ਪਤੀ-ਪਤਨੀ ਉਵੇਂ ਲੜਦੇ ਹਨ, ਜਿਵੇਂ ਉਨ੍ਹਾਂ ਵਿਚਕਾਰ ਨਾਜਾਇਜ਼ ਸਬੰਧ ਹੋਣ।

ਜੇ ਅਪਰਾਧੀ ਆਪਣੇ ਸਾਰੇ ਪੱਖ ਦੱਸ ਦੇਵੇ ਤਾਂ ਉਹ ਨਿਰਦੋਸ਼ ਅਤੇ ਸਮਾਜ-ਧਰਮ-ਰਾਜਨੀਤੀ-ਅਰਥਚਾਰਾ, ਦੋਸ਼ੀ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਜਿਹੜੇ ਰੱਬ ਨੂੰ ਮੰਨਦੇ ਨਹੀਂ, ਉਨ੍ਹਾਂ ਨੂੰ ਰੱਬ ਦੀ ਅਕਸਰ ਯਾਦ ਆਉਂਦੀ ਰਹਿੰਦੀ ਹੈ।

ਜਿਹੜਾ ਹੱਸ ਸਕਦਾ ਹੈ, ਉਸ 'ਤੇ ਨਿਗਰਾਨੀ ਦੀ ਲੋੜ ਨਹੀਂ ਪੈਂਦੀ; ਨਿਗਰਾਨੀ ਹਾਏ-ਹਾਏ ਅਤੇ ਬੁੜ-ਬੁੜ ਕਰਨ ਵਾਲਿਆਂ ਲਈ ਹੁੰਦੀ ਹੈ।

ਕਈ ਵਾਰੀ ਭੁੱਖੇ ਬੰਦੇ ਨੂੰ, ਰੱਜੇ ਹੋਣ ਦਾ ਨਾਟਕ ਕਰਨਾ ਪੈਂਦਾ ਹੈ।

ਹਾਰਨ ਦੇ ਬਾਵਜੂਦ, ਸਿਕੰਦਰ ਸਾਹਮਣੇ ਪੋਰਸ ਦੇ ਸਿੱਧੇ ਹੋ ਕੇ ਖਲੋਣ ਨਾਲ, ਸਾਬਤ ਹੋ ਗਿਆ ਸੀ ਕਿ ਲੰਮਾ ਸਿਕੰਦਰ ਸੀ, ਪਰ ਉੱਚਾ ਪੋਰਸ ਸੀ।

ਮਨੁੱਖ ਨੇ ਕਦੇ ਵੀ ਦੁਖੀ ਹੋਣ ਦੀ ਤਿਆਰੀ ਨਹੀਂ ਕੀਤੀ ਹੁੰਦੀ; ਦੁੱਖ ਆ ਜਾਂਦਾ ਹੈ, ਤਿਆਰੀ ਨਾ ਕੀਤੀ ਹੋਣ ਕਰਕੇ, ਮਨੁੱਖ ਦੁਖੀ ਹੁੰਦਾ ਹੈ।

ਜੇ ਤੁਹਾਨੂੰ ਜ਼ਿੰਦਗੀ ਤੋਂ ਕੋਈ ਆਸ ਨਹੀਂ ਰਹੀ, ਤਾਂ ਵੀ ਭੁੱਲੋ ਨਾ ਕਿ ਜ਼ਿੰਦਗੀ ਨੂੰ ਤੁਹਾਡੇ ਤੋਂ ਅਜੇ ਵੀ ਆਸ ਹੈ।

ਤਲਾਕ ਦਾ ਕਾਰਨ ਅਕਸਰ, ਕਾਹਲ ਨਾਲ ਕੀਤਾ ਵਿਆਹ ਹੁੰਦਾ ਹੈ।

ਪਹਿਲਾਂ ਦੂਜੇ ਨੂੰ ਸਮਝੋ, ਇਵੇਂ ਸਮਝੋ ਕਿ ਉਹ ਤੁਹਾਨੂੰ ਸਮਝ ਜਾਵੇ।

ਜਿਹੜਾ ਅੱਖਾਂ ਮੀਟ ਕੇ ਦੀਦਾਰ ਕਰਨਯੋਗ ਹੋਵੇ, ਮਹਿਬੂਬ ਉਸ ਨੂੰ ਬਣਾਓ।

ਕੋਈ ਸਮਾਜ ਨਹੀਂ ਕਹਿੰਦਾ ਕਿ ਇਥੇ ਹੋਰ ਚੰਗੇ ਬੰਦਿਆਂ ਲਈ ਥਾਂ ਨਹੀਂ ਹੈ, ਕਿਉਂਕਿ ਚੰਗੇ ਬੰਦੇ ਆਪਣੀ ਥਾਂ ਆਪ ਬਣਾਉਂਦੇ ਹਨ, ਉਹ ਕਿਸੇ ਦੀ ਥਾਂ ਨਹੀਂ ਮੱਲਦੇ।

ਸਵੱਖਤੇ ਜਾਗਣ ਦੀ ਰੀਤ, ਧਰਮ ਦਾ ਇਕ ਵੱਡਾ ਯੋਗਦਾਨ ਹੈ।

ਜੇ ਇਨਕਲਾਬੀ ਫੈਸਲਾ ਕਰਨਾ ਹੋਵੇ ਤਾਂ ਉਹ ਇਕ ਵਿਅਕਤੀ ਕਰਦਾ ਹੈ; ਜੇ ਪਰੰਪਰਾਗਤ ਨਿਰਣਾ ਕਰਨਾ ਹੋਵੇ ਤਾਂ ਉਹ ਕਮੇਟੀ ਕਰਦੀ ਹੈ।

ਬਚਾਓ, ਇਸ ਗੱਲ ਵਿਚ ਹੈ ਕਿ ਕਦੇ ਵੀ ਪੂਰਨਭਾਂਤ, ਸੁਰੱਖਿਅਤ ਮਹਿਸੂਸ ਨਾ ਕਰੋ।

ਪਿਆਰ ਦੀਆਂ ਗੱਲਾਂ ਕਰਨ ਅਤੇ ਪਿਆਰ-ਪ੍ਰਬੰਧ ਵਿਚ ਇਸਤਰੀ, ਪੁਰਸ਼ ਨਾਲੋਂ ਵਧੇਰੇ ਸਿਆਣਪ ਵਿਖਾਉਂਦੀ ਹੈ।

ਜੇ ਕਿਸੇ ਕੋਲ ਕੁਝ ਮਹੱਤਵਪੂਰਨ ਕਰਨ ਦੀ ਵਿਉਂਤ ਹੋਵੇ, ਉਹ ਸਾਰੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਸੌਖਿਆਂ ਹੀ ਸਹਿ ਲਵੇਗਾ।

ਜਦੋਂ ਜਸ਼ਨ ਨਾਲ ਸ਼ਰਧਾ ਜੋੜ ਦਿੱਤੀ ਜਾਵੇ ਤਾਂ ਇਹ ਤਿਉਹਾਰ ਬਣ ਜਾਂਦਾ ਹੈ।

ਅੰਗਰੇਜ਼ ਭਾਰਤ ਦੇ ਹਾਕਮ ਹੀ ਰਹੇ, ਉਹ ਭਾਰਤ ਦੇ ਆਗੂ ਨਹੀਂ ਬਣੇ।

ਡਾਰਵਿਨ ਦਾ ਸਮੁੱਚਾ ਸਿਧਾਂਤ, ਹੈ ਤਾਂ ਮੁੱਖ ਤੌਰ 'ਤੇ ਪਸ਼ੂਆਂ-ਪੰਛੀਆਂ ਬਾਰੇ, ਪਰ ਇਸ ਦੇ ਅਧਿਐਨ ਦਾ ਲਾਭ, ਮਨੁੱਖਾਂ ਨੂੰ ਹੋਇਆ ਹੈ।

ਮਨੁੱਖ ਨੇ ਜੀਵਨ-ਪ੍ਰਣਾਲੀ ਹੀ ਅਜਿਹੀ ਅਪਣਾ ਲਈ ਹੈ ਕਿ ਉਸ ਲਈ ਆਪਣੇ ਆਪ ਨਾਲ, ਪ੍ਰਸੰਨ ਹੋਣਾ ਸੰਭਵ ਨਹੀਂ ਰਿਹਾ।

ਬੱਚਿਆਂ ਨੂੰ ਪਾਲਣ ਵਰਗਾ, ਕੋਈ ਹੋਰ ਵਿਕਾਸੀ ਤਜਰਬਾ ਨਹੀਂ ਹੁੰਦਾ, ਕਿਉਂਕਿ ਅਸੀਂ ਪਾਲਦੇ ਬੱਚੇ ਹਾਂ, ਪਰ ਵਿਕਾਸ ਸਾਡੇ ਵਿਚ ਵਾਪਰਦਾ ਹੈ।

ਜੇ ਤੁਹਾਡੇ ਕੋਲ ਪਰਿਵਾਰ ਦੀ ਧਰਵਾਸ, ਸਹਿਯੋਗ ਅਤੇ ਹਮਦਰਦੀ ਨਹੀਂ, ਤਾਂ ਤੁਹਾਡੇ ਕੋਲ ਬਹੁਤ ਕੁਝ ਨਹੀਂ।

ਚੰਗਾ ਅਧਿਆਪਕ ਮਿਲ ਜਾਵੇ ਤਾਂ ਵਿਦਿਆਰਥੀ ਵੀ ਚੰਗੇ ਬਣ ਜਾਂਦੇ ਹਨ।

ਜ਼ਿੰਦਗੀ ਦੇ ਡੂੰਘੇ ਅਨੁਭਵਾਂ ਅਤੇ ਵਿਸ਼ਾਲ ਅਹਿਸਾਸਾਂ ਲਈ, ਇਸਤਰੀ-ਪੁਰਸ਼ ਦੋਹਾਂ ਲਈ, ਉਨ੍ਹਾਂ ਦੇ ਬੱਚਿਆਂ ਦਾ ਕੋਲ ਹੋਣਾ ਜ਼ਰੂਰੀ ਹੁੰਦਾ ਹੈ।

ਅਨੇਕਾਂ ਵਿਹਲੇ ਬੰਦੇ, ਆਪਣਾ ਸਾਰਾ ਸਮਾਂ, ਆਪਣੇ ਭਵਿੱਖ ਨੂੰ ਅਤੀਤ ਬਣਾਉਣ ਵਿਚ ਲਾ ਦਿੰਦੇ ਹਨ।

ਝਿਜਕ ਵਾਲੇ ਪ੍ਰੇਮੀ ਨੂੰ ਇਸਤਰੀ ਪਸੰਦ ਨਹੀਂ ਕਰਦੀ; ਉਹ ਚਾਹੁੰਦੀ ਹੈ ਕਿ ਪੁਰਸ਼ ਵਾਲੀ ਦਲੇਰੀ, ਪੁਰਸ਼ ਹੀ ਵਿਖਾਵੇ।

ਸੁਗੰਧੀਆਂ ਅਤੇ ਇਤਰ-ਫੁਲੇਲ, ਸਵੈ-ਭਰੋਸਾ ਉਸਾਰਨ ਲਈ ਅਤੇ ਦੂਜਿਆਂ ਨੂੰ ਨੇੜੇ ਲਿਆਉਣ ਲਈ ਵਰਤੇ ਜਾਂਦੇ ਹਨ।

ਹਰ ਸੁੰਦਰ ਇਸਤਰੀ ਆਪਣੀ ਹਾਜ਼ਰੀ ਨਾਲ ਇਕ ਨਜ਼ਾਰਾ ਸਿਰਜਦੀ ਹੈ, ਪੁਰਸ਼ ਇਸ ਨਜ਼ਾਰੇ ਤੋਂ ਪ੍ਰਭਾਵਿਤ ਹੁੰਦਾ ਹੈ।

ਜੇ ਤੁਹਾਡੇ ਹਾਲਾਤ ਨਹੀਂ ਬਦਲ ਰਹੇ ਤਾਂ ਆਪ ਬਦਲੋ।

ਚੀਜ਼ਾਂ ਖਰੀਦਣ ਦਾ ਝੱਲ, ਪਿਆਰ ਦੀ ਅਣਹੋਂਦ ਵਿਚੋਂ ਉਪਜਦਾ ਹੈ; ਪਿਆਰ ਮਿਲਦਾ ਨਹੀਂ, ਪਿਆਰ ਦੇ ਬਦਲ ਖਰੀਦੇ ਜਾਂਦੇ ਹਨ।

ਸਰਬੱਤ ਦੇ ਭਲੇ ਦੀ ਭਾਵਨਾ ਨਾਲ ਚੱਲੋਗੇ ਤਾਂ ਉਹ ਵੀ ਨਾਲ ਚੱਲਣਗੇ, ਜਿਹੜੇ ਕਿਸੇ ਨਾਲ ਨਹੀਂ ਚੱਲਦੇ।

ਜੇ ਤੁਸੀਂ ਦੁਖੀ ਹੋ ਤਾਂ ਦੂਜਿਆਂ ਦੇ ਦੁੱਖ ਸੁਣੋ, ਸੁਖੀ ਮਹਿਸੂਸ ਕਰਨ ਲੱਗ ਪਓਗੇ।

ਨਵੀਆਂ ਚੀਜ਼ਾਂ ਖਰੀਦਣ ਨਾਲ, ਅਸੀਂ ਆਪਣੇ ਆਪ ਨੂੰ ਸ਼ਕਤੀਸ਼ਾਲੀ ਅਤੇ ਜ਼ਮਾਨੇ ਦੇ ਹਾਣ ਦਾ ਸਮਝਣ ਲੱਗ ਪੈਂਦੇ ਹਾਂ।

ਜਦੋਂ ਕਿਸੇ ਪੁਰਸ਼ ਨੂੰ ਕੋਈ ਇਸਤਰੀ, ਪਹਿਲੀ ਤੱਕਣੀ ਵਿਚ ਹੀ ਚੰਗੀ ਲੱਗਣ ਲੱਗ ਪਏ ਤਾਂ ਉਸ ਇਸਤਰੀ ਦੀਆਂ ਗੱਲਾਂ ਵਿਚੋਂ ਪੁਰਸ਼ ਨੂੰ, ਨੇੜੇ ਆਉਣ ਦੇ ਸੁਨੇਹੇ ਸੁਣਾਈ ਦੇਣ ਲੱਗ ਪੈਂਦੇ ਹਨ।

ਜਿਤਨਾ ਵਧੇਰੇ ਦਿਖਾਵਾ ਕਰੋਗੇ, ਉਤਨਾ ਹੀ ਦੂਜੇ ਤੁਹਾਨੂੰ ਆਪਣੇ ਤੋਂ ਨੀਵਾਂ ਅਤੇ ਕਮਜ਼ੋਰ ਸਮਝਣਗੇ।

ਵਪਾਰ ਵਿਚ ਆਪਣਾ ਧਿਆਨ ਰੱਖਿਆ ਜਾਂਦਾ ਹੈ, ਪਿਆਰ ਵਿਚ ਦੂਜੇ ਦਾ।

ਜਿਹੜੀ ਜਿੱਤ ਵਿਚ ਇਨਸਾਫ਼ ਨਹੀਂ ਹੁੰਦਾ, ਉਹ ਜਿੱਤ ਨਹੀਂ ਹਾਰ ਹੁੰਦੀ ਹੈ।

ਵਪਾਰ ਦੀ ਸਭ ਤੋਂ ਵੱਡੀ ਵੰਗਾਰ, ਨਵੇਂ ਗਾਹਕ ਉਪਜਾਉਣਾ, ਮੁਨਾਫ਼ਾ ਵਧਾਉਣਾ ਅਤੇ ਲਾਗਤ ਘਟਾਉਣਾ ਹੁੰਦੀ ਹੈ।

ਪ੍ਰਭਾਵਸ਼ਾਲੀ ਆਗੂ ਸਰਬਸੰਮਤੀ ਵਿਚੋਂ ਨਹੀਂ, ਵਿਰੋਧ ਵਿਚੋਂ ਉਪਜਦੇ ਹਨ।

ਲੋਕ, ਪਸੰਦ ਸ਼ਾਂਤੀ ਕਰਦੇ ਹਨ, ਪਰ ਗੀਤ ਜੋਧਿਆਂ ਦੇ ਗਾਉਂਦੇ ਹਨ।

ਸਫ਼ਲਤਾ ਬੜਾ ਤੰਗ ਕਰਦੀ ਹੈ, ਇਸ ਉਪਰੰਤ ਹਰ ਵਾਰ ਸਫ਼ਲ ਹੋਣਾ ਪੈਂਦਾ ਹੈ।

ਕਈ, ਸੰਸਾਰ ਵਿਚ ਕਮਾਲ ਕਰਨ ਹੀ ਆਉਂਦੇ ਹਨ; ਲਿਓਨਾਰਦੋ ਸੰਗੀਤਕਾਰ ਨਹੀਂ ਸੀ, ਪਰ ਉਸ ਨੇ ਸਾਜ਼ਾਂ ਦਾ ਨਿਰਮਾਣ ਕੀਤਾ ਸੀ; ਉਹ ਜਰਨੈਲ ਨਹੀਂ ਸੀ, ਪਰ ਉਸ ਨੇ ਕਿਲ੍ਹਿਆਂ ਦੇ ਨਕਸ਼ੇ ਬਣਾਏ ਸਨ।

ਜਦੋਂ ਵੀ ਕਿਸੇ ਜਾਨ-ਲੇਵਾ ਰੋਗ ਹੋਣ ਦਾ ਪਤਾ ਲੱਗੇਗਾ, ਚੀਜ਼ਾਂ ਖਰੀਦਣ ਦੀ ਸ਼ਕਤੀ ਭਾਵੇਂ ਹੋਵੇ, ਪਰ ਖਰੀਦਣ ਦੀ ਖਿਚ ਮੁੱਕ ਜਾਵੇਗੀ।

ਗਰੀਬਾਂ ਨੂੰ ਦਿਖਾਵੇ ਨਾਲ ਪ੍ਰਭਾਵਿਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਨ੍ਹਾਂ ਨੇ ਜ਼ਿੰਦਗੀ ਦੀ ਅਸਲੀਅਤ ਵੇਖੀ ਹੁੰਦੀ ਹੈ; ਉਹ ਤੁਹਾਡੀ ਉਪਜਾਈ ਚਕਾਚੌਂਧ ਵੇਖ ਲੈਣਗੇ, ਪਰ ਇਸ ਤੋਂ ਪ੍ਰਭਾਵਿਤ ਨਹੀਂ ਹੋਣਗੇ।

ਕਈ ਪਰਿਵਰਤਨ ਵੀ ਨਹੀਂ ਲਿਆ ਸਕਦੇ, ਕੁਝ ਇਨਕਲਾਬ ਹੀ ਲੈ ਆਉਂਦੇ ਹਨ।

ਜਿਸ ਨਾਲ ਵੀ ਮੁਕਾਬਲਾ ਹੋਵੇ, ਉਸ ਦੇ ਗੁਣ ਧਾਰਨ ਕਰੋ; ਉਨ੍ਹਾਂ ਗੁਣਾਂ ਨਾਲ ਆਪਣੇ ਗੁਣ ਤਿੱਖੇ ਕਰੋ।

ਧਰਮ ਕੋਈ ਹੋਵੇ, ਸ਼ਰਧਾਲੂ ਦੀ ਟੇਕ ਪਰਮਾਤਮਾ 'ਤੇ ਹੁੰਦੀ ਹੈ।

ਮਹਿਲਾਂ ਦੇ ਸ਼ਾਹੀ ਠਾਠ-ਬਾਠ ਵਿਚ ਪਲ ਕੇ ਜਿਹੜਾ ਭਿਖਾਰੀ ਬਣੇ, ਉਹ ਭਿਖਸ਼ੂ ਕਹਾਉਂਦਾ ਹੈ।

ਪ੍ਰਗਟਾਵੇ ਦੇ ਅਧਿਕਾਰ ਤੋਂ ਬਿਨਾਂ, ਕਿਸੇ ਅਧਿਕਾਰ ਦਾ ਕੋਈ ਅਰਥ ਅਤੇ ਮਹੱਤਵ ਨਹੀਂ ਹੁੰਦਾ।

ਵਿਵੇਕਾਨੰਦ ਨੇ, ਭਾਰਤ ਨੂੰ ਭਿਖਾਰੀਆਂ ਦਾ ਦੇਸ਼ ਸਮਝਣ ਵਾਲੇ ਅਮਰੀਕਨਾਂ ਨੂੰ, ਭਿਖਸ਼ੂਆਂ ਬਾਰੇ ਦੱਸ ਕੇ, ਉਨ੍ਹਾਂ ਦੀ ਤੀਜੀ ਅੱਖ ਖੋਲ੍ਹ ਦਿੱਤੀ ਸੀ।

ਮਨੁੱਖ ਨੇ ਜਿਤਨਾ ਵੀ ਵਿਕਾਸ ਕੀਤਾ ਹੈ, ਉਹ, ਉਦੇਸ਼ ਬਣਾ ਕੇ ਹੀ ਕੀਤਾ ਹੈ।

ਧਰਮ, ਉਹ ਪੈਮਾਨੇ ਸਥਾਪਤ ਕਰਦਾ ਹੈ, ਜਿਨ੍ਹਾਂ ਨਾਲ ਸ਼ਰਧਾਲੂ ਆਪਣਾ ਰੂਹਾਨੀ ਕੱਦ-ਕਾਠ ਮਾਪਦੇ ਹਨ

ਜੇ ਨਵੇਂ ਵਿਚਾਰ ਤੁਹਾਡੇ ਵਿਚ ਉਤਸ਼ਾਹ ਅਤੇ ਜੋਸ਼ ਨਹੀਂ ਉਪਜਾਉਂਦੇ ਤਾਂ ਉਹ ਪਰਿਵਰਤਨ ਵੀ ਨਹੀਂ ਉਪਜਾਉਣਗੇ।

ਅਜੋਕਾ ਮਨੁੱਖ ਲੋੜਵੰਦ ਨਹੀਂ ਰਿਹਾ, ਲੋਭਵੰਤ ਹੋ ਗਿਆ ਹੈ।

ਅਮੀਰ ਦੇਸ਼, ਅਮੀਰ ਹੀ ਨਹੀਂ ਹੁੰਦੇ, ਅਮੀਰ ਦੇਸ਼ਾਂ ਵਿਚ ਹਰੇਕ ਲਈ ਅਮੀਰ ਬਣਨ ਦੇ ਅਵਸਰ ਵੀ ਹੁੰਦੇ ਹਨ।

ਬੱਚਿਆਂ ਨੂੰ ਗਲਤੀਆਂ ਕਰਨ ਲਈ ਵਕਤ ਅਤੇ ਥਾਂ ਦਿਓ, ਉਹ ਸਿਆਣੇ, ਉਦਾਰ, ਬਹਾਦਰ ਅਤੇ ਸਹਿਯੋਗੀ ਹੋ ਨਿਬੜਨਗੇ।

ਆਗੂ ਨੇ ਕਿਸੇ ਇਕ ਪਾਸੇ ਨਹੀਂ ਹੋਣਾ ਹੁੰਦਾ, ਉਸ ਨੇ ਸਵੈ-ਵਿਰੋਧਾਂ ਦੇ ਅਨੇਕਾਂ ਸਿਰੇ ਮਿਲਾਉਣੇ ਹੁੰਦੇ ਹਨ।

ਕਿਸੇ ਨਵੀਂ ਥਾਂ ਕਾਰ ਵਿਚ ਘੁੰਮਦਿਆਂ ਕੇਵਲ ਇਮਾਰਤਾਂ ਹੀ ਵੇਖੀਆਂ ਜਾ ਸਕਦੀਆਂ ਹਨ, ਲੋਕਾਂ ਨੂੰ ਵੇਖਣ ਲਈ ਪੈਦਲ ਚੱਲਣਾ ਲਾਜ਼ਮੀ ਹੈ।

ਸਮੁੰਦਰੀ ਜਹਾਜ਼ ਦਾ ਸਫ਼ਰ, ਕੁਝ ਦਿਨ ਮਗਰੋਂ, ਤੈਰਦੀ ਜੇਲ੍ਹ ਦੀ ਕੈਦ ਲੱਗਣ ਲੱਗ ਪੈਂਦਾ ਹੈ।

ਹਰ ਚੰਗੇ-ਭੈੜੇ ਖੇਤਰ ਵਿਚ, ਇਕ ਸਿਖ਼ਰਲੀ ਸ਼ਖ਼ਸੀਅਤ ਹੁੰਦੀ ਹੈ।

ਪੰਜਾਬੀਆਂ ਦਾ ਗਵਾਂਢ ਹਰਿਆਣਾ, ਹਿਮਾਚਲ, ਰਾਜਸਥਾਨ, ਪਾਕਿਸਤਾਨ ਨਹੀਂ; ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਹਨ।

ਹੋਰਾਂ ਨਾਲੋਂ ਸਿਆਣੇ ਬਣੋ, ਪਰ ਇਹ ਗੱਲ ਕਿਸੇ ਨੂੰ ਵਿਖਾਓ ਨਾ, ਆਪਣੇ-ਆਪ ਦਿਸਣ ਦਿਓ।

ਉੱਚੇ ਵਿਚਾਰਾਂ ਦੀ ਹੋਂਦ, ਪਰ ਸਮਝੌਤੇ ਅਤੇ ਖਿਮਾ ਦੀ ਬਿਰਤੀ ਦੀ ਅਣਹੋਂਦ, ਨਿਰਾਸ਼ਾ ਹੀ ਉਪਜਾਉਂਦੀ ਹੈ।

ਮਹਾਨਤਾ ਦਾ ਜਨਮ ਉਦੋਂ ਹੁੰਦਾ ਹੈ, ਜਦੋਂ ਕੋਈ ਇਕ ਵਿਅਕਤੀ, ਆਪਣੇ ਚਰਿੱਤਰ ਦੀ ਸ਼ਕਤੀ ਨਾਲ, ਜਾਬਰ ਹਕੂਮਤ ਦਾ ਤਖ਼ਤਾ ਉਲਟਾ ਦਿੰਦਾ ਹੈ।

ਬੇਸਮਝੀ ਵਾਲੇ ਟਕਰਾਓ ਵਿਚ, ਜਿੱਤਣ ਦਾ ਭਰਮ ਹੁੰਦਾ ਹੈ, ਹੁੰਦੀ ਹਾਰ ਹੀ ਹੈ।

ਅੱਥਰੂ, ਚਿਹਰੇ ਦੀ ਧੂੜ ਧੋ ਦਿੰਦੇ ਹਨ, ਨੈਣ-ਨਕਸ਼ ਨਿਖਾਰ ਦਿੰਦੇ ਹਨ, ਚਿਹਰੇ ਨੂੰ ਕੋਮਲ ਬਣਾ ਦਿੰਦੇ ਹਨ, ਨਜ਼ਰ ਵਧਾ ਦਿੰਦੇ ਹਨ, ਸਮਝ ਤਿੱਖੀ ਕਰ ਦਿੰਦੇ ਹਨ।

ਪੈਸਾ ਬੜਾ ਜ਼ਰੂਰੀ ਹੈ, ਬਹੁਤ ਮਹੱਤਵਪੂਰਨ ਹੈ, ਪਰ ਇਹ ਜ਼ਿੰਦਗੀ ਵਿਚ ਸਭ ਤੋਂ ਉੱਚੇ ਸਥਾਨ ਦਾ ਹੱਕਦਾਰ ਨਹੀਂ ਹੈ।

ਅੱਗ ਜਾਂ ਹੜ੍ਹ ਵਰਗੇ ਸੰਕਟ ਵਿਚ ਅਸੀਂ ਕਾਰਜ ਪਹਿਲਾਂ ਕਰਦੇ ਹਾਂ, ਉਸ ਨੂੰ ਕਰਨ ਦੀਆਂ ਦਲੀਲਾਂ ਮਗਰੋਂ ਦਿੰਦੇ ਹਾਂ।

ਵੱਡੇ ਸ਼ਹਿਰ ਜਲਦੀ ਜਾਗ ਪੈਂਦੇ ਹਨ, ਕਿਉਂਕਿ ਉਹ ਪੂਰੀ ਤਰ੍ਹਾਂ ਸੁੱਤੇ ਹੀ ਨਹੀਂ ਹੁੰਦੇ।

ਪਿੰਡਾਂ ਵਿਚ ਧੜੇਬੰਦੀ ਤੋਂ ਬਿਨਾਂ ਕੋਈ ਮਸਲਾ ਹੱਲ ਨਹੀਂ ਹੁੰਦਾ, ਪਰ ਪਿੰਡਾਂ ਵਿਚ ਹਰ ਮਸਲਾ ਉਪਜਦਾ ਵੀ ਧੜੇਬੰਦੀ ਕਾਰਨ ਹੈ।

ਜ਼ਰੂਰ ਕੋਈ ਕਾਰਨ ਹੋਵੇਗਾ ਕਿ ਕੁਦਰਤ ਨੇ ਜਵਾਨੀ ਅਤੇ ਅਕਲ ਨੂੰ, ਜੋਸ਼ ਅਤੇ ਹੋਸ਼ ਨੂੰ, ਇਕੱਠਿਆਂ ਨਹੀਂ ਹੋਣ ਦਿੱਤਾ।

ਬੱਚੇ ਸਿਆਣੇ ਹੋ ਜਾਣ 'ਤੇ, ਧੰਨਵਾਦੀ ਬਿਰਤੀ ਨਾਲ ਜਦੋਂ ਕਹਿੰਦੇ ਹਨ: ਮਾਂ ਤੂੰ ਥੱਕ ਗਈ ਹੈਂ, ਹੁਣ ਤੂੰ ਅਰਾਮ ਕਰ; ਤਾਂ ਪਰਉਪਕਾਰੀ ਅਤੇ ਮੋਹਭਰੀ ਮਾਂ ਕਹਿੰਦੀ ਹੈ: ਮੈਂ ਅੱਜ ਤਕ ਅਰਾਮ ਹੀ ਤਾਂ ਕੀਤਾ ਹੈ!

ਅਨਾਜ ਦੀ ਉਪਜ ਵਧਣ ਨਾਲ, ਜ਼ਿੰਦਗੀ ਦੇ ਡਰ ਘਟਦੇ ਹਨ ਅਤੇ ਸਮਾਜ ਵਿਚ ਸ਼ਾਂਤੀ ਵਧਦੀ ਹੈ।

ਫਿਲਮ ਦੇ ਅਰਥਾਂ ਨੂੰ ਡੂੰਘਾ ਅਤੇ ਦ੍ਰਿਸ਼ ਦੇ ਪ੍ਰਭਾਵ ਨੂੰ ਗੂੜ੍ਹਾ ਕਰਨ ਦਾ ਕਾਰਜ, ਫਿਲਮ ਵਿਚਲਾ ਸੰਗੀਤ ਕਰਦਾ ਹੈ।

ਕਾਨੂੰਨ ਲਈ ਬੇਈਮਾਨੀ ਅਪਰਾਧ ਹੈ, ਇਮਾਨਦਾਰੀ ਬਾਰੇ ਕਾਨੂੰਨ ਚੁੱਪ ਹੈ।

ਜੋ ਕੁਝ ਕੁਦਰਤ ਨੇ ਦਿੱਤਾ ਹੈ, ਉਸ ਦਾ ਧੰਨਵਾਦ ਕਰੋ, ਕੁਦਰਤ ਧੰਨਵਾਦ ਕਰਨ ਦੇ ਲੱਖਾਂ ਅਵਸਰ ਦੇਵੇਗੀ।

ਮੁਆਫ਼ੀ ਮੰਗਣ ਨਾਲ ਕੋਈ ਬਹਾਨਾ ਜੋੜ ਕੇ, ਮੁਆਫ਼ੀ ਵਿਚ ਮਿਲਾਵਟ ਨਾ ਕਰੋ।

ਖ਼ੁਸ਼ੀ ਕਮਾਈ ਹੀ ਜਾ ਸਕਦੀ ਹੈ, ਇਸ ਦਾ ਗ਼ਬਨ ਨਹੀਂ ਕੀਤਾ ਜਾ ਸਕਦਾ।

ਜਦੋਂ ਕੋਈ ਕਹਿੰਦਾ ਹੈ ਕਿ ਅਨਪੜ੍ਹ ਹੋਣ ਕਰਕੇ, ਉਹ ਸਫ਼ਲ ਨਹੀਂ ਹੋਇਆ ਤਾਂ ਉਹ ਕਹਿ ਰਿਹਾ ਹੁੰਦਾ ਹੈ ਕਿ ਹੁਣ ਸੰਸਾਰ ਵਿਚ ਪੜ੍ਹੇ-ਲਿਖੇ ਹੋਣ ਤੋਂ ਬਿਨਾਂ, ਸਫ਼ਲ ਹੋਣਾ ਸੰਭਵ ਨਹੀਂ ਰਿਹਾ।

ਕਦੇ ਹਿਸਾਬ ਲਾਉਣਾ; ਜ਼ਿੰਦਗੀ ਨੇ ਸਾਨੂੰ ਦਿੱਤਾ ਵਧੇਰੇ ਹੈ ਜਾਂ ਅਸੀਂ ਜ਼ਿੰਦਗੀ ਨੂੰ ਮੋੜਿਆ ਵਧੇਰੇ ਹੈ?

ਸੱਭਿਅਤਾਵਾਂ ਦਾ ਸੋਚਣਾ-ਬੋਲਣਾ, ਸਦੀਆਂ ਦੇ ਸੰਦਰਭ ਵਿਚ ਹੁੰਦਾ ਹੈ।

ਸ੍ਰੀ ਲੰਕਾ ਦਾ ਨਕਸ਼ਾ, ਭਾਰਤ ਦੇ ਅੱਥਰੂ ਵਰਗਾ ਹੈ।

ਅਰਬ ਦੇਸ਼ਾਂ ਵਾਂਗ, ਜਿਥੇ ਪੈਸਾ ਹੁੰਦਾ ਹੈ, ਪਰ ਗਿਆਨ ਨਹੀਂ ਹੁੰਦਾ, ਉਥੇ ਬੜੀਆਂ ਨਵੀਆਂ ਚੀਜ਼ਾਂ ਆਉਂਦੀਆਂ ਹਨ, ਪਰ ਪਰਿਵਰਤਨ ਕੋਈ ਨਹੀਂ ਵਾਪਰਦਾ।

ਮੱਧ-ਸ਼੍ਰੇਣੀ ਦੀ ਚੇਤਨਾ ਵਿਚ ਗਰੀਬੀ ਦਾ ਡਰ ਅਤੇ ਅਮੀਰੀ ਦੇ ਸੁਪਨੇ ਆਪਸ ਵਿਚ ਭਿੜਦੇ ਹਨ, ਇਸੇ ਕਰਕੇ ਇਸ ਸ਼੍ਰੇਣੀ ਦਾ ਵਿਹਾਰ ਜਟਿਲ ਹੁੰਦਾ ਹੈ।

ਨਕਲੀ ਸਮੱਸਿਆਵਾਂ, ਅਸਲੀ ਸਮੱਸਿਆਵਾਂ ਨਾਲੋਂ ਵੱਧ ਗੁੰਝਲਦਾਰ ਅਤੇ ਵਧੇਰੇ ਦਿਲਚਸਪ ਹੁੰਦੀਆਂ ਹਨ।

ਗੁਸੈਲ ਰੋਗੀ ਦੇਰ ਨਾਲ ਠੀਕ ਹੁੰਦੇ ਹਨ, ਕਈ ਹੁੰਦੇ ਹੀ ਨਹੀਂ।

ਕੁਦਰਤ ਗਰੀਬੀ ਵਿਚ ਵਿਸ਼ਵਾਸ ਨਹੀਂ ਕਰਦੀ; ਭਰਪੂਰ ਫ਼ਸਲ ਅਤੇ ਖ਼ੁਸ਼ਹਾਲ ਖੇਤ, ਕੁਦਰਤ ਦੇ ਲੱਛਣ ਹਨ।

ਇਸਤਰੀਆਂ ਦੀ ਹਾਜ਼ਰੀ ਵਿਚ, ਇਸਤਰੀਆਂ ਵਧੇਰੇ ਸੁਰੱਖਿਅਤ ਹੋਣ ਕਰਕੇ, ਵਧੇਰੇ ਖੁੱਲ੍ਹ ਕੇ ਵਿਚਰਦੀਆਂ ਹਨ।

ਸਮੁੰਦਰ ਦੇ ਕਿਨਾਰੇ ਸਵੇਰੇ, ਦੁਪਹਿਰੇ, ਸ਼ਾਮ, ਰਾਤ ਨੂੰ ਜਾਓ, ਵੱਖਰਾ-ਵੱਖਰਾ ਅਨੁਭਵ ਮਿਲੇਗਾ।

ਚੰਗੀਆਂ ਥਾਵਾਂ 'ਤੇ ਜੇ ਢੁਕਵੇਂ ਮੌਸਮ ਅਤੇ ਸਮੇਂ 'ਤੇ ਜਾਓ ਤਾਂ ਉਹ ਹੋਰ ਵੀ ਚੰਗੀਆਂ ਲੱਗਦੀਆਂ ਹਨ।

ਸਮੱਸਿਆਵਾਂ-ਮੁਸ਼ਕਿਲਾਂ ਤੋਂ ਮੁਕਤ ਹੋ ਕੇ, ਜੀਵਨ ਵਿਚ, ਕੁਝ ਨਹੀਂ ਸਿੱਖਿਆ ਜਾ ਸਕਦਾ।

ਰੌਸ਼ਨੀ ਵਿਸ਼ਾਲ ਹੁੰਦੀ ਹੈ; ਹਨੇਰਾ ਡੂੰਘਾ ਹੁੰਦਾ ਹੈ।

ਮਾਪੇ ਬਣ ਕੇ ਇਸਤਰੀ-ਪੁਰਸ਼, ਆਪਣੇ ਮਾਪਿਆਂ ਨੂੰ ਹੀ ਨਹੀਂ, ਸਾਰੇ ਮਾਪਿਆਂ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ।

ਕਈ ਸ਼ੀਸ਼ੇ ਅੱਗੇ ਅੱਖਾਂ ਬੰਦ ਕਰਕੇ ਵੇਖਦੇ ਹਨ ਕਿ ਉਹ ਸੁੱਤੇ ਹੋਏ ਕਿਹੋ ਜਿਹੇ ਲੱਗਦੇ ਹੋਣਗੇ।

ਸਿਆਣਪ ਦਾ ਪੈਮਾਨਾ ਇਹ ਹੈ ਕਿ ਤੁਸੀਂ ਵੇਖ ਕੇ, ਕੀ-ਕੀ ਅਣਡਿੱਠ ਕਰਦੇ ਹੋ।

ਪੈਸੇ ਦੀ ਅਤਿਅੰਤ ਦੁਰਵਰਤੋਂ, ਜੂਏ ਵਿਚ ਪ੍ਰਗਟ ਹੁੰਦੀ ਹੈ।

ਪਿਆਰ ਦਿਲ ਨਾਲ ਕੀਤਾ ਜਾਂਦਾ ਹੈ, ਨਫ਼ਰਤ ਦਿਮਾਗ ਨਾਲ ਕੀਤੀ ਜਾਂਦੀ ਹੈ।

ਧਰਮ ਕੋਈ ਹੋਵੇ, ਧੁਰ-ਅੰਦਰੋਂ ਉਹ ਪਰਿਵਰਤਨ-ਵਿਰੋਧੀ ਹੁੰਦਾ ਹੈ।

ਆਪਣੇ ਦੇਸ਼ ਦਾ ਮਹੱਤਵ, ਵਿਦੇਸ਼ ਜਾ ਕੇ ਹੀ ਪਤਾ ਲੱਗਦਾ ਹੈ।

ਬੱਚਿਆਂ ਦੀ ਸਹੀ ਢੰਗ ਨਾਲ ਪਾਲਣਾ-ਪੋਸਣਾ ਕਰਨ ਵਿਚ ਬਹੁਤ ਧਿਆਨ, ਧਨ, ਸਮਾਂ ਆਦਿ ਲੱਗੇਗਾ, ਪਰ ਜੇ ਭੈੜੇ ਢੰਗ ਨਾਲ ਪਾਲਣਾ-ਪੋਸਣਾ ਕਰੋਗੇ ਤਾਂ ਸਭ ਕੁਝ ਕਈ ਗੁਣਾਂ ਵੱਧ ਲੱਗੇਗਾ।

ਅੰਦਰਲੇ ਦੁਸ਼ਮਣ ਨਾ ਬਣੋ, ਬਾਹਰਲੇ ਵਿਰੋਧੀ ਹੀ ਬਣੋ।

ਬੱਚੇ ਮਾਪਿਆਂ ਨੂੰ ਅਜਿਹਾ ਸੰਸਾਰ ਵਿਖਾਉਂਦੇ ਹਨ, ਜਿਹੜਾ ਮਾਪਿਆਂ ਨੇ ਕਿਆਸਿਆ ਨਹੀਂ ਹੁੰਦਾ।

ਗੂੰਜ ਉਦੋਂ ਹੀ ਸੰਭਵ ਹੁੰਦੀ ਹੈ, ਜਦੋਂ ਹੋਰ ਸਾਰੀਆਂ ਅਵਾਜ਼ਾਂ ਚੁੱਪ ਹੋ ਜਾਣ।

ਭਾਰਤ ਵਿਚ ਆਰਥਿਕ ਬਰਾਬਰੀ ਇਕ ਸੁਪਨਾ ਹੈ, ਪਰ ਗਰੀਬੀ ਦਾ ਖ਼ਾਤਮਾ, ਹਕੀਕਤ ਹੋਣੀ ਚਾਹੀਦੀ ਹੈ।

ਗਰੀਬ ਦੇਸ਼ ਕਦੇ ਆਧੁਨਿਕ ਨਹੀਂ ਹੁੰਦੇ; ਆਧੁਨਿਕ ਦੇਸ਼ ਗਰੀਬ ਨਹੀਂ ਹੁੰਦੇ।

ਅਰੰਭ ਵਿਚ ਇਸਤਰੀ-ਪੁਰਸ਼ ਇਕ ਦੂਜੇ ਨੂੰ ਚੰਗੇ ਲੱਗਦੇ ਹਨ, ਫਿਰ ਹੋਰ ਚੰਗੇ ਲੱਗਣ ਲੱਗ ਪੈਂਦੇ ਹਨ, ਫਿਰ ਇਤਨੇ ਚੰਗੇ ਲੱਗਣ ਲੱਗ ਪੈਂਦੇ ਹਨ ਕਿ ਹੋਰ ਕੋਈ ਚੰਗਾ ਹੀ ਨਹੀਂ ਲੱਗਦਾ।

ਮਨੁੱਖ ਨੂੰ ਸੰਸਾਰ ਦੀ ਹਰ ਚੀਜ਼ ਵਿਖਾਈ ਦਿੰਦੀ ਹੈ, ਨਹੀਂ ਦਿਸਦੀ ਤਾਂ ਕੇਵਲ ਆਪਣੀ ਮੂਰਖਤਾ ਨਹੀਂ ਦਿਸਦੀ।

ਜੋ ਤੁਸੀਂ ਕਰ ਸਕਦੇ ਹੋ, ਜੋ ਤੁਸੀਂ ਹੀ ਕਰਨਾ ਹੈ, ਜੋ ਤੁਹਾਡੇ ਵੱਲੋਂ ਕੀਤੇ ਜਾਣਾ ਉਡੀਕਿਆ ਜਾ ਰਿਹਾ ਹੈ, ਉਹ ਪਛਾਣੋ ਅਤੇ ਕਰੋ, ਪ੍ਰਸਿੱਧ ਹੋ ਜਾਵੋਗੇ।

ਬੜੀ ਦੇਰ ਮਗਰੋਂ ਪਤਾ ਲਗਦਾ ਹੈ ਕਿ ਗਰੀਬੀ ਤੋਂ ਮੁਕਤ ਹੋਣ ਦੇ ਢੰਗ ਹੋਰ ਹਨ ਅਤੇ ਅਮੀਰੀ ਉਪਜਾਉਣ ਦੇ ਤਰੀਕੇ ਹੋਰ ਹਨ।

ਪਿਆਰ ਦੇ ਸਬੰਧ ਵਿਚ, ਕਿਸੇ ਦੇ ਸਮਝਾਇਆਂ, ਕੋਈ ਨਹੀਂ ਸਮਝਦਾ।

ਜਦੋਂ ਤਕ ਦੁਨੀਆਂ ਵਿਚ ਤਸੱਲੀਆਂ ਦੇ ਤਲਬਗਾਰ ਅਤੇ ਦਿਲਾਸਿਆਂ ਦੇ ਜ਼ਰੂਰਤਮੰਦ ਰਹਿਣਗੇ, ਧਰਮ ਦਾ ਜਾਦੂ ਚੱਲਦਾ ਰਹੇਗਾ।

ਇਸਤਰੀਆਂ ਹੁਸਨ ਦਾ ਵਾਰ ਅਸਿੱਧੇ ਢੰਗ ਨਾਲ ਕਰਦੀਆਂ ਹਨ; ਉਹ ਦੁਸ਼ਮਣ ਦੀ ਦੌਲਤ 'ਤੇ ਹੀ ਨਹੀਂ, ਦੁਸ਼ਮਣ 'ਤੇ ਹੀ ਕਬਜ਼ਾ ਕਰ ਲੈਂਦੀਆਂ ਹਨ।

ਸੋਹਣੀ ਇਸਤਰੀ ਦੀ ਸਭ ਤੋਂ ਵੱਡੀ ਸਮੱਸਿਆ, ਹੋਰ ਇਸਤਰੀਆਂ ਦੇ ਸਾੜੇ ਅਤੇ ਈਰਖਾ ਨੂੰ ਬਰਦਾਸ਼ਤ ਕਰਨਾ ਹੁੰਦੀ ਹੈ।

ਪਿਆਰ ਵਿਚ ਅੱਖਾਂ ਨਾਲ, ਇਕ ਹੱਦ ਤਕ ਹੀ ਵੇਖਿਆ ਜਾ ਸਕਦਾ ਹੈ, ਫਿਰ ਸਾਰਾ ਸਰੀਰ, ਸਾਰੇ ਸਰੀਰ ਨੂੰ ਵੇਖਣ ਲਈ, ਤੱਤਪਰ ਹੋ ਜਾਂਦਾ ਹੈ।

ਵਿਦਵਤਾ ਦੀ ਸ਼ੋਭਾ, ਨਿਮਰਤਾ ਨਾਲ ਵਧਦੀ ਹੈ; ਹੰਕਾਰ ਨਾਲ ਘਟਦੀ ਹੀ ਨਹੀਂ, ਮੁੱਕ ਵੀ ਜਾਂਦੀ ਹੈ।

ਗੁੱਸੇ ਵਿਚ ਲਿਖੇ ਖ਼ਤ ਨਾਲ, ਤਸੱਲੀ ਹੀ ਮਿਲਦੀ ਹੈ; ਅਜਿਹੇ ਖ਼ਤ ਨੂੰ ਸਾੜ ਦਿਓ, ਆਨੰਦ ਵੀ ਮਿਲੇਗਾ।

ਜਦੋਂ ਪ੍ਰੇਮਿਕਾ ਹੱਸਦੀ ਹੈ ਤਾਂ ਪ੍ਰੇਮੀ ਦੀ ਸਾਰੀ ਦੁਨੀਆਂ ਰੋਸ਼ਨ ਹੋ ਜਾਂਦੀ ਹੈ।

ਪਿਆਰ ਦੋ ਦੀ ਦੁਨੀਆਂ ਹੁੰਦੀ ਹੈ, ਵਿਆਹ ਵਿਚ ਸਾਰਾ ਸਮਾਜ ਸ਼ਾਮਲ ਹੁੰਦਾ ਹੈ।

ਕਈ ਰਿਸ਼ਤੇ ਫਿੱਕੀਆਂ ਜਲੇਬੀਆਂ ਅਤੇ ਕੌੜੇ ਲੱਡੂਆਂ ਵਰਗੇ ਹੁੰਦੇ ਹਨ।

ਪਤਨੀ ਨਾਲ ਰੁੱਸੇ ਹੋਏ ਹੋ? ਆਪਣੇ ਵਿਆਹ ਦੀ ਐਲਬਮ ਵੇਖੋ।

ਕੁਝ ਪ੍ਰਸੰਨ ਲੱਗਣ ਵਾਸਤੇ ਸੋਹਣੇ ਬਣਦੇ ਹਨ; ਕੁਝ ਪ੍ਰਸੰਨ ਹੋਣ ਕਰਕੇ ਸੋਹਣੇ ਲੱਗਦੇ ਹਨ।

ਸਵਰਗ ਦੀ ਗੱਲ ਕਰਦਿਆਂ ਤੁਹਾਡੇ ਚਿਹਰੇ ਤੋਂ ਸਵਰਗ ਝਲਕਣਾ ਚਾਹੀਦਾ ਹੈ; ਨਰਕ ਦੀ ਗੱਲ ਕਰਦਿਆਂ ਤੁਹਾਡਾ ਸੁਭਾਵਕ ਚਿਹਰਾ ਹੀ ਕਾਫ਼ੀ ਹੁੰਦਾ ਹੈ।

ਸੰਕਟ, ਸਾਵਧਾਨ ਹੋਣ ਲਈ ਕਹਿੰਦੇ ਹਨ, ਚਿੰਤਾ ਕਰਨ ਲਈ ਨਹੀਂ; ਸੰਕਟ ਵਿਚ ਸੋਚੋ, ਸ਼ਿਕਾਇਤ ਨਾ ਕਰੋ।

ਛੋਟਾ ਆਗੂ ਆਪਣੀ ਭਲਾਈ ਸੋਚਦਾ ਹੈ; ਦਰਮਿਆਨਾ ਆਗੂ ਆਪਣੀ ਜ਼ਾਤ ਦੀ ਭਲਾਈ ਸੋਚਦਾ ਹੈ; ਮਹਾਨ ਆਗੂ ਪਛੜੇ ਵਰਗਾਂ ਦੀ ਭਲਾਈ ਸੋਚਦਾ ਹੈ।

ਕੋਈ ਵੀ ਖਾਈ, ਦੋ ਛਲਾਂਗਾਂ ਨਾਲ ਨਹੀਂ ਟੱਪੀ ਜਾ ਸਕਦੀ।

ਲੋਕ ਨਵੇਂ ਦੁੱਖਾਂ ਤੋਂ ਡਰਦੇ ਹਨ, ਸੋ ਉਹ ਜਾਣੇ-ਪਛਾਣੇ ਦੁੱਖਾਂ ਨਾਲ ਰਹਿਣ ਨੂੰ ਤਰਜੀਹ ਦਿੰਦੇ ਹਨ।

ਹੌਸਲਾ ਉਦੋਂ ਪਰਖਿਆ ਜਾਂਦਾ ਹੈ, ਜਦੋਂ ਅਸੀਂ ਘੱਟ-ਗਿਣਤੀ ਵਿਚ ਹੁੰਦੇ ਹਾਂ; ਸਹਿਣਸ਼ੀਲਤਾ ਉਦੋਂ ਪਰਖੀ ਜਾਂਦੀ ਹੈ, ਜਦੋਂ ਅਸੀਂ ਬਹੁ-ਗਿਣਤੀ ਵਿਚ ਹੁੰਦੇ ਹਾਂ।

ਭੈੜੇ ਹਾਕਮ, ਆਪਣੇ ਤੋਂ ਪਹਿਲੀ ਹਕੂਮਤ ਨੂੰ, ਸੁਨਹਿਰੀ ਯੁੱਗ ਬਣਾ ਦਿੰਦੇ ਹਨ।

ਜਿਥੇ ਕੇਵਲ ਇਕ ਵਿਚਾਰਧਾਰਾ ਜਾਂ ਇਕ ਧਰਮ ਹੋਵੇਗਾ, ਉਥੇ ਅਤਿਵਾਦ ਹੋਵੇਗਾ, ਜੇ ਲੋਕਾਂ ਵੱਲੋਂ ਨਹੀਂ ਹੋਵੇਗਾ ਤਾਂ ਹਾਕਮਾਂ ਵੱਲੋਂ ਹੋਵੇਗਾ।

ਨਵੇਂ ਦਾ ਸੰਕਲਪ ਵਿਗਿਆਨ ਨੇ ਦਿੱਤਾ ਹੈ, ਪੁਰਾਣੇ ਦਾ ਸੰਕਲਪ ਧਰਮ ਦਾ ਹੈ; ਮੰਦਰ-ਮਸਜਿਦਾਂ ਪੁਰਾਤਨ ਹੀ ਹਨ; ਪ੍ਰਯੋਗਸ਼ਾਲਾਵਾਂ ਨਵੀਆਂ ਹੀ ਹਨ।

ਜੇ ਬਚਪਨ ਵਿਚ ਬੱਚਿਆਂ ਦੀ ਖੁੱਲ੍ਹੇ ਪੈਸਿਆਂ ਤਕ ਪਹੁੰਚ ਸੌਖੀ ਹੋਵੇਗੀ ਤਾਂ ਉਹ ਗੁਸਤਾਖ਼, ਬਦਤਮੀਜ਼ ਅਤੇ ਬਦਇਖ਼ਲਾਕ ਹੀ ਬਣਨਗੇ।

ਆਪਣੇ ਆਪ ਨੂੰ ਵਧੇਰੇ ਮਹੱਤਵਪੂਰਨ ਸਮਝਣ ਅਤੇ ਵਧੇਰੇ ਗੰਭੀਰਤਾ ਨਾਲ ਲੈਣ ਵਾਲੇ, ਅਕਸਰ ਹਾਸੋਹੀਣੇ ਬਣ ਜਾਂਦੇ ਹਨ।

ਇਹ ਹੈਰਾਨੀ ਦੀ ਗੱਲ ਹੈ ਕਿ ਮਿਸਰੀ, ਚੀਨੀ, ਯੂਨਾਨੀ, ਰੋਮਨ, ਭਾਰਤੀ ਸਮਕਾਲੀ ਸੱਭਿਅਤਾਵਾਂ ਇਕ-ਦੂਜੇ ਤੋਂ ਅਭਿੱਜ ਹੀ ਵਿਚਰਦੀਆਂ ਰਹੀਆਂ।

ਬੱਚੇ ਤੁਹਾਡੀਆਂ ਗੱਲਾਂ ਤਾਂ ਹੀ ਮੰਨਣਗੇ, ਜੇ ਗੱਲਾਂ ਪਿੱਛੇ ਤੁਹਾਡੇ ਵਿਹਾਰ ਦੀ ਤਾਕਤ ਹੋਵੇਗੀ; ਕੇਵਲ ਮਾਪੇ ਹੋਣ ਦੇ ਨਾਤੇ, ਉਹ ਤੁਹਾਡੀਆਂ ਗੱਲਾਂ ਨਹੀਂ ਮੰਨਣਗੇ, ਸਗੋਂ ਤੁਹਾਡੇ ਤੋਂ ਆਪਣੀਆਂ ਗੱਲਾਂ ਮਨਵਾਉਣਗੇ।

ਪਤੀ-ਪਤਨੀ ਇਕ-ਦੂਜੇ ਨਾਲ ਬੰਨ੍ਹੇ ਹੁੰਦੇ ਹਨ; ਪ੍ਰੇਮੀ-ਪ੍ਰੇਮਿਕਾ ਜੁੜੇ ਹੁੰਦੇ ਹਨ।

ਬੱਚਿਆਂ ਦੀ ਹਰ ਗੱਲ ਨੂੰ ਹਾਂ ਕਹਿਣ ਵਾਲੇ ਮਾਪਿਆਂ ਨੂੰ, ਆਪਣੀ ਕਹੀ ਹਰ ਗੱਲ ਬਾਰੇ ਬੱਚਿਆਂ ਦੀ ਨਾਂਹ ਸੁਣਨੀ ਪੈਂਦੀ ਹੈ।

ਅੰਗਰੇਜ਼ਾਂ ਨੇ, ਆਪਣੇ ਦੇਸ਼ ਵਿਚ ਪਰਜਾ-ਤੰਤਰ ਦੇ ਸਿਰ 'ਤੇ, ਵਿਸ਼ਵ ਭਰ ਵਿਚ ਤਾਨਾਸ਼ਾਹੀ ਕੀਤੀ ਹੈ।

ਚੁੱਪ ਰਹਿਣ ਨਾਲ, ਬੋਲਣ ਦੀ ਸ਼ਕਤੀ ਵਧਦੀ ਹੈ।

ਵੱਡੇ ਲੇਖਕ ਬੋਲ-ਚਾਲ ਦੀ ਭਾਸ਼ਾ ਵਿਚ ਨਹੀਂ ਲਿਖਦੇ; ਉਹ ਲਿਖਣ ਵਾਲੀ ਭਾਸ਼ਾ ਵਿਚ, ਬੋਲਣ ਲੱਗ ਪੈਂਦੇ ਹਨ।

ਮਨੁੱਖ ਰਹਿੰਦਾ ਧਰਤੀ 'ਤੇ ਹੈ, ਪਰ ਉਸ ਦੀ ਤਾਰੇ ਅਤੇ ਸਮੁੰਦਰ ਵੇਖਣ ਦੀ ਤਾਂਘ, ਕਦੇ ਨਹੀਂ ਮਿਟਦੀ।

ਬਿਮਾਰ ਤਾਂ ਹਰ ਕੋਈ ਕਦੇ-ਕਦਾਈਂ ਹੁੰਦਾ ਹੀ ਹੈ, ਪਰ ਕਈਆਂ ਨੂੰ ਆਪਣੀ ਬਿਮਾਰੀ ਵਧਾ-ਚੜ੍ਹਾ ਕੇ ਦੱਸਣ ਦੀ, ਇਕ ਵਾਧੂ ਬਿਮਾਰੀ ਹੁੰਦੀ ਹੈ।

ਹੋਰਾਂ ਨਾਲ ਬੇਈਮਾਨੀ ਕਰਕੇ ਆਪਣੇ ਬੱਚਿਆਂ ਨੂੰ ਲਾਭ ਪਹੁੰਚਾਉਣ ਵਾਲੇ ਮਾਪੇ, ਆਪਣੇ ਬੱਚਿਆਂ ਦੀ ਬੇਈਮਾਨੀ ਦਾ ਨਿਸ਼ਾਨਾ ਬਣਦੇ ਹਨ।

ਚਾਲ੍ਹੀ ਤੋਂ ਮਗਰੋਂ, ਪ੍ਰਸੰਨਤਾ ਲਈ ਕੇਵਲ ਇਕ ਹੀ ਸਰੋਤ ਰਹਿ ਜਾਂਦਾ ਹੈ: ਚਰਿੱਤਰ।

ਭਾਵੇਂ ਅਮੀਰ ਆਦਮੀ ਕਿਤਨਾ ਵੀ ਘੱਟ ਖਾਵੇ, ਉਹ ਲੋੜ ਨਾਲੋਂ ਵੱਧ ਹੀ ਖਾਂਦਾ ਹੈ।

ਪੂਰਬ ਅਤੇ ਪੱਛਮ ਵਿਚ ਇਕ ਅੰਤਰ ਇਹ ਵੀ ਹੈ ਕਿ ਅਸੀਂ ਖਾਂਦੇ ਤੇਜ਼-ਤੇਜ਼ ਹਾਂ, ਪਰ ਕੰਮ ਹੌਲੀ-ਹੌਲੀ ਕਰਦੇ ਹਾਂ; ਉਹ ਕੰਮ ਤੇਜ਼-ਤੇਜ਼ ਕਰਦੇ ਹਨ, ਪਰ ਖਾਂਦੇ ਹੌਲੀ-ਹੌਲੀ ਹਨ।

ਇਤਿਹਾਸ ਦੀ ਸੂਝ ਨਾਲ, ਮਨੁੱਖ ਵਿਚ ਪਰਿਵਰਤਨ ਲਿਆਉਣ ਅਤੇ ਸਿੱਟੇ ਸਹਿਣ ਦੀ ਸ਼ਕਤੀ ਉਪਜਦੀ ਹੈ।

ਪਹਿਲ ਕਰਨ ਦਾ, ਕਦੇ ਦੂਜਾ ਮੌਕਾ ਨਹੀਂ ਮਿਲਦਾ।

ਕਾਹਲ ਅਤੇ ਸੁਸਤੀ ਦੋਵੇਂ ਔਗੁਣ ਹਨ; ਨਵੇਂ ਨੂੰ ਅਪਨਾਉਣ ਦੀ ਕਾਹਲ ਅਤੇ ਪੁਰਾਣੇ ਨੂੰ ਤਿਆਗਣ ਦੀ ਸੁਸਤੀ ਨਹੀਂ ਕਰਨੀ ਚਾਹੀਦੀ।

ਮਨੁੱਖ ਉੱਤੇ ਦਸ 'ਤੇ ਖੇਡ, ਵੀਹ 'ਤੇ ਮਨਮਰਜ਼ੀ, ਤੀਹ 'ਤੇ ਚਲਾਕੀ, ਚਾਲ੍ਹੀ 'ਤੇ ਰੁਤਬਾ, ਪੰਜਾਹ 'ਤੇ ਜਾਇਦਾਦ ਅਤੇ ਸੱਠ 'ਤੇ ਬਿਮਾਰੀ ਦਾ ਰਾਜ ਹੁੰਦਾ ਹੈ।

ਇਸਤਰੀ, ਜਾਂ ਪਿਆਰ ਕਰਦੀ ਹੈ ਜਾਂ ਨਫ਼ਰਤ ਕਰਦੀ ਹੈ; ਉਹ ਪੁਰਸ਼ ਵਾਂਗ, ਪਿਆਰੀ-ਨਫ਼ਰਤ ਜਾਂ ਨਫ਼ਰਤੀ-ਪਿਆਰ ਨਹੀਂ ਕਰਦੀ।

ਚੰਗੀਆਂ ਕਿਤਾਬਾਂ ਖਰੀਦੋ; ਤੁਸੀਂ ਵੀ ਪੜ੍ਹੋਗੇ, ਤੁਹਾਡੇ ਪੁੱਤਰ-ਪੋਤਰੇ ਵੀ ਪੜ੍ਹਨਗੇ।

ਕਰਜ਼ੇ ਨਾਲ ਪਹਿਲਾਂ ਮਨੁੱਖ ਉੱਪਰ ਜਾਂਦਾ ਹੈ, ਫਿਰ ਥੱਲੇ ਡਿੱਗਦਾ ਹੈ।

ਤੁਸੀਂ ਬਿਸਤਰਾ ਤਿਆਗ ਦਿਓ, ਸੁਸਤੀ ਤੁਹਾਨੂੰ ਤਿਆਗ ਦੇਵੇਗੀ।

ਚੁੱਪ ਰਹਿ ਕੇ ਬਹਿਸ ਕਰੋ, ਤੁਹਾਡਾ ਫੈਸਲਾ ਮੰਨਿਆ ਜਾਵੇਗਾ।

ਇਸਤਰੀ ਦਾ ਲਿਬਾਸ ਹਰ ਵੇਲੇ, ਹਰ ਥਾਂ ਕੁਝ ਲੁਕਾਉਣ ਅਤੇ ਕੁਝ ਵਿਖਾਉਣ ਦੀ ਜਦੋਜਹਿਦ ਕਰਦਾ ਰਹਿੰਦਾ ਹੈ।

ਜਿਹੜਾ ਵਿਅਕਤੀ ਕਮਾਉਂਦਾ, ਖਰਚਦਾ ਅਤੇ ਬਚਾਉਂਦਾ ਵੀ ਹੈ, ਉਹ ਤਿੰਨ ਮੌਜਾਂ ਮਾਣਦਾ ਹੈ।

ਸਲਾਹ ਬਰਾਬਰ ਦਿਆਂ ਤੋਂ ਅਤੇ ਮਦਦ ਤਕੜਿਆਂ ਤੋਂ ਲੈਣੀ ਚਾਹੀਦੀ ਹੈ।

ਜਿਸ ਕੰਮ ਤੋਂ ਡਰ ਲੱਗਦਾ ਹੈ, ਪਹਿਲਾਂ ਉਹ ਕਰੋ, ਬਾਕੀ ਸਾਰੇ ਕੰਮ ਕਰਨ ਦਾ ਹੌਸਲਾ ਉਪਜ ਪਏਗਾ।

ਕਿਸੇ ਨੂੰ ਜਾਣਨਾ ਚਾਹੁੰਦੇ ਹੋ, ਉਸ ਨੂੰ ਜ਼ਿੰਮੇਵਾਰੀ ਦਿਓ।

ਜੱਜ ਦੇ ਚਾਰ ਗੁਣ ਮੰਨੇ ਗਏ ਹਨ: ਮੁਕੱਦਮੇ ਨੂੰ ਧਿਆਨ ਨਾਲ ਸੁਣਨਾ, ਗੰਭੀਰਤਾ ਨਾਲ ਸੋਚਣਾ, ਸਿਆਣਪ ਨਾਲ ਬੋਲਣਾ, ਨਿਰਪੱਖਤਾ ਨਾਲ ਨਿਪਟਾਉਣਾ।

ਮਨੁੱਖ ਪੈਸੇ ਲਈ ਜਿਉਂਦਾ ਹੈ ਅਤੇ ਪ੍ਰਸੰਸਾ ਲਈ ਮਰਦਾ ਰਹਿੰਦਾ ਹੈ।

ਸਿਆਣੇ-ਮਨੁੱਖ ਅਤੇ ਵਿਦਵਾਨ, ਸੰਸਾਰ ਦਾ ਕੋਈ ਨੁਕਸਾਨ ਨਹੀਂ ਕਰਦੇ; ਨੁਕਸਾਨ ਅੱਧੇ ਮੂਰਖ ਅਤੇ ਅਧੂਰੇ ਵਿਦਵਾਨ ਕਰਦੇ ਹਨ।

ਤੁਸੀਂ ਮੈਨੂੰ ਧੋਖਾ ਦਿੱਤਾ ਹੈ, ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ; ਤੁਸੀਂ ਮੈਨੂੰ ਦੁਬਾਰਾ ਧੋਖਾ ਦਿੱਤਾ ਹੈ, ਮੈਨੂੰ ਸ਼ਰਮ ਆਉਣੀ ਚਾਹੀਦੀ ਹੈ।

ਪਿਆਰ, ਪਤਨੀ ਨੂੰ ਦਿਓ, ਪਰ ਭੇਤ ਮਾਂ ਨੂੰ ਦੱਸੋ; ਜੇ ਮਾਂ ਨਹੀਂ ਤਾਂ ਪਤਨੀ ਨੂੰ ਭੇਤ ਉਦੋਂ ਦੱਸੋ, ਜਦੋਂ ਉਹ ਮਾਂ ਬਣ ਜਾਵੇ।

ਪਰਮਾਤਮਾ ਬੱਚੇ ਉਨ੍ਹਾਂ ਨੂੰ ਦਿੰਦਾ ਹੈ, ਜਿਨ੍ਹਾਂ ਕੋਲ ਬੱਚੇ ਪਾਲਣ ਦਾ ਤਜਰਬਾ ਨਹੀਂ ਹੁੰਦਾ; ਇਵੇਂ ਰੱਬ ਦਿੰਦਾ ਤਜਰਬਾ ਹੀ ਹੈ, ਪਰ ਦਿੰਦਾ ਬੱਚਿਆਂ ਰਾਹੀਂ ਹੈ।

ਜਿਸ ਨੇ ਉਧਾਰ ਨੂੰ ਧੰਨਵਾਦ-ਸਹਿਤ ਪ੍ਰਵਾਨ ਕੀਤਾ ਹੈ, ਉਸ ਨੇ ਉਧਾਰ ਉਤਾਰਨ ਦੀ ਪਹਿਲੀ ਕਿਸ਼ਤ ਅਦਾ ਕਰ ਦਿੱਤੀ ਹੈ।

ਉਨ੍ਹਾਂ ਦਾ ਧੰਨਵਾਦ ਕਰੋ, ਜਿਨ੍ਹਾਂ ਨੇ ਤੁਹਾਨੂੰ ਮਦਦ ਦੇਣ ਤੋਂ ਨਾਂਹ ਕਹੀ; ਉਨ੍ਹਾਂ ਦੀ ਨਾਂਹ ਕਾਰਨ ਹੀ ਤੁਸੀਂ ਜਤਨ ਕਰਕੇ ਸਫ਼ਲ ਹੋਵੋਗੇ।

ਜੇ ਸੂਝ ਅਤੇ ਹਿੰਮਤ ਨਹੀਂ ਤਾਂ ਤੁਹਾਡੇ ਕੋਲ ਹੈ ਹੀ ਕੀ? ਜੇ ਦੋਵੇਂ ਹਨ ਤਾਂ ਤੁਹਾਡੇ ਕੋਲ ਕੀ ਨਹੀਂ ਹੈ?

ਜ਼ਿੰਦਗੀ ਪੌੜੀ ਹੈ, ਲਿਫਟ ਨਹੀਂ।

ਦੇਰ ਨਾਲ ਪਹੁੰਚਣ ਵਾਲਿਆਂ ਨੂੰ, ਤਰਦੇ ਘਿਓ ਵਾਲੀ ਦਾਲ ਨਹੀਂ ਮਿਲਦੀ।

ਹੋਰਾਂ ਨੂੰ ਪਹਾੜ ਚੜ੍ਹਨਾ ਸਿਖਾਓ, ਤੁਸੀਂ ਸਿਖ਼ਰ 'ਤੇ ਪਹੁੰਚ ਜਾਓਗੇ।

ਸੰਸਾਰ ਦਾ ਸੁਭਾਓ ਜਾਣਨ ਲਈ, ਇਕ ਨੂੰ ਲੱਖ ਰੁਪਏ ਦੇ ਮੁੱਲ ਦੀ ਸਲਾਹ ਦਿਓ, ਦੂਜੇ ਨੂੰ ਹਜ਼ਾਰ ਦਾ ਨੋਟ ਦਿਓ, ਫਿਰ ਵੇਖੋ ਤੁਹਾਡਾ ਧੰਨਵਾਦ ਕੌਣ ਕਰਦਾ ਹੈ।

ਸੰਸਾਰ ਵਿਚ ਕੁਝ ਵੀ ਕਰਨ ਲਈ, ਪਹਿਲੀ ਸ਼ਰਤ ਚੰਗੀ ਸਿਹਤ ਹੈ।

ਪੈਸਾ ਅਤੇ ਦੋਸਤ ਦੋਵੇਂ ਹੋਣੇ, ਸੌਖੀ ਪ੍ਰਾਪਤੀ ਹੁੰਦੀ ਹੈ; ਪੈਸਾ ਨਾ ਹੋਣਾ, ਪਰ ਕੀਮਤੀ ਦੋਸਤ ਹੋਣੇ, ਅਸਲੀ ਪ੍ਰਾਪਤੀ ਹੁੰਦੀ ਹੈ।

ਭਰੇ ਹੋਏ ਦਿਲ ਅਤੇ ਭਰੇ ਹੋਏ ਬੱਦਲ, ਵਰ੍ਹ ਕੇ ਹੀ ਹਲਕੇ ਹੁੰਦੇ ਹਨ।

ਮਾਲਕ ਨੂੰ ਕਦੀ-ਕਦੀ ਅੰਨ੍ਹਾ ਅਤੇ ਨੌਕਰ ਨੂੰ ਕਦੀ-ਕਦੀ ਬੋਲ਼ਾ ਹੋਣਾ ਚਾਹੀਦਾ ਹੈ; ਸੱਸ ਅਤੇ ਨੂੰਹ ਵੀ ਇਸ ਨੇਮ ਤੋਂ ਲਾਭ ਉਠਾ ਸਕਦੀਆਂ ਹਨ।

ਸਭ ਥਾਵਾਂ 'ਤੇ ਬਚਾਓ ਵਾਲੀ ਨੀਤੀ ਅਪਨਾਉਣਾ, ਇਸ ਗੱਲ ਦਾ ਸਬੂਤ ਹੈ ਕਿ ਤੁਸੀਂ ਵਿਕਾਸ ਨਹੀਂ ਕਰਨਾ ਚਾਹੁੰਦੇ।

ਤੁਸੀਂ ਜੇ ਰਿਸ਼ਤੇਦਾਰਾਂ ਬਾਰੇ ਝੂਠ ਬੋਲਣਾ ਬੰਦ ਕਰ ਦਿਓ ਤਾਂ ਰਿਸ਼ਤੇਦਾਰ ਤੁਹਾਡੇ ਬਾਰੇ ਸੱਚ ਬੋਲਣਾ ਬੰਦ ਕਰ ਦੇਣਗੇ।

ਕਿਸੇ ਦੇਸ਼ ਦੀ ਚੰਗੀ-ਮਾੜੀ ਹਾਲਤ, ਉਸ ਦੇਸ਼ ਦੇ ਬੱਸ-ਅੱਡਿਆਂ, ਰੇਲਵੇ ਸਟੇਸ਼ਨਾਂ, ਹਸਪਤਾਲਾਂ, ਅਦਾਲਤਾਂ ਅਤੇ ਥਾਣਿਆਂ ਤੋਂ ਸਹਿਜੇ ਹੀ ਜਾਣੀ ਜਾ ਸਕਦੀ ਹੈ।

ਵਿਆਹ ਦੇ ਪਹਿਲੇ ਪੜਾਓ ਵਿਚ ਪਤੀ ਬੋਲਦਾ ਹੈ ਅਤੇ ਪਤਨੀ ਸੁਣਦੀ ਹੈ; ਦੂਜੇ ਪੜਾਓ ਵਿਚ ਪਤਨੀ ਬੋਲਦੀ ਹੈ ਅਤੇ ਪਤੀ ਸੁਣਦਾ ਹੈ; ਤੀਜੇ ਵਿਚ ਦੋਵੇਂ ਬੋਲਦੇ ਹਨ ਅਤੇ ਬੱਚੇ ਸੁਣਦੇ ਹਨ; ਅੰਤਲੇ ਪੜਾਓ ਵਿਚ ਪਤੀ-ਪਤਨੀ ਬੋਲਦੇ ਕੁਝ ਨਹੀਂ, ਇਕ-ਦੂਜੇ ਦੀ ਪਰੇਸ਼ਾਨੀ ਨੂੰ ਵੇਖਦੇ ਹੀ ਹਨ।

ਸਮਝੌਤਾ ਕਰਨ ਲਈ ਦੋਵੇਂ ਧਿਰਾਂ ਦੀ ਲੋੜ ਪੈਂਦੀ ਹੈ, ਸਮਝੌਤਾ ਤੋੜਨ ਲਈ ਇਕ ਧਿਰ ਹੀ ਕਾਫ਼ੀ ਹੁੰਦੀ ਹੈ।

ਚੁੱਪ ਰਹਿਣਾ ਸਿੱਖੋ, ਇਹ ਵੀ ਸਿੱਖੋ ਕਿ ਕਿੱਥੇ ਅਤੇ ਕਦੋਂ ਚੁੱਪ ਰਹਿਣਾ ਹੈ; ਆਪ ਬੋਲ ਕੇ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਤੁਸੀਂ ਕਿਉਂ ਚੁੱਪ ਹੋ।

ਇਵੇਂ ਜੀਵੋ ਕਿ ਤੁਹਾਡੇ ਬੱਚੇ ਜਦੋਂ ਮਿਹਨਤ, ਇਮਾਨਦਾਰੀ, ਕੁਰਬਾਨੀ, ਨਿਆਂ ਆਦਿ ਦੀ ਗੱਲ ਕਰਨ ਤਾਂ ਉਹ ਤੁਹਾਡੀ ਗੱਲ ਹੀ ਕਰਨ।

ਪੈਸੇ ਦੀ ਬਹੁਤਾਤ ਸੰਸਾਰ ਦੀਆਂ ਅੱਧੀਆਂ ਕੁਰੀਤੀਆਂ ਅਤੇ ਸਮੱਸਿਆਵਾਂ ਲਈ ਜ਼ਿੰਮੇਵਾਰ ਹੈ, ਬਾਕੀ ਅੱਧੀਆਂ ਪੈਸੇ ਦੀ ਘਾਟ ਕਾਰਨ ਹੁੰਦੀਆਂ ਹਨ।

ਆਪਣੇ ਪੂਰਵਜਾਂ ਲਈ ਸਤਿਕਾਰ ਦਾ ਅਰਥ, ਜਿਊਂਦਿਆਂ ਲਈ ਅਪਮਾਨ ਨਹੀਂ ਹੋਣਾ ਚਾਹੀਦਾ।

ਘਰ ਵਿਚ ਮਰਜ਼ੀ ਪਤੀ ਦੀ ਚਲਦੀ ਹੈ, ਪਰ ਉਸ ਨੂੰ ਚਲਾਉਂਦੀ ਪਤਨੀ ਹੈ।

ਜ਼ਿੰਦਗੀ ਵਿਚ ਕੋਈ ਹੀ ਮਿਲਦਾ ਹੈ, ਜਿਹੜਾ ਮਰਦਾਂ ਦਾ ਆਗੂ ਹੁੰਦਾ ਹੈ; ਬਹੁਤੇ ਔਰਤਾਂ ਦੇ ਪਿਛਲੱਗ ਹੀ ਹੁੰਦੇ ਹਨ।

ਜੇ ਇਸਤਰੀ ਬਹੁਤ ਦੂਰ ਹੋਵੇ ਤਾਂ ਪੁਰਸ਼ ਉਸ 'ਤੇ ਭਰੋਸਾ ਨਹੀਂ ਕਰਦਾ; ਜੇ ਪੁਰਸ਼ ਬਹੁਤ ਨੇੜੇ ਹੋਵੇ ਤਾਂ ਇਸਤਰੀ ਉਸ 'ਤੇ ਭਰੋਸਾ ਨਹੀਂ ਕਰਦੀ।

ਕੰਮ, ਪਤਨੀ ਵਾਂਗ ਹੁੰਦਾ ਹੈ; ਸ਼ੌਕ, ਪ੍ਰੇਮਿਕਾ ਵਾਂਗ।

ਸ਼ਾਂਤ ਮਨ ਨਾਲ ਕੇਵਲ ਪਰੰਪਰਾ ਹੀ ਪਾਲੀ ਜਾ ਸਕਦੀ ਹੈ, ਕੁਝ ਨਵਾਂ ਨਹੀਂ ਸਿਰਜਿਆ ਜਾ ਸਕਦਾ।

ਸਹਿਯੋਗ ਦੇ ਕੇ ਇਕ ਹੱਥ ਦੂਜੇ ਨੂੰ ਧੋਂਦਾ ਹੈ ਅਤੇ ਦੋਵੇਂ ਸਾਫ਼ ਹੋ ਜਾਂਦੇ ਹਨ।

ਨਵਾਂ ਮਕਾਨ ਬਣਾਉਣ ਦੇ ਮੁਕਾਬਲੇ, ਪੁਰਾਣੇ ਮਕਾਨ ਦੀ ਮੁਰੰਮਤ 'ਤੇ ਥੋੜ੍ਹਾ ਜਿਹਾ ਘੱਟ ਖਰਚਾ ਆਉਂਦਾ ਹੈ, ਪਰ ਅਜਿਹਾ ਖਰਚਾ ਕਈ ਵਾਰ ਕਰਨਾ ਪੈਂਦਾ ਹੈ।

ਜੇ ਲੋਕਾਂ ਦੀ ਅਸਲੀਅਤ ਵੇਖਣੀ ਹੋਵੇ ਤਾਂ ਉਨ੍ਹਾਂ ਦਾ ਉਸ ਵੇਲੇ ਵਿਹਾਰ ਵੇਖੋ, ਜਦੋਂ ਕੁਝ ਮੁਫ਼ਤ ਮਿਲ ਰਿਹਾ ਹੋਵੇ।

ਦਰਿਆ ਵਿਚ, ਚਟਾਨ ਅਤੇ ਧਾਰਾ ਦੀ ਜਦੋਜਹਿਦ ਵਿਚ ਧਾਰਾ ਜਿੱਤਦੀ ਹੈ; ਧਾਰਾ ਆਪਣੀ ਸ਼ਕਤੀ ਕਾਰਨ ਨਹੀਂ, ਯਤਨ ਕਰਦੇ ਰਹਿਣ ਕਾਰਨ ਜਿੱਤਦੀ ਹੈ।

ਚੂਹੇ ਲਈ ਸ਼ੇਰ ਦਾ ਕੋਈ ਮਹੱਤਵ ਨਹੀਂ, ਉਸ ਲਈ ਬਿੱਲੀ ਹੀ ਸ਼ੇਰ ਹੁੰਦੀ ਹੈ।

ਸਫ਼ਲ ਬੰਦੇ, ਅਰਾਮ-ਕੁਰਸੀਆਂ ਵਿਚ ਨਹੀਂ ਬਹਿੰਦੇ; ਜਦੋਂ ਉਨ੍ਹਾਂ ਨੇ ਅਰਾਮ ਕਰਨਾ ਹੁੰਦਾ ਹੈ ਤਾਂ ਉਹ ਕੰਮ ਕਰਨ ਲੱਗ ਪੈਂਦੇ ਹਨ।

ਯਾਦ-ਸ਼ਕਤੀ ਚਲੀ ਜਾਣ ਦੇ ਬਾਵਜੂਦ, ਪ੍ਰੇਮਿਕਾ ਦਾ ਨਾਂ ਯਾਦ ਰਹਿੰਦਾ ਹੈ, ਕਿਉਂਕਿ ਇਹ ਦਿਮਾਗ ਵਿਚ ਨਹੀਂ, ਦਿਲ ਵਿਚ ਹੁੰਦਾ ਹੈ।

ਨਾਜਾਇਜ਼ ਰਿਸ਼ਤੇ ਵਿਚ ਦੋਵੇਂ, ਦਿਹਾੜੀਦਾਰ ਪ੍ਰੇਮੀ ਹੁੰਦੇ ਹਨ।

ਜਦੋਂ ਕੋਈ ਕਲਾਕਾਰ ਦਿਲ ਦਾ ਦਰਵਾਜ਼ਾ ਬਣਾਉਂਦਾ ਹੈ ਤਾਂ ਉਸ ਦਾ ਹੈਂਡਲ ਨਹੀਂ ਬਣਾਉਂਦਾ, ਕਿਉਂਕਿ ਇਹ ਦਰਵਾਜ਼ਾ ਅੰਦਰੋਂ ਖੁੱਲ੍ਹਦਾ ਹੈ, ਬਾਹਰੋਂ ਨਹੀਂ।

ਗੁਲਾਬ ਆਪਣੇ ਤੋੜੇ ਜਾਣ ਦਾ ਦਰਦ, ਇਹ ਸੋਚ ਕੇ ਭੁੱਲ ਜਾਂਦਾ ਹੈ, ਕਿਉਂਕਿ ਉਸ ਨੇ ਕਿਸੇ ਦੀ ਮੁਸਕਰਾਹਟ ਦਾ ਕਾਰਨ ਬਣਨਾ ਹੁੰਦਾ ਹੈ।

ਮਾਂ ਦੇ ਪੱਲੂ ਦਾ ਨਿੱਘ ਅਗਲੀ ਪੀੜ੍ਹੀ ਨਹੀਂ ਮਾਣ ਸਕੇਗੀ, ਕਿਉਂਕਿ ਜੀਨਸ ਪਹਿਨਣ ਵਾਲੀਆਂ ਮਾਂਵਾਂ ਦਾ ਪੱਲੂ ਨਹੀਂ ਹੋਵੇਗਾ।

ਕਮਾਉਣ ਤੋਂ ਬਿਨਾਂ ਪੈਸਾ ਪ੍ਰਾਪਤ ਕਰਨ ਦੀ ਇੱਛਾ, ਜੁਰਮ ਦੀ ਸ਼ੁਰੂਆਤ ਹੁੰਦੀ ਹੈ।

ਸਭ ਤੋਂ ਵੱਧ ਅਧੂਰੀਆਂ ਰਹਿ ਗਈਆਂ ਖ਼ਾਹਿਸ਼ਾਂ, ਬਾਦਸ਼ਾਹਾਂ ਦੀਆਂ ਹੁੰਦੀਆਂ ਹਨ।

ਆਪਣੇ ਜ਼ਮਾਨੇ ਦਾ ਕੋਈ ਵੀ ਹਥਿਆਰ ਅਜਿਹਾ ਨਹੀਂ ਸੀ, ਜਿਸ ਦੇ ਜ਼ਖ਼ਮਾਂ ਦੇ ਨਿਸ਼ਾਨ ਸਿਕੰਦਰ ਦੇ ਸਰੀਰ 'ਤੇ ਨਹੀਂ ਸਨ।

ਨਾਜਾਇਜ਼ ਕਬਜ਼ੇ ਕਦੇ ਵੀ ਬੇਨਤੀਆਂ ਨਾਲ ਨਹੀਂ ਹਟਦੇ; ਇਨ੍ਹਾਂ ਵਾਸਤੇ ਤਾਕਤ ਦੀ ਵਰਤੋਂ ਲਾਜ਼ਮੀ ਹੁੰਦੀ ਹੈ।

ਨਵੇਂ ਸੱਭਿਆਚਾਰਾਂ ਨਾਲ ਜਾਣ-ਪਛਾਣ ਰਾਹੀਂ, ਸਾਨੂੰ ਆਪਣੇ ਵਿਚ ਅਤੇ ਆਪਣੇ ਸੱਭਿਆਚਾਰ ਵਿਚ, ਲਾਭਕਾਰੀ ਅਤੇ ਲੋੜੀਂਦੇ ਪਰਿਵਰਤਨ ਲਿਆਉਣ ਲਈ, ਉਤਸ਼ਾਹ ਮਿਲਦਾ ਹੈ।

ਸੰਸਾਰ ਦੀ ਸਭ ਤੋਂ ਮਜ਼ਬੂਤ ਟੀਮ, ਪਤੀ-ਪਤਨੀ ਦੀ ਟੀਮ ਹੁੰਦੀ ਹੈ।

ਸਿਆਣਾ ਬੰਦਾ ਕਿਸੇ ਦੇਸ਼ ਦਾ ਨਹੀਂ, ਸੰਸਾਰ ਦਾ ਵਾਸੀ ਹੁੰਦਾ ਹੈ।

ਜਿਹੜੇ ਸਮਾਜ ਬਾਹਰਲੇ ਪ੍ਰਭਾਵਾਂ ਨੂੰ ਨਹੀਂ ਮੰਨਦੇ, ਉਹ ਬੌਧਿਕ ਪੱਖੋਂ ਕਮਜ਼ੋਰ ਅਤੇ ਵਿਹਾਰਕ ਪੱਖੋਂ ਦੁਹਰਾਓਵਾਦੀ ਹੋ ਜਾਂਦੇ ਹਨ।

ਗਰੀਬੀ ਕਾਰਨ ਅਤੇ ਜੀਵਨ ਵਿਚ ਰੌਣਕ ਦੀ ਅਣਹੋਂਦ ਕਰਕੇ, ਗਰੀਬ ਸਮਾਜਾਂ ਦੇ ਲੋਕ, ਮੌਤ ਤੋਂ ਨਹੀਂ ਡਰਦੇ ।

ਜੇ ਕੋਈ ਲੰਮੀ ਰਚਨਾ ਲਿਖਣ ਵਿਚ ਮੁਸ਼ਕਿਲ ਆਵੇ ਤਾਂ ਉਸ ਦਾ ਅੰਤਲਾ ਪੈਰਾ ਪਹਿਲਾਂ ਲਿਖੋ, ਬਾਕੀ ਸਭ ਕੁਝ ਲਿਖਣਾ ਸੌਖਾ ਲੱਗਣ ਲੱਗ ਪਏਗਾ।

ਮਸ਼ੀਨੀ ਦੌਰ ਵਿਚ ਰਫ਼ਤਾਰ ਹੀ ਸਭ ਦੀ ਪਛਾਣ ਹੁੰਦੀ ਹੈ; ਰੁਕਣ ਵਾਲੇ ਗੁਮਨਾਮ ਹੋ ਜਾਂਦੇ ਹਨ।

ਜੇ ਮੰਜ਼ਲ ਸਾਹਮਣੇ ਹੋਵੇ ਅਤੇ ਪੈਰ ਥੱਕ ਜਾਣ ਤਾਂ ਸਿਰ ਦੇ ਭਾਰ ਚੱਲੋ।

ਬਹੁਤੇ ਲੋਕ ਵਕਤ ਦੇ ਸਾਂਚਿਆਂ ਵਿਚ ਢਲ ਜਾਂਦੇ ਹਨ, ਪਰ ਕੁਝ ਉਹ ਵੀ ਹੁੰਦੇ ਹਨ, ਜਿਹੜੇ ਸਾਂਚੇ ਹੀ ਬਦਲ ਦਿੰਦੇ ਹਨ।

ਮੁਸੀਬਤ, ਭਰੀਆਂ ਜੇਬਾਂ ਨੂੰ ਖਾਲ੍ਹੀ ਕਰ ਦਿੰਦੀ ਹੈ।

ਲੜਾਈ ਮੁੱਕਣ ਉਪਰੰਤ, ਸਾਰੇ ਸੂਰਮੇ ਹੋ ਜਾਂਦੇ ਹਨ।

ਪਰਿਵਾਰ ਦੀਆਂ ਸਭ ਤੋਂ ਵੱਡੀਆਂ ਆਸਾਂ ਅਤੇ ਧਰਵਾਸਾਂ, ਪਿਤਾ ਦੀ ਆਮਦਨ ਅਤੇ ਮਾਂ ਦਾ ਗ੍ਰਹਿ-ਪ੍ਰਬੰਧ ਹੁੰਦੀਆਂ ਹਨ।

ਬੱਚਿਆਂ ਦੀ ਗੈਰਹਾਜ਼ਰੀ ਵਿਚ ਵੀ ਮਾਪੇ, ਉਨ੍ਹਾਂ ਪ੍ਰਤੀ ਲਾਪ੍ਰਵਾਹ ਨਹੀਂ ਹੁੰਦੇ।

ਕਦੇ ਨਾ ਕਹੋ: ਕੌਣ ਪ੍ਰਵਾਹ ਕਰਦਾ ਹੈ? ਕਿਉਂਕਿ ਅੰਤ ਨੂੰ ਤੁਹਾਨੂੰ ਕਰਨੀ ਪਏਗੀ।

ਕਿਸੇ ਨੂੰ ਹਿੰਸਕ ਹੋਣ ਤੋਂ ਰੋਕਣ ਲਈ, ਉਸ ਨੂੰ ਸੁਣੋ।

ਲੰਮੀ ਚੁੱਪ, ਲੰਮੀ ਨਰਾਜ਼ਗੀ, ਲੰਮਾ ਰੋਸ ਆਦਿ ਹਿੰਸਾ ਉਪਜਾਉਂਦੇ ਹਨ।

ਜੇ ਝਗੜੇ ਦਾ ਹੱਲ ਨਾ ਲੱਭਿਆ ਜਾਵੇ ਤਾਂ ਝਗੜੇ ਦੀ ਲਾਗਤ ਵੱਧ ਜਾਂਦੀ ਹੈ।

ਜੇ ਕਿਸੇ 'ਤੇ ਮੁਸੀਬਤ ਆਵੇ ਤਾਂ ਸਾਰੇ ਰਿਸ਼ਤੇਦਾਰ ਉਸ ਦੇ ਪਿੱਛੇ ਖਲੋ ਜਾਂਦੇ ਹਨ; ਜੇ ਯਕੀਨ ਨਹੀਂ ਆਉਂਦਾ ਤਾਂ ਕਿਸੇ ਦੇ ਵਿਆਹ ਦੀ ਐਲਬਮ ਵੇਖੋ।

ਪਤੀ-ਪਤਨੀ ਅਕਸਰ ਆਪਸੀ ਗੱਲਬਾਤ ਨੂੰ ਬਹਿਸ ਬਣਾ ਕੇ, ਨਾ ਸੁਲਝਣ ਵਾਲੀਆਂ ਗਲਤੀਆਂ ਕਰਦੇ ਰਹਿੰਦੇ ਹਨ।

ਮਨੁੱਖ, ਕਾਲਪਨਿਕ ਹਾਲਤਾਂ ਤੋਂ ਨਹੀਂ, ਅਸਲੀ ਮੁਸ਼ਕਿਲਾਂ ਤੋਂ ਸਿੱਖਦਾ ਹੈ।

ਮੁਸ਼ਕਿਲਾਂ ਨਾਲ ਮੁਕਾਬਲਾ ਕਰਨ ਦੀ ਸ਼ਕਤੀ, ਉਮਰ ਦੇ ਵਧਣ ਨਾਲ ਘਟਦੀ ਨਹੀਂ, ਵਧਦੀ ਹੈ; ਕਈ ਵਾਰੀ ਇਤਨੀ ਵੱਧ ਜਾਂਦੀ ਹੈ ਕਿ ਕੋਈ ਮੁਸ਼ਕਿਲ ਉਪਜਣ ਹੀ ਨਹੀਂ ਦਿੱਤੀ ਜਾਂਦੀ।

ਜੀਵਨ ਦਾ ਉਪਯੋਗੀ ਅਤੇ ਲਾਜ਼ਮੀ ਗਿਆਨ, ਕਹਾਣੀਆਂ-ਕਥਾਵਾਂ ਰਾਹੀਂ, ਪੀੜ੍ਹੀ-ਦਰ-ਪੀੜ੍ਹੀ ਦਿੱਤਾ ਜਾਂਦਾ ਹੈ।

ਜੇ ਅਧਿਆਪਕ, ਵਿਦਿਆਰਥੀਆਂ ਨੂੰ ਸੁਣਦਾ ਨਹੀਂ ਤਾਂ ਵਿਦਿਆਰਥੀ, ਅਧਿਆਪਕ ਨੂੰ ਨਹੀਂ ਸੁਣਨਗੇ ਅਤੇ ਦੋਵੇਂ ਨਿਘਰਨਗੇ।

ਵਿਉਂਤਾਂ ਬਣਾਓ, ਪਰ ਕੇਵਲ ਵਿਉਂਤਾਂ 'ਤੇ ਨਿਰਭਰ ਨਾ ਕਰੋ।

ਜਿਨ੍ਹਾਂ ਦੇ ਉਦੇਸ਼ ਹੁੰਦੇ ਹਨ, ਉਨ੍ਹਾਂ ਦੀਆਂ ਪ੍ਰਾਪਤੀਆਂ ਹੁੰਦੀਆਂ ਹਨ; ਜਿਨ੍ਹਾਂ ਕੋਲ ਉਦੇਸ਼ ਨਹੀਂ ਹੁੰਦੇ, ਉਨ੍ਹਾਂ ਕੋਲ ਪਛਤਾਵੇ ਹੁੰਦੇ ਹਨ।

ਘੱਟ ਬੋਲੋ, ਚੰਗਾ ਬੋਲੋ; ਘੱਟ ਖਰਚੋ, ਨਕਦ ਖਰਚੋ।

ਸੁਣਨਾ, ਬੋਲਣ ਨਾਲੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ; ਸੁਣ ਕੇ ਹੀ ਨਿਰਣਾ ਕੀਤਾ ਜਾਂਦਾ ਹੈ ਕਿ ਬੋਲਣਾ ਕੀ ਹੈ।

ਜ਼ਿੰਦਗੀ ਵਿਚ ਛੋਟੇ ਰਸਤਿਆਂ 'ਤੇ ਚੱਲਣ ਨਾਲ, ਮੰਜ਼ਲ 'ਤੇ ਪਹੁੰਚਣ ਵਿਚ ਅਕਸਰ ਦੇਰ ਹੋ ਜਾਂਦੀ ਹੈ।

ਸਰਬੱਤ ਦਾ ਭਲਾ ਸੋਚਣ ਨਾਲ, ਤੁਹਾਡੀ ਤੱਕਣੀ ਉੱਚੀ ਅਤੇ ਤੁਹਾਡੀ ਨਜ਼ਰ ਸੁੱਚੀ ਹੋ ਜਾਵੇਗੀ।

ਹਮਲਾ, ਕਿਲ੍ਹਿਆਂ ਨੂੰ ਨਹੀਂ, ਵਿਰੋਧੀਆਂ ਦੇ ਹੌਸਲੇ ਢਾਹੁਣ ਲਈ ਕੀਤਾ ਜਾਂਦਾ ਹੈ।

ਅਸੀਂ ਅਕਸਰ ਸੋਚਦੇ ਤਰਕਸੰਗਤ ਢੰਗ ਨਾਲ ਹਾਂ, ਪਰ ਵਿਹਾਰ ਕਰਨ ਵੇਲੇ ਅਕਸਰ ਤਰਕਹੀਣ ਹੋ ਜਾਂਦੇ ਹਾਂ।

ਨਫ਼ਰਤ, ਪੁਰਸ਼ ਨੂੰ ਨਿਪੁੰਸਕ ਅਤੇ ਇਸਤਰੀ ਨੂੰ ਬਾਂਝ ਬਣਾ ਦਿੰਦੀ ਹੈ।

ਮੁਆਫ਼ੀ ਦਾਨ ਨਹੀਂ, ਤੋਹਫ਼ਾ ਹੁੰਦੀ ਹੈ।

ਸੰਪੂਰਨ ਦੀ ਭਾਲ ਕਦੇ ਸਫ਼ਲ ਨਹੀਂ ਹੁੰਦੀ; ਢੁਕਵੇਂ ਅਤੇ ਉਚਿਤ ਨੂੰ ਪਸੰਦ ਕਰਨ ਵਿਚ ਸਦਾ ਸਫ਼ਲਤਾ ਮਿਲਦੀ ਹੈ।

ਸਭ ਤੋਂ ਪੱਕਾ ਅਤੇ ਲੰਮਾ ਪਿਆਰ ਆਪਣੇ ਆਪ ਨਾਲ ਹੁੰਦਾ ਹੈ; ਆਪਣੇ ਆਪ ਨਾਲ ਪਿਆਰ ਜਾਰੀ ਰਹਿੰਦਾ ਹੈ, ਬਾਕੀ ਸਾਰੇ ਪਿਆਰ ਟੁੱਟਦੇ ਰਹਿੰਦੇ ਹਨ।

ਦੁਸ਼ਮਣ ਨਾ ਸੌਂਦਾ ਹੈ, ਨਾ ਸੌਣ ਦਿੰਦਾ ਹੈ।

ਤਜਰਬੇ ਨਾਲ ਦਿਲ ਸਖ਼ਤ ਨਹੀਂ, ਨਰਮ ਅਤੇ ਲਚਕਦਾਰ ਹੋਣਾ ਚਾਹੀਦਾ ਹੈ।

ਦੁਸ਼ਮਣ ਭਾਵੇਂ ਰੱਸੀ ਹੀ ਹੋਵੇ, ਉਸ ਨੂੰ ਸੱਪ ਸਮਝਿਆ ਜਾਂਦਾ ਹੈ।

ਆਪਣੇ ਆਪ ਬਾਰੇ ਸੋਝੀ, ਹੋਰਾਂ ਨੂੰ ਵੀ ਸਮਝਣ ਦੇ ਕੰਮ ਆਉਂਦੀ ਹੈ।

ਸਾਡੀ ਜਿਹੜੀ ਚੀਜ਼ ਕਿਸੇ ਨਾਲ ਨਹੀਂ ਮਿਲਦੀ, ਕਿਸੇ ਨਾਲ ਨਹੀਂ ਰਲਦੀ, ਉਹ ਸਾਡੀ ਹਉਮੈ ਹੁੰਦੀ ਹੈ।

ਕੋਈ ਤਲਵਾਰ, ਨਿਮਰਤਾ ਦਾ ਮੁਕਾਬਲਾ ਨਹੀਂ ਕਰ ਸਕਦੀ, ਇਹ ਹੰਕਾਰ ਦਾ ਹੀ ਮੁਕਾਬਲਾ ਕਰਦੀ ਹੈ।

ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ, ਆਪਸ ਵਿਚ ਵਧੇਰੇ ਲੜਦੇ ਹਨ।

ਜਿਹੋ-ਜਿਹਾ ਅੰਰਭ, ਉਹੋ-ਜਿਹਾ ਅੰਤ।

ਪੁਰਾਣਾ ਅਤੇ ਨਿੱਘਾ ਰਿਸ਼ਤਾ ਹੀ, ਗਲਤ-ਫ਼ਹਿਮੀਆਂ ਨੂੰ ਬਰਦਾਸ਼ਤ ਕਰ ਸਕਦਾ ਹੈ।

ਸਿਨੇਮੇ ਨੂੰ ਦਰਸ਼ਕਾਂ ਦੀ, ਆਗੂਆਂ ਨੂੰ ਸਰੋਤਿਆਂ ਦੀ, ਸੰਤਾਂ ਨੂੰ ਸ਼ਰਧਾਲੂਆਂ ਦੀ ਅਤੇ ਕ੍ਰਿਕਟ ਨੂੰ ਵਿਹਲਿਆਂ ਦੀ ਲੋੜ ਹੁੰਦੀ ਹੈ।

ਮੁਆਫ਼ ਕਰਨਾ, ਪਰ ਭੁੱਲਣਾ ਨਾ, ਉਵੇਂ ਹੀ ਹੁੰਦਾ ਹੈ, ਜਿਵੇਂ ਤਲਵਾਰ ਜ਼ਮੀਨ ਵਿਚ ਦੱਬੀ ਜਾਵੇ ਅਤੇ ਮੁੱਠਾ ਬਾਹਰ ਰੱਖਿਆ ਜਾਵੇ।

ਵੱਡੇ ਸਮੁੰਦਰਾਂ ਦੇ ਤੂਫ਼ਾਨ ਵੀ ਵੱਡੇ ਹੁੰਦੇ ਹਨ।

ਝੂਠ ਬੋਲਣਾ, ਬੱਚਿਆਂ ਵਿਚ ਕਲਪਨਾ ਦੇ ਵਿਕਾਸ ਦਾ ਇਕ ਪੱਖ ਹੁੰਦਾ ਹੈ, ਝੂਠ ਰਾਹੀਂ ਉਹ ਆਪਣੇ ਆਲੇ-ਦੁਆਲੇ ਦਾ ਸੰਸਾਰ ਫਰੋਲਦੇ ਹਨ, ਕਹਾਣੀਆਂ ਅਤੇ ਬਹਾਨੇ ਸਿਰਜਦੇ ਹਨ, ਇਵੇਂ ਉਨ੍ਹਾਂ ਦੀ ਕਲਪਨਾ ਬਲਵਾਨ ਹੁੰਦੀ ਹੈ; ਕੇਵਲ ਸੱਚ ਬੋਲਣ ਨਾਲ, ਕਲਪਨਾ ਬਲਵਾਨ ਨਹੀਂ ਹੁੰਦੀ।

ਵਿਹਲਿਆਂ ਨੂੰ ਡਰ, ਸੰਸੇ ਅਤੇ ਤੌਖ਼ਲੇ ਇਸ ਕਾਰਨ ਵਧੇਰੇ ਹੁੰਦੇ ਹਨ, ਕਿਉਂਕਿ ਉਨ੍ਹਾਂ ਕੋਲ ਇਨ੍ਹਾਂ ਨੂੰ ਰੋਕਣ ਵਾਲਾ ਕੰਮ ਨਹੀਂ ਹੁੰਦਾ।

ਜੇ ਸੁਪਨਿਆਂ ਵਿਚ ਲੱਗਣ ਵਾਲੀ ਸ਼ਕਤੀ ਨੂੰ, ਕਲਪਨਾ ਉਸਾਰਨ ਲਈ ਵਰਤਿਆ ਜਾਵੇ ਤਾਂ ਕਰਾਮਾਤਾਂ ਵਾਪਰਨ ਲੱਗ ਪੈਂਦੀਆਂ ਹਨ।

ਰਾਤ ਵੇਲੇ ਸੁਪਨੇ ਆਉਂਦੇ ਹਨ, ਦਿਨ ਵੇਲੇ ਲਏ ਜਾਂਦੇ ਹਨ।

ਪੁਰਸ਼ ਝੂਠ ਬੋਲ ਕੇ, ਝੂਠ ਫੜੇ ਜਾਣ ਦੇ ਬਾਵਜੂਦ, ਪਛਤਾਉਂਦੇ ਨਹੀਂ; ਇਸਤਰੀਆਂ ਸੱਚ ਬੋਲ ਕੇ ਵੀ ਪਛਤਾਉਂਦੀਆਂ ਹਨ।

ਪੰਜਾਹ ਸਾਲ ਦੀ ਉਮਰ ਵਿਚ, ਹਰੇਕ ਮਨੁੱਖ ਦੇ ਜੀਵਨ ਵਿਚ, ਸਫ਼ਲ-ਅਸਫ਼ਲ ਹੋਣ ਦਾ ਨਿਰਣਾ ਹੋ ਜਾਂਦਾ ਹੈ; ਮਗਰਲੇ ਸਾਲ ਇਸ ਨਿਰਣੇ ਦੇ ਪ੍ਰਭਾਵ ਅਧੀਨ ਚੰਗੇ-ਮਾੜੇ ਹੋ ਕੇ ਗੁਜ਼ਰਦੇ ਹਨ।

ਜਿਹੜਾ ਚੁਰਾ ਕੇ ਖਾਏਗਾ, ਉਹ ਹੋਰ ਚੀਜ਼ਾਂ ਦੀ ਚੋਰੀ ਵੀ ਕਰੇਗਾ।

ਮੁਕਤੀ ਪ੍ਰਾਪਤ ਕਰਨ ਦੇ ਉਦੇਸ਼ ਨੇ, ਭਾਰਤੀਆਂ ਨੂੰ ਯਥਾਰਥਵਾਦੀ ਅਤੇ ਭਵਿੱਖਵਾਦੀ ਨਹੀਂ ਬਣਨ ਦਿੱਤਾ।

ਮੂਰਖ ਦੀ ਸਭ ਤੋਂ ਸੌਖੀ ਪਹਿਚਾਣ, ਉਸ ਦੇ ਹੱਸਣ ਤੋਂ ਹੁੰਦੀ ਹੈ।

ਮਨੁੱਖ ਨੇ ਜਿਉਂ ਹੀ ਅਗਲੀਆਂ ਲੱਤਾਂ ਨੂੰ, ਬਾਹਵਾਂ ਵਾਂਗ ਵਰਤ ਕੇ, ਸਿੱਧਾ ਹੋ ਕੇ ਟੁਰਨਾ ਅਰੰਭ ਕੀਤਾ, ਉਸ ਦੇ ਜੀਵਨ ਵਿਚ ਥਕਾਵਟ ਦਾ ਜਨਮ ਹੋਇਆ।

ਭਾਰਤੀ ਧਰਮਾਂ ਨੇ ਜਿਊਣ 'ਤੇ ਜ਼ੋਰ ਨਹੀਂ ਦਿੱਤਾ, ਜਿਊਣ ਤੋਂ ਮੁਕਤ ਹੋਣ 'ਤੇ ਬਲ ਦਿੱਤਾ ਹੈ।

ਜਦੋਂ ਕਿਸੇ ਸਮਾਜ ਵਿਚ ਕਵੀ, ਕਲਾਕਾਰ, ਯੋਧੇ ਅਤੇ ਵਿਦਵਾਨ ਉਪਜਣੇ ਬੰਦ ਹੋ ਜਾਣ ਤਾਂ ਮਕਾਰ, ਧੋਖੇਬਾਜ਼, ਬੇਈਮਾਨ ਅਤੇ ਬਦਮਾਸ਼, ਉਸ ਸਮਾਜ ਦੇ ਚੌਧਰੀ ਬਣ ਜਾਂਦੇ ਹਨ।

ਰਿਸ਼ਤੇਦਾਰਾਂ ਨਾਲ ਰਹੋਗੇ, ਲੜ-ਝਗੜ ਕੇ ਵਿਛੜੋਗੇ।

ਮਨੋਵਿਗਿਆਨ ਕਿਸੇ ਸਧਾਰਨ ਵਿਅਕਤੀ ਨੂੰ ਮਹਾਨ ਸਿੱਧ ਨਹੀਂ ਕਰਦਾ; ਮਹਾਨ ਵਿਅਕਤੀ ਨੂੰ ਸਧਾਰਨ ਸਿੱਧ ਕਰਦਾ ਹੈ।

ਨੁਕਸਾਨ, ਝੱਟ ਹੀ ਹੋ ਜਾਂਦਾ ਹੈ; ਲਾਭ, ਹੁੰਦਾ, ਹੁੰਦਾ, ਹੁੰਦਾ ਹੈ।

ਧਰਮ, ਤਰਕ ਨੂੰ ਜ਼ਬਤ ਕਰ ਲੈਂਦਾ ਹੈ, ਕਿਉਂਕਿ ਧਰਮ ਕੇਵਲ ਵਿਸ਼ਵਾਸ ਦੀ ਹੀ ਆਗਿਆ ਦਿੰਦਾ ਹੈ।

ਜੇ ਤੁਸੀਂ ਮਜ਼ਬੂਤ ਅਤੇ ਭਰੋਸੇਮੰਦ ਅਖਵਾਉਣਾ ਚਾਹੁੰਦੇ ਹੋ ਤਾਂ ਤੁਹਾਡੀ ਹਾਂ, ਹਾਂ ਅਤੇ ਤੁਹਾਡੀ ਨਾਂਹ, ਪੱਕੀ ਨਾਂਹ ਹੋਣੀ ਚਾਹੀਦੀ ਹੈ।

ਸ਼ੱਕ ਹਮੇਸ਼ਾਂ ਲੁਕਾ ਕੇ ਰੱਖਿਆ ਜਾਂਦਾ ਹੈ; ਪ੍ਰਗਟਾਉਣ ਨਾਲ ਇਹ ਸ਼ੱਕ ਨਹੀਂ ਰਹਿੰਦਾ, ਝਗੜਾ ਬਣ ਜਾਂਦਾ ਹੈ।

ਮੁਸ਼ਕਿਲ ਕੀ ਹੁੰਦੀ ਹੈ? ਆਪਣਾ ਮੋਟਾਪਾ ਘਟਾਉਣ ਦਾ ਯਤਨ ਕਰੋ, ਪੂਰੀ ਤਰ੍ਹਾਂ ਸਮਝ ਆ ਜਾਵੇਗੀ।

ਸਾਗਰ ਵਿਚ ਮਿਲਣ ਵਾਸਤੇ, ਦਰਿਆ ਨੂੰ ਸਾਗਰ ਵਾਲਾ ਸੁਭਾਓ ਅਪਨਾਉਣਾ ਪੈਂਦਾ ਹੈ।

ਜਿਵੇਂ ਮਨੁੱਖ ਆਸ-ਉਮੀਦ ਤੋਂ ਬਿਨਾਂ ਨਹੀਂ ਰਹਿ ਸਕਦਾ, ਉਵੇਂ ਹੀ ਉਹ ਡਰ-ਭੈਅ ਤੋਂ ਬਿਨਾਂ ਵੀ ਨਹੀਂ ਰਹਿ ਸਕਦਾ; ਆਸ-ਉਮੀਦ ਅਤੇ ਡਰ-ਭੈਅ ਉਪਜਾਉਣ ਦਾ ਕਾਰਜ, ਕਲਪਨਾ ਕਰਦੀ ਹੈ।

ਇਮਾਨਦਾਰ ਵਿਅਕਤੀ, ਇਮਾਨਦਾਰ ਵਿਅਕਤੀਆਂ ਨਾਲ ਰਹਿਣਾ ਚਾਹੁੰਦੇ ਹਨ; ਬੇਈਮਾਨ ਬੰਦੇ ਵੀ, ਰਹਿਣਾ ਇਮਾਨਦਾਰਾਂ ਨਾਲ ਹੀ ਪਸੰਦ ਕਰਦੇ ਹਨ।

ਸਫ਼ੈਦ ਕੱਪੜੇ, ਕਾਲੀਆਂ ਕਰਤੂਤਾਂ ਨੂੰ ਨਹੀਂ ਢੱਕ ਸਕਦੇ।

ਜਿਹੜੇ ਝਗੜਨਾ ਚਾਹੁੰਦੇ ਹਨ ਪਰ ਜਿਨ੍ਹਾਂ ਵਿਚ ਝਗੜਨ ਦੀ ਹਿੰਮਤ ਨਹੀਂ ਹੁੰਦੀ, ਉਹ ਮੁਕੱਦਮਾ ਕਰਦੇ ਹਨ।

ਜਹਾਦ ਵਿਚ ਮਰਨਾ ਅਤੇ ਮਾਰਨਾ, ਦੋਵੇਂ ਪਵਿੱਤਰ ਸਮਝੇ ਜਾਂਦੇ ਹਨ।

ਪਿਆਰ, ਨੇਕੀ-ਬਦੀ, ਪੁੰਨ-ਪਾਪ, ਸਹੀ-ਗਲਤ ਤੋਂ ਪਾਰਲਾ ਅਨੁਭਵ ਹੁੰਦਾ ਹੈ।

ਮਨੁੱਖ ਰਹਿ ਸਮਾਜ ਵਿਚ ਹੀ ਸਕਦਾ ਹੈ; ਇਕੱਲਿਆਂ ਰਹਿਣ ਦਾ ਉਹ ਯਤਨ ਹੀ ਕਰ ਸਕਦਾ ਹੈ, ਰਹਿ ਨਹੀਂ ਸਕਦਾ।

ਨਿਮਰਤਾ ਤਿੱਖਾ ਹਥਿਆਰ ਨਹੀਂ ਹੁੰਦੀ, ਕੂਲਾ ਸੰਦ ਹੁੰਦੀ ਹੈ।

ਮੇਰੀਆਂ ਅਤੇ ਅਮਰੀਕੀ ਰਾਸ਼ਟਰਪਤੀ ਦੀਆਂ ਕਈ ਗੱਲਾਂ ਸਾਂਝੀਆਂ ਹਨ; ਜਿਵੇਂ ਨਾ ਉਹ ਮੈਨੂੰ ਫੋਨ ਕਰਦਾ ਹੈ, ਨਾ ਮੈਂ ਉਸ ਨੂੰ ਫੋਨ ਕਰਦਾ ਹਾਂ; ਨਾ ਮੈਂ ਉਸ ਦੇ ਘਰ ਜਾਂਦਾ ਹਾਂ, ਨਾ ਉਹ ਮੇਰੇ ਘਰ ਆਉਂਦਾ ਹੈ; ਨਾ ਉਹ ਮੇਰੀਆਂ ਮੁਸ਼ਕਿਲਾਂ ਜਾਣਦਾ ਹੈ, ਨਾ ਮੈਂ ਉਸ ਦੀਆਂ ਮੁਸ਼ਕਿਲਾਂ ਜਾਣਦਾ ਹਾਂ।

ਅਸੀਂ ਜੇ ਆਪਣੇ ਵਰਗਿਆਂ ਨੂੰ ਹੀ ਮਿਲਾਂਗੇ ਤਾਂ ਕੁਝ ਨਵਾਂ ਅਨੁਭਵ ਨਹੀਂ ਕਰਾਂਗੇ; ਵਿਦੇਸ਼ਾਂ ਵਿਚ ਪੰਜਾਬੀ, ਪੰਜਾਬੀਆਂ ਨੂੰ ਅਤੇ ਬੰਗਾਲੀ, ਬੰਗਾਲੀਆਂ ਨੂੰ ਹੀ ਮਿਲਦੇ ਹਨ ਅਤੇ ਫੈਲਣ ਦੀ ਬਜਾਇ, ਹੋਰ ਸੁੰਗੜ ਜਾਂਦੇ ਹਨ।

ਮੁਕੱਦਮਾ, ਮਿਸਤਰੀ, ਨਸ਼ਾ ਅਤੇ ਕਰਜ਼ਾ, ਜੇ ਘਰ ਵਿਚ ਵੜ ਜਾਣ ਤਾਂ ਇਹ ਜਲਦੀ-ਜਲਦੀ ਨਹੀਂ ਨਿਕਲਦੇ।

ਇਸਤਰੀ ਆਪਣੀ ਸਫ਼ਲਤਾ-ਅਸਫ਼ਲਤਾ, ਸੰਤਾਨ ਅਤੇ ਪਰਿਵਾਰ ਦੇ ਸੰਦਰਭ ਵਿਚ ਵੇਖਦੀ ਹੈ, ਪੁਰਸ਼ ਕਮਾਈ ਅਤੇ ਜਾਇਦਾਦ ਦੇ ਸੰਦਰਭ ਵਿਚ ਵੇਖਦਾ ਹੈ।

........., ਪਰ ਮੈਂ ਤੇਰੇ ਨਾਲ ਹਾਂ;
ਮੈਂ ਤੇਰੇ ਨਾਲ ਹਾਂ, ਪਰ..........

ਜਾਇਦਾਦ, ਹੌਸਲਾ ਉਸਾਰਨ ਅਤੇ ਹਿੰਮਤ ਜਗਾਉਣ ਦਾ ਕਾਰਜ ਕਰਦੀ ਹੈ।

ਚੰਗਾ ਅਤੇ ਦਿਲਚਸਪ ਬੰਦਾ ਉਹ ਹੁੰਦਾ ਹੈ, ਜਿਸ ਦਾ ਕਿਸੇ ਇਕ ਲਈ ਫੋਨ ਆਵੇ ਅਤੇ ਘਰ ਦੇ ਸਾਰੇ ਜੀਅ, ਗੱਲ ਕਰਨ ਲਈ ਕਾਹਲੇ ਪੈ ਜਾਣ।

ਅਨੇਕਾਂ ਲੜਾਈਆਂ, ਸੱਸ-ਨੂੰਹ ਦੀ ਜਾਂ ਤਲਾਕ ਦੀ ਲੜਾਈ ਵਾਂਗ, ਲੜੀਆਂ ਹੀ ਜਾਂਦੀਆਂ ਹਨ, ਜਿੱਤੀਆਂ ਨਹੀਂ ਜਾਂਦੀਆਂ।

ਤੱਥ ਭਾਵੇਂ ਨਿਰਪੱਖ ਹੁੰਦੇ ਹਨ, ਪਰ ਇਨ੍ਹਾਂ ਦੀ ਵਿਆਖਿਆ, ਸਮਾਜਿਕ ਹਾਲਤਾਂ ਅਤੇ ਪੱਖਪਾਤਾਂ ਤੋਂ ਪ੍ਰਭਾਵਿਤ ਹੁੰਦੀ ਹੈ।

ਪਾਣੀ ਵਗਦੇ ਚੰਗੇ, ਦੀਵੇ ਜਗਦੇ ਚੰਗੇ, ਘਰ ਵਸਦੇ ਚੰਗੇ, ਬੰਦੇ ਹੱਸਦੇ ਚੰਗੇ।

ਯਾਦਾਂ ਬੜੀਆਂ ਅਜੀਬ ਹੁੰਦੀਆਂ ਹਨ; ਇਹ ਭੀੜ ਵਿਚਲੇ ਮਨੁੱਖ ਨੂੰ ਇਕੱਲਿਆਂ ਕਰ ਦਿੰਦੀਆਂ ਹਨ ਅਤੇ ਇਕੱਲੇ ਨੂੰ ਭੀੜ ਬਣ ਕੇ ਘੇਰ ਲੈਂਦੀਆਂ ਹਨ।

ਮੀਸਣਾ ਉਹ ਹੁੰਦਾ ਹੈ, ਜਿਹੜਾ ਪੂਰਾ ਲੱਡੂ ਖਾਵੇ, ਪਰ ਮੂੰਹ ਨਾ ਹਿਲਾਵੇ।

ਵਿਸ਼ਵ-ਭਾਸ਼ਾ ਦੇ ਗਿਆਨ ਤੋਂ ਬਿਨਾਂ, ਵਿਸ਼ਵ-ਨਾਗਰਿਕ ਵਜੋਂ ਨਹੀਂ ਵਿਚਰਿਆ ਜਾ ਸਕਦਾ।

ਵਾਅਦੇ ਦਾ ਉਦੇਸ਼ ਲਾਭ ਪਹੁੰਚਾਉਣਾ ਹੁੰਦਾ ਹੈ; ਧਮਕੀ ਹਮੇਸ਼ਾਂ ਨੁਕਸਾਨ ਦੀ ਸੂਚਨਾ ਦਿੰਦੀ ਹੈ।

ਯੁੱਧ ਦਾ ਅਸਲੀ ਹਥਿਆਰ, ਫੌਜੀ ਹੁੰਦਾ ਹੈ।

ਕਿਸੇ ਵੀ ਵਿਅਕਤੀ ਦੀ ਅਜੇ ਤਕ, ਆਪਣੀ ਗਲਤੀ ਦੀ ਮੁਆਫ਼ੀ ਮੰਗਣ ਦੀ, ਆਲੋਚਨਾ ਨਹੀਂ ਹੋਈ।

ਜਿਹੜੇ ਅੰਤਰ-ਰਾਸ਼ਟਰੀ ਪੱਧਰ 'ਤੇ ਸ਼ਕਤੀਸ਼ਾਲੀ ਹੁੰਦੇ ਹਨ, ਉਨ੍ਹਾਂ ਦਾ ਸਭ ਕੁਝ ਸ਼ਕਤੀਸ਼ਾਲੀ ਹੋ ਜਾਂਦਾ ਹੈ।

ਕਾਨੂੰਨ, ਲਿਖੇ ਹੋਏ ਸ਼ਬਦ ਨੂੰ ਮੰਨਦਾ ਹੈ, ਬੋਲੇ-ਸੁਣੇ ਨੂੰ ਨਹੀਂ।

ਪਿਆਰ ਨੂੰ ਇਸ ਲਈ ਅੰਨ੍ਹਾ ਕਿਹਾ ਜਾਂਦਾ ਹੈ, ਕਿਉਂਕਿ ਇਸ ਦਾ ਅਸਰ ਅਤੇ ਪ੍ਰਭਾਵ ਸਪਸ਼ਟ ਹੁੰਦਾ ਹੈ, ਪਰ ਇਹ ਵਿਖਾਈ ਨਹੀਂ ਦਿੰਦਾ।

ਜਿਨ੍ਹਾਂ ਕੋਲ ਸੰਚਾਰ ਦੇ ਸ਼ਕਤੀਸ਼ਾਲੀ ਸਾਧਨ ਹੁੰਦੇ ਹਨ, ਉਨ੍ਹਾਂ ਦੇ ਸੱਭਿਆਚਾਰ ਦਾ ਹੀ ਸੰਚਾਰ ਹੁੰਦਾ ਹੈ।

ਮੁਸਕਰਾਹਟ ਸਾਰਿਆਂ ਲਈ ਹੁੰਦੀ ਹੈ; ਅੱਥਰੂ ਕਿਸੇ ਇਕ ਲਈ ਹੁੰਦੇ ਹਨ।

ਇਸਤਰੀ ਨੂੰ ਸਮਝਣ ਵਾਸਤੇ, ਪੁਰਸ਼ ਦਾ ਕੇਵਲ ਪੁਰਸ਼ ਹੋਣਾ, ਕਾਫ਼ੀ ਨਹੀਂ ਹੁੰਦਾ।

ਸਾਰੇ ਭਾਰਤ ਵਿਚ ਇਕ ਹੀ ਸਮਾਂ ਹੈ, ਪਰ ਇਥੇ ਸਭ ਸਦੀਆਂ ਅਤੇ ਸਾਰੇ ਸਮਿਆਂ ਦੇ ਵਾਸੀ ਰਹਿੰਦੇ ਹਨ।

ਪਿਆਰ ਨਾਲ ਜਿਊਣ ਵਾਸਤੇ ਵਧੇਰੇ ਗੁਣਾਂ ਦੀ ਲੋੜ ਪੈਂਦੀ ਹੈ; ਨਫ਼ਰਤੀ ਸਬੰਧ, ਬਿਨਾਂ ਗੁਣਾਂ ਦੇ ਹੀ ਸੰਭਵ ਹੋ ਜਾਂਦੇ ਹਨ।

ਡਾਕਟਰਾਂ, ਵਕੀਲਾਂ ਨੂੰ ਵੀ ਕਈ ਵਾਰੀ ਹੋਰਾਂ ਦੀ ਸਲਾਹ ਲੈਣੀ ਪੈਂਦੀ ਹੈ।

ਪੁਰਸ਼, ਕਿਸੇ ਸੋਹਣੀ ਇਸਤਰੀ ਨੂੰ ਇਕੱਲਿਆਂ ਨਹੀਂ ਰਹਿਣ ਦਿੰਦੇ; ਇਸਤਰੀਆਂ ਕਿਸੇ ਚੰਗੇ ਪੁਰਸ਼ ਨੂੰ ਇਕੱਲਿਆਂ ਨਹੀਂ ਛੱਡਦੀਆਂ।

ਵਿਰਸੇ ਵਿਚ ਮਿਲੀ ਜਾਇਦਾਦ ਨਾਲ ਕਿਸੇ ਵਿਚ ਅਕਸਰ ਕਿਸੇ ਪ੍ਰਕਾਰ ਦਾ ਵਿਕਾਸ ਨਹੀਂ ਵਾਪਰਦਾ; ਚਰਿੱਤਰ-ਵਿਗਾੜ ਹੀ ਉਪਜਦਾ ਹੈ; ਇਹ ਅਣਕਮਾਈ ਦੌਲਤ ਦਾ ਸਰਾਪ ਹੁੰਦਾ ਹੈ।

ਜਿਤਨੇ ਕਿਸੇ ਦੇ ਵਧੇਰੇ ਵਿਰੋਧੀ ਹੁੰਦੇ ਹਨ, ਉਤਨੀ ਹੀ ਉਸ ਨੂੰ ਮਨੁੱਖੀ ਵਿਹਾਰ ਦੀ ਵਧੇਰੇ ਸਮਝ ਹੁੰਦੀ ਹੈ।

ਮਿਹਨਤੀ ਬੰਦੇ ਦਾ ਮੂਲ-ਮੰਤਰ: ਭਿੱਖਿਆ ਮੰਗਣੀ ਨਹੀਂ, ਦਾਨ ਲੈਣਾ ਨਹੀਂ; ਮਿਹਨਤ ਨਾਲ ਕਮਾਉਣਾ ਹੈ, ਸੰਜਮ ਨਾਲ ਖਰਚਣਾ ਹੈ।

ਕੇਵਲ ਮਨੁੱਖ ਹੀ ਪਸ਼ੂਆਂ ਵਾਲਾ ਵਿਹਾਰ ਕਰ ਸਕਦਾ ਹੈ, ਪਸ਼ੂਆਂ ਦੀ ਮਨੁੱਖ ਹੋਣ ਵਿਚ, ਕੋਈ ਦਿਲਚਸਪੀ ਨਹੀਂ ਹੈ।

ਕੋਈ ਲੇਖਕ, ਜਥਾਰਥ ਨੂੰ ਜਿਤਨੀ ਡੂੰਘਾਈ ਨਾਲ ਆਪ ਮਹਿਸੂਸ ਕਰਦਾ ਹੈ, ਉਤਨੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਉਸ ਨੂੰ ਪੇਸ਼ ਕਰਦਾ ਹੈ।

ਸਵੈ-ਪਿਆਰ ਤੋਂ ਬਿਨਾਂ, ਪਿਆਰ ਦਾ ਕੋਈ ਰਿਸ਼ਤਾ ਸੰਭਵ ਨਹੀਂ ਹੁੰਦਾ।

ਜਦੋਂ ਪਿਆਰ ਦੀ ਤਾਂਘ ਕਮਜ਼ੋਰ ਪੈ ਜਾਂਦੀ ਹੈ ਤਾਂ ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਸਧਾਰਨ ਇਸਤਰੀ-ਪੁਰਸ਼ ਲੱਗਣ ਲੱਗ ਪੈਂਦੇ ਹਨ।

ਬੱਚੇ ਇਸ ਲਈ ਖ਼ੁਸ਼ੀ ਦਿੰਦੇ ਹਨ, ਕਿਉਂਕਿ ਉਨ੍ਹਾਂ ਨੂੰ ਖ਼ੁਸ਼ ਕਰਨਾ ਸੌਖਾ ਹੁੰਦਾ ਹੈ।

ਕਲਾਕਾਰ ਬਾਹਰਲੇ ਅਤੇ ਆਪਣੇ ਅੰਦਰਲੇ ਸੰਸਾਰ ਵਿਚਕਾਰ, ਸੰਤੁਲਨ ਲੱਭਦਾ ਅਤੇ ਤਾਲਮੇਲ ਉਸਾਰਦਾ ਰਹਿੰਦਾ ਹੈ।

ਮੁਸੀਬਤਾਂ ਲਈ ਤਿਆਰ ਰਹਿਣਾ, ਮਜ਼ਬੂਤ ਖ਼ੁਸ਼ਹਾਲੀ ਦਾ ਲੱਛਣ ਹੁੰਦਾ ਹੈ।

ਹਰੇਕ ਪਤੀ-ਪਤਨੀ ਦੀਆਂ ਸਮੱਸਿਆਵਾਂ ਹੁੰਦੀਆਂ ਹਨ, ਜੇ ਨਾ ਹੋਣ ਤਾਂ ਉਹ ਦੋਵੇਂ ਰਲ ਕੇ ਉਪਜਾ ਲੈਂਦੇ ਹਨ।

ਗੱਡੀ ਵਿੱਚ ਬੈਠਿਆਂ, ਜਿਹੋ-ਜਿਹੀ ਸਾਡੇ ਮਨ ਦੀ ਹਾਲਤ ਹੁੰਦੀ ਹੈ, ਉਹੋ-ਜਿਹੇ ਸਾਨੂੰ ਬਾਹਰਲੇ ਦਰੱਖ਼ਤ ਅਤੇ ਖੇਤ ਵਿਖਾਈ ਦਿੰਦੇ ਹਨ।

ਜਿਨ੍ਹਾਂ ਕੋਲ ਚੰਨ ਹੋਵੇ, ਉਨ੍ਹਾਂ ਨੂੰ ਤਾਰੇ ਵੇਖਣ ਦੀ ਕੀ ਲੋੜ ਹੈ!

ਸੰਸਾਰ ਵਿਚ ਅਮੀਰਾਂ ਦੀ ਬਿਮਾਰੀ ਵੀ ਖ਼ਬਰ ਬਣਦੀ ਹੈ; ਗਰੀਬਾਂ ਦੀ ਮੌਤ ਵੀ ਕੋਈ ਨਹੀਂ ਗੌਲਦਾ।

ਸੋਹਣੀ ਇਸਤਰੀ ਜਦੋਂ ਚੁੱਪ ਹੁੰਦੀ ਹੈ, ਤਾਂ ਵੀ ਸਾਰੇ ਉਸ ਨੂੰ ਬੜੇ ਧਿਆਨ ਨਾਲ ਸੁਣ ਰਹੇ ਹੁੰਦੇ ਹਨ।

ਕੋਈ ਵੀ ਇਤਨਾ ਗਰੀਬ ਨਹੀਂ ਹੁੰਦਾ ਕਿ ਉਹ ਕਦੇ ਕਿਸੇ ਦੀ ਮਦਦ ਨਾ ਕਰ ਸਕੇ; ਕੋਈ ਵੀ ਇਤਨਾ ਅਮੀਰ ਨਹੀਂ ਹੁੰਦਾ ਕਿ ਉਸ ਨੂੰ ਕਦੇ ਕਿਸੇ ਦੀ ਮਦਦ ਦੀ ਲੋੜ ਹੀ ਨਾ ਪਵੇ।

ਅਮੀਰੀ ਛੁਪਾਈ ਜਾ ਸਕਦੀ ਹੈ, ਗਰੀਬੀ ਛੁਪਾਉਣੀ ਸੰਭਵ ਨਹੀਂ ਹੁੰਦੀ।

ਜਦੋਂ ਬਹਿਸ ਅਰੰਭ ਹੋ ਜਾਂਦੀ ਹੈ ਤਾਂ ਸਾਰੇ ਸੋਚਣਾ ਬੰਦ ਕਰ ਦਿੰਦੇ ਹਨ।

ਖਾਣ-ਪੀਣ ਦੌਰਾਨ ਕੀਤੀਆਂ ਗੱਲਾਂ ਦਾ ਕੋਈ ਅਰਥ ਨਹੀਂ ਹੁੰਦਾ; ਇਹ ਯਾਦ ਨਹੀਂ ਕਰਾਉਣੀਆਂ ਚਾਹੀਦੀਆਂ ਅਤੇ ਇਹ ਯਾਦ ਨਹੀਂ ਰੱਖਣੀਆਂ ਚਾਹੀਦੀਆਂ।

ਵਿਕਾਸ ਕਰਨ ਦਾ ਇਕ ਢੰਗ ਇਹ ਵੀ ਹੈ ਕਿ ਜੋ ਤੁਹਾਡੇ ਚਾਪਲੂਸ ਕਹਿੰਦੇ ਹਨ, ਉਹ ਸੱਚ ਕਰ ਵਿਖਾਓ।

ਮੁਸੀਬਤ ਵਿਚ ਪਈਆਂ ਦੋਸਤੀਆਂ, ਚੰਗਿਆਂ ਸਮਿਆਂ ਵਿਚ ਵੀ ਨਿਭਦੀਆਂ ਹਨ; ਚੰਗਿਆਂ ਸਮਿਆਂ ਵਿਚ ਪਈਆਂ ਦੋਸਤੀਆਂ, ਮੁਸੀਬਤ ਵਿਚ ਨਿਭਣੀਆਂ ਜ਼ਰੂਰੀ ਨਹੀਂ ਹੁੰਦੀਆਂ।

ਇਸਤਰੀਆਂ ਨੇ ਆਪਣੇ-ਆਪ ਨੂੰ ਇਸ ਲਈ ਲੁਕਾਉਣਾ ਅਤੇ ਕੱਜਣਾ ਅਰੰਭ ਕੀਤਾ, ਤਾਂ ਕਿ ਪੁਰਸ਼ਾਂ ਵਿਚ, ਉਨ੍ਹਾਂ ਨੂੰ ਵੇਖਣ ਦੀ ਤਾਂਘ ਵਧੇ।

ਫੌਜੀ ਲਿਬਾਸ ਦਾ ਸਭ ਤੋਂ ਮਹੱਤਵਪੂਰਨ ਭਾਗ, ਉਸ ਦੇ ਬੂਟ ਹੁੰਦੇ ਹਨ; ਬੂਟਾਂ ਤੋਂ ਬਿਨਾਂ, ਸਲੂਟ ਸੰਭਵ ਨਹੀਂ ਹੁੰਦਾ ਅਤੇ ਸਲੂਟ ਤੋਂ ਬਿਨਾਂ ਫ਼ੌਜ ਅਤੇ ਫੌਜੀ ਦੇ ਕੋਈ ਅਰਥ ਨਹੀਂ ਹੁੰਦੇ।

ਬੱਚਿਆਂ ਨੂੰ ਪੜ੍ਹਾਉਣ ਵਾਲਾ, ਆਪ ਵਧੇਰੇ ਸਿੱਖਦਾ ਹੈ।

ਦਿਨ ਦੀਆਂ ਅੱਖਾਂ ਹੁੰਦੀਆਂ ਹਨ, ਰਾਤ ਦੇ ਕੰਨ ਹੁੰਦੇ ਹਨ।

ਕੰਮ ਕਰਨ ਵਾਲੇ ਵਾਸਤੇ ਸਪਤਾਹ ਵਿਚ ਸੱਤ ਅੱਜ ਹੁੰਦੇ ਹਨ; ਕੰਮ-ਚੋਰ ਲਈ ਹਫ਼ਤੇ ਵਿਚ ਤਿੰਨ ਕੱਲ੍ਹ ਅਤੇ ਚਾਰ ਪਰਸੋਂ ਹੁੰਦੀਆਂ ਹਨ।

ਕਾਹਲ ਨਾਲ ਕਹੀ ਹਾਂ ਅਤੇ ਹਾਂ ਕਹਿਣ ਵਿਚ ਵਰਤੀ ਕਾਹਲ, ਮਗਰੋਂ ਝੂਠ ਬੋਲਣ ਅਤੇ ਮੁਕਰਨ ਲਈ ਮਜਬੂਰ ਕਰਦੀ ਹੈ।

ਜੀਵਨ ਵਿਚ ਸਭ ਤੋਂ ਵੱਡਾ ਪਰਿਵਰਤਨ, ਵਿਆਹ ਨਾਲ ਵਾਪਰਦਾ ਹੈ।

ਸਾਡੇ ਮਕਾਨ ਦੀ ਕੀਮਤ, ਸਾਡੇ ਗਵਾਂਢੀ ਨਿਰਧਾਰਤ ਕਰਦੇ ਹਨ।

ਜਿਹੜਾ ਉੱਲੂਆਂ ਪਿੱਛੇ ਲੱਗੇਗਾ, ਉਹ ਉਜਾੜਾਂ ਵਿਚ ਹੀ ਪਹੁੰਚੇਗਾ।

ਜਿਹੜਾ ਇਕ ਸਾਲ ਵਿਚ ਕਰੋੜਪਤੀ ਬਣਨਾ ਚਾਹੁੰਦਾ ਹੈ, ਉਹ ਛੇ ਮਹੀਨਿਆਂ ਵਿਚ ਹੀ ਕਰੋੜਾਂ ਨਾਲ ਬਣੀ ਜੇਲ੍ਹ ਵਿਚ ਪਹੁੰਚ ਜਾਂਦਾ ਹੈ।

ਕੰਜੂਸ ਨਾਲ ਕੰਜੂਸ ਅਤੇ ਸ਼ਾਹ-ਖਰਚ ਨਾਲ ਸ਼ਾਹ-ਖਰਚ ਹੋਵੋ।

ਜੇ ਮੇਜ਼ ਗੋਲ ਹੋਵੇ ਤਾਂ ਹਰ ਸੀਟ, ਪਹਿਲੀ ਸੀਟ ਬਣ ਜਾਂਦੀ ਹੈ।

ਇਕ-ਦੂਜੇ ਨੂੰ ਮਿਲਣ ਸਮੇਂ ਪੁਰਸ਼ ਅਕਸਰ ਇਕ-ਦੂਜੇ ਨੂੰ ਸੁਣਦੇ ਹਨ; ਇਸਤਰੀਆਂ ਅਕਸਰ ਇਕ-ਦੂਜੀ ਨੂੰ ਵੇਖਦੀਆਂ ਹਨ।

ਵੇਸਵਾਵਾਂ ਅਤੇ ਬਦਮਾਸ਼, ਆਪਣੀ ਇੱਜ਼ਤ ਦਾ ਬੜਾ ਧਿਆਨ ਰੱਖਦੇ ਹਨ।

ਚੁੱਪ ਨੂੰ ਸੰਸਾਰ ਦੀ ਹਰੇਕ ਭਾਸ਼ਾ ਵਿਚ, ਪ੍ਰਗਟਾਇਆ ਜਾ ਸਕਦਾ ਹੈ।

ਭ੍ਰਿਸ਼ਟਾਚਾਰ, ਹਮੇਸ਼ਾਂ ਉੱਪਰੋਂ ਥੱਲੇ ਵੱਲ ਚੱਲਦਾ ਹੈ; ਬੇਈਮਾਨੀ, ਹੇਠੋਂ ਉੱਪਰ ਵੱਲ ਚੱਲਦੀ ਹੈ।

ਕੁਝ ਖਰੀਦਣ ਦੇ ਮੁਕਾਬਲੇ, ਵੇਚਣ ਵਾਸਤੇ, ਵਧੇਰੇ ਯੋਗਤਾ ਦੀ ਲੋੜ ਪੈਂਦੀ ਹੈ।

ਜੇ ਮੂਰਖ ਨਾ ਹੁੰਦੇ ਤਾਂ ਸਿਆਣਿਆਂ ਨੂੰ ਪਛਾਣਨਾ ਸੰਭਵ ਨਹੀਂ ਸੀ ਹੋਣਾ।

ਅੱਖਾਂ ਆਪਣੇ ਆਪ 'ਤੇ ਵਿਸ਼ਵਾਸ ਕਰਦੀਆਂ ਹਨ ਅਤੇ ਕੋਈ ਹੋਰ ਗਵਾਹੀ ਨਹੀਂ ਮੰਗਦੀਆਂ; ਕੰਨ ਵਿਸ਼ਵਾਸ ਨਹੀਂ ਕਰਦੇ, ਗਵਾਹੀ ਮੰਗਦੇ ਹਨ।

ਵਪਾਰ ਕਰਨ ਨਾਲੋਂ, ਪਿਆਰ ਕਰਨ ਵਿਚ ਵਧੇਰੇ ਪੈਂਤੜੇ ਸਿਰਜਣੇ ਪੈਂਦੇ ਹਨ।

ਜੋ ਕਰਨ ਦਾ ਰਿਵਾਜ ਹੋਵੇ, ਉਹ ਕਰਨ ਦਾ ਕਾਰਨ ਦੱਸਣ ਦੀ ਲੋੜ ਨਹੀਂ ਪੈਂਦੀ।

ਜਿਹੜਾ ਅਰੰਭ ਵਿਚ ਨਹੀਂ ਸੋਚਦਾ, ਉਹ ਅੰਤ ਵਿਚ ਪਛਤਾਉਂਦਾ ਹੈ।

ਪੁਰਾਣੇ ਝਗੜਿਆਂ ਵਿਚ ਮੁੜ-ਮੁੜ ਉਭਰਨ ਅਤੇ ਨਵੇਂ ਝਗੜੇ ਉਪਜਾਉਣ ਦੀ ਸਮਰੱਥਾ ਹੁੰਦੀ ਹੈ।

ਪਤਲੀ ਨਾਰ, ਲੰਮਾ ਅਰਸਾ ਨਵ-ਵਿਆਹੀ ਲੱਗਦੀ ਹੈ।

ਪਿਆਰ ਵਿਚ ਪਿੱਤਲ ਵੀ ਸੋਨਾ ਵਿਖਾਈ ਦਿੰਦਾ ਹੈ, ਨਫ਼ਰਤ ਵਿਚ ਸੋਨਾ ਵੀ ਪਿੱਤਲ ਬਣ ਜਾਂਦਾ ਹੈ।

ਡਿੱਗਣਾ ਸੌਖਾ ਹੁੰਦਾ ਹੈ, ਉੱਠਣਾ ਸੌਖਾ ਨਹੀਂ ਹੁੰਦਾ, ਪਰ ਡਿੱਗ ਕੇ ਉੱਠਣਾ ਹੁੰਦਾ ਬੜਾ ਜ਼ਰੂਰੀ ਹੈ।

ਲੇਖਕ ਨੂੰ ਪਸੰਦ ਪਾਠਕ ਕਰਦੇ ਹਨ, ਪਰ ਉਸ ਨੂੰ ਪ੍ਰਸਿੱਧ ਸਮਾਂ ਕਰਦਾ ਹੈ।

ਜਿਹੜਾ ਜਵਾਨੀ ਵਿਚ ਗਲਤੀਆਂ ਨਹੀਂ ਕਰਦਾ, ਉਹ ਆਪਣੇ ਬੁਢਾਪੇ ਵਿਚ ਮੂਰਖਤਾਵਾਂ ਕਰੇਗਾ।

ਸਦਾ ਵਾਸਤੇ ਤਾਂ ਪਿਆਰੇ ਦੀ ਗਲਵਕੜੀ ਵਿਚ ਵੀ ਨਹੀਂ ਰਿਹਾ ਜਾ ਸਕਦਾ।

ਹਾਂ, ਬੰਨ੍ਹ ਲੈਂਦੀ ਹੈ, ਨਾਂਹ, ਅਜ਼ਾਦ ਕਰ ਦਿੰਦੀ ਹੈ।

ਅੱਖਾਂ ਕਦੇ ਸੰਤੁਸ਼ਟ ਨਹੀਂ ਹੁੰਦੀਆਂ, ਇਨ੍ਹਾਂ ਨੂੰ ਵੇਖਣ ਦੀ, ਹੋਰ ਵੇਖਣ ਦੀ, ਭੁੱਖ ਲੱਗੀ ਰਹਿੰਦੀ ਹੈ।

ਪ੍ਰੇਮੀ, ਨਵੇਂ ਰਾਹਾਂ 'ਤੇ ਅਤੇ ਵਿਆਹੇ, ਪਹਿਲਾਂ ਚੱਲੇ ਰਾਹਾਂ 'ਤੇ ਚੱਲਣ ਦੇ ਤਾਂਘਵਾਨ ਹੁੰਦੇ ਹਨ।

ਲੱਸਣ ਅਤੇ ਪਿਆਜ਼ ਬੜੇ ਗੂੜ੍ਹੇ ਸਾਥੀ ਹਨ; ਇਹ ਅਪਣਾਏ ਵੀ ਦੋਵੇਂ ਜਾਂਦੇ ਹਨ ਅਤੇ ਇਹ ਤਿਆਗੇ ਵੀ ਦੋਵੇਂ ਜਾਂਦੇ ਹਨ; ਇਹ ਸਵਾਦ ਦੇ ਮਾਤਾ-ਪਿਤਾ ਸਮਝੇ ਜਾਂਦੇ ਹਨ ਪਰ ਕਈ ਇਨ੍ਹਾਂ ਨੂੰ ਆਪਣੇ ਦੁਸ਼ਮਣ ਸਮਝਦੇ ਹਨ।

ਪਹਿਲੀ ਪਤਨੀ, ਪਤੀ ਤੋਂ ਡਰਦੀ ਹੈ; ਦੂਜੀ ਪਤਨੀ ਤੋਂ ਪਤੀ ਡਰਦਾ ਹੈ।

ਦੋ ਹੱਥ ਇਕ-ਦੂਜੇ ਨੂੰ ਧੋਂਦੇ ਹਨ, ਪਰ ਚਿਹਰੇ ਨੂੰ ਧੋਣ ਵੇਲੇ ਦੋਵੇਂ ਰਲ ਜਾਂਦੇ ਹਨ।

ਗਰੀਬ ਆਸਵੰਦ ਹੁੰਦਾ ਹੈ ਕਿ ਇਕ ਦਿਨ ਉਹ ਅਮੀਰ ਹੋ ਜਾਵੇਗਾ; ਅਮੀਰ ਨੂੰ ਸੰਸਾ ਲੱਗਿਆ ਰਹਿੰਦਾ ਹੈ ਕਿ ਕਿਧਰੇ ਗਰੀਬ ਨਾ ਹੋ ਜਾਵਾਂ।

ਪ੍ਰੇਮਿਕਾ ਲਈ ਪਿਆਰੇ ਦੇ ਮੁੜ ਆਉਣ ਦੀ ਆਸ ਪੱਕੀ ਹੁੰਦੀ ਹੈ, ਪਰ ਅਕਸਰ ਕੋਈ ਹੋਰ ਇਸਤਰੀ ਉਸ ਦਾ ਰਾਹ ਬਦਲ ਦਿੰਦੀ ਹੈ।

ਦਰਵਾਜ਼ਾ ਖੜਕਿਆ, ਫਿਰ ਖੜਕਿਆ, ਕੌਣ ਹੈ? ਮੈਂ ਹਾਂ ਸੱਚਾ ਪਿਆਰ; ਨਹੀਂ ਤੂੰ ਸੱਚਾ ਪਿਆਰ ਨਹੀਂ ਹੋ ਸਕਦਾ, ਕਿਉਂਕਿ ਸੱਚਾ ਪਿਆਰ, ਕਦੇ ਦੂਜੀ ਦਸਤਕ ਨਹੀਂ ਦਿੰਦਾ।

ਬੰਦਾ ਪਸਤੌਲ ਖਰੀਦਦਾ ਤਾਂ ਆਪਣੀ ਰਾਖੀ ਲਈ ਹੈ, ਪਰ ਉਸ ਦੀ ਸਾਰੀ ਉਮਰ, ਪਸਤੌਲ ਦੀ ਰਾਖੀ ਕਰਦਿਆਂ ਲੰਘ ਜਾਂਦੀ ਹੈ।

ਹੋਰਾਂ ਨੂੰ ਦੂਜਿਆਂ ਬਾਰੇ ਗੱਲਾਂ ਕਰਦਿਆਂ ਸੁਣਨ ਨਾਲ ਪਤਾ ਲੱਗ ਜਾਂਦਾ ਹੈ ਕਿ ਉਹ ਸਾਡੇ ਬਾਰੇ ਕਿਹੜੀਆਂ ਅਤੇ ਕਿਵੇਂ ਗੱਲਾਂ ਕਰਨਗੇ।

ਬੱਚੇ ਦੀ ਸਭ ਤੋਂ ਵੱਡੀ ਵਕੀਲ, ਉਸ ਦੀ ਮਾਂ ਹੁੰਦੀ ਹੈ।

ਆਪਣੀ ਜ਼ਿੰਦਗੀ ਵਿਚ ਦੋ ਬੰਦਿਆਂ ਦਾ ਵਿਸ਼ੇਸ਼ ਧਿਆਨ ਰਖਣਾ; ਇਕ ਉਸ ਦਾ, ਜਿਸ ਨੇ ਤੁਹਾਨੂੰ ਜਿਤਾਉਣ ਲਈ ਆਪ ਸਭ ਕੁਝ ਹਾਰਿਆ; ਦੂਜੇ ਉਸ ਦਾ, ਜਿਸ ਨੇ ਆਪ ਹਾਰ ਕੇ ਤੁਹਾਨੂੰ ਜਿੱਤਿਆ।

ਕੋਈ ਨਵਾਂ, ਸ਼ਕਤੀਸ਼ਾਲੀ ਵਿਚਾਰ ਮਿਲ ਜਾਣਾ ਵੱਡੀ ਗੱਲ ਨਹੀਂ ਹੁੰਦੀ, ਵੱਡੀ ਗੱਲ ਹੁੰਦੀ ਹੈ, ਉਸ ਵਿਚਾਰ ਨੂੰ ਆਪਣੇ ਜੀਵਨ ਅਤੇ ਵਿਹਾਰ ਵਿਚ ਰਚਾ ਲੈਣਾ।

ਸਕੂਲ-ਕਾਲਜ ਛੱਡਣ ਸਮੇਂ, ਦੁਸ਼ਮਣੀਆਂ ਤਿਆਗ ਦੇਣੀਆਂ ਅਤੇ ਦੋਸਤੀਆਂ ਘੁੱਟ ਕੇ ਫੜ ਲੈਣੀਆਂ ਚਾਹੀਦੀਆਂ ਹਨ।

ਸਰੀਰ ਦੇ ਅਨੇਕਾਂ ਅੰਗ ਹਨ ਪਰ ਸਿਆਣਪ ਅਕਸਰ ਅੱਖਾਂ ਵਿਚੋਂ ਝਲਕਦੀ ਹੈ।

ਬੋਹੜ ਸ਼ਿਵ ਦਾ ਅਤੇ ਪਿਪਲ ਵਿਸ਼ਨੂੰ ਦਾ ਰੂਪ ਸਮਝੇ ਜਾਂਦੇ ਹਨ; ਇਹ ਕੱਟੇ ਨਹੀਂ ਜਾਂਦੇ, ਜੇ ਕੱਟਣੇ ਪੈਣ ਤਾਂ ਪਹਿਲਾਂ ਪੂਜਾ ਕਰਕੇ, ਖਿਮਾ ਮੰਗ ਕੇ ਕੱਟੇ ਜਾਂਦੇ ਹਨ।

ਜ਼ਿੰਦਗੀ ਕਦੇ ਨਹੀਂ ਰੁਕਦੀ; ਸੰਸਾਰ ਕਿਸੇ ਰੁਕਾਵਟ ਨੂੰ ਨਹੀਂ ਮੰਨਦਾ; ਵਕਤ ਕਦੇ ਛੁੱਟੀ ਨਹੀਂ ਕਰਦਾ, ਤੁਸੀਂ ਕਿਉਂ ਰੁਕੇ ਹੋਏ ਹੋ?

ਕਿਸੇ ਨੂੰ ਤੁਰਤ-ਫੁਰਤ ਨਿੰਦ ਦੇਣਾ ਅਤੇ ਝੱਟ-ਪੱਟ ਦਾਦ ਦੇਣੀ, ਸਿਆਣਿਆਂ ਦਾ ਸੁਭਾਓ ਨਹੀਂ ਹੁੰਦਾ।

ਪਤੀ, ਪਰਿਵਾਰ ਦਾ ਸਿਰ ਹੁੰਦਾ ਹੈ; ਪਤਨੀ, ਪਤੀ ਦੇ ਸਿਰ ਦਾ ਤਾਜ ਹੁੰਦੀ ਹੈ।

ਮਨੁੱਖ ਅਕਸਰ ਅੱਖਾਂ ਨਾਲ ਵੇਖਦਾ ਹੈ ਪਰ ਬੁਧੀ ਨਾਲ ਅੱਖਾਂ ਨਾਲੋਂ ਕਈ ਗੁਣਾਂ ਵੱਧ ਵੇਖਿਆ ਜਾ ਸਕਦਾ ਹੈ; ਅੱਖਾਂ ਬੂਹੇ-ਬਾਰੀਆਂ, ਕੰਧਾਂ-ਛੱਤਾਂ ਹੀ ਵੇਖਦੀਆਂ ਹਨ, ਬੁੱਧੀ ਘਰ ਅਤੇ ਪਰਿਵਾਰ ਵੀ ਵੇਖਦੀ ਹੈ।

ਕਈ ਵਾਰੀ ਪਿਆਰ ਦਾ ਤੂਫ਼ਾਨ ਇਸਤਰੀ ਦੀ ਚੁੰਨੀ ਹੀ ਉਡਾ ਕੇ ਲੈ ਜਾਂਦਾ ਹੈ।

ਭੰਗੜਾ ਪੱਕੀਆਂ ਫਸਲਾਂ ਅਤੇ ਆਰਥਿਕ ਖ਼ੁਸ਼ਹਾਲੀ ਦਾ ਨਾਚ ਹੈ; ਗਿੱਧਾ ਸਾਵਣ ਦੇ ਬੱਦਲਾਂ ਹੇਠ ਸਾਥ ਮਾਣਨ ਦਾ ਜਸ਼ਨ ਹੁੰਦਾ ਹੈ।

ਜਿਸ ਕੰਮ ਨੂੰ ਅਸੀਂ ਚੰਗਾ ਸਮਝਦੇ ਹਾਂ, ਉਸ ਨੂੰ ਗਲਤ ਢੰਗ ਨਾਲ ਕੀਤਾ ਹੀ ਨਹੀਂ ਜਾ ਸਕਦਾ।

ਚੰਗੀਆਂ ਪੁਸਤਕਾਂ ਸਾਡੀਆਂ ਸਮੱਸਿਆਵਾਂ ਭਾਵੇਂ ਨਾ ਸੁਲਝਾਉਣ ਪਰ ਇਹ ਸਾਨੂੰ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਸੂਝ-ਬੂਝ ਅਤੇ ਹਿੰਮਤ ਜ਼ਰੂਰ ਦਿੰਦੀਆਂ ਹਨ।

ਪਾਗਲ ਲਈ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਨਿਖੇੜਨਾ ਸੰਭਵ ਨਹੀਂ ਹੁੰਦਾ; ਇਸੇ ਕਾਰਨ ਉਸ ਨੂੰ ਪਾਗਲ ਕਿਹਾ ਜਾਂਦਾ ਹੈ।

ਮੌਤ, ਆ ਕੇ ਮਨੁੱਖ ਨੂੰ ਜੱਫੀ ਪਾਉਂਦੀ ਹੈ ਅਤੇ ਆਪਣੇ ਨਾਲ ਹੀ ਲੈ ਜਾਂਦੀ ਹੈ।

ਪੜ੍ਹਾਈ ਤਾਂ ਹੀ ਪੜ੍ਹਾਈ ਅਖਵਾਉਂਦੀ ਹੈ, ਜੇ ਪੜ੍ਹ ਕੇ ਕੁਝ ਚੰਗਾ, ਮੁੱਲਵਾਨ ਅਤੇ ਮਹੱਤਵਪੂਰਨ ਕਰਨਾ ਹੋਵੇ।

ਮਾਂ ਤੋਂ ਬਿਨਾਂ ਬੱਚੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਰੱਬ ਕੌਣ ਹੁੰਦਾ ਹੈ।

ਅਤੀਤ ਬਾਰੇ ਸੋਚਦੇ ਰਹਿਣ ਨਾਲ, ਭਵਿੱਖ ਦੀ ਵਿਉਂਤਬੰਦੀ ਸੰਭਵ ਨਹੀਂ ਹੁੰਦੀ।

ਜੇ ਸਾਡਾ ਅੰਦਰਲਾ ਵਿਕਾਸ ਕਰੇਗਾ ਤਾਂ ਬਾਹਰਲਾ ਵੀ ਕਰੇਗਾ।

ਜਿਹੜਾ ਸਭ ਕੁਝ ਆਪ ਕਰਨਾ ਚਾਹੁੰਦਾ ਹੈ, ਉਹ ਬਹੁਤਾ ਕੁਝ ਨਹੀਂ ਕਰ ਸਕੇਗਾ।

ਹਰ ਕੋਈ ਜੇ ਆਪਣੀ ਕਿਸਮਤ ਨਾਲ ਸੰਤੁਸ਼ਟ ਹੁੰਦਾ ਤਾਂ ਸੰਸਾਰ ਵਿਚ ਕੋਈ ਪ੍ਰਸਿੱਧ ਜਾਂ ਮਹਾਨ ਵਿਅਕਤੀ ਨਹੀਂ ਸੀ ਹੋਣਾ।

ਹੋਰਾਂ ਨੂੰ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਵਿਚ ਸਹਿਯੋਗ ਦੇਵੋ, ਉਹ ਤੁਹਾਡੇ ਨਿਸ਼ਾਨੇ ਤੁਹਾਡੇ ਨੇੜੇ ਲੈ ਆਉਣਗੇ।

ਜੇ ਮੁਰਦੇ ਦੀਆਂ ਅੱਖਾਂ ਖੁੱਲ੍ਹੀਆਂ ਹੋਣ ਤਾਂ ਉਸ ਦੀ ਤੱਕਣੀ, ਵੇਖਣ ਵਾਲਿਆਂ ਨੂੰ ਜੀਵਨ ਭਰ ਡਰਾਉਂਦੀ ਰਹਿੰਦੀ ਹੈ।

ਉਦੇਸ਼ ਮਿੱਥੋ, ਹਿੰਮਤਾਂ ਜਾਗ ਪੈਣਗੀਆਂ ਅਤੇ ਸੁਪਨੇ ਯਥਾਰਥ ਬਣ ਜਾਣਗੇ।

ਲੋਕ ਸਮਝਦੇ ਹਨ ਕਿ ਉਨ੍ਹਾਂ ਦਾ ਜੀਵਨ-ਪੱਧਰ ਉੱਚਾ ਹੋਣ ਨਾਲ, ਉਨ੍ਹਾਂ ਦੀ ਪ੍ਰਸੰਨਤਾ ਦਾ ਪੱਧਰ ਵੀ ਉੱਚਾ ਹੋ ਜਾਵੇਗਾ, ਪਰ ਹੁੰਦਾ ਉਲਟ ਹੈ।

ਸਮਾਜਿਕ ਰੋਕਾਂ ਦੇ ਬਾਵਜੂਦ, ਅੱਖਾਂ, ਅੱਖਾਂ ਨਾਲ ਰਿਸ਼ਤਾ ਗੰਢ ਲੈਂਦੀਆਂ ਹਨ।

ਪ੍ਰਦੂਸ਼ਣ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਿਹਾ ਹੈ, ਇਸ ਕਾਰਨ ਭਾਵੇਂ ਆਮਦਨਾਂ ਵੱਧ ਰਹੀਆਂ ਹਨ, ਪਰ ਵਾਸਤਵ ਵਿਚ, ਜੀਵਨ-ਪੱਧਰ ਡਿੱਗ ਰਿਹਾ ਹੈ।

ਇਕ ਘੰਟਾ ਚਿੱਤਰਕਾਰੀ ਕਰਨ ਲਈ, ਉਸ ਤੋਂ ਪਹਿਲਾਂ ਚਿੱਤਰਕਾਰ ਨੂੰ ਚਾਰ ਘੰਟੇ ਦੀ ਬੰਧਨ-ਮੁਕਤ ਸ਼ਾਂਤੀ ਦੀ ਲੋੜ ਪੈਂਦੀ ਹੈ; ਕਲਾ ਕੋਈ ਹੋਵੇ, ਉਸ ਲਈ ਸ਼ਾਂਤੀ ਅਤੇ ਸੁਤੰਤਰਤਾ, ਲਾਜ਼ਮੀ ਸ਼ਰਤਾਂ ਹਨ।

ਪਤੀ ਅਜਿਹਾ ਸ਼ੇਰ ਹੁੰਦਾ ਹੈ, ਜਿਹੜਾ ਆਪਣੀ ਪਤਨੀ ਨੂੰ, ਬਘਿਆੜਾਂ ਤੋਂ ਬਚਾਉਂਦਾ ਅਤੇ ਉਸ ਨੂੰ ਆਪ ਡਰਾਉਂਦਾ ਰਹਿੰਦਾ ਹੈ।

ਪਿਆਰ ਦੀ ਕਿਹੜੀ ਗੱਲ ਹੈ, ਜਿਹੜੀ ਨਜ਼ਰਾਂ ਨਾਲ ਨਹੀਂ ਕਹੀ ਜਾ ਸਕਦੀ?

ਫ਼ਾਸਲੇ ਵਿਚ ਖਿੱਚ ਹੁੰਦੀ ਹੈ; ਖਿੱਚ ਫ਼ਾਸਲੇ ਕਾਰਨ ਹੀ ਹੁੰਦੀ ਹੈ; ਫ਼ਾਸਲਾ ਮਿਟਦਿਆਂ ਹੀ ਖਿੱਚ ਲੋਪ ਹੋ ਜਾਂਦੀ ਹੈ।

ਬਹੁਤ ਅਧਿਕ ਖ਼ੁਸ਼ਹਾਲੀ, ਕੁਝ ਨਵਾਂ ਕਰਨ ਦੀ ਹਿੰਮਤ ਖੋਹ ਲੈਂਦੀ ਹੈ।

ਪਿਆਰ ਕਰਨ ਵਾਲਾ ਸਮਰਪਣ ਕਰੇਗਾ, ਕਿਉਂਕਿ ਪਿਆਰ ਅਤੇ ਸਮਰਪਣ ਇਕ ਹੀ ਗੱਲ ਹਨ।

ਬੇਵਫ਼ਾ, ਬੇਈਮਾਨ, ਗ਼ੈਰਜ਼ਿੰਮੇਵਾਰ ਬਾਂਕੇ ਪੁਰਸ਼, ਵਧੇਰੇ ਖੁੱਲ੍ਹੇ, ਬੇਪ੍ਰਵਾਹ ਅਤੇ ਰੰਗੀਨ ਹੋਣ ਕਰਕੇ, ਇਸਤਰੀਆਂ ਨਾਲ ਵਧੇਰੇ ਸਫ਼ਲ ਹੁੰਦੇ ਹਨ।

ਕਿਸੇ ਨੂੰ ਵੀ ਨਿਰਪੱਖ ਹੋ ਕੇ ਨਹੀਂ ਵੇਖਿਆ ਜਾ ਸਕਦਾ; ਹਰ ਕੋਈ, ਹਰ ਕਿਸੇ ਨੂੰ, ਆਪਣੇ ਪੱਖਪਾਤਾਂ ਅਤੇ ਸਵਾਰਥਾਂ ਦੀ ਨਜ਼ਰ ਨਾਲ ਵੇਖਦਾ ਹੈ।

ਪਿਆਰ ਵਿਚ ਆਨੰਦ ਕਿਸੇ ਦੀ ਸੁੰਦਰਤਾ ਵਿਚੋਂ ਨਹੀਂ, ਉਸ ਨੂੰ ਚਾਹੁਣ-ਮਾਣਨ ਦੀ, ਸਾਡੀ ਤਾਂਘ ਅਤੇ ਸ਼ਿੱਦਤ ਵਿਚੋਂ ਉਪਜਦਾ ਹੈ।

ਜਦੋਂ ਕਿਸੇ ਨਾਲ ਪਿਆਰ ਹੋ ਜਾਂਦਾ ਹੈ ਤਾਂ ਅਸੀਂ ਹੀ ਨਹੀਂ, ਸਾਡੇ ਕੱਪੜੇ ਵੀ ਉਸ ਤੋਂ ਪ੍ਰਭਾਵਿਤ ਹੋਣ ਲੱਗ ਪੈਂਦੇ ਹਨ।

ਸੋਹਣੀ ਇਸਤਰੀ, ਆਪਣੇ ਸਰੀਰ ਦੀ ਇਕ ਝਲਕ ਹੀ ਵਿਖਾਉਂਦੀ ਹੈ ਅਤੇ ਪੁਰਸ਼ ਉਸ ਦੇ ਸਾਰੇ ਹੁਸਨ ਨੂੰ ਵੇਖਣ ਦੀ ਜਦੋਜਹਿਦ ਵਿਚ ਰੁਝ ਜਾਂਦਾ ਹੈ।

ਪੁਰਸ਼, ਇਸਤਰੀਆਂ ਦੀ ਦਲੇਰੀ ਤੋਂ ਪ੍ਰਭਾਵਿਤ ਹੁੰਦੇ ਹਨ; ਇਸਤਰੀਆਂ, ਪੁਰਸ਼ਾਂ ਦੇ ਸਲੀਕੇ ਤੋਂ ਪ੍ਰਭਾਵਿਤ ਹੁੰਦੀਆਂ ਹਨ।

ਪੁਰਸ਼, ਉਸ ਇਸਤਰੀ ਦਾ ਦੀਵਾਨਾ ਹੁੰਦਾ ਹੈ, ਜਿਹੜੀ ਉਸ ਦੀ ਕਲਪਨਾ ਨੂੰ ਜਗਾਵੇ ਅਤੇ ਉਸ ਨੂੰ ਮਰਦ ਹੋਣ ਦਾ ਅਹਿਸਾਸ ਦੇਵੇ।

ਹਰ ਦੇਸ਼ ਦੇ ਇਤਿਹਾਸ ਦਾ ਇਕ ਸੁਨਹਿਰੀ ਦੌਰ ਹੁੰਦਾ ਹੈ, ਜਿਹੜੇ ਆਗੂ ਇਸ ਦੌਰ ਨੂੰ ਵਾਪਸ ਲੈ ਆਉਣ ਦੀਆਂ ਗੱਲਾਂ ਕਰਦੇ ਹਨ, ਉਹ ਸਰੋਤਿਆਂ ਉਤੇ ਕੋਈ ਸੁੰਦਰ ਸੁਪਨਾ ਵੇਖਣ ਦਾ ਪ੍ਰਭਾਵ ਪਾਉਂਦੇ ਹਨ।

ਇਸਤਰੀ ਦੀ ਬੁਲਾਵੇ ਭਰੀ ਤੱਕਣੀ ਨਾਲ, ਦੂਰ ਖਲੋਤੇ ਪੁਰਸ਼ ਨੂੰ, ਫ਼ਾਸਲਾ ਦਿਸਣਾ ਬੰਦ ਹੋ ਜਾਂਦਾ ਹੈ।

ਰਾਜਨੀਤੀ ਸ਼ਬਦਾਂ ਦੀ ਖੇਡ ਹੈ, ਜਿਸ ਦੇ ਸ਼ਬਦਾਂ ਵਿਚ ਜਾਦੂ ਹੈ, ਸੁਪਨਾ ਹੈ, ਭਵਿੱਖ ਹੈ, ਰਾਜਨੀਤੀ ਵਿਚ ਉਹ ਕਾਮਯਾਬ ਹੈ।

ਕਿਸੇ ਵੀ ਰੋਮਾਂਟਿਕ ਰਿਸ਼ਤੇ ਉੱਤੇ, ਯਥਾਰਥ ਦਾ ਹਮਲਾ ਟਾਲਿਆ ਨਹੀਂ ਜਾ ਸਕਦਾ।

ਮੰਗਣੀ ਤੋਂ ਮਗਰੋਂ ਅਤੇ ਵਿਆਹ ਤੋਂ ਪਹਿਲਾਂ ਦਾ ਸਮਾਂ ਸੋਹਜਵਾਦੀ ਦੌਰ ਹੁੰਦਾ ਹੈ, ਜਿਸ ਦੌਰਾਨ ਦੋਵੇਂ ਧਿਰਾਂ, ਇੱਕ-ਦੂਜੇ ਨੂੰ ਆਪਣੇ-ਆਪਣੇ ਸੂਖਮ ਅਤੇ ਕਲਾਮਈ ਪੱਖ ਵਿਖਾਉਂਦੀਆਂ ਹਨ।

ਪ੍ਰੇਮਿਕਾ, ਸੁੰਦਰਤਾ ਦਾ ਆਦਰਸ਼ ਸਥਾਪਤ ਕਰਕੇ, ਸਰੀਰਕ ਭੁੱਖਾਂ ਨਾਲੋਂ ਉਚੇਰੀਆਂ ਭੁੱਖਾਂ ਜਗਾ ਕੇ, ਇਕ ਸਧਾਰਨ ਵਿਅਕਤੀ ਨੂੰ, ਪ੍ਰਸਿੱਧ ਕਲਾਕਾਰ ਬਣਾ ਸਕਦੀ ਹੈ।

ਕਿਸੇ ਵਿਚ ਦਿਲਚਸਪੀ ਲੈਣੀ ਅਤੇ ਕਿਸੇ ਨੂੰ ਪਿਆਰ ਕਰਨਾ, ਦੋ ਵੱਖਰੇ ਵਰਤਾਰੇ ਹਨ; ਦਿਲਚਸਪੀ ਇਕ-ਦੋ ਗੁਣਾਂ ਕਾਰਨ ਲਈ ਜਾਂਦੀ ਹੈ, ਜਦੋਂ ਕਿ ਪਿਆਰ ਵਿਚ ਗੁਣਾਂ-ਔਗੁਣਾਂ ਦੀ ਥਾਂ, ਸਮੁੱਚ ਨੂੰ ਪ੍ਰਵਾਨਗੀ ਮਿਲਦੀ ਹੈ।

ਚਿੱਤਰਕਾਰ ਜਿਸ ਨੂੰ ਪਿਆਰ ਕਰਦਾ ਹੈ, ਉਸ ਦਾ ਚਿੱਤਰ ਜ਼ਰੂਰ ਬਣਾਉਂਦਾ ਹੈ; ਕਵੀ ਜਿਸ ਨੂੰ ਪਿਆਰ ਕਰਨਾ ਚਾਹੁੰਦਾ ਹੈ, ਉਸ 'ਤੇ ਗੀਤ ਜ਼ਰੂਰ ਲਿਖਦਾ ਹੈ।

ਲੋਕ, ਆਗੂਆਂ ਨੂੰ ਪ੍ਰਵਾਨ ਕਰ ਲੈਂਦੇ ਹਨ, ਪਰ ਜਦੋਂ ਉਨ੍ਹਾਂ ਦੇ ਧੀਆਂ-ਪੁੱਤਰ ਵੀ ਮੱਲੋ-ਮੱਲੀ ਆਗੂ ਬਣਨ ਦੀ ਕਾਹਲ ਕਰਨ ਤਾਂ ਲੋਕ ਵਿਰੋਧ ਕਰਦੇ ਹਨ।

ਸੋਹਣੀਆਂ ਇਸਤਰੀਆਂ ਨੂੰ ਖ਼ਤਰੇ ਮੁੱਲ ਲੈਣ ਵਾਲੇ ਪੁਰਸ਼ ਖਿਚ ਪਾਉਂਦੇ ਹਨ, ਕਿਉਂਕਿ ਸੋਹਣੀ ਇਸਤਰੀ ਚਾਹੁੰਦੀ ਹੈ ਕਿ ਪੁਰਸ਼ ਉਸ ਨੂੰ ਸੌਖਿਆਂ ਹੀ ਪ੍ਰਾਪਤ ਨਾ ਕਰੇ, ਖ਼ਤਰਿਆਂ ਦਾ ਸਾਹਮਣਾ ਕਰਕੇ ਜਿੱਤੇ।

ਇਸਤਰੀ ਨੂੰ ਪੁਰਸ਼ ਦਾ, ਪੁਰਸ਼ ਹੋਣਾ ਹੀ ਪ੍ਰਭਾਵਿਤ ਨਹੀਂ ਕਰਦਾ, ਉਸ ਦਾ ਸੰਗੀਤਕਾਰ, ਕਲਾਕਾਰ, ਬਹਾਦਰ, ਸਿਆਣਾ ਹੋਣਾ ਪ੍ਰਭਾਵਿਤ ਕਰਦਾ ਹੈ।

ਮਹਾਨ ਆਗੂ ਉਹ ਹੁੰਦਾ ਹੈ, ਜਿਹੜਾ ਦੇਸ਼ ਦੇ ਗੁਆਚੇ ਸਵੈਮਾਣ ਨੂੰ ਮੁੜ ਸਥਾਪਤ ਕਰਨ ਦੀ ਇੱਛਾ ਜਗਾ ਦੇਵੇ।

ਲਾਭਕਾਰੀ ਵਿਅਕਤੀ ਦੇ ਸਧਾਰਨ ਨੈਣ-ਨਕਸ਼ ਵੀ, ਉਸ ਦੇ ਗੁਣਾਂ ਕਾਰਨ ਲਿਸ਼ਕਣ ਲੱਗ ਪੈਂਦੇ ਹਨ।

ਜਿਸ ਦੀਆਂ ਅੱਖਾਂ ਝੀਲ ਵਰਗੀਆਂ ਹੋਣ, ਉਥੇ ਹਰ ਕੋਈ ਗੋਤੇ ਖਾਣ ਲੱਗ ਪੈਂਦਾ ਹੈ।

ਬਾਂਕੇ ਵਿਅਕਤੀ ਪਰੰਪਰਾਵਾਂ ਅਤੇ ਰਿਵਾਜਾਂ ਦੀ ਪ੍ਰਵਾਹ ਨਹੀਂ ਕਰਦੇ; ਬੇਪ੍ਰਵਾਹੀ ਬਾਂਕੇਪਣ ਦਾ ਲਾਜ਼ਮੀ ਭਾਗ ਹੁੰਦੀ ਹੈ।

ਮਾਪੇ, ਝਿੜਕ-ਝਿੜਕ ਕੇ, ਬੱਚਿਆਂ ਵਿਚੋਂ ਸਾਰਾ ਭੋਲਾਪਣ, ਬਾਹਰ ਕੱਢ ਦਿੰਦੇ ਹਨ।

ਹਰ ਕਿਸੇ ਨੂੰ ਪ੍ਰਸੰਨ ਹੋਣ ਲਈ ਕਿਸੇ ਭਰਮ ਦੀ ਲੋੜ ਹੁੰਦੀ ਹੈ; ਪ੍ਰੇਮੀ-ਪ੍ਰੇਮਿਕਾ ਪ੍ਰਸੰਨ ਹੋਣ ਲਈ ਰਲ ਕੇ, ਸਦੀਵੀ ਪਿਆਰ ਦਾ ਭਰਮ ਉਪਜਾਉਂਦੇ ਹਨ।

ਸੋਹਣੀ ਇਸਤਰੀ ਨੂੰ ਵੇਖ ਕੇ, ਹਰ ਉਮਰ ਦੇ ਪੁਰਸ਼, ਮੁੰਡਿਆਂ ਵਾਂਗ ਵਿਹਾਰ ਕਰਨ ਲੱਗ ਪੈਂਦੇ ਹਨ।

ਜੇ ਕੋਈ ਕਥਾਕਾਰ, ਪੁਜਾਰੀ ਜਾਂ ਪਾਦਰੀ ਬਹੁਤ ਸੋਹਣਾ ਹੋਵੇ ਤਾਂ ਇਸਤਰੀਆਂ ਉਸ ਨੂੰ ਸੁਣਨ ਘੱਟ ਅਤੇ ਵੇਖਣ ਲਈ ਵਧੇਰੇ ਆਉਂਦੀਆਂ ਹਨ।

ਜਿਹੜੀ ਸੋਹਣੀ ਇਸਤਰੀ ਵਿਆਹ ਨਾ ਕਰਵਾਉਣ ਦਾ ਫੈਸਲਾ ਕਰਦੀ ਹੈ, ਉਹ ਪੁਰਸ਼ਾਂ ਲਈ ਇਕ ਦਿਲਚਸਪ ਬੁਝਾਰਤ ਭਰੀ ਤਾਂਘ ਬਣ ਜਾਂਦੀ ਹੈ।

ਪੁਰਸ਼-ਜਗਤ ਨੂੰ ਇਸਤਰੀ ਕਦੇ ਵੀ ਪੂਰੀ ਤਰ੍ਹਾਂ ਸਮਝ ਨਹੀਂ ਸਕਦੀ; ਇਸਤਰੀ ਦੇ ਰਹੱਸ ਨੂੰ ਪੁਰਸ਼ ਕਦੇ ਵੀ ਬੁਝ ਨਹੀਂ ਸਕੇਗਾ; ਇਸ ਵਿੱਥ ਕਾਰਨ ਦੋਹਾਂ ਵਿਚਕਾਰ, ਤਾਂਘਾਂ ਦਾ ਸੋਹਜਾਤਮਕ ਖਿਚਾਓ ਬਣਿਆ ਰਹਿੰਦਾ ਹੈ।

ਜੇ ਕੋਈ ਇਸਤਰੀ ਸੋਹਣੀ ਵੀ ਹੋਵੇ ਅਤੇ ਵਿਦਵਾਨ ਵੀ ਹੋਵੇ ਤਾਂ ਕੋਈ ਵੀ ਉਸ ਦੇ ਪ੍ਰਭਾਵ ਤੋਂ, ਬਚਣਾ ਨਹੀਂ ਚਾਹੁੰਦਾ।

ਹੋਰਾਂ ਨਾਲੋਂ ਵੱਖਰੇ ਹੋਣਾ, ਕਿਸੇ ਨੂੰ ਪ੍ਰਭਾਵਿਤ ਨਹੀਂ ਕਰੇਗਾ; ਸੂਖਮ, ਨਿਆਰੇ ਅਤੇ ਸੋਹਜਾਤਮਕ ਢੰਗ ਨਾਲ ਵਿਲੱਖਣ ਹੋਣਾ, ਹਰ ਕਿਸੇ ਨੂੰ ਪ੍ਰਭਾਵਿਤ ਕਰੇਗਾ।

ਸੋਹਣੀ, ਸੁਤੰਤਰ ਇਸਤਰੀ, ਪੁਰਸ਼ ਲਈ ਇਕ ਚਣੌਤੀ ਹੁੰਦੀ ਹੈ।

ਜਿਹੜਾ ਬਹਾਦਰੀ, ਸਲੀਕੇ ਅਤੇ ਸਵੈ-ਵਿਸ਼ਵਾਸ ਨਾਲ ਆਪਾ ਪ੍ਰਗਟਾਏਗਾ, ਉਹ ਹਰ ਕਿਸੇ ਨੂੰ ਪ੍ਰਭਾਵਿਤ ਕਰੇਗਾ।

ਬੱਚਿਆਂ ਦੀਆਂ ਨਾ-ਸਮਝੀਆਂ, ਭੋਲਾਪਣ ਕਹਿਲਾਉਂਦੀਆਂ ਹਨ; ਬਾਲਗਾਂ ਦੀਆਂ ਨਾ-ਸਮਝੀਆਂ, ਮੂਰਖਤਾ ਅਖਵਾਉਂਦੀਆਂ ਹਨ।

ਕਈ ਵਾਰੀ ਯਥਾਰਥ ਹੀ, ਜ਼ਿੰਦਗੀ ਦਾ ਸਭ ਤੋਂ ਹੁਸੀਨ ਸੁਪਨਾ ਬਣ ਜਾਂਦਾ ਹੈ।

ਸੁਰੱਖਿਆ ਦਾ ਭਾਵ ਹੈ ਕਿ ਅਸੀਂ ਗਲਤੀਆਂ ਕਰਨ ਦੇ ਬਾਵਜੂਦ ਪ੍ਰਵਾਨ ਹੋਵਾਂਗੇ।

ਖਾਂਦਿਆਂ, ਜੇ ਸਾਰੇ ਇਕ-ਦੂਜੇ ਵੱਲ ਵੇਖਣ ਤਾਂ ਇਹ ਸਬੂਤ ਹੈ ਕਿ ਖਾਣਾ ਸਵਾਦ ਹੈ; ਜੇ ਸਾਰੇ ਹੋਰ-ਹੋਰ ਪਾਸੇ ਵੇਖਣ ਤਾਂ ਉਹ ਖਾਣਾ ਵਿਚੇ ਛੱਡ ਕੇ ਉੱਠਣ ਬਾਰੇ ਸੋਚ ਰਹੇ ਹੁੰਦੇ ਹਨ; ਜੇ ਸਾਰੇ ਸਿਰ ਨੀਵਾਂ ਕਰਕੇ ਖਾ ਰਹੇ ਹੋਣ ਤਾਂ ਖਾਣਾ ਭਾਵੇਂ ਸਵਾਦ ਹੋਵੇ, ਪਰ ਸਭ ਕੁਝ ਠੀਕ ਨਹੀਂ ਹੁੰਦਾ।

ਪਿਆਰ ਦੀ ਸ਼ਿੱਦਤ ਦਾ ਦੌਰ ਉਹ ਸਮਾਂ ਹੁੰਦਾ ਹੈ, ਜਦੋਂ ਨਾ ਸਾਡਾ ਦਿਲ ਸਮਝਦਾ ਹੈ, ਨਾ ਸਾਡਾ ਦਿਮਾਗ ਮੰਨਦਾ ਹੈ, ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਸਾਡੇ ਨਾਲ ਕੀ ਵਾਪਰ ਰਿਹਾ ਹੈ।

ਪ੍ਰਸੰਨ ਦੁਕਾਨਦਾਰ, ਸੰਤੁਸ਼ਟ ਗਾਹਕ ਉਪਜਾਉਂਦੇ ਹਨ।

ਅਸੀਂ ਹੋਰਾਂ ਦਾ ਗਿਆਨ ਪਰਖਦੇ ਹਾਂ, ਲੋੜ ਸਿਆਣਪ ਪਰਖਣ ਦੀ ਵੀ ਹੁੰਦੀ ਹੈ; ਗਿਆਨ ਵਿਚ ਅਕਸਰ ਪੁਰਸ਼ ਅੱਵਲ ਆਉਂਦੇ ਹਨ, ਸਿਆਣਪ ਵਿਚ ਵਧੇਰੇ ਇਸਤਰੀਆਂ ਅੱਵਲ ਆਉਂਦੀਆਂ ਹਨ।

ਇਕੱਲਾ ਬੰਦਾ ਚੰਗਾ ਹੀ ਹੁੰਦਾ ਹੈ; ਭੈੜਾ ਉਹ ਹੋਰਾਂ ਨਾਲ ਰਲ ਕੇ ਹੀ ਬਣਦਾ ਹੈ।

ਜੰਗ ਦੇ ਮੈਦਾਨ ਵਿਚੋਂ ਵਾਪਸੀ 'ਤੇ, ਜਿਹੜਾ ਸਵਾਗਤ, ਲੋਕ ਜਰਨੈਲਾਂ ਦਾ ਕਰਦੇ ਹਨ, ਉਹ ਬਾਦਸ਼ਾਹਾਂ ਨੂੰ ਵੀ ਨਸੀਬ ਨਹੀਂ ਹੁੰਦਾ, ਕਿਉਂਕਿ ਜਰਨੈਲ, ਤੋਪਾਂ ਅਤੇ ਮਿਜ਼ਾਈਲਾਂ ਦਾ ਸਾਹਮਣਾ ਕਰਕੇ ਮੁੜੇ ਹੁੰਦੇ ਹਨ।

ਹਮਦਰਦੀ ਨਾਲ ਜਦੋਂ ਲੋਕਾਂ ਦੀਆਂ ਅੱਖਾਂ ਨਮ ਹੋ ਜਾਣ ਤਾਂ ਉਹ ਤੁਹਾਡੀ ਗਲਤੀ ਨੂੰ, ਗਲਤੀ ਨਹੀਂ ਸਮਝਣਗੇ।

ਜਿਹੜੀ ਵੇਸਵਾ, ਆਪਣੇ ਆਪ ਨੂੰ ਵੇਸਵਾ ਦੱਸ ਕੇ, ਵੇਸਵਾ ਵਾਂਗ ਵਿਹਾਰ ਕਰੇਗੀ, ਉਹ ਦਲੇਰ ਅਤੇ ਸ਼ਕਤੀਸ਼ਾਲੀ ਵੇਸਵਾ ਵਜੋਂ ਪ੍ਰਸਿੱਧੀ ਕਮਾਏਗੀ।

ਮਹਿੰਗੀਆਂ ਚੀਜ਼ਾਂ ਨਾਲ ਵਿਗਾੜੇ ਗਏ ਬੱਚੇ, ਮੁਸੀਬਤਾਂ ਬਣ ਜਾਂਦੇ ਹਨ।

ਸੁਤੰਤਰ ਬਿਰਤੀ ਵਾਲੇ ਪੁਰਸ਼ ਖਤਰੇ ਮੁੱਲ ਲੈਂਦੇ ਹਨ, ਹਿੰਮਤ ਵਿਖਾਉਂਦੇ ਹਨ, ਅੱਗੇ ਰਹਿੰਦੇ ਹਨ, ਪਹਿਲ ਕਰਦੇ ਹਨ ਅਤੇ ਇਨ੍ਹਾਂ ਕਾਰਨਾਂ ਕਰਕੇ, ਇਹ ਪੁਰਸ਼ ਇਸਤਰੀਆਂ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ।

ਜਦੋਂ ਪੁਰਸ਼ ਪੂਰੀ ਤਾਕਤ ਨਾਲ ਪਿੱਛਾ ਕਰੇ ਅਤੇ ਫਿਰ ਵੀ ਇਸਤਰੀ ਅਪਹੁੰਚ ਬਣੀ ਰਹੇ ਤਾਂ ਇਹ, ਇਸਤਰੀ ਦੇ ਸ਼ਕਤੀਸ਼ਾਲੀ ਹੋਣ ਦਾ ਪ੍ਰਮਾਣ ਹੁੰਦਾ ਹੈ।

ਮਨੁੱਖ ਆਪਣੀ ਮਨਚਾਹੀ ਇੱਛਾ ਨੂੰ ਸਮੁੱਚ ਵਿਚ ਪੂਰੀ ਕਰਨੀ ਚਾਹੁੰਦਾ ਹੈ; ਆਂਸ਼ਿਕ ਪੂਰਤੀ ਉਸ ਨੂੰ ਸੰਤੁਸ਼ਟ ਨਹੀਂ ਕਰਦੀ, ਸਗੋਂ ਉਸ ਦੀ ਇੱਛਾ ਨੂੰ ਵਧਾਉਂਦੀ ਹੈ।

ਉਡੀਕ ਕੋਈ ਵੀ ਹੋਵੇ, ਉਡੀਕਵਾਨ ਦੀ ਹਾਲਤ ਤਰਸਯੋਗ ਹੁੰਦੀ ਹੈ।

ਪਿਆਰ ਵਿਚ ਲਗਾਮਾਂ ਪ੍ਰੇਮਿਕਾ ਦੇ ਹੱਥ ਵਿਚ ਹੁੰਦੀਆਂ ਹਨ, ਪ੍ਰੇਮੀ ਉਸ ਦਾ ਚਲਾਇਆ ਚੱਲਦਾ ਹੈ।

ਸਲੀਕੇ ਵਾਲੇ ਇਸਤਰੀਆਂ-ਪੁਰਸ਼, ਹੌਲੀ-ਹੌਲੀ ਬੁੱਢੇ ਹੁੰਦੇ ਹਨ ਅਤੇ ਬੁੱਢੇ ਹੋ ਕੇ ਵੀ ਪਿਆਰੇ ਬਜ਼ੁਰਗ ਲੱਗਦੇ ਹਨ।

ਬੱਚੇ, ਨਵੇਂ ਅਨੁਭਵਾਂ ਦੇ ਮਤਵਾਲੇ ਹੁੰਦੇ ਹਨ, ਇਸੇ ਲਈ ਇਹ ਸੁਰੱਖਿਆ ਦੀ ਉਲੰਘਣਾ ਕਰਦੇ ਰਹਿੰਦੇ ਹਨ।

ਬੱਚੇ, ਮਾਪਿਆਂ ਦੇ ਬੱਚੇ ਹੀ ਨਹੀਂ ਹੁੰਦੇ, ਇਹ ਕੁਦਰਤ ਦੀ ਸੰਤਾਨ ਵੀ ਹੁੰਦੇ ਹਨ।

ਯੁੱਧ ਲੜਨਾ ਜਰਨੈਲਾਂ ਦਾ ਕਰਤੱਵ ਹੁੰਦਾ ਹੈ, ਸਮਝੌਤਾ ਕਰਨਾ ਰਾਜਨੀਤੀਵਾਨਾਂ ਦਾ ਕੰਮ ਹੁੰਦਾ ਹੈ।

ਜਿਸ ਦਾ ਵਿਆਹ ਹੋ ਕੇ, ਤਲਾਕ ਵੀ ਹੋ ਜਾਵੇ, ਉਸ ਨੂੰ ਲੋਕ-ਪ੍ਰਲੋਕ ਦੋਹਾਂ ਦਾ ਗਿਆਨ ਹੋ ਜਾਂਦਾ ਹੈ।

ਜਿਹੜੀ ਸੋਹਣੀ ਇਸਤਰੀ ਵਿਆਹ ਕਰਨ ਤੋਂ ਇਨਕਾਰ ਕਰੇ, ਉਸ ਨੂੰ ਵਧੇਰੇ ਰਿਸ਼ਤੇ ਆਉਂਦੇ ਹਨ।

ਖੇਡ ਰਾਹੀਂ ਬੱਚੇ, ਆਪਣਾ ਇਕ ਛੋਟਾ ਜਿਹਾ ਸੰਸਾਰ ਸਿਰਜਦੇ ਹਨ, ਉਹ ਇਸ ਆਪਣੇ ਸਿਰਜੇ ਸੰਸਾਰ ਨੂੰ, ਅਸਲੀ ਸੰਸਾਰ ਸਮਝਦੇ ਹਨ।

ਇਸਤਰੀ ਆਪਣੀ ਸੁੰਦਰਤਾ ਦੇ ਹੋਏ ਅਪਮਾਨ ਦਾ, ਬਦਲਾ ਜ਼ਰੂਰ ਲੈਂਦੀ ਹੈ।

ਜੇ ਪੈਸਾ ਸੰਭਾਲਣ ਦੀ ਯੋਗਤਾ ਨਾ ਹੋਵੇ ਤਾਂ ਆਮਦਨ ਭਾਵੇਂ ਕਿਤਨੀ ਹੋਵੇ, ਬੱਚਤ ਨਹੀਂ ਹੋਵੇਗੀ, ਪੈਸਾ ਕੋਲ ਨਹੀਂ ਰਹੇਗਾ।

ਸੋਹਣੀ ਇਸਤਰੀ, ਗੱਲਬਾਤ ਲਈ ਦਿਲਚਸਪ ਵਿਅਕਤੀਆਂ ਨੂੰ ਲੱਭਦੀ ਹੈ, ਅਕਾਉਣ ਵਾਲੀ ਗੱਲਬਾਤ ਲਈ, ਉਸ ਦਾ ਪਤੀ ਹੀ ਕਾਫ਼ੀ ਹੁੰਦਾ ਹੈ।

ਮਨਮੋਹਕ ਸ਼ਖ਼ਸੀਅਤ ਉਹ ਹੁੰਦੀ ਹੈ, ਜਿਸ ਨੂੰ ਵੇਖਣ ਵੇਲੇ ਸਾਰਿਆਂ ਦੀਆਂ ਗਰਦਨਾਂ ਉਧਰ ਘੁੰਮ ਕੇ ਉੱਚੀਆਂ ਹੋ ਜਾਣ।

ਜਦੋਂ ਕਿਸੇ ਦੀ ਪਤਨੀ, ਕਿਸੇ ਕਾਰਨ ਬੇਢੰਗੀ ਹੋ ਜਾਵੇ ਤਾਂ ਉਸ ਦਾ ਪਤੀ ਹੋਰ ਇਸਤਰੀਆਂ ਨੂੰ ਫਰੋਲਣ ਲੱਗ ਪੈਂਦਾ ਹੈ; ਜੇ ਕਿਸੇ ਕਾਰਨ ਪਤੀ ਬੇਢੰਗਾ ਹੋ ਜਾਵੇ ਤਾਂ ਪਤਨੀ, ਪਤਨੀ ਹੋਣ ਦਾ ਕਰਤੱਵ ਤਾਂ ਪਾਲਦੀ ਹੈ, ਪਰ ਉਹ ਹੋਰਾਂ ਨੂੰ ਮਿਲਣ ਦਾ ਸ਼ੌਕ ਵੀ ਪਾਲਣ ਲੱਗ ਪੈਂਦੀ ਹੈ।

ਜਿਹੜੀ ਇਸਤਰੀ ਮੌਜ-ਮੇਲੇ ਦੀ ਆਦੀ ਹੋ ਜਾਵੇ, ਉਹ ਇਕ ਪੁਰਸ਼ ਦੇ ਪੈਸੇ, ਆਪਣੀ ਪਸੰਦ ਦੇ ਕਿਸੇ ਹੋਰ ਪੁਰਸ਼ 'ਤੇ ਖਰਚਣ ਲੱਗ ਪੈਂਦੀ ਹੈ।

ਜੇ ਸਭ ਕੁਝ ਹੋਣ ਦੇ ਬਾਵਜੂਦ, ਅਸੀਂ ਬਜ਼ਾਰ ਜਾਂਦੇ ਹਾਂ ਤਾਂ ਕਾਰਨ ਇਹ ਹੁੰਦਾ ਹੈ ਕਿ ਆਨੰਦ ਪੈਸੇ ਖਰਚਣ ਵਿਚੋਂ ਮਿਲਦਾ ਹੈ, ਚੀਜ਼ਾਂ ਖਰੀਦਣ ਵਿਚੋਂ ਨਹੀਂ।

ਬਦਲਾ ਲੈਣ ਵਿਚ ਪੁਰਸ਼ ਵਧੇਰੇ ਜ਼ਾਲਮ ਅਤੇ ਇਸਤਰੀ ਵਧੇਰੇ ਜ਼ਿੱਦੀ ਹੁੰਦੀ ਹੈ।

ਦਿਲਚਸਪ ਇਸਤਰੀ ਉਹ ਹੁੰਦੀ ਹੈ, ਜਿਹੜੀ ਨਾ ਹਾਂ ਕਹੇ, ਨਾ ਨਾਂਹ ਕਹੇ, ਪਰ ਬਾਕੀ ਸਭ ਕੁਝ ਕਹਿ ਦੇਵੇ।

ਖਾਨਦਾਨੀ ਪਰਿਵਾਰਾਂ ਦੀਆਂ ਮਾਂਵਾਂ, ਧੀਆਂ ਨੂੰ ਸਿਖਾਉਂਦੀਆਂ ਸਨ ਕਿ ਭਾਵੇਂ ਤੁਹਾਨੂੰ ਹਰ ਕੋਈ ਜਾਣਦਾ ਹੋਵੇ, ਪਰ ਤੁਹਾਡੀ ਤਾਕਤ ਇਸ ਗੱਲ ਵਿਚ ਹੋਵੇਗੀ ਕਿ ਤੁਸੀਂ ਕਿਸੇ ਨੂੰ ਜਾਣਦੇ ਹੋਣ ਦਾ ਪ੍ਰਭਾਵ ਨਹੀਂ ਦੇਣਾ।

ਕਿਸੇ ਵੱਲੋਂ ਬਹੁਤ ਅਧਿਕ ਧਿਆਨ ਦਿੱਤੇ ਜਾਣਾ, ਕੁਝ ਚਿਰ ਮਗਰੋਂ ਗਲ-ਘੋਟੂ ਬਣ ਜਾਂਦਾ ਹੈ।

ਸਿਆਣੀ ਇਸਤਰੀ ਇਤਨਾ ਕੁ ਫ਼ਾਸਲਾ ਜ਼ਰੂਰ ਰੱਖਦੀ ਹੈ, ਜਿਹੜਾ ਉਹ ਚਾਹੁੰਦੀ ਹੈ ਕਿ ਉਸ ਤਕ ਪਹੁੰਚਣ ਲਈ, ਪੁਰਸ਼ ਜ਼ਰੂਰ ਤਹਿ ਕਰੇ।

ਵੱਡੇ ਕਵੀਆਂ ਦੀ ਸ਼ਖ਼ਸੀਅਤ ਕਾਵਿ-ਮਈ ਹੁੰਦੀ ਹੈ, ਉਹ ਜਿਥੇ ਖਲੋਂਦੇ ਹਨ, ਆਲਾ-ਦੁਆਲਾ ਦਾਦ ਦੇਣ ਲੱਗ ਪੈਂਦਾ ਹੈ।

ਚੰਚਲ ਧੀ ਅਤੇ ਸੰਤ ਪੁੱਤਰ, ਸਭ ਥਾਂ ਪ੍ਰਵਾਨ ਚੜ੍ਹਦੇ ਹਨ।

ਜਿਸ ਇਸਤਰੀ ਨੂੰ ਝਲਕ ਵਿਖਾਉਣੀ ਆਉਂਦੀ ਹੈ, ਉਸ ਵਿਚ ਪੁਰਸ਼ਾਂ ਨੂੰ ਭਰਮਾਉਣ ਵਾਲੇ ਸਾਰੇ ਗੁਣ ਹੁੰਦੇ ਹਨ।

ਕਿਸੇ ਦੀ ਜ਼ਿੰਦਗੀ ਵਿਚ ਸਭ ਤੋਂ ਨਾਜ਼ਕ ਦਿਨ, ਵਿਆਹ ਲਈ ਰਿਸ਼ਤੇ ਦੀ ਹਾਂ-ਨਾਂਹ ਵਾਲਾ ਦਿਹਾੜਾ ਹੁੰਦਾ ਹੈ।

ਸ਼ਾਹੀ ਘਰਾਣਿਆਂ ਵਿਚ ਰਾਜਕੁਮਾਰੀਆਂ ਨੂੰ ਸਿਖਾਇਆ ਜਾਂਦਾ ਸੀ ਕਿ ਨਾ ਕਿਸੇ ਦੇ ਨੇੜੇ ਜਾਣਾ ਹੈ, ਨਾ ਕਿਸੇ ਨੂੰ ਨੇੜੇ ਆਉਣ ਦੇਣਾ ਹੈ, ਫ਼ਾਸਲੇ ਨਾਲ ਆਪਣਾ ਪ੍ਰਭਾਵ ਪਾਉਣਾ ਹੈ।

ਸ਼ਕਤੀਸ਼ਾਲੀ ਪੁਰਸ਼, ਉਸੇ ਇਸਤਰੀ ਦੇ ਸਾਥ ਲਈ ਤਾਂਘਦੇ ਹਨ, ਜਿਸ ਦੀ ਸ਼ਖ਼ਸੀਅਤ ਹੋਵੇ, ਜਿਸ ਦੀ ਬੇਨਤੀ ਹੁਕਮ ਵਾਂਗ ਮੰਨੀ ਜਾਵੇ, ਜਿਹੜੀ ਤਾਜ ਤੋਂ ਬਿਨਾਂ ਹੀ ਮਹਾਰਾਣੀ ਲੱਗੇ।

ਸੋਹਣੀ ਇਸਤਰੀ ਨਾਲ ਜਾਣ-ਪਛਾਣ ਨਾਲ ਹੀ, ਪੁਰਸ਼ ਨੂੰ ਆਪਣਾ ਜੀਵਨ ਸੌਖਾ ਹੋ ਗਿਆ ਪ੍ਰਤੀਤ ਹੁੰਦਾ ਹੈ।

ਜੇ ਮਾਪੇ ਹਰ ਵੇਲੇ ਆਪਸ ਵਿਚ ਬਹਿਸ ਕਰਨ ਵਾਲੇ ਹੋਣਗੇ ਤਾਂ ਧੀਆਂ ਝਗੜਾਲੂ ਹੋਣਗੀਆਂ ਅਤੇ ਪੁੱਤਰ ਸਿਰ ਪਾੜਨ ਵਾਲੇ ਹੋਣਗੇ।

ਜਦੋਂ ਚਿੜ੍ਹ, ਪਿਆਰ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੋ ਜਾਵੇ ਤਾਂ ਨਤੀਜਾ ਤਲਾਕ ਦਾ ਮੁਕੱਦਮਾ ਹੁੰਦਾ ਹੈ।

ਰਾਜਨੀਤੀ ਵਿਚ ਕੁਝ ਮਹੱਤਵਪੂਰਨ ਅਤੇ ਮੁੱਲਵਾਨ ਕਰਨ ਲਈ ਵਕਤ ਧਿਆਨ ਨਾਲ ਚੁਣਿਆ ਜਾਂਦਾ ਹੈ।

ਤੰਗ-ਪਰੇਸ਼ਾਨ ਕਰਨ ਵਾਲੇ ਲੋਕ ਹਰੇਕ ਥਾਂ, ਹਮੇਸ਼ਾਂ ਰਹਿਣਗੇ; ਇਨ੍ਹਾਂ ਨਾਲ ਕਮਜ਼ੋਰ ਜਾਂ ਤਾਕਤਵਰ ਬਣ ਕੇ, ਪੇਸ਼ ਨਹੀਂ ਆਇਆ ਜਾ ਸਕਦਾ; ਇਨ੍ਹਾਂ ਨੂੰ ਅਕਲ, ਲਾਲਚ, ਪ੍ਰਸੰਸਾ ਅਤੇ ਮਿਹਰਬਾਨੀ ਨਾਲ ਮਾਰੋ।

ਜਿਹੜੇ ਹੋਰਾਂ ਵਿਚ ਦਿਲਚਸਪੀ ਲੈਂਦੇ ਹਨ ਅਤੇ ਆਪਣੀਆਂ ਗੱਲਾਂ ਨਹੀਂ ਕਰਦੇ, ਉਨ੍ਹਾਂ ਦੇ ਦੋਸ਼ ਲੁਕੇ ਰਹਿੰਦੇ ਹਨ।

ਸੁੰਦਰਤਾ ਉਹ ਹੁੰਦੀ ਹੈ, ਜਿਹੜੀ ਬੁਢਾਪੇ ਵਿਚ ਕਿਸੇ ਦੀ ਜਵਾਨੀ ਮੋੜ ਲਿਆਵੇ।

ਜਿਸ ਸੁੰਦਰਤਾ ਵਿਚ ਸਮਾਜਿਕ ਸਲੀਕਾ ਨਾ ਹੋਵੇ, ਉਹ ਸੁੰਦਰਤਾ ਅਕਾਉਂਦੀ ਹੈ।

ਵੱਡੇ ਆਗੂ ਅਤੇ ਯੁੱਗ-ਪੁਰਸ਼ ਉਹ ਭਵਿੱਖਬਾਣੀਆਂ ਕਰਦੇ ਹਨ, ਜਿਹੜੀਆਂ ਲੋਕ ਸੁਣਨੀਆਂ ਚਾਹੁੰਦੇ ਹਨ; ਲੋਕ ਆਪਣੀ ਹਿੰਮਤ ਨਾਲ, ਉਨ੍ਹਾਂ ਦੀਆਂ ਭਵਿੱਖ-ਬਾਣੀਆਂ ਨੂੰ, ਸੱਚੀਆਂ ਕਰ ਵਿਖਾਉਂਦੇ ਹਨ।

ਸਭ ਤੋਂ ਤੇਜ਼ ਅਤੇ ਸੌਖਾ ਪ੍ਰਭਾਵ, ਸ਼ਬਦਾਂ ਰਾਹੀਂ ਪਾਇਆ ਜਾ ਸਕਦਾ ਹੈ ਅਤੇ ਪਾਇਆ ਜਾਂਦਾ ਹੈ।

ਪੁਰਸ਼ ਦੇ ਜੀਵਨ ਵਿਚ ਇਕ ਸਮਾਂ ਆਉਂਦਾ ਹੈ, ਜਦੋਂ ਉਹ ਅਜੇ ਮਰਦ ਬਣਿਆ ਨਹੀਂ ਹੁੰਦਾ ਅਤੇ ਮੁੰਡਾ ਰਿਹਾ ਨਹੀਂ ਹੁੰਦਾ; ਇਸ ਉਮਰ ਵਿਚ ਉਹ ਸਿਆਣਾ ਬਣਨ ਦੇ ਯਤਨ ਵਿਚ, ਵੰਨ-ਸੁਵੰਨੀਆਂ ਮੂਰਖਤਾਵਾਂ ਕਰਦਾ ਹੈ।

ਸੁੰਦਰ ਇਸਤਰੀ ਉਹ ਹੁੰਦੀ ਹੈ, ਜਿਹੜੀ ਹੋਰਾਂ ਨੂੰ ਪੁੱਛੇ ਕੁਝ ਨਾ, ਪਰ ਜਵਾਬ ਸਾਰੇ 'ਹਾਂ ਜੀ' ਵਿਚ ਦੇਣ।

ਮਨਮੋਹਕ ਸ਼ਖ਼ਸੀਅਤ ਨਾਲ, ਪਹਿਲੀ ਮਿਲਣੀ ਵਿਚ ਹੀ, ਅਸੀਂ ਮਹਿਸੂਸ ਕਰਦੇ ਹਾਂ ਕਿ ਉਹ ਮਿਲ ਗਿਆ ਹੈ, ਜਿਸ ਦੀ ਚਿਰਾਂ ਤੋਂ ਤਲਾਸ਼ ਸੀ।

ਜਿਹੜੇ ਖ਼ੁਸ਼ਹਾਲੀ ਦਾ ਸੁਪਨਾ ਉਸਾਰ ਸਕਦੇ ਹਨ, ਉਹ ਸੁਭਾਵਕ ਹੀ ਹਰਮਨ ਪਿਆਰੇ ਆਗੂ ਬਣ ਜਾਂਦੇ ਹਨ।

ਅਸੀਂ ਸਮਝਦੇ ਹਾਂ ਕਿ ਦੂਜੇ ਸਾਡੇ ਨਾਲੋਂ ਵਧੇਰੇ ਅਮੀਰ ਅਤੇ ਪ੍ਰਸੰਨ ਹਨ, ਪਰ ਅਸੀਂ ਭੁੱਲ ਜਾਂਦੇ ਹਾਂ ਕਿ ਹਜ਼ਾਰਾਂ-ਲੱਖਾਂ ਲਈ ਅਸੀਂ ਵੀ ਦੂਜੇ ਹੀ ਹਾਂ।

ਕਈ ਆਪਣਾ ਪ੍ਰਭਾਵ ਗੈਰਹਾਜ਼ਰ ਹੋ ਕੇ ਪਾਉਣਾ ਚਾਹੁੰਦੇ ਹਨ ਅਤੇ ਕਈਆਂ ਦਾ ਪੈਂਦਾ ਵੀ ਹੈ।

ਸ਼ਰਮਾਉਣਾ ਇਸਤਰੀ ਦਾ ਖੇਤਰ ਹੈ; ਬਹੁਤ ਸ਼ਰਮਾਉਣ ਵਾਲੇ ਪੁਰਸ਼ਾਂ ਨੂੰ ਇਸਤਰੀਆਂ ਪਸੰਦ ਨਹੀਂ ਕਰਦੀਆਂ।

ਉਹ ਗੱਲਾਂ ਕਹੋ, ਜਿਨ੍ਹਾਂ ਨੂੰ ਲੋਕ ਦੁਹਰਾਉਣ।

ਲੋਕ, ਇਕ-ਦੂਜੇ ਤੋਂ ਵਿਜੋਗੇ ਹੋਏ ਹਨ, ਜਿਸ ਕਾਰਨ ਉਹ ਮੇਲ-ਮਿਲਾਪ ਵਾਲੇ ਸਮਾਗਮਾਂ ਲਈ ਤਾਂਘਦੇ ਹਨ।

ਖ਼ਤਰੇ ਅਤੇ ਸੰਕਟ, ਬਹਾਦਰਾਂ ਲਈ, ਕਰਤੱਵ ਵਿਖਾਉਣ ਦਾ ਅਵਸਰ ਹੁੰਦੇ ਹਨ।

ਸਮਾਗਮ ਵਿਚ ਭਾਗ ਲੈਣ ਕੋਈ-ਕੋਈ ਜਾਂਦਾ ਹੈ; ਬਹੁਤੇ ਹੋਰਾਂ ਨੂੰ ਦਿਸਣ-ਵੇਖਣ ਲਈ ਹੀ ਜਾਂਦੇ ਹਨ।

ਕਈਆਂ ਦੀ ਨਜ਼ਰ ਇਤਨੀ ਡੂੰਘੀ ਹੁੰਦੀ ਹੈ ਕਿ ਇਹ ਜਿਸ ਨੂੰ ਵੇਖਦੀ ਹੈ, ਉਸ ਨੂੰ ਲੱਗਦਾ ਹੈ ਕਿ ਇਸ ਨੇ ਮੇਰੀ ਅਸਲੀਅਤ ਜਾਣ ਲਈ ਹੈ।

ਜਿਹੜਾ ਲੇਖਕ ਸਾਡੇ ਵਿਚਾਰਾਂ ਵਿਚ ਨੂਰ ਅਤੇ ਗੂੰਜ ਭਰ ਦੇਵੇ, ਉਹ ਸਾਡਾ ਪਿਆਰਾ ਲੇਖਕ ਬਣ ਜਾਂਦਾ ਹੈ।

ਸੰਕਟ ਵਿਚ ਜਦੋਂ ਕੋਈ ਸਵੈ-ਵਿਸ਼ਵਾਸ ਦਾ ਪ੍ਰਮਾਣ ਦਿੰਦਾ ਹੈ ਤਾਂ ਵੇਖਣ ਵਾਲੇ ਸਮਝਦੇ ਹਨ ਕਿ ਇਹ ਉਸ ਦੇ ਗਿਆਨ ਦੀ ਤਾਕਤ ਦਾ ਪ੍ਰਗਟਾਵਾ ਹੈ।

ਜਿਨ੍ਹਾਂ ਬਹਾਦਰਾਂ ਦੇ ਸੁਪਨੇ ਯਥਾਰਥ ਤੋਂ ਦੂਰ ਹੁੰਦੇ ਹਨ, ਉਹ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਥਾਰਥ ਨੂੰ ਬਦਲ ਦਿੰਦੇ ਹਨ।

ਕਿਸੇ ਦੀ ਸ਼ਕਲ-ਸੂਰਤ ਅਤੇ ਕੱਦ-ਕਾਠ ਥੋੜ੍ਹੇ ਚਿਰ ਲਈ ਪ੍ਰਭਾਵਿਤ ਕਰਨ ਵਾਲੇ ਪੱਖ ਹੁੰਦੇ ਹਨ, ਇਸ ਉਪਰੰਤ ਗੱਲ ਉਸ ਦੀ ਯੋਗਤਾ, ਆਦਰਸ਼ਾਂ ਅਤੇ ਕਾਰਜਾਂ ਦੀ ਹੀ ਕੀਤੀ ਜਾਂਦੀ ਹੈ।

ਪਿਆਰ ਅਤੇ ਉਪਕਾਰ ਭਰੇ ਸ਼ਬਦ ਜਦੋਂ ਪਵਿੱਤਰਤਾ ਵਿਚ ਰੰਗੇ ਜਾਂਦੇ ਹਨ, ਤਾਂ ਉਹ ਬਾਣੀ ਅਖਵਾਉਂਦੇ ਹਨ।

ਕੋਈ ਵੀ ਅਨੁਭਵ, ਜਿਹੜਾ ਸਾਡਾ ਕਾਇਆ-ਕਲਪ ਕਰਦਾ ਹੈ, ਉਹ ਸਾਡੇ ਚੇਤਿਆਂ ਵਿਚ ਪੀੜ੍ਹਾ ਡਾਹ ਕੇ ਬਹਿ ਜਾਂਦਾ ਹੈ।

ਇਕ ਸਧਾਰਨ ਨੈਣ-ਨਕਸ਼ਾਂ, ਪਰ ਸਪਸ਼ਟ, ਸ਼ਕਤੀਸ਼ਾਲੀ ਅਤੇ ਦਲੇਰ ਸੋਚ ਵਾਲਾ ਵਿਅਕਤੀ, ਵਧੇਰੇ ਹਰਮਨ ਪਿਆਰਾ ਹੁੰਦਾ ਹੈ।

ਸ਼ਰਧਾਂਜਲੀਆਂ ਰਾਹੀਂ ਸੈਂਕੜਿਆਂ ਨੂੰ ਮਹਾਨ ਸਿੱਧ ਕੀਤਾ ਗਿਆ ਹੈ, ਪਰ ਅਜੇ ਤਕ ਸ਼ਰਧਾਂਜਲੀਆਂ ਦਾ ਕੋਈ ਸੰਗ੍ਰਹਿ ਨਹੀਂ ਛਪਿਆ।

ਸਭ ਤੋਂ ਸ਼ਕਤੀਸ਼ਾਲੀ ਇਨਕਲਾਬੀ ਭਾਵਨਾ, ਜ਼ੁਲਮ ਦਾ ਵਿਰੋਧ ਕਰਦਿਆਂ ਪ੍ਰਗਟਾਈ ਜਾਂਦੀ ਹੈ; ਇਹ ਪ੍ਰਗਟਾਉਂਦਿਆਂ ਮਰੀਜ਼ ਵੀ ਜੋਧੇ ਲੱਗਦੇ ਹਨ।

ਮਹਾਨ ਉਹ ਹੁੰਦੇ ਹਨ; ਜਿਨ੍ਹਾਂ ਦੇ ਤੱਤੀ-ਤਵੀਂ 'ਤੇ ਬੈਠਿਆਂ ਦੇ ਦੁਖਾਂ-ਦਰਦਾਂ ਦੀਆਂ ਵੀ ਪ੍ਰਸੰਸਾਮਈ ਢੰਗ ਨਾਲ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ।

ਜਿਹੜਾ ਆਪਣੇ ਸ਼ਬਦਾਂ ਦੇ ਦਰਦ ਨਾਲ ਸਾਨੂੰ ਰੁਆ ਦੇਵੇ, ਉਹ ਹਸਾਉਣ ਵਾਲੇ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ।

ਲੋਕਾਂ ਦੀਆਂ ਦਬੀਆਂ-ਘੁਟੀਆਂ ਖ਼ਾਹਿਸ਼ਾਂ ਦੀ ਪੂਰਤੀ ਦੀਆਂ ਸੰਭਾਵਨਾਵਾਂ ਉਜਾਗਰ ਕਰੋ; ਤੁਹਾਨੂੰ ਨਾ ਜਾਣਨ ਵਾਲੇ ਵੀ ਤੁਹਾਡੇ ਸ਼ਰਧਾਲੂ ਹੋ ਨਿਬੜਨਗੇ।

ਪਿਆਰ ਦੌਰਾਨ ਸਾਨੂੰ ਵਧੇਰੇ ਜਿਉਂਦੇ ਹੋਣ ਦਾ ਅਹਿਸਾਸ ਇਸ ਲਈ ਹੁੰਦਾ ਹੈ, ਕਿਉਂਕਿ ਸਾਡੀਆਂ ਭਾਵਨਾਵਾਂ ਖੁੱਲ੍ਹ ਮਾਣਦੀਆਂ ਹਨ, ਹਿੰਮਤਾਂ ਜਾਗ ਪੈਂਦੀਆਂ ਹਨ ਅਤੇ ਹਕੂਮਤ ਦਿਲ ਦੀ ਹੋ ਜਾਂਦੀ ਹੈ।

ਲੋਕਾਂ ਦੀ ਕਿਸੇ ਕੈਦ ਨੂੰ ਤੋੜੋ, ਉਹ ਤੁਹਾਨੂੰ ਮੁਕਤੀਦਾਤਾ ਕਹਿਣਗੇ; ਉਨ੍ਹਾਂ ਨੂੰ ਕੁਝ ਉੱਚਾ-ਸੁੱਚਾ ਕਰਨ ਦੇ ਯੋਗ ਬਣਾਓ, ਉਹ ਆਪਣੀ ਸਫ਼ਲਤਾ ਦਾ ਸਿਹਰਾ ਤੁਹਾਡੇ ਸਿਰ ਬੰਨ੍ਹਣਗੇ।

ਜੇ ਤੁਸੀਂ ਉਹ ਪ੍ਰਗਟਾਓਗੇ, ਜੋ ਦੂਜੇ ਪ੍ਰਗਟਾਉਣਾ ਚਾਹੁੰਦੇ ਹਨ, ਪਰ ਪ੍ਰਗਟਾਉਣ ਤੋਂ ਝਿਜਕਦੇ ਹਨ, ਉਹ ਤੁਹਾਡੀ ਕਮਾਨ ਅਧੀਨ ਸੰਗਠਿਤ ਹੋ ਜਾਣਗੇ।

ਮਹਾਨ ਆਗੂ, ਲੋਕਾਂ ਦੇ ਸੁਪਨਿਆਂ ਨੂੰ ਯਥਾਰਥ ਬਣਾਉਣ ਲਈ, ਸੁਖੀ ਜੀਵਨ ਵਾਲੇ ਆਪਣੇ ਸੁਪਨੇ ਕੁਰਬਾਨ ਕਰ ਦਿੰਦੇ ਹਨ।

ਜਦੋਂ ਕੋਈ ਸਾਨੂੰ ਚੰਗਾ ਲੱਗਦਾ ਹੈ ਤਾਂ ਉਸ ਦੀ ਪ੍ਰਸੰਸਾ ਕਰਨ ਵਾਲੇ ਵੀ ਚੰਗੇ ਲੱਗਣ ਲੱਗ ਪੈਂਦੇ ਹਨ।

ਧਰਮ, ਮੌਤ ਦੇ ਮਸਲਿਆਂ ਨਾਲ ਸਬੰਧਤ ਹੁੰਦਾ ਹੈ; ਜ਼ਿੰਦਗੀ ਨਾਲ ਸਬੰਧਤ ਮਸਲੇ, ਪਿਆਰ ਦਾ ਖੇਤਰ ਹਨ।

ਭਾਵਨਾਵਾਂ ਅਤੇ ਅਹਿਸਾਸਾਂ ਦੇ ਗੁੰਨ੍ਹੇ ਹੋਏ ਸੰਘਣੇ ਰੂਪ ਨੂੰ, ਕਲਾ ਕਹਿੰਦੇ ਹਨ।

ਸਵੈ-ਵਿਸ਼ਵਾਸ ਹੈ ਤਾਂ ਹੈ, ਜੇ ਨਹੀਂ ਹੈ ਤਾਂ ਨਹੀਂ ਹੈ; ਸਵੈ-ਵਿਸ਼ਵਾਸ ਦਾ ਝੂਠਾ ਪ੍ਰਗਟਾਵਾ ਕਰਨਾ, ਸੰਭਵ ਨਹੀਂ ਹੁੰਦਾ।

ਜੇ ਬੋਲਣ ਵਾਲੇ ਦੇ ਸ਼ਬਦ ਪ੍ਰਭਾਵਸ਼ਾਲੀ, ਅਰਥਪੂਰਨ ਅਤੇ ਸਹੀ ਹੋਣ ਤਾਂ ਉਸ ਦੀ ਬੇਨਤੀ ਵੀ ਹੁਕਮ ਵਾਂਗ ਮੰਨੀ ਜਾਂਦੀ ਹੈ।

ਭੈੜੇ ਜਰਨੈਲ, ਦੇਸ਼ ਨੂੰ ਖ਼ਤਰਾ ਮੁੱਕਣ ਨਹੀਂ ਦਿੰਦੇ।

ਵਿਆਹ ਉਪਰੰਤ ਜਿਤਨਾ ਵਧੇਰੇ ਪਿਆਰ ਪ੍ਰਗਟਾਇਆ ਜਾਂਦਾ ਹੈ, ਤਲਾਕ ਦੇ ਝਗੜੇ ਵਿਚ ਉਤਨੀ ਹੀ ਵਧੇਰੇ ਮੇਚਵੀਂ ਨਫ਼ਰਤ ਪ੍ਰਗਟਾਈ ਜਾਂਦੀ ਹੈ।

ਬਹਾਦਰ ਹੋਣਾ ਹੋਰ ਗੱਲ ਹੈ, ਨਿਡਰ ਹੋਣਾ ਹੋਰ ਗੱਲ ਹੈ; ਬਹਾਦਰੀ ਕਦੀ-ਕਦਾਈਂ ਵਿਖਾਈ ਜਾਂਦੀ ਹੈ, ਨਿਡਰਤਾ ਹਰ ਕਾਰਜ ਵਿਚੋਂ ਝਲਕਦੀ ਹੈ।

ਬੁੱਢੇ, ਪਰੰਪਰਾਗਤ ਸਿਆਣਪ ਉਤੇ ਆਪਣਾ ਕਬਜ਼ਾ ਨਹੀਂ ਛੱਡ ਰਹੇ, ਜਦੋਂਕਿ ਦੁਨੀਆਂ ਨਵੇਂ ਗਿਆਨ ਨਾਲ, ਜਵਾਨ ਹੁੰਦੀ ਜਾ ਰਹੀ ਹੈ।

ਕੋਈ-ਕੋਈ ਇਸਤਰੀ ਤਾਂ ਸਾਡੀ ਕਲਪਨਾ ਨਾਲੋਂ ਵੀ ਸੋਹਣੀ ਹੁੰਦੀ ਹੈ।

ਅਸੀਂ ਮਾਣ-ਮੱਤੇ ਉਦੋਂ ਮਹਿਸੂਸ ਕਰਦੇ ਹਾਂ, ਜਦੋਂ ਅਸੀਂ ਆਪਣੀ ਸਥਿਤੀ ਕਿਸੇ ਚੀਜ਼ ਜਾਂ ਕਿਸੇ ਵਿਅਕਤੀ ਨਾਲ, ਕਿਸੇ ਵੀ ਕੀਮਤ 'ਤੇ, ਕਿਸੇ ਹੀ ਹਾਲਤ ਵਿਚ, ਵਟਾਉਣ ਲਈ ਤਿਆਰ ਨਹੀਂ ਹੁੰਦੇ।

ਸੁੰਦਰਤਾ ਨੂੰ ਹਰ ਕੋਈ ਆਪਣੀ ਕਲਪਨਾ ਅਨੁਸਾਰ ਵੇਖਦਾ ਹੈ, ਇਸੇ ਕਰਕੇ ਸੁੰਦਰਤਾ ਪ੍ਰਤੀ ਹਰੇਕ ਦਾ ਪ੍ਰਤੀਕਰਮ ਵੱਖਰਾ ਹੁੰਦਾ ਹੈ।

ਫ਼ਿਰਕਾਪ੍ਰਸਤ, ਧਰਮ ਅਤੇ ਦੇਸ਼ ਨੂੰ ਖ਼ਤਰੇ ਤੋਂ ਬਾਹਰ ਨਹੀਂ ਨਿਕਲਣ ਦਿੰਦੇ।

ਸ਼ਕਤੀਸ਼ਾਲੀ ਵਿਚਾਰ, ਗਲਤ ਬੰਦੇ ਨੂੰ ਆਪਣਾ ਰਸਤਾ ਸਿੱਧਾ ਕਰਨ ਲਈ ਰੋਕ ਲੈਂਦੇ ਹਨ ਅਤੇ ਰੁਕੇ ਹੋਏ ਨੂੰ ਚੱਲਣ ਲਈ ਸਹੀ ਰਸਤਾ ਵਿਖਾ ਦਿੰਦੇ ਹਨ।

ਨਸਲ, ਕੌਮ, ਜ਼ਾਤ, ਜਮਾਤ, ਸਿਧਾਂਤ ਆਦਿ ਦੇ ਅਧਾਰਾਂ 'ਤੇ ਵੰਡੇ ਹੋਏ ਲੋਕ, ਕਿਸੇ ਪੱਖੋਂ ਸਬੂਤੇ ਨਹੀਂ ਹੁੰਦੇ।

ਦਿਲਚਸਪ ਵਿਅਕਤੀ ਉਹ ਹੁੰਦਾ ਹੈ, ਜਿਸ ਨੂੰ ਵੇਖ-ਮਿਲ-ਸੁਣ ਕੇ, ਉਸ ਤੋਂ ਹੋਰ ਜਾਣਨ ਦੀ ਤਾਂਘ ਉਪਜੇ।

ਖੇਡਣਾ ਬਰਾਬਰੀ ਮਾਣਨ ਦਾ ਅਨੁਭਵ ਹੈ, ਖੇਡ ਕੋਈ ਹੋਵੇ, ਹੋਰਾ ਖਿਡਾਰੀਆਂ ਵਰਗਾ ਅਤੇ ਬਰਾਬਰ ਬਣ ਕੇ ਹੀ ਖੇਡਿਆ ਜਾ ਸਕਦਾ ਹੈ।

ਸਿਨੇਮੇ ਦੇ ਹਨੇਰੇ ਵਾਤਾਵਰਣ ਵਿਚ, ਅਸੀਂ ਅੱਖਾਂ ਖੋਲ੍ਹ ਕੇ ਸੁਪਨੇ ਵੇਖਦੇ ਹਾਂ।

ਸੋਹਣੀ ਇਸਤਰੀ, ਲੋਕਾਂ ਦੀਆਂ ਨਜ਼ਰਾਂ ਨਾਲ ਹੀ ਥੱਕ ਜਾਂਦੀ ਹੈ।

ਸ਼ਰਧਾਲੂਆਂ ਦੀ ਸ਼ਰਧਾ, ਪੱਥਰ ਦੀ ਮੂਰਤੀ ਨੂੰ ਵੀ ਜਿਊਂਦਾ ਕਰ ਦਿੰਦੀ ਹੈ।

ਕਲਾ ਪ੍ਰਗਟਾਉਣ ਵਿਚ ਨਹੀਂ ਹੁੰਦੀ; ਕਲਾ ਘੁੰਡ ਵਿਚ ਲੁਕੇ ਚਿਹਰੇ ਵਾਂਗ, ਲੁਕਾ ਕੇ ਪ੍ਰਗਟਾਉਣ ਵਿਚ ਹੁੰਦੀ ਹੈ।

ਫਿਲਮੀ ਅਦਾਕਾਰਾਂ ਨੂੰ ਸਿਤਾਰੇ ਇਸ ਲਈ ਕਿਹਾ ਜਾਂਦਾ ਹੈ, ਕਿਉਂਕਿ ਇਹ ਸਿਨੇਮਾ-ਘਰ ਦੇ ਹਨੇਰੇ ਵਿਚ ਚਮਕਦੇ ਹਨ।

ਇਕ-ਦੂਜੇ ਦੀ ਕਲਪਨਾ ਨੂੰ ਜਗਾਉਣ ਅਤੇ ਪ੍ਰਭਾਵਿਤ ਕਰਨ ਵਾਲੇ ਪ੍ਰੇਮੀ-ਪ੍ਰੇਮਿਕਾ, ਪਿਆਰ ਟੁੱਟ ਜਾਣ ਮਗਰੋਂ ਵੀ, ਆਪਸੀ ਰਿਸ਼ਤੇ ਨੂੰ ਲੰਮਾ ਅਰਸਾ ਮਾਣਦੇ ਹਨ।

ਹਰ ਕਿਸੇ ਨੂੰ, ਕਿਸੇ ਨਾ ਕਿਸੇ ਪ੍ਰਕਾਰ ਦੀ, ਅਸੁਰੱਖਿਆ ਹੰਢਾਉਣੀ ਪੈਂਦੀ ਹੈ।

ਧਾਰਮਿਕ ਲੋਕਾਂ ਦੇ ਚਰਿੱਤਰ ਵਿਚ ਲਚਕ ਨਹੀਂ ਹੁੰਦੀ।

ਜਿਹੜਾ ਤੁਹਾਡੇ ਨਾਲ ਅਸਹਿਮਤ ਨਹੀਂ ਹੋ ਸਕਦਾ, ਉਹ ਚੰਗਾ ਦੋਸਤ ਸਾਬਤ ਨਹੀਂ ਹੋਵੇਗਾ।

ਸ਼ੀਸ਼ੇ ਵਿਚ ਵੇਖਦਿਆਂ, ਅਸੀਂ ਕਿਸੇ ਹੋਰ ਦੀਆਂ ਅੱਖਾਂ ਰਾਹੀਂ, ਆਪਣੇ ਆਪ ਨੂੰ ਵੇਖਦੇ ਨਿਹਾਰਦੇ ਹਾਂ।

ਜਿਨ੍ਹਾਂ ਦਾ ਦਿਮਾਗ ਸੁੱਜਿਆ ਹੁੰਦਾ ਹੈ, ਉਨ੍ਹਾਂ ਦਾ ਸਰੀਰ ਵੀ ਆਕੜਿਆ ਹੁੰਦਾ ਹੈ।

ਆਪਣੀ ਜ਼ਬਾਨ 'ਤੇ ਕਾਬੂ ਬਿਨਾਂ, ਆਪਣੇ ਆਪ 'ਤੇ ਕਾਬੂ ਸੰਭਵ ਨਹੀਂ ਹੁੰਦਾ।

ਬੇਨੇਮੀ ਮਿਹਰਬਾਨੀ ਨੁਕਸਾਨ ਕਰਦੀ ਹੈ, ਕਿਉਂਕਿ ਇਸ ਦੇ ਅਰਥ ਅਕਸਰ ਗਲਤ ਕੱਢੇ ਜਾਂਦੇ ਹਨ।

ਵਿਛੋੜਾ ਤਾਂਘ ਵਧਾਉਂਦਾ ਹੈ, ਬਹੁਤ ਲੰਮਾ ਵਿਛੋੜਾ ਸ਼ੱਕ ਉਪਜਾਉਂਦਾ ਹੈ।

ਸ਼ਿਕਾਇਤੀ ਸੁਭਾਓ ਵਾਲਾ ਵਿਅਕਤੀ ਪਿਆਰ ਨਹੀਂ ਕਰ ਸਕਦਾ, ਕਿਉਂਕਿ ਪਿਆਰ ਪ੍ਰਸੰਸਾ ਕਰਨ ਦੇ ਗੁਣ ਨਾਲ ਉਪਜਦਾ ਹੈ।

ਸਭ ਤੋਂ ਵੱਡਾ ਤਸੀਹਾ ਨਜ਼ਰ-ਅੰਦਾਜ਼ ਕੀਤੇ ਜਾਣਾ ਹੁੰਦਾ ਹੈ; ਜੇ ਸੁੰਦਰ ਇਸਤਰੀ ਨੂੰ ਸਾਰੇ ਨਜ਼ਰ-ਅੰਦਾਜ਼ ਕਰਨ ਤਾਂ ਉਹ ਹਿੰਸਕ ਹੋ ਨਿਬੜਦੀ ਹੈ।

ਅਨੇਕਾਂ ਹੋਣਗੇ, ਜਿਹੜੇ ਤੁਹਾਡੀ ਹਰ ਗੱਲ ਵਿਚ ਕੰਘੀ ਫੇਰਨਗੇ।

ਨਿਰੰਤਰ ਇਕੋ ਕੰਮ ਕਰਦੇ ਰਹਿਣ ਨਾਲ, ਬੁੱਧੀ ਖੁੰਢੀ ਹੋ ਜਾਂਦੀ ਹੈ, ਸਮਰੱਥਾ ਘਟਦੀ ਹੈ ਅਤੇ ਕੰਮ ਦੀ ਪੱਧਰ ਨਿਘਰਨ ਲੱਗ ਪੈਂਦੀ ਹੈ।

ਸਸਤੀਆਂ ਚੀਜ਼ਾਂ, ਪੈਸੇ ਦੀ ਘਾਟ ਕਾਰਨ ਨਹੀਂ, ਮਾਨਸਿਕ ਗਰੀਬੀ ਕਾਰਨ ਖਰੀਦੀਆਂ ਜਾਂਦੀਆਂ ਹਨ।

ਪੁਰਸ਼ਾਂ ਵੱਲੋਂ ਸੁੰਦਰਤਾ ਵੇਖਣ ਦੀ ਇੱਛਾ, ਇਸਤਰੀਆਂ ਦੀ ਤਾਕਤ ਬਣਦੀ ਹੈ।

ਜਿਹੜਾ ਦਲੇਰ ਨਹੀਂ, ਉਹ ਵਿਆਹ ਭਾਵੇਂ ਕਰ ਲਵੇ, ਪਰ ਪਿਆਰ ਉਹ ਪਤਨੀ ਨੂੰ ਵੀ ਨਹੀਂ ਕਰ ਸਕੇਗਾ।

ਲਾਡਲੇ, ਪਤਨੀ ਨਾਲ ਨਹੀਂ, ਮਾਂ ਨਾਲ ਰਹਿਣਾ ਪਸੰਦ ਕਰਦੇ ਹਨ।

ਇਕ-ਦੂਜੇ ਪ੍ਰਤੀ ਪਿਆਰ ਐਲਾਨਣ ਵਿਚ ਜਿਤਨਾ ਵਧੇਰੇ ਸਮਾਂ ਲਾਇਆ ਜਾਂਦਾ ਹੈ, ਉਤਨਾ ਹੀ ਪਿਆਰ ਵਧੇਰੇ ਡੂੰਘਾ, ਹੰਢਣਸਾਰ ਅਤੇ ਜਾਦੂਮਈ ਹੁੰਦਾ ਹੈ।

ਜਦੋਂ ਕੋਈ ਲੜਕੀ ਆਪਣੇ ਪਿਆਰੇ ਨੂੰ ਇਹ ਕਹਿਣਾ ਬੰਦ ਕਰ ਦੇਵੇ ਕਿ ਲੋਕ ਕੀ ਕਹਿਣਗੇ, ਤਾਂ ਉਹ ਪਿਆਰ ਦੀ ਉਪਜਾਈ ਦਲੇਰੀ ਪ੍ਰਗਟਾ ਰਹੀ ਹੁੰਦੀ ਹੈ।

ਜਿਸ ਨੂੰ ਬੈਠਣ ਲਈ ਨਹੀਂ ਕਿਹਾ ਜਾਂਦਾ, ਉਸ ਦੇ ਜਲਦੀ ਚਲੇ ਜਾਣ ਦੀ ਆਸ ਕੀਤੀ ਜਾਂਦੀ ਹੈ।

ਪ੍ਰੇਮੀ-ਪ੍ਰੇਮਿਕਾ ਦੇ ਨਿਆਰੇਪਣ ਦਾ ਭਰਮ ਟੁਟਦਿਆਂ ਹੀ, ਪਿਆਰ ਮੁੱਕ ਜਾਂਦਾ ਹੈ।

ਕਿਸੇ ਨੂੰ ਸੱਚੇ ਦਿਲੋਂ ਮੁਆਫ਼ ਕਰਨ ਸਮੇਂ, ਉਸ ਨੂੰ ਜਿਊਂਦੇ ਰਹਿਣ ਦੀ ਅਸੀਸ ਵੀ ਦਿੱਤੀ ਜਾਂਦੀ ਹੈ।

ਪਿਆਰ ਕਰਨ ਵਾਲੇ ਇਕ-ਦੂਜੇ ਨੂੰ, ਆਪਣੀ ਹਾਜ਼ਰੀ ਨਾਲ ਭਰ ਦਿੰਦੇ ਹਨ।

ਇਸਤਰੀ-ਪੁਰਸ਼, ਇਕ-ਦੂਜੇ ਦੀਆਂ ਸਮੱਸਿਆਵਾਂ ਦੇ ਕਾਰਨ ਵੀ ਹੁੰਦੇ ਹਨ ਅਤੇ ਉਨ੍ਹਾਂ ਦੇ ਹੱਲ ਵੀ ਹੁੰਦੇ ਹਨ।

ਜਿਹੜੇ ਪ੍ਰੇਮੀ-ਪ੍ਰੇਮਿਕਾ ਇਕ-ਦੂਜੇ ਨੂੰ ਕਿਸੇ ਹੋਰ ਨਾਲ ਤੁਲਨਾਉਣ ਲੱਗ ਪੈਂਦੇ ਹਨ, ਉਹ ਇਕ-ਦੂਜੇ ਨੂੰ ਗੁਆਉਣ ਲੱਗ ਪੈਂਦੇ ਹਨ।

ਪਰੰਪਰਾਗਤ ਲੋਕ, ਖ਼ਤਰੇ ਮੁੱਲ ਲੈਣ ਵਾਲਿਆਂ ਨੂੰ ਪਸੰਦ ਨਹੀਂ ਕਰਦੇ।

ਲਾਡਲੇ, ਸਮਝਦੇ ਹਨ ਕਿ ਬਾਕੀ ਸਾਰੇ ਉਨ੍ਹਾਂ ਦਾ ਮਨੋਰੰਜਨ ਕਰਨ ਲਈ ਹੀ ਹਨ।

ਵਧੇਰੇ ਖਿਡੌਣਿਆਂ ਨਾਲ ਖੇਡਣ ਵਾਲੇ ਕੋਈ ਹੰਢਣਸਾਰ ਰਿਸ਼ਤਾ ਨਹੀਂ ਉਸਾਰ ਸਕਦੇ, ਉਨ੍ਹਾਂ ਦੀ ਦਿਲਚਸਪੀ ਨਵੇਂ ਵਿਚ ਹੁੰਦੀ ਹੈ; ਉਹ ਸਕੂਲ ਬਦਲਣਗੇ, ਰੋਜ਼ਗਾਰ ਬਦਲਣਗੇ, ਦੋਸਤ ਬਦਲਣਗੇ ਅਤੇ ਬਦਲਦੇ ਰਹਿਣਗੇ।

ਜੇ ਤੁਸੀਂ ਕਿਸੇ ਅਧਿਆਪਕਾ ਨਾਲ ਪਿਆਰ ਕਰੋਗੇ ਤਾਂ ਪਿਆਰ ਮਿਲੇ-ਨਾ-ਮਿਲੇ, ਪਰ ਤੁਸੀਂ ਸਬਕ ਕਈ ਸਿੱਖ ਲਵੋਗੇ।

ਇਸਤਰੀਆਂ ਵਿਅੰਗ ਨਾਲ ਗੱਲ ਕਰਨੀ ਪਸੰਦ ਕਰਦੀਆਂ ਹਨ, ਪਰ ਕਿਸੇ ਵਲੋਂ ਕੀਤੀ ਜਾਣੀ ਪਸੰਦ ਨਹੀਂ ਕਰਦੀਆਂ।

ਜੇ ਚੁੱਲ੍ਹੇ ਵੱਖ ਹੋ ਜਾਣ ਤਾਂ ਕੁਝ ਵੀ ਸਾਂਝਾ ਨਹੀਂ ਰਹਿੰਦਾ।

ਵਧੇਰੇ ਸੁਚੇਤ ਵਿਅਕਤੀ, ਸ਼ੱਕੀ ਸੁਭਾਓ ਵਾਲਾ ਹੋ ਨਿਬੜਦਾ ਹੈ।

ਜਿਨ੍ਹਾਂ ਨੂੰ ਬਚਪਨ ਵਿਚ ਬਹੁਤੇ ਖਿਡੌਣੇ ਮਿਲਦੇ ਰਹੇ ਹੋਣ, ਉਹ ਜਲਦੀ-ਜਲਦੀ ਬਚਪਨ ਵਿਚੋਂ ਬਾਹਰ ਨਹੀਂ ਨਿਕਲਦੇ।

ਸੰਤ-ਪੁੱਤਰ ਦੀ ਸਭ ਤੋਂ ਪਹਿਲੀ ਸ਼ਰਧਾਲਣ, ਉਸ ਦੀ ਆਪਣੀ ਮਾਂ ਹੁੰਦੀ ਹੈ।

ਪੁਰਸ਼ ਵਿਚ ਆਪਣੀ ਜਿੱਤ ਦਾ ਮਾਣ ਕਰਨ ਦੀ ਆਦਤ ਹੁੰਦੀ ਹੈ, ਸੋ ਇਸਤਰੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਸੌਖਿਆਂ ਜਿੱਤੀ ਨਾ ਜਾਵੇ।

ਕਾਹਲ ਵਿਚ ਅਸੀਂ ਆਪਣਾ ਕੋਈ ਗੁਣ ਨਹੀਂ ਵਿਖਾ ਸਕਦੇ, ਕੋਈ ਕਮਜ਼ੋਰ ਪੱਖ ਹੀ ਵਿਖਾ ਸਕਦੇ ਹਾਂ।

ਉਨ੍ਹਾਂ ਦਾ ਵਿਹਾਰ ਬੜਾ ਦਿਲਚਸਪ ਹੁੰਦਾ ਹੈ, ਜਿਨ੍ਹਾਂ ਨੇ ਜ਼ਿੰਦਗੀ ਦੇ ਚੰਗੇ ਦਿਨ ਵੇਖੇ ਹੁੰਦੇ ਹਨ, ਪਰ ਜਿਨ੍ਹਾਂ ਕੋਲ ਪੈਸੇ ਮੁੱਕ ਗਏ ਹੁੰਦੇ ਹਨ।

ਪਿਆਰ ਕਰਨ ਵਾਲੇ ਇਕੋ ਵੇਲੇ, ਬੜੇ ਬਹਾਦਰ ਅਤੇ ਬੜੇ ਡਰਪੋਕ ਹੁੰਦੇ ਹਨ।

ਜਿਹੜੀ ਇਸਤਰੀ ਬਹੁਤ ਸੋਹਣੀ ਹੋਣ ਦੇ ਬਾਵਜੂਦ ਵਿਆਹ ਨਾ ਕਰਵਾਏ, ਉਹ ਆਲੇ-ਦੁਆਲੇ ਨੂੰ ਪਰੇਸ਼ਾਨ ਕਰਦੀ ਰਹਿੰਦੀ ਹੈ।

ਜੇ ਕਿਸੇ ਇਸਤਰੀ ਦਾ ਕਿਸੇ ਪੁਰਸ਼ 'ਤੇ ਜਾਦੂ, ਇਕ ਵਾਰੀ ਟੁੱਟ ਜਾਵੇ, ਇਹ ਕਿਸੇ ਵੀ ਕੀਮਤ 'ਤੇ ਫਿਰ ਨਹੀਂ ਉਸਰਦਾ।

ਜਦੋਂ ਕਿਸੇ ਦੀ ਗ਼ੈਰਹਾਜ਼ਰੀ ਬੇਚੈਨ ਕਰਨ ਅਤੇ ਨੀਂਦਰ ਉਖਾੜਨ ਲੱਗ ਜਾਏ ਤਾਂ ਇਹ ਪਿਆਰ ਹੋ ਜਾਣ ਦਾ ਸਬੂਤ ਹੁੰਦੀ ਹੈ।

ਸ਼ਰਾਬੀ ਅਕਸਰ ਦੋ ਦਿਨ ਹੀ ਪੀਂਦੇ ਹਨ; ਮੀਂਹ ਪੈਣ ਵਾਲੇ ਦਿਨ ਅਤੇ ਮੀਂਹ ਨਾ ਪੈਣ ਵਾਲੇ ਦਿਨ।

ਇਸਤਰੀ ਦੀ ਸਭ ਤੋਂ ਵੱਡੀ ਕੁਰਬਾਨੀ, ਕਿਸੇ ਦੀ ਯਾਦ ਦੇ ਸਤਿਕਾਰ ਕਾਰਨ, ਕਿਸੇ ਹੋਰ ਨਾਲ ਵਿਆਹ ਨਾ ਕਰਵਾਉਣ ਦਾ ਫੈਸਲਾ ਹੁੰਦੀ ਹੈ, ਇਸਤਰੀ ਵਲੋਂ ਇਹ ਕੁਰਬਾਨੀ, ਸ਼ਹੀਦ ਹੋਣ ਨਾਲੋਂ ਵੀ ਵੱਡੀ ਕੁਰਬਾਨੀ ਹੁੰਦੀ ਹੈ।

ਕਿਸੇ ਨਾਲ ਪਿਆਰ ਹੋ ਜਾਣ ਨਾਲ, ਮਨੁੱਖ ਦਾ ਭੇੜਾ ਬਣਨਾ ਰੁਕ ਜਾਂਦਾ ਹੈ।

ਸੰਸਾਰ ਵਿਚ ਮਰਦ ਵੱਧ ਰਹੇ ਹਨ, ਮਰਦਾਨਗੀ ਘੱਟ ਰਹੀ ਹੈ।

ਚੁੰਮਣ, ਪਿਆਰ ਦਾ ਇਕ ਤਿੱਖਾ ਸ਼ੰਦ ਹੈ, ਇਸ ਨੂੰ ਖੁੰਢਾ ਨਹੀਂ ਹੋਣ ਦੇਣਾ ਚਾਹੀਦਾ।

ਜਾਇਜ਼ ਸਬੰਧਾਂ ਨਾਲੋਂ, ਨਾਜਾਇਜ਼ ਸਬੰਧ ਵਧੇਰੇ ਦਿਲਚਸਪ ਹੁੰਦੇ ਹਨ, ਪਰ ਇਹ ਹੁੰਦੇ ਆਰਜ਼ੀ ਹਨ।

ਸਭ ਤੋਂ ਜ਼ਾਲਮ ਟੈਕਸ, ਮਹਿੰਗਾਈ ਹੁੰਦੀ ਹੈ।

ਪੁਰਸ਼ਾਂ-ਇਸਤਰੀਆਂ ਦੇ ਸਰੀਰਕ ਕਾਰਜ ਵੱਖਰੀ ਭਾਂਤ ਦੇ ਹੋਣ ਕਰਕੇ, ਉਨ੍ਹਾਂ ਦੀਆਂ ਚਿੰਤਾਵਾਂ ਵੀ ਵੱਖਰੀ ਭਾਂਤ ਦੀਆਂ ਹੁੰਦੀਆਂ ਹਨ।

ਸਭ ਪ੍ਰਕਾਰ ਦੇ ਰਾਖਵੇਂਪਣ, ਯੋਗਤਾ ਦਾ ਅਪਮਾਨ ਕਰਦੇ ਹਨ।

ਪਤੀ ਦਾ ਜਿਤਨਾ ਧਿਆਨ ਪਤਨੀ ਰੱਖਦੀ ਹੈ, ਪਤਨੀ ਦਾ ਉਤਨਾ ਧਿਆਨ ਰੱਖਣ ਦੀ, ਪਤੀ ਵਿਚ ਸਮਰੱਥਾ ਹੀ ਨਹੀਂ ਹੁੰਦੀ।

ਜਿਥੇ ਆਪਸੀ ਵਿਸ਼ਵਾਸ ਘੱਟ ਹੋਵੇਗਾ, ਉਥੇ ਜੁਰਮ ਅਤੇ ਹਿੰਸਾ ਵਧੇਰੇ ਹੋਣਗੇ।

ਗਰੀਬੀ ਵਿਚ ਜਨਮ ਲੈਣਾ, ਬਦਕਿਸਮਤੀ ਨਹੀਂ ਹੁੰਦੀ, ਗਰੀਬੀ ਵਿਚ ਮਰਨਾ, ਬਦਕਿਸਮਤੀ ਹੁੰਦੀ ਹੈ।

ਅਜੋਕੇ ਮਾਪੇ ਸਮਝਦੇ ਹਨ ਕਿ ਉਹ ਬੱਚਿਆਂ ਨੂੰ ਕੰਟਰੋਲ ਕਰਦੇ ਹਨ, ਪਰ ਵਾਸਤਵ ਵਿਚ ਹੋ ਉਲਟ ਰਿਹਾ ਹੈ।

ਕੁਝ ਵੀ ਨਵਾਂ ਕਰੋਗੇ, ਗਲਤੀਆਂ ਹੋਣਗੀਆਂ; ਕੁਝ ਵੀ ਮੁੱਲਵਾਨ ਕਰੋਗੇ, ਵਿਰੋਧ ਹੋਵੇਗਾ ਪਰ ਤੁਹਾਡੀ ਪਛਾਣ ਕੁਝ ਨਵਾਂ ਅਤੇ ਮੁੱਲਵਾਨ ਕਰਨ ਨਾਲ ਹੀ ਬਣੇਗੀ।

ਮਾਂ ਦੀਆਂ ਝਾੜਾਂ ਵਿਚ, ਧਮਕੀ ਵੀ ਪਿਆਰ-ਭਰੀ ਹੁੰਦੀ ਹੈ।

ਜੇ ਮਨੁੱਖ ਸੰਪੂਰਨ ਹੁੰਦਾ ਤਾਂ ਉਹ ਕੀ ਕਰਦਾ? ਜੀਵਨ ਵਿਚ ਰੌਣਕ ਇਸ ਲਈ ਹੈ ਕਿਉਂਕਿ ਮਨੁੱਖ ਅਧੂਰਾ ਹੈ।

ਜੇ ਕੁਦਰਤ ਚੰਗੀ ਲੱਗਦੀ ਹੈ ਤਾਂ ਪਰਮਾਤਮਾ ਹੋਰ ਵੀ ਚੰਗਾ ਲੱਗੇਗਾ।

ਜੇ ਪ੍ਰੇਮੀ, ਪਤੀ ਵਾਂਗ ਵਿਹਾਰ ਕਰਨ ਲੱਗ ਪਏ ਤਾਂ ਪ੍ਰੇਮਿਕਾ, ਉਸ ਨੂੰ ਤਿਆਗ ਕੇ ਕਿਸੇ ਹੋਰ ਦੀ ਪਤਨੀ ਬਣ ਜਾਂਦੀ ਹੈ।

ਜ਼ਿੰਮੇਵਾਰੀ ਸੁਪਨਾ ਨਹੀਂ ਹੁੰਦੀ, ਯਥਾਰਥ ਹੁੰਦੀ ਹੈ; ਇਹ ਮੌਜ ਨਹੀਂ ਹੁੰਦੀ, ਕਰਤੱਵ ਹੁੰਦੀ ਹੈ, ਪਰ ਜ਼ਿੰਮੇਵਾਰੀ ਨਿਭਾਉਣ ਅਤੇ ਕਰਤੱਵ ਪਾਲਣ ਨਾਲ, ਜੀਵਨ ਮਾਣਨ ਦੀ ਸਾਡੀ ਪੱਧਰ, ਬਹੁਤ ਉੱਚੀ ਹੋ ਜਾਂਦੀ ਹੈ।

ਹੋਰਾਂ ਨਾਲੋਂ ਵੱਧ ਸੋਚੋ, ਹੋਰਾਂ ਨਾਲੋਂ ਵੱਧ ਕਰੋ, ਹੋਰਾਂ ਨਾਲੋਂ ਘੱਟ ਦੀ ਆਸ ਲਾਓ, ਜੀਵਨ ਵਿਚ ਸਫ਼ਲਤਾ ਮਿਲੇਗੀ।

ਜਿੱਤੋਗੇ, ਕੁਝ ਦੱਸਣ ਦੀ ਲੋੜ ਨਹੀਂ ਪਏਗੀ; ਹਾਰੋਗੇ, ਕੋਈ ਕੁਝ ਸੁਣੇਗਾ ਨਹੀਂ।

ਹਰ ਇਸਤਰੀ ਕੋਲ ਅਨੇਕਾਂ ਅਣਕਹੀਆਂ ਗੱਲਾਂ ਹੁੰਦੀਆਂ ਹਨ, ਜਦੋਂ ਇਨ੍ਹਾਂ ਨੂੰ ਸੁਣਨ-ਸਮਝਣ ਵਾਲਾ ਕੋਈ ਮਿਲ ਜਾਂਦਾ ਹੈ, ਉਹ ਉਸ ਨੂੰ ਅਣਐਲਾਨੇ ਢੰਗ ਨਾਲ, ਪਿਆਰ ਕਰਨ ਲੱਗ ਪੈਂਦੀ ਹੈ।

ਵਰਜਿਤ ਦੀ ਖਿੱਚ ਪੁਰਸ਼ਾਂ ਅਤੇ ਇਸਤਰੀਆਂ ਦੋਹਾਂ ਨੂੰ ਹੁੰਦੀ ਹੈ ਅਤੇ ਦੋਹਾਂ ਵਿਚਕਾਰ ਰਹਿੰਦੀ ਹੈ।

ਜੇ ਤੁਹਾਨੂੰ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ ਤਾਂ ਸਮਝੋ ਕਿ ਤੁਸੀਂ ਗਲਤ ਰਸਤੇ 'ਤੇ ਹੋ।

ਪ੍ਰਸੰਨ ਕਰਨ ਦੀ ਇੱਛਾ, ਪ੍ਰਸੰਨ ਹੀ ਕਰ ਸਕਦੀ ਹੈ, ਆਨੰਦ ਨਹੀਂ ਦੇ ਸਕਦੀ।

ਹਰ ਕਿਸੇ ਦੀ ਸ਼ਖ਼ਸੀਅਤ ਦੇ ਚਾਨਣੇ ਪੱਖਾਂ ਵਾਂਗ, ਅਨੇਕਾਂ ਹਨੇਰੇ ਪੱਖ ਵੀ ਹੁੰਦੇ ਹਨ, ਤੁਸੀਂ ਜਿਹੜੇ ਵੇਖਣੇ ਚਾਹੋਗੇ, ਉਹੀ ਵਿਖਾਈ ਦੇਣਗੇ।

ਪਹਾੜ ਦੀ ਚੋਟੀ ਤੋਂ ਡਰ ਵੀ ਲੱਗਦਾ ਹੈ ਅਤੇ ਮਾਣ ਵੀ ਹੁੰਦਾ ਹੈ; ਪਿਆਰ ਦਾ ਅਨੁਭਵ, ਪਹਾੜ ਦੀ ਚੋਟੀ ਵਾਲਾ ਅਨੁਭਵ ਹੁੰਦਾ ਹੈ।

ਜੇ ਮਾਯੂਸ ਹੋ ਕੇ ਸੋਚੀਏ ਤਾਂ ਸਾਡੇ ਕੋਲ ਕੁਝ ਵੀ ਨਹੀਂ, ਜੇ ਪ੍ਰਸੰਨ ਹੋ ਕੇ ਵੇਖੀਏ ਤਾਂ ਸਾਡੇ ਕੋਲ ਕੀ ਕੁਝ ਨਹੀਂ? ਵੇਖਣ-ਸੋਚਣ ਦੇ ਢੰਗ ਵਿਚ, ਜ਼ਿੰਦਗੀ ਭਰੀ ਹੋਈ ਅਤੇ ਖਾਲੀ ਨਜ਼ਰ ਆਉਂਦੀ ਹੈ।

ਸਿਆਣੀਆਂ ਇਸਤਰੀਆਂ ਕਠੋਰ ਹੁੰਦੀਆਂ ਹਨ; ਸੋਹਣੀਆਂ ਇਸਤਰੀਆਂ ਅਪਹੁੰਚ ਹੁੰਦੀਆਂ ਹਨ, ਪਿਆਰੀਆਂ ਇਸਤਰੀਆਂ ਪਹਿਲਾਂ ਹੀ ਵਿਆਹੀਆਂ ਹੁੰਦੀਆਂ ਹਨ।

ਭਾਵੇਂ ਪਿਆਰ ਆਨੰਦ ਦਿੰਦਾ ਹੈ, ਪਰ ਇਸ ਦਾ ਮੁੱਢਲਾ ਅਤੇ ਮਗਰਲਾ ਪੜਾਓ, ਬੜਾ ਉਥਲ-ਪੁਥਲ ਅਤੇ ਉਦਾਸੀ-ਮਾਯੂਸੀ ਵਾਲਾ ਹੁੰਦਾ ਹੈ।

ਕਈ ਵਾਰੀ ਅਸੀਂ ਕਿਸੇ ਦੀਆਂ ਕਹੀਆਂ ਗੱਲਾਂ ਦਾ ਬੁਰਾ ਨਹੀਂ ਮਨਾਉਂਦੇ, ਪਰ ਉਸ ਦੀ ਚੁੱਪ, ਬੇਹਾਲ ਕਰ ਦਿੰਦੀ ਹੈ।

ਇਸਤਰੀ-ਪੁਰਸ਼ ਦੇ ਇਕੱਠਿਆਂ ਨੱਚਣ ਨੂੰ ਧਿਆਨ ਨਾਲ ਵੇਖੋ, ਪਤਾ ਲੱਗ ਜਾਵੇਗਾ ਕਿ ਕੌਣ ਕਿਸ ਨੂੰ ਨਚਾ ਰਿਹਾ ਹੈ।

ਕਈਆਂ ਦੀ ਹਾਜ਼ਰੀ ਨਾਲ ਹਵਾ ਵਿਚ ਖ਼ੁਸ਼ਬੂ ਫੈਲ ਜਾਂਦੀ ਹੈ, ਉਹ ਖਲੋਤੇ ਰਹਿੰਦੇ ਹਨ, ਪਰ ਆਲਾ-ਦੁਆਲਾ ਨੱਚਣ ਲੱਗ ਪੈਂਦਾ ਹੈ।

ਇਸਤਰੀ ਦੇ ਫੈਸ਼ਨਦਾਰ ਲਿਬਾਸ ਵਿਚ, ਥੋੜ੍ਹੀ ਜਿਹੀ ਲਾਪ੍ਰਵਾਹੀ, ਲਿਬਾਸ ਦੇ ਪ੍ਰਭਾਵ ਨੂੰ ਵਧਾਉਂਦੀ ਹੈ।

ਅਕਲ, ਪਿਆਰ ਵਿਚ ਖਲਲ ਪਾਉਂਦੀ ਹੈ, ਸੋ ਇਸ ਨੂੰ ਸੌਆ ਕੇ ਹੀ ਪਿਆਰ ਕਰਨਾ ਸੰਭਵ ਹੁੰਦਾ ਹੈ, ਪਰ ਜੇ ਅਕਲ ਹੋਵੇ ਹੀ ਨਾ, ਤਾਂ ਪਿਆਰ ਦੀ ਸੰਭਾਵਨਾ ਹੀ ਸੌਂ ਜਾਂਦੀ ਹੈ।

ਕੋਈ-ਕੋਈ ਇਸਤਰੀ ਹੁੰਦੀ ਹੈ, ਜਿਹੜੀ ਕਿਸੇ ਕਵੀ ਜਾਂ ਕਲਾਕਾਰ ਪੁਰਸ਼ ਵਿਚ, ਕਾਮ ਦੀ ਅੱਗ, ਉਮਰ ਭਰ ਬੁਝਣ ਨਹੀਂ ਦਿੰਦੀ।

ਕਿਸੇ ਥਾਂ 'ਤੇ ਪੁਰਸ਼ ਲਈ ਦੇਰ ਨਾਲ ਪਹੁੰਚਣਾ, ਕੁਚੱਜਾ ਵਿਹਾਰ ਹੁੰਦਾ ਹੈ; ਇਸਤਰੀ ਲਈ ਕਿਸੇ ਸਮਾਜਿਕ ਸਮਾਗਮ ਵਿਚ ਵਕਤ ਤੋਂ ਪਹਿਲਾਂ ਪਹੁੰਚਣਾ, ਉਸ ਦੇ ਮਹੱਤਵਪੂਰਨ ਹੋਣ ਦਾ ਲੱਛਣ ਨਹੀਂ ਸਮਝਿਆ ਜਾਂਦਾ।

ਲਗਾਤਾਰ ਦਿਸਦੇ ਅਤੇ ਮਿਲਦੇ ਰਹਿਣ ਨਾਲ, ਵਿਸ਼ੇਸ਼ ਵਿਅਕਤੀ ਵੀ ਸਧਾਰਨ ਲੱਗਣ ਲੱਗ ਪੈਂਦਾ ਹੈ।

ਅਜੋਕੇ ਵਿਆਹ-ਸਮਾਗਮ ਇਹੀ ਦਰਸਾਉਂਦੇ ਹਨ ਕਿ ਪੈਸੇ ਖਰਚੇ ਗਏ ਹਨ ਅਤੇ ਪੈਸੇ ਫ਼ਜ਼ੂਲ ਖਰਚੇ ਗਏ ਹਨ।

ਛੁੱਟੀ ਵਾਲੇ ਦਿਨ ਵਕਤ ਦਾ ਸੁਭਾਓ ਬਦਲ ਜਾਂਦਾ ਹੈ; ਛੁੱਟੀ ਹੁੰਦੀ ਹੀ ਵਕਤ ਦਾ ਸੁਭਾਓ ਬਦਲਣ ਲਈ ਹੈ।

ਇਸਤਰੀ, ਪੁਰਸ਼ ਦੇ ਪਿਆਰ ਦੇ ਹਮਲੇ ਤੋਂ ਨਹੀਂ ਡਰਦੀ, ਹਮਲੇ ਵਿਚਲੀ ਸਲੀਕੇ ਦੀ ਘਾਟ ਅਤੇ ਕਾਹਲ ਤੋਂ ਡਰਦੀ ਹੈ।

ਜੇ ਤਾਕਤਵਰ ਅਤੇ ਮਹੱਤਵਪੂਰਨ ਵਿਅਕਤੀ, ਨਿਮਰਤਾ ਨਾਲ ਪੇਸ਼ ਆਉਣ ਤਾਂ ਉਹ ਵਧੇਰੇ ਤਾਕਤਵਰ ਅਤੇ ਵਧੇਰੇ ਮਹੱਤਵਪੂਰਨ ਲੱਗਦੇ ਹਨ।

ਲੋਕਾਂ ਨੂੰ ਉਪਦੇਸ਼ ਨਾ ਦਿਓ, ਉਨ੍ਹਾਂ ਦੇ ਹਿੱਤ ਦੀਆਂ ਗੱਲਾਂ ਕਰੋ, ਤਾਂ ਹੀ ਉਹ ਧਿਆਨ ਨਾਲ ਸੁਣਨਗੇ, ਧਾਰਮਿਕ ਅਤੇ ਰਾਜਸੀ ਆਗੂ ਇਵੇਂ ਹੀ ਕਰਦੇ ਹਨ।

ਆਧੁਨਿਕ ਸੰਸਾਰ, ਬੈਂਕਾਂ ਤੋਂ ਬਿਨਾਂ ਚੱਲ ਹੀ ਨਹੀਂ ਸਕਦਾ।

ਜਿਹੜੀ ਚੀਜ਼ ਸੋਹਣੀ ਅਤੇ ਚੰਗੀ ਹੁੰਦੀ ਹੈ, ਉਹ ਵੱਖਰੀ ਦਿਸਣ ਲੱਗ ਪੈਂਦੀ ਹੈ।

ਹਾਸੇ ਵਿਚ ਬੁਲਬੁਲੇ ਹੁੰਦੇ ਹਨ, ਰੋਣ ਵਿਚ ਉਬਾਲ ਹੁੰਦੇ ਹਨ।

ਹਰ ਕੋਈ ਚੰਨ ਹੈ; ਚੰਨ ਵਾਂਗ ਹੀ ਹਰ ਕਿਸੇ ਦੀ ਪੂਰਨਮਾਸ਼ੀ ਅਤੇ ਮੱਸਿਆ ਹੁੰਦੀ ਹੈ।

ਜੇ ਕਿਸੇ ਸਾਹਮਣੇ ਸਮੱਸਿਆਵਾਂ ਨਹੀਂ ਹਨ ਤਾਂ ਅਰਥ ਇਹੀ ਹੈ ਕਿ ਉਸ ਨੂੰ ਆਪਣੀਆਂ ਸਮੱਸਿਆਵਾਂ ਸੁਲਝਾਉਣੀਆਂ ਆਉਂਦੀਆਂ ਹਨ।

ਜੇ ਰਸਤਾ ਸੋਹਣਾ ਹੋਵੇ ਤਾਂ ਪਤਾ ਕਰੋ, ਕਿਸ ਮੰਜ਼ਲ ਵੱਲ ਜਾਂਦਾ ਹੈ; ਜੇ ਮੰਜ਼ਲ ਸੁੰਦਰ ਹੈ ਤਾਂ ਪ੍ਰਵਾਹ ਨਾ ਕਰੋ ਕਿ ਰਸਤਾ ਕਿਹੋ ਜਿਹਾ ਹੈ।

ਮਨੁੱਖ ਨੂੰ ਬੋਲਣਾ ਸਿੱਖਣ ਵਿਚ ਦੋ ਸਾਲ ਹੀ ਲੱਗਦੇ ਹਨ, ਪਰ ਕੀ ਬੋਲਣਾ ਹੈ, ਸਿੱਖਣ ਵਾਸਤੇ ਸਾਰੀ ਉਮਰ ਲੱਗ ਜਾਂਦੀ ਹੈ।

ਗੁਲਾਮ ਉਹ ਨਹੀਂ ਹੁੰਦਾ, ਜਿਹੜਾ ਸੰਗਲਾਂ ਵਿਚ ਜਕੜਿਆ ਹੋਵੇ; ਗੁਲਾਮ ਉਹ ਹੁੰਦਾ ਹੈ, ਜਿਸ ਨੇ ਸੋਚਣ ਦੀ ਸੁਤੰਤਰਤਾ ਗੁਆ ਦਿੱਤੀ ਹੋਵੇ।

ਜਿਹੜੀ ਅੱਗ ਤੁਸੀਂ ਬੁਝਾ ਨਹੀਂ ਸਕਦੇ, ਉਹ ਲਾਓ ਨਾ।

ਕੁਝ ਬੜੇ ਸਿਆਣੇ ਹੁੰਦੇ ਹਨ; ਕੁਝ ਸਿਆਣੇ ਹੋਣ ਤੋਂ ਇਲਾਵਾ, ਸਭ ਕੁਝ ਹੁੰਦੇ ਹਨ।

ਕੋਈ ਵੀ ਡੁੱਲ੍ਹੀ ਚੀਜ਼, ਪੂਰੀ ਤਰ੍ਹਾਂ ਹੂੰਝੀ ਨਹੀਂ ਜਾ ਸਕਦੀ; ਕੋਈ ਵੀ ਟੁੱਟਿਆ ਰਿਸ਼ਤਾ, ਪੂਰੀ ਤਰ੍ਹਾਂ ਨਹੀਂ ਜੁੜਦਾ।

ਪਿਆਰ ਇਕ ਨਾਲ ਹੀ ਹੁੰਦਾ ਹੈ, ਇਸਤਰੀਆਂ-ਪੁਰਸ਼ ਤਾਂ ਜ਼ਿੰਦਗੀ ਵਿਚ ਆਉਂਦੇ ਹੀ ਰਹਿੰਦੇ ਹਨ।

ਜੇ ਮੂਰਖ, ਬਜ਼ਾਰ ਨਾ ਜਾਣ ਤਾਂ ਫ਼ਜ਼ੂਲ ਚੀਜ਼ਾਂ ਨਹੀਂ ਵਿਕਦੀਆਂ।

ਵਾਲ਼ ਰੰਗਣ ਵਾਲਿਆਂ ਦੀ ਉਮਰ ਸ਼ਨਿਚਰਵਾਰ ਹੋਰ ਲੱਗਦੀ ਹੈ, ਸੋਮਵਾਰ ਹੋਰ।

ਆਪਣੇ ਚਰਿੱਤਰ ਦੀ ਸ਼ੋਭਾ ਨੂੰ ਬਚਾ ਕੇ ਰੱਖਣਾ, ਕਿਉਂਕਿ ਗੁਆਚੀ ਹੋਈ ਖ਼ੁਸ਼ਬੂ, ਫੁੱਲਾਂ ਵਿਚ ਵਾਪਸ ਨਹੀਂ ਮੁੜਦੀ।

ਜੇ ਕਾਬੂ ਵਿਚ ਹੈ ਤਾਂ ਤੁਹਾਡਾ ਮਨ, ਤੁਹਾਡਾ ਸਭ ਤੋਂ ਚੰਗਾ ਦੋਸਤ ਹੈ; ਜੇ ਕਾਬੂ ਵਿਚ ਨਹੀਂ ਤਾਂ ਤੁਹਾਨੂੰ ਕਿਸੇ ਹੋਰ ਦੁਸ਼ਮਣ ਦੀ ਲੋੜ ਨਹੀਂ ਪਏਗੀ।

ਅੱਥਰੂਆਂ ਦੇ ਅਰਥ ਉਦੋਂ ਸਮਝ ਆਉਂਦੇ ਹਨ, ਜਦੋਂ ਇਹ ਆਪਣੀਆਂ ਅੱਖਾਂ ਵਿਚੋਂ ਵਹਿਣ।

ਇਤਿਹਾਸ ਪੁਰਾਣੇ ਹੀ ਹੁੰਦੇ ਹਨ ਅਤੇ ਇਹ ਪੁਰਾਣੇ ਹੀ ਰਹਿੰਦੇ ਹਨ, ਪਰ ਇਹ ਉਤਸ਼ਾਹ ਵਰਤਮਾਨ ਨੂੰ ਅਤੇ ਹਿੰਮਤ ਭਵਿੱਖ ਨੂੰ ਦਿੰਦੇ ਹਨ।

ਕਿਸੇ ਕੰਮ ਨੂੰ ਕਰਨ ਲਈ ਯੋਗਤਾ ਦੀ ਲੋੜ ਪੈਂਦੀ ਹੈ; ਉਸ ਕੰਮ ਨੂੰ ਅਰੰਭਣ ਲਈ ਯੋਗਤਾ ਦੇ ਨਾਲ, ਹਿੰਮਤ ਵੀ ਚਾਹੀਦੀ ਹੁੰਦੀ ਹੈ।

ਚੰਗੀ ਨੀਂਦਰ ਉਹ ਹੁੰਦੀ ਹੈ, ਜਿਹੜੀ ਲੇਟਦਿਆਂ ਹੀ ਆ ਜਾਵੇ ਅਤੇ ਨਾਲ ਸੁਪਨੇ ਵੀ ਲੈ ਆਵੇ।

ਜਿਨ੍ਹਾਂ ਨੇ ਛੋਟੀ ਉਮਰ ਵਿਚ ਹੀ ਜ਼ਮਾਨੇ ਦੀਆਂ ਸਖ਼ਤ ਚਪੇੜਾਂ ਖਾ ਲਈਆਂ ਹੋਣ; ਉਹ ਪਰਿਵਰਤਨ ਦੀ ਨੀਂਹ ਦੇ, ਮਜ਼ਬੂਤ ਪੱਥਰ ਬਣ ਜਾਂਦੇ ਹਨ।

ਬਾਦਸ਼ਾਹਾਂ ਦੇ ਅੱਖਾਂ ਮੀਟਦਿਆਂ ਹੀ, ਬਗ਼ਾਵਤਾਂ ਜਾਗ ਪੈਂਦੀਆਂ ਹਨ।

ਦਰਿਆ ਦੇ ਨਾਲ-ਨਾਲ ਚੱਲੋ, ਸਮੁੰਦਰ ਲੱਭ ਲਵੋਗੇ।

ਵਿਆਹ ਟੁੱਟ ਜਾਂਦੇ ਹਨ, ਪਿਆਰ ਨਹੀਂ ਟੁੱਟਦੇ; ਪਿਆਰ ਉਦੋਂ ਹੀ ਟੁੱਟਦੇ ਹਨ, ਜਦੋਂ ਇਹ ਵਿਆਹ ਬਣ ਜਾਂਦੇ ਹਨ।

ਵੱਡੇ ਦਿਮਾਗ, ਟਕਰਾਏ ਬਿਨਾਂ ਨਹੀਂ ਰਹਿੰਦੇ।

ਕੁਝ ਵੱਖਰਾ ਅਤੇ ਨਵਾਂ ਕਰੋਗੇ ਤਾਂ ਵਿਰੋਧੀਆਂ ਦੇ ਵੱਗਾਂ ਦੇ ਵੱਗ, ਸਿੰਗ ਚੁੱਕੀ ਤੁਹਾਡੇ ਨਾਲ ਟਕਰਾਉਣ ਲਈ ਖੜ੍ਹੇ ਦਿਸਣਗੇ।

ਕਈ ਇਹ ਤਾਂ ਚਾਹੁੰਦੇ ਹਨ ਕਿ ਉਨ੍ਹਾਂ ਦੇ ਆਲੇ-ਦੁਆਲੇ ਹਰ ਵੇਲੇ ਅਨੇਕਾਂ ਪ੍ਰਸੰਸਕ ਹੋਣ, ਪਰ ਉਹ ਕਿਸੇ ਨੂੰ ਨੇੜੇ ਨਹੀਂ ਆਉਣ ਦਿੰਦੇ।

ਕਈਆਂ ਕੋਲ ਲਾਲ-ਕਿਲ੍ਹਾ ਕੋਈ ਨਹੀਂ ਹੁੰਦਾ, ਪਰ ਉਹ ਆਪਣੇ ਇਰਾਦਿਆਂ ਦਾ ਪਰਚਮ ਬੜਾ ਉੱਚਾ ਲਹਿਰਾ ਦਿੰਦੇ ਹਨ।

ਸਾਹਿਤ ਬੜਾ ਮਹੱਤਵਪੂਰਨ ਹੁੰਦਾ ਹੈ, ਪਰ ਇਹ ਜ਼ਿੰਦਗੀ ਦਾ ਬਦਲ ਨਹੀਂ ਹੁੰਦਾ।

ਹਕੂਮਤ ਤੜ੍ਹਕ, ਭੜ੍ਹਕ, ਰੜ੍ਹਕ, ਗੜ੍ਹਕ ਤੋਂ ਬਿਨਾਂ ਨਹੀਂ ਚੱਲਦੀ।

ਕਈਆਂ ਨੂੰ ਕਿਸਮਤ ਸਾਰੀਆਂ ਤਿਆਰੀਆਂ ਕਰ ਕੇ ਮਿਲਦੀ ਹੈ; ਉਨ੍ਹਾਂ ਦਾ ਕੰਮ ਕੇਵਲ ਜਨਮ ਲੈਣਾ ਹੀ ਹੁੰਦਾ ਹੈ।

ਕਈ ਰਿਸ਼ਤੇਦਾਰ ਬੁਲਾਏ ਨਹੀਂ ਜਾਂਦੇ, ਫਿਰ ਵੀ ਆਉਂਦੇ ਹਨ; ਕਈ ਬੁਲਾਏ ਜਾਣ 'ਤੇ ਵੀ ਨਹੀਂ ਆਉਂਦੇ, ਕਿਉਂਕਿ ਉਹ ਨੇੜੇ ਦੇ ਰਿਸ਼ਤੇਦਾਰ ਹੁੰਦੇ ਹਨ।

ਸਾਡੇ ਦੇਸ਼ ਦੀ ਜਵਾਨੀ ਦਾ ਹੀ ਨਹੀਂ, ਸਾਡੇ ਸਮੁੱਚੇ ਜੀਵਨ ਦਾ ਮੂੰਹ ਵੀ ਪੱਛਮ ਵੱਲ ਹੋ ਗਿਆ ਹੈ।

ਕਈ ਖ਼ੁਰਾਕਾਂ ਬੜੀਆਂ ਖਾਂਦੇ ਹਨ, ਪਰ ਆਪਣੇ ਮੋਢਿਆਂ ਤੋਂ ਉਹ ਮੁਰਝਾਏ ਹੋਏ ਚਿਹਰੇ ਲਾਹੁਣ ਵਿਚ ਸਫ਼ਲ ਨਹੀਂ ਹੁੰਦੇ।

ਭਾਂਡੇ ਮਾਂਜਣ ਵਾਲੀਆਂ, ਜਵਾਨੀ ਦੀ ਉਡੀਕ ਵਿਚ ਬੁੱਢੀਆਂ ਹੋ ਜਾਂਦੀਆਂ ਹਨ।

ਹਾਜ਼ਰ ਰਹਿਣ ਵਾਲੀ ਥਾਂ 'ਤੇ ਸਾਡੀ ਹਾਜ਼ਰੀ, ਹਰ ਕਿਸੇ ਨੂੰ ਸੁੱਖ ਦੇਵੇਗੀ।

ਵਿਸ਼ਵਾਸ ਵੀ ਤਾਂ ਹੀ ਜਿਊਂਦਾ ਰਹਿੰਦਾ ਹੈ, ਜੇ ਇਸ ਦੀ ਮਹਿਮਾ ਹੁੰਦੀ ਰਹੇ।

ਸਾਡਾ ਭੋਗਿਆ, ਸਹਿਆ, ਸੋਚਿਆ, ਕਲਪਿਆ, ਜੀਵਿਆ ਸਭ ਸਾਡੇ ਅੰਦਰ ਘੁੰਮ ਰਿਹਾ ਹੈ ਅਤੇ ਸਾਨੂੰ ਅੰਦਰੋਂ ਘੁਮਾ ਰਿਹਾ ਹੈ।

ਮਾਂ ਦਾ ਸਨੇਹ, ਸਭ ਤੋਂ ਵੱਧ, ਚਿਰਾਂ ਮਗਰੋਂ ਮੁੜੇ ਪੁੱਤਰ ਨੂੰ, ਭੋਜਨ ਖੁਆਉਣ ਸਮੇਂ ਪ੍ਰਗਟ ਹੁੰਦਾ ਹੈ।

ਕਈ ਲੇਖਕਾਂ ਦੇ ਪਾਠਕ, ਆਲੋਚਕਾਂ ਨਾਲੋਂ ਵੀ ਸਿਆਣੇ ਹੁੰਦੇ ਹਨ।

ਆਪਣੀਆਂ ਅੱਖਾਂ ਰਾਹੀਂ ਵਰ੍ਹ-ਵਰ੍ਹ ਕੇ ਅਸੀਂ ਹਲਕੇ ਹੁੰਦੇ ਹਾਂ, ਕਿਸੇ ਦੀਆਂ ਅੱਖਾਂ ਵਿਚੋਂ ਵਰ੍ਹਦੇ ਅੱਥਰੂਆਂ ਨਾਲ ਭਿੱਜ-ਭਿੱਜ ਕੇ, ਅਸੀਂ ਬੋਝਲ ਹੁੰਦੇ ਜਾਂਦੇ ਹਾਂ।

ਪਰਿਵਾਰ ਵਿਚ, ਬੱਚੇ ਦੇ ਆਉਂਦਿਆਂ ਹੀ ਪਤੀ, ਪਹਿਲਾ ਸਥਾਨ ਗੁਆ ਬੈਠਦਾ ਹੈ।

ਅੰਗਰੇਜ਼ਾਂ ਨੇ ਦੋ ਸਦੀਆਂ ਭਾਰਤ 'ਤੇ ਰਾਜ ਕੀਤਾ, ਪਰ ਨਾ ਉਹ ਭਾਰਤ ਦੀ ਆਤਮਾ ਨੂੰ ਮਹਿਸੂਸ ਕਰ ਸਕੇ, ਨਾ ਹੀ ਉਹ ਭਾਰਤ ਦੀ ਧੜਕਣ ਸੁਣ ਸਕੇ।

ਗੰਭੀਰ ਸੰਕਟ ਦੌਰਾਨ ਜੇ ਆਪਣੇ ਕਾਰਜਾਂ ਦੇ ਸਿੱਟਿਆਂ ਨੂੰ ਧਿਆਨ ਵਿਚ ਰੱਖ ਕੇ ਕਦਮ ਚੁੱਕੇ ਜਾਣ ਤਾਂ ਸੰਕਟ ਲੋਪ ਹੋ ਜਾਂਦਾ ਹੈ, ਜੇ ਇਵੇਂ ਨਾ ਕੀਤਾ ਜਾਵੇ ਤਾਂ ਅਸੀਂ ਲੋਪ ਹੋ ਜਾਂਦੇ ਹਾਂ।

ਅੱਥਰੂ ਕਿਤਨਾ ਕੁਝ ਕਹਿ ਦਿੰਦੇ ਹਨ, ਕਿਤਨਾ ਕੁਝ ਸੁਣਿਆ ਜਾਂਦਾ ਹੈ; ਇਹ ਆਪ ਗਵਾਚ ਜਾਂਦੇ ਹਨ, ਪਰ ਕਿਸੇ ਨੂੰ ਲੱਭ ਕੇ ਨੇੜੇ ਲੈ ਆਉਂਦੇ ਹਨ।

ਨਿਮਰਤਾ ਨਾਲ ਨਿਵੇਂਗਾ ਉਹ, ਜਿਸ ਵਿਚ ਜਾਨ ਹੋਵੇਗੀ; ਆਕੜਨਾ ਮੁਰਦਿਆਂ ਦਾ ਲੱਛਣ ਹੁੰਦਾ ਹੈ।

ਦੇਸ਼ ਦੇ ਕਈ ਸੰਕਟ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਹੱਲ ਕਰਨ ਵਾਸਤੇ ਪਰਜਾਤੰਤਰ ਦੀ ਨਹੀਂ, ਤਾਨਾਸ਼ਾਹੀ ਦੀ ਲੋੜ ਪੈਂਦੀ ਹੈ।

ਅੰਨ੍ਹੇਪਣ ਦੀ ਸਭ ਤੋਂ ਨੀਵੀਂ ਵਰਤੋਂ, ਮੰਗਤਾ ਬਣਨਾ ਹੁੰਦੀ ਹੈ।

ਜਦੋਂ ਸਮਾਜ ਵਿਚ ਵਿਕਾਸ ਨਾ ਵਾਪਰੇ ਤਾਂ ਸਾਰੇ ਦੇਸ਼ ਵਿਚ ਭ੍ਰਿਸ਼ਟਾਚਾਰ, ਪਖੰਡ, ਹਿੰਸਾ ਅਤੇ ਜੁਰਮ ਵਧਦੇ ਹਨ।

ਇਮਤਿਹਾਨਾਂ ਦਾ ਉਦੇਸ਼, ਤੂੜੀ ਅਤੇ ਕਣਕ ਨੂੰ ਵੱਖਰਾ ਕਰਨਾ ਹੁੰਦਾ ਹੈ।

ਲਾਇਕ ਵਿਦਿਆਰਥੀ, ਪ੍ਰੀਖਿਆਵਾਂ ਵਿਚ ਚੰਗੇ ਨੰਬਰ ਲੈ ਕੇ, ਆਪਣੇ ਚੰਗੇ ਅਧਿਆਪਕਾਂ ਪ੍ਰਤੀ, ਆਪਣਾ ਸਤਿਕਾਰ ਭੇਟ ਕਰਦੇ ਹਨ।

ਵੱਡੇ ਸ਼ਹਿਰਾਂ ਵਿਚ, ਵੱਡੇ-ਵੱਡੇ ਕਾਰਨਾਮੇ ਵੀ, ਰੌਲੇ ਦੀ ਭੇਟ ਚੜ੍ਹ ਜਾਂਦੇ ਹਨ।

ਜ਼ਿੰਦਗੀ ਇਤਨਾ ਵੱਡਾ ਵਰਤਾਰਾ ਹੈ ਕਿ ਲੱਖਾਂ ਵਾਰ ਵਿਆਖਿਆ ਕੀਤੇ ਜਾਣ ਦੇ ਬਾਵਜੂਦ, ਇਹ ਪੂਰੀ ਤਰ੍ਹਾਂ ਕਿਸੇ ਨੂੰ ਸਮਝ ਨਹੀਂ ਆਇਆ।

ਰਾਜਨੀਤੀ, ਪਿਆਰ ਅਤੇ ਵਪਾਰ ਵਿਚ, ਅਸੂਲਾਂ ਨੂੰ ਅਨੇਕਾਂ ਵਾਰ, ਨਜ਼ਰ-ਅੰਦਾਜ਼ ਕਰਨਾ ਪੈਂਦਾ ਹੈ।

ਅਮਰੀਕਾ ਵਿਚ ਬਹੁਤਿਆਂ ਦਾ ਸੁਪਨਾ, ਅਮਰੀਕਾ ਦਾ ਰਾਸ਼ਟਰਪਤੀ ਬਣਨਾ ਹੁੰਦਾ ਹੈ; ਦਰਜਨਾਂ ਨੇ ਇਹ ਸੁਪਨਾ ਪੂਰਾ ਵੀ ਕਰ ਵਿਖਾਇਆ ਹੈ।

ਸਰੀਰ, ਥਕਾਵਟ ਨੂੰ ਭੁੱਲਦਾ ਨਹੀਂ; ਜੇ ਅਰਾਮ ਨਹੀਂ ਕਰੋਗੇ ਤਾਂ ਥਕਾਵਟ ਇਕੱਠੀ ਹੋ ਕੇ, ਬਿਮਾਰੀ ਬਣ ਕੇ, ਸਰੀਰ ਨੂੰ ਢਾਹ ਲਵੇਗੀ।

ਜਿਸ ਖੇਤਰ ਵਿਚ ਪ੍ਰਸਿਧ ਅਤੇ ਅਮੀਰ ਹੋਣਾ ਸੰਭਵ ਨਹੀਂ ਹੁੰਦਾ, ਉਹ ਖੇਤਰ ਜੋਗ ਅਤੇ ਮਿਹਨਤੀ ਵਿਅਕਤੀਆਂ ਨੂੰ ਪ੍ਰਭਾਵਿਤ ਨਹੀਂ ਕਰਦਾ।

ਪਿਆਰ ਵਿਚ ਤਲਾਕ ਲਈ ਥਾਂ ਨਹੀਂ ਹੁੰਦੀ।

ਮਨੋਵਿਸ਼ਲੇਸ਼ਣ ਨੇ ਮਨੁੱਖ ਨੂੰ, ਸਧਾਰਨ ਕਾਰਜਾਂ ਦੇ, ਗੁੰਝਲਦਾਰ ਅਰਥ ਕੱਢਣ ਦਾ ਰੋਗ ਲਾਇਆ ਹੈ।

ਜੀਵਨ ਵਿਚ ਅਸਫ਼ਲਤਾਵਾਂ, ਹਾਰਾਂ ਅਤੇ ਦੁੱਖਾਂ ਕਾਰਨ ਹੀ ਜਿੱਤ, ਮਿਹਨਤ ਅਤੇ ਪ੍ਰਸੰਨਤਾ, ਅਰਥਪੂਰਣ ਸੰਕਲਪ ਬਣੇ ਹਨ।

ਕਈ ਇਸਤਰੀਆਂ ਕੋਲ, ਗੁਣਾਂ ਦਾ ਦਾਜ ਹੁੰਦਾ ਹੈ।

ਜੇ ਔਲਾਦ ਸਾਂਭੀ ਨਾ ਜਾਵੇ ਤਾਂ ਇਹ ਮਾਪਿਆਂ ਨੂੰ ਬਰਬਾਦ ਕਰ ਦਿੰਦੀ ਹੈ।

ਗੁਣਵਾਨਾਂ ਨੂੰ ਸਲਾਹੁਣਾ, ਖ਼ੁਸ਼ਹਾਲ ਦੇਸ਼ਾਂ ਦਾ ਲੱਛਣ ਹੁੰਦਾ ਹੈ, ਭਾਰਤ ਵਿਚ ਜ਼ਾਤ-ਪਾਤ ਕਾਰਨ, ਅਸੀਂ ਹਰ ਕਿਸੇ ਨੂੰ ਭੰਡਣ-ਨਿੰਦਣ ਵਿਚ ਹੀ ਮਾਹਿਰ ਹਾਂ।

ਭਗਦੜ ਅਕਸਰ ਪੁਲ ਪਾਰ ਕਰਨ ਅਤੇ ਪੌੜੀਆਂ ਚੜ੍ਹਨ ਸਮੇਂ ਵਾਪਰਦੀ ਹੈ।

ਸੁੰਨੀਆਂ ਥਾਵਾਂ 'ਤੇ ਪਈਆਂ ਚੀਜ਼ਾਂ, ਚੋਰੀ ਹੋਣ ਲਈ ਕਾਹਲੀਆਂ ਪੈ ਜਾਂਦੀਆਂ ਹਨ।

ਮੱਝਾਂ ਚਾਰਨ ਵਾਲੇ ਆਪਣੇ ਆਪ ਨੂੰ ਰਾਂਝਾ ਅਤੇ ਊਠ ਪਾਲਣ ਵਾਲੇ ਆਪਣੇ ਆਪ ਨੂੰ ਪੁਨੂੰ ਸਮਝਦੇ ਹਨ, ਜਿਸ ਕਾਰਨ ਇਨ੍ਹਾਂ ਦੇ ਸੁਭਾਓ ਵਿਚ ਹੀ ਆਸ਼ਕੀ ਅਤੇ ਦੀਵਾਨਗੀ ਹੁੰਦੀ ਹੈ।

ਪੁਰਸ਼: ਅਸੀਂ ਫਿਰ ਕਦੋਂ ਮਿਲਾਂਗੇ?
ਇਸਤਰੀ: ਅਸੀਂ ਫਿਰ ਕਦੀ ਮਿਲਾਂਗੇ?

ਧਰਮ ਉਪਦੇਸ਼ ਹੀ ਦਿੰਦਾ ਹੈ, ਪਰ ਆਪ ਇਹ ਕਿਸੇ ਦੀ ਕੋਈ ਗੱਲ ਨਹੀਂ ਮੰਨਦਾ।

ਸ਼ਰਮ ਅਤੇ ਹਯਾ ਔਰਤ ਦੇ ਗਹਿਣੇ ਹੁੰਦੇ ਹਨ, ਪਰ ਜੇ ਸੋਨੇ ਦੇ ਗਹਿਣੇ ਬਹੁਤ ਪਾਏ ਹੋਣ ਤਾਂ ਸ਼ਰਮ ਅਤੇ ਹਯਾ ਪਹਿਨਣ ਲਈ ਥਾਂ ਹੀ ਨਹੀਂ ਬਚਦੀ।

ਪੰਛੀ ਕੁਦਰਤ ਦੀ ਗੋਦ ਵਿਚ ਪਲਦੇ ਹਨ, ਕੁਦਰਤ ਧਿਆਨ ਰੱਖਦੀ ਹੈ ਕਿ ਕੋਈ ਪੰਛੀ, ਭੋਜਨ ਤੋਂ ਬਿਨਾਂ ਨਾ ਸੌਂਵੇ।

ਕੁਝ ਇਤਨੇ ਕੀਮਤੀ ਹੁੰਦੇ ਹਨ ਕਿ ਉਨ੍ਹਾਂ ਨੂੰ ਖਰੀਦਣ ਲਈ ਅਸੀਂ ਆਪ ਵਿਕਣ ਲਈ ਤਿਆਰ ਹੋ ਜਾਂਦੇ ਹਾਂ, ਪਰ ਕੀ ਕਰੀਏ, ਉਹ ਕੀਮਤ ਨਾਲ ਨਹੀਂ, ਕਿਸਮਤ ਨਾਲ ਮਿਲਦੇ ਹਨ।

ਪਰਮਾਤਮਾ ਵਿਚ ਵਿਸ਼ਵਾਸ ਕਰਨ ਨਾਲ ਪਹਾੜ ਨੀਵੇਂ ਨਹੀਂ ਹੋ ਜਾਂਦੇ, ਉਨ੍ਹਾਂ ਨੂੰ ਫ਼ਤਹਿ ਕਰਨ ਵਾਲਾ ਹੌਸਲਾ ਉੱਚਾ ਹੋ ਜਾਂਦਾ ਹੈ।

ਜੇ ਜਵਾਨੀ ਵਿਚ ਨਾਦਾਨੀਆਂ ਨਹੀਂ ਕਰੋਗੇ ਤਾਂ ਬੁਢਾਪੇ ਵਿਚ ਹੱਸ ਨਹੀਂ ਸਕੋਗੇ।

ਕਿਧਰੇ ਵੀ ਵਕਤ ਸਿਰ ਪਹੁੰਚਣਾ ਮੁਸ਼ਕਿਲ ਹੁੰਦਾ ਹੈ, ਪਰ ਹਰ ਥਾਂ ਵਕਤ ਤੋਂ ਪਹਿਲਾਂ ਪਹੁੰਚਣਾ ਸੌਖਾ ਹੁੰਦਾ ਹੈ।

ਕਾਲ-ਕੋਠੜੀ ਵਿਚ ਬੰਦ ਕੀਤੇ ਜਾਣ ਦੀ ਸਜ਼ਾ, ਤਨ ਉੱਤੇ ਨਹੀਂ, ਮਨ ਉੱਤੇ ਮਾਰ ਕਰਦੀ ਹੈ।

ਨਵੀਆਂ ਥਾਵਾਂ 'ਤੇ ਜਾਣਾ ਅਤੇ ਨਵੇਂ ਲੋਕਾਂ ਨਾਲ ਮੇਲ-ਜੋਲ ਉਸਾਰਨਾ ਵੀ ਸਿੱਖਿਆ ਹੁੰਦੀ ਹੈ; ਇਸੇ ਕਰਕੇ ਯਾਤਰਾ ਦਾ ਮਹੱਤਵ ਹੈ।

ਪ੍ਰਭਾਤ ਦੇ ਦਰਸ਼ਨ ਖੁੱਲ੍ਹੇ ਨੈਣਾਂ ਨਾਲ ਕਰੋ, ਤੁਹਾਡੇ ਕਾਰਜਾਂ ਵਿਚ ਬਰਕਤ ਪਏਗੀ।

ਪਿਆਰ ਕਰਨ ਵਾਲੇ ਵਿਛੜ ਕੇ, ਇਕ-ਦੂਜੇ ਦੇ ਬਹੁਤ ਨੇੜੇ ਹੋ ਜਾਂਦੇ ਹਨ; ਉਹ ਵਿਛੜ ਕੇ ਹੀ ਜਾਣਦੇ ਹਨ ਕਿ ਇਕ ਨੂੰ, ਦੂਜੇ ਦੀ ਕਿਤਨੀ ਲੋੜ ਹੁੰਦੀ ਹੈ।

ਕਿਸੇ ਤਸਵੀਰ ਦਾ ਸਿਰਲੇਖ, ਅਕਸਰ ਤਸਵੀਰ ਨੂੰ ਸਮਝਾਉਣ ਨਾਲੋਂ ਵੀ ਵੱਧ ਉਚਿਆਉਣ ਲਈ ਲਿਖਿਆ ਜਾਂਦਾ ਹੈ।

ਪ੍ਰਸੂਤ-ਪੀੜਾਂ ਨੂੰ, ਉਪਜਾਉਂਦਾ ਬੱਚਾ ਹੈ, ਸਹਿੰਦੀ ਮਾਂ ਹੈ।

ਵੱਡੇ ਖੰਦਿਆਂ ਦੇ ਦਰਸ਼ਨ, ਗਿਆਨ ਦੀਆਂ ਪੌੜੀਆਂ ਚੜ੍ਹ ਕੇ ਹੀ ਹੁੰਦੇ ਹਨ।

ਕਿਸੇ ਵੀ ਦੇਸ਼ ਵਿਚ, ਕਿਸੇ ਵਿਅਕਤੀ ਲਈ ਆਪਣਾ ਘਰ ਛੱਡਣਾ ਕਦੇ ਵੀ ਜਸ਼ਨ ਨਹੀਂ ਹੁੰਦਾ, ਜਸ਼ਨ ਆਪਣੇ ਘਰ ਪਰਤਣਾ ਹੁੰਦਾ ਹੈ।

ਕੈਮਰਾ, ਇਕ-ਅੱਖਾ ਹੁੰਦਾ ਹੈ, ਕਾਣਾ ਨਹੀਂ ਹੁੰਦਾ।

ਜ਼ਿੰਦਗੀ ਦੇ ਸਾਰੇ ਅਰਥ ਅਤੇ ਉਦੇਸ਼, ਸੁਤੰਤਰਤਾ ਵਿਚੋਂ ਉਪਜਦੇ ਹਨ।

ਕਈ ਘਰਾਂ ਵਿਚ ਰਿਸ਼ਤੇ ਦੀ ਜਕੜ ਤਾਂ ਹੁੰਦੀ ਹੈ, ਪਕੜ ਕੋਈ ਨਹੀਂ ਹੁੰਦੀ।

ਚੁੱਪ, ਆਪਣੇ ਆਪ ਨਾਲ ਜਾਣ-ਪਛਾਣ ਕਰਵਾਉਂਦੀ ਹੈ; ਬੋਲਣਾ, ਸੰਸਾਰ ਨਾਲ ਸਾਂਝ ਪਾਉਂਦਾ ਹੈ।

ਵਕਤ ਦੇ ਬੀਤਣ ਨਾਲ ਕਰਾਂਤੀਕਾਰੀਆਂ ਦੀਆਂ ਮਿਸ਼ਾਲਾਂ ਬੁਝ ਜਾਂਦੀਆਂ ਹਨ, ਪਰ ਡੰਡੇ ਉਨ੍ਹਾਂ ਦੇ ਹੱਥਾਂ ਵਿਚ ਹੀ ਰਹਿੰਦੇ ਹਨ।

ਕਿਉਂ ਗਿਣ-ਗਿਣ ਕੇ ਉਸ ਤੋਂ ਮੰਗਦੇ ਹੋ, ਜਿਹੜਾ ਬੇਹਿਸਾਬ ਦਿੰਦਾ ਹੈ?

ਪੁਰਾਣੇ ਜ਼ਮਾਨੇ ਵਿਚ ਘੜੀ ਕਿਸੇ ਕੋਲ ਨਹੀਂ ਸੀ ਹੁੰਦੀ, ਪਰ ਵਕਤ ਹਰ ਕਿਸੇ ਕੋਲ ਹੁੰਦਾ ਸੀ; ਹੁਣ ਘੜੀ ਹਰ ਕਿਸੇ ਕੋਲ ਹੈ, ਪਰ ਵਕਤ ਕਿਸੇ ਕੋਲ ਨਹੀਂ ।

ਮੇਰੀ ਪਿਆਰੀ, ਅੱਜ ਰਾਤ ਵੇਲੇ ਤਾਰੇ ਗਿਣੀਂ, ਜਿਤਨੇ ਗਿਣ ਸਕੇਂ, ਸਮਝੀਂ, ਤੂੰ ਮੈਨੂੰ ਉਤਨਾ ਪਿਆਰ ਕਰਦੀ ਹੈਂ; ਜਿਤਨੇ ਗਿਣਨੋਂ ਰਹਿ ਜਾਣ, ਸਮਝੀਂ, ਉਤਨਾ ਮੈਂ ਤੈਨੂੰ ਪਿਆਰ ਕਰਦਾ ਹਾਂ।

ਵੱਡੇ ਬਦਲਾਓ ਸਾਡੇ ਸੌਣ ਦੌਰਾਨ ਵਾਪਰਦੇ ਹਨ; ਰਾਤ ਦੌਰਾਨ ਦਿਨ, ਮਹੀਨਾ, ਸਾਲ, ਦਹਾਕਾ, ਸਦੀ ਬਦਲ ਜਾਂਦੀ ਹੈ।

ਅਸਹਿਮਤੀ ਇਸ ਲਈ ਨਹੀਂ ਉਪਜਦੀ ਕਿ ਸਹਿਮਤੀ ਦੀ ਘਾਟ ਹੁੰਦੀ ਹੈ, ਸਗੋਂ ਇਸ ਲਈ ਉਪਜਦੀ ਹੈ ਕਿ ਸਹਿਮਤ ਹੋਣ ਦੀ ਜਾਚ ਹੀ ਨਹੀਂ ਆਉਂਦੀ।

ਜੇ ਵਕਤ ਨੂੰ ਵਿਉਂਤ ਲਿਆ ਜਾਵੇ ਤਾਂ ਜ਼ਿੰਦਗੀ ਵਿਉਂਤੀ ਜਾਂਦੀ ਹੈ।

ਮਨੁੱਖ, ਸੰਪੂਰਣ-ਭਾਂਤ ਅਧੂਰਾ ਹੈ।

ਉਧਾਰ ਲੈਣ ਵਾਲਾ, ਅੰਗੂਠਾ ਲਾਉਣ ਤੋਂ ਮਗਰੋਂ, ਉਧਾਰ ਦੇਣ ਵਾਲੇ ਨੂੰ ਅੰਗੂਠਾ ਵਿਖਾਉਣ ਲੱਗ ਪੈਂਦਾ ਹੈ।

ਹਿੰਸਾ ਜੀਵਨ ਦਾ ਯਥਾਰਥ ਹੈ, ਪਰ ਜੀਵਨ ਦਾ ਉਦੇਸ਼ ਸ਼ਾਂਤੀ ਹੈ; ਝੂਠ ਜੀਵਨ ਦਾ ਭਾਗ ਹੈ, ਪਰ ਜੀਵਨ ਵਿਚ ਮਹਿਮਾ ਸੱਚ ਦੀ ਹੈ; ਬੇਈਮਾਨੀ ਜ਼ਿੰਦਗੀ ਦਾ ਅੰਗ ਹੈ, ਪਰ ਜੀਵਨ ਦਾ ਆਦਰਸ਼ ਇਮਾਨਦਾਰੀ ਹੈ; ਜੀਵਨ ਵਿਚ ਦੁੱਖ ਹਨ, ਪਰ ਜੀਵਨ ਦੀ ਤਾਂਘ ਸੁੱਖ ਦੀ ਹੈ।

ਯਥਾਰਥ ਨੂੰ ਧਿਆਨ ਵਿਚ ਰੱਖ ਕੇ ਕਾਰਜ ਕਰੋਗੇ, ਸਮੱਸਿਆਵਾਂ ਹੱਲ ਹੋਣਗੀਆਂ; ਯਥਾਰਥ ਦਾ ਵਿਰੋਧ ਕਰਦਿਆਂ ਕੰਮ ਕਰੋਗੇ, ਮੁਸ਼ਕਿਲਾਂ ਉਪਜਣਗੀਆਂ।

ਵਿਚਾਰ ਕਿਸੇ ਦੀ ਮਲਕੀਅਤ ਨਹੀਂ ਹੁੰਦੇ, ਇਨ੍ਹਾਂ ਦਾ ਮਾਲਕ ਉਹ ਹੁੰਦਾ ਹੈ, ਜਿਹੜਾ ਇਨ੍ਹਾਂ ਤੋਂ ਲਾਭ ਉਠਾਉਂਦਾ ਹੈ।

ਜਿਹੜੇ ਬਚਪਨ ਵਿਚ ਇਕ ਸਾਲ ਵਿਚ ਦੋ ਜਮਾਤਾਂ ਕਰਦੇ ਹਨ, ਉਹ ਮਗਰੋਂ ਦੋ ਸਾਲਾਂ ਵਿਚ ਇਕ ਵੀ ਨਹੀਂ ਕਰਦੇ।

ਗੈਲੀਲਓ ਅਤੇ ਕਾਪਰਨੀਕਸ ਨੇ ਧਰਤੀ-ਸੂਰਜ ਦੀ ਚਾਲ ਬਾਰੇ ਉਦੋਂ ਸੋਚਿਆ ਸੀ, ਜਦੋਂ ਧਰਮ ਵਾਲੇ, ਕੁਝ ਵੀ ਸੋਚਣ ਵਾਲੇ ਦਾ, ਸਿਰ ਲਾਹ ਦਿੰਦੇ ਸਨ।

ਜਿਨ੍ਹਾਂ ਨੂੰ ਕੰਮ-ਨਾ-ਕਾਰ, ਰਹਿੰਦੇ ਹਨ ਉਹ ਹਰ ਵੇਲੇ ਲੜਨ ਨੂੰ ਤਿਆਰ।

ਜਹਾਦੀ ਮਰੇ ਤਾਂ ਸ਼ਹੀਦ, ਮਾਰੇ ਤਾਂ ਗਾਜ਼ੀ।

ਸਵੈ-ਪ੍ਰਗਟਾਵੇ ਨਾਲ, ਮਨੁੱਖ ਨੂੰ ਸ਼ਾਂਤੀ ਮਿਲਦੀ ਹੈ।

ਸਫ਼ਲ ਵਿਅਕਤੀ ਦੀ ਤਲਾਸ਼ ਨਾ ਕਰੋ, ਆਪ ਸਫ਼ਲ ਬਣੋ।

ਜੀਵਨ ਵਿਚ ਸੁਪਨਿਆਂ ਦਾ ਮਹੱਤਵ ਇਸ ਲਈ ਹੈ, ਕਿਉਂਕਿ ਇਹ ਯਥਾਰਥ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ।

ਕਿਤਾਬਾਂ, ਕਲਪਨਾ ਅਤੇ ਕਲਮ ਦੀ ਔਲਾਦ ਹੁੰਦੀਆਂ ਹਨ।

ਧਰਤੀ ਸਿਆਣਿਆਂ ਅਤੇ ਮੂਰਖਾਂ, ਦੋਹਾਂ ਦਾ ਭਾਰ ਪ੍ਰਸੰਨਤਾ ਨਾਲ ਝੱਲਦੀ ਹੈ।

ਕੋਈ ਨਹੀਂ ਸੁਣੇਗਾ ਕਿ ਤੁਸੀਂ ਕੀ ਬਣਨਾ ਚਾਹੁੰਦੇ ਹੋ; ਕੁਝ ਬਣ ਕੇ ਵਿਖਾਓ, ਸਾਰੇ ਬੜੇ ਧਿਆਨ ਨਾਲ ਸੁਣਨਗੇ।

ਵੱਡੇ ਆਗੂ, ਇਸਤਰੀਆਂ ਨਾਲ ਨਾਜਾਇਜ਼ ਸਬੰਧ ਇਸ ਲਈ ਉਸਾਰਨ ਲੱਗ ਪੈਂਦੇ ਹਨ, ਕਿਉਂਕਿ ਉਹ ਨਿੱਤ-ਦਿਨ ਦੀਆਂ ਅਕਾਊ ਸਮੱਸਿਆਵਾਂ ਦੀ ਕੈਦ ਵਿਚੋਂ ਬਾਹਰ ਨਿਕਲਣਾ ਚਾਹੁੰਦੇ ਹਨ ਅਤੇ ਕੁਝ ਅਜਿਹਾ ਕਰਨਾ ਚਾਹੁੰਦੇ ਹਨ, ਜੋ ਨਿਤਾ-ਪ੍ਰਤੀ ਦੇ ਕਾਰਜਾਂ ਨਾਲੋਂ ਵੱਖਰਾ ਅਤੇ ਦਿਲਚਸਪ ਹੋਵੇ।

ਬੱਚਿਆਂ ਨੂੰ ਪਿਆਰ ਕਰਨਾ ਚੰਗੀ ਗੱਲ ਹੈ, ਪਰ ਲਾਡ ਕਰਨਾ ਚੰਗੀ ਗੱਲ ਨਹੀਂ; ਪਿਆਰ ਨਾਲ ਬੱਚਿਆਂ ਦੀ ਯੋਗਤਾ ਵਧਦੀ ਹੈ, ਲਾਡ ਕਾਰਨ ਇਹ ਉਪਜਦੀ ਹੀ ਨਹੀਂ।

ਚੰਗੇ ਅਤੇ ਦਿਲਚਸਪ ਵਿਚਾਰਾਂ ਨੂੰ ਲਿਖ ਲਵੋ, ਨਹੀਂ ਤਾਂ ਇਹ ਛੱਤਰੀਆਂ, ਚਾਬੀਆਂ, ਰੁਮਾਲਾਂ, ਕਲਮਾਂ ਅਤੇ ਐਨਕਾਂ ਵਾਂਗ ਗੁਆਚ ਜਾਣਗੇ।

ਜੇ ਸ਼ਿਕਾਇਤ ਦਾ ਜਲਦੀ ਨਿਪਟਾਰਾ ਨਾ ਕੀਤਾ ਜਾਵੇ ਤਾਂ ਇਹ ਦੇਰੀ, ਆਪਣੇ-ਆਪ ਵਿਚ, ਇਕ ਨਵੀਂ ਸ਼ਿਕਾਇਤ ਬਣ ਜਾਂਦੀ ਹੈ।

ਜਦੋਂ ਉਦਾਸ ਹੋਵੋਗੇ, ਸੰਸਾਰ ਨਜ਼ਰ-ਅੰਦਾਜ਼ ਕਰੇਗਾ; ਜਦੋਂ ਪ੍ਰਸੰਨ ਹੋਵੋਗੇ, ਜ਼ਿੰਦਗੀ ਸ਼ਾਬਾਸ਼ ਕਹੇਗੀ, ਪਰ ਜਦੋਂ ਹੋਰਾਂ ਨੂੰ ਪ੍ਰਸੰਨ ਕਰੋਗੇ, ਦੁਨੀਆਂ ਸਲਾਮ ਕਰੇਗੀ।

ਪਿਆਰ, ਦੂਜੇ ਦੇ ਸੁਪਨਿਆਂ ਵਿਚੋਂ, ਆਪਣੇ-ਆਪ ਨੂੰ ਲੱਭਦੇ ਰਹਿਣ ਦਾ ਉਪਰਾਲਾ ਹੁੰਦਾ ਹੈ।

ਸਿੱਖ ਧਰਮ ਵਿਚ ਸੋਗ ਜਿਤਨਾ ਵੱਡਾ ਹੁੰਦਾ ਹੈ, ਉਸ ਨੂੰ ਉਤਨੇ ਹੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ; ਤੱਤੀ ਤਵੀ ਦਾ ਸੋਗ ਛਬੀਲਾਂ ਨਾਲ ਅਤੇ ਸਰਹਿੰਦ ਦੀਆਂ ਕੰਧਾਂ ਦਾ ਸੋਗ, ਦੇਗਾਂ ਵਰਤਾਉਣ ਨਾਲ ਮਨਾਇਆ ਜਾਂਦਾ ਹੈ।

ਭੁੱਖ ਦਾ ਕੋਈ ਨੇਮ ਨਹੀਂ ਹੁੰਦਾ, ਭੁੱਖ ਕਿਸੇ ਨੇਮ ਨੂੰ ਨਹੀਂ ਮੰਨਦੀ।

ਜ਼ਿੰਦਗੀ ਵਿਚ ਕਈ ਹਾਦਸੇ ਅਜਿਹੇ ਵੀ ਹੁੰਦੇ ਹਨ ਕਿ ਅਸੀਂ ਬਚ ਤਾਂ ਜਾਂਦੇ ਹਾਂ, ਪਰ ਜ਼ਿੰਦਾ ਨਹੀਂ ਰਹਿੰਦੇ।

ਜਦੋਂ ਪਤੀ-ਪਤਨੀ ਦੀ ਗੱਲਬਾਤ ਵਿਚ 'ਮੈਂ ਹਮੇਸ਼ਾਂ....' ਅਤੇ 'ਤੂੰ ਕਦੇ ਨਹੀਂ....' ਦੀ ਵਰਤੋਂ ਅਰੰਭ ਹੋ ਜਾਵੇ ਤਾਂ ਰਿਸ਼ਤਾ ਟੁੱਟਣ ਦੇ ਰਾਹ ਪੈ ਜਾਂਦਾ ਹੈ।

ਦੂਜਿਆਂ ਦੇ ਵਿਸ਼ਵਾਸਾਂ ਨੂੰ ਠੇਸ ਪਹੁੰਚਾਓਗੇ ਤਾਂ ਸੱਟਾਂ ਤੁਹਾਨੂੰ ਲੱਗਣਗੀਆਂ।

ਪੈਸਾ ਮੁੱਕਣ ਨਾਲ, ਮਨੁੱਖ ਦੀ ਸੁਤੰਤਰਤਾ ਮੁੱਕ ਜਾਂਦੀ ਹੈ।

ਕਲਾਕਾਰ ਦੀ ਸ਼ਕਤੀ, ਭੇਡ-ਚਾਲ ਤੋਂ ਉਲਟ ਚੱਲਣ ਵਿਚ ਹੁੰਦੀ ਹੈ।

ਇਕ ਚੰਗਾ ਸਵਾਲ, ਕਈ ਨਵੇਂ ਸਵਾਲ ਸਿਰਜਦਾ ਹੈ।

ਪਿਆਰ ਨੂੰ ਤੋਲਣ ਲਈ, ਹੰਝੂਆਂ ਅਤੇ ਹੌਕਿਆਂ ਦੀ ਤੱਕੜੀ ਵਰਤੀ ਜਾਂਦੀ ਹੈ।

ਰੱਬ ਕਰੇ ਸਾਰੇ ਮਕਾਨ, ਘਰ ਬਣ ਜਾਣ।

ਟੈਲੀਫੋਨ ਦੀ ਕਾਢ ਕੱਢਣ ਵਾਲੇ ਗ੍ਰਾਹਮ ਬੈਲ ਨੇ, ਪਹਿਲੀ ਗੱਲਬਾਤ 'ਹੈਲੋ' ਨਾਂ ਦੀ ਇਸਤਰੀ ਨਾਲ ਕੀਤੀ ਸੀ ਅਤੇ ਉਦੋਂ ਤੋਂ ਸਾਰੇ ਸੰਸਾਰ ਵਿਚ, ਟੈਲੀਫੋਨ 'ਤੇ ਗੱਲਬਾਤ ਕਰਨ ਲਈ ਮੁੱਢਲਾ ਸ਼ਬਦ ਹੈਲੋ ਪ੍ਰਚਲਿਤ ਹੋ ਗਿਆ ਹੈ।

ਕਾਲਜ-ਸਿੱਖਿਆ ਦਾ ਉਦੇਸ਼, ਅਨੁਸ਼ਾਸਨ ਸਿੱਖਣਾ-ਸਿਖਾਉਣਾ ਹੁੰਦਾ ਹੈ, ਪਰ ਕਈ ਅਨੁਸ਼ਾਸਨ ਤੋੜਨ ਲਈ ਹੀ ਕਾਲਜ ਜਾਂਦੇ ਹਨ।

ਜੱਟ ਨੂੰ ਖੇਤ ਵਿਚ, ਬਾਣੀਏ ਨੂੰ ਦੁਕਾਨ ਵਿਚ, ਇਸਤਰੀ ਨੂੰ ਰਸੋਈ ਵਿਚ, ਮਲਾਹ ਨੂੰ ਬੇੜੀ ਵਿਚ, ਨਹੀਂ ਛੇੜਨਾ ਚਾਹੀਦਾ।

ਜੇ ਪਤਨੀ ਦਿਲ ਮੋਹ ਲਵੇ ਤਾਂ ਮਾਂ ਗਵਾਂਢਣ ਜਿਹੀ ਲੱਗਣ ਲੱਗ ਪੈਂਦੀ ਹੈ।

ਸੰਸਾਰ ਵਿਚ ਮਾਂ ਦਾ ਮਹੱਤਵ ਬਣਿਆ ਰਹੇਗਾ, ਕਿਉਂਕਿ ਦੁੱਖ ਵੇਲੇ ਬੰਦੇ ਨੇ 'ਹਾਏ ਮਾਂ' ਕਹਿਣਾ ਹੁੰਦਾ ਹੈ।

ਟੱਬਰ ਹੱਸਦਾ ਹੋਵੇ ਅਤੇ ਘਰ ਵੱਸਦਾ ਹੋਵੇ ਤਾਂ ਸਾਕਾਂ ਦਾ ਹੜ੍ਹ ਆ ਜਾਂਦਾ ਹੈ।

ਕਈ ਕਿਸੇ ਸਕੂਲ ਨਹੀਂ ਗਏ ਹੁੰਦੇ, ਪਰ ਉਹ ਜ਼ਿੰਦਗੀ ਦੇ ਸਾਰੇ ਸਬਕ, ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ।

ਬੱਚੇ ਨੂੰ ਸਕੂਲ ਵਿਚ ਦਾਖ਼ਲ ਕਰਵਾਉਣ ਨਾਲ, ਪੜ੍ਹਾਈ ਸਬੰਧੀ ਮਾਪਿਆਂ ਦੀ ਜ਼ਿੰਮੇਵਾਰੀ ਮੁੱਕ ਨਹੀਂ ਜਾਂਦੀ, ਸ਼ੁਰੂ ਹੁੰਦੀ ਹੈ।

ਹੁਣ ਅਧਿਆਪਕਾਂ ਨੂੰ ਸਵੀਕਾਰਨ ਤੋਂ ਝਿਜਕਣਾ ਨਹੀਂ ਚਾਹੀਦਾ ਕਿ ਕਈ ਵਿਦਿਆਰਥੀ, ਉਨ੍ਹਾਂ ਦੇ ਵਿਸ਼ੇ ਬਾਰੇ ਉਨ੍ਹਾਂ ਨਾਲੋਂ ਵੱਧ ਜਾਣਦੇ ਹੁੰਦੇ ਹਨ।

ਲਗਭਗ ਵੀਹ ਸਾਲ ਦੀ ਉਮਰ ਵਿਚ ਪੈਣ ਵਾਲੇ ਪਹਿਲੇ ਪਿਆਰ ਵਿਚ, ਵਿਆਹ ਦੀ ਇੱਛਾ, ਪਿਆਰ ਦੀ ਇੱਛਾ ਨਾਲੋਂ ਵੀ ਮਜ਼ਬੂਤ ਹੁੰਦੀ ਹੈ।

ਜ਼ਿੰਦਗੀ ਦੀ ਰਗੜ ਸਹਿਣ ਤੋਂ ਬਿਨਾਂ, ਕੋਈ ਤਿੱਖਾ ਨਹੀਂ ਹੁੰਦਾ।

ਲਾਇਕ ਬੱਚੇ ਸਭ ਕੁਝ ਜਲਦੀ ਸਮਝ ਜਾਂਦੇ ਹਨ, ਪਰ ਇਨ੍ਹਾਂ ਨੂੰ ਨਿਰੰਤਰ ਰੁਝਾਈ ਰੱਖਣਾ ਮੁਸ਼ਕਿਲ ਹੁੰਦਾ ਹੈ।

ਜੇ ਵਿਦਿਆਰਥੀ ਲਾਇਕ ਹੋਣ ਤਾਂ ਅਧਿਆਪਕਾਂ ਨੂੰ ਵਧੇਰੇ ਅਤੇ ਵਿਸ਼ੇਸ਼ ਮਿਹਨਤ ਕਰਨੀ ਪੈਂਦੀ ਹੈ।

ਜੇ ਵਿਦਿਆਰਥੀ, ਅਧਿਆਪਕ ਨੂੰ ਨਹੀਂ ਸੁਣਦਾ ਤਾਂ ਇਹ ਅਧਿਆਪਕ ਦੀ ਅਸਫ਼ਲਤਾ ਹੁੰਦੀ ਹੈ।

ਫੇਲ੍ਹ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਨਤੀਜੇ ਬਾਰੇ, ਪ੍ਰੀਖਿਆ ਦੇਣ ਤੋਂ ਪਹਿਲਾਂ ਹੀ ਪਤਾ ਹੁੰਦਾ ਹੈ।

ਪੌੜੀ ਛੱਤ 'ਤੇ ਜਾਣ ਲਈ ਹੁੰਦੀ ਹੈ, ਪਰ ਜਿਨ੍ਹਾਂ ਦੀ ਨਜ਼ਰ ਅਸਮਾਨ 'ਤੇ ਹੁੰਦੀ ਹੈ, ਉਹ ਪੌੜੀ ਨਹੀਂ ਵਰਤਦੇ, ਉਡਾਣ ਭਰਦੇ ਹਨ।

ਬੋਲਣ ਵਾਲੇ ਸ਼ਬਦ ਅਸੀਂ ਸਾਰਾ ਜੀਵਨ ਇਕੱਤਰ ਕਰਦੇ ਰਹਿੰਦੇ ਹਾਂ, ਚੁੱਪ ਹਮੇਸ਼ਾਂ ਸਾਡੇ ਕੋਲ ਹੁੰਦੀ ਹੈ।

ਇਸਤਰੀ ਨੂੰ ਪੈਰ ਦੀ ਜੁੱਤੀ ਸਮਝਣ ਵਾਲੀ ਸਦੀ, ਬਹੁਤ ਪਿੱਛੇ ਰਹਿ ਗਈ ਹੈ।

ਗਾਂਧੀ, ਗੀਤਾ ਤੋਂ; ਨਹਿਰੂ, ਅਸ਼ੋਕ ਤੋਂ ਅਤੇ ਐਂਬੇਦਕਰ, ਬੁੱਧ ਤੋਂ ਪ੍ਰੇਰਨਾ ਲੈਂਦੇ ਸਨ।

ਅਤੀਤ ਅਤੇ ਭਵਿੱਖ, ਮਨੁੱਖ ਦੀ ਸੋਚ ਵਿਚ ਹਨ, ਹੋਰ ਕਿਧਰੇ ਇਨ੍ਹਾਂ ਦੀ ਕੋਈ ਹੋਂਦ ਨਹੀਂ ਹੈ।

ਭਾਰਤ ਨੂੰ ਧਰਮ, ਫਰਾਂਸ ਨੂੰ ਕਲਾ, ਇੰਗਲੈਂਡ ਨੂੰ ਪ੍ਰਬੰਧ, ਜਰਮਨੀ ਨੂੰ ਤਕਨਾਲੋਜੀ ਅਤੇ ਅਮਰੀਕਾ ਨੂੰ ਸੁਤੰਤਰਤਾ ਤੋਂ ਬਿਨਾਂ ਸਮਝਣਾ ਸੰਭਵ ਨਹੀਂ ਹੈ।

ਔਰਤ ਆਪਣੇ ਆਪ ਨਾਲ ਹੋਈਆਂ ਵਧੀਕੀਆਂ ਭੁੱਲ ਨਹੀਂ ਸਕਦੀ; ਪੁਰਸ਼ ਆਪਣੀਆਂ ਕੀਤੀਆਂ ਵਧੀਕੀਆਂ ਨੂੰ ਯਾਦ ਨਹੀਂ ਰੱਖਦਾ।

ਜੇ ਤਲਾਕ ਜਾਂ ਜਾਇਦਾਦ ਦਾ ਮੁਕੱਦਮਾ ਚੱਲ ਪਏ ਤਾਂ ਨਾ ਕੁਝ ਠੀਕ ਤਰ੍ਹਾਂ ਕਿਹਾ ਜਾਂਦਾ ਹੈ, ਨਾ ਕੁਝ ਠੀਕ ਤਰ੍ਹਾਂ ਸੁਣਿਆ ਜਾਂਦਾ ਹੈ।

ਬਦਨਸੀਬੀ ਵਿਚ ਘਿਰੇ ਬੰਦੇ ਦਾ ਘਰ, ਵਰ੍ਹਦੀ ਬਰਸਾਤ ਵਿਚ ਵੀ ਸੜ ਜਾਂਦਾ ਹੈ।

ਹਰ ਵਾਰੀ ਮੁਸ਼ਕਿਲ ਵੇਲੇ, ਤੁਹਾਨੂੰ ਯਾਦ ਕਰਨ ਵਾਲਿਆਂ ਨਾਲ, ਤੁਹਾਨੂੰ ਨਰਾਜ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਉਨ੍ਹਾਂ ਲਈ ਤੁਸੀਂ ਦੀਵਾ ਹੋ, ਜਿਸ ਦੀ ਹਨੇਰੇ ਵਿਚ ਹੀ ਲੋੜ ਪੈਂਦੀ ਹੈ।

ਸੰਸਾਰ ਦੀ ਦਿਲਚਸਪੀ ਤੁਹਾਡੇ ਹਾਸਿਆਂ ਵਿਚ ਹੈ, ਰੋਣਾ ਤਾਂ ਸੰਸਾਰ ਕੋਲ ਆਪਣਾ ਹੀ ਬੜਾ ਹੈ।

ਬੱਚੇ, ਅਕਸਰ ਮਾਪਿਆਂ ਦੇ ਪ੍ਰਭਾਵ ਤੋਂ ਬਾਹਰ ਜਾ ਕੇ ਹੀ ਵਿਕਾਸ ਕਰਦੇ ਹਨ।

ਇਕੱਲਤਾ ਨਾਲ ਜਿਹੜੀਆਂ ਸਮੱਸਿਆਵਾਂ ਉਪਜਦੀਆਂ ਹਨ, ਉਨ੍ਹਾਂ ਨਾਲ ਹੋਰ ਇਕੱਲਤਾ ਉਪਜਦੀ ਹੈ।

ਦੁਨੀਆਂ ਭਰ ਦੇ ਫਾਡੀ, ਰੱਬ ਨੂੰ ਆਪਣਾ ਗਾਡੀ ਮੰਨਦੇ ਹਨ।

ਕਲਾਕਾਰ, ਚਿੱਤਰਕਾਰ, ਸੰਗੀਤਕਾਰ ਸਥਾਪਤ ਹੋਣ ਲਈ ਲੰਮਾ ਸੰਘਰਸ਼ ਕਰਦੇ ਹਨ; ਦਹਾਕਿਆਂ ਦੀ ਮਿਹਨਤ ਮਗਰੋਂ ਸਥਾਪਤ ਹੋਣ ਕਾਰਨ, ਇਨ੍ਹਾਂ ਦੀ ਕਲਾ ਦਾ ਮੁੱਲ, ਲੱਖਾਂ-ਕਰੋੜਾਂ ਪੈਂਦਾ ਹੈ।

ਨਿੱਕੀਆਂ ਸਮੱਸਿਆਵਾਂ ਵੱਲ ਧਿਆਨ ਦਿਓ, ਨਹੀਂ ਤਾਂ ਇਹ ਵੱਡੀਆਂ ਮੁਸੀਬਤਾਂ ਬਣ ਜਾਣਗੀਆਂ।

ਸਭ ਤੋਂ ਔਖਾ ਕੰਮ ਬੱਚੇ ਪਾਲਣਾ ਹੁੰਦਾ ਹੈ; ਇਹ ਕੰਮ ਹਫ਼ਤੇ ਵਿਚ ਅੱਠ ਦਿਨ ਅਤੇ ਹਰ ਰੋਜ਼ ਪੰਝੀ ਘੰਟੇ ਹੁੰਦਾ ਹੈ, ਇਸ ਵਿਚ ਮੁਅੱਤਲੀ-ਬਰਖ਼ਾਸਤਗੀ ਨਹੀਂ ਹੁੰਦੀ, ਜਿਤਨੀ ਮਰਜ਼ੀ ਚਾਹੋ, ਕੋਈ ਛੁੱਟੀ ਨਹੀਂ ਮਿਲਦੀ।

ਮਨੁੱਖ ਕੋਲ, ਆਪਣੀ ਨਰਾਜ਼ਗੀ ਪ੍ਰਗਟਾਉਣ ਦੇ ਢੰਗ, ਪ੍ਰਵਾਨਗੀ ਪ੍ਰਗਟਾਉਣ ਦੇ ਢੰਗਾਂ ਨਾਲੋਂ ਕਈ ਗੁਣਾਂ ਵੱਧ ਹਨ।

ਰੋਗ ਕੋਈ ਹੋਵੇ, ਉਸ ਦੀ ਜੜ੍ਹ ਖ਼ੁਰਾਕ ਵਿਚ ਹੁੰਦੀ ਹੈ ਕਿਉਂਕਿ ਜੋ ਅੱਜ ਭੋਜਨ ਹੈ, ਉਹ ਕੱਲ੍ਹ ਅਸੀਂ ਬਣ ਜਾਵਾਂਗੇ।

ਜਿਨ੍ਹਾਂ ਘਰਾਂ ਵਿਚ ਸਿਆਣੇ ਬਜ਼ੁਰਗ ਨਹੀਂ ਹੁੰਦੇ, ਉਥੇ ਇਸ ਘਾਟ ਨੂੰ ਪੁਸਤਕਾਂ ਨਾਲ ਪੂਰਿਆ ਜਾ ਸਕਦਾ ਹੈ।

ਚੁੱਪ ਬੁੱਲ੍ਹ, ਸਮੱਸਿਆਵਾਂ ਉਪਜਣ ਹੀ ਨਹੀਂ ਦਿੰਦੇ; ਮੁਸਕਰਾਉਂਦੇ ਬੁੱਲ੍ਹ, ਉਪਜੀਆਂ ਸਮੱਸਿਆਵਾਂ ਹੱਲ ਕਰ ਦਿੰਦੇ ਹਨ।

ਪਰਮਾਤਮਾ ਸਫ਼ਲਤਾ ਨਹੀਂ ਦਿੰਦਾ, ਸਫ਼ਲ ਹੋਣ ਦੇ ਸਾਧਨ ਹੀ ਦਿੰਦਾ ਹੈ।

ਆਦਰਸ਼, ਧਰੁਵ-ਤਾਰੇ ਵਾਂਗ ਹੁੰਦਾ ਹੈ, ਧਰੁਵ-ਤਾਰੇ ਤਕ ਪਹੁੰਚਣਾ ਮੁਸ਼ਕਿਲ ਹੁੰਦਾ ਹੈ, ਪਰ ਇਹ ਮਾਰਗ-ਦਰਸ਼ਨ ਬੜਾ ਚੰਗਾ ਕਰਦਾ ਹੈ।

ਭੁੱਖ, ਮਨੁੱਖ ਦੀ ਸ਼ਰਮ ਖੋਹ ਲੈਂਦੀ ਹੈ।

ਕਮਾਈ ਨਾਲ ਨਹੀਂ, ਬੱਚਤ ਨਾਲ ਮਨੁੱਖ ਧਨੀ ਬਣਦਾ ਹੈ।

ਖੁੰਢੀ ਅਤੇ ਤਿੱਖੀ, ਦੋਵੇਂ ਕਿਸਮ ਦੀ ਜ਼ਬਾਨ ਜ਼ਖ਼ਮੀ ਕਰਦੀ ਹੈ।

ਬਹੁਤ ਪ੍ਰਸਿੱਧ ਬੰਦਿਆਂ ਦੀ, ਜਾਣ-ਪਛਾਣ ਨਹੀਂ ਕਰਵਾਈ ਜਾਂਦੀ।

ਸੰਕਟ ਦੌਰਾਨ ਨਵੀਨਤਾ ਨਹੀਂ, ਪਰੰਪਰਾ ਕੰਮ ਆਉਂਦੀ ਹੈ, ਕਿਉਂਕਿ ਪਰੰਪਰਾ ਨੇ ਪਹਿਲਾਂ ਵੀ ਕਈ ਸੰਕਟ ਬਰਦਾਸ਼ਤ ਕੀਤੇ ਹੁੰਦੇ ਹਨ।

ਕੋਈ ਸਮੱਸਿਆ ਪੂਰੀ ਤਰ੍ਹਾਂ ਸਮਝ ਆ ਜਾਣ ਨਾਲ ਹੀ, ਅੱਧੀ ਹੱਲ ਹੋ ਜਾਂਦੀ ਹੈ।

ਮੁਆਫ਼ੀ ਮੰਗਣ ਅਤੇ ਮੁਆਫ਼ ਕਰਨ ਨਾਲ ਜ਼ਿੰਦਗੀ ਦੀਆਂ ਗੁਆਚੀਆਂ ਤਸੱਲੀਆਂ ਵਾਪਸ ਆ ਜਾਂਦੀਆਂ ਹਨ।

ਜੇ ਹੱਥ ਮਲਦੇ ਰਹੋਗੇ ਤਾਂ ਬਾਹਵਾਂ ਨਹੀਂ ਛੁੰਗ ਸਕੋਗੇ।

ਸੋਚਣ ਵਾਲੇ, ਮਹਿਸੂਸ ਕਰਨ ਵਾਲਿਆਂ ਨੂੰ ਨੀਵਾਂ ਸਮਝਦੇ ਹਨ; ਮਹਿਸੂਸ ਕਰਨ ਵਾਲੇ, ਸੋਚਣ ਵਾਲਿਆਂ ਨੂੰ ਅਭਿਮਾਨੀ ਸਮਝਦੇ ਹਨ, ਪਰ ਲੋੜ ਹੈ ਕਿ ਮਹਿਸੂਸ ਕਰਨ ਵਾਲੇ ਸੋਚਣ ਵੀ ਅਤੇ ਸੋਚਣ ਵਾਲੇ ਮਹਿਸੂਸ ਵੀ ਕਰਨ।

ਹਕੂਮਤ ਵਲੋਂ ਨੀਤੀ ਅਤੇ ਵਿਚਾਰਧਾਰਾ ਦੀ ਆੜ ਵਿਚ, ਵਿਰੋਧੀਆਂ 'ਤੇ ਅੱਤਿਆਚਾਰ ਕਰਨੇ ਸੌਖੇ ਹੋ ਜਾਂਦੇ ਹਨ।

ਢਹਿੰਦੀ ਕਲਾ ਦਾ ਇਲਾਜ ਝੱਟਪਟ ਅਤੇ ਸੌਖਾ ਨਹੀਂ ਹੁੰਦਾ, ਕਿਉਂਕਿ ਇਸ ਦਾ ਕੋਈ ਇਕ ਕਾਰਨ ਨਹੀਂ ਹੁੰਦਾ।

ਸੁਤੰਤਰ ਰੂਪ ਵਿਚ ਵਿਚਰਨ ਵਾਸਤੇ, ਅਨੇਕਾਂ ਬੰਧਨ ਸਵੀਕਾਰ ਕਰਨੇ ਪੈਂਦੇ ਹਨ।

ਜੇ ਭੈੜੇ ਲੋਕ ਨਾ ਹੁੰਦੇ ਤਾਂ ਪ੍ਰਸਿੱਧ ਵਕੀਲ ਵੀ ਨਹੀਂ ਸਨ ਹੋਣੇ।

ਢਹਿੰਦੀ ਕਲਾ ਅਕਸਰ ਲੰਮੇ ਅਰਸੇ ਤੋਂ ਦਰਵਾਜ਼ੇ 'ਤੇ ਦਸਤਕ ਦੇ ਰਹੀ ਹੁੰਦੀ ਹੈ, ਫਿਰ ਕਿਸੇ ਅਚਾਨਕ ਵਾਪਰੀ ਘਟਨਾ ਨਾਲ ਦਰਵਾਜ਼ਾ ਹੀ ਉਖੜ ਜਾਂਦਾ ਹੈ।

ਮਾਨਸਿਕ ਸੰਤੁਲਨ ਅਤੇ ਟਿਕਾਓ ਉਸਾਰਨ ਦਾ ਸਸਤਾ ਅਤੇ ਸਫ਼ਲ ਢੰਗ, ਸਵੇਰ ਦੀ ਸੈਰ ਹੁੰਦਾ ਹੈ।

ਸੇਵਾ-ਮੁਕਤੀ ਨੂੰ ਮਾਣੋ, ਪਰ ਇਤਨਾ ਨਾ ਮਾਣੋ ਕਿ ਪੈਸੇ ਹੀ ਮੁੱਕ ਜਾਣ ਜਾਂ ਤੁਸੀਂ ਆਪ ਹੀ ਮੁੱਕ ਜਾਓ।

ਪ੍ਰੇਮੀ-ਪ੍ਰੇਮਿਕਾ ਬੜੇ ਦਿਲਚਸਪ ਝੂਠ ਬੋਲ ਕੇ ਐਲਾਨ ਕਰਦੇ ਹਨ ਕਿ ਸਾਡਾ ਪਿਆਰ ਸੱਚਾ ਹੈ।

ਜਦੋਂ ਇਹ ਦੁਚਿੱਤੀ ਹੋਵੇ ਕਿ ਤੁਸੀਂ ਸਿਆਣੇ ਹੋ ਕਿ ਮੂਰਖ; ਸਿਆਣੇ ਦਿਸਣ ਦਾ ਯਤਨ ਕਰੋ, ਸ਼ਾਇਦ ਆਰਜ਼ੀ ਸਫ਼ਲਤਾ ਮਿਲ ਜਾਵੇ।

ਜਿਹੜੇ ਆਪਣੇ ਹਿਤਾਂ ਅਤੇ ਸਮਾਜ ਦੇ ਹਿਤਾਂ ਵਿਚਕਾਰ ਸੰਤੁਲਨ ਉਸਾਰਦੇ ਹਨ, ਉਹ ਪ੍ਰਸੰਨ ਵੀ ਹੁੰਦੇ ਹਨ, ਸੰਤੁਸ਼ਟ ਵੀ ਅਤੇ ਸਿਹਤਮੰਦ ਵੀ।

ਅੱਜ ਕੱਲ੍ਹ ਇਹ ਝਗੜਾ ਨਹੀਂ ਹੁੰਦਾ ਕਿ ਘਰ ਵਿਚ ਕਿਸ ਦੀ ਚੱਲੇਗੀ, ਕਿਉਂਕਿ ਸਾਰੇ ਜਾਣਦੇ ਹਨ ਕਿ ਚੱਲੇਗੀ ਕੇਵਲ ਬੱਚੇ ਦੀ।

ਆਲੋਚਨਾ ਹੋਣੀ ਗਲਤੀ ਦੀ ਚਾਹੀਦੀ ਹੈ, ਪਰ ਹੁੰਦੀ ਵਿਅਕਤੀ ਦੀ ਹੈ।

ਢਹਿੰਦੀ ਕਲਾ ਵਿਚ ਮਨੁੱਖ ਜਾਗਦਿਆਂ ਸੁੱਤਾ-ਸੁੱਤਾ ਅਤੇ ਸੁੱਤਿਆਂ ਜਾਗਦਾ-ਜਾਗਦਾ ਲੱਗਦਾ ਹੈ।

ਮਿੱਠੀ ਚੀਜ਼ ਖਾਣ ਨਾਲ, ਥੱਕਿਆ ਸਰੀਰ, ਲਗਭਗ ਇਕ ਘੰਟੇ ਲਈ ਚੁਸਤ ਹੋ ਜਾਵੇਗਾ, ਫਿਰ ਸੁਸਤੀ ਘੇਰ ਲਵੇਗੀ, ਦੋ ਘੰਟੇ ਮਗਰੋਂ ਥਕਾਵਟ ਵੀ ਅੱਪੜ ਜਾਵੇਗੀ।

ਚੜ੍ਹਦੀ ਕਲਾ ਵਿਚ ਮਨੁੱਖ, ਵੱਡੀ ਮੁਸੀਬਤ ਦੀ ਵੀ ਪ੍ਰਵਾਹ ਨਹੀਂ ਕਰਦਾ।

ਜੇ ਤੁਸੀਂ ਸਵੇਰੇ ਤਿੰਨ ਵਜੇ ਜਾਗ ਖੁੱਲ੍ਹਣ 'ਤੇ ਕੁਝ ਸੋਚੋਗੇ ਤਾਂ ਸੋਚੋਗੇ ਘੱਟ ਅਤੇ ਚਿੰਤਾ ਵਧੇਰੇ ਕਰੋਗੇ।

ਜੇ ਕਿਸੇ ਨੂੰ ਮਿਲਣਾ ਹੈ ਤਾਂ ਸਵੇਰੇ ਗਿਆਰ੍ਹਾਂ ਵਜੇ ਜਾਂ ਸ਼ਾਮ ਨੂੰ ਪੰਜ ਕੁ ਵਜੇ ਮਿਲੋ, ਇਨ੍ਹਾਂ ਸਮਿਆਂ 'ਤੇ ਮਨ ਹਲਕਾ ਅਤੇ ਬਿਰਤੀ ਉਸਾਰੂ ਹੁੰਦੀ ਹੈ।

ਜਿਥੇ ਮੌਤ ਦਾ ਖ਼ਤਰਾ ਹੋਵੇ, ਉਥੇ ਸਾਰੇ ਇਕ-ਦੂਜੇ ਦੇ ਰੱਖਿਅਕ ਬਣ ਜਾਂਦੇ ਹਨ।

ਸੁਹਿਰਦ ਬੰਦੇ ਮੁਸਕਰਾ ਕੇ ਹੈਲੋ ਕਹਿੰਦੇ ਹਨ; ਜਿਹੜੇ ਹੈਲੋ ਕਹਿੰਦੇ ਹਨ, ਪਰ ਮੁਸਕਰਾਉਂਦੇ ਨਹੀਂ, ਉਹ ਸੁਹਿਰਦ ਨਹੀਂ ਹੁੰਦੇ।

ਜੇ ਲਿਖਿਆ ਹੋਵੇ: ਸ਼ਰਾਬ ਪੀ ਕੇ ਗੱਡੀ ਨਾ ਚਲਾਓ; ਉਥੇ ਰੋਕ ਗੱਡੀ ਚਲਾਉਣ 'ਤੇ ਹੁੰਦੀ ਹੈ, ਸ਼ਰਾਬ ਪੀਣ 'ਤੇ ਨਹੀਂ।

ਜੀਵਨ ਵਿਚ ਪ੍ਰਸੰਨਤਾ ਲਈ ਸਾਂਤਾ ਕਲਾਜ਼ ਦੀ ਨੀਤੀ ਅਪਣਾਓ, ਲੋਕਾਂ ਦੇ ਘਰ ਸਾਲ ਵਿਚ ਇਕ ਵਾਰੀ ਹੀ ਜਾਓ।

ਉਧਾਰ ਲੈ ਕੇ ਕਦੇ ਜੂਆ ਨਾ ਖੇਡੋ; ਖੇਡਣ ਨਾਲ ਤੁਸੀਂ ਹੀ ਨਹੀਂ, ਤੁਹਾਨੂੰ ਉਧਾਰ ਦੇਣ ਵਾਲਾ ਵੀ ਹਾਰੇਗਾ।

ਸਵੇਰੇ ਉੱਠ ਕੇ, ਸ਼ੀਸ਼ੇ ਸਾਹਮਣੇ ਖਲੋ ਕੇ, ਮੁਸਕਰਾ ਕੇ ਆਪਣੇ ਆਪ ਨੂੰ ਹੈਲੋ ਕਹੋ, ਸੁਣਨਾ ਚੰਗਾ ਲੱਗੇਗਾ।

ਸਿੱਕੇ ਅਤੇ ਛੋਟੇ ਨੋਟ ਮੰਦਰਾਂ-ਗੁਰਦੁਆਰਿਆਂ ਦੀ ਹੀ ਪ੍ਰਕਰਮਾ ਕਰਦੇ ਹਨ; ਵੱਡੇ ਨੋਟ ਹੋਟਲਾਂ, ਕਲੱਬਾਂ, ਠੇਕਿਆਂ ਵਿਚ ਘੁੰਮਦੇ ਹਨ।

ਪਤੰਗ ਉਡਾਉਣ ਵਾਲੇ, ਅਸਮਾਨ ਨੂੰ ਰੰਗ ਦਿੰਦੇ ਹਨ।

ਕਿਸੇ ਦੀ ਕੀਤੀ ਆਲੋਚਨਾ ਦਾ ਸਭ ਤੋਂ ਸੰਖੇਪ ਉੱਤਰ, ਕੁਝ ਕਰ ਕੇ ਵਿਖਾਉਣਾ ਹੁੰਦਾ ਹੈ।

ਤਜਰਬੇ ਦੇ ਬਾਵਜੂਦ ਮਨੁੱਖ ਗ਼ਲਤੀਆਂ ਕਰਦਾ ਹੈ, ਪਰ ਤਜਰਬੇ ਕਾਰਨ ਉਹ ਗ਼ਲਤੀਆਂ ਨੂੰ ਪ੍ਰਗਟ ਨਹੀਂ ਹੋਣ ਦਿੰਦਾ।

ਭੈਣਾਂ-ਭਰਾਵਾਂ ਵਿਚ ਅਸਲ ਅੰਤਰ, ਤਨਖਾਹਾਂ-ਆਮਦਨਾਂ ਦਾ ਨਹੀਂ ਹੁੰਦਾ, ਬੱਚਤ ਦੀ ਆਦਤ ਦਾ ਹੁੰਦਾ ਹੈ।

ਵੱਡੇ ਨੁਕਸਾਂ ਵਾਲਾ ਨੇੜਲਾ ਰਿਸ਼ਤਾ ਝੱਲਣਾ ਬੜਾ ਮੁਸ਼ਕਿਲ ਹੁੰਦਾ ਹੈ।

ਗਰੀਬ ਬੱਚੇ, ਅਮੀਰ ਬੱਚਿਆਂ ਨਾਲ ਨਹੀਂ, ਉਨ੍ਹਾਂ ਦੇ ਖਿਡੌਣਿਆਂ ਨਾਲ ਖੇਡਣਾ ਚਾਹੁੰਦੇ ਹਨ।

ਜਿਤਨਾ ਮਰਜ਼ੀ ਕਹੀ ਜਾਓ, ਪੈਸੇ ਨਾਲ ਕੋਈ ਫ਼ਰਕ ਨਹੀਂ ਪੈਂਦਾ, ਫ਼ਰਕ ਪੈਂਦਾ ਹੀ ਪੈਸੇ ਨਾਲ ਹੈ।

ਜਿਥੇ ਕਰਜ਼ਾ ਹੋਵੇਗਾ, ਉਥੇ ਝਗੜਾ ਹੋਵੇਗਾ।

ਪੈਸੇ ਸਭ ਕੁਝ ਨਹੀਂ ਹੁੰਦੇ, ਪਰ ਜੇ ਮਾਪਿਆਂ ਕੋਲ ਪੈਸੇ ਹੋਣ ਤਾਂ ਸੰਤਾਨ ਅਤੇ ਮਾਪਿਆਂ ਦਾ ਆਪਸ ਵਿਚ ਆਣ-ਜਾਣ ਬਣਿਆ ਰਹਿੰਦਾ ਹੈ।

ਆਪਣੀ ਅਵਾਜ਼ ਨਹੀਂ, ਆਪਣੀ ਦਲੀਲ ਉੱਚੀ ਕਰੋ।

ਮਾਪਿਆਂ ਦੇ ਮਰਨ ਉਪਰੰਤ, ਮਾਪਿਆਂ ਦੀ ਜਾਇਦਾਦ ਵੰਡਣ ਸਮੇਂ, ਕੋਈ ਇਕ ਆਪਣਾ ਲਾਲਚ, ਖੁੱਲ੍ਹ ਕੇ ਪ੍ਰਗਟਾਏਗਾ, ਬਾਕੀ ਲੁਕਾ ਕੇ ਪ੍ਰਗਟਾਉਣਗੇ।

ਵਿਆਹ ਦੀ ਸੜਕ 'ਤੇ ਟੋਏ ਨਾ ਹੋਣ ਦੇ ਬਾਵਜੂਦ, ਹੁੱਝਕੇ ਲੱਗਦੇ ਰਹਿਣਗੇ।

ਸਾਰੇ ਵਾਅਦੇ ਮਹੱਤਵਪੂਰਨ ਹੁੰਦੇ ਹਨ, ਪਰ ਪੈਸੇ ਨਾਲ ਜੁੜੇ ਵਾਅਦੇ ਵਧੇਰੇ ਮਹੱਤਵਪੂਰਨ ਹੋਣ ਕਾਰਨ, ਵਧੇਰੇ ਸੋਚ-ਸਮਝ ਕੇ ਕਰਨੇ ਚਾਹੀਦੇ ਹਨ।

ਕਾਨੂੰਨ ਦੀ ਸਭ ਤੋਂ ਪੱਕੀ ਸੂਝ-ਸਮਝ, ਜੇਲ੍ਹ ਵਿਚ ਕੈਦ ਦੌਰਾਨ ਮਿਲਦੀ ਹੈ।

ਬਹੁਤ ਪ੍ਰਸੰਨ ਅਤੇ ਬਹੁਤ ਮਾਯੂਸ ਹੋਣ ਦੀ ਹਾਲਤ ਵਿਚ, ਕਿਸੇ ਨਾਲ ਕੋਈ ਵਾਅਦਾ ਨਾ ਕਰੋ, ਪੂਰਾ ਨਹੀਂ ਕਰ ਸਕੋਗੇ।

ਵਿਆਹ ਉਪਰੰਤ ਜ਼ਿੰਦਗੀ ਦੇ ਸਾਰੇ ਮੌਸਮ ਬਰਦਾਸ਼ਤ ਕਰਨੇ ਪੈਂਦੇ ਹਨ।

ਜੇ ਇਕਰਾਰਨਾਮਾ ਲਿਖਿਆ ਨਾ ਜਾਵੇ, ਉਹ ਇਕਰਾਰਨਾਮਾ ਨਹੀਂ, ਵਾਅਦਾ ਹੀ ਹੁੰਦਾ ਹੈ, ਜਿਹੜਾ ਅਕਸਰ ਤੋੜਿਆ ਜਾਂਦਾ ਹੈ

ਜੇ ਪੈਸੇ ਲੈਣ ਉਪਰੰਤ, ਕਿਸੇ ਦੀ ਮੋੜਨ ਦੀ ਮਰਜ਼ੀ ਨਾ ਹੋਵੇ ਤਾਂ ਉਹ ਲੜਨ ਤੋਂ ਪਹਿਲਾਂ, ਤੁਹਾਨੂੰ ਭੈੜਾ ਅਤੇ ਲਾਲਚੀ ਸਿੱਧ ਕਰੇਗਾ ਅਤੇ ਆਪਣੀ ਲੜਾਈ ਦਾ ਦੋਸ਼, ਤੁਹਾਡੇ ਸਿਰ ਲਾਏਗਾ।

ਜੋ ਦਿਸਣਾ ਬੰਦ ਹੋ ਜਾਂਦਾ ਹੈ, ਉਹ ਭੁੱਲਣਾ ਅਰੰਭ ਹੋ ਜਾਂਦਾ ਹੈ।

ਜਿਹੜਾ ਪੁੱਤਰ, ਮਾਂ ਨੂੰ ਦੁਖੀ ਅਤੇ ਪਰੇਸ਼ਾਨ ਕਰਦਾ ਹੈ, ਉਹ ਪਤਨੀ ਨੂੰ ਤੰਗ ਅਤੇ ਨਿਰਾਸ਼ ਕਰੇਗਾ।

ਬਜ਼ੁਰਗਾਂ ਨੂੰ ਸਿਆਣੇ ਹੋਣ ਦਾ ਹੀ ਅਧਿਕਾਰ ਹੈ, ਸਨਕੀ ਹੋਣ ਦਾ ਨਹੀਂ।

ਕਈ ਪੈਸੇ ਅਜਿਹੇ ਹੁੰਦੇ ਹਨ, ਜਿਹੜੇ ਕਿਸੇ ਨੂੰ ਉਧਾਰੇ ਦੇਣ ਨਾਲ ਹਮੇਸ਼ਾਂ ਲਈ ਗੁਆਚ ਜਾਂਦੇ ਹਨ।

ਜਿਨ੍ਹਾਂ ਭੈਣਾਂ-ਭਰਾਵਾਂ ਵਿਚ ਪਿਤਾ ਦੀ ਜਾਇਦਾਦ ਸਬੰਧੀ ਝਗੜਾ ਹੋਵੇ, ਉਥੇ ਸਾਰੇ ਝਗੜਿਆਂ ਦੇ ਰੰਗ ਉਘੜਨ ਲੱਗ ਪੈਂਦੇ ਹਨ।

ਸਮਝੌਤਾ, ਅਸਾਵਾਂ ਨਿਆਂ ਹੁੰਦਾ ਹੈ, ਪਰ ਫਿਰ ਵੀ ਇਹ ਝਗੜੇ ਨਾਲੋਂ ਚੰਗਾ, ਸੁਖਾਵਾਂ ਅਤੇ ਲਾਭਕਾਰੀ ਹੁੰਦਾ ਹੈ।

ਬਹੁਤੇ ਮਹਿੰਗੇ, ਲੰਮੇ ਅਤੇ ਵੱਡੇ ਵਾਅਦੇ ਸੋਚ ਕੇ ਹੀ ਕਰਨੇ ਚਾਹੀਦੇ ਹਨ, ਕਿਉਂਕਿ ਜੀਵਨ ਦੀਆਂ ਹਾਲਤਾਂ ਅਤੇ ਤਰਜੀਹਾਂ ਦੀ ਪਹਿਲ-ਦੂਜ ਬਦਲਣ ਨਾਲ, ਇਹ ਵਾਅਦੇ ਪੂਰੇ ਕਰਨੇ ਸੰਭਵ ਨਹੀਂ ਹੁੰਦੇ।

ਜੇ ਕੋਈ ਚੀਜ਼ ਨਵੀਂ ਲੈ ਕੇ ਦੇਣ ਅਤੇ ਉਸ ਦੀ ਮਹਿੰਗੀ ਮੁਰੰਮਤ ਕਰਵਾਉਣ ਦੀ ਸਮਰੱਥਾ ਨਾ ਹੋਵੇ ਤਾਂ ਵਰਤਣ ਲਈ ਅਜਿਹੀ ਚੀਜ਼, ਕਿਸੇ ਤੋਂ ਨਾ ਮੰਗੋ।

ਕਿਸੇ ਦੀ ਚੀਜ਼ ਨਾਲ ਮੌਜ ਕਰਨ ਦੀ ਆਦਤ, ਦੋਹਾਂ ਧਿਰਾਂ ਨੂੰ ਮਹਿੰਗੀ ਪੈਂਦੀ ਹੈ।

ਮਾਪਿਆਂ ਨਾਲ ਕੋਈ ਵਾਅਦਾ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚੋ, ਪਰ ਜੇ ਵਾਅਦਾ ਕਰੋ ਤਾਂ ਕੀਤੇ ਵਾਅਦੇ ਨੂੰ, ਚੰਗੀ ਅਤੇ ਮਾਣ ਕਰਨਯੋਗ, ਭਰੋਸੇਮੰਦ ਅਤੇ ਸੁਹਿਰਦ ਸੰਤਾਨ ਵਾਂਗ ਨਿਭਾਓ।

ਕਈ ਪੁੱਤਰ, ਜੀਵਨ ਵਿਚ ਪਿਤਾ ਦੀ ਕਮਾਉਣ ਦੀ ਆਦਤ ਦੀ ਥਾਂ, ਚਾਚੇ ਦੀ ਖਰਚਣ ਦੀ ਆਦਤ ਅਪਨਾ ਲੈਂਦੇ ਹਨ; ਕਈ ਧੀਆਂ, ਮਾਂ ਦੀ ਬੱਚਤ ਕਰਨ ਦੀ ਆਦਤ ਦੀ ਥਾਂ, ਮਾਸੀ ਦੀ ਪੈਸੇ ਮੰਗਣ ਦੀ ਆਦਤ ਅਪਨਾ ਲੈਂਦੀਆਂ ਹਨ।

ਜਿਹੜੀ ਚੀਜ਼ ਖਰੀਦਣ ਦੀ ਸਮਰੱਥਾ ਨਾ ਹੋਵੇ, ਉਹ ਵਰਤਣ ਦੀ ਸਮਰੱਥਾ ਵੀ ਨਹੀਂ ਹੋਵੇਗੀ।

ਮਾਪਿਆਂ ਦੀਆਂ ਕਈ ਆਦਤਾਂ ਤੋਂ ਬੱਚੇ ਪ੍ਰੇਸ਼ਾਨ ਹੁੰਦੇ ਹਨ; ਬੱਚਿਆਂ ਦੀਆਂ ਕਈ ਆਦਤਾਂ ਨਾਲ ਮਾਪੇ ਸ਼ਰਮਸਾਰ ਹੁੰਦੇ ਹਨ।

ਪੈਸੇ ਉਧਾਰ ਲੈਣ-ਦੇਣ ਵਾਲੇ ਦੋਹਾਂ ਦਾ ਨੁਕਸਾਨ ਹੁੰਦਾ ਹੈ; ਦੇਣ ਦਾ ਨੁਕਸਾਨ, ਇਹ ਮੁੜਦੇ ਨਹੀਂ; ਲੈਣ ਦਾ ਨੁਕਸਾਨ, ਇਹ ਜਲਦੀ ਖਰਚ ਹੋ ਜਾਣ ਕਾਰਨ, ਮੋੜਨੇ ਸੰਭਵ ਨਹੀਂ ਹੁੰਦੇ।

ਨਵਾਂ ਸਾਲ ਮਨਾਉਣ ਵਾਲੇ, ਆਪਣੀਆਂ ਪੁਰਾਣੀਆਂ ਆਦਤਾਂ ਦਾ, ਨਵਾਂ ਸ਼ੁਭ ਅਰੰਭ ਕਰਦੇ ਹਨ।

ਸੰਸਾਰ ਵਿਚ ਭਾਵੇਂ ਕਿਤਨਾ ਵੀ ਅਨਿਆਂ ਹੋਵੇ, ਸੰਸਾਰ ਨੂੰ ਚਲਾਉਂਦੀ ਨਿਆਂ ਦੀ ਭਾਵਨਾ ਹੈ।

ਹਾਲਾਤ ਮਨੁੱਖ ਨੂੰ ਸਿਰਜਦੇ ਨਹੀਂ, ਪ੍ਰਗਟਾਉਂਦੇ ਹੀ ਹਨ।

ਸੁਪਨੇ ਵੇਖਣ ਵਾਲੇ ਸਾਰੇ ਸਫ਼ਲ ਨਹੀਂ ਹੁੰਦੇ, ਪਰ ਸਫ਼ਲ ਹੋਣ ਵਾਲੇ ਸਾਰਿਆਂ ਨੇ ਸੁਪਨੇ ਵੇਖੇ ਹੁੰਦੇ ਹਨ।

ਹਰ ਕੋਈ ਆਪਣੇ ਹਾਲਾਤ ਹੀ ਸੁਧਾਰਨੇ ਚਾਹੁੰਦਾ ਹੈ, ਆਪਣੇ ਆਪ ਨੂੰ ਨਹੀਂ।

ਆਪਣੀ ਭੈੜੀ ਹਾਲਤ ਲਈ ਦੂਜਿਆਂ ਨੂੰ ਦੋਸ਼ ਦੇ ਕੇ, ਅਸੀਂ ਆਪਣੀ ਹਾਲਤ ਸੁਧਾਰਦੇ ਨਹੀਂ, ਵਿਗਾੜਦੇ ਹੀ ਹਾਂ।

ਸੋਚਾਂ 'ਤੇ ਨਿਯੰਤਰਣ ਕਰੋ, ਵਿਹਾਰ 'ਤੇ ਨਿਯੰਤਰਣ ਹੋ ਜਾਵੇਗਾ।

ਮਨੁੱਖ ਸੰਚਾਰ ਕੀਤੇ ਬਿਨਾਂ ਨਹੀਂ ਰਹਿ ਸਕਦਾ; ਅੱਖ, ਕੰਨ, ਨੱਕ, ਜੀਭ, ਸਰੀਰ, ਲਿਬਾਸ, ਗਹਿਣੇ ਆਦਿ ਸਭ ਸੰਚਾਰ ਕਰਦੇ ਹਨ।

ਜੋ ਕੁਝ ਮਨੁੱਖ ਸ਼ਿੱਦਤ ਨਾਲ ਸੋਚਦਾ ਹੈ, ਉਹ ਉਸ ਦੀ ਕਿਸਮਤ ਬਣ ਜਾਂਦਾ ਹੈ।

ਜ਼ਿੰਦਗੀ ਨੂੰ ਨਿੱਕੇ-ਨਿੱਕੇ ਦਾਇਰਿਆਂ ਵਿਚ ਨਾ ਥਕਾਓ; ਸੂਰਜ, ਅਸਮਾਨ ਅਤੇ ਸਮੁੰਦਰ ਦੇ ਸੰਦਰਭ ਵਿਚ ਸੋਚੋ ਅਤੇ ਕਾਰਜ ਕਰੋ।

ਭੈੜੇ ਵਿਅਕਤੀ, ਆਪਣੇ ਉਦੇਸ਼ਾਂ ਵਿਚ ਸਫ਼ਲ ਹੋ ਕੇ ਹੋਰ ਭੈੜੇ ਹੋ ਜਾਂਦੇ ਹਨ।

ਸੰਸਾਰ ਨੂੰ ਫਰੋਲਣ ਲਈ, ਮਾਪਿਆਂ ਦੇ ਪ੍ਰਭਾਵ ਥੱਲੋਂ ਨਿਕਲਣ ਵਾਸਤੇ, ਸੰਤਾਨ ਨੂੰ ਸੁਚੇਤ ਉਪਰਾਲੇ ਕਰਨੇ ਪੈਂਦੇ ਹਨ; ਜਿਹੜੇ ਇਸ ਪ੍ਰਭਾਵ ਥੱਲੋਂ ਨਹੀਂ ਨਿਕਲਦੇ, ਉਹ ਸਾਰਾ ਜੀਵਨ ਬਚਕਾਨੀਆਂ ਹਰਕਤਾਂ ਕਰਦੇ ਰਹਿੰਦੇ ਹਨ।

ਆਪਣੀਆਂ ਅੱਖਾਂ ਨਾਲ ਹੀ ਨਹੀਂ, ਸੰਸਾਰ ਨੂੰ ਦੂਜਿਆਂ ਦੀਆਂ ਅੱਖਾਂ ਨਾਲ ਵੀ ਵੇਖੋ, ਸੰਸਾਰ ਵਿਸ਼ਾਲ ਹੋ ਜਾਵੇਗਾ।

ਮਾਯੂਸੀਆਂ ਅਤੇ ਪਰੇਸ਼ਾਨੀਆਂ ਵਾਲੇ ਪਾਗਲ-ਸੰਸਾਰ ਵਿਚ, ਮਨੁੱਖ ਦੀ ਅਕਲ ਨੂੰ ਟਿਕਾਣੇ ਰੱਖਣ ਦਾ ਕਾਰਜ ਪੁਸਤਕਾਂ ਕਰਦੀਆਂ ਹਨ।

ਅਸਾਵੇਂ ਇਕਰਾਰਨਾਮੇ, ਅਕਸਰ ਉਲੰਘਣਾਵਾਂ ਵਿਚ ਰੁਲ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸਾਹਿਤ ਵੀ ਹੈ, ਸਮਾਜ ਵੀ ਹੈ, ਫ਼ਲਸਫ਼ਾ ਵੀ ਹੈ, ਜੀਵਨ-ਜਾਚ ਵੀ ਹੈ, ਕਰਮ ਵੀ ਹੈ, ਬਚਨ ਵੀ ਹੈ, ਧਰਮ ਵੀ ਹੈ, ਰੱਬ ਵੀ ਹੈ, ਮਨੁੱਖ ਵੀ ਹੈ; ਜੋ ਇਸ ਵਿਚ ਨਹੀਂ ਹੈ, ਉਹ ਹੋਰ ਕਿਧਰੇ ਵੀ ਨਹੀਂ ਹੈ।

ਘਿਰਣਾ ਤੋਂ ਮੁਕਤ ਹੋਣ ਨਾਲ, ਜ਼ਿੰਦਗੀ ਦੀ ਵਿਸ਼ਾਲਤਾ ਲੱਭ ਪੈਂਦੀ ਹੈ।

ਮਨੁੱਖ ਭਾਵੇਂ ਜੇਲ੍ਹ ਵਿਚ ਕੈਦ ਹੀ ਭੁਗਤ ਰਿਹਾ ਹੋਵੇ, ਮਨ ਅਤੇ ਸੋਚ ਦੇ ਪੱਖੋਂ ਉਹ ਸੁਤੰਤਰ ਹੀ ਰਹਿੰਦਾ ਹੈ।

ਬਚਪਨ, ਜਵਾਨੀ, ਅਧਖੜ ਉਮਰ ਅਤੇ ਬੁਢਾਪਾ ਸੰਸਾਰ ਨੂੰ ਵੇਖਣ-ਪਰਖਣ ਦੀਆਂ ਵੱਖ-ਵੱਖ ਬਾਰੀਆਂ ਹਨ।

ਜਦੋਂ ਵਿਚਾਰ ਜਾਗ ਪੈਣ ਤਾਂ ਇਹ ਫ਼ਲਸਫ਼ਾ ਬਣ ਜਾਂਦੇ ਹਨ; ਜਦੋਂ ਵਿਚਾਰ ਤਪ ਜਾਣ, ਇਹ ਵਿਦਰੋਹ ਬਣ ਜਾਂਦੇ ਹਨ; ਜਦੋਂ ਬਹੁਤ ਠੰਡੇ ਹੋ ਜਾਣ ਤਾਂ ਇਹ ਜ਼ਿੱਦ ਬਣ ਜਾਂਦੇ ਹਨ; ਇਹ ਨਿੱਘੇ ਰਹਿਣ ਤਾਂ ਇਹ ਪਿਆਰ ਹੋ ਨਿਬੜਦੇ ਹਨ।

ਇਸਤਰੀ, ਪੁਰਸ਼ ਦਾ ਨਹੀਂ; ਜ਼ਿੰਮੇਵਾਰ ਮਰਦ ਦਾ, ਸਾਥ ਚਾਹੁੰਦੀ ਹੈ।

ਉਦਾਸੀ ਅਤੇ ਢਹਿੰਦੀ ਕਲਾ ਵਿਚ ਅੰਤਰ ਹੈ; ਉਦਾਸੀ ਸਾਡੇ ਅਨੁਭਵ ਨੂੰ ਡੂੰਘਾ ਕਰਦੀ ਹੈ, ਢਹਿੰਦੀ ਕਲਾ ਸਾਡੇ ਅਨੁਭਵ ਨੂੰ ਧੁੰਦਲਾ ਕਰਦੀ ਹੈ।

ਜਦੋਂ ਤਕ ਸੋਚ ਸਪਸ਼ਟ ਰਹਿੰਦੀ ਹੈ, ਢਹਿੰਦੀ ਕਲਾ ਦੀ ਸਮੱਸਿਆ ਨਹੀਂ ਉਪਜਦੀ।

ਜੇ ਤੁਹਾਡੀ ਆਲੋਚਨਾ ਹੋ ਰਹੀ ਹੈ ਤਾਂ ਉਸ ਨਾਲ ਸਹਿਮਤ ਹੋਵੋ; ਆਲੋਚਨਾ, ਆਲੋਚਨਾ ਨਹੀਂ ਰਹੇਗੀ ਅਤੇ ਆਲੋਚਨਾ ਕਰਨ ਵਾਲਾ ਹਾਸੋਹੀਣਾ ਹੋ ਜਾਵੇਗਾ।

ਸਾਡੀਆਂ ਇੱਛਾਵਾਂ ਅਤੇ ਨੀਅਤਾਂ ਹੀ, ਸਾਡਾ ਸੰਸਾਰ ਬਣ ਜਾਂਦੀਆਂ ਹਨ।

ਜਦੋਂ ਪਿਛਲਝਾਤ ਰਾਹੀਂ ਵੇਖੋਗੇ ਤਾਂ ਹਰ ਹਾਦਸੇ ਵਿਚੋਂ ਅਰਥ ਵਿਖਾਈ ਦੇਣਗੇ।

ਹੋਰਾਂ ਦਾ ਧਿਆਨ ਰੱਖੋ, ਤੁਸੀਂ ਕਦੇ ਇਕੱਲੇ ਮਹਿਸੂਸ ਨਹੀਂ ਕਰੋਗੇ।

ਸੰਸਾਰ ਨੂੰ ਸਮਝਣ ਵਾਸਤੇ ਇਸਤਰੀ-ਪੁਰਸ਼ ਦਾ, ਇਕ-ਦੂਜੇ ਦੇ ਸੰਪਰਕ ਵਿਚ ਆਉਣਾ ਅਤੇ ਸੰਪਰਕ ਵਿਚ ਰਹਿਣਾ ਜ਼ਰੂਰੀ ਹੁੰਦਾ ਹੈ।

ਹੋਰ ਸਰੋਤਾਂ ਵਾਂਗ, ਦੁੱਖ ਵੀ ਅਨੁਭਵ ਦਾ ਇਕ ਸਰੋਤ ਹੈ, ਪਰ ਅਨੁਭਵ ਦਾ ਸਰੋਤ ਜਦੋਂ ਕੇਵਲ ਦੁੱਖ ਹੀ ਰਹਿ ਜਾਵੇ ਤਾਂ ਮਨੁੱਖ ਪਰੇਸ਼ਾਨ ਹੋ ਜਾਂਦਾ ਹੈ।

ਕਾਲਜ-ਯੂਨੀਵਰਸਿਟੀ ਵਿਚ ਕਲਾਸਾਂ ਤਾਂ ਕੇਵਲ ਆਦਰਸ਼ਾਂ ਅਤੇ ਕਲਪਨਾ ਦੀਆਂ ਲੱਗਦੀਆਂ ਹਨ; ਬਾਕੀ ਸਭ ਟਿਊਸ਼ਨਾਂ ਹੁੰਦੀਆਂ ਹਨ।

ਇਤਨਾ ਨਾ ਖਾਓ ਕਿ ਸੁਸਤੀ ਘੇਰ ਲਵੇ; ਇਤਨੀ ਨਾ ਪੀਓ ਕਿ ਪੈਰ ਉਖੜ ਜਾਣ; ਇਤਨਾ ਨਾ ਸੌਂਵੋ ਕਿ ਉਠਿਆ ਹੀ ਨਾ ਜਾਵੇ।

ਪ੍ਰਸੰਨਤਾ ਦੀ ਕੋਈ ਸੁਤੰਤਰ ਹੋਂਦ ਨਹੀਂ ਹੁੰਦੀ; ਪ੍ਰਸੰਨਤਾ ਕਾਰਜਾਂ ਅਤੇ ਸੋਚਾਂ ਵਿਚੋਂ ਮਿਲਣ ਵਾਲੀ ਤਸੱਲੀ ਹੁੰਦੀ ਹੈ।

ਸੁਤੰਤਰਤਾ ਅੱਧਾ ਸੰਕਲਪ ਹੈ; ਦੂਜਾ ਅੱਧਾ ਸੰਕਲਪ ਜ਼ਿੰਮੇਵਾਰੀ ਹੈ।

ਮਾਪਿਆਂ ਤੋਂ ਤੁਸੀਂ ਆਪਣੇ ਬਚਪਨ ਦੀਆਂ ਗੱਲਾਂ ਸੁਣਨ ਦੀ ਬਜਾਇ, ਮਾਪਿਆਂ ਤੋਂ ਉਨ੍ਹਾਂ ਦੇ ਬਚਪਨ ਦੀਆਂ ਗੱਲਾਂ ਸੁਣੋ, ਉਹ ਪ੍ਰਸੰਨ ਹੋ ਕੇ ਸੁਣਾਉਣਗੇ ਅਤੇ ਉਹ ਬੱਚੇ ਬਣ ਕੇ ਸੁਣਾਉਣਗੇ।

ਜਦੋਂ ਡਰ ਨਾਲ ਬੇਵਸੀ ਰਲ ਜਾਵੇ ਤਾਂ ਡਰ ਸਹਿਮ ਬਣ ਜਾਂਦਾ ਹੈ।

ਪਿਆਰ ਨਾਲ ਕਲਪਨਾ ਜਾਗਦੀ ਹੈ; ਕਲਪਨਾ ਨਾਲ ਪਿਆਰ ਦੀ ਸ਼ਿੱਦਤ ਵਧਦੀ ਹੈ; ਸ਼ਿੱਦਤ ਵੱਧਣ ਨਾਲ ਰਿਸ਼ਤਾ ਡੂੰਘਾ ਅਤੇ ਪੱਕਾ ਹੁੰਦਾ ਹੈ।

ਆਮਦਨ, ਮਕਾਨ, ਪਰਿਵਾਰ, ਮਾਪੇ ਆਦਿ ਸੁਰੱਖਿਆ ਦੀਆਂ ਨਿਸ਼ਾਨੀਆਂ ਹਨ।

ਕਈ ਬਿਮਾਰੀਆਂ ਆਪਣੇ ਆਪ ਨੂੰ ਪਿਆਰ ਨਾ ਕਰਨ ਕਰਕੇ ਲਗਦੀਆਂ ਹਨ; ਗੰਭੀਰ ਬਿਮਾਰੀਆਂ ਆਪਣੇ ਆਪ ਨੂੰ ਨਫ਼ਰਤ ਕਰਨ ਕਾਰਨ ਲਗਦੀਆਂ ਹਨ।

ਜਦੋਂ ਅਸੀਂ ਕਹਿੰਦੇ ਹਾਂ ਕਿ ਅਸੀਂ ਸਾਰੇ ਬਰਾਬਰ ਹਾਂ ਤਾਂ ਸੰਕੇਤ ਇਹ ਹੁੰਦਾ ਹੈ ਕਿ ਅਸੀਂ ਨਹੀਂ, ਦੂਜੇ ਸਾਡੇ ਨਾਲ ਬਰਾਬਰੀ ਦੇ ਅਧਾਰ 'ਤੇ ਵਿਹਾਰ ਕਰਨ।

'ਕੀ ਮੈਂ ਇਹ ਕਰ ਸਕਦਾ ਹਾਂ?' ਦੀ ਥਾਂ ਸੋਚੋ 'ਇਹ ਮੈਂ ਕਿਵੇਂ ਕਰ ਸਕਦਾ ਹਾਂ?'

ਜਿਹੜੇ ਰੱਬ ਦੇ ਕੰਮ ਹਨ, ਉਹ ਰੱਬ ਨੂੰ ਕਰਨ ਦਿਓ; ਰੱਬ ਨੇ ਜਿਹੜੇ ਕੰਮ ਤੁਹਾਨੂੰ ਸੌਂਪੇ ਹੋਏ ਹਨ, ਉਹ ਤੁਸੀਂ ਕਰੋ।

ਸੰਸਾਰ ਵਿਚੋਂ ਉਨ੍ਹਾਂ ਨੂੰ ਲੱਭੋ, ਜਿਨ੍ਹਾਂ ਨੂੰ ਸੰਸਾਰ ਚਲਾਉਣ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ, ਜੇ ਕੋਈ ਨਾ ਲੱਭੇ ਤਾਂ ਇਹ ਜ਼ਿੰਮੇਵਾਰੀ ਆਪ ਚੁੱਕੋ।

ਸਿਆਣੇ ਵਿਅਕਤੀ ਪ੍ਰਭਾਵ ਪਾਉਣ ਦਾ ਯਤਨ ਨਹੀਂ ਕਰਦੇ, ਇਸ ਕਾਰਨ ਕਰਕੇ ਹੀ ਉਨ੍ਹਾਂ ਦਾ ਪ੍ਰਭਾਵ ਪੈਂਦਾ ਹੈ।

ਜੰਗਲ ਵਾਲੀ ਸੋਚ ਨਾਲ ਮਨੁੱਖ ਬਾਗ ਵਿਚ ਨਹੀਂ ਰਹਿ ਸਕਦਾ।

ਅਸਫ਼ਲ ਹੋ ਕੇ ਵੀ ਆਪਣੇ ਸਹੀ ਹੋਣ ਦੀ ਜ਼ਿਦ ਕਰਨ ਵਾਲੇ, ਨਾ ਬਦਲਦੇ ਹਨ, ਨਾ ਹੀ ਸਫ਼ਲ ਹੁੰਦੇ ਹਨ।

ਜੇਕਰ ਤੁਹਾਨੂੰ ਆਪਣਾ ਕੰਮ ਪਸੰਦ ਨਹੀਂ ਤਾਂ ਨੁਕਸ ਕੰਮ ਵਿਚ ਨਹੀਂ, ਤੁਹਾਡੇ ਵਿਚ ਹੈ ਅਤੇ ਇਹ ਇਕ ਬੜਾ ਵੱਡਾ ਨੁਕਸ ਹੈ।

ਜਿਸ ਚੀਜ਼ ਦੀ ਸਮਝ ਨਾ ਹੋਵੇ, ਉਸ ਤੋਂ ਲਾਭ ਨਹੀਂ ਉਠਾਇਆ ਜਾ ਸਕਦਾ।

ਹਰ ਮਨੁੱਖ ਦਾ ਵੱਡਾ ਤੌਖ਼ਲਾ ਹੋਰਾਂ ਵੱਲੋਂ ਰੱਦ ਕੀਤੇ ਜਾਣ ਦਾ ਹੁੰਦਾ ਹੈ; ਮਨੁੱਖ ਦੀ ਵੱਡੀ ਅਤੇ ਬਲਵਾਨ ਇੱਛਾ, ਹੋਰਾਂ ਵੱਲੋਂ ਪ੍ਰਵਾਨ ਕੀਤੇ ਜਾਣ ਦੀ ਹੁੰਦੀ ਹੈ।

ਸੰਸਾਰ ਕੇਵਲ ਸਾਡੀ ਸਫ਼ਲਤਾ ਵੱਲ ਧਿਆਨ ਦਿੰਦਾ ਹੈ, ਪਰ ਅਸੀਂ ਚਾਹੁੰਦੇ ਹਾਂ ਕਿ ਸੰਸਾਰ ਸਾਡੇ ਯਤਨਾਂ ਨੂੰ ਵੀ ਵੇਖੇ।

ਪ੍ਰੇਮਿਕਾ ਬਾਰੇ ਸੋਚਦਿਆਂ, ਪ੍ਰੇਮੀ ਸੁਪਨਾ ਆਪਣਾ ਵੇਖਦਾ ਹੈ।

ਨਿਰਾਸ਼ਾਵਾਦੀ, ਹਰ ਚੀਜ਼ ਨੂੰ ਆਸ਼ਾਵਾਦੀਆਂ ਨਾਲੋਂ ਵਧੇਰੇ ਧਿਆਨ ਨਾਲ ਵੇਖਦਾ ਹੈ ਅਤੇ ਕਾਰਜ ਕਰਨ ਵਾਲਾ ਸਮਾਂ ਵੀ, ਵੇਖਣ ਵਿਚ ਹੀ ਲਾ ਦਿੰਦਾ ਹੈ।

ਪ੍ਰੇਮਿਕਾ, ਬੋਲਣ ਨਾਲ ਉਤਨਾ ਕੁਝ ਨਹੀਂ ਕਹਿੰਦੀ, ਜਿਤਨਾ ਕੁਝ ਉਹ ਸ਼ਰਮਾਉਣ ਨਾਲ ਕਹਿੰਦੀ ਹੈ।

ਛੜਾ ਉਹ ਹੁੰਦਾ ਹੈ, ਜਿਹੜਾ ਵਿਆਹ ਬਾਰੇ ਸੋਚਦਾ, ਵੇਖਦਾ ਅਤੇ ਵਿਉਂਤਦਾ ਹੀ ਰਹਿੰਦਾ ਹੈ, ਛਲਾਂਗ ਨਹੀਂ ਮਾਰਦਾ।

ਬਹਿਸ ਵਿਚ ਬੋਲਿਆ ਹੀ ਜਾਂਦਾ ਹੈ, ਸੁਣਿਆ ਨਹੀਂ ਜਾਂਦਾ।

ਪ੍ਰਸ਼ੰਸਾ ਵਿਚ, ਤਾੜੀਆਂ ਮਾਰਨ ਵਾਲਿਆਂ ਨੂੰ, ਕੋਈ ਨਹੀਂ ਕਹਿੰਦਾ: ਬੱਸ ਕਰੋ!

ਮੱਛਰਾਂ ਦਾ ਵਿਹਾਰ ਵੇਖ ਕੇ, ਮੱਖੀਆਂ ਬਾਰੇ ਸਾਡੀ ਰਾਇ ਚੰਗੀ ਹੋ ਜਾਂਦੀ ਹੈ।

ਜੋਤਸ਼ੀ ਹੱਥ ਜਵਾਨਾਂ ਦੇ ਹੀ ਵੇਖਦੇ ਹਨ ਅਤੇ ਉਨ੍ਹਾਂ ਦਾ ਭਵਿੱਖ ਦੱਸਦੇ ਹਨ, ਬਜ਼ੁਰਗਾਂ ਦੇ ਉਹ ਚਿਹਰੇ ਹੀ ਵੇਖਦੇ ਹਨ ਅਤੇ ਉਨ੍ਹਾਂ ਦਾ ਅਤੀਤ ਦੱਸਦੇ ਹਨ।

ਜ਼ਾਤਪਾਤ ਕਾਰਨ, ਹਿੰਦੂ ਧਰਮ ਵਿਚ ਲੰਗਰ ਦਾ ਸੰਕਲਪ ਉਸਰ ਹੀ ਨਹੀਂ ਸੀ ਸਕਦਾ; ਵੱਖਰੇ ਹੋਣ ਦਾ, ਸਨਿਆਸ ਦਾ ਸੰਕਲਪ ਹੀ ਉਸਰ ਸਕਦਾ ਸੀ।

ਭੁੱਖੇ ਵਿਅਕਤੀ ਦੀ ਕੇਵਲ ਖਾਣ ਵਿਚ ਦਿਲਚਸਪੀ ਹੁੰਦੀ ਹੈ; ਭੁੱਖੜ ਵਿਚ ਖਾਂਦੇ ਰਹਿਣ ਦਾ ਲਾਲਚ ਹੁੰਦਾ ਹੈ।

ਸੂਚਨਾਵਾਂ ਦੇ ਤੋਪਖ਼ਾਨੇ ਨੂੰ ਅਖ਼ਬਾਰ ਕਿਹਾ ਜਾਂਦਾ ਹੈ।

ਡਰ ਕਾਰਨ ਮਨੁੱਖ ਸਾਰੀ ਰਾਤ ਜਾਗਦਾ ਰਹਿੰਦਾ ਹੈ; ਵਿਸ਼ਵਾਸ ਨਾਲ ਮਨੁੱਖ ਬਿਨਾਂ ਬਿਸਤਰੇ ਦੇ ਹੀ ਸੌਂ ਜਾਂਦਾ ਹੈ।

ਕਿਸੇ ਚੀਜ਼ ਤੋਂ ਭੱਜਣਾ ਡਰ ਹੁੰਦਾ ਹੈ; ਕਿਸੇ ਚੀਜ਼ ਪਿੱਛੇ ਭੱਜਣਾ ਜਨੂਨ ਹੁੰਦਾ ਹੈ।

ਰੋਮਾਂਸ, ਪਿਆਰ ਦੇ ਰਿਸ਼ਤੇ ਨੂੰ ਥੱਕਣ ਨਹੀਂ ਦਿੰਦਾ।

ਆਸ਼ਾਵਾਦੀ ਗਲਤੀਆਂ ਨੂੰ ਭੁੱਲਣ ਲਈ ਹੱਸਦਾ ਹੈ, ਨਿਰਾਸ਼ਾਵਾਦੀ ਹੱਸਣਾ ਹੀ ਭੁੱਲ ਜਾਂਦਾ ਹੈ।

ਸਤਿਕਾਰ ਦੇਣਾ ਬਣਦਾ ਹੈ, ਪਿਆਰ ਦਿੱਤਾ ਜਾਂਦਾ ਹੈ।

ਰੱਬ ਨੇ ਸੰਸਾਰ ਵਿਚ ਲੱਖਾਂ ਲਤੀਫ਼ੇ ਉਪਜਾਏ ਹਨ, ਸਮਝ ਹੀ ਨਹੀਂ ਆਉਂਦੀ ਕਿ ਕਿਹੜੇ-ਕਿਹੜੇ ਲਤੀਫ਼ੇ 'ਤੇ ਹੱਸਿਆ ਜਾਵੇ ਅਤੇ ਰੱਬ ਨੂੰ ਦਾਦ ਦਿੱਤੀ ਜਾਵੇ।

ਗੁੱਸੇ ਨਾਲ ਅਸੀਂ ਮੁਸ਼ਕਿਲ ਵਿਚ ਫਸਦੇ ਹਾਂ ਅਤੇ ਮੂਰਖ਼ਤਾ ਕਾਰਨ ਫਸੇ ਰਹਿੰਦੇ ਹਾਂ।

ਤਲਾਕ ਦਾ ਕਾਰਨ ਇਹ ਨਹੀਂ ਹੁੰਦਾ ਕਿ ਪਤੀ-ਪਤਨੀ ਨੇ ਇਕ-ਦੂਜੇ ਨੂੰ ਸਮਝਿਆ ਨਹੀਂ; ਸਗੋਂ ਇਹ ਹੁੰਦਾ ਹੈ ਕਿ ਪਤੀ-ਪਤਨੀ ਨੇ ਇਕ-ਦੂਜੇ ਨੂੰ ਪੂਰੀ ਤਰ੍ਹਾਂ ਅਤੇ ਚੰਗੀ ਤਰ੍ਹਾਂ ਸਮਝ ਲਿਆ ਹੈ।

ਜਵਾਨ, ਭਵਿੱਖ ਵੱਲ ਅਤੇ ਬਜ਼ੁਰਗ, ਅਤੀਤ ਵੱਲ ਵੇਖਦੇ ਹਨ; ਅਧਖੜ ਕਦੀ ਇਧਰ ਵੇਖਦੇ ਹਨ, ਕਦੀ ਉਧਰ ਵੇਖਦੇ ਹਨ।

ਭਾਸ਼ਣ, ਅਸਰ ਕਰਦਾ ਹੈ; ਚੁੱਪ, ਪ੍ਰਭਾਵ ਪਾਉਂਦੀ ਹੈ।

ਜਿਤਨਾ ਕੋਈ ਦੇਸ਼ ਵਿਕਸਿਤ ਹੋਵੇਗਾ, ਉਤਨੇ ਹੀ ਉਥੇ ਸੰਤ-ਮਹਾਤਮਾ ਘੱਟ ਅਤੇ ਵਿਗਿਆਨੀ ਵਧੇਰੇ ਹੋਣਗੇ।

ਇਸਤਰੀ, ਸੱਸ ਬਣ ਕੇ, ਨੂੰਹ 'ਤੇ ਹੀ ਰਾਜ ਨਹੀਂ ਕਰਦੀ, ਸੱਸ ਬਣਨ ਨਾਲ ਉਹ ਆਪਣੇ ਪਤੀ ਤੋਂ ਵੀ, ਸਾਰੇ ਹਥਿਆਰ ਖੋਹ ਲੈਂਦੀ ਹੈ।

ਆਲੇ-ਦੁਆਲੇ ਵਿਚ ਦਿਲਚਸਪੀ ਲੈਣ ਵਾਲੇ ਅਤੇ ਅਖ਼ਬਾਰ ਪੜ੍ਹਨ ਵਾਲੇ, ਵਧੇਰੇ ਸੁਚੇਤ ਹੋਣ ਕਰਕੇ, ਅਕਸਰ ਲੰਮਾ ਜੀਵਨ ਜਿਉਂਦੇ ਹਨ।

ਜੇ ਪਰਿਵਾਰ ਵਿਚ ਕੇਵਲ ਧੀਆਂ ਹੋਣ ਤਾਂ ਇਸਤਰੀ ਉਤੇ, ਪਤੀ ਦੇ ਪਰਿਵਾਰ ਨੂੰ ਨੀਵਾਂ ਕਰ ਦੇਣ ਦਾ ਵਾਧੂ ਦੋਸ਼ ਲੱਗਦਾ ਹੈ।

ਭਾਰਤ ਦੇ ਪਿੰਡ, ਪਰੰਪਰਾ ਪਾਲਣ ਦੀਆਂ ਪਾਠਸ਼ਾਲਾਵਾਂ ਹਨ।

ਪਿਆਰ ਮਨੁੱਖ ਦਾ ਬੁਨਿਆਦੀ ਅਤੇ ਸਿਖਰਲਾ ਅਨੁਭਵ ਹੁੰਦਾ ਹੈ; ਜੇ ਇਹ ਅਨੁਭਵ ਨਹੀਂ ਹੋਇਆ ਤਾਂ ਹੋਰ ਕਿਸੇ ਅਨੁਭਵ ਦਾ ਕੋਈ ਅਰਥ ਨਹੀਂ ਹੁੰਦਾ।

ਸੈਰ ਕੀਤੀ ਹੀ ਤਾਂ ਜਾ ਸਕਦੀ ਹੈ, ਜੇ ਮਜ਼ਬੂਤ ਭਵਿੱਖ ਵਿਚ ਵਿਸ਼ਵਾਸ ਹੋਵੇ।

ਜਿਤਨਾ ਚਿਰ ਆਪਣੇ ਆਪ ਵਿਚ ਵਿਸ਼ਵਾਸ ਰੱਖੋਗੇ, ਜ਼ਿੰਦਗੀ ਮਾਣਨਯੋਗ ਬਣੀ ਰਹੇਗੀ।

ਤਾਂਘਾਂ, ਉਮੰਗਾਂ ਅਤੇ ਭਾਵਨਾਵਾਂ ਕਿਸੇ ਨੇਮ ਨੂੰ ਨਹੀਂ ਮੰਨਦੀਆਂ।

ਜਿਨ੍ਹਾਂ ਸਮਾਜਾਂ ਵਿਚ ਬੁਢਾਪੇ ਦਾ ਸਤਿਕਾਰ ਹੈ, ਉਥੇ ਬੁਢਾਪੇ ਵਿਚ ਵੀ ਲੋਕ, ਅਨੇਕਾਂ ਕਾਰਜਾਂ ਰਾਹੀਂ, ਲਾਭਕਾਰੀ ਬਣੇ ਰਹਿੰਦੇ ਹਨ।

ਜੇ ਮਨੁੱਖ ਦੀ ਆਪਣੀ ਆਮਦਨ ਵੱਧ ਰਹੀ ਹੋਵੇ ਤਾਂ ਉਸ ਨੂੰ ਹੋਰਾਂ ਦੇ ਅਮੀਰ ਹੋਣ ਦਾ ਸਾੜਾ ਨਹੀਂ ਹੋਵੇਗਾ।

ਪਤੀ ਵੱਲੋਂ ਵਧੇਰੇ ਧਿਆਨ ਦੇਣ ਨਾਲ, ਪਤਨੀ ਮਹੱਤਵਪੂਰਨ ਬਣੀ ਰਹਿੰਦੀ ਹੈ ਅਤੇ ਮਹੱਤਵਪੂਰਨ ਹੋਣ ਕਰਕੇ ਉਹ ਜ਼ਿੰਦਗੀ ਦੀ ਵਧੇਰੇ ਤਸੱਲੀ ਦਿੰਦੀ ਹੈ।

ਜਿਨ੍ਹਾਂ ਦੀ ਖ਼ੁਰਾਕ ਲੋੜ ਨਾਲੋਂ ਘੱਟ ਹੁੰਦੀ ਹੈ, ਉਨ੍ਹਾਂ ਨੂੰ ਲੋੜ ਨਾਲੋਂ ਵੱਧ ਕੰਮ ਕਰਨਾ ਪੈਂਦਾ ਹੈ।

ਕਰਜ਼ਾ-ਉਧਾਰ ਮੋੜਨਾ ਇਸ ਲਈ ਮੁਸ਼ਕਿਲ ਹੁੰਦਾ ਹੈ, ਕਿਉਂਕਿ ਇਹ ਜਿਸ ਉਦੇਸ਼ ਲਈ ਲਿਆ ਜਾਂਦਾ ਹੈ, ਅਕਸਰ ਉਸ ਲਈ ਵਰਤਿਆ ਨਹੀਂ ਜਾਂਦਾ; ਜੇ ਵਰਤਿਆ ਵੀ ਜਾਵੇ, ਤਾਂ ਵੀ ਕਰਜ਼ਾ ਮੋੜਨਾ ਮੁਸ਼ਕਿਲ ਹੁੰਦਾ ਹੈ, ਕਿਉਂਕਿ ਉਹ ਉਦੇਸ਼ ਅਕਸਰ ਵਾਜਬ ਨਹੀਂ ਹੁੰਦਾ।

ਗਰੀਬ ਦੇਸ਼ਾਂ ਵਿਚ ਗਰੀਬ ਹੋਣਾ, ਦੁਖਦਾਈ ਨਹੀਂ ਹੁੰਦਾ, ਪਰ ਕਿਸੇ ਅਮੀਰ ਦੇਸ਼ ਵਿਚ ਗਰੀਬ ਹੋਣਾ, ਦੁਖਦਾਈ ਹੀ ਨਹੀਂ ਹੁੰਦਾ, ਅਪਮਾਨਜਨਕ ਵੀ ਹੁੰਦਾ ਹੈ।

ਵਿਦਿਆਰਥੀਆਂ ਦੇ ਸੁਪਨਿਆਂ ਦੀਆਂ ਨੀਹਾਂ, ਮਾਪਿਆਂ ਨੇ ਰਖਣੀਆਂ ਅਤੇ ਅਧਿਆਪਕਾਂ ਨੇ ਉਸਾਰਨੀਆਂ ਹੁੰਦੀਆਂ ਹਨ।

ਖ਼ੁਸ਼ਹਾਲੀ ਦਾ ਰਸਤਾ ਪੈਸਾ ਜਾਂ ਸੋਨਾ ਨਹੀਂ, ਵਪਾਰ ਖੋਲ੍ਹਦਾ ਹੈ; ਅਮੀਰੀ ਆਯਾਤ ਨਾਲ ਨਹੀਂ, ਨਿਰਯਾਤ ਨਾਲ ਆਉਂਦੀ ਹੈ।

ਗਰੀਬੀ ਜੱਦੀ ਨਹੀਂ ਹੁੰਦੀ, ਪਰ ਕਈ ਇਸ ਨੂੰ ਜੱਦੀ ਬਣਾ ਲੈਂਦੇ ਹਨ।

ਜੇ ਦਿਲਚਸਪ ਜੀਵਨ ਜਿਊਣਾ ਚਾਹੁੰਦੇ ਹੋ ਤਾਂ ਲੰਮੀ ਪੜ੍ਹਾਈ ਕਰੋ।

ਖ਼ੁਸ਼ਹਾਲ, ਪ੍ਰਸੰਨ ਅਤੇ ਅਮੀਰ ਸਮਾਜਾਂ ਵਿਚ, ਚੀਜ਼ਾਂ ਮਹੱਤਵਪੂਰਨ ਨਹੀਂ ਹੁੰਦੀਆਂ, ਵਿਹਲ ਮਹੱਤਵਪੂਰਨ ਹੁੰਦੀ ਹੈ।

ਪੜ੍ਹਾਈ ਤੋਂ ਬਿਨਾਂ ਅਮੀਰ ਹੋਣ ਦੀ ਗੱਲ, ਹੁਣ ਤਾਂ ਸ਼ੇਖਚਿੱਲੀ ਵੀ ਨਹੀਂ ਕਰਦੇ।

ਜਿਨ੍ਹਾਂ ਖੇਤਰਾਂ ਵਿਚ ਸਿੱਖਿਆ ਦੀ ਲੋੜ ਨਹੀਂ ਪੈਂਦੀ, ਉਨ੍ਹਾਂ ਖੇਤਰਾਂ ਵਿਚ ਗਰੀਬੀ ਅਤੇ ਬੇਰੋਜ਼ਗਾਰੀ ਵਧੇਰੇ ਹੁੰਦੀ ਹੈ।

ਅਹੁਦੇ ਦਾ ਮਾਣ-ਸਤਿਕਾਰ, ਅਹੁਦੇਦਾਰਾਂ ਨੂੰ ਤੰਦਰੁਸਤ ਰੱਖਦਾ ਹੈ।

ਹਮਦਰਦੀ ਇਕ ਅਜਿਹੀ ਭਾਸ਼ਾ ਹੁੰਦੀ ਹੈ, ਜਿਸ ਵਿਚ ਬੋਲਣਾ ਨਹੀਂ ਪੈਂਦਾ।

ਜੇ ਪ੍ਰਸੰਨ ਹੋਣ ਵਾਸਤੇ ਕਿਸੇ 'ਤੇ ਨਿਰਭਰ ਕਰੋਗੇ, ਕਦੇ ਪ੍ਰਸੰਨ ਨਹੀਂ ਹੋਵੋਗੇ।

ਜਿਹੜਾ ਅਧਿਆਪਕ, ਵਿਦਿਆਰਥੀਆਂ ਨੂੰ ਡਰਾਉਂਦਾ ਹੈ, ਉਹ ਅਨੇਕਾਂ ਵਿਦਿਆਰਥੀਆਂ ਵਿਚ, ਅਧਿਆਪਕ ਬਣਨ ਦਾ ਆਦਰਸ਼ ਹੀ ਮਾਰ ਦਿੰਦਾ ਹੈ।

ਦੁੱਖ, ਯਥਾਰਥ ਦਾ ਭਾਗ ਹੈ; ਸੁੱਖ, ਕਲਪਨਾ ਦਾ ਅੰਗ ਹੈ।

ਦੁਹਰਾਓਵਾਦੀ ਹੋਣ ਕਰਕੇ, ਧਾਰਮਿਕ ਲੋਕਾਂ ਨੂੰ ਸੋਚਣਾ ਨਹੀਂ ਪੈਂਦਾ, ਇਸੇ ਕਰਕੇ ਉਹ ਧਾਰਮਿਕ ਵਿਖਾਈ ਦਿੰਦੇ ਹਨ।

ਵਿਦਿਆਰਥੀ ਦੇ ਕਿਸੇ ਪ੍ਰਸ਼ਨ ਤੋਂ ਭੜਕ ਪੈਣ ਵਾਲਾ ਅਧਿਆਪਕ, ਇਹੀ ਸਾਬਤ ਕਰਦਾ ਹੈ ਕਿ ਉਹ ਵਿਦਿਆਰਥੀ ਨਾਲੋਂ ਬੜਾ ਕਮਜ਼ੋਰ ਹੈ।

ਰਾਜਨੀਤੀ, ਬਦਲਾ ਲੈਣ ਦਾ ਖੇਤਰ ਹੈ ਅਤੇ ਬਦਲਾ ਆਪਣੀ ਤਿੱਖੀ ਅਕਲ ਦੇ ਹਥਿਆਰ ਨਾਲ ਲਿਆ ਜਾਂਦਾ ਹੈ।

ਅਜੋਕੇ ਜੀਵਨ ਵਿਚ ਰਾਜਨੀਤਕ ਸਮਝ ਤੋਂ ਬਿਨਾਂ, ਜਿਊਣਾ ਸੰਭਵ ਨਹੀਂ ਰਿਹਾ।

ਜਦੋਂ ਦੁਸ਼ਮਣੀ ਲੰਮੀ ਹੋ ਜਾਵੇ ਤਾਂ ਕੋਈ ਵੀ ਸਮਝੌਤਾ ਹੰਢਣਸਾਰ ਨਹੀਂ ਹੁੰਦਾ।

ਆਪਣੇ ਤੋਂ ਉਪਰਲਿਆਂ ਨੂੰ ਉਪਰਲੇ ਹੋਣ ਅਤੇ ਉਚੇਰੀ ਅਕਲ ਵਾਲੇ ਹੋਣ ਦਾ ਅਹਿਸਾਸ ਕਰਾਓ, ਉਹ ਤੁਹਾਡੇ ਵਿਕਾਸ ਦਾ ਰਾਹ ਪੱਧਰਾ ਕਰਨ ਲਗ ਪੈਣਗੇ।

ਰਾਜਨੀਤੀ ਵਿਚ ਵਿਰੋਧੀਆਂ ਨਾਲ ਧੋਖਾ ਕਰਨਾ ਬੜੀ ਵੱਡੀ ਯੋਗਤਾ ਹੁੰਦੀ ਹੈ, ਧੋਖੇ ਨੂੰ ਧੋਖੇ ਨਾਲ ਲੁਕਾਇਆ ਜਾਂਦਾ ਹੈ।

ਜਿਨ੍ਹਾਂ ਦਾ ਇਕ ਹੀ ਚਿਹਰਾ ਹੁੰਦਾ ਹੈ, ਉਹ ਰਾਜਨੀਤੀ ਵਿਚ ਸਫ਼ਲ ਨਹੀਂ ਹੁੰਦੇ, ਉਹ ਧਰਮ ਵਿਚ ਵੀ ਸਫ਼ਲ ਨਹੀਂ ਹੁੰਦੇ; ਧਰਮ ਅਤੇ ਰਾਜਨੀਤੀ ਬੜੇ ਵੱਡੇ ਨਾਟਕ ਹਨ, ਇਹ ਮਖੌਟਿਆਂ ਵਾਲੀ ਅਦਾਕਾਰੀ ਦੇ ਹੁਨਰ ਤੋਂ ਬਿਨਾਂ ਚੱਲਦੇ ਨਹੀਂ।

ਧਰਮ ਅਤੇ ਰਾਜਨੀਤੀ ਹਕੂਮਤ ਦੀਆਂ ਖੇਡਾਂ ਹਨ।

ਰਾਜਨੀਤੀ ਵਿਚ ਇਕ ਹੀ ਗਲਤੀ ਦੋ ਵਾਰ ਕਰਨ ਦੀ ਸਹੂਲਤ ਨਹੀਂ ਹੁੰਦੀ।

ਰਿਸ਼ਤੇਦਾਰ ਜਾਂ ਦੋਸਤ ਤੋਂ ਕੁਝ ਨਾ ਖਰੀਦੋ, ਪਛਤਾਓਗੇ ਅਤੇ ਸ਼ਿਕਾਇਤ ਵੀ ਨਹੀਂ ਕਰ ਸਕੋਗੇ।

ਦੁਸ਼ਮਣਾਂ ਨੂੰ ਦੁਸ਼ਮਣ ਐਲਾਨਣ ਵਿਚ ਕਾਹਲ ਨਾ ਕਰੋ, ਪਰ ਐਲਾਨਣ ਤੋਂ ਮਗਰੋਂ ਦੁਸ਼ਮਣਾਂ ਨਾਲ ਦੁਸ਼ਮਣਾਂ ਵਾਲਾ ਵਿਹਾਰ ਕਰੋ, ਉਨ੍ਹਾਂ ਨੂੰ ਦੋਸਤ ਬਣਾਉਣ ਵਿਚ ਸਮਾਂ ਨਾ ਗੁਆਓ।

ਜਦੋਂ ਛੋਟੇ ਬੰਦੇ ਵੱਡੀਆਂ ਪਦਵੀਆਂ 'ਤੇ ਬਹਿ ਜਾਂਦੇ ਹਨ ਤਾਂ ਉਨ੍ਹਾਂ ਦਾ ਛੋਟਾਪਣ ਫਿਰ ਜਾਗ ਪੈਂਦਾ ਹੈ।

ਜਿਹੜੇ ਤੁਹਾਡੇ ਨਾਲ ਸਹਿਮਤ ਨਹੀਂ, ਉਨ੍ਹਾਂ ਨਾਲ ਕੰਮ ਕਰਨਾ ਸਿੱਖੋ, ਇਹ ਤੁਹਾਡੀ ਅਸਲੀ ਯੋਗਤਾ ਅਤੇ ਸਮਰੱਥਾ ਹੋਵੇਗੀ।

ਵਪਾਰ ਜਾਂ ਰਾਜਨੀਤੀ ਵਿਚ ਜਿਥੇ ਵੀ ਦੋਸਤਾਂ 'ਤੇ ਨਿਰਭਰ ਕਰੋਗੇ, ਸਮੁੱਚੇ ਰੂਪ ਵਿਚ, ਤੁਹਾਡੀ ਤਾਕਤ ਵਧੇਗੀ ਨਹੀਂ, ਘਟੇਗੀ।

ਆਪਣੀ ਅਸਲੀ ਵਿਉਂਤ ਅਤੇ ਨੀਤੀ ਉਦੋਂ ਪ੍ਰਗਟਾਓ, ਜਦੋਂ ਕਿਸੇ ਵਲੋਂ ਇਨ੍ਹਾਂ ਦਾ ਵਿਰੋਧ ਨਾ ਕੀਤਾ ਜਾ ਸਕੇ।

ਦੋਸਤ ਇਕ-ਦੂਜੇ ਦੇ ਲਤੀਫ਼ਿਆਂ 'ਤੇ ਲੋੜ ਨਾਲੋਂ ਵਧੇਰੇ ਹੱਸਦੇ ਹਨ, ਇਹ ਦੋਸਤੀ ਦੀ ਰਿਆਇਤ ਹੁੰਦੀ ਹੈ।

ਰਾਜਨੀਤੀ ਵਿਚ ਸਿੱਧੇ ਨਹੀਂ, ਅਸਿੱਧੇ ਪੈਂਤੜੇ ਵਰਤੇ ਜਾਂਦੇ ਹਨ।

ਪਿਆਰ-ਖੇਡ ਉਦੋਂ ਤਕ ਹੀ ਦਿਲਚਸਪ ਰਹਿੰਦੀ ਹੈ, ਜਦੋਂ ਤਕ ਪਿਆਰ ਹੋਣ ਜਾਂ ਨਾ ਹੋਣ ਦਾ ਭੁਲੇਖਾ ਬਣਿਆ ਰਹਿੰਦਾ ਹੈ।

ਹਾਕਮ, ਆਪਣੇ ਅਧੀਨ ਵਿਅਕਤੀਆਂ ਨੂੰ ਆਪਣੇ ਅਧੀਨ ਬਣਾਈ ਰਖਣ ਲਈ ਮੈਡਲ ਅਤੇ ਖ਼ਿਤਾਬ ਹੀ ਦਿੰਦੇ ਹਨ, ਧਨ ਨਹੀਂ।

ਜਦੋਂ ਕੋਈ ਦੋਸਤ, ਦੁਸ਼ਮਣ ਬਣਨ ਦੇ ਰਾਹ ਪੈਂਦਾ ਹੈ ਤਾਂ ਪਹਿਲਾਂ ਉਸ ਦੇ ਚਿਹਰੇ 'ਤੇ ਇਕ ਵਿਅੰਗਮਈ ਮੁਸਕਰਾਹਟ ਉਪਜਦੀ ਹੈ, ਜਿਸ ਨੂੰ ਸਿਆਣੇ ਬੰਦੇ ਝੱਟ ਪਛਾਣ ਜਾਂਦੇ ਹਨ।

ਰਾਜਨੀਤੀ ਵਿਚ ਸਾੜੇ ਕਾਰਨ, ਦੋਸਤ ਜਲਦੀ ਧੋਖਾ ਦੇ ਜਾਂਦੇ ਹਨ।

ਹਾਕਮਾਂ ਦੀ ਕਿਸੇ ਚੀਜ਼ ਜਾਂ ਵਿਅਕਤੀ ਵਿਚ ਦਿਲਚਸਪੀ ਨਹੀਂ ਹੁੰਦੀ, ਉਨ੍ਹਾਂ ਦੀ ਦਿਲਚਸਪੀ ਆਪਣੀ ਹਕੂਮਤ ਬਣਾਈ ਰੱਖਣ ਵਿਚ ਹੁੰਦੀ ਹੈ।

ਰਾਜਨੀਤੀ ਵਾਂਗ, ਸ਼ਤਰੰਜ ਵਿਚ, ਦੂਜੇ ਦੀ ਨੀਅਤ ਵੱਲ ਕੋਈ ਧਿਆਨ ਨਹੀਂ ਦਿੰਦਾ, ਦੋਹਾਂ ਧਿਰਾਂ ਦਾ ਧਿਆਨ, ਮਰਨ-ਮਾਰਨ ਦੀ ਚਾਲ 'ਤੇ ਹੁੰਦਾ ਹੈ।

ਲੋਕਾਂ ਵਿਚ ਮਿਹਰਬਾਨੀ ਦੇ ਬਦਲੇ ਮਿਹਰਬਾਨੀ ਕਰਨ ਦੀ ਥਾਂ, ਬੇਇੱਜ਼ਤੀ ਦੇ ਬਦਲੇ ਬੇਇੱਜ਼ਤੀ ਕਰਨ ਦੀ ਬਿਰਤੀ, ਵਧੇਰੇ ਬਲਵਾਨ ਹੁੰਦੀ ਹੈ।

ਭੁਲੇਖੇ ਦਾ ਲਾਭ ਉਠਾਉਣ ਵਾਸਤੇ, ਵੱਡੇ ਧੋਖੇਬਾਜ਼ ਕਈ ਖੇਤਰਾਂ ਵਿਚ ਇਮਾਨਦਾਰੀ ਵਾਲਾ ਵਿਹਾਰ ਕਰਦੇ ਹਨ, ਜਦੋਂ ਕਿ ਆਪਣੇ ਅਸਲੀ ਮਨਸੂਬੇ ਅਨੁਸਾਰ, ਉਹ ਧੋਖਾ ਦੇਣ ਵਿਚ ਅੱਗੇ ਵੱਧ ਰਹੇ ਹੁੰਦੇ ਹਨ।

ਪਿਆਰ ਵਿਚ ਪ੍ਰਗਟਾਇਆ ਗਿਆ ਨਹੀਂ, ਸੁਝਾਇਆ ਗਿਆ ਅਤੇ ਲੁਕਾਇਆ ਗਿਆ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਰਾਜਨੀਤੀ ਵਿਚ ਦੋਸਤ ਨੂੰ ਭਾਈਵਾਲ ਬਣਾਓਗੇ ਤਾਂ ਉਹ ਤੁਹਾਡੇ ਨਾਲੋਂ ਵਧੇਰੇ ਤਾਕਤਵਰ ਹੋਣਾ ਚਾਹੇਗਾ।

ਗੁੱਝੇ ਸੰਕੇਤ ਸਮਝਣ ਅਤੇ ਸਮਝਾਉਣ, ਟਾਲਣ ਅਤੇ ਲਾਰੇ ਲਾਉਣ ਵਿਚ, ਇਸਤਰੀ ਪੁਰਸ਼ ਨਾਲੋਂ ਵਧੇਰੇ ਨਿਪੁੰਨ ਅਤੇ ਤਜਰਬੇਕਾਰ ਹੁੰਦੀ ਹੈ।

ਜੇ ਨਾਜਾਇਜ਼ ਸਬੰਧਾਂ ਵਿਚ, ਪੁਰਸ਼ ਅਗਲੇਰਾ ਕਦਮ ਚੁੱਕਣ ਵਿਚ ਦੇਰ ਕਰਨ ਲੱਗ ਪਏ ਤਾਂ ਇਸਤਰੀ ਕਿਸੇ ਹੋਰ ਵਿਚ ਦਿਲਚਸਪੀ ਲੈਣ ਲੱਗ ਪੈਂਦੀ ਹੈ।

ਮਹੱਤਵਪੂਰਨ ਵਿਅਕਤੀਆਂ ਦੇ ਕਿਧਰੇ ਪਹੁੰਚਣ ਤੋਂ ਪਹਿਲਾਂ ਹੀ, ਉਨ੍ਹਾਂ ਦੀ ਪ੍ਰਸਿੱਧੀ-ਬਦਨਾਮੀ ਉਥੇ ਪਹੁੰਚ ਕੇ ਘੁੰਮਣ ਲੱਗ ਪੈਂਦੀ ਹੈ।

ਇਸਤਰੀ ਦੀ ਯੋਗਤਾ ਪ੍ਰੇਮਿਕਾ ਬਣਨ ਵਿਚ ਹੁੰਦੀ ਹੈ, ਕਿਸੇ ਦੀ ਹਵਸ ਦੀ ਚੀਜ਼ ਬਣਨ ਵਿਚ ਨਹੀਂ।

ਜੇ ਕੋਈ ਧੋਖੇਬਾਜ਼, ਪਛਤਾਵਾ ਪ੍ਰਗਟਾਉਣ ਦੇ ਜਤਨ ਵਿਚ, ਵੱਡਾ ਧੋਖਾ ਦੇਵੇ ਤਾਂ ਲੋਕ ਉਸ ਨੂੰ ਗਾਲ੍ਹਾਂ ਨਹੀਂ ਕਢਦੇ, ਆਪਣੀ ਮੂਰਖਤਾ ਅਤੇ ਧੋਖੇਬਾਜ਼ ਦੀ ਚਤੁਰਾਈ 'ਤੇ ਝੂਰਦੇ ਹਨ।

ਜੇ ਫੌਜ ਲੰਮਾ ਅਰਸਾ ਲੜੇ ਨਾ ਤਾਂ ਫੌਜ ਨੂੰ ਵੀ ਜ਼ੰਗਾਲ ਲੱਗ ਜਾਂਦਾ ਹੈ।

ਸੰਸਾਰ ਨੂੰ ਜ਼ਖ਼ਮਾਂ ਦੇ ਨਿਸ਼ਾਨ ਨਾ ਵਿਖਾਓ, ਬਹਾਦਰੀ ਦੇ ਮੈਡਲ ਵਿਖਾਓ; ਆਪਣਾ ਢਿੱਡ ਨਾ ਵਿਖਾਓ, ਜੰਮਿਆ ਪੁੱਤਰ ਵਿਖਾਓ।

ਰਾਜਨੀਤੀ ਵਿਚ ਇਮਾਨਦਾਰੀ, ਖੁੰਢਾ ਹਥਿਆਰ ਹੁੰਦੀ ਹੈ।

ਸੰਸਾਰ ਵਿਚੋਂ ਧੋਖੇਬਾਜ਼ ਕਦੇ ਨਹੀਂ ਮਿਟਣਗੇ, ਕਿਉਂਕਿ ਸੰਸਾਰ ਨੂੰ ਵਾਰ-ਵਾਰ ਧੋਖਾ ਖਾਣ ਦੀ ਆਦਤ ਹੈ।

ਘੱਟ ਬੋਲਣ ਵਾਲਿਆਂ ਨੂੰ ਵੱਡੇ ਅਤੇ ਸਿਆਣੇ ਸਮਝਿਆ ਜਾਂਦਾ ਹੈ, ਕਿਉਂਕਿ ਲੋਕ ਉਨ੍ਹਾਂ ਦੀ ਚੁੱਪ ਦੇ, ਆਪਣੇ-ਆਪਣੇ ਢੰਗ ਨਾਲ ਚੰਗੇ ਅਰਥ ਕੱਢ ਕੇ, ਉਨ੍ਹਾਂ ਨੂੰ ਵੱਡੇ ਅਤੇ ਸਿਆਣੇ ਸਾਬਤ ਕਰਦੇ ਹਨ।

ਜਿਹੜਾ ਵੱਧ ਬੋਲੇਗਾ, ਉਹ ਉਤਨੀਆਂ ਹੀ ਸਵੈ-ਵਿਰੋਧੀ ਅਤੇ ਹਾਸੋਹੀਣੀਆਂ ਗੱਲਾਂ ਵੱਧ ਕਰੇਗਾ।

ਜਿਹੜੀ ਚੀਜ਼ ਪਕੜ ਵਿਚ ਨਹੀਂ ਆਉਂਦੀ, ਉਹ ਸ਼ਕਤੀਸ਼ਾਲੀ ਹੁੰਦੀ ਹੈ ਅਤੇ ਪਕੜ ਵਿਚ ਆਉਣ ਤਕ ਸ਼ਕਤੀਸ਼ਾਲੀ ਰਹਿੰਦੀ ਹੈ।

ਭੀੜ ਕਦੇ ਵੀ ਸਧਾਰਨ ਅਤੇ ਸਪਸ਼ਟ ਦੇ ਪਿੱਛੇ ਨਹੀਂ ਲੱਗਦੀ; ਭੀੜ ਨੂੰ ਪਿੱਛੇ ਲਾਉਣ ਲਈ ਅਸਧਾਰਨ ਅਤੇ ਅਸਪਸ਼ਟ ਬਣਨਾ ਲਾਜ਼ਮੀ ਸ਼ਰਤ ਹੁੰਦੀ ਹੈ।

ਜਿਸ ਦਾ ਆਪਣੀ ਜ਼ਬਾਨ 'ਤੇ ਕਾਬੂ ਨਹੀਂ, ਉਸ ਵਿਚ ਸਵੈਕਾਬੂ ਵੀ ਨਹੀਂ ਹੋਵੇਗਾ, ਉਹ ਸਤਿਕਾਰਯੋਗ ਨਹੀਂ ਬਣਦਾ, ਉਹ ਕਿਸੇ ਜ਼ਿੰਮੇਵਾਰੀ ਦੇ ਯੋਗ ਨਹੀਂ ਸਮਝਿਆ ਜਾਂਦਾ।

ਇਕ ਨਾਅਰੇ ਨਾਲ, ਦੋ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ।

ਜੇ ਕੋਈ ਝੂਠਾ ਹੋਣ ਕਰਕੇ ਬਦਨਾਮ ਹੋਵੇ ਤਾਂ ਉਸ ਦੇ ਨਾਂ, ਉਹ ਝੂਠ ਵੀ ਲੱਗ ਜਾਂਦੇ ਹਨ, ਜਿਹੜੇ ਉਸ ਨੇ ਬੋਲੇ ਹੀ ਨਹੀਂ ਹੁੰਦੇ।

ਸ਼ਕਤੀਸ਼ਾਲੀ ਫੌਜ ਹਮਲਾ ਕਰਨ ਲਈ ਆਪ ਜਾਂਦੀ ਹੈ, ਹਮਲਾਵਰ ਨੂੰ ਹਮਲਾ ਕਰਨ ਵਾਸਤੇ ਆਉਣ ਨਹੀਂ ਦਿੰਦੀ।

ਖਾਲ੍ਹੀ ਅਤੇ ਭਰੇ ਹੋਣ ਦਾ ਨੇਮ ਜਾਣੋ; ਖਾਲ੍ਹੀ ਘੜੇ ਖੂਹ ਕੋਲ ਜਾਂਦੇ ਹਨ।

ਰਾਜਦੂਤਾਂ ਦਾ ਹਥਿਆਰ ਅਕਲ ਹੁੰਦੀ ਹੈ; ਜਰਨੈਲਾਂ ਦੀ ਅਕਲ ਹਥਿਆਰਾਂ ਵਿਚ ਹੁੰਦੀ ਹੈ।

ਹਾਰੀ ਹੋਈ ਫੌਜ ਦੌੜ ਸਕਦੀ ਹੈ, ਲੁਕ ਨਹੀਂ ਸਕਦੀ।

ਚਲ ਰਹੇ ਯੁੱਧ ਨਾਲ ਸਬੰਧਤ ਸਾਰੇ ਦੇਸ਼, ਸਰੀਰਕ-ਮਾਨਸਿਕ ਪੱਖੋਂ ਘੱਟ ਅਤੇ ਮਾਇਕ ਪੱਖੋਂ ਵਧੇਰੇ ਥੱਕਦੇ ਹਨ।

ਪੈਸਾ ਅਤੇ ਤਾਕਤ ਮਨੁੱਖ ਨੂੰ ਆਪਣੀ ਉਮਰ ਭੁਲਾ ਦਿੰਦੇ ਹਨ ਅਤੇ ਵਿਅਕਤੀ ਵਿਚ, ਇਨ੍ਹਾਂ ਕਾਰਨ ਭੋਜਨ ਅਤੇ ਕਾਮ ਦੇ ਸਵਾਦ ਜਾਗ ਪੈਂਦੇ ਹਨ।

ਖ਼ੁਸ਼-ਰਹਿਣੇ ਲੋਕਾਂ ਨਾਲ ਸਬੰਧ ਬਣਾਓ, ਉਹ ਤੁਹਾਨੂੰ ਬਿਮਾਰ-ਉਦਾਸ ਨਹੀਂ ਹੋਣ ਦੇਣਗੇ।

ਤਾਕਤ ਪ੍ਰਾਪਤ ਕਰਨੀ ਅਤੇ ਤਾਕਤ ਆਪਣੇ ਹੱਥ ਵਿਚ ਰੱਖਣੀ, ਦੋ ਵੱਡੇ ਕਾਰਜ ਹੁੰਦੇ ਹਨ, ਜਿਹੜੇ ਇਨ੍ਹਾਂ ਦਾ ਵਖਰੇਵਾਂ ਨਹੀਂ ਸਮਝਦੇ, ਉਹ ਪਛਤਾਉਂਦੇ ਹਨ।

ਜਿਥੇ ਦੋ ਲੜ ਰਹੇ ਹੋਣ, ਉਥੇ ਤੀਜੇ ਮੂਰਖ ਨਾ ਬਣੋ।

ਖੁਲ੍ਹ-ਦਿਲੇ, ਪਰਉਪਕਾਰੀ ਅਤੇ ਮਿਹਰਬਾਨ ਬੰਦੇ ਹੀ ਹਰਮਨ ਪਿਆਰੇ ਹੁੰਦੇ ਹਨ; ਇਹ ਹਰ ਕਿਸੇ ਦੀ ਮੀਟੀ ਹੋਈ ਮੁੱਠੀ ਖੁਲ੍ਹਵਾ ਲੈਂਦੇ ਹਨ।

ਪਿਆਰ ਅਤੇ ਰਾਜਨੀਤੀ ਵਿਚ ਆਸ ਪੂਰੀ ਨਹੀਂ ਕੀਤੀ ਜਾਂਦੀ, ਆਸ ਨੂੰ ਜਿਊਂਦਾ ਰੱਖਿਆ ਜਾਂਦਾ ਹੈ।

ਕੁਝ ਪ੍ਰਾਪਤ ਕਰਨ ਲਈ ਕੁਝ ਦੇਣ ਦੀ ਵਿਧੀ ਵਰਤੀ ਜਾਂਦੀ ਹੈ; ਜਦੋਂ ਇਸਤਰੀ ਕਿਸੇ ਪੁਰਸ਼ ਨੂੰ, ਲੁਕਾ ਕੇ ਕੋਈ ਤੋਹਫ਼ਾ ਦਿੰਦੀ ਹੈ ਤਾਂ ਉਹ ਉਸ ਨੂੰ, ਇਹ ਵੀ ਦੱਸਦੀ ਹੈ ਕਿ ਮੈਂ ਤੈਨੂੰ ਪ੍ਰਾਪਤ ਕਰਨ ਦਾ ਮਨ ਬਣਾ ਲਿਆ ਹੈ।

ਵਿਰੋਧੀ ਪ੍ਰਤੀ ਵਿਖਾਈ ਉਦਾਰਤਾ ਅਤੇ ਸਦਭਾਵਨਾ, ਉਸ ਵਿਚੋਂ ਵਿਰੋਧ ਕਰਨ ਦੀ ਸ਼ਕਤੀ ਖੋਰ ਦਿੰਦੀ ਹੈ।

ਰੋਮਨ, ਤਾਕਤ ਨਾਲ ਰਾਜ ਕਰਦੇ ਸਨ ਅਤੇ ਰਾਜ ਰਾਹੀਂ ਆਪਣੀ ਤਾਕਤ ਵਧਾਉਂਦੇ ਸਨ, ਇਵੇਂ ਰੋਮਨ ਅਤੇ ਤਾਕਤ ਦੇ ਅਰਥ ਇਕ ਹੀ ਹੋ ਗਏ ਸਨ।

ਭਾਵੇਂ ਕਿਸੇ ਦੀ ਕਿਤਨੀ ਵੀ ਆਮਦਨ ਹੋਵੇ, ਹਰੇਕ ਦੀ ਆਮਦਨ ਉਸ ਦੇ ਖਰਚਿਆਂ ਨਾਲ ਥੋੜ੍ਹੀ ਹੁੰਦੀ ਹੈ; ਕਿਸੇ ਤੋਂ ਵੀ ਮਾਇਕ ਮਦਦ ਮੰਗਣ ਵੇਲੇ ਇਸ ਪੱਖ ਨੂੰ ਧਿਆਨ ਵਿਚ ਰੱਖੋ।

ਜਦੋਂ ਲੋਕ ਸਮਝਣ ਕਿ ਉਨ੍ਹਾਂ ਦੇ ਹਿਤ, ਤੁਹਾਡੇ ਹਿਤਾਂ ਨਾਲ ਜੁੜੇ ਹੋਏ ਹਨ ਤਾਂ ਉਹ ਆਪਣੇ ਹਿਤਾਂ ਲਈ, ਤੁਹਾਡੇ ਹਿਤ ਪੂਰੇ ਕਰਨਗੇ; ਚੋਣਾਂ ਇਸੇ ਅਧਾਰ 'ਤੇ ਲੜੀਆਂ ਜਾਂਦੀਆਂ ਹਨ।

ਜੇ ਮਦਦ ਮੰਗਣ 'ਤੇ ਮਦਦ ਮਿਲੇ, ਧੰਨਵਾਦ ਕਰੋ; ਨਾ ਮਿਲੇ, ਚੁੱਪ ਰਹੋ, ਇਹ ਦੁਨੀਆਂਦਾਰੀ ਹੈ।

ਵਿਰੋਧੀ ਬਣ ਕੇ ਕਿਸੇ ਦੇ ਵਿਚਾਰਾਂ ਤੋਂ ਅਤੇ ਦੋਸਤ ਬਣ ਕੇ ਕਿਸੇ ਦੀਆਂ ਦੁਸ਼ਮਣੀਆਂ ਤੋਂ ਸਹਿਜੇ ਹੀ ਜਾਣੂ ਹੋਇਆ ਜਾ ਸਕਦਾ ਹੈ।

ਯੁੱਧ ਵਿਚ ਜਿੱਤ ਉਪਰੰਤ ਅਰਾਮ ਨਹੀਂ ਕੀਤਾ ਜਾਂਦਾ, ਵਧੇਰੇ ਦਲੇਰੀ ਨਾਲ ਦੁਸ਼ਮਣ ਦੇ ਭੰਡਾਰ ਅਤੇ ਟਿਕਾਣੇ ਤਬਾਹ ਕੀਤੇ ਜਾਂਦੇ ਹਨ।

ਜਦੋਂ ਇਸਤਰੀ ਨੂੰ ਵਿਸ਼ਵਾਸ ਹੋ ਜਾਵੇ ਕਿ ਨਾ ਕੇਵਲ ਉਹ ਮੇਰੇ ਨਾਲ ਵਿਆਹ ਕਰਵਾਏਗਾ, ਸਗੋਂ ਉਹ ਮੇਰੇ ਤੋਂ ਸਿਵਾਇ, ਕਿਸੇ ਨਾਲ ਵੀ ਵਿਆਹ ਨਹੀਂ ਕਰਵਾਏਗਾ; ਤਾਂ ਉਹ ਧੋਖਾ ਖਾਣ ਵਾਸਤੇ ਵੀ ਤਿਆਰ ਹੋ ਜਾਂਦੀ ਹੈ।

ਜਿਹੋ-ਜਿਹੇ ਕਿਸੇ ਦੁਕਾਨ 'ਤੇ ਗਾਹਕ ਆਉਂਦੇ ਹਨ, ਉਹੋ-ਜਿਹਾ ਉਹ ਦੁਕਾਨਦਾਰ ਬਣ ਜਾਂਦਾ ਹੈ।

ਜਦੋਂ ਕਿਸੇ ਦੇ ਚਰਿੱਤਰ ਨੂੰ ਜਾਣ ਲਿਆ ਜਾਵੇ ਤਾਂ ਉਸ ਦੀਆਂ ਉਪਜਾਈਆਂ ਸਮੱਸਿਆਵਾਂ ਨੂੰ ਹੱਲ ਕਰਨਾ ਮੁਸ਼ਕਿਲ ਨਹੀਂ ਹੁੰਦਾ।

ਜਦੋਂ ਤਕ ਯੁੱਧ ਵਿਚ ਜਿੱਤ ਸਪਸ਼ਟ ਨਾ ਹੋਵੇ; ਜਿੱਤੇ ਇਲਾਕਿਆਂ ਉਤੇ ਕਬਜ਼ੇ ਛੱਡਣ ਸਬੰਧੀ ਗੱਲਬਾਤ ਨਹੀਂ ਹੋ ਸਕਦੀ।

ਹਰ ਨਵੇਂ ਫੈਸ਼ਨ ਨੇ ਇਕ ਦਿਨ ਪੁਰਾਣਾ ਫੈਸ਼ਨ ਬਣਨਾ ਹੁੰਦਾ ਹੈ ਅਤੇ ਪੁਰਾਣਾ ਹੋਣ ਕਰਕੇ, ਇਕ ਵਾਰੀ ਫਿਰ ਪ੍ਰਚਲਿਤ ਹੋਣਾ ਹੁੰਦਾ ਹੈ।

ਅੱਧੀ ਜਿੱਤ, ਹਾਰ ਹੁੰਦੀ ਹੈ; ਅੱਧਾ ਮਰਿਆ ਸੱਪ, ਦੁੱਗਣਾ ਜ਼ਹਿਰੀਲਾ ਹੁੰਦਾ ਹੈ।

ਲੋਕ ਆਪਣੀ ਗੈਰਹਾਜ਼ਰੀ ਨਾਲ ਆਪਣਾ ਮੁੱਲ ਵਧਾਉਂਦੇ ਹਨ, ਪਰ ਇਹ ਮੁੱਲ ਤਾਂ ਹੀ ਵਧਦਾ ਹੈ, ਜੇ ਪਤਾ ਹੋਵੇ ਕਿ ਕਦੋਂ ਅਤੇ ਕਿੱਥੇ ਗੈਰਹਾਜ਼ਰ ਹੋਣਾ ਹੈ।

ਜੇ ਕੋਈ ਤੁਹਾਡੇ ਤੋਂ ਕੋਈ ਗੱਲ ਲੁਕਾਏ ਤਾਂ ਵੀ ਉਸ ਨੂੰ ਜਿਤਲਾਓ ਨਾ, ਬੋਲਣ ਦਿਓ, ਟੋਟਿਆਂ ਵਿਚ ਉਹ ਸਾਰੀ ਲੁਕਵੀਂ ਗੱਲ ਦੱਸ ਦੇਵੇਗਾ।

ਜਾਸੂਸੀ ਨੂੰ ਹਾਕਮਾਂ ਦੀ ਤੀਜੀ ਅੱਖ ਕਿਹਾ ਜਾਂਦਾ ਹੈ; ਜੇ ਇਹ ਅੱਖ ਕੁਝ ਨਾ ਵੇਖੇ ਤਾਂ ਬਾਕੀ ਦੋ ਅੱਖਾਂ ਨੂੰ ਵੀ ਕੁਝ ਨਹੀਂ ਦਿਸਦਾ।

ਗ਼ੈਰਹਾਜ਼ਰੀ ਨਾਲ ਪੇਤਲਾ ਪਿਆਰ ਬੁਝ ਜਾਂਦਾ ਹੈ, ਪੱਕਾ ਪਿਆਰ ਲਾਂਬੂ ਬਣ ਜਾਂਦਾ ਹੈ; ਹਨੇਰੀ ਦੀਵੇ ਨੂੰ ਬੁਝਾ ਦਿੰਦੀ ਹੈ, ਪਰ ਅੱਗ ਨੂੰ ਵਧਾ ਦਿੰਦੀ ਹੈ।

ਪੁਰਾਣੇ ਜ਼ਮਾਨੇ ਵਿਚ, ਤਾਨਾਸ਼ਾਹ ਬਾਗ਼ੀਆਂ ਨੂੰ ਇਸ ਲਈ ਮੌਤ ਦੇ ਘਾਟ ਹੀ ਉਤਾਰਦੇ ਸਨ, ਕਿਉਂਕਿ ਬਾਗ਼ੀਆਂ ਦਾ ਉਦੇਸ਼ ਵੀ ਤਾਨਾਸ਼ਾਹਾਂ ਨੂੰ ਮੌਤ ਦੇ ਘਾਟ ਹੀ ਉਤਾਰਨਾ ਹੁੰਦਾ ਸੀ।

ਰਿਸ਼ਤੇਦਾਰਾਂ ਤੋਂ ਕੀ ਸੁਣਨਾ ਚਾਹੁੰਦੇ ਹੋ? ਤੁਸੀਂ ਕਦੇ ਆਉਂਦੇ ਹੀ ਨਹੀਂ ਜਾਂ ਤੁਸੀਂ ਫਿਰ ਆ ਗਏ ਹੋ ਜਾਂ ਪਰਸੋਂ ਹੀ ਤਾਂ ਤੁਸੀਂ ਹੋ ਕੇ ਗਏ ਸੀ!

ਅੱਖਾਂ ਨਾਲ ਵੇਖਣ ਦਾ ਕਾਰਜ ਸਧਾਰਨ ਲੋਕ ਕਰਦੇ ਹਨ; ਸਰਕਾਰਾਂ ਜਾਸੂਸਾਂ ਰਾਹੀਂ ਅਤੇ ਵਿਦਵਾਨ ਗ੍ਰੰਥਾਂ ਰਾਹੀਂ ਵੀ ਵੇਖਦੇ ਹਨ।

ਜਦੋਂ ਕੋਈ ਝੂਠ ਬੋਲੇ, ਟੋਕੋ ਨਾ, ਬਲਕਿ ਵਧੇਰੇ ਧਿਆਨ ਨਾਲ ਸੁਣੋ; ਇਸ ਨਾਲ ਉਸ ਦਾ ਹੌਸਲਾ ਵੱਧ ਜਾਵੇਗਾ ਅਤੇ ਜੋਸ਼ ਵਿਚ ਉਹ ਆਪਣੇ ਅਨੇਕਾਂ ਕਮਜ਼ੋਰ ਪੱਖ, ਉਜਾਗਰ ਕਰਨ ਲੱਗ ਪਏਗਾ।

ਬਾਦਸ਼ਾਹਾਂ ਦੀ ਰੱਖਿਆ ਕਿਲ੍ਹੇ ਨਹੀਂ, ਲੋਕਾਂ ਦੀ ਸਦਭਾਵਨਾ ਕਰਦੀ ਹੈ।

ਮੇਲ-ਮਿਲਾਪ ਨਾਲ ਤਾਕਤ ਵਧਦੀ ਹੈ; ਕਿਸੇ ਇੱਕਠ ਜਾਂ ਸਮਾਗਮ ਵਿਚ ਸਧਾਰਨ ਲੋਕ ਬੈਠਦੇ ਹਨ, ਤਾਕਤਵਰ ਘੁੰਮ-ਫਿਰ ਕੇ ਲੋਕਾਂ ਨੂੰ ਮਿਲਦੇ ਹਨ ਅਤੇ ਚਲਦੀ-ਫਿਰਦੀ ਤਾਕਤ ਨਜ਼ਰ ਆਉਂਦੇ ਹਨ।

ਜਿਸ ਹਾਕਮ ਕੋਲ ਜਾਸੂਸਾਂ ਰਾਹੀਂ ਇੱਕਤਰ ਕੀਤੀ, ਜਿਤਨੀ ਵਧੇਰੇ ਸੂਚਨਾ ਹੋਵੇਗੀ, ਉਹ ਉਤਨਾ ਹੀ ਵਧੇਰੇ ਚੁੱਪ-ਚੁੱਪ ਰਹੇਗਾ।

ਉਖੜਿਆ ਮਨ, ਜੇ ਬੇਰੋਜ਼ਗਾਰੀ ਅਤੇ ਇਕੱਲਤਾ ਦਾ ਸ਼ਿਕਾਰ ਵੀ ਹੋਵੇ ਤਾਂ ਉਹ ਨਸ਼ਿਆਂ ਦੇ ਹਵਾਲੇ ਹੋ ਜਾਂਦਾ ਹੈ।

ਜਾਸੂਸੀ ਤੋਂ ਬਿਨਾਂ ਹਕੂਮਤ ਨਹੀਂ ਚੱਲਦੀ, ਜੇ ਚਲਾਈ ਜਾਵੇ ਤਾਂ ਵਿਰੋਧੀ ਦੇਸ਼ਾਂ ਦੇ ਜਾਸੂਸ ਚੱਲਣ ਨਹੀਂ ਦੇਣਗੇ।

ਜਿਹੜੇ ਅਧਿਆਪਕ, ਸਾਰਾ ਜੀਵਨ ਇਕ ਹੀ ਸੰਸਥਾ ਵਿਚ, ਇਕ ਹੀ ਕਲਾਸ ਨੂੰ, ਇਕ ਹੀ ਵਿਸ਼ਾ ਪੜ੍ਹਾਉਂਦੇ ਹਨ, ਕੁਝ ਨਵਾਂ ਨਾ ਪੜ੍ਹਨ ਕਰਕੇ ਉਹ ਲਾਇਕ ਨਹੀਂ ਰਹਿੰਦੇ, ਨਾਲਾਇਕ ਬਣ ਜਾਂਦੇ ਹਨ; ਅਧਿਆਪਨ ਵਿਚ ਵਿਕਾਸ ਕਰਨ ਲਈ, ਨਵੀਂ ਸੰਸਥਾ, ਨਵੀਂ ਕਲਾਸ, ਨਵੇਂ ਵਿਸ਼ੇ ਦੀ ਚਣੌਤੀ ਜ਼ਰੂਰੀ ਹੁੰਦੀ ਹੈ।

ਜਿਥੇ ਵੀ ਤੁਹਾਡੇ ਹੱਥ ਤਾਕਤ ਹੋਵੇਗੀ, ਉਥੇ ਵਿਰੋਧੀ ਵੀ ਹੋਣਗੇ; ਵਿਰੋਧੀਆਂ ਦੀ ਵਿਰੋਧਤਾ ਨੂੰ ਨਿਜੀ ਮਸਲਾ ਨਹੀਂ ਸਮਝਣਾ ਚਾਹੀਦਾ; ਇਹ ਵਿਰੋਧਤਾ, ਤੁਹਾਡੇ ਹੱਥ ਤਾਕਤ ਹੋਣ ਕਾਰਨ ਹੁੰਦੀ ਹੈ।

ਕਲਪਨਾ ਨੂੰ ਖੁੱਲ੍ਹੀ ਥਾਂ ਦੀ ਲੋੜ ਪੈਂਦੀ ਹੈ, ਇਸੇ ਕਰਕੇ ਕਲਪਨਾ ਨੂੰ ਅਸਮਾਨ ਨਾਲ ਜੋੜਿਆ ਜਾਂਦਾ ਹੈ।

ਹਾਕਮਾਂ-ਬਾਦਸ਼ਾਹਾਂ ਦਾ ਹਰ ਵੇਲੇ, ਹਰ ਕਿਸੇ ਨੂੰ ਨਾ ਦਿਸਣਾ, ਉਨ੍ਹਾਂ ਦੀ ਸ਼ਾਨ-ਸ਼ੌਕਤ ਅਤੇ ਸ਼ਕਤੀ ਨੂੰ ਵਧਾਉਂਦਾ ਹੈ।

ਜਿਸ ਦੀ ਘਾਟ ਹੁੰਦੀ ਹੈ, ਉਹ ਚੀਜ਼ ਕੀਮਤੀ ਅਤੇ ਮਹੱਤਵਪੂਰਨ ਹੋ ਜਾਂਦੀ ਹੈ; ਸੁੰਦਰਤਾ, ਸਿਆਣਪ ਅਤੇ ਪਿਆਰ ਦਾ ਮੁੱਲ ਇਸ ਕਾਰਨ ਹੀ ਹੈ।

ਦੋਸਤਾਂ ਨੂੰ ਧਿਆਨ ਨਾਲ ਅਤੇ ਦੁਸ਼ਮਣਾਂ ਨੂੰ ਬਹੁਤ ਧਿਆਨ ਨਾਲ ਸੁਣੋ।

ਜਦੋਂ ਪਤਾ ਲੱਗਦਾ ਹੈ ਕਿ ਕਿਸੇ ਇਸਤਰੀ ਨੂੰ ਬਹੁਤ ਸਾਰੇ ਪੁਰਸ਼ ਪਸੰਦ ਕਰਦੇ ਹਨ ਤਾਂ ਜਿਹੜੇ ਉਸ ਨੂੰ ਜਾਣਦੇ ਵੀ ਨਹੀਂ ਹੁੰਦੇ, ਉਹ ਵੀ ਉਸ ਨੂੰ ਪਸੰਦ ਕਰਨ ਲੱਗ ਪੈਂਦੇ ਹਨ।

ਬਿਨਾਂ ਕਾਰਨ ਕਿਸੇ ਦੀ ਬੇਇੱਜ਼ਤੀ ਕਰਨ ਦਾ ਕੋਈ ਲਾਭ ਨਹੀਂ ਹੁੰਦਾ, ਨੁਕਸਾਨ ਸਭ ਪ੍ਰਕਾਰ ਦਾ ਹੋ ਸਕਦਾ ਹੈ ਅਤੇ ਹੁੰਦਾ ਹੈ।

ਕਿਸੇ ਦੀ ਆਪਸੀ ਲੜਾਈ ਵਿਚ, ਜਦੋਂ ਤਕ ਇਕ ਬਰਬਾਦ ਨਹੀਂ ਹੁੰਦਾ ਅਤੇ ਦੂਜਾ ਉਜੜਦਾ ਨਹੀਂ, ਦਖ਼ਲ ਨਾ ਦਿਓ, ਨਹੀਂ ਤਾਂ ਦੋਵੇਂ ਤੁਹਾਨੂੰ ਉਜਾੜ ਕੇ ਬਰਬਾਦ ਕਰ ਦੇਣਗੇ।

ਜੇ ਕੁਝ ਕਰਨਾ ਹੀ ਨਹੀਂ ਤਾਂ ਗਿਆਨ ਸ਼ਬਦਾਂ ਦਾ ਮਲਬਾ ਹੀ ਲੱਗੇਗਾ।

ਜਿਸ ਪ੍ਰੇਮਿਕਾ ਨੂੰ ਆਪਣਾ ਆਪ ਲੁਕਾਉਣਾ ਅਤੇ ਗ਼ੈਰਹਾਜ਼ਰ ਹੋਣਾ ਨਹੀਂ ਆਉਂਦਾ, ਉਸ ਨੂੰ ਪਿਆਰ ਦੇ ਨੇਮ ਨਹੀਂ ਆਉਂਦੇ।

ਇਕ ਵਾਰੀ ਲੜਾਈ ਵਿਚ ਸ਼ਾਮਲ ਹੋ ਕੇ, ਲੜਾਈ ਚੱਲਦਿਆਂ, ਲੜਾਈ 'ਚੋਂ ਬਾਹਰ ਨਹੀਂ ਨਿਕਲਿਆ ਜਾ ਸਕਦਾ।

ਜੇ ਪ੍ਰੇਮਿਕਾ ਅਤੇ ਪ੍ਰੇਮੀ ਇਕ-ਦੂਜੇ ਤੋਂ ਨਾ ਵਿਛੜਨ ਤਾਂ ਉਨ੍ਹਾਂ ਦੀ ਕਲਪਨਾ ਨਹੀਂ ਜਾਗੇਗੀ, ਸਗੋਂ ਉਨ੍ਹਾਂ ਦਾ ਸਾਹ ਘੁਟਣ ਲੱਗ ਪਏਗਾ।

ਸ਼ਰਾਬੀ-ਕਬਾਬੀ-ਜੁਏਬਾਜ਼, ਹੁੰਦੇ ਬੜੇ ਸੁਚੇਤ ਅਤੇ ਤਿੱਖੇ ਹਨ, ਉਨ੍ਹਾਂ ਵਿਚ ਹਰ ਖੇਤਰ ਵਿਚ ਬਦਨਾਮ ਹੋਣ ਦੀ ਅਥਾਹ ਸਮਰੱਥਾ ਹੁੰਦੀ ਹੈ।

ਟਿਊਸ਼ਨਾਂ ਪੜ੍ਹਾਉਣ ਵਾਲੇ, ਵਿਦਵਾਨ ਨਹੀਂ ਅਖਵਾਉਂਦੇ।

ਇਹ ਪ੍ਰਭਾਵ ਕਦੇ ਵੀ ਨਾ ਦਿਓ ਕਿ ਤੁਸੀਂ ਫ਼ੈਸਲਾ ਕਰ ਹੀ ਨਹੀਂ ਸਕਦੇ, ਇਹ ਪ੍ਰਭਾਵ ਦਿਓ ਕਿ ਅਜੇ ਫ਼ੈਸਲਾ ਕਰਨ ਦਾ ਵਕਤ ਨਹੀਂ ਆਇਆ।

ਗਲਤੀਆਂ ਭੁਲਾ ਦਿੱਤੀਆਂ ਜਾਂਦੀਆਂ ਹਨ, ਅਪਮਾਨ ਨਹੀਂ ਭੁੱਲਦਾ।

ਸਰਕਾਰ ਉਮੀਦ ਦਿੰਦੀ ਹੈ, ਤਸੱਲੀ ਨਹੀਂ ਦਿੰਦੀ; ਪ੍ਰੇਮੀ ਲਈ, ਉਸ ਦੀ ਪ੍ਰੇਮਿਕਾ, ਉਸ ਦੀ ਸਰਕਾਰ ਹੁੰਦੀ ਹੈ।

ਮਲਕਾ ਵਿਕਟੋਰੀਆ ਦਾ ਇਤਨਾ ਦਬਦਬਾ ਸੀ ਕਿ ਕਿਹਾ ਜਾਂਦਾ ਸੀ ਕਿ ਅਸਮਾਨ ਵਿਚ ਤਾਰਿਆਂ ਦੀ ਥਾਂ ਦਾ ਫੈਸਲਾ ਵੀ ਉਹ ਕਰਿਆ ਕਰਦੀ ਸੀ।

ਸੋਹਣੀ ਫ਼ਿਲਮੀ ਅਦਾਕਾਰਾ, ਮੰਗਣੀ ਤੋਂ ਪਹਿਲਾਂ ਹਰ ਜਵਾਨ ਦੇ ਦਿਲ ਦੀ ਧੜਕਣ ਹੁੰਦੀ ਹੈ, ਮੰਗਣੀ ਉਪਰੰਤ ਉਸ ਲਈ ਇਕ ਹੀ ਦਿਲ ਧੜਕਦਾ ਹੈ; ਬਾਕੀ ਸਾਰੇ ਦਿਲ ਕਿਸੇ ਹੋਰ ਲਈ ਧੜਕਣ ਲੱਗ ਪੈਂਦੇ ਹਨ।

ਆਪਸੀ ਦੁਸ਼ਮਣਾਂ ਦੀ ਲੜਾਈ ਵਿਚ ਨਿਰਪੱਖ ਦਿਲਚਸਪੀ ਹੀ ਲਓ, ਸ਼ਾਮਲ ਨਾ ਹੋਵੋ; ਉਹ ਹਰ ਲੜਾਈ ਨਾਲ ਕਮਜ਼ੋਰ ਹੋਣਗੇ, ਤੁਸੀਂ ਹਰ ਲੜਾਈ ਤੋਂ ਬਚਣ ਕਾਰਨ ਮਜ਼ਬੂਤ ਹੋਵੋਗੇ।

ਕਿਸੇ ਨੂੰ ਸਿਆਣਾ ਹੀ ਨਾ ਕਹੋ, ਹੋਰਾਂ ਨਾਲੋਂ ਵੱਧ ਸਿਆਣਾ ਕਹੋ, ਉਹ ਤੁਹਾਨੂੰ ਜ਼ਰੂਰ ਸਿਆਣਾ ਮੰਨੇਗਾ।

ਮੂਰਖਾਂ ਵਿਚ ਸਿਆਣੇ ਹੋਣ, ਕਮਜ਼ੋਰਾਂ ਵਿਚ ਤਾਕਤਵਰ ਹੋਣ ਅਤੇ ਪਾਗਲਾਂ ਵਿਚ ਸਹੀ ਹੋਣ ਦੇ ਯਤਨਾਂ ਦਾ ਕੋਈ ਲਾਭ ਨਹੀਂ ਹੁੰਦਾ।

ਜਦੋਂ ਤੁਸੀਂ ਕੁਝ ਅਮੀਰ ਲੋਕਾਂ ਨੂੰ ਠੱਗ ਲਓਗੇ, ਬਾਕੀ ਠੱਗੇ ਜਾਣ ਲਈ ਆਪੇ ਆਉਣ ਲੱਗ ਪੈਣਗੇ, ਅਜੋਕੇ ਸੰਤ ਇਵੇਂ ਹੀ ਕਰਦੇ ਹਨ।

ਆਪਣੇ ਪਛਤਾਵੇ ਲਿਖੋ, ਪਛਤਾਵਿਆਂ ਤੋਂ ਸਿੱਖੇ ਸਬਕ ਵੀ ਲਿਖੋ, ਪਛਤਾਵੇ ਭੁੱਲ ਜਾਣਗੇ, ਸਬਕ ਯਾਦ ਰਹਿਣਗੇ।

ਅਨੇਕਾਂ ਪ੍ਰਸ਼ਨਾਂ ਦੇ ਉੱਤਰ ਬੰਦਿਆਂ ਨੇ ਨਹੀਂ, ਵਕਤ ਨੇ ਦੇਣੇ ਹੁੰਦੇ ਹਨ।

ਜਦੋਂ ਕਿਸੇ ਨੂੰ, ਆਪਣੇ ਤੋਂ ਨੀਵੇਂ ਅਤੇ ਨਾਲਾਇਕ ਬੰਦੇ ਸਾਹਮਣੇ ਸਫ਼ਾਈ ਦੇਣੀ ਪਏ, ਉਹ ਬੇਇੱਜ਼ਤੀ ਮਹਿਸੂਸ ਕਰਦਾ ਹੈ।

ਕਮਜ਼ੋਰਾਂ ਦੇ ਸਾਹਮਣੇ ਆਕੜਨਾ, ਮੂਰਖਤਾ ਹੁੰਦੀ ਹੈ; ਤਾਕਤਵਰਾਂ ਦੇ ਸਾਹਮਣੇ ਆਕੜਨਾ, ਸਿਆਣਪ ਨਹੀਂ ਹੁੰਦੀ।

ਵਿਦੇਸ਼ ਵਿਚ ਕਾਮਯਾਬੀ ਲਈ, ਬਾਹਰੋਂ ਵਿਦੇਸ਼ੀ ਸੱਭਿਆਚਾਰ ਅਪਣਾਓ, ਅੰਦਰੋਂ ਆਪਣਾ ਸੱਭਿਆਚਾਰ ਹੰਢਾਓ, ਇਵੇਂ ਤਾਕਤ ਦੁੱਗਣੀ ਹੋ ਜਾਵੇਗੀ; ਜਾਪਾਨੀਆਂ, ਚੀਨੀਆਂ, ਪੰਜਾਬੀਆਂ, ਯਹੂਦੀਆਂ ਨੇ ਵਿਸ਼ਵ ਭਰ ਵਿਚ ਇਵੇਂ ਹੀ ਕੀਤਾ ਹੈ।

ਆਪਣੀ ਤਾਕਤ ਦਾ ਰੋਅਬ ਪਾਉਣ ਵਾਲਾ ਆਸ ਕਰੇਗਾ ਕਿ ਤੁਸੀਂ ਆਕੜੋਗੇ, ਜਿਸ ਕਾਰਨ ਉਸ ਨੂੰ ਤੁਹਾਡੀ ਬੇਇੱਜ਼ਤੀ ਕਰਨ ਦਾ ਮੌਕਾ ਮਿਲ ਜਾਵੇਗਾ; ਆਕੜੋ ਨਾ, ਨਿਮਰਤਾ ਵਿਖਾਓ, ਉਸ ਨੂੰ ਸਮਝ ਨਹੀਂ ਆਵੇਗੀ ਕਿ ਉਹ ਹੁਣ ਕੀ ਕਰੇ।

ਬਹੁਤੀਆਂ ਜਾਂਚ ਕਮੇਟੀਆਂ, ਦੋਸ਼ੀਆਂ ਨੂੰ, ਕਮੇਟੀ ਸਾਹਮਣੇ ਅਪਮਾਨ-ਭਰੇ ਸਲੂਕ ਕਾਰਨ ਸਜ਼ਾ ਦਿੰਦੀਆਂ ਹਨ; ਜੇ ਕੋਈ ਦੋਸ਼ੀ, ਸਲੀਕੇ ਅਤੇ ਨਿਮਰਤਾ ਨਾਲ ਪੇਸ਼ ਆਵੇ ਤਾਂ ਕਮੇਟੀ ਉਸ ਨੂੰ ਨਿਰਦੋਸ਼ ਸਮਝਣ ਲੱਗ ਪੈਂਦੀ ਹੈ।

ਕਮਜ਼ੋਰਾਂ ਦੀ ਮਦਦ ਲਈ ਕੋਈ ਨਹੀਂ ਆਉਂਦਾ, ਮਦਦ ਲੈਣ ਲਈ ਤਕੜੇ ਹੋਣਾ ਜ਼ਰੂਰੀ ਹੁੰਦਾ ਹੈ, ਜੇ ਤਕੜੇ ਹੋ ਤਾਂ ਕਿਸੇ ਦੀ ਮਦਦ ਦੀ ਲੋੜ ਨਹੀਂ ਪਏਗੀ।

ਹਕੂਮਤ, ਜਿਸ 'ਤੇ ਰਾਜ ਕਰ ਸਕਦੀ ਹੈ, ਕਰਦੀ ਹੈ।

ਕਮਜ਼ੋਰੀ ਕੋਈ ਪਾਪ ਜਾਂ ਔਗੁਣ ਨਹੀਂ ਹੈ, ਹਰ ਕੋਈ ਕਿਸੇ ਨਾ ਕਿਸੇ ਖੇਤਰ ਵਿਚ ਕਿਸੇ ਨਾ ਕਿਸੇ ਸੰਦਰਭ ਵਿਚ, ਪਹਿਲਾਂ ਕਮਜ਼ੋਰ ਹੀ ਹੁੰਦਾ ਹੈ।

ਜਿਨ੍ਹਾਂ ਸੱਭਿਅਤਾਵਾਂ ਦੀਆਂ ਪ੍ਰਾਪਤੀਆਂ ਅਧੂਰੀਆਂ ਰਹਿੰਦੀਆਂ ਹਨ, ਉਨ੍ਹਾਂ ਦੀ ਤਬਾਹੀ ਸੰਪੂਰਨ ਹੁੰਦੀ ਹੈ।

ਵਿਆਹ ਕਾਇਆ-ਕਲਪ ਕਰਨ ਵਾਲਾ ਅਨੁਭਵ ਹੈ; ਮੁਸ਼ਕਿਲ ਉਨ੍ਹਾਂ ਨੂੰ ਆਉਂਦੀ ਹੈ, ਜਿਹੜੇ ਨਵੇਂ ਰਿਸ਼ਤੇ ਵਿਚ ਪੁਰਾਣੇ ਬਣੇ ਰਹਿੰਦੇ ਹਨ।

ਵਿਆਹ ਨਾਲ ਮਨੁੱਖ ਘਟਦਾ ਨਹੀਂ, ਭਰਦਾ ਹੈ।

ਉਦੇਸ਼ ਕੀ ਹੈ, ਕਿਤਨਾ ਸਮਾਂ ਲੱਗੇਗਾ, ਯਤਨ ਕਿਤਨਾ ਕਰਨਾ ਪਏਗਾ, ਸਫ਼ਲਤਾ ਦੇ ਸਿੱਟੇ ਕੀ ਨਿਕਲਣਗੇ, ਇਨ੍ਹਾਂ ਵਿਚ ਤਾਲਮੇਲ ਹੋਣਾ ਚਾਹੀਦਾ ਹੈ।

ਆਪਣੇ ਗੁਣਾਂ ਨੂੰ ਆਪਣੇ ਸਭ ਤੋਂ ਸ਼ਕਤੀਸ਼ਾਲੀ ਗੁਣ ਦੇ ਆਲੇ-ਦੁਆਲੇ ਉਸਾਰੋ, ਸਾਰੇ ਗੁਣ ਸ਼ਕਤੀਸ਼ਾਲੀ ਹੋ ਜਾਣਗੇ।

ਜੀਵਨ-ਉਦੇਸ਼ ਮਿਥਣ ਸਮੇਂ ਅਸੀਂ ਸਫ਼ਲ ਹੋਣਾ ਹੀ ਨਹੀਂ, ਕਿਸੇ ਤੋਂ ਅੱਗੇ ਲੰਘਣਾ ਵੀ ਚਾਹੁੰਦੇ ਹੁੰਦੇ ਹਾਂ।

ਕੇਵਲ ਮਨੁੱਖ ਜਾਤੀ ਹੈ, ਜਿਹੜੀ ਆਪਣੀ ਨਸਲ ਤੋਂ ਇਲਾਵਾ ਕਿਸੇ ਹੋਰ ਨਸਲ ਦਾ ਵੀ ਦੁੱਧ ਪੀਂਦੀ ਹੈ।

ਚੰਗੇ ਉਸਤਾਦ ਬੜੇ ਸਖ਼ਤ ਹੁੰਦੇ ਹਨ; ਨਰਮ ਉਹ ਯੋਗ, ਹੋਣਹਾਰ ਅਤੇ ਲਾਇਕ ਸ਼ਾਗਿਰਦਾਂ ਨਾਲ ਹੀ ਹੁੰਦੇ ਹਨ।

ਅਸੀਂ ਅਕਸਰ ਬੋਲਦੇ ਹੀ ਹਾਂ, ਗੱਲਬਾਤ ਨਹੀਂ ਕਰਦੇ; ਆਪਣੀ ਸੁਣਾਉਂਦੇ ਹੀ ਹਾਂ, ਕਿਸੇ ਦੀ ਨਹੀਂ ਸੁਣਦੇ।

ਮਾਲਕ ਦੇ ਦੋਸਤ ਹੋਣ ਦਾ ਦਾਅਵਾ ਨਾ ਕਰੋ; ਮਾਲਕ ਨੂੰ ਨੌਕਰਾਂ ਦੀ ਲੋੜ ਹੁੰਦੀ ਹੈ, ਦੋਸਤਾਂ ਦੀ ਨਹੀਂ।

ਭੈੜੀ ਖ਼ਬਰ ਦੇਣ ਦੀ ਕਾਹਲ ਨਾ ਕਰੋ; ਭੈੜੀ ਖ਼ਬਰ ਰਾਤ ਦੌਰਾਨ ਨਾ ਦਿਓ; ਭੈੜੀ ਖ਼ਬਰ ਇਸਤਰੀ ਜਾਂ ਬੱਚੇ ਨੂੰ ਨਾ ਦਿਓ; ਭੈੜੀ ਖ਼ਬਰ ਇਵੇਂ ਦਿਓ ਕਿ ਉਸ ਨੂੰ ਸਮਝਣ ਵਿਚ, ਗਲਤੀ ਲੱਗਣ ਦੀ ਸੰਭਾਵਨਾ ਨਾ ਹੋਵੇ।

ਬਾਦਸ਼ਾਹਾਂ ਦੇ ਦਰਬਾਰ ਮੁੱਕ ਗਏ ਹਨ, ਪਰ ਦਰਬਾਰੀ-ਬਿਰਤੀ ਅਜੇ ਕਾਇਮ ਹੈ।

ਸ਼ੀਸ਼ਾ ਬੜੀ ਕਮਾਲ ਦੀ ਕਾਢ ਹੈ, ਇਸ ਵਿਚੋਂ ਅਸੀਂ ਆਪਣੇ ਕੋਝ ਨੂੰ ਵੇਖ ਕੇ, ਨਿਰਣਾ ਕਰਦੇ ਹਾਂ ਕਿ ਸੁੰਦਰ ਕਿਵੇਂ ਵਿਖਾਈ ਦੇਣਾ ਹੈ।

ਬਜ਼ਾਰ ਸਾਨੂੰ ਜ਼ਿੰਦਗੀ ਦਾ ਭਾਅ ਦੱਸਕੇ ਲੈਣ-ਦੇਣ ਕਰਨਾ ਸਿਖਾਉਂਦਾ ਹੈ।

ਜਿਥੇ ਹਾਕਮ ਹੋਣਗੇ, ਉਥੇ ਦਰਬਾਰੀ ਵੀ ਹੋਣਗੇ, ਕਿਉਂਕਿ ਹਾਕਮਾਂ ਨੂੰ ਹਾਕਮ ਹੋਣ ਦਾ ਅਹਿਸਾਸ, ਦਰਬਾਰੀ ਹੀ ਕਰਵਾਉਂਦੇ ਹਨ।

ਜੇ ਰਾਜਨੀਤੀ ਜਾਂ ਵਪਾਰ ਵਿਚ ਸਾਡੀ ਸਾਰੀ ਨਿਰਭਰਤਾ ਇਕ ਹੀ ਵਿਅਕਤੀ 'ਤੇ ਹੋਵੇਗੀ ਤਾਂ ਉਸ ਦਾ ਮਰਨਾ, ਸਾਡੀ ਵੀ ਮੌਤ ਹੋਵੇਗੀ।

ਸੰਸਾਰ ਦਾ ਸਭ ਤੋਂ ਵੱਡਾ ਮੇਲਾ, ਸੰਸਾਰ ਹੀ ਹੈ।

ਜਿਸ ਨੇ ਵੀ ਤਿਉਹਾਰ ਦਾ ਸੰਕਲਪ ਸਿਰਜਿਆ ਹੋਵੇਗਾ, ਉਸ ਦੀ ਸ਼ਖ਼ਸੀਅਤ ਜ਼ਰੂਰ ਮੇਲੇ ਵਰਗੀ ਹੋਵੇਗੀ।

ਕੰਵਾਰੀ ਲੜਕੀ ਵਿਚ ਨਿਰਛੱਲ ਅਤੇ ਭੋਲੀ ਸੁੰਦਰਤਾ ਹੁੰਦੀ ਹੈ; ਵਿਆਹੀ ਇਸਤਰੀ ਸੁੰਦਰ ਭਾਵੇਂ ਹੋਵੇ, ਉਸ ਵਿਚ ਸੁੰਦਰਤਾ ਦਾ ਭੋਲਾਪਣ ਨਹੀਂ ਹੁੰਦਾ।

ਸੁਲੇਮਾਨ ਦਾ ਪਿਤਾ ਤਾਕਤਵਰ ਅਤੇ ਪ੍ਰਸਿੱਧ ਬਾਦਸ਼ਾਹ ਸੀ, ਸੁਲੇਮਾਨ ਵੀ ਪ੍ਰਸਿੱਧ ਹੋਣਾ ਚਾਹੁੰਦਾ ਸੀ; ਉਸ ਨੇ ਬਾਦਸ਼ਾਹੀ ਦੀ ਥਾਂ ਵਿਦਵਤਾ ਦਾ ਖੇਤਰ ਚੁਣਿਆ ਅਤੇ ਸੰਸਾਰ ਵਿਚ ਹਰ ਸਿਆਣੇ ਬੰਦੇ ਨੂੰ ਸੁਲੇਮਾਨ ਕਿਹਾ ਜਾਣ ਲੱਗ ਪਿਆ।

ਆਪਣੇ ਔਗੁਣਾਂ ਨੂੰ ਛੁਪਾਉਣ ਵਿਚ ਅਤੇ ਆਪਣੇ ਔਗੁਣਾਂ ਤੋਂ ਛੁਟਕਾਰਾ ਪਾਉਣ ਵਿਚ, ਇਕੋ ਜਿਤਨਾ ਯਤਨ ਕਰਨਾ ਪੈਂਦਾ ਹੈ।

ਦਸ ਸਾਲ ਪੁਰਾਣਾ ਫੈਸ਼ਨ ਕਰਨਾ ਹਾਸੋਹੀਣਾ ਲੱਗੇਗਾ; ਤੀਹ ਸਾਲ ਪੁਰਾਣਾ ਫੈਸ਼ਨ ਕਰੋ, ਪ੍ਰਸੰਸਾ ਹੋਵੇਗੀ।

ਮੁਸ਼ਕਿਲ-ਮੁਸੀਬਤ ਵੇਲੇ, ਮਨੁੱਖ ਰੱਬ ਨੂੰ ਯਾਦ ਕਰਦਾ ਹੈ, ਪਰ ਇਸ ਦੌਰਾਨ ਉਹ ਭੁੱਲ ਜਾਂਦਾ ਹੈ ਕਿ ਮੁਸੀਬਤ-ਮੁਸ਼ਕਿਲ ਦਿੱਤੀ ਵੀ ਰੱਬ ਨੇ ਹੀ ਹੈ।

ਸਮਾਜ ਵਿਚ ਆਪਣੀ ਇੱਜ਼ਤ ਘਟਣ ਕਾਰਨ, ਨਸ਼ਈ ਆਪਣੇ ਨਸ਼ੇ ਦੀ ਪੱਧਰ ਨੀਵੀਂ ਕਰਕੇ ਮਾਤਰਾ ਵਧਾ ਲੈਂਦਾ ਹੈ।

ਅਤੀਤ ਸਭ ਪੱਖੋਂ ਚੰਗਾ-ਮਾੜਾ ਨਹੀਂ ਸੀ; ਭਵਿੱਖ ਵੀ ਸਭ ਪੱਖੋਂ ਮਾੜਾ-ਚੰਗਾ ਨਹੀਂ ਹੋਵੇਗਾ।

ਮੁਆਫ਼ੀ ਮੰਗਣ ਦੇ ਬਾਵਜੂਦ ਗਲਤੀ, ਗਲਤੀ ਹੀ ਰਹਿੰਦੀ ਹੈ।

ਲੋਕਾਂ ਨੂੰ ਹਰ ਵੇਲੇ ਕੁਝ ਨਵਾਂ ਸੁਣਨ-ਵੇਖਣ ਦੀ ਤਾਂਘ ਹੁੰਦੀ ਹੈ, ਇਸੇ ਕਰਕੇ ਅਖ਼ਬਾਰਾਂ ਅਤੇ ਟੈਲੀਵਿਜ਼ਨ ਪ੍ਰਚਲਿਤ ਹਨ।

ਪਿੰਡਾਂ ਦੇ ਲੋਕਾਂ ਨੂੰ ਸੁਣਨ ਲਈ ਬੜਾ ਕੁਝ ਪਿੰਡ ਵਿਚ ਹੀ ਮਿਲ ਜਾਂਦਾ ਹੈ, ਪਰ ਕੁਝ ਨਵਾਂ ਵੇਖਣ ਲਈ, ਉਨ੍ਹਾਂ ਨੂੰ ਸ਼ਹਿਰ ਜਾਣਾ ਪੈਂਦਾ ਹੈ।

ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਭਵਿੱਖ ਹੁੰਦਾ ਹੀ ਨਹੀਂ।

ਅਜੇ ਤਕ ਡਰਪੋਕਾਂ ਦਾ ਕਿਧਰੇ ਸ[illegible] ਨਹੀਂ ਹੋਇਆ, ਕਿਉਂਕਿ ਉਨ੍ਹਾਂ ਵਿਚ ਸਨਮਾਨ ਕਰਵਾਉਣ ਦੀ ਵੀ ਹਿੰਮਤ ਨਹੀਂ ਹੁੰਦੀ।

ਮੌਜਾਂ ਮਾਣਨ ਨਾਲ ਇੱਜ਼ਤ ਨਹੀਂ ਮਿਲਦੀ, ਬਿਮਾਰੀਆਂ ਕਈ ਮਿਲ ਜਾਂਦੀਆਂ ਹਨ।

ਬਜ਼ਾਰ ਵਿਚ ਰੌਣਕ ਦਾ ਨਿਰਣਾ ਦੁਕਾਨਾਂ ਨਹੀਂ ਕਰਦੀਆਂ, ਸਾਡੀ ਜੇਬ ਕਰਦੀ ਹੈ।

ਇਹ ਸਮਾਜ ਦੀ ਰੀਤ ਹੈ ਕਿ ਜੇ ਤੁਸੀਂ ਆਪਣੇ ਤੋਂ ਨੀਵਿਆਂ ਨੂੰ, ਆਪਣੇ ਬਰਾਬਰ ਬੈਠਾਓਗੇ ਤਾਂ ਤੁਹਾਡੇ ਬਰਾਬਰ ਦੇ ਲੋਕ, ਤੁਹਾਨੂੰ ਆਪਣੇ ਤੋਂ ਨੀਵਾਂ ਸਮਝਣਗੇ।

ਸੰਤ, ਲੋਕਾਂ ਨੂੰ ਇਹ ਨਹੀਂ ਕਹਿੰਦੇ ਕਿ ਮਿਹਨਤ ਕਰੋ, ਕਿਉਂਕਿ ਮਿਹਨਤ ਕਰਨ ਵਾਲੇ, ਸੰਤਾਂ ਕੋਲ ਨਹੀਂ ਜਾਂਦੇ।

ਕਿਸਮਤ ਦਾ ਸੰਕਲਪ ਮਿਹਨਤ ਤੋਂ ਮੁਕਤ ਹੈ; ਲੋਕ ਸਮਝਦੇ ਹਨ ਕਿ ਕਿਸਮਤ ਵਿਚ ਕਰਨਾ ਕੁਝ ਨਹੀਂ ਹੁੰਦਾ, ਕੇਵਲ ਪ੍ਰਾਪਤ ਹੀ ਕਰਨਾ ਹੁੰਦਾ ਹੈ।

ਲਾਲਚੀ ਅਤੇ ਕੰਜੂਸ ਬੰਦੇ ਕਦੇ ਚੰਗਾ ਸਾਥ ਨਹੀਂ ਬਣਦੇ, ਬੋਝ ਹੀ ਬਣਦੇ ਹਨ।

ਛੁਪੇ ਖਜ਼ਾਨੇ ਕਿਧਰੇ ਨਹੀਂ ਹੁੰਦੇ; ਇਨ੍ਹਾਂ ਦੀਆਂ ਕੇਵਲ ਕਹਾਣੀਆਂ ਹੁੰਦੀਆਂ ਹਨ, ਜਿਹੜੀਆਂ ਸੁਸਤ ਅਤੇ ਨਾਲਾਇਕ ਬੰਦਿਆਂ ਦਾ ਮਨਪ੍ਰਚਾਵਾ ਕਰਦੀਆਂ ਹਨ।

ਤਾਕਤਵਰਾਂ ਨੂੰ ਛੇੜਨ ਤੋਂ ਪਹਿਲਾਂ, ਆਪਣੀ ਸਮਰੱਥਾ ਨੂੰ ਮਾਪੋ ਅਤੇ ਤੋਲੋ।

ਸੱਚ, ਕੁਝ ਲੋਕਾਂ ਲਈ ਹੀ ਹੁੰਦਾ ਹੈ; ਹਰ ਕਿਸੇ ਨੂੰ ਨਾ ਸੱਚ ਦੀ ਲੋੜ ਹੁੰਦੀ ਹੈ, ਨਾ ਹੀ ਸੱਚ, ਉਨ੍ਹਾਂ ਦੇ ਕਿਸੇ ਕੰਮ ਆਉਂਦਾ ਹੈ।

ਜੇ ਕਿਸੇ ਖੇਤਰ ਵਿਚ ਤੁਹਾਡਾ ਪਿਤਾ ਪ੍ਰਸਿੱਧ ਹੈ ਤਾਂ ਆਪਣੇ ਪ੍ਰਸਿੱਧ ਹੋਣ ਲਈ ਕੋਈ ਹੋਰ ਖੇਤਰ ਚੁਣੋ, ਕਿਉਂਕਿ ਅਕਸਰ ਪਿਤਾ ਅਤੇ ਪੁੱਤਰ ਦੋਵੇਂ ਇਕ ਹੀ ਖੇਤਰ ਵਿਚ ਪ੍ਰਸਿੱਧ ਨਹੀਂ ਹੋ ਸਕਦੇ।

ਹਰ ਪ੍ਰਕਾਰ ਦੇ ਪਰਿਵਰਤਨ ਦਾ ਸਭ ਤੋਂ ਵੱਧ ਵਿਰੋਧ, ਮੱਧ-ਸ਼੍ਰੇਣੀ ਕਰਦੀ ਹੈ, ਪਰ ਕੋਈ ਪਰਿਵਰਤਨ ਵਾਪਰਨ ਉਪਰੰਤ, ਪਰਿਵਰਤਨ ਦਾ ਸਭ ਤੋਂ ਵੱਧ ਲਾਭ, ਮੱਧ-ਸ਼੍ਰੇਣੀ ਹੀ ਉਠਾਉਂਦੀ ਹੈ।

ਸੋ ਸਭਾ-ਸਮਾਗਮ ਵਿਚ ਜਾਣ-ਬੁਝ ਕੇ ਅਪਮਾਨ ਕਰਨ ਵਾਲੇ ਨੂੰ ਅਣਡਿੱਠ ਕਰੋ; ਤੁਸੀਂ ਬਹਾਦਰ ਅਤੇ ਸ਼ਹਾਨਾ ਲੱਗੋਗੇ ਅਤੇ ਅਪਮਾਨ ਕਰਨ ਵਾਲਾ ਹੋਛਾ ਅਤੇ ਹਾਸੋਹੀਣਾ ਲੱਗੇਗਾ; ਯਾਦ ਰੱਖੋ, ਉਸ ਦੇ ਅਪਮਾਨ ਦਾ ਜਵਾਬ ਦੇਣ ਲਈ, ਤੁਹਾਡੇ ਕੋਲ ਸਾਰੀ ਜ਼ਿੰਦਗੀ ਪਈ ਹੈ।

ਜੇ ਬਾਰ-ਬਾਰ ਗੁੱਸੇ ਹੋਵੋਗੇ ਤਾਂ ਲੋਕ ਤੁਹਾਡੇ ਤੋਂ ਡਰਨ ਦੀ ਬਜਾਇ, ਤੁਹਾਡੇ 'ਤੇ ਹੱਸਣਗੇ ਅਤੇ ਤੁਹਾਡਾ ਮਖੌਲ ਉਡਾਉਣਗੇ।

ਤਾਜ, ਸਿਰ 'ਤੇ ਪਹਿਨਣ ਲਈ ਹੁੰਦੇ ਹਨ, ਪਰ ਤਾਜ ਤਾਂ ਹੀ ਟਿਕਦੇ ਹਨ, ਜੇ ਤਾਜ ਦੇ ਥੱਲੇ ਸਿਆਣਪ ਨਾਲ ਭਰਿਆ ਹੋਇਆ ਸਿਰ ਵੀ ਹੋਵੇ।

ਕਈ ਚਿਹਰੇ ਨੂੰ ਦਸਤਾਰ ਨਾਲ ਸਜਾਉਂਦੇ ਹਨ, ਕਈ ਦਸਤਾਰ ਵਿਚ ਚਿਹਰਾ ਲੁਕਾਉਂਦੇ ਹਨ।

ਸਿਕੰਦਰ ਦੀ ਫੌਜ ਪਿਆਸੀ ਸੀ, ਮਸ਼ਕਾਂ ਵਿਚ ਪਾਣੀ ਲਿਆ ਕੇ ਜਦੋਂ ਪਹਿਲਾ ਕਟੋਰਾ ਪਿਆਸੇ ਸਿਕੰਦਰ ਨੂੰ ਦਿੱਤਾ ਗਿਆ ਤਾਂ ਸਿਕੰਦਰ ਨੇ ਨਹੀਂ ਪੀਤਾ, ਪਿਆਸੀ ਫੌਜ ਵੱਲ ਭੇਜ ਦਿੱਤਾ ਸੀ, ਉਸ ਦੇ ਇਸ ਵਿਹਾਰ ਕਾਰਨ ਉਸ ਦੀ ਫੌਜ ਨੇ ਕਿਹਾ ਸੀ: ਸਿਕੰਦਰ ਚੱਲ, ਜੰਗਾਂ ਜਿੱਤੀਏ ਅਤੇ ਸਲਤਨਤਾਂ ਮੱਲੀਏ।

ਨਫ਼ਰਤ ਠੰਡੀ ਹੀ ਹੁੰਦੀ ਹੈ, ਨਿੱਘੀ ਨਫ਼ਰਤ ਦੀ ਕੋਈ ਹੋਂਦ ਨਹੀਂ ਹੁੰਦੀ।

ਵਕਤ ਦੀ ਰਫ਼ਤਾਰ ਸਾਡੀ ਉਮਰ ਅਤੇ ਮਾਨਸਿਕ ਹਾਲਤ 'ਤੇ ਨਿਰਭਰ ਕਰਦੀ ਹੈ; ਬੱਚੇ ਦਾ ਵਕਤ ਬੜੀ ਹੌਲੀ ਗੁਜ਼ਰਦਾ ਹੈ; ਜਵਾਨ ਦਾ ਵਕਤ ਬੜੀ ਤੇਜ਼ੀ ਨਾਲ ਲੰਘ ਜਾਂਦਾ ਹੈ; ਬਜ਼ੁਰਗ ਦਾ ਵਕਤ ਗੁਜ਼ਰਦਾ ਹੀ ਨਹੀਂ।

ਛੋਟੇ ਬੰਦੇ ਨੂੰ ਆਪਣਾ ਵਿਰੋਧੀ ਬਣਾ ਕੇ, ਅਸੀਂ ਆਪ ਵੀ ਛੋਟੇ ਹੋ ਜਾਂਦੇ ਹਾਂ।

ਲਾਲਚੀ, ਕੰਜੂਸ ਵੀ ਹੋਵੇਗਾ; ਕੰਜੂਸ, ਲਾਲਚੀ ਵੀ ਹੋਵੇਗਾ।

ਭੀੜ ਨੂੰ ਖਿੰਡਾਉਣ ਦੀ ਲੋੜ ਨਹੀਂ ਹੁੰਦੀ; ਆਗੂ ਨੂੰ ਫੜਿਆ ਜਾਂਦਾ ਹੈ, ਭੀੜ ਆਪੇ ਖਿੰਡ ਜਾਂਦੀ ਹੈ।

ਸਮਾਜ ਦੇ ਦੱਸੇ ਰਾਹ 'ਤੇ ਚੱਲਣਾ ਪਰੰਪਰਾ ਅਖਵਾਉਂਦਾ ਹੈ; ਆਪਣਾ ਵੱਖਰਾ ਮਾਰਗ ਅਪਨਾਉਣਾ ਪਰਿਵਰਤਨ ਕਹਾਉਂਦਾ ਹੈ।

ਪੈਸੇ ਦਾ ਕੋਈ ਧਰਮ ਨਹੀਂ ਹੁੰਦਾ, ਸੋਨੇ ਦੀ ਕੋਈ ਜ਼ਾਤ ਨਹੀਂ ਹੁੰਦੀ; ਇਹ ਜਿਸ ਤੋਂ ਮਿਲਣ, ਜਿਸ ਨੂੰ ਮਿਲਣ, ਜਿਥੇ ਮਿਲਣ, ਜਦੋਂ ਮਿਲਣ, ਪ੍ਰਵਾਨ ਹੋ ਜਾਂਦੇ ਹਨ।

ਜਿਹੜੇ ਮਿਹਨਤ ਦੀ ਥਾਂ ਵਸੀਅਤ ਨਾਲ ਅਮੀਰ ਬਣਦੇ ਹਨ, ਉਹ ਆਲਸ ਅਤੇ ਸੁਸਤੀ ਕਾਰਨ ਅਮੀਰ ਰਹਿੰਦੇ ਨਹੀਂ।

ਸ਼ਤਰੰਜ ਦੀ ਖੇਡ ਵਿਚ ਰਾਜਾ ਘਿਰ ਜਾਵੇ ਤਾਂ ਬਾਕੀ ਕਿਸੇ ਮੋਹਰੇ ਦਾ ਕੋਈ ਮਹੱਤਵ ਨਹੀਂ ਰਹਿੰਦਾ; ਯੁੱਧ ਵਿਚ ਜੇ ਰਾਜਧਾਨੀ 'ਤੇ ਕਬਜ਼ਾ ਹੋ ਜਾਵੇ ਤਾਂ ਬਾਕੀ ਦਾ ਦੇਸ਼ ਆਪੇ ਕਾਬੂ ਆ ਜਾਂਦਾ ਹੈ।

ਸ਼ੀਸ਼ੇ ਵਿਚ, ਹਰ ਕਿਸੇ ਨੂੰ ਪ੍ਰਸੰਨ ਅਤੇ ਬੇਚੈਨ ਕਰਨ ਦੀ ਤਾਕਤ ਹੁੰਦੀ ਹੈ।

ਕੁਦਰਤ, ਕਿਸੇ ਕੋਲ, ਇਕੋ ਵੇਲੇ, ਜਵਾਨੀ, ਸੁੰਦਰਤਾ, ਸਿਹਤ, ਸਫ਼ਲਤਾ, ਸੁੱਖ ਆਦਿ ਦਾ ਹੋਣਾ ਬਹੁਤਾ ਚਿਰ ਬਰਦਾਸ਼ਤ ਨਹੀਂ ਕਰਦੀ।

ਸ਼ੀਸ਼ੇ ਵਿਚ ਕੋਈ ਵੀ ਆਪਣੀ ਅਸਲੀ ਸ਼ਕਲ ਨਹੀਂ ਵੇਖਦਾ; ਪਸੰਦ ਕਰਨ ਵਾਲੀ ਸ਼ਕਲ ਵੇਖਦਾ ਹੈ ਅਤੇ ਵੇਖਣੀ ਚਾਹੁੰਦਾ ਹੈ।

ਜੇ ਅਸੀਂ ਦੂਜਿਆਂ ਬਾਰੇ ਨਹੀਂ ਸੋਚਾਂਗੇ ਤਾਂ ਸਾਨੂੰ ਆਪਣੇ ਆਪ ਬਾਰੇ ਸੋਚਣਾ ਪਏਗਾ; ਇਹੀ ਕਾਰਨ ਹੈ ਕਿ ਆਪਣੇ ਆਪ ਬਾਰੇ ਸੋਚਣ ਤੋਂ ਬਚਣ ਵਾਸਤੇ, ਅਸੀਂ ਹੋਰਾਂ ਬਾਰੇ ਸੋਚਦੇ-ਬੋਲਦੇ ਰਹਿੰਦੇ ਹਾਂ।

ਇਨਕਲਾਬ ਨੂੰ ਅਰੰਭ ਕਰਨ ਵਾਲੇ ਹੋਰ, ਮੁਕੰਮਲ ਕਰਨ ਵਾਲੇ ਹੋਰ ਅਤੇ ਬਦਨਾਮ ਕਰਨ ਵਾਲੇ ਹੋਰ ਹੁੰਦੇ ਹਨ।

ਜਿਹੜਾ ਈਰਖਾ ਕਰੇਗਾ, ਉਹ ਹਮਲਾ ਵੀ ਕਰ ਸਕਦਾ ਹੈ।

ਅਸੀਂ ਸਾਰੇ ਸੋਚਦੇ ਹਾਂ ਕਿ ਸੰਸਾਰ ਨੂੰ ਸੁਧਾਰਨ ਅਤੇ ਬਦਲਣ ਦੀ ਲੋੜ ਹੈ, ਪਰ ਅਸੀਂ ਆਪ ਜਿਵੇਂ ਹੁੰਦੇ ਹਾਂ, ਆਪਣੇ-ਆਪ ਨੂੰ ਉਵੇਂ ਹੀ ਠੀਕ ਸਮਝਦੇ ਹਾਂ।

ਜਿਹੜਾ ਤੁਹਾਡਾ ਸਤਿਕਾਰ ਨਹੀਂ ਕਰਦਾ, ਉਹ ਤੁਹਾਡੇ ਪ੍ਰਤੀ ਅਪਮਾਨ ਪ੍ਰਗਟਾਉਣ ਦੇ ਕਈ ਢੰਗ ਅਪਣਾਏਗਾ।

ਪ੍ਰਸੰਨ ਹੋਵੋ, ਸਿਆਣੇ ਹੋਣ ਦਾ ਇਹ ਵੀ ਇਕ ਢੰਗ ਹੈ।

ਪਰਿਵਰਤਨ ਨੂੰ ਪਰਿਵਰਤਨ ਨਾ ਕਹੋ, ਸੁਧਾਰ ਕਹੋ, ਲੋਕ ਪ੍ਰਵਾਨ ਕਰ ਲੈਣਗੇ; ਸੁਧਾਰ ਵਿਚ ਧਾਰਮਿਕਤਾ ਦਾ ਅੰਸ਼ ਹੁੰਦਾ ਹੈ, ਪਰਿਵਰਤਨ ਵਿਚ ਨਾਸਤਿਕਤਾ ਦੀ ਬੂ ਹੁੰਦੀ ਹੈ।

ਜਿੱਤ ਦੇ ਨਸ਼ੇ ਵਿਚ ਸੋਚ ਧੁੰਦਲੀ ਅਤੇ ਵਿਹਾਰ ਗਲਤ ਹੋ ਜਾਂਦਾ ਹੈ, ਜਿਸ ਕਾਰਨ ਤਾਜ ਉਛਲਦੇ ਹਨ ਅਤੇ ਬਾਦਸ਼ਾਹੀਆਂ ਰੁਲਦੀਆਂ ਹਨ।

ਲੋਕਾਂ 'ਤੇ ਜੇ ਪਰਿਵਰਤਨ ਠੋਸਿਆ ਜਾਵੇਗਾ ਤਾਂ ਮੌਕਾ ਮਿਲਦਿਆਂ ਹੀ, ਲੋਕ ਪਰੰਪਰਾ ਨੂੰ ਫਿਰ ਅਪਣਾ ਲੈਣਗੇ।

ਵੱਡੇ ਅਤੇ ਜੇਤੂ ਜਰਨੈਲ, ਹਾਰੇ ਹੋਏ ਜਰਨੈਲਾਂ ਨਾਲ, ਬੜੇ ਸਤਿਕਾਰ ਨਾਲ ਪੇਸ਼ ਆ ਕੇ, ਆਪਣੇ ਜੇਤੂ ਅਤੇ ਵੱਡੇ ਜਰਨੈਲ ਹੋਣ ਦਾ ਸਬੂਤ ਦਿੰਦੇ ਹਨ।

ਗਲਤੀਆਂ ਅਕਸਰ ਕੰਮ ਦੇ ਉਸ ਪੜਾਓ ਵਿਚ ਹੁੰਦੀਆਂ ਹਨ, ਜਿਸ ਨੂੰ ਅਸੀਂ ਸੌਖਾ ਸਮਝਦੇ ਹੁੰਦੇ ਹਾਂ।

ਅਸਮਾਨ ਅਤੇ ਸਮੁੰਦਰ ਵਿਚ ਵਿਚਰਨ ਵਾਲੇ ਜੀਵ, ਧਰਤੀ 'ਤੇ ਵਿਚਰਨ ਵਾਲੇ ਜੀਵ-ਜੰਤੂਆਂ ਤੋਂ ਵਧੇਰੇ ਚੁਸਤ, ਚਲਾਕ ਅਤੇ ਫੁਰਤੀਲੇ ਹੁੰਦੇ ਹਨ।

ਤੁਹਾਡੇ ਬੱਚਿਆਂ ਦੀ ਕਾਰ-ਗੁਜ਼ਾਰੀ ਤੋਂ ਪਤਾ ਲੱਗੇਗਾ ਕਿ ਤੁਹਾਡਾ ਵਿਆਹ ਸਫ਼ਲ ਰਿਹਾ ਹੈ ਕਿ ਨਹੀਂ।

ਸਿਆਣੇ ਜਰਨੈਲ ਦੁਸ਼ਮਣ ਦੀ ਫੌਜ ਵਾਸਤੇ, ਯੁੱਧ ਦੇ ਮੈਦਾਨ ਵਿਚੋਂ ਭੱਜਣ ਲਈ, ਇਕ ਰਾਹ ਖੁੱਲ੍ਹਾ ਰੱਖਦੇ ਹਨ।

ਇਸ਼ਤਿਹਾਰਬਾਜ਼ੀ ਦਾ ਉਦੇਸ਼, ਹਰ ਗਾਹਕ ਨੂੰ ਸੋਹਣਾ, ਹਰਮਨ-ਪਿਆਰਾ ਅਤੇ ਜਵਾਨ ਬਣਨ ਦਾ ਸੁਪਨਾ ਦੇਣਾ ਹੁੰਦਾ ਹੈ।

ਜਿਨ੍ਹਾਂ ਦੀ ਵਿਰਾਸਤੀ ਜਾਇਦਾਦ ਹੁੰਦੀ ਹੈ ਪਰ ਆਮਦਨ ਕੋਈ ਨਹੀਂ ਹੁੰਦੀ, ਉਹ ਵਿਰਾਸਤੀ ਜਾਇਦਾਦ ਵੇਚ ਕੇ, ਆਪਣੀ ਖਾਨਦਾਨੀ ਮਾਣ-ਮਰਿਆਦਾ ਨੂੰ ਪੁੱਠਾ ਗੇੜਾ ਦਿੰਦੇ ਹਨ।

ਪਤੀ-ਪਤਨੀ ਸੁਭਾਵਕ ਹੀ ਇਕ-ਦੂਜੇ ਦੇ ਅਧਿਆਪਕ ਅਤੇ ਇਕ-ਦੂਜੇ ਦੇ ਵਿਦਿਆਰਥੀ ਹੁੰਦੇ ਹਨ।

ਕਿਸੇ ਦੀ ਬੇਇੱਜ਼ਤੀ ਕਰਨ ਨਾਲ ਮਿਲਣ ਵਾਲੀ ਖੁਸ਼ੀ ਜਲਦੀ ਹੀ, ਬੜੀ ਵੱਡੀ ਪਰੇਸ਼ਾਨੀ ਬਣ ਜਾਂਦੀ ਹੈ।

ਸਿਆਣਪ ਦੇ ਦੋ ਰੂਪ ਹੁੰਦੇ ਹਨ; ਪਹਿਲਾ, ਕਹਿਣ ਲਈ ਬਹੁਤ ਕੁਝ ਹੋਣਾ; ਦੂਜਾ, ਕਹਿਣ ਲਈ ਬਹੁਤ ਕੁਝ ਹੋਣ ਦੇ ਬਾਵਜੂਦ, ਕੁਝ ਨਾ ਕਹਿਣਾ।

ਸਿਆਣੀ ਇਸਤਰੀ ਨਾਲ ਤੁਸੀਂ ਕਦੇ ਵੀ ਮੂਰਖ ਪਤੀ ਨਹੀਂ ਵੇਖੋਗੇ; ਅਜਿਹੀ ਇਸਤਰੀ ਜਿਸ ਨਾਲ ਰਿਸ਼ਤਾ ਉਸਾਰਦੀ ਹੈ, ਉਸ ਨੂੰ ਸਿਆਣਪ ਅਤੇ ਸਲੀਕੇ ਨਾਲ ਆਪਣੇ ਨਾਲੋਂ ਵਧੇਰੇ ਸਿਆਣਾ ਬਣਾ ਦਿੰਦੀ ਹੈ।

ਕਈ ਦੂਜਿਆਂ ਵਿਚੋਂ ਨੁਕਸ ਇਵੇਂ ਲੱਭਦੇ ਹਨ, ਜਿਵੇਂ ਖਜ਼ਾਨਾ ਲੱਭ ਰਹੇ ਹੋਣ।

ਕਈ ਲੜਕੀਆਂ, ਲਾੜੇ ਨੂੰ ਨਹੀਂ, ਰਾਜਕੁਮਾਰ ਨੂੰ ਉਡੀਕਦੀਆਂ ਹਨ; ਰਾਜਕੁਮਾਰ ਆਉਂਦਾ ਨਹੀਂ, ਲਾੜਾ ਆ ਜਾਂਦਾ ਹੈ, ਇਸ ਲਈ ਉਡੀਕ ਜਾਰੀ ਰਹਿੰਦੀ ਹੈ।

ਜੇਕਰ ਪਤੀ-ਪਤਨੀ ਇਕ-ਦੂਜੇ ਨਾਲ ਰਹਿੰਦਿਆਂ ਪ੍ਰਸੰਨ ਨਹੀਂ ਹੋ ਸਕਦੇ ਤਾਂ ਉਹ ਵੱਖ ਹੋ ਕੇ ਵੀ ਪ੍ਰਸੰਨ ਨਹੀਂ ਹੋਣਗੇ।

ਜਿਹੜਾ ਮੁਆਫ਼ ਕਰਦਾ ਹੈ, ਉਹ ਝਗੜਾ ਮੁਕਾਉਂਦਾ ਹੈ।

ਪਤਨੀ, ਪਤੀ ਤੋਂ ਸ਼ਰਾਬ ਨਹੀਂ ਛੁਡਵਾ ਸਕਦੀ, ਪਰ ਜੇ ਪਤੀ ਆਪੇ ਸ਼ਰਾਬ ਛੱਡਣੀ ਚਾਹੇ ਤਾਂ ਪਤਨੀ, ਪਤੀ ਦੀ ਮਦਦ ਬੜੀ ਕਰ ਸਕਦੀ ਹੈ।

ਜੇ ਹੋਰਾਂ ਨੂੰ ਧਿਆਨ ਨਾਲ ਸੁਣਨ ਦਾ ਹੁਨਰ ਆਉਂਦਾ ਹੋਵੇ ਤਾਂ ਮਨੁੱਖ ਇਸ ਹੁਨਰ ਨਾਲ ਹੀ ਵਿਦਵਾਨ ਬਣ ਜਾਂਦਾ ਹੈ।

ਆਪਣਾ ਉਦੇਸ਼, ਇਕ ਕਾਗਜ਼ ਤੇ ਲਿਖੋ, ਜੇ ਲਿਖ ਲਿਆ ਹੈ ਤਾਂ ਇਹ ਸਬੂਤ ਹੈ ਕਿ ਤੁਹਾਡਾ ਕੋਈ ਉਦੇਸ਼ ਹੈ।

ਪੱਕੇ ਦੋਸਤਾਂ ਨੂੰ ਇਕ-ਦੂਜੇ ਦਾ ਹਾਲ ਪੁੱਛਣ-ਦੱਸਣ ਦੀ ਲੋੜ ਨਹੀਂ ਪੈਂਦੀ।

ਆਪਣੇ ਕੱਪੜਿਆਂ ਵਾਂਗ, ਦੋਸਤ ਵੀ ਉਹੀ ਚੁਣਨੇ ਚਾਹੀਦੇ ਹਨ, ਜਿਹੜੇ ਸਾਡੇ ਮੇਚ ਦੇ ਹੋਣ ਅਤੇ ਸਾਨੂੰ ਢੁੱਕਣ-ਫੱਬਣ।

ਕੰਮ ਨੂੰ ਉਤਨਾ ਵਕਤ ਹੀ ਲੱਗਦਾ ਹੈ; ਜਿਤਨਾ ਵਕਤ ਸਾਡੇ ਕੋਲ ਹੁੰਦਾ ਹੈ।

ਕਈ ਸਧਾਰਨ ਬੁੱਧੀ ਵਾਲੇ ਵਿਅਕਤੀ, ਆਪਣੇ ਕੰਮ ਪ੍ਰਤੀ ਸੁਹਿਰਦ ਅਤੇ ਗੰਭੀਰ ਹੋਣ ਕਾਰਨ, ਲਾਪ੍ਰਵਾਹ ਮਾਹਿਰਾਂ ਨੂੰ ਵੀ ਪਛਾੜ ਦਿੰਦੇ ਹਨ।

ਦਿਲ ਕਦੀ ਵੀ ਮੁਆਫ਼ ਕਰਨ ਦੀ ਤਾਕਤ ਤੋਂ ਖਾਲ੍ਹੀ ਨਹੀਂ ਹੁੰਦਾ।

ਹੌਸਲਾ ਵੀ ਇਕ ਪ੍ਰਕਾਰ ਦਾ ਗਿਆਨ ਹੁੰਦਾ ਹੈ, ਜਿਹੜਾ ਦੱਸਦਾ ਹੈ ਕਿ ਕਿਸ ਤੋਂ ਕਿਤਨਾ ਡਰਨਾ ਹੈ ਅਤੇ ਕਿਹੜੀ ਚੀਜ਼ ਤੋਂ ਬਿਲਕੁਲ ਨਹੀਂ ਡਰਨਾ।

ਜੇ ਅਕਾਊ ਕਾਰਜ ਨਾ ਕੀਤੇ ਜਾਣ ਤਾਂ ਦਿਲਚਸਪ ਪੁਰਸਕਾਰ ਨਹੀਂ ਮਿਲਦੇ।

ਹੋਰਾਂ ਦਾ ਭਲਾ ਚਾਹੁਣ ਵਾਲੇ ਦਾ, ਆਪਣਾ ਭਲਾ ਪਹਿਲਾਂ ਹੀ ਹੋ ਚੁੱਕਿਆ ਹੁੰਦਾ ਹੈ।

ਜਿਥੇ ਗੁੱਸੇ ਦਾ ਰਾਜ ਹੋਵੇਗਾ, ਉਥੇ ਬਰਬਾਦੀ ਦਾ ਬੋਲਬਾਲਾ ਹੋਵੇਗਾ।

ਕੁਦਰਤ ਨੇ ਮਨੁੱਖ ਦੇ ਸਰੀਰ ਵਿਚ, ਅੱਖਾਂ ਇਸ ਢੰਗ ਨਾਲ ਲਾਈਆਂ ਹਨ ਕਿ ਉਹ ਦਿਨ ਵੇਲੇ ਅਸਮਾਨ ਅਤੇ ਰਾਤ ਨੂੰ ਤਾਰੇ ਜ਼ਰੂਰ ਵੇਖੇ।

ਜਦੋਂ ਵੀ ਵਿਕਾਸ ਕਰੋਗੇ, ਗਲਤੀਆਂ ਹੋਣਗੀਆਂ; ਗਲਤੀਆਂ ਤੋਂ ਜਿਤਨਾ ਵਧੇਰੇ ਸਿੱਖੋਗੇ, ਉਤਨਾ ਵਧੇਰੇ ਵਿਕਾਸ ਕਰੋਗੇ।

ਫੁੱਲਾਂ ਨੂੰ ਲਾਭ ਪਹੁੰਚਾਉਣ ਲਈ, ਕੰਡਿਆਂ ਨੂੰ ਵੀ ਪਾਣੀ ਦਿੱਤਾ ਜਾਂਦਾ ਹੈ।

ਗੁੱਸੇ ਦੀ ਹਾਲਤ ਵਿਚ ਪੁਰਸ਼, ਬਲਾਤਕਾਰੀ ਸ਼ਬਦਾਵਲੀ ਇਸ ਲਈ ਵਰਤਦੇ ਹਨ, ਕਿਉਂਕਿ ਵਾਸਤਵ ਵਿਚ ਉਨ੍ਹਾਂ ਦਾ ਗੁੱਸਾ ਉਨ੍ਹਾਂ ਦੀ ਬਲਾਤਕਾਰੀ ਬਿਰਤੀ ਦਾ ਹੀ ਪ੍ਰਗਟਾਵਾ ਹੁੰਦਾ ਹੈ।

ਬੱਚਿਆਂ ਨਾਲ ਰਲ ਕੇ ਖਾਣਾ ਖਾਓ, ਉਨ੍ਹਾਂ ਦੇ ਸਾਰੇ ਸੰਸਾਰ ਦੀ ਖ਼ਬਰ ਮਿਲੇਗੀ।

ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਨਹੀਂ ਸਮਝਿਆ; ਪਿਤਾ ਦੇ ਅਕਾਲ-ਚਲਾਣੇ 'ਤੇ ਉਹ ਮਹਿਸੂਸ ਕਰਦੇ ਹਨ ਕਿ ਵਾਸਤਵ ਵਿਚ ਉਨ੍ਹਾਂ ਨੇ ਹੀ ਆਪਣੇ ਪਿਤਾ ਨੂੰ ਨਹੀਂ ਸਮਝਿਆ।

ਕਮਜ਼ੋਰ ਧਰਮ ਕੇਵਲ ਪ੍ਰਸੰਸਾ ਹੀ ਸੁਣਦੇ ਹਨ; ਆਲੋਚਨਾ ਨਾਲ ਭੜਕ ਕੇ ਅਜਿਹੇ ਧਰਮ ਇਹੀ ਸਾਬਤ ਕਰਦੇ ਹਨ ਕਿ ਉਹ ਕਮਜ਼ੋਰ ਹਨ।

ਜੀਵਨ ਵਿਚ ਸਭ ਕੁਝ ਇਕੋ ਵੇਲੇ ਨਹੀਂ ਵਾਪਰਦਾ ਅਤੇ ਸਭ ਕੁਝ ਇਕ ਹੀ ਬੰਦੇ ਨਾਲ ਨਹੀਂ ਵਾਪਰਦਾ।

ਕੰਮ ਉਹ ਹੁੰਦਾ ਹੈ, ਜਿਹੜਾ ਜ਼ਿੰਦਗੀ ਵਿਚ ਸਾਡੀ ਦਿਲਚਸਪੀ ਵਧਾਉਂਦਾ ਹੈ; ਬਾਕੀ ਸਭ ਵਗਾਰ ਹੁੰਦੀ ਹੈ।

ਭੈੜੇ ਅਤੇ ਨਿਕੰਮੇ ਕਰਮਚਾਰੀ, ਲੋੜ ਤੋਂ ਬਿਨਾਂ ਹੀ ਛੁੱਟੀਆਂ ਸਾਰੀਆਂ ਲੈਂਦੇ ਹਨ, ਪਰ ਮਾਣਦੇ ਕਿਸੇ ਛੁੱਟੀ ਨੂੰ ਨਹੀਂ।

ਸ਼ਕਤੀਸ਼ਾਲੀ ਧਰਮ, ਭੰਡਣ-ਨਿੰਦਣ ਵਾਲਿਆਂ ਨੂੰ ਵੀ ਖਿੜੇ-ਮੱਥੇ ਬਰਦਾਸ਼ਤ ਹੀ ਨਹੀਂ ਕਰਦੇ, ਮੁਆਫ਼ ਵੀ ਕਰਦੇ ਹਨ।

ਪੜ੍ਹਿਆ-ਲਿਖਿਆ ਵਿਅਕਤੀ, ਗੁੱਸੇ ਦੀ ਹਾਲਤ ਵਿਚ, ਸਾਹਮਣੇ ਪਈ ਮਹਿੰਗੀ ਅਤੇ ਸਸਤੀ ਚੀਜ਼ ਵਿਚੋਂ, ਪਹਿਲਾਂ ਸਸਤੀ ਚੀਜ਼ ਤੋੜੇਗਾ, ਇਹ ਉਸ ਦੇ ਪੜ੍ਹੇ-ਲਿਖੇ ਹੋਣ ਕਾਰਨ ਹੁੰਦਾ ਹੈ।

ਅਜੋਕੇ ਭਾਰਤ ਨੂੰ ਆਗੂਆਂ ਦੀ ਲੋੜ ਹੈ, ਪੁਜਾਰੀਆਂ ਦੀ ਨਹੀਂ; ਵਿਗਿਆਨੀਆਂ ਦੀ ਲੋੜ ਹੈ, ਸ਼ਹੀਦਾਂ ਦੀ ਨਹੀਂ।

ਜਿਹੜਾ ਦੇਸ਼ ਆਪਣੀਆਂ ਬੁਨਿਆਦੀ ਸਮੱਸਿਆਵਾਂ ਨਹੀਂ ਸੁਲਝਾਉਂਦਾ; ਉਹ ਪੂੰਜੀਵਾਦੀ ਹੋਵੇ ਜਾਂ ਸਮਾਜਵਾਦੀ, ਕੋਈ ਫ਼ਰਕ ਨਹੀਂ ਪੈਂਦਾ।

ਸਹੀ ਹੋਵੋ, ਸਹੀ ਹੋਣਾ ਚੰਗੀ ਗੱਲ ਹੈ, ਪਰ ਇਸ ਗੁਮਾਨ ਤੋਂ ਮੁਕਤ ਹੋਵੋ ਕਿ ਕੇਵਲ ਤੁਸੀਂ ਹੀ ਸਹੀ ਹੋ।

ਸਫ਼ਲਤਾ ਇਨਾਮਾਂ ਨਾਲ ਨਹੀਂ, ਮੁਸ਼ਕਿਲਾਂ ਨਾਲ ਨਾਪੀ ਜਾਂਦੀ ਹੈ।

ਵਿਗਿਆਨ ਗਣਿਤ-ਅਧਾਰਿਤ ਹੈ, ਗਣਿਤ ਵਿਚ ਝੂਠ ਨਹੀਂ ਚੱਲਦਾ, ਗਲਤੀ ਲੁਕ ਨਹੀਂ ਸਕਦੀ, ਵਿਗਿਆਨ ਦੇ ਸਿੱਟੇ ਤੋੜੇ-ਮਰੋੜੇ ਨਹੀਂ ਨਹੀਂ ਜਾ ਸਕਦੇ।

ਵਕਤ ਦੇ ਪੱਖੋਂ ਕੋਈ ਅਮੀਰ-ਗਰੀਬ ਨਹੀਂ ਹੁੰਦਾ; ਹਰੇਕ ਨੂੰ ਹਰ ਰੋਜ਼ ਚੌਵ੍ਹੀ ਘੰਟੇ ਮਿਲਦੇ ਹਨ; ਵਕਤ ਦੀ ਵਰਤੋਂ ਸਾਨੂੰ ਅਮੀਰ-ਗਰੀਬ ਬਣਾਉਂਦੀ ਹੈ।

ਸੰਭੋਗ ਹੁੰਦੀ ਲੜਾਈ ਹੀ ਹੈ, ਪਰ ਇਹ ਸਹਿਯੋਗੀ ਲੜਾਈ ਹੁੰਦੀ ਹੈ; ਦੋਵੇਂ ਇਕ-ਦੂਜੇ ਨੂੰ ਜਿਤਾਉਣ ਲਈ, ਆਪਣਾ ਸਾਰਾ ਤਨ-ਮਨ ਲਾ ਦਿੰਦੇ ਹਨ।

ਇਨਕਲਾਬ ਨਾਲ, ਸਭ ਪ੍ਰਕਾਰ ਦੇ ਸਮਾਜਿਕ ਸੰਤੁਲਨ ਬਦਲਣ ਕਾਰਨ, ਸਮਾਜਿਕ ਦਰਜੇਬੰਦੀ ਵੀ ਬਦਲ ਜਾਂਦੀ ਹੈ।

ਜਿਹੜਾ ਚੰਨ-ਤਾਰਿਆਂ ਨੂੰ ਵੇਖ ਕੇ ਹੈਰਾਨ ਨਹੀਂ ਹੁੰਦਾ, ਉਹ ਕੁਝ ਵੀ ਵੇਖ ਕੇ ਹੈਰਾਨ ਨਹੀਂ ਹੋਵੇਗਾ।

ਇਕ ਹੱਦ ਤਕ ਮੁਸੀਬਤ ਸਾਨੂੰ ਹਰਾਉਣ ਦਾ ਯਤਨ ਕਰਦੀ ਹੈ, ਪਰ ਜੇ ਮਨੁੱਖ ਡਟਿਆ ਰਹੇ ਤਾਂ ਮੁਸੀਬਤ ਹਾਰਨ ਲੱਗ ਪੈਂਦੀ ਹੈ।

ਵਕਤ ਹਰੇਕ ਕਾਰਜ ਲਈ ਕੱਚਾ ਮਸਾਲਾ ਹੁੰਦਾ ਹੈ; ਕੁਦਰਤ ਹਰ ਵੇਲੇ ਸਾਡੇ ਲਈ ਵਕਤ ਉਪਜਾਉਂਦੀ ਰਹਿੰਦੀ ਹੈ।

ਸੰਸਾਰ ਨੂੰ, ਲੋਕਤੰਤਰ ਅਤੇ ਕਲਾ ਯੂਨਾਨੀਆਂ ਦੀ ਦੇਣ ਹਨ; ਪ੍ਰਸ਼ਾਸਨ ਅਤੇ ਨਿਆਂਪ੍ਰਣਾਲੀ ਰੋਮਨਾਂ ਦਾ ਯੋਗਦਾਨ ਹਨ।

ਜੇ ਕੋਈ ਕੁਝ ਅਜਿਹਾ ਕਰਨਾ ਚਾਹੇ, ਜਿਸ ਨਾਲ ਉਹ ਝੱਟਪੱਟ ਪ੍ਰਸਿੱਧ ਹੋ ਜਾਏ; ਉਹ ਕੁਝ ਨਹੀਂ ਕਰੇਗਾ, ਕਿਉਂਕਿ ਉਸ ਦੀ ਇੱਛਾ ਪ੍ਰਸਿੱਧ ਹੋਣ ਦੀ ਹੀ ਹੁੰਦੀ ਹੈ, ਕੁਝ ਕਰਨ ਦੀ ਨਹੀਂ।

ਨੀਤੀ ਜਿਤਨੀ ਸਰਲ ਹੁੰਦੀ ਹੈ, ਉਹ ਲਾਗੂ ਕਰਨੀ ਉਤਨੀ ਹੀ ਔਖੀ ਹੁੰਦੀ ਹੈ।

ਅਸੀਂ ਵਰਤਮਾਨ ਸਮੇਂ ਨੂੰ ਹੀ ਵਿਅਰਥ ਗੁਆਉਂਦੇ ਹਾਂ; ਵਰਤਮਾਨ ਸਮੇਂ ਨੂੰ ਹੀ ਵਿਅਰਥ ਨਹੀਂ ਗੁਆਉਣਾ ਚਾਹੀਦਾ।

ਚੰਗਾ ਪੁੱਤਰ, ਚੰਗਾ ਪਤੀ, ਚੰਗਾ ਪਿਤਾ, ਚੰਗੀ ਮਾਂ, ਚੰਗੀ ਧੀ ਬਣਨਾ, ਜ਼ਿੰਦਗੀ ਦੇ ਉਦੇਸ਼ਾਂ ਦੇ ਨਾਂ ਹਨ।

ਮੁਸੀਬਤ, ਸਾਨੂੰ ਤੋੜਨ ਲਈ ਨਹੀਂ ਆਉਂਦੀ, ਇਹ ਅਕਸਰ ਮੁੱਲਵਾਨ ਤਜਰਬਾ ਦੇਣ ਅਤੇ ਸਾਨੂੰ ਮਜ਼ਬੂਤ ਕਰਨ ਲਈ ਆਉਂਦੀ ਹੈ।

ਮਨੁੱਖ ਕਿਸਮਤ ਅਤੇ ਹਾਲਾਤ ਦਾ ਗ਼ੁਲਾਮ ਹੀ ਨਹੀਂ ਹੁੰਦਾ, ਉਹ ਹਾਲਾਤ ਅਤੇ ਕਿਸਮਤ ਦਾ ਸਿਰਜਕ ਵੀ ਹੁੰਦਾ ਹੈ।

ਜੇ ਕੁਝ ਕਰਨ ਜਾਂ ਨਾ ਕਰਨ ਦੀ ਦੁਚਿੱਤੀ ਹੈ ਤਾਂ ਅਰਦਾਸ ਕਰਕੇ ਕਾਰਜ ਅਰੰਭੋ; ਦੁਚਿੱਤੀ ਮੁੱਕ ਜਾਵੇਗੀ, ਕਾਰਜ ਹੋ ਜਾਵੇਗਾ।

ਮਲਾਹ, ਤੂਫ਼ਾਨਾਂ ਲਈ ਤਿਆਰੀ ਉਦੋਂ ਕਰਦੇ ਹਨ, ਜਦੋਂ ਤੂਫ਼ਾਨ ਨਹੀਂ ਹੁੰਦਾ; ਇਵੇਂ ਕੀਤੀ ਹੋਈ ਤਿਆਰੀ, ਤੂਫ਼ਾਨ ਦੌਰਾਨ ਫ਼ੈਸਲਾਕੁਨ ਰੋਲ ਨਿਭਾਉਂਦੀ ਹੈ।

ਸੋਚ ਬਦਲਣ ਨਾਲ ਅਤੇ ਸੋਚਣ ਦਾ ਢੰਗ ਬਦਲਣ ਨਾਲ, ਜੀਵਨ ਵਿਚ ਸੁਖਾਵਾਂ ਪਰਿਵਰਤਨ ਵਾਪਰਦਾ ਹੈ।

ਜਿਸ ਕੋਲ ਵਿਸ਼ਵਾਸ ਹੋਵੇ, ਉਸ ਲਈ ਸਭ ਕੁਝ ਸੰਭਵ ਹੁੰਦਾ ਹੈ; ਜਿਸ ਕੋਲ ਆਸ ਵੀ ਹੋਵੇ, ਉਸ ਕੋਲ ਸਭ ਕੁਝ ਸੰਭਵ ਬਣਾਉਣ ਦੀ ਹਿੰਮਤ ਵੀ ਹੁੰਦੀ ਹੈ।

ਰਾਤ ਵੇਲੇ ਨਿਸ਼ਚਿੰਤ ਹੋ ਕੇ ਸੌਂਵੋ, ਕਿਉਂਕਿ ਪਰਮਾਤਮਾ ਨਿਰੰਤਰ ਜਾਗਦਾ ਹੁੰਦਾ ਹੈ।

ਵੱਡੇ ਕਾਰਜਾਂ ਲਈ ਹਿੰਮਤ ਚਾਹੀਦੀ ਹੁੰਦੀ ਹੈ; ਮੁਸ਼ਕਿਲ ਕਾਰਜਾਂ ਲਈ ਧੀਰਜ ਵੀ ਚਾਹੀਦਾ ਹੁੰਦਾ ਹੈ।

ਜਦੋਂ ਵੀ ਸਿਰ ਧੋਵੋ, ਮੈਲ ਤੋਂ ਹੀ ਨਹੀਂ, ਮੈਲੇ ਵਿਚਾਰਾਂ ਤੋਂ ਵੀ ਛੁਟਕਾਰਾ ਪਾਓ।

ਜਿਨ੍ਹਾਂ ਨੂੰ ਹਰ ਗੱਲ ਦਾ ਵਿਸ਼ਲੇਸ਼ਣ ਕਰਨ ਦੀ ਆਦਤ ਹੁੰਦੀ ਹੈ; ਉਹ ਅਨੇਕਾਂ ਮੌਕੇ, ਇਸ ਆਦਤ ਕਾਰਨ ਹੀ ਗੁਆ ਦਿੰਦੇ ਹਨ।

ਹਰ ਕਿਸੇ ਦਾ ਮਖੌਲ ਉਡਾਉਣ ਵਾਲਾ, ਇਕ ਦਿਨ ਸਾਰਿਆਂ ਸਾਹਮਣੇ ਹਾਸੋ-ਹੀਣਾ ਹੋ ਜਾਂਦਾ ਹੈ।

ਜਿਨ੍ਹਾਂ ਨੂੰ ਬੱਚੇ ਪਸੰਦ ਕਰਦੇ ਹਨ; ਉਨ੍ਹਾਂ ਨੂੰ ਬੱਚਿਆਂ ਦੇ ਮਾਪੇ ਵੀ ਪਸੰਦ ਕਰਨ ਲੱਗ ਪੈਂਦੇ ਹਨ।

ਅਰਦਾਸ ਵਿਚ ਉੱਚਾ ਬੋਲਣ ਦੀ ਲੋੜ ਨਹੀਂ, ਕਿਉਂਕਿ ਪਰਮਾਤਮਾ ਉਤਨਾ ਦੂਰ ਨਹੀਂ, ਜਿਤਨਾ ਅਸੀਂ ਸਮਝਦੇ ਹਾਂ।

ਸਾਨੂੰ ਜਿਹੜਾ ਵੀ ਮਿਲਦਾ ਹੈ, ਕਿਸੇ ਨਾ ਕਿਸੇ ਪੱਖੋਂ ਉਹ ਸਾਡੇ ਤੋਂ ਜਾਂ ਕਿਸੇ ਨਾ ਕਿਸੇ ਪੱਖੋਂ ਅਸੀਂ ਉਸ ਤੋਂ ਚੰਗੇਰੇ ਹੁੰਦੇ ਹਾਂ।

ਸਾਡੇ ਕੋਲ ਪੈਸੇ ਨਾਲ ਖਰੀਦੀਆਂ ਜਾਣ ਵਾਲੀਆਂ ਜ਼ਰੂਰੀ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ; ਸਾਡੇ ਕੋਲ ਉਹ ਜ਼ਰੂਰੀ ਚੀਜ਼ਾਂ ਵੀ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਪੈਸੇ ਨਾਲ ਨਹੀਂ ਖਰੀਦੀਆਂ ਜਾ ਸਕਦੀਆਂ।

ਜਿਥੇ ਦਿਲ ਪਹੁੰਚ ਜਾਵੇ, ਉਥੇ ਸਰੀਰ ਨੂੰ ਪਹੁੰਚਣ ਵਿਚ ਮੁਸ਼ਕਿਲ ਨਹੀਂ ਹੁੰਦੀ।

ਹਿੰਦੀ, ਉਰਦੂ ਤੋਂ ਸ਼ਰਮਾਉਂਦੀ ਹੈ; ਪੰਜਾਬੀ, ਹਿੰਦੀ ਤੋਂ ਘਬਰਾਉਂਦੀ ਹੈ; ਇਹ ਤਿੰਨੇ ਅੰਗਰੇਜ਼ੀ ਨਾਲ ਈਰਖਾ ਕਰਦੀਆਂ ਹਨ।

ਪਰਮਾਤਮਾ ਨੂੰ ਸੁਣਨ ਲਈ, ਸ਼ਾਂਤ ਹੋਣਾ ਜ਼ਰੂਰੀ ਹੈ।

ਰਾਜਨੀਤੀ ਵਿਚ ਇਤਬਾਰ ਕਈਆਂ 'ਤੇ ਕਰਨਾ ਪੈਂਦਾ ਹੈ, ਪਰ ਭਰੋਸਾ ਕਿਸੇ 'ਤੇ ਨਹੀਂ ਕੀਤਾ ਜਾਂਦਾ।

ਕਈ ਵਿਅਕਤੀ ਗੱਲਾਂ ਹੀ ਇਵੇਂ ਅਤੇ ਅਜਿਹੀਆਂ ਕਰਦੇ ਹਨ ਕਿ ਉਨ੍ਹਾਂ ਨੂੰ ਸੁਣਨ ਵਾਲੇ ਵੀ ਸਿਆਣੇ ਨਜ਼ਰ ਆਉਣ ਲੱਗ ਪੈਂਦੇ ਹਨ।

ਧਾਰਮਿਕ ਗ੍ਰੰਥਾਂ ਵਿਚੋਂ, ਵਿਗਿਆਨ ਦੇ ਨੇਮ ਨਹੀਂ ਲੱਭਣੇ ਚਾਹੀਦੇ।

ਢਹਿੰਦੀ ਕਲਾ ਵਿਚ ਤਕੜਾ ਬੰਦਾ ਵੀ ਕਮਜ਼ੋਰ ਲੱਗਦਾ ਹੈ; ਚੜ੍ਹਦੀ ਕਲਾ ਵਿਚ ਮਧਰਾ ਬੰਦਾ ਵੀ ਲੰਮਾ ਲੱਗਣ ਲੱਗ ਪੈਂਦਾ ਹੈ।

ਇਸਤਰੀ ਨੂੰ ਆਪਣੇ ਸਰੀਰਕ ਭੇਤਾਂ ਦੀ ਸੋਝੀ, ਪੁਰਸ਼ ਰਾਹੀਂ ਪ੍ਰਾਪਤ ਹੁੰਦੀ ਹੈ।

ਅਕਲ ਤੋਂ ਸੱਖਣੀ ਸੁੰਦਰਤਾ, ਕੇਵਲ ਭੋਗ-ਵਿਲਾਸ ਦਾ ਸਾਧਨ ਹੀ ਬਣਦੀ ਹੈ।

ਕੁੱਬੇ ਬੰਦੇ ਬੜੇ ਮਖੌਲੀਏ ਹੁੰਦੇ ਹਨ; ਕੁਦਰਤ ਨੇ ਉਨ੍ਹਾਂ ਨਾਲ ਮਖੌਲ ਕੀਤਾ ਹੁੰਦਾ ਹੈ, ਉਹ ਹਰ ਕਿਸੇ ਨਾਲ ਕਰਦੇ ਹਨ।

ਹਿੰਮਤ ਅਤੇ ਉਤਸ਼ਾਹ ਉੱਤੇ, ਝੁਰੜੀਆਂ ਨਹੀਂ ਪੈਣੀਆਂ ਚਾਹੀਦੀਆਂ।

ਸ਼ਰਾਬੀ ਅਤੇ ਜੂਏਬਾਜ਼ ਕੰਗਾਲੀ ਵਿਚ ਰਹਿਣ ਦੇ ਮਾਹਿਰ ਹੁੰਦੇ ਹਨ; ਭਾਵੇਂ ਕਿਤਨਾ ਵੀ ਧਨ ਮਿਲ ਜਾਵੇ, ਇਹ ਥੋੜ੍ਹੇ ਚਿਰ ਵਿਚ ਹੀ ਉਸ ਨੂੰ ਖੁਰਦ-ਬੁਰਦ ਕਰਕੇ, ਮੁੜ ਕੰਗਾਲੀ ਵਿਚ ਪਹੁੰਚ ਜਾਂਦੇ ਹਨ।

ਸੋਹਣੀ ਅਤੇ ਸਿਆਣੀ ਇਸਤਰੀ, ਪੁਰਸ਼ ਦੀਆਂ ਸਾਰੀਆਂ ਉਮੀਦਾਂ 'ਤੇ ਪੂਰੀ ਉਤਰਦੀ ਹੈ।

ਜਿਉਂ-ਜਿਉਂ ਮਨੁੱਖ ਕਿਸਮਤ ਨੂੰ ਸ਼ਕਤੀਸ਼ਾਲੀ ਸਮਝਦਾ ਹੈ, ਉਹ ਤਿਉਂ-ਤਿਉਂ ਆਪਣੀ ਸ਼ਕਤੀ ਤੋਂ ਵਿਰਵਾ ਹੁੰਦਾ ਜਾਂਦਾ ਹੈ।

ਜਦੋਂ ਤਕ ਪ੍ਰੇਮੀ-ਪ੍ਰੇਮਿਕਾ ਵਿਚਕਾਰ ਵਿਆਹ ਕਰਵਾਉਣ ਦਾ ਮਸਲਾ ਨਹੀਂ ਉਪਜਦਾ, ਉਨ੍ਹਾਂ ਵਿਚਕਾਰ ਰੋਮਾਂਸ ਬਣਿਆ ਰਹਿੰਦਾ ਹੈ।

ਅਫ਼ਵਾਹ ਸੱਚੀ ਵੀ ਹੋ ਸਕਦੀ ਹੈ, ਪਰ ਇਸ ਨੂੰ ਫੈਲਾਉਂਦੇ ਝੂਠੇ ਬੰਦੇ ਹਨ।

ਕਲੱਬਾਂ ਦੇ ਮੈਂਬਰ, ਲੋਕ-ਸੇਵਾ ਦੇ ਨਾਂ ਥੱਲੇ, ਆਪਣੀ ਸ਼ਕਤੀ, ਪ੍ਰਭਾਵ ਅਤੇ ਦੌਲਤ ਵਧਾਉਣ ਦੇ ਚਾਹਵਾਨ ਹੁੰਦੇ ਹਨ।

ਅਨੇਕਾਂ ਹਨ, ਜਿਹੜੇ ਆਪਣੇ ਤੋਂ ਸਿਆਣੇ ਬੰਦੇ ਨਾਲ ਗੱਲ ਕਰਨੀ ਅਤੇ ਉਸ ਨਾਲ ਸਹਿਮਤ ਹੋਣਾ ਪਸੰਦ ਨਹੀਂ ਕਰਦੇ।

ਇਸਤਰੀਆਂ ਕੱਪੜੇ ਬਦਲ-ਬਦਲ ਕੇ, ਪੁਰਸ਼ਾਂ ਦੀ ਹੈਰਾਨੀ ਮਾਣਦੀਆਂ ਹਨ।

ਬਹੁਤੀਆਂ ਘਟਨਾਵਾਂ, ਘਟਨਾਵਾਂ ਵਜੋਂ ਨਹੀਂ, ਉਨ੍ਹਾਂ ਦੇ ਵੇਰਵਿਆਂ ਕਾਰਨ ਦਿਲਚਸਪ ਹੁੰਦੀਆਂ ਹਨ।

ਬੁਢਾਪੇ ਵਿਚ ਜ਼ਿੰਦਗੀ ਜੀਵੋ, ਉਮਰ ਭੁੱਲ ਜਾਵੇ।

ਕਈ ਸ਼ਾਦੀ ਤਾਂ ਕਰਵਾ ਲੈਂਦੇ ਹਨ, ਪਰ ਵਿਆਹੇ ਹੋਣਾ ਭੁੱਲ ਜਾਂਦੇ ਹਨ।

ਇਸਤਰੀ, ਪੁਰਸ਼ ਨਾਲੋਂ ਕਮਜ਼ੋਰ ਹੈ, ਪਰ ਉਹ ਪੁਰਸ਼ ਨੂੰ ਬੜਾ ਸ਼ਕਤੀਸ਼ਾਲੀ ਬਣਾ ਸਕਦੀ ਹੈ ਅਤੇ ਬਣਾਉਂਦੀ ਹੈ।

ਨਖਰਾ, ਇਸਤਰੀ ਵਿਚ ਗੁਣ ਹੁੰਦਾ ਹੈ, ਪਰ ਪੁਰਸ਼ ਵਿਚ ਔਗੁਣ ਹੁੰਦਾ ਹੈ।

ਸੰਸਾਰ ਦੇ ਕਿਸੇ ਵੀ ਧਾਰਮਿਕ ਗ੍ਰੰਥ ਵਿਚ ਹਾਸ-ਰਸ ਨਹੀਂ ਹੈ।

ਇਕ ਦਿਨ ਮਨੁੱਖ ਖ਼ੁਸ਼ੀ ਨਾਲ ਅਮੀਰ ਹੁੰਦਾ ਹੈ; ਅਗਲੇ ਦਿਨ ਉਹ ਸੋਨੇ ਨਾਲ ਗਰੀਬ ਬਣ ਜਾਂਦਾ ਹੈ।

ਸੋਹਣੀ ਇਸਤਰੀ, ਆਪਣੀ ਸੁੰਦਰਤਾ ਨਾਲ, ਹਰ ਜਗ੍ਹਾ ਆਪਣੇ ਲਈ ਢੁੱਕਵੀਂ ਅਤੇ ਸੁਖਾਵੀਂ ਥਾਂ ਬਣਾ ਲੈਂਦੀ ਹੈ।

ਠੰਡ, ਪਿਆਰ ਨੂੰ ਨਿੱਘਾ ਬਣਾ ਦਿੰਦੀ ਹੈ।

ਧਾਰਮਿਕ ਸਥਾਨ 'ਤੇ ਉਪਦੇਸ਼ ਨੂੰ ਸੁਣਦੇ ਸਾਰੇ ਹਨ, ਸਮਝਦਾ ਕੋਈ-ਕੋਈ ਹੈ, ਪਰ ਉਵੇਂ ਕਰਦਾ ਕੋਈ ਨਹੀਂ।

ਕਮਜ਼ੋਰ ਬੰਦੇ, ਪਿਤਾ ਦੀ ਜਾਇਦਾਦ ਨਾਲ, ਸ਼ਕਤੀਸ਼ਾਲੀ ਹੋਣ ਦੇ ਯਤਨ ਵਿਚ, ਆਲਸੀ ਹੀ ਸਾਬਤ ਹੁੰਦੇ ਹਨ।

ਸੂਰਜ, ਚੋਰਾਂ ਅਤੇ ਡਾਕੂਆਂ ਦਾ ਹੌਸਲਾ ਖੋਹ ਲੈਂਦਾ ਹੈ।

ਸਾਡੀ ਜ਼ਿੰਦਗੀ ਵਿਚ, ਸਭ ਤੋਂ ਵਧੇਰੇ ਦਖ਼ਲ ਸਾਡੇ ਬੱਚੇ ਦਿੰਦੇ ਹਨ ਅਤੇ ਨਿਰੰਤਰ ਦਿੰਦੇ ਰਹਿੰਦੇ ਹਨ; ਬੱਚੇ ਵੀ ਮਾਪਿਆਂ ਬਾਰੇ ਇਵੇਂ ਸੋਚਦੇ ਹਨ।

ਦੁੱਖ ਦੀ ਵਿਰੋਧੀ ਅਵਸਥਾ, ਸੁੱਖ ਨਹੀਂ, ਸੁਤੰਤਰਤਾ ਹੈ; ਸੁੱਖ-ਦੁੱਖ ਦੋਹਾਂ ਤੋਂ ਸੁਤੰਤਰਤਾ।

ਕਿਸੇ ਦਾ ਭੈੜਾ ਵਿਹਾਰ ਵੇਖ ਕੇ ਅਸੀਂ ਕਰੋਧ ਵਿਚ ਆ ਜਾਂਦੇ ਹਾਂ; ਕਰੋਧ ਵਿਚ ਆਉਣਾ ਵੀ ਤਾਂ ਭੈੜਾ ਵਿਹਾਰ ਹੁੰਦਾ ਹੈ।

ਕਿਸੇ ਨੂੰ ਆਗਿਆਕਾਰੀ ਬਣਾਉਣ ਵਿਚ ਜਿਤਨੀ ਸ਼ਕਤੀ ਪੈਸੇ ਵਿਚ ਹੈ, ਉਤਨੀ ਹੋਰ ਕਿਸੇ ਚੀਜ਼ ਵਿਚ ਨਹੀਂ ਹੈ।

ਇਸਤਰੀਆਂ ਲਿਖਤੀ ਸ਼ਿਕਾਇਤਾਂ ਘੱਟ ਕਰਦੀਆਂ ਹਨ, ਕਿਉਂਕਿ ਉਹ ਆਪਣਾ ਨਾਂ-ਪਤਾ ਦੱਸਣਾ ਨਹੀਂ ਚਾਹੁੰਦੀਆਂ।

ਪ੍ਰੇਮੀ-ਪ੍ਰੇਮਿਕਾ ਨੂੰ ਇਕ-ਦੂਜੇ ਦਾ ਅਚਾਨਕ ਖ਼ਤ ਆ ਜਾਣਾ, ਬਿਨਾਂ ਟਿਕਟ ਖਰੀਦੇ ਲਾਟਰੀ ਨਿਕਲ ਆਉਣ ਵਾਂਗ ਹੁੰਦਾ ਹੈ; ਅਜਿਹਾ ਖ਼ਤ ਪਿਆਰ ਪੈ ਜਾਣ ਦੀ ਲਾਟਰੀ ਖੁਲ੍ਹਣ ਦੀ ਸੂਚਨਾ ਹੁੰਦਾ ਹੈ।

ਕਈਆਂ ਦੀ ਵਿਲੱਖਣਤਾ, ਉਨ੍ਹਾਂ ਦੀਆਂ ਗਲਤੀਆਂ ਵਿਚੋਂ ਹੀ ਝਲਕਦੀ ਹੈ।

ਆਪਣੇ-ਆਪ ਨੂੰ ਵੇਚਣ ਵਾਲੇ, ਸਸਤੀਆਂ ਚੀਜ਼ਾਂ ਹੀ ਖਰੀਦਦੇ ਹਨ।

ਸਹੀ ਅਰਥਾਂ ਵਿਚ ਪ੍ਰਸੰਨ ਉਹ ਲੋਕ ਹੁੰਦੇ ਹਨ, ਜਿਹੜੇ ਬਿਨਾਂ ਕਾਰਨ ਹੀ ਪ੍ਰਸੰਨ ਹੁੰਦੇ ਹਨ ਅਤੇ ਪ੍ਰਸੰਨ ਰਹਿੰਦੇ ਹਨ।

ਸਾਰੇ ਵਿਆਹੇ ਪਰੇਸ਼ਾਨ ਹਨ, ਫਿਰ ਵੀ ਲੋਕ ਵਿਆਹ ਕਰਨਾ ਚਾਹੁੰਦੇ ਹਨ, ਕਿਉਂਕਿ ਅਕਲ ਚੋਪੜੀਆਂ ਖਾਣ ਨਾਲ ਨਹੀਂ, ਠੋਕਰਾਂ ਖਾਣ ਨਾਲ ਆਉਂਦੀ ਹੈ।

ਪਿਆਰ ਦੇ ਜਿਸ ਰਿਸ਼ਤੇ ਦਾ ਮਾਣ, ਸਨਮਾਨ ਅਤੇ ਭਵਿੱਖ ਨਾ ਹੋਵੇ, ਉਸ ਨੂੰ ਨਾਜਾਇਜ਼ ਰਿਸ਼ਤਾ ਕਹਿੰਦੇ ਹਨ।

ਪਿੰਡ ਬਾਰੇ ਲਿਖਣ ਦਾ ਖਿਆਲ, ਸ਼ਹਿਰ ਵਿਚ ਰਹਿੰਦਿਆਂ ਹੀ ਆਉਂਦਾ ਹੈ।

ਮਨੁੱਖ, ਦਿਨ ਦੌਰਾਨ ਸੂਰਜ ਦੀਆਂ ਪਰੇਸ਼ਾਨ ਕੀਤੀਆਂ ਆਪਣੀਆਂ ਅੱਖਾਂ 'ਤੇ, ਰਾਤ ਵੇਲੇ ਨੀਂਦਰ ਦੀ ਮੱਲ੍ਹਮ ਲਾਉਂਦਾ ਹੈ।

ਮੌਲਿਕ ਲੇਖਕ-ਕਲਾਕਾਰ ਅਨੇਕਾਂ ਪਰੰਪਰਾਵਾਂ-ਪ੍ਰਣਾਲੀਆਂ ਵਿਚੋਂ ਗੁਜ਼ਰਦਾ ਹੈ, ਪਰ ਉਹ ਉਨ੍ਹਾਂ ਵਿਚ ਗੁਆਚਦਾ ਨਹੀਂ।

ਸਰਲ, ਸਾਦੇ, ਸੁਹਿਰਦ, ਸਹਿਯੋਗੀ ਵਿਅਕਤੀ ਸਪਸ਼ਟ ਦਸਤਖ਼ਤ ਕਰਦੇ ਹਨ।

ਹੋਰਾਂ ਨਾਲ ਨੇੜਲੇ ਸਬੰਧ ਸਾਨੂੰ ਚੁਸਤ ਅਤੇ ਤੰਦਰੁਸਤ ਰੱਖਦੇ ਹਨ।

ਲੜਾਕੀ-ਸੱਸ ਜ਼ਰੂਰ ਕਹੇਗੀ : ਜਦੋਂ ਦੀ ਇਹ ਆਈ ਹੈ..........
ਪਰੇਸ਼ਾਨ-ਨੂੰਹ ਅਵੱਸ਼ ਆਖੇਗੀ : ਜਦੋਂ ਦੀ ਮੈਂ ਆਈ ਹਾਂ............

ਆਤਮਘਾਤ ਕਰਨ ਵਾਲੇ ਵੀ, ਆਤਮਘਾਤ ਕਰਨ ਵਾਲੇ ਕਮਰੇ ਵਿਚ ਪਈ ਆਪਣੀ ਤਸਵੀਰ ਨਹੀਂ ਪਾੜਦੇ, ਕਿਉਂਕਿ ਉਨ੍ਹਾਂ ਵਿਚ ਵੀ ਆਤਮਘਾਤ ਦੇ ਬਾਵਜੂਦ ਆਪਣੀ ਹੋਂਦ ਬਣਾਈ ਰੱਖਣ ਦੀ ਇੱਛਾ ਹੁੰਦੀ ਹੈ।

ਕਿਸੇ ਚਿੱਤਰ ਨੂੰ ਅਸੀਂ ਆਪਣੀ ਰਾਇ ਪ੍ਰਗਟਾਉਣ ਤਕ ਵੇਖਦੇ ਰਹਿੰਦੇ ਹਾਂ।

ਹਰ ਲਾਇਬਰੇਰੀ ਵਿਚ ਲਗਭਗ ਤਿੰਨ-ਚੌਥਾਈ ਪੁਸਤਕਾਂ ਕੇਵਲ ਦਰਸ਼ਨ ਦਿੰਦੀਆਂ ਹਨ ਅਤੇ ਦਰਸ਼ਨ ਕਰਨ ਲਈ ਹੁੰਦੀਆਂ ਹਨ।

ਕਈਆਂ ਦੀ ਸ਼ਕਲ ਪੂਰੀ ਤਰ੍ਹਾਂ ਕਾਰਟੂਨ ਵਿਚ ਹੀ ਨਿਖਰਦੀ ਹੈ।

ਜਦੋਂ ਪ੍ਰੇਮਿਕਾ, ਆਪਣੇ ਪ੍ਰੇਮੀ ਨਾਲ ਜਾ ਰਹੀ ਹੋਵੇ ਤਾਂ ਉਹ ਕਿਸੇ ਨੂੰ ਨਹੀਂ ਪਛਾਣਦੀ ਅਤੇ ਨਾ ਹੀ ਆਪ ਪਛਾਣੇ ਜਾਣਾ ਪਸੰਦ ਕਰਦੀ ਹੈ।

ਜਦੋਂ ਕੋਈ ਪਾਠਕ ਕਹਿੰਦਾ ਹੈ: ਤੁਸੀਂ ਮਹਾਨ ਲੇਖਕ ਹੋ, ਤਾਂ ਉਹ ਲੇਖਕ ਸੋਚਣ ਲੱਗ ਪੈਂਦਾ ਹੈ ਕਿ ਇਸ ਨਾਲ ਗੱਲ ਕਰਾਂ ਕਿ ਨਾ।

ਮੰਗਤੇ ਵੀ, ਆਪਸ ਵਿਚ, ਵਪਾਰੀਆਂ ਵਾਂਗ ਗੱਲਬਾਤ ਕਰਦੇ ਹਨ।

ਗੱਲਬਾਤ ਦੌਰਾਨ ਦੂਜੇ ਵੱਲ ਇਹ ਜਾਣਨ ਲਈ ਵੇਖਿਆ ਜਾਂਦਾ ਹੈ ਕਿ ਉਸ ਦੇ ਸਾਡੇ ਬਾਰੇ ਪ੍ਰਤੀਕਰਮ ਕੀ ਹਨ।

ਜਨਤਾ 'ਤੇ ਜ਼ੁਲਮ ਕਰਨ ਵਾਲੇ ਅਕਸਰ ਕਹਿੰਦੇ ਹਨ ਕਿ ਅਸੀਂ ਤਾਂ ਉੱਪਰਲਿਆਂ ਦਾ ਹੁਕਮ ਪਾਲ ਰਹੇ ਹਾਂ।

ਨੇੜੇ ਹੋ ਕੇ ਕੀਤੀ ਗੱਲਬਾਤ ਵਿਚ ਸ਼ਬਦ ਹੀ ਨਹੀਂ ਬੋਲੇ ਜਾਂਦੇ, ਸਰੀਰਕ ਹਰਕਤਾਂ ਵੀ ਬੋਲਦੀਆਂ ਹਨ; ਜਿਉਂ-ਜਿਉਂ ਫਾਸਲਾ ਵਧਦਾ ਹੈ, ਸ਼ਬਦ ਵਧਦੇ ਹਨ, ਹਰਕਤਾਂ ਘਟਦੀਆਂ ਜਾਂਦੀਆਂ ਹਨ।

ਸਾਡੇ ਆਲੇ-ਦੁਆਲੇ ਲਗਭਗ ਤੀਹ ਇੰਚ ਦਾ ਇਕ ਰੱਖਿਆਤਮਕ ਘੇਰਾ ਹੁੰਦਾ ਹੈ; ਜਿਸ ਵਿਚ ਕੋਈ ਸਾਡੀ ਆਗਿਆ ਤੋਂ ਬਿਨਾਂ, ਪ੍ਰਵੇਸ਼ ਨਹੀਂ ਕਰ ਸਕਦਾ।

ਸਰੀਰਕ ਵਿਕਾਸ ਵਾਸਤੇ, ਕੁੜੀਆਂ ਦੇ ਮੁਕਾਬਲੇ ਮੁੰਡਿਆਂ ਨੂੰ, ਵਧੇਰੇ ਥਾਂ ਅਤੇ ਵਧੇਰੇ ਖੁੱਲ੍ਹ ਦੀ ਲੋੜ ਪੈਂਦੀ ਹੈ।

ਪਿਆਰ ਕਰਦੇ ਮਨੁੱਖ ਦਾ ਮਨੋਵਿਸ਼ਲੇਸ਼ਣ ਕਰਨਾ ਸੰਭਵ ਨਹੀਂ ਹੁੰਦਾ; ਪਿਆਰ ਦੀ ਗ਼ੈਰਹਾਜ਼ਰੀ ਮਨੋਵਿਸ਼ਲੇਸ਼ਣ ਦੀ ਲੋੜ ਉਪਜਾਉਂਦੀ ਹੈ।

ਮਨੋਵਿਗਿਆਨੀ ਬਾਹਰਲੇ ਸੰਕੇਤਾਂ, ਲੱਛਣਾਂ, ਵਰਤਾਰਿਆਂ ਤੋਂ ਅਨੁਮਾਨ ਲਾਉਂਦੇ ਹਨ ਕਿ ਅੰਦਰ ਕੀ ਵਾਪਰ ਰਿਹਾ ਹੈ, ਜਦੋਂ ਕਿ ਡਾਕਟਰ ਅੰਦਰਲੇ ਵਿਗਾੜਾਂ ਤੋਂ ਅਨੁਮਾਨ ਲਾਉਂਦੇ ਹਨ ਕਿ ਬਾਹਰ ਕਿਹੋ ਜਿਹੇ ਲੱਛਣ ਉਪਜਣਗੇ।

ਜਿਤਨਾ ਵਧੇਰੇ ਪੜ੍ਹੋਗੇ, ਉਤਨੀ ਘੱਟ ਨਕਲ ਮਾਰੋਗੇ।

ਪ੍ਰਸੰਨਤਾ ਵਾਲੀਆਂ ਗੱਲਾਂ ਨਿਰੰਤਰ ਵਾਪਰਦੀਆਂ ਰਹਿਣ ਤਾਂ ਹਰ ਨਵੀਂ ਪ੍ਰਸੰਨਤਾ ਵਿਚੋਂ ਪ੍ਰਸੰਨਤਾ ਘਟਦੀ ਜਾਵੇਗੀ।

ਤਲਾਕਾਂ ਦੀ ਵੱਧ ਰਹੀ ਗਿਣਤੀ ਦੱਸਦੀ ਹੈ ਕਿ ਹੁਣ ਵਿਆਹ ਦੇ ਸੰਜੋਗਾਂ ਨਾਲੋਂ, ਤਲਾਕ ਦੇ ਸੰਜੋਗ ਵਧੇਰੇ ਸ਼ਕਤੀਸ਼ਾਲੀ ਹੋ ਗਏ ਹਨ।

ਗਿਆਨ ਅਤੇ ਪ੍ਰਸੰਨਤਾ ਦਾ ਸਿੱਧਾ ਸਬੰਧ ਕੋਈ ਨਹੀਂ, ਪਰ ਗਿਆਨ ਕਾਰਨ ਜੀਵਨ ਦੀ ਤਸੱਲੀ ਵਧਣ ਨਾਲ, ਪ੍ਰਸੰਨਤਾ ਵੱਧ ਗਈ ਪ੍ਰਤੀਤ ਹੁੰਦੀ ਹੈ।

ਜ਼ਿੰਦਗੀ ਦਾ ਉਦੇਸ਼ ਪ੍ਰਸੰਨ ਹੋਣਾ ਹੀ ਨਹੀਂ, ਜ਼ਿੰਦਗੀ ਨੂੰ ਅਰਥਪੂਰਨ ਬਣਾਉਣਾ ਵੀ ਹੁੰਦਾ ਹੈ; ਜ਼ਿੰਮੇਵਾਰੀਆਂ ਜ਼ਿੰਦਗੀ ਨੂੰ ਅਰਥਪੂਰਨ ਬਣਾਉਂਦੀਆਂ ਹਨ।

ਪਿਆਰ ਨੂੰ ਦਿਲਚਸਪ ਬਣਾਉਣ ਲਈ, ਪਿਆਰ ਵਿਚ ਰੁਕਾਵਟਾਂ ਦਾ ਹੋਣਾ ਜ਼ਰੂਰੀ ਗੱਲ ਹੈ, ਨਹੀਂ ਤਾਂ ਪ੍ਰੇਮੀ ਵਿਭਚਾਰ ਵਿਚ ਪੈ ਜਾਂਦੇ ਹਨ।

ਮਨੁੱਖ ਕੋਲ ਜੇ ਯਾਦ-ਸ਼ਕਤੀ ਨਾ ਹੁੰਦੀ ਤਾਂ ਉਸ ਲਈ ਹਰ ਚੀਜ਼ ਨਵੀਂ, ਹਰ ਬੰਦਾ ਅਜਨਬੀ, ਹਰ ਗੱਲ ਬੁਝਾਰਤ, ਹਰ ਥਾਂ ਅਜੂਬਾ ਅਤੇ ਹਰ ਘਟਨਾ ਹੈਰਾਨ ਕਰਨ ਵਾਲੀ ਹੋਣੀ ਸੀ।

ਅਕਲ ਦਾ ਪੜ੍ਹਾਈ ਨਾਲ ਸਬੰਧ ਨਹੀਂ ਹੁੰਦਾ, ਜੇ ਹੁੰਦਾ ਤਾਂ ਅਕਲ ਕੇਵਲ ਪੜ੍ਹਿਆਂ-ਲਿਖਿਆਂ ਕੋਲ ਹੋਣੀ ਸੀ, ਪੜ੍ਹਿਆਂ-ਲਿਖਿਆਂ ਕੋਲ ਸੂਚਨਾ ਅਤੇ ਤੱਥ ਵਧੇਰੇ ਹੁੰਦੇ ਹਨ, ਜ਼ਰੂਰੀ ਨਹੀਂ ਕਿ ਅਕਲ ਵੀ ਵਧੇਰੇ ਹੋਵੇ।

ਮਨੁੱਖ ਉੱਤੇ ਸਮਾਜ ਦਾ ਪ੍ਰਭਾਵ, ਹੋਰ ਸਭ ਪ੍ਰਕਾਰ ਦੇ ਪ੍ਰਭਾਵਾਂ ਦੇ ਕੁੱਲ ਜੋੜ ਨਾਲੋਂ ਵੀ ਵਧੇਰੇ ਹੁੰਦਾ ਹੈ।

ਲੋਕ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਦੀ ਯਾਦ-ਸ਼ਕਤੀ ਘਟ ਗਈ ਹੈ, ਪਰ ਉਹ ਇਹ ਕਦੇ ਨਹੀਂ ਕਹਿੰਦੇ ਕਿ ਉਨ੍ਹਾਂ ਦੀ ਅਕਲ ਘਟ ਗਈ ਹੈ।

ਚਰਿੱਤਰ ਅਜਿਹਾ ਹੋਣਾ ਚਾਹੀਦਾ ਹੈ ਕਿ ਹੋਰਾਂ ਵੱਲੋਂ ਲਾਏ ਜਾਣ ਵਾਲੇ ਦੋਸ਼, ਤੁਹਾਡੇ 'ਤੇ ਚਿਪਕਣ ਨਾ ਅਤੇ ਦੋਸ਼ ਲਾਉਣ ਵਾਲੇ ਤੋਂ ਇਹ ਲਹਿਣ ਨਾ।

ਬਿਮਾਰੀਆਂ, ਸਰੀਰ ਨੂੰ ਖਾ ਜਾਂਦੀਆਂ ਹਨ; ਚਿੰਤਾਵਾਂ ਸਰੀਰ ਨੂੰ ਖੋਰ ਦਿੰਦੀਆਂ ਹਨ; ਪਰੇਸ਼ਾਨੀਆਂ ਸਰੀਰ ਨੂੰ ਤੋੜ ਦਿੰਦੀਆਂ ਹਨ।

ਸਾਨੂੰ ਕਈ ਚੀਜ਼ਾਂ ਇਸ ਲਈ ਯਾਦ ਨਹੀਂ ਆਉਂਦੀਆਂ, ਕਿਉਂਕਿ ਸਾਡੇ ਕੋਲੋਂ ਉਨ੍ਹਾਂ ਦੇ ਸੰਦਰਭ ਗਵਾਚ ਜਾਂਦੇ ਹਨ।

ਜਿਨ੍ਹਾਂ ਦਾ ਸੁਨੇਹਾ ਉੱਚਾ-ਸੁੱਚਾ ਹੁੰਦਾ ਹੈ, ਉਨ੍ਹਾਂ ਦੀ ਅਵਾਜ਼ ਵਿਚ ਗੂੰਜ ਆਪ-ਮੁਹਾਰੇ ਉਪਜਦੀ ਹੈ।

ਕਈਆਂ ਦਾ ਨਾਂ ਹੀ, ਜੀਵਨ ਵਿਚ ਉਨ੍ਹਾਂ ਦਾ ਰਾਹ ਖੋਲ੍ਹ ਦਿੰਦਾ ਹੈ; ਬੱਚੇ ਦਾ ਨਾਂ ਅਰਥਪੂਰਨ, ਮਾਣ ਕਰਨਯੋਗ, ਸਪਸ਼ਟ ਉਚਾਰਨ ਵਾਲਾ ਅਤੇ ਭਵਿੱਖੀ ਸੰਕੇਤ ਵਾਲਾ ਰੱਖਣਾ ਚਾਹੀਦਾ ਹੈ।

ਪਰਿਵਾਰ ਦੇ ਅਰਥ ਹਨ, ਵਿਕਾਸ ਇਕੱਲਿਆਂ ਕਰੋ, ਜੀਵਨ ਸਾਂਝਾ ਜੀਵੋ।

ਆਸ ਦੀ ਲੋੜ ਸੰਕਟ ਵੇਲੇ ਪੈਂਦੀ ਹੈ; ਆਸ ਤਾਂ ਹੀ ਸਹਿਯੋਗੀ ਹੋਵੇਗੀ, ਜੇ ਉਸ ਦੇ ਪਿਛੋਕੜ ਵਿਚ ਮਿਹਨਤ ਹੋਵੇਗੀ।

ਮਿਹਨਤ ਕਰੋ, ਤਾਂ ਕਿ ਤੁਹਾਨੂੰ ਕਿਧਰੇ ਕਿਸੇ ਨੂੰ ਉਡੀਕਣਾ ਨਾ ਪਏ; ਸਗੋਂ ਹਰ ਜਗ੍ਹਾ ਤੁਹਾਨੂੰ ਉਡੀਕਿਆ ਜਾਵੇ।

ਗੁਰੂ ਗੋਬਿੰਦ ਸਿੰਘ ਨੇ ਪੰਜ ਸਿਰ ਮੰਗੇ ਸਨ, ਜਿਨ੍ਹਾਂ ਨੇ ਨਹੀਂ ਦਿੱਤੇ ਸਨ, ਉਹ ਅੱਜ ਤੱਕ ਪਛਤਾ ਰਹੇ ਹਨ।

ਨਾਜ਼ਕ ਮਸਲਿਆਂ ਬਾਰੇ, ਜੇ ਗੱਲਬਾਤ ਟੁੱਟ ਜਾਵੇ ਤਾਂ ਦੋਵੇਂ ਧਿਰਾਂ ਇਕ-ਦੂਜੀ ਦੇ ਨੁਕਸ ਹੀ ਵੇਖਦੀਆਂ ਹਨ; ਜੇ ਗੱਲਬਾਤ ਚੱਲਦੀ ਰਹੇ ਤਾਂ ਅਕਲ ਅਤੇ ਗੁਣ ਵੀ ਵਿਖਾਈ ਦਿੰਦੇ ਰਹਿੰਦੇ ਹਨ।

ਜਵਾਨਾਂ ਨੂੰ ਪ੍ਰਭਾਵਿਤ ਕਰ ਸਕਣਾ, ਪ੍ਰਭਾਵਿਤ ਕਰਨ ਦੀ ਸਿਖ਼ਰ ਹੁੰਦੀ ਹੈ।

ਕੁਰਬਾਨੀ ਅਤੇ ਤਿਆਗ ਉਹੀ ਕਰ ਸਕਦਾ ਹੈ, ਜਿਸ ਨੇ ਜਦੋਜਹਿਦ ਅਤੇ ਮਿਹਨਤ ਕੀਤੀ ਹੋਵੇ।

ਲਾਭਕਾਰੀ ਸਲਾਹ ਦੇਣੀ ਚੰਗੀ ਗੱਲ ਹੈ; ਆਸ ਬਨ੍ਹਾਉਣੀ ਉਪਕਾਰੀ ਗੱਲ ਹੈ; ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦੀ ਪ੍ਰੇਰਨਾ ਦੇਣੀ ਉੱਤਮ ਗੱਲ ਹੈ।

ਜੇ ਪ੍ਰੀਖਿਆ ਵਿਚੋਂ ਤੁਸੀਂ ਕੇਵਲ ਪੈਂਤੀ ਪ੍ਰਤੀਸ਼ਤ ਅੰਕ ਲਏ ਹਨ ਤਾਂ ਜੀਵਨ ਦੀਆਂ ਬਾਕੀ ਪੈਂਹਠ ਪ੍ਰਤੀਸ਼ਤ ਚਣੌਤੀਆਂ ਦਾ ਸਾਹਮਣਾ ਕਿਵੇਂ ਕਰੋਗੇ?

ਕਈਆਂ ਨੂੰ ਵੇਖ ਕੇ, ਬਾਂਦਰ ਅਤੇ ਮਨੁੱਖ ਵਿਚਲੀ, ਗੁਆਚੀ ਕੜੀ, ਵਿਖਾਈ ਦੇਣ ਲੱਗ ਪੈਂਦੀ ਹੈ।

ਪ੍ਰੇਮ-ਪੱਤਰ ਲਿਖਣ ਵਾਸਤੇ ਅਜੇ ਤਕ ਕਿਸੇ ਪ੍ਰੇਮੀ-ਪ੍ਰੇਮਿਕਾ ਨੇ ਆਪਣੇ ਮਾਪਿਆਂ ਤੋਂ ਸਹਿਯੋਗ ਨਹੀਂ ਮੰਗਿਆ।

ਆਪਣੀਆਂ ਲਿਖਤਾਂ ਵਿਚ ਕਵੀ, ਪਿਆਰ ਦਾ ਆਨੰਦ; ਫ਼ਿਲਾਸਫ਼ਰ, ਪਿਆਰ ਦੀ ਸਮੱਸਿਆ; ਮਨੋਵਿਗਿਆਨੀ, ਪਿਆਰ ਦਾ ਵਿਸ਼ਲੇਸ਼ਣ ਅਤੇ ਨਾਟਕਕਾਰ, ਪਿਆਰ ਦਾ ਟਕਰਾਓ ਪ੍ਰਗਟਾਉਂਦੇ ਹਨ।

ਜੇ ਇਸਤਰੀ ਪਹਿਲੀ ਵਾਰ ਹੀ ਹਾਂ ਕਹਿ ਦੇਵੇ, ਉਹ ਸਾਊ ਇਸਤਰੀ ਨਹੀਂ ਹੋ ਸਕਦੀ।

ਨਸ਼ਿਆਂ ਦੇ ਲੜ ਲੱਗ ਕੇ ਮਨੁੱਖ, ਲਿਬਾਸ, ਗਲਬਾਤ ਅਤੇ ਵਿਹਾਰ ਵਿਚ ਗੁਸਤਾਖ਼ ਅਤੇ ਬਦਤਮੀਜ਼ ਹੁੰਦਾ ਜਾਂਦਾ ਹੈ।

ਕਈ ਨਿਸ਼ਾਨੇ ਅਨੇਕਾਂ ਮਿਥ ਲੈਂਦੇ ਹਨ, ਹਿੰਮਤ ਕਿਸੇ ਲਈ ਨਹੀਂ ਹੁੰਦੀ; ਇਵੇਂ ਉਹ ਉੱਚੇ ਮਨ ਅਤੇ ਨੀਵੀਂ ਮੱਤ ਦਾ ਸਬੂਤ ਦਿੰਦੇ ਹਨ।

ਸਾਡੇ ਅਨੁਸ਼ਾਸਨ ਦਾ ਸਾਨੂੰ ਹੀ ਨਹੀਂ, ਦੂਜਿਆਂ ਨੂੰ ਵੀ ਲਾਭ ਹੁੰਦਾ ਹੈ।

ਆਪਣੇ ਕੰਮ ਨੂੰ ਕਰਨ ਅਤੇ ਕਰਤੱਵ ਨੂੰ ਪਾਲਣ ਤੋਂ ਬਿਨਾਂ ਪ੍ਰਸੰਨ ਹੋਣ ਦੇ ਯਤਨ ਵਿਚ, ਮਨੁੱਖ ਦੁਖੀ ਹੁੰਦਾ ਰਹਿੰਦਾ ਹੈ।

ਜਿਹੜੇ ਨੇਮ ਤੋੜ ਕੇ ਕੁਝ ਨਵਾਂ ਕਰਦੇ ਹਨ, ਉਨ੍ਹਾਂ 'ਤੇ ਨੇਮ ਤੋੜਨ ਦਾ ਦੋਸ਼ ਨਹੀਂ ਲੱਗਦਾ, ਸਗੋਂ ਕੁਝ ਨਵਾਂ ਕਰਨ ਦੀ ਜੈ-ਜੈ ਕਾਰ ਹੁੰਦੀ ਹੈ।

ਪ੍ਰਸੰਨ ਹੋ ਕੇ ਖਾਧਾ ਭੋਜਨ, ਜਲਦੀ ਹਜ਼ਮ ਹੁੰਦਾ ਹੈ।

ਜਿਹੜੇ ਕੁਝ ਨਹੀਂ ਕਰਦੇ, ਉਹ ਹੀ ਸਵਰਗ ਦੀਆਂ ਗੱਲਾਂ ਕਰਦੇ ਹਨ।

ਵਿਅਰਥ ਗੁਆਏ ਸਮੇਂ ਵਿਚ ਅਸੀਂ ਸਾਹ ਹੀ ਲੈਂਦੇ ਹਾਂ, ਮਿਹਨਤ ਵਿਚ ਲਾਏ ਸਮੇਂ ਦੌਰਾਨ ਅਸੀਂ ਜਿਊਂਦੇ ਵੀ ਹਾਂ।

ਸਰੀਰ ਵਿਚ ਅੱਖਾਂ ਦਾ ਸਥਾਨ ਸਪਸ਼ਟ ਕਰਦਾ ਹੈ ਕਿ ਮਨੁੱਖ ਦਾ ਕਾਰਜ ਪਿੱਛੇ ਵੱਲ ਨਹੀਂ, ਅੱਗੇ ਵੱਲ ਵੇਖਣਾ ਹੁੰਦਾ ਹੈ।

ਸਾਂਝੇ ਖ਼ਤਰੇ ਨਾਲ ਸਹਿਯੋਗੀ ਏਕਤਾ ਉਸਰਦੀ ਹੈ; ਸਾਂਝੀ ਸੁਰੱਖਿਆ ਨਾਲ ਆਪਸੀ ਵਿਰੋਧ ਉਪਜਦੇ ਹਨ।

ਨਿੱਕੀਆਂ ਚੀਜ਼ਾਂ ਦੀ ਲਾਲਸਾ, ਵੱਡੀਆਂ ਪ੍ਰਾਪਤੀਆਂ ਤੋਂ ਬੇਮੁਖ ਕਰ ਦਿੰਦੀ ਹੈ।

ਹਰ ਕੋਈ ਲੰਮਾ ਜੀਵਨ ਜਿਊਣਾ ਚਾਹੁੰਦਾ ਹੈ; ਚੰਗੇ ਜੀਵਨ ਦੀ ਤਾਂਘ ਕਿਸੇ-ਕਿਸੇ ਵਿਚ ਹੁੰਦੀ ਹੈ।

ਆਪਣੇ ਸਮਕਾਲੀਆਂ ਤੋਂ ਚੰਗੇਰਾ ਬਣਨ ਵਿਚ ਸਫ਼ਲਤਾ ਸ਼ਾਇਦ ਨਾ ਮਿਲੇ, ਪਰ ਆਪਣੇ ਆਪ ਤੋਂ ਚੰਗੇਰਾ ਬਣਨ ਵਿਚ ਮਿਲ ਸਕਦੀ ਹੈ।

ਵਰਤਮਾਨ ਦੀ ਪ੍ਰਵਾਹ ਨਾ ਕਰਨ ਵਾਲੇ; ਭਵਿੱਖ ਵਿਚ ਪਛਤਾਉਂਦੇ ਹੀ ਹਨ।

ਪ੍ਰਸੰਨ ਵਿਅਕਤੀ ਨੂੰ ਪਰੇਸ਼ਾਨ ਕਰਨਾ ਸੌਖਾ ਨਹੀਂ ਹੁੰਦਾ, ਕਿਉਂਕਿ ਪ੍ਰਸੰਨ ਹੋਣ ਕਰਕੇ, ਉਸ ਵਿਚ ਹਰ ਕਿਸੇ ਨੂੰ ਮੁਆਫ਼ ਕਰਨ ਦੀ ਉਦਾਰਤਾ ਹੁੰਦੀ ਹੈ।

ਸੰਵਿਧਾਨ ਵਿਚ ਤਰਮੀਮ ਸੰਭਵ ਹੁੰਦੀ ਹੈ, ਧਾਰਮਿਕ ਗ੍ਰੰਥਾਂ ਵਿਚ ਨਹੀਂ।

ਪੜ੍ਹਨ ਨਾਲ ਵਿਚਾਰਾਂ ਦੇ ਸੰਦੂਕਾਂ ਦੀਆਂ ਕੁੰਜੀਆਂ ਮਿਲ ਜਾਂਦੀਆਂ ਹਨ; ਲਿਖਣ ਨਾਲ ਵਿਚਾਰਾਂ ਦੇ ਖਜ਼ਾਨੇ ਸਾਂਭਣੇ ਆ ਜਾਂਦੇ ਹਨ।

ਸਭ ਤੋਂ ਕੀਮਤੀ ਨਿਜੀ-ਜਾਇਦਾਦ, ਸਿਹਤ ਹੁੰਦੀ ਹੈ।

ਪੜ੍ਹਨ ਨਾਲ ਵਿਚਾਰ ਮਿਲਦੇ ਹਨ; ਸੋਚਣ ਨਾਲ ਵਿਚਾਰ ਸੁਝਦੇ ਹਨ, ਲਿਖਣ ਨਾਲ ਵਿਚਾਰ ਨਿਖਰਦੇ ਹਨ, ਪ੍ਰਗਟਾਵੇ ਨਾਲ ਵਿਚਾਰ ਸਪਸ਼ਟ ਹੋ ਜਾਂਦੇ ਹਨ।

ਵਰਤ ਰੱਖਣਾ ਸੌਖਾ ਹੁੰਦਾ ਹੈ, ਘੱਟ ਖਾਣਾ ਸੌਖਾ ਨਹੀਂ ਹੁੰਦਾ।

ਵੋਟਾਂ ਉਨ੍ਹਾਂ ਨੂੰ ਪੈਂਦੀਆਂ ਹਨ, ਜਿਹੜੇ ਸੁਹਾਵਣਾ ਭਵਿੱਖ ਪਰੋਸਦੇ ਹਨ; ਅਤੀਤ ਨੂੰ ਵਡਿਆਉਣ ਵਾਲੇ, ਅਤੀਤ ਦਾ ਭਾਗ ਬਣ ਜਾਂਦੇ ਹਨ।

ਸਿਹਤ, ਸਰੀਰ ਨਾਲੋਂ ਵੀ ਵਧੇਰੇ, ਚਿਹਰੇ ਵਿਚੋਂ ਝਲਕਦੀ ਹੈ।

ਭਾਰਤ ਵਿਚ ਸ਼ੂਦਰ-ਪਿਤਾ ਅਤੇ ਬ੍ਰਾਹਮਣ-ਮਾਤਾ ਦੀ ਸੰਤਾਨ ਨੂੰ ਚੰਡਾਲ ਕਿਹਾ ਜਾਂਦਾ ਰਿਹਾ ਹੈ; ਚੰਡਾਲ ਕਿਸੇ ਜ਼ਾਤ ਵਿਚ ਨਹੀਂ ਸੀ ਗਿਣਿਆ ਜਾਂਦਾ।

ਜਿਸ ਦਾ ਅਤਾ-ਪਤਾ ਨਾ ਹੋਵੇ, ਉਸ ਨੂੰ ਘਰ ਰੱਖਣਾ, ਚੰਗਾ ਸਾਬਤ ਨਹੀਂ ਹੁੰਦਾ।

ਕਿਸੇ ਇਮਾਨਦਾਰ ਬੰਦੇ ਦੀ ਪਛਾਣ, ਕਰਜ਼ੇ ਨੂੰ ਮੋੜਨ ਵਿਚ ਪਰਖੀ ਜਾਂਦੀ ਹੈ।

ਮੁਸੀਬਤ ਵੇਲੇ ਝੱਟਪੱਟ ਫੈਸਲੇ ਕਰਨੇ ਪੈਂਦੇ ਹਨ, ਜੇ ਫੈਸਲੇ ਨਾ ਕੀਤੇ ਜਾਣ ਤਾਂ ਹਰ ਕਦਮ ਨਵੀਂ ਮੁਸੀਬਤ ਬਣ ਜਾਂਦਾ ਹੈ।

ਭਾਰਤੀ, ਭਾਰਤ ਤੋਂ ਸਿਵਾਇ ਸੰਸਾਰ ਦੇ ਹਰ ਦੇਸ਼ ਵਿਚ ਸਫ਼ਲ ਹੋ ਰਹੇ ਹਨ।

ਕਈ ਰਚਨਾਵਾਂ ਲੇਖਕ ਲਈ ਮਾਨਤਾ ਤਾਂ ਕਮਾਉਂਦੀਆਂ ਹਨ, ਪਰ ਗੁਜ਼ਾਰੇ ਲਈ ਲੇਖਕ ਨੂੰ ਹੋਰ ਕੰਮ ਕਰਨੇ ਪੈਂਦੇ ਹਨ।

ਕੋਈ ਵੀ ਆਪਣੇ ਸਕੂਲ ਦੇ ਦਿਨਾਂ ਬਾਰੇ ਸੱਚ ਨਹੀਂ ਬੋਲਦਾ, ਕਿਉਂਕਿ ਰੋਜ਼ ਮੁਰਗਾ ਬਣਨ ਵਾਲੇ ਵੀ, ਆਪਣੇ ਸ਼ੇਰ ਹੋਣ ਦੀਆਂ ਗੱਲਾਂ ਕਰਦੇ ਹਨ।

ਕਈ ਵਾਰੀ ਸ਼ੀਸ਼ੇ ਨੂੰ ਅਸੀਂ ਇਤਨੇ ਚੰਗੇ ਲੱਗਦੇ ਹਾਂ ਕਿ ਸ਼ੀਸ਼ਾ ਸਾਨੂੰ ਪਰ੍ਹੇ ਨਹੀਂ ਹੋਣ ਦਿੰਦਾ।

ਤਲਾਕ ਦੇਣ ਦੀ ਮੂਰਖਤਾ ਤੋਂ ਪਤੀ ਨੂੰ ਰੋਕਣਾ, ਅਜੋਕੀ ਪਤਨੀ ਦੀ ਪਹਿਲੀ ਅਤੇ ਮੁੱਖ ਜ਼ਿੰਮੇਵਾਰੀ ਬਣ ਗਈ ਹੈ।

ਹਰੇਕ ਅਦਾਕਾਰ ਪ੍ਰਸਿੱਧ ਹੋ ਕੇ, ਆਪਣਾ ਦਿਮਾਗ ਸੰਵਾਰਨ ਦੀ ਥਾਂ, ਆਪਣੀ ਸ਼ਕਲ ਅਤੇ ਲਿਬਾਸ ਵਿਚ ਹਾਸੋ-ਹੀਣੇ ਪਰਿਵਰਤਨ ਕਰਨ ਲੱਗ ਪੈਂਦਾ ਹੈ।

ਵਿਦੇਸ਼ਾਂ ਵਿਚ ਵੇਦਾਂ ਵਾਲੇ ਭਾਰਤ ਦਾ ਸਭ ਤੋਂ ਵੱਧ ਖਰੀਦਿਆ-ਪੜ੍ਹਿਆ ਜਾਣ ਵਾਲਾ ਗ੍ਰੰਥ, 'ਕਾਮ-ਸੂਤਰ' ਹੈ।

ਚਾਪਲੂਸ ਦਾ ਮੁੱਖ ਗੁਣ ਹਰ ਥਾਂ, ਹਰ ਸਮੇਂ ਅਧਿਕਾਰੀ ਨਾਲ ਸਹਿਮਤ ਹੋਣਾ ਹੁੰਦਾ ਹੈ, ਇਹ ਸਧਾਰਨ ਗੁਣ ਨਹੀਂ ਹੈ।

ਜੋ ਕੁਝ ਹੁਣ ਸਾਡੇ ਕੋਲ ਹੈ, ਉਹ ਕਿਸੇ ਸਮੇਂ ਸਾਡੀਆਂ ਇੱਛਾਵਾਂ ਹੀ ਸਨ।

ਕੰਮ ਕਰਨ ਅਤੇ ਸਿੱਖਣ ਦੇ ਦੋ ਹੀ ਢੰਗ ਹਨ; ਕਰੋ ਅਤੇ ਸਿੱਖੋ, ਸਿੱਖੋ ਅਤੇ ਕਰੋ।

ਹੁਣ ਗੈਰ-ਵਿਗਿਆਨਕ ਵਿਸ਼ੇ ਵੀ ਵਿਗਿਆਨਕ ਬਣਨ ਦੇ ਤਰਲੇ ਲੈ ਰਹੇ ਹਨ।

ਘਰੇਲੂ ਨੌਕਰਾਣੀਆਂ ਹਰ ਘਰ ਦੀ ਖ਼ਬਰ ਲੈਂਦੀਆਂ ਅਤੇ ਹਰ ਘਰ ਦੀ ਖ਼ਬਰ ਦਿੰਦੀਆਂ ਹਨ, ਇਵੇਂ ਉਨ੍ਹਾਂ ਦਾ ਅਕਾਊ ਕੰਮ ਵੀ ਮਨੋਰੰਜਨ ਬਣ ਜਾਂਦਾ ਹੈ।

ਜਦੋਂ ਮਹਿੰਗਾਈ ਵਧਦੀ ਹੈ ਤਾਂ ਗਰੀਬ ਹੋਣਾ ਵੀ ਹੋਰ ਮਹਿੰਗਾ ਹੋ ਜਾਂਦਾ ਹੈ।

ਪੁਰਾਣੇ ਸਮਿਆਂ ਵਿਚ ਅਧਿਆਪਕਾਂ ਦੀ ਮਾਰ ਨੂੰ, ਪੜ੍ਹਾਈ ਦੇ ਸਿਲੇਬਸ ਵਿਚ ਗਿਣਿਆ ਜਾਂਦਾ ਸੀ।

ਫੈਸ਼ਨ ਚੱਲਦੇ ਸਰੀਰ ਦਾ ਹੁੰਦਾ ਹੈ; ਖਲੋਤੇ-ਬੈਠੇ ਸਰੀਰ ਦਾ ਲਿਬਾਸ ਹੁੰਦਾ ਹੈ।

ਚਾਪਲੂਸ, ਅਧਿਕਾਰੀਆਂ ਨੂੰ, ਅਕਲ ਦੀ ਲੋੜ, ਮਹਿਸੂਸ ਹੀ ਨਹੀਂ ਹੋਣ ਦਿੰਦੇ।

ਰੱਬ ਮਦਦ ਹੀ ਕਰਦਾ ਹੈ, ਸਾਰਾ ਕੰਮ ਨਹੀਂ ਕਰਦਾ, ਕੰਮ ਕਰਨ ਦੀ ਜ਼ਿੰਮੇਵਾਰੀ ਸਾਡੀ ਹੀ ਰਹਿੰਦੀ ਹੈ।

ਦੌੜ ਅਸੀਂ ਸਾਰੇ ਸਕਦੇ ਹਾਂ, ਪਰ ਫੀਤੇ ਤਕ ਕੋਈ ਵਿਰਲਾ ਹੀ ਪਹੁੰਚਦਾ ਹੈ।

ਨਾਂਵਾਂ ਵਿਚ ਆਪਣੀ ਕਿਸਮ ਦੀ ਸੱਭਿਆਚਾਰਕ ਸੁਰ-ਤਾਲ ਹੁੰਦੀ ਹੈ, ਜਿਸ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਭਵ ਅਤੇ ਅਨੁਵਾਦ ਸੰਭਵ ਨਹੀਂ ਹੁੰਦਾ।

ਬੱਸ-ਗੱਡੀ ਵਿਚ ਖਰੀਦੀ ਅਖ਼ਬਾਰ, ਸਭ ਦੀ ਭਾਬੀ ਹੋ ਨਿਬੜਦੀ ਹੈ।

ਜੇ ਕਿਧਰੇ ਕਿਸੇ ਵਿਰੁੱਧ ਗੱਲ ਕਰੋਗੇ ਤਾਂ ਉਹ ਗੱਲ, ਸਬੰਧਤ ਆਦਮੀ ਤਕ ਜ਼ਰੂਰ ਪਹੁੰਚੇਗੀ; ਉਤਨੀ ਹੀ ਨਹੀਂ ਪਹੁੰਚੇਗੀ, ਕੁਝ ਵਧੀਕ ਹੀ ਪਹੁੰਚੇਗੀ।

ਔਰਤ ਤੋਂ ਬਿਨਾਂ ਘਰ ਖਲੋ ਜਾਂਦਾ ਹੈ; ਮਰਦ ਤੋਂ ਬਿਨਾਂ ਘਰ ਚੱਲਦਾ ਹੀ ਨਹੀਂ।

ਸਾਡੇ ਬੋਲਣ ਨਾਲ, ਸਾਡੇ ਕੱਪੜੇ ਬੋਲਣਾ ਬੰਦ ਕਰ ਦਿੰਦੇ ਹਨ।

ਅਸੀਂ ਮਿਲਣ ਵਾਲੇ ਵਿਅਕਤੀ ਦੇ ਪਹਿਲਾਂ ਚਿਹਰੇ ਨੂੰ ਅਤੇ ਫਿਰ ਉਸ ਦੇ ਹੱਥਾਂ ਨੂੰ ਧਿਆਨ ਨਾਲ ਵੇਖਦੇ ਹਾਂ।

ਆਪਣੀ ਫੋਟੋ ਵੇਖ ਕੇ ਹਰ ਕੋਈ ਸੋਚਦਾ ਹੈ ਕਿ ਇਹ ਹੋਰ ਸੋਹਣੀ ਹੋਣੀ ਚਾਹੀਦੀ ਹੈ।

ਭੁੱਖ ਅਤੇ ਭੋਜਨ ਜਾਂ ਪਿਆਸ ਅਤੇ ਪਾਣੀ ਜਦੋਂ ਇਕ-ਦੂਜੇ ਦੇ ਮੇਚ ਆ ਜਾਣ ਤਾਂ ਤਸੱਲੀ ਉਪਜ ਪੈਂਦੀ ਹੈ।

ਗਰਮ ਕੱਪੜਿਆਂ ਦਾ ਆਰਥਿਕ ਲਾਭ ਹੁੰਦਾ ਹੈ, ਇਹ ਸਰੀਰਕ ਨਿੱਘ ਨੂੰ ਵਧਾ ਕੇ, ਨਿੱਘ ਪੈਦਾ ਕਰਨ ਵਾਲੀ ਖ਼ੁਰਾਕ ਦੀ ਲੋੜ ਨੂੰ ਘਟਾਉਂਦੇ ਹਨ।

ਉੱਡਣ ਦੀ ਤਾਂਘ ਨੇ ਹੀ ਮਨੁੱਖ ਨੂੰ ਕਵੀ ਬਣਾਇਆ ਹੈ।

ਲੋਕਾਂ ਦੇ ਵਿਰੋਧ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਕਿਨ੍ਹਾਂ ਚੀਜ਼ਾਂ ਦੇ ਪੱਖ ਵਿਚ ਹਨ।

ਨਾਜਾਇਜ਼ ਰਿਸ਼ਤੇ ਵਿਚ ਮਿਲਾਪ ਸਬੰਧੀ ਕੀ ਅਤੇ ਕਿਵੇਂ ਨਹੀਂ ਪੁੱਛਿਆ ਜਾਂਦਾ; ਕਿੱਥੇ ਅਤੇ ਕਦੋਂ ਪੁੱਛਿਆ ਜਾਂਦਾ ਹੈ।

ਜਿਸ ਦੇ ਕੱਪੜੇ ਉਸ ਦੇ ਸਰੀਰ ਨਾਲ ਸਹਿਮਤ ਨਾ ਹੋਣ, ਉਸ ਨਾਲ ਸਹਿਮਤ ਹੋਣਾ ਸੌਖਾ ਨਹੀਂ ਹੁੰਦਾ।

ਬੱਚਿਆਂ ਨੂੰ ਰਲ ਕੇ ਗਾਉਣਾ ਸਿਖਾਉਣ ਨਾਲ, ਜੋ ਵੀ ਸਿਖਾਓਗੇ, ਉਹ ਸੌਖਿਆਂ ਹੀ ਸਿੱਖ ਜਾਣਗੇ।

ਪਰੰਪਰਾ ਵਿਚ, ਜਿਊਂਦਿਆਂ ਦੇ ਮੁਕਾਬਲੇ, ਮਰ ਗਿਆਂ ਦਾ ਮਹੱਤਵ ਵਧੇਰੇ ਹੁੰਦਾ ਹੈ।

ਸਰੀਰ ਦੀ ਚਾਲ, ਪਹਿਨੇ ਹੋਏ ਕੱਪੜਿਆਂ ਨੂੰ ਜ਼ਬਾਨ ਦਿੰਦੀ ਹੈ।

ਪਿਆਰ ਹੋਣ 'ਤੇ ਹੀ ਪਤਾ ਲੱਗਦਾ ਹੈ ਕਿ ਸੁਪਨਿਆਂ ਦੇ ਵੀ ਰੰਗ ਹੁੰਦੇ ਹਨ।

ਤਲਾਕ ਲਈ ਲੜ ਰਹੇ ਪਤੀ-ਪਤਨੀ, ਪੂਰਾ ਯਤਨ ਕਰਦੇ ਹਨ ਕਿ ਇਕ-ਦੂਜੇ ਦਾ ਕੁਝ ਵੀ ਸਬੂਤਾ ਨਾ ਰਹੇ।

ਇਸਤਰੀ ਆਪਣੀ ਸੁੰਦਰਤਾ ਦੀ ਹੀ ਨਹੀਂ; ਆਪਣੇ ਪਹਿਰਾਵੇ ਦੀ ਪ੍ਰਸੰਸਾ ਵੀ ਸੁਣਨਾ ਚਾਹੁੰਦੀ ਹੈ।

ਪਿਆਰ ਵਾਲਾ ਜੀਵਨ, ਕਿਸੇ ਹੋਰ ਗਿਆਨ ਲਈ ਥਾਂ ਨਹੀਂ ਛੱਡਦਾ।

ਇਸ ਸੰਸਾਰ ਵਿਚ ਮਨੁੱਖ ਅੱਖ ਖੋਲ੍ਹਦਾ ਹੈ ਤਾਂ ਸਾਹਮਣੇ ਜ਼ਿੰਦਗੀ ਖਲੋਤੀ ਹੁੰਦੀ ਹੈ।

ਪਿਆਰ ਹੋ ਜਾਣ 'ਤੇ, ਉਹ ਫੁੱਲ ਵਾਂਗ ਖਿੜਦੀ ਹੈ, ਉਹ ਖ਼ੁਸ਼ਬੂ ਵਾਂਗ ਫੈਲਦਾ ਹੈ; ਉਹ ਚੰਨ ਬਣਦਾ ਹੈ, ਉਹ ਪੂਰਨਮਾਸ਼ੀ ਹੋ ਜਾਂਦੀ ਹੈ।

ਸਰਬੱਤ ਦੇ ਭਲੇ ਦੀ ਭਾਵਨਾ ਤੋਂ ਬਿਨਾਂ, ਕੁਝ ਵੇਖ ਕੇ ਅਣਡਿੱਠ ਨਹੀਂ ਹੁੰਦਾ।

ਸਾਡੀ ਤਹਿਜ਼ੀਬ, ਗ੍ਰੰਥਾਂ ਵਿਚ ਸੁਰੱਖਿਅਤ ਹੈ, ਪਰ ਜ਼ਿੰਦਗੀ ਵਿਚੋਂ ਗ਼ੈਰਹਾਜ਼ਰ ਹੈ।

ਕੇਵਲ ਬੁੱਧ ਨੇ ਮਨੁੱਖ ਨੂੰ ਆਪਣੇ ਦੁੱਖਾਂ ਲਈ ਆਪ ਜ਼ਿੰਮੇਵਾਰ ਦੱਸਿਆ ਹੈ; ਧਰਮ, ਰੱਬ ਨੂੰ ਜ਼ਿੰਮੇਵਾਰ ਦੱਸਦਾ ਹੈ; ਫਰਾਇਡ, ਕਾਮ ਨੂੰ; ਮਾਰਕਸ, ਆਰਥਿਕਤਾ ਨੂੰ।

ਢਿੱਲੇ ਕਾਨੂੰਨ ਮੰਨੇ ਨਹੀਂ ਜਾਂਦੇ, ਸਖ਼ਤ ਕਾਨੂੰਨ ਲਾਗੂ ਹੀ ਨਹੀਂ ਹੁੰਦੇ।

ਪਿਆਰ ਵਿਚ, ਦੂਜੇ ਨੂੰ ਆਪਣੇ ਮੇਚ ਦਾ ਅਤੇ ਆਪਣੇ ਆਪ ਨੂੰ ਦੂਜੇ ਦੇ ਮੇਚ ਦਾ ਬਣਾਉਣ ਨਾਲ, ਦੋਵੇਂ ਇਕ-ਦੂਜੇ ਨੂੰ ਪਹਿਨ ਲੈਂਦੇ ਹਨ।

ਚੰਗੀ ਸਰਕਾਰ ਉਹ ਹੁੰਦੀ ਹੈ, ਜਿਹੜੀ ਲੋਕਾਂ ਲਈ ਚੰਗੇ ਕੰਮ ਕਰਨੇ ਸੌਖੇ ਅਤੇ ਭੈੜੇ ਕੰਮ ਕਰਨੇ ਔਖੇ ਬਣਾ ਦਿੰਦੀ ਹੈ।

ਸੰਖੇਪ ਸਵੈ-ਜੀਵਨੀ ਦਾ ਨਮੂਨਾ; ਚਾਲ਼ੀ ਰੁਪਏ, ਚਾਲ਼ੀ ਸਾਲ, ਚਾਲ਼ੀ ਕਰੋੜ।

ਜਦੋਂ ਕਿਸੇ ਸਭਾ-ਸੁਸਾਇਟੀ ਦੀਆਂ ਮੀਟਿੰਗਾਂ ਵਿਚ ਆਉਣ ਵਾਲੇ ਗ਼ੈਰਹਾਜ਼ਰ ਹੋਣ ਲੱਗ ਪੈਣ ਅਤੇ ਗ਼ੈਰਹਾਜ਼ਰ ਰਹਿਣ ਵਾਲੇ ਆਉਣ ਲੱਗ ਪੈਣ ਤਾਂ ਇਹ ਉਸ ਸਭਾ-ਸੁਸਾਇਟੀ ਦੇ ਦਿਨ ਮੁੱਕ ਜਾਣ ਦਾ ਸੰਕੇਤ ਹੁੰਦਾ ਹੈ।

ਭ੍ਰਿਸ਼ਟਾਚਾਰ ਦਾ ਉਦੇਸ਼, ਸੁਖੀ ਅਤੇ ਪ੍ਰਸੰਨ ਜੀਵਨ ਗੁਜ਼ਾਰਨ ਲਈ ਸਾਧਨ ਉਪਜਾਉਣਾ ਹੁੰਦਾ ਹੈ, ਪਰ ਭ੍ਰਿਸ਼ਟਾਚਾਰ ਇਨ੍ਹਾਂ ਨੂੰ ਸੰਭਵ ਰਹਿਣ ਨਹੀਂ ਦਿੰਦਾ।

ਆਪਣੇ ਆਪ ਨੂੰ ਧੋਖਾ ਦੇਣ ਮਗਰੋਂ, ਸਾਰੇ ਧੋਖੇ ਸੌਖੇ ਹੋ ਜਾਂਦੇ ਹਨ।

ਬਹਾਦਰ ਉਹ ਨਹੀਂ ਹੁੰਦੇ, ਜਿਹੜੇ ਜਿੱਤਦੇ ਹਨ; ਬਹਾਦਰ ਉਹ ਹੁੰਦੇ ਹਨ, ਜਿਹੜੇ ਹਾਰ ਨਹੀਂ ਮੰਨਦੇ।

ਜੇ ਕੁਝ ਕਰਨਾ ਹੀ ਨਹੀਂ ਤਾਂ ਪ੍ਰੇਰਨਾ ਵਾਸਤੇ ਅਸਮਾਨ ਵੱਲ ਵੇਖਣ ਦਾ ਕੋਈ ਲਾਭ ਨਹੀਂ ਹੋਵੇਗਾ।

ਭਾਰਤ ਵਿਚ ਦੋ ਹੀ ਰੁਕਾਵਟਾਂ ਹਨ, ਨੇਤਾ ਅਤੇ ਬਾਬੂ; ਇਨ੍ਹਾਂ ਨੇ ਭਾਰਤ ਵਿਚ ਸਭ ਕੁਝ ਰੋਕਿਆ ਹੋਇਆ ਹੈ।

ਜਿਹੜੇ ਪਤੀ-ਪਤਨੀ ਦਾ ਇਕ-ਦੂਜੇ ਵਿਚ ਵਿਸ਼ਵਾਸ ਨਹੀਂ ਹੁੰਦਾ, ਉਨ੍ਹਾਂ ਦਾ ਪਰਮਾਤਮਾ ਵਿਚ ਵੀ ਨਹੀਂ ਹੋਵੇਗਾ।

ਦੰਡ, ਇਨਸਾਫ਼ ਦਾ ਹੀ ਦੂਜਾ ਨਾਂ ਹੈ; ਦੰਡ ਦੇਣ ਵਿਚ ਦੇਰੀ ਕਾਰਨ ਦੰਡ ਦੀ ਸ਼ਕਤੀ ਦਾ ਨਾਸ ਹੋ ਜਾਂਦਾ ਹੈ।

ਕੰਮ ਉਦੋਂ ਤਕ ਹੀ ਮੁਸ਼ਕਿਲ ਲੱਗਦਾ ਹੈ; ਜਦੋਂ ਤਕ ਅਰੰਭ ਨਾ ਕੀਤਾ ਜਾਵੇ।

ਆਲਸੀ ਵਿਅਕਤੀ, ਬਾਪ-ਦਾਦੇ ਦੀ ਉਸਾਰੀ ਜਾਇਦਾਦ ਦੀ, ਰੱਖਿਆ ਨਹੀਂ ਕਰ ਸਕਦਾ।

ਰਣਨੀਤੀ, ਦੰਡਨੀਤੀ ਅਤੇ ਆਰਥਿਕ ਨੀਤੀ, ਹਕੂਮਤ ਦਾ ਅਧਾਰ ਹੁੰਦੀਆਂ ਹਨ।

ਜਿਸ ਘਰ ਵਿਚ ਬੁਲਾਏ ਮਹਿਮਾਨ ਦਾ ਉਚਿਤ ਸਤਿਕਾਰ ਨਹੀਂ ਹੁੰਦਾ, ਉਹ ਮਹਿਮਾਨ ਜਾਂਦਾ ਹੋਇਆ, ਉਸ ਘਰ ਦੀ ਸ਼ੋਭਾ ਨਾਲ ਲੈ ਜਾਂਦਾ ਹੈ।

ਜਿਨ੍ਹਾਂ ਦੇਸ਼ਾਂ ਵਿਚਕਾਰ ਸਰਹੱਦ ਬਾਰੇ ਵਿਵਾਦ ਹੋਵੇ, ਉਹ ਦੇਸ਼ ਦੁਸ਼ਮਣ ਹੀ ਹੁੰਦੇ ਹਨ ਅਤੇ ਸਰਹੱਦ ਨੂੰ ਦੁਸ਼ਮਣੀ ਵਧਾਉਣ ਲਈ ਵਰਤਦੇ ਹਨ।

ਕੰਮ ਕਰਨ ਦੀ ਉਮਰ ਦੌਰਾਨ, ਲੋੜ ਅਤੇ ਯੋਗਤਾ-ਸਮਰੱਥਾ ਹੁੰਦੇ ਹੋਏ ਵੀ ਕੰਮ ਨਾ ਕਰਨਾ, ਆਲਸ ਅਖਵਾਉਂਦਾ ਹੈ।

ਦੰਡ-ਨੀਤੀ ਤੋਂ ਬਿਨਾਂ, ਕਿਸੇ ਪ੍ਰਕਾਰ ਦਾ ਲੈਣ-ਦੇਣ ਸੰਭਵ ਨਹੀਂ ਹੁੰਦਾ।

ਕਮਜ਼ੋਰ ਵਿਅਕਤੀ ਆਪਸ ਵਿਚ ਲੜ ਕੇ, ਕੱਚੇ ਭਾਂਡਿਆਂ ਦੀਆਂ ਠੀਕਰੀਆਂ ਹੋ ਨਿਬੜਦੇ ਹਨ।

ਸਿਹਤ ਅਜਿਹੀ ਦੌਲਤ ਹੈ, ਜਿਸ 'ਤੇ ਟੈਕਸ ਨਹੀਂ ਲੱਗਦਾ।

ਆਪਣੇ ਮੋਰਚੇ 'ਤੇ ਲੜਨ ਵਾਲੀ ਫੌਜ, ਵੱਧ ਤੋਂ ਵੱਧ, ਹਾਰਨ ਤੋਂ ਬਚ ਸਕਦੀ ਹੈ; ਅਜਿਹੀ ਫੌਜ ਜੇਤੂ ਨਹੀਂ ਹੋ ਸਕਦੀ।

ਅੱਗ ਕਿਸੇ ਵੀ ਰੂਪ ਵਿਚ ਕਮਜ਼ੋਰ ਨਹੀਂ ਹੁੰਦੀ।

ਇਤਿਹਾਸ ਦੇ ਗਿਆਨ ਤੋਂ ਬਿਨਾਂ ਕੋਈ ਫੌਜ ਲੜ ਨਹੀਂ ਸਕਦੀ, ਜੇ ਲੜੇਗੀ ਤਾਂ ਉਹ ਅਣਗੌਲਿਆ ਇਤਿਹਾਸ ਬਣ ਜਾਵੇਗੀ।

ਜੇ ਹਰ ਵੇਲੇ ਦੂਜਿਆਂ ਵਿਚ ਨੁਕਸ ਹੀ ਕੱਢਦੇ ਰਹੋਗੇ ਤਾਂ ਉਨ੍ਹਾਂ ਦੇ ਨੁਕਸ ਤੁਹਾਡੇ ਨੁਕਸ ਬਣ ਜਾਣਗੇ।

ਜੇ ਕਿਸੇ ਨੇ ਤੁਹਾਡੀ ਜਾਨ ਬਚਾਈ ਹੈ ਤਾਂ ਉਸ ਦਾ ਧੰਨਵਾਦ ਕਰੋ ਅਤੇ ਆਪਣੀ ਜਾਨ ਨੂੰ ਇਵੇਂ ਰੱਖੋ ਕਿ ਇਹ ਬਚਾਉਣ ਯੋਗ ਬਣੀ ਰਹੇ।

ਜਿਨ੍ਹਾਂ ਨੂੰ ਬਦਲਣਾ ਚਾਹੁਣ ਦੇ ਬਾਵਜੂਦ ਨਾ ਬਦਲਿਆ ਜਾ ਸਕੇ, ਉਨ੍ਹਾਂ ਨਾਲ ਸ਼ਾਂਤੀ ਨਾਲ ਰਹਿਣਾ, ਸਿਆਣੇ ਹੋਣ ਦਾ ਸਬੂਤ ਹੁੰਦਾ ਹੈ।

ਬਹੁਤੇ ਲੋਕ ਹਰ ਰੋਜ਼, ਇਕ ਹੀ ਕੰਮ, ਇਕ ਹੀ ਢੰਗ ਨਾਲ ਕਰਦੇ ਹਨ, ਪਰ ਸਿੱਟਾ ਵੱਖਰਾ ਭਾਲਦੇ ਹਨ।

ਭੈੜੀ ਆਦਤ, ਸਰਦੀਆਂ ਦੇ ਨਿੱਘੇ ਬਿਸਤਰੇ ਵਾਂਗ ਹੁੰਦੀ ਹੈ, ਛੱਡਣ ਨੂੰ ਮਨ ਹੀ ਨਹੀਂ ਕਰਦਾ।

ਪਹਿਲਾਂ ਯੁੱਧ ਦੌਰਾਨ ਵਿਆਹ ਨਹੀਂ ਸੀ ਹੋਇਆ ਕਰਦੇ; ਹੁਣ ਵਿਆਹ-ਯੁੱਧ ਹੁੰਦੇ ਹਨ, ਜਿਹੜੇ ਤਲਾਕ-ਯੁੱਧ ਬਣ ਜਾਂਦੇ ਹਨ।

ਜਿਵੇਂ ਵਿਕਾਸ-ਦਰ ਹੁੰਦੀ ਹੈ, ਉਵੇਂ ਹੀ ਵਿਨਾਸ਼-ਦਰ ਵੀ ਹੁੰਦੀ ਹੈ।

ਕਈ ਗੱਲਾਂ ਫ਼ਿਲਾਸਫ਼ਰਾਂ ਨੇ ਵਿਚਾਰਨੀਆਂ ਹੁੰਦੀਆਂ ਹਨ, ਜਰਨੈਲਾਂ ਨੇ ਨਹੀਂ; ਕਈ ਕਾਰਜ ਜਰਨੈਲਾਂ ਨੇ ਕਰਨੇ ਹੁੰਦੇ ਹਨ, ਉਦਯੋਗਪਤੀਆਂ ਨੇ ਨਹੀਂ।

ਜਦੋਂ ਯੁੱਧ ਜਾਂ ਲੜਾਈ ਲੰਮੀ ਹੋ ਜਾਵੇ ਤਾਂ ਕਿਸੇ ਧਿਰ ਨੂੰ ਲਾਭ ਨਹੀਂ ਹੁੰਦਾ।

ਭਵਿੱਖ ਦੇ ਭਰੋਸੇ ਬਿਨਾਂ ਜੀਵਨ ਦੇ ਕੋਈ ਅਰਥ ਨਹੀਂ ਹੁੰਦੇ; ਜੀਵਨ ਵਿਚ ਵਿਸ਼ਵਾਸ ਤੋਂ ਬਿਨਾਂ ਭਵਿੱਖ ਦਾ ਕੋਈ ਮਹੱਤਵ ਨਹੀਂ ਹੁੰਦਾ।

ਦਲੇਰ ਆਗੂ, ਬਗ਼ਾਵਤ ਨੂੰ ਇਨਕਲਾਬ ਬਣਾ ਦਿੰਦਾ ਹੈ; ਆਗੂ ਤੋਂ ਵਿਰਵੇ, ਇਨਕਲਾਬ ਨੂੰ, ਬਗ਼ਾਵਤ ਦੱਸ ਕੇ ਕੁਚਲ ਦਿੱਤਾ ਜਾਂਦਾ ਹੈ।

ਯੁੱਧ ਦੀ ਨੀਤੀ ਨਕਸ਼ੇ 'ਤੇ ਘੜੀ ਜਾਂਦੀ ਹੈ ਪਰ ਯੁੱਧ ਦੇ ਪੈਂਤੜੇ ਯੁੱਧ ਦੇ ਮੈਦਾਨ ਵਿਚ ਸਿਰਜੇ ਜਾਂਦੇ ਹਨ।

ਬਹਾਦਰ ਵਿਅਕਤੀ ਵਿਰੋਧੀ ਨੂੰ ਹਰਾਉਣ ਤੋਂ ਪਹਿਲਾਂ, ਆਪਣੇ ਸੰਸੇ ਜਿੱਤਦਾ ਹੈ।

ਝੱਟ ਗੁੱਸੇ ਹੋ ਜਾਣ ਵਾਲਾ, ਹੋਰਾਂ ਨਾਲ ਰਿਸ਼ਤੇ ਉਸਾਰਨ ਵਿਚ ਨਹੀਂ, ਉਨ੍ਹਾਂ ਨਾਲ ਸਬੰਧ ਤੋੜਨ ਵਿਚ ਮਾਹਿਰ ਹੁੰਦਾ ਹੈ।

ਦੁਸ਼ਮਣ ਦਾ ਸਰੀਰ ਨਹੀਂ, ਉਸ ਦਾ ਮਨ ਹਰਾਇਆ ਜਾਂਦਾ ਹੈ।

ਕੀਤੇ ਜਾਣ ਵਾਲੇ ਕੰਮਾਂ ਨੂੰ ਮੁਲਤਵੀ ਕਰ ਕੇ, ਉਨ੍ਹਾਂ ਤੋਂ ਪੂਰਾ ਲਾਭ ਨਹੀਂ ਉਠਾਇਆ ਜਾ ਸਕਦਾ।

ਜਿੱਤ ਅਤੇ ਹਾਰ ਨੂੰ ਨਿਖੇੜਨ ਵਾਲਾ ਤੱਤ, ਤਿਆਰੀ ਹੁੰਦਾ ਹੈ।

ਜਿਨ੍ਹਾਂ ਜਵਾਨਾਂ ਵਿਚ ਜਵਾਨੀ ਵਾਲੇ ਔਗੁਣ ਨਹੀਂ ਹੁੰਦੇ; ਉਨ੍ਹਾਂ ਨੂੰ ਭਗਤ ਸਿੰਘ, ਊਧਮ ਸਿੰਘ ਕਿਹਾ ਜਾਂਦਾ ਹੈ।

ਵੇਖਣ ਵਾਲੇ ਨੂੰ ਪ੍ਰਭਾਵਿਤ ਇਸਤਰੀ ਦੀ ਸੁੰਦਰਤਾ ਕਰਦੀ ਹੈ, ਸ਼ਿੰਗਾਰ ਨਹੀਂ।

ਪੁਰਾਣੇ ਜ਼ਮਾਨੇ ਵਿਚ ਯੁੱਧ ਦੇ ਮੈਦਾਨ ਵਿਚ ਅਵਾਜ਼ ਨਹੀਂ ਸੀ ਸੁਣਦੀ, ਇਸ ਲਈ ਨਗਾਰੇ ਅਤੇ ਸੰਖ ਵਜਾਏ ਅਤੇ ਪਰਚਮ ਲਹਿਰਾਏ ਜਾਂਦੇ ਸਨ।

ਬੱਚਿਆਂ ਵੱਲੋਂ ਉਡੀਕੇ ਜਾ ਰਹੇ ਵਿਅਕਤੀ ਦੇ, ਘਰ ਮੁੜਨ ਵਿਚ ਵਿਘਨ ਪਾਉਣਾ, ਪਾਪ ਹੁੰਦਾ ਹੈ।

ਥੱਕਿਆ ਹੋਇਆ ਬੰਦਾ ਜਲਦੀ ਚਿੜ੍ਹਦਾ ਹੈ ਅਤੇ ਚਿੜ੍ਹਿਆ ਹੋਇਆ ਬੰਦਾ ਜਲਦੀ ਥੱਕਦਾ ਹੈ।

ਦਫ਼ਤਰੀ ਸਮੇਂ ਦੌਰਾਨ, ਜਦੋਂ ਕਰਮਚਾਰੀ ਟੋਲੀਆਂ ਬਣਾ ਕੇ ਗੱਲਾਂ ਕਰਨ ਤਾਂ ਇਹ ਸਬੂਤ ਹੁੰਦਾ ਹੈ ਕਿ ਅਫ਼ਸਰ ਦਾ ਕੋਈ ਰੋਅਬ ਨਹੀਂ ਹੈ।

ਇਸਤਰੀਆਂ ਆਪਣੀ ਰੱਖਿਆ, ਆਪਣੇ ਸਲੀਕੇ ਨਾਲ ਕਰਦੀਆਂ ਹਨ।

ਕਿਤਾਬਾਂ ਸਾਡੀਆਂ ਅੱਖਾਂ ਵਿਚ ਗਿਆਨ ਦਾ ਸੁਰਮਾ ਪਾਉਂਦੀਆਂ ਹਨ।

ਸਾਰੀ ਪੁਸਤਕ ਲਿਖਣ ਉਪਰੰਤ ਨਿਰਣਾ ਕੀਤਾ ਜਾਂਦਾ ਹੈ ਕਿ ਅਰੰਭ ਵਿਚ ਛਪਣ ਵਾਲੀ ਭੂਮਿਕਾ ਵਿਚ ਕੀ ਲਿਖਣਾ ਹੈ।

ਦੇਰੀ ਮਨੁੱਖ ਹੀ ਕਰਦਾ ਹੈ, ਵਕਤ ਤਾਂ ਹਰ ਵੇਲੇ ਤਿਆਰ ਹੀ ਹੁੰਦਾ ਹੈ।

ਜਿਹੜਾ ਵਾਕ ਪੜ੍ਹਨ ਨੂੰ ਚੰਗਾ ਲੱਗੇ, ਉਹ ਸੁਣਨ ਅਤੇ ਸੁਣਾਉਣ ਨੂੰ ਵੀ ਚੰਗਾ ਲੱਗੇਗਾ, ਉਹ ਲਿਖ ਲੈਣਾ ਚਾਹੀਦਾ ਹੈ।

ਗੱਲਾਂ ਦੇ ਧਨੀ, ਲਿਖਣ ਵੇਲੇ ਸੁੰਨ ਹੋ ਜਾਂਦੇ ਹਨ।

ਨਸ਼ੇ ਕਰਨ ਵਾਲੇ ਸੋਚਦੇ ਨਹੀਂ, ਨਾ ਸੋਚਣ ਕਾਰਨ ਹੀ ਉਹ ਨਸ਼ੇ ਕਰਦੇ ਹਨ।

ਬਹੁਤੇ ਲੋਕਾਂ ਨੂੰ ਜਦੋਂ ਆਪਣੇ ਅੰਦਰੋਂ ਕੁਝ ਨਹੀਂ ਲੱਭਦਾ ਤਾਂ ਉਹ ਐਲਾਨ ਕਰਦੇ ਹਨ ਕਿ ਬਾਹਰ ਵੀ ਕੁਝ ਨਹੀਂ ਹੈ।

ਗਿਆਨ, ਦੋ ਪ੍ਰਕਾਰ ਦਾ ਹੁੰਦਾ ਹੈ: ਇਕ ਉਹ ਜਿਹੜਾ ਸਾਡੇ ਕੋਲ ਹੁੰਦਾ ਹੈ, ਦੂਜਾ ਉਹ ਜਿਹੜਾ ਅਸੀਂ ਜਾਣਦੇ ਹਾਂ, ਕਿਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਸਮਝ ਦੋ ਢੰਗਾਂ ਨਾਲ ਵਧਦੀ ਹੈ; ਪੜ੍ਹਨ ਨਾਲ ਅਤੇ ਕਾਰਜ ਕਰਨ ਨਾਲ।

ਗਿਆਨ, ਸਾਰੀ ਮਨੁੱਖਤਾ ਨਾਲੋਂ ਵਧੇਰੇ ਜਾਣਨ ਵਿਚ ਨਹੀਂ ਹੁੰਦਾ, ਜਾਣਨਯੋਗ ਨੂੰ ਜਾਣਨ ਵਿਚ ਹੁੰਦਾ ਹੈ।

ਤਜਰਬਾ ਕਦੇ ਵੀ ਸੰਪੂਰਨ ਨਹੀਂ ਹੁੰਦਾ; ਜਿਤਨਾ ਹੁੰਦਾ ਹੈ, ਉਸ ਨਾਲੋਂ ਵਧੇਰੇ ਲਈ ਥਾਂ ਬਣ ਜਾਂਦੀ ਹੈ।

ਵੱਡੇ ਨਾਵਲਕਾਰਾਂ ਦਾ ਜਦੋਂ ਆਪਣਾ ਮਨ ਕੋਈ ਚੰਗਾ ਨਾਵਲ ਪੜ੍ਹਨ ਨੂੰ ਕਰਦਾ ਹੈ ਤਾਂ ਉਹ ਆਪ ਅਜਿਹਾ ਚੰਗਾ ਨਾਵਲ ਸਿਰਜ ਦਿੰਦੇ ਹਨ।

ਵਿਸ਼ਾ ਸਪਸ਼ਟ ਹੋ ਜਾਵੇ ਤਾਂ ਪ੍ਰਗਟਾਉਣ ਦਾ ਢੰਗ ਆਪੇ ਸੁੱਝ ਪੈਂਦਾ ਹੈ।

ਯੋਗ ਅਤੇ ਗੁਣਵਾਨ ਵਿਅਕਤੀਆਂ ਨੂੰ ਸੰਸਾਰ ਅੱਡੀਆਂ ਚੁੱਕ ਕੇ ਅਤੇ ਬਾਹਵਾਂ ਖੋਲ੍ਹ ਕੇ ਉਡੀਕਦਾ ਹੈ।

ਜੇ ਤੁਸੀਂ ਆਪਣੀ ਗੱਲ ਵੀਹ ਮਿੰਟ ਵਿਚ ਨਹੀਂ ਕਹਿ ਸਕਦੇ ਤਾਂ ਉਹ ਗੱਲ ਕਹਿਣਯੋਗ ਨਹੀਂ ਹੈ।

ਮਹਾਂਪੁਰਸ਼ ਜੋ ਕਰਦੇ ਹਨ, ਉਹ ਪਹਿਲੀ ਵਾਰ ਕੀਤਾ ਜਾ ਰਿਹਾ ਹੁੰਦਾ ਹੈ ਅਤੇ ਇਤਿਹਾਸ ਸਾਬਤ ਕਰਦਾ ਹੈ ਕਿ ਉਹ ਆਖਰੀ ਵਾਰ ਕੀਤਾ ਗਿਆ ਸੀ।

ਪੁਸਤਕਾਂ ਪੜ੍ਹਨਾ ਕਰਤੱਵ ਨਹੀਂ ਹੁੰਦਾ, ਜਾਂ ਧਰਮ ਹੁੰਦਾ ਹੈ ਜਾਂ ਸ਼ੌਕ ਹੁੰਦਾ ਹੈ।

ਚੰਗੀ ਕਿਤਾਬ ਉਹ ਹੁੰਦੀ ਹੈ, ਜਿਹੜੀ ਪੜ੍ਹਨ ਲਈ ਉਧਾਰੀ ਮੰਗੀ ਜਾਵੇ ਅਤੇ ਪੜ੍ਹ ਕੇ, ਦੁਬਾਰਾ ਪੜ੍ਹਨ ਲਈ, ਆਪਣੇ ਵਾਸਤੇ ਆਪ ਖਰੀਦੀ ਜਾਵੇ।

ਮਨੁੱਖ ਆਪਣੀ ਸੰਗਤ ਤੋਂ ਅਤੇ ਉਸ ਦਾ ਚਰਿੱਤਰ, ਉਸ ਦੀਆਂ ਪੁਸਤਕਾਂ ਤੋਂ ਪਛਾਣਿਆ ਜਾਂਦਾ ਹੈ।

ਜੇ ਕਿਸੇ ਨੂੰ ਬਹੁਤ ਅਧਿਕ ਸਜ਼ਾ ਦਿਓਗੇ ਤਾਂ ਮਗਰੋਂ ਉਸ ਤੋਂ ਡਰ ਲੱਗੇਗਾ।

ਸਿਕੰਦਰ ਆਪਣੀ ਤਿਆਰੀ ਨਾਲ ਹੀ ਵਿਰੋਧੀ ਦੀ ਹਾਰ ਪੱਕੀ ਕਰ ਦਿੰਦਾ ਸੀ।

ਮਹਾਂਪੁਰਸ਼ਾਂ ਵਿਚ ਚਰਿੱਤਰ ਦੀ ਚਮਕ ਵੱਧ ਹੁੰਦੀ ਹੈ ਅਤੇ ਵਸਤਰਾਂ ਦੀ ਘੱਟ।

ਸਿਕੰਦਰ ਦਾ ਸੁਪਨਾ ਉਸ ਦੇ ਸਮਕਾਲੀ ਸੰਸਾਰ ਨਾਲੋਂ ਵੱਡਾ ਸੀ, ਇਸੇ ਲਈ ਉਸ ਨੂੰ ਮਹਾਨ ਕਿਹਾ ਜਾਂਦਾ ਹੈ।

ਚੰਗੀ ਪੁਸਤਕ ਦੀ ਪਛਾਣ ਇਹ ਹੁੰਦੀ ਹੈ ਕਿ ਜਿਸ ਵਿਚ ਪੜ੍ਹਨ ਦੀ ਆਦਤ ਨਾ ਹੋਵੇ, ਇਹ ਉਸ ਨੂੰ ਵੀ ਪੜ੍ਹਨ ਦੀ ਆਦਤ ਪਾ ਦਿੰਦੀ ਹੈ।

ਮੋਹ-ਮੁਕਤ ਹੋਏ ਬਿਨਾਂ, ਈਰਖਾ-ਮੁਕਤ ਨਹੀਂ ਹੋਇਆ ਜਾ ਸਕਦਾ।

ਉਮਰ ਦੇ ਵਧਣ ਨਾਲ, ਜ਼ਿੰਦਗੀ ਵਿਚ ਆਉਣਾ ਟਿਕਾਓ ਚਾਹੀਦਾ ਹੈ, ਪਰ ਆ ਠਹਿਰਾਓ ਜਾਂਦਾ ਹੈ।

ਹੱਥ ਛੁਡਾ ਕੇ ਜਾਂਦੇ ਬੱਚਿਆਂ ਨੂੰ, ਮਾਂ ਆਪਣੀ ਨਜ਼ਰ ਨਾਲ ਪਕੜਦੀ ਰਹਿੰਦੀ ਹੈ।

ਮੌਲਿਕ ਲੇਖਕ ਉਹ ਨਹੀਂ ਹੁੰਦਾ, ਜਿਹੜਾ ਦੂਜਿਆਂ ਦੀ ਨਕਲ ਨਹੀਂ ਕਰਦਾ; ਮੌਲਿਕ ਲੇਖਕ ਉਹ ਹੁੰਦਾ ਹੈ, ਜਿਸ ਦੀ ਨਕਲ ਕੀਤੀ ਨਾ ਜਾ ਸਕਦੀ ਹੋਵੇ।

ਹਿੰਦੂ ਧਰਮ ਵਿਚ ਪੂਰੀ ਖੁੱਲ੍ਹ ਹੈ; ਜਿਸ ਮਰਜ਼ੀ ਨੂੰ ਪੂਜੋ, ਜਿਸ ਮਰਜ਼ੀ ਨੂੰ ਧਿਆਓ, ਜੋ ਮਰਜ਼ੀ ਗਾਓ, ਜੋ ਮਰਜ਼ੀ ਵਜਾਓ।

ਮੁਸ਼ਕਿਲ ਵਿਚੋਂ ਨਿਰਾਸਤਾ ਨਹੀਂ, ਨਿਰਾਸਤਾ ਵਿਚੋਂ ਮੁਸ਼ਕਿਲ ਉਪਜਦੀ ਹੈ।

ਜੋ ਮੁਸ਼ਕਿਲ ਹੈ, ਉਹੀ ਮੁੱਲਵਾਨ ਹੈ; ਉਹ ਮੁੱਲਵਾਨ ਹੋਣ ਕਰਕੇ ਮੁਸ਼ਕਿਲ ਹੋਵੇਗਾ ਅਤੇ ਮੁਸ਼ਕਿਲ ਹੋਣ ਕਰਕੇ ਮੁੱਲਵਾਨ ਹੋਵੇਗਾ।

ਪ੍ਰਸਿੱਧੀ ਮਿਲਣ ਮਗਰੋਂ, ਪ੍ਰਸਿੱਧੀ ਦੇ ਗੁਆਚਣ ਦਾ ਡਰ ਪਰੇਸ਼ਾਨ ਕਰਦਾ ਹੈ।

ਉਹ ਸਮਾਂ ਜਲਦੀ ਹੀ ਆਵੇਗਾ, ਜਦੋਂ ਸਾਹਿਤ ਦੀ ਸਿਹਤਯਾਬੀ ਲਈ ਕੁਝ ਲੇਖਕਾਂ ਨੂੰ, ਨਾ ਲਿਖਣ ਦੇ ਵਜ਼ੀਫ਼ੇ ਦਿੱਤੇ ਜਾਇਆ ਕਰਨਗੇ।

ਦਰਸ਼ਕਾਂ ਨੂੰ ਹਸਾਉਣਾ, ਰੁਆਉਣਾ, ਨਾਇਕ ਅਤੇ ਨਾਇਕਾ ਨੂੰ ਰੁਲਾਉਣਾ ਅਤੇ ਅੰਤ ਨੂੰ ਮਿਲਾਉਣਾ, ਭਾਰਤੀ ਫਿਲਮ ਕਹਾਉਂਦਾ ਹੈ।

ਮਹਾਨ ਨਾਵਲਕਾਰ ਜ਼ਿੰਦਗੀ ਦੇ ਨਾਇਕ ਸਿਰਜ ਦਿੰਦੇ ਹਨ; ਸਧਾਰਨ ਨਾਵਲਕਾਰ ਪਾਤਰ ਹੀ ਸਿਰਜਦੇ ਹਨ।

ਸਫ਼ਲ ਵਿਅਕਤੀ ਉਹ ਹੁੰਦਾ ਹੈ, ਜਿਹੜਾ ਸਫ਼ਲਤਾ ਦਾ ਭੇਤ ਪੁੱਛੇ ਜਾਣ 'ਤੇ, ਜਵਾਬ ਆਪਣੀ ਮਿਹਨਤ ਵਿਚੋਂ ਲੱਭਦਾ ਹੈ।

ਸਭ ਤੋਂ ਵੱਡੀ ਚਿੜ੍ਹ ਉਦੋਂ ਉਪਜਦੀ ਹੈ, ਜਦੋਂ ਅਸੀਂ ਜਾਣੇ-ਪਛਾਣੇ ਮੂਰਖ ਨੂੰ, ਉਥੇ ਸਫ਼ਲ ਹੁੰਦਾ ਵੇਖਦੇ ਹਾਂ, ਜਿਥੇ ਅਸੀਂ ਅਸਫ਼ਲ ਹੋਏ ਸੀ।

ਅਜ਼ਾਦ ਭਾਰਤ ਵਿਚ ਜਨਮੇ ਲੋਕ, ਉਨ੍ਹਾਂ ਨੂੰ ਨਹੀਂ ਸਮਝ ਸਕਦੇ, ਜਿਨ੍ਹਾਂ ਲਈ ਭਾਰਤ ਦੀ ਅਜ਼ਾਦੀ, ਇਕ ਸੁਪਨਾ ਸੀ।

ਕਿਸੇ ਅਰਥਚਾਰੇ ਦੀ ਮਜ਼ਬੂਤੀ ਦੀ ਪਰਖ, ਵਪਾਰ ਦੇ ਵਾਧੇ ਦੌਰਾਨ ਨਹੀਂ, ਵਪਾਰ ਦੇ ਸੰਕਟ ਦੌਰਾਨ ਹੁੰਦੀ ਹੈ।

ਜਿਥੇ ਕੰਮ ਭ੍ਰਿਸ਼ਟਾਚਾਰ ਨਾਲ ਹੁੰਦੇ ਹਨ, ਉਥੇ ਭ੍ਰਿਸ਼ਟ ਵਿਅਕਤੀਆਂ ਦਾ ਕੰਮ, ਭ੍ਰਿਸ਼ਟਾਚਾਰ ਦੀਆਂ ਨਵੀਆਂ ਸੰਭਾਵਨਾਵਾਂ ਉਪਜਾਉਣਾ ਹੀ ਹੁੰਦਾ ਹੈ।

ਇਹ ਸਾਡਾ ਰਾਸ਼ਟਰੀ ਚਰਿੱਤਰ ਹੈ ਕਿ ਅਸੀਂ ਸਹੀ ਰਸਤੇ ਦੀ ਥਾਂ, ਛੋਟੇ ਪਰ ਗਲਤ ਰਸਤੇ ਨੂੰ ਤਰਜੀਹ ਦਿੰਦੇ ਹਾਂ।

ਜਿਵੇਂ ਟਰੈਫਿਕ ਚੱਲਦਾ ਹੈ, ਉਵੇਂ ਭ੍ਰਿਸ਼ਟਾਚਾਰ ਚੱਲਦਾ ਹੈ, ਹੋਰਾਂ ਤੋਂ ਅੱਗੇ ਲੰਘਣ ਦੀ ਭਾਵਨਾ, ਭ੍ਰਿਸ਼ਟਾਚਾਰ ਦਾ ਪ੍ਰਤੀਕ ਹੈ।

ਸਫ਼ਲਤਾ, ਆਉਣ ਵਿਚ ਕਦੇ ਕਾਹਲ ਨਹੀਂ ਕਰਦੀ।

ਵਾਰਤਕ ਕਾਵਿਕ ਹੋ ਜਾਵੇ ਤਾਂ ਉਸ ਦੀ ਸ਼ਕਤੀ ਵੱਧ ਜਾਂਦੀ ਹੈ; ਕਵਿਤਾ ਵਾਰਤਕੀ ਹੋ ਜਾਵੇ ਤਾਂ ਉਸ ਵਿਚੋਂ ਕਵਿਤਾ ਮੁੱਕ ਜਾਂਦੀ ਹੈ।

ਇਹ ਦੱਸਣਾ ਸੰਭਵ ਹੈ ਕਿ ਕਵਿਤਾ ਕੀ ਨਹੀਂ ਹੁੰਦੀ, ਪਰ ਇਹ ਕੀ ਹੁੰਦੀ ਹੈ, ਦੱਸਣਾ ਸੰਭਵ ਨਹੀਂ ਹੁੰਦਾ।

ਦਿਲਚਸਪ ਅਜਨਬੀਆਂ ਨੂੰ ਮਿਲਣਾ ਚਾਹੁੰਦੇ ਹੋ ਤਾਂ ਪੁਸਤਕਾਂ ਪੜ੍ਹੋ।

ਦਰੱਖ਼ਤਾਂ ਵਿਚ ਟਿਕਣ-ਚਲਣ ਦੀ ਦੁਚਿੱਤੀ ਨਹੀਂ ਹੁੰਦੀ; ਇਹ ਰਾਹੀਆਂ ਅਤੇ ਪੰਛੀਆਂ ਦੇ ਉਡੀਕਵਾਨ ਹੁੰਦੇ ਹਨ; ਇਹ ਨਿਰਪੱਖ ਹੁੰਦੇ ਹਨ; ਇਨ੍ਹਾਂ ਦੀ ਛਾਂ ਵਿਚ, ਚੋਰ ਬੈਠੇ ਸਾਧ ਬੈਠੇ, ਇਨ੍ਹਾਂ ਨੂੰ ਸਭ ਪ੍ਰਵਾਨ ਹਨ।

ਸੇਵਾ ਉਸ ਦੀ ਕਰੋ, ਜਿਸ ਨੂੰ ਇਸ ਦੀ ਲੋੜ ਹੈ, ਨਹੀਂ ਤਾਂ ਸੇਵਾ ਸਰਕਾਰੀ ਮਹਿਕਮਾ ਹੋ ਨਿਬੜੇਗੀ।

ਪ੍ਰੇਮੀ, ਕੱਚੇ ਧਾਗੇ ਨਾਲ ਲਟਕਦੀ, ਸਮਾਜ ਦੀ ਤਲਵਾਰ ਹੇਠ ਬਹਿ ਕੇ, ਪਿਆਰ ਦੀਆਂ ਜਲੇਬੀਆਂ ਖਾਂਦੇ ਹਨ।

ਜੇ ਇਸਤਰੀ ਸੋਹਣੀ ਵੀ ਹੋਵੇ, ਕੋਲ ਗਹਿਣੇ ਵੀ ਹੋਣ ਅਤੇ ਇਕੱਲੀ ਵੀ ਹੋਵੇ ਤਾਂ ਉਸ ਨੂੰ ਜੋ ਮਿਲੇਗਾ, ਲੁੱਟਣ ਵਾਲਾ ਹੀ ਮਿਲੇਗਾ।

ਬੜੀ ਸ਼ਕਤੀ ਹੈ ਵੇਦਾਂ ਵਿਚ, ਸਦੀਆਂ ਮਗਰੋਂ ਵੀ ਇਨ੍ਹਾਂ ਦੇ ਅਰਥ ਸੱਜਰੇ ਹਨ।

ਸਾਨੂੰ ਕਈ ਅਧਿਆਪਕਾਂ ਦੇ ਵਿਦਿਆਰਥੀ ਹੋਣ ਦਾ ਮਾਣ ਹੁੰਦਾ ਹੈ; ਕਿਸੇ-ਕਿਸੇ ਅਧਿਆਪਕ ਦੇ ਵਿਦਿਆਰਥੀ ਹੋਣ ਦਾ ਹੰਕਾਰ ਵੀ ਹੁੰਦਾ ਹੈ।

ਦੁਚਿੱਤੀ ਉਸ ਨੂੰ ਕਹਿੰਦੇ ਹਨ, ਜਦੋਂ ਹਾਂ ਤੋਂ ਵੀ ਡਰ ਲੱਗਦਾ ਹੈ ਅਤੇ ਨਾਂਹ ਤੋਂ ਵੀ।

ਜਿਤਨੀ ਕੋਈ ਰਚਨਾ ਡੂੰਘੀ ਹੁੰਦੀ ਹੈ, ਉਤਨੀ ਹੀ ਡੂੰਘੀ ਇਕੱਲਤਾ ਉਸ ਲੇਖਕ ਨੇ, ਉਹ ਰਚਣ ਵਿਚ ਹੰਢਾਈ ਹੁੰਦੀ ਹੈ।

ਪੈਸੇ ਤੋਂ ਬਿਨਾਂ ਮਨੁੱਖ ਕਿਧਰੇ ਨਹੀਂ ਜਾ ਸਕਦਾ, ਚਲਾ ਵੀ ਜਾਵੇ, ਪਹੁੰਚ ਕੇ ਕੁਝ ਵੀ ਕਰ ਨਹੀਂ ਸਕਦਾ।

ਜਦੋਂ ਕਿਸੇ ਪਾਠਕ ਨੂੰ ਉਸ ਦੇ ਮਨ ਨੂੰ ਪ੍ਰਸੰਨ ਕਰਨ ਵਾਲਾ ਲੇਖਕ ਮਿਲ ਜਾਂਦਾ ਹੈ ਤਾਂ ਉਸ ਵਿਚ ਆਪ ਲੇਖਕ ਬਣਨ ਦੀ ਰੀਝ ਜਾਗਦੀ ਹੈ।

ਜੈਕਾਰਾ ਡਰ ਤੋਂ ਮੁਕਤ ਕਰਦਾ ਹੈ ਅਤੇ ਇਹ ਏਕੇ ਦਾ ਐਲਾਨ ਹੁੰਦਾ ਹੈ।

ਸੰਖੇਪਤਾ ਲਈ ਕਵੀ ਕੁੱਜੇ ਵਿਚ ਸਮੁੰਦਰ ਬੰਦ ਕਰਦਾ ਹੈ, ਵਿਸਥਾਰ ਲਈ ਨਾਵਲਕਾਰ ਕੁੱਜੇ ਵਿਚੋਂ ਸਮੁੰਦਰ ਕੱਢਦਾ ਹੈ।

ਭਾਰਤ ਵਿਚ ਰਹਿੰਦਿਆਂ, ਸੰਪਰਦਾਇਕਤਾ ਤੋਂ ਬਚਣਾ ਸੌਖਾ ਨਹੀਂ ਹੈ।

ਕਈ ਸੱਚ ਜਾਣਨਯੋਗ ਹੀ ਹੁੰਦੇ ਹਨ, ਬੋਲਣਯੋਗ ਨਹੀਂ ਹੁੰਦੇ, ਬੋਲਣ 'ਤੇ ਇਹ ਬੰਬ ਬਣ ਜਾਂਦੇ ਹਨ।

ਸਾਹਿਤਕਾਰ ਕਿਸੇ ਨਾਲ ਲੰਮੀ ਗੱਲ ਨਹੀਂ ਕਰ ਸਕਦੇ, ਉਨ੍ਹਾਂ ਨੂੰ ਲੰਮੀਆਂ ਗੱਲਾਂ ਆਪਣੇ ਆਪ ਨਾਲ ਕਰਨ ਦੀ ਆਦਤ ਹੁੰਦੀ ਹੈ।

ਅਸਲੀ ਕਵੀ ਅਜ਼ਾਦ ਹੀ ਹੁੰਦਾ ਹੈ; ਗੁਲਾਮ ਕਵੀ ਦਾ ਸੰਸਾਰ ਵਿਚ ਕਿਧਰੇ ਕੋਈ ਸੰਕਲਪ ਨਹੀਂ ਹੈ।

ਲਾਲਚ ਦਾ ਕੋਈ ਧਰਮ ਨਹੀਂ ਹੁੰਦਾ।

ਸ਼ਾਇਰ, ਪ੍ਰੇਰਨਾ ਭਾਵੇਂ ਅਤੀਤ ਤੋਂ ਲੈਂਦਾ ਹੈ, ਪਰ ਉਹ ਲਿਖਦਾ ਭਵਿੱਖ ਲਈ ਹੈ।

ਅਨੁਸ਼ਾਸਨ, ਸਮੂਹ ਨੂੰ ਧਿਆਨ ਵਿਚ ਰੱਖਦਾ ਹੈ, ਵਿਅਕਤੀ ਨੂੰ ਨਹੀਂ।

ਸਰਲ-ਸਧਾਰਨ ਹੋਵੋ, ਪਰ ਨਿਗੁਣੇ ਨਹੀਂ; ਭੀੜ ਵਿਚ ਗੁਆਚਣ ਅਤੇ ਪ੍ਰਚਲਿਤ ਦੇ ਹੜ੍ਹ ਵਿਚ ਰੁੜ੍ਹਨ ਤੋਂ ਬਚੋ।

ਝੋਲੀ-ਚੁੱਕਾਂ ਨੂੰ ਕਿਹਾ ਝੁਕਣ ਵਾਸਤੇ ਜਾਂਦਾ ਹੈ, ਪਰ ਉਹ ਵਿਛ ਹੀ ਜਾਂਦੇ ਹਨ।

ਜਿਨ੍ਹਾਂ ਚੀਜ਼ਾਂ ਦੀ ਸਾਨੂੰ ਸਮਝ ਨਹੀਂ ਆਉਂਦੀ, ਮਿਲ ਜਾਣ 'ਤੇ ਉਹ ਚੀਜ਼ਾਂ ਸਾਨੂੰ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ।

ਕਾਮ ਦਾ ਆਪਣਾ ਧਰਮ ਹੀ ਨਹੀਂ, ਆਪਣਾ ਨਰਕ-ਸਵਰਗ ਵੀ ਹੁੰਦਾ ਹੈ।

ਡਾਇਰੀ ਲਿਖੋ, ਆਪਣੇ ਆਪ ਨਾਲ ਗੱਲਾਂ ਕਰਨੀਆਂ ਆ ਜਾਣਗੀਆਂ।

ਹਰ ਜੀਵ, ਭੋਜਨ ਵਿਚੋਂ ਉਪਜਦਾ ਅਤੇ ਹੋਰਾਂ ਲਈ ਭੋਜਨ ਬਣ ਜਾਂਦਾ ਹੈ, ਇਵੇਂ ਕੁਦਰਤ ਵਿਚ ਕੁਝ ਵੀ ਅਜਾਈਂ ਨਹੀਂ ਜਾਂਦਾ।

ਦਿਲ ਦਾ ਦੌਰਾ, ਮਨੁੱਖ ਤੋਂ ਸਵੈ-ਵਿਸ਼ਵਾਸ ਖੋਹ ਲੈਂਦਾ ਹੈ।

ਜੇ ਸਫਲਤਾ ਤੋਂ ਲਾਭ ਨਾ ਉਠਾਇਆ ਜਾਵੇ ਤਾਂ ਸਫਲਤਾ-ਅਸਫਲਤਾ ਵਿਚਲਾ ਅੰਤਰ ਮਿਟ ਜਾਂਦਾ ਹੈ।

ਸੱਜੀ ਬਾਂਹ ਹਮਲੇ ਲਈ ਅਤੇ ਖੱਬੀ ਬਾਂਹ ਬਚਾਓ ਲਈ ਹੁੰਦੀ ਹੈ।

ਜੇ ਸਵੱਖਤੇ ਉੱਠਣ ਦੀ ਆਦਤ ਹੋਵੇ ਤਾਂ ਜ਼ਿੰਦਗੀ ਦੀਆਂ ਬਹੁਤੀਆਂ ਸਮੱਸਿਆਵਾਂ, ਸਮੱਸਿਆਵਾਂ ਨਾ ਰਹਿ ਕੇ, ਮੌਕੇ ਬਣ ਜਾਂਦੀਆਂ ਹਨ।

ਸਿਕੰਦਰ, ਪੋਰਸ ਨੂੰ ਹਰਾਉਣਾ ਵੀ ਚਾਹੁੰਦਾ ਸੀ ਅਤੇ ਭਾਰਤ ਦਾ ਸਤਿਕਾਰ ਵੀ ਜਿੱਤਣਾ ਚਾਹੁੰਦਾ ਸੀ, ਉਹ ਦੋਵੇਂ ਉਦੇਸ਼ਾਂ ਵਿਚ ਸਫ਼ਲ ਹੋਇਆ।

ਸਮੇਂ ਦੇ ਗੁਜ਼ਰਨ ਨਾਲ ਲੋੜ, ਇੱਛਾ ਦਾ ਰੂਪ ਧਾਰ ਲੈਂਦੀ ਹੈ; ਆਪਣਾ ਘਰ ਇਕ ਲੋੜ ਹੈ, ਪਰ ਕੋਠੀ ਇੱਛਾ ਹੈ।

ਅੰਧ-ਵਿਸ਼ਵਾਸ ਵੀ ਅਜਾਈਂ ਨਹੀਂ ਹੁੰਦੇ; ਇਹ ਅਨਪੜ੍ਹ ਅਤੇ ਖਿੰਡੇ ਹੋਏ ਲੋਕਾਂ ਨੂੰ ਇੱਕਠਾ ਕਰਦੇ ਅਤੇ ਉਨ੍ਹਾਂ ਨੂੰ ਆਪਸ ਵਿਚ ਜੋੜਦੇ ਹਨ।

ਕਈ ਅਜੋਕੇ ਕਵੀਆਂ ਦੀਆਂ ਕਵਿਤਾਵਾਂ ਉਦੋਂ ਪੜ੍ਹੀਆਂ ਜਾਣਗੀਆਂ, ਜਦੋਂ ਲੋਕ ਬੁੱਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਨੂੰ ਭੁੱਲ ਜਾਣਗੇ।

ਅਨਪੜ੍ਹਾਂ ਕੋਲ ਹਿੰਸਾ ਹੁੰਦੀ ਹੈ; ਪੜ੍ਹਿਆਂ-ਲਿਖਿਆਂ ਕੋਲ ਨਿੰਦਾ ਹੁੰਦੀ ਹੈ।

ਬੁੱਧੀਜੀਵੀ ਉਸ ਵਿਦਵਾਨ ਨੂੰ ਕਹਿੰਦੇ ਹਨ, ਜਿਹੜਾ ਇਸਤਰੀਆਂ ਵਿਚ ਘੱਟ ਅਤੇ ਪੁਸਤਕਾਂ ਵਿਚ ਵਧੇਰੇ ਦਿਲਚਸਪੀ ਲੈਂਦਾ ਪ੍ਰਤੀਤ ਹੋਵੇ।

ਸ਼ਰਾਬੀਆਂ ਨੂੰ ਊਠ ਚੰਗੇ ਨਹੀਂ ਲਗਦੇ, ਕਿਉਂਕਿ ਊਠ ਹਫ਼ਤਾ-ਹਫ਼ਤਾ ਕੁਝ ਨਹੀਂ ਪੀਂਦੇ।

ਚਾਲ੍ਹੀ ਸਾਲ ਦੇ ਹੋਣ ਦੇ ਬਾਵਜੂਦ, ਜੇ ਤੁਹਾਡੇ ਨਾਂ ਦੀ ਤਖ਼ਤੀ ਨਹੀਂ ਲੱਗੀ ਤਾਂ ਸਪਸ਼ਟ ਹੈ ਕਿ ਰੋਜ਼ਗਾਰ ਦੀ ਤੁਹਾਡੀ ਚੋਣ ਸਹੀ ਨਹੀਂ ਸੀ।

ਅਜੋਕੇ ਯੁੱਗ ਵਿਚ ਪਰਿਵਾਰ ਦੀ ਆਮਦਨ ਦਾ ਤਿੰਨ-ਚੌਥਾਈ ਇਸਤਰੀ ਅਤੇ ਇਕ-ਚੌਥਾਈ ਬੱਚੇ ਖਰਚਦੇ ਹਨ, ਬਾਕੀ ਪਿਤਾ ਦੇ ਖਰਚਣ ਲਈ ਹੁੰਦਾ ਹੈ।

ਸਮਾਜ ਉਨ੍ਹਾਂ ਦੀ ਚਿੰਤਾ ਨਹੀਂ ਕਰਦਾ, ਜਿਹੜੇ ਜੇਲ੍ਹ ਵਿਚ ਹੁੰਦੇ ਹਨ, ਉਨ੍ਹਾਂ ਦੀ ਕਰਦਾ ਹੈ, ਜਿਹੜੇ ਹੋਣੇ ਜੇਲ੍ਹ ਵਿਚ ਚਾਹੀਦੇ ਹਨ, ਪਰ ਹੁੰਦੇ ਬਾਹਰ ਹਨ।

ਮੌਤ, ਕਿਸੇ ਦੀ ਜ਼ਿੰਦਗੀ ਦਾ ਅੰਤ ਹੀ ਨਹੀਂ ਹੁੰਦੀ, ਉਸ ਦੀ ਜਾਇਦਾਦ ਸਬੰਧੀ ਮੁਕੱਦਮੇ ਦਾ ਅਰੰਭ ਵੀ ਹੁੰਦੀ ਹੈ।

ਜਰਨੈਲ, ਯੁੱਧ ਲਈ ਤਾਂਘਦੇ ਹਨ, ਪਰ ਆਪਣੇ ਘਰ ਵਿਚ ਉਹ ਵੀ ਪੂਰਨ ਸ਼ਾਂਤੀ ਚਾਹੁੰਦੇ ਹਨ।

ਕਈਆਂ ਨੂੰ ਵੇਖ ਕੇ ਲੱਗਦਾ ਹੈ, ਜਿਵੇਂ ਰੱਬ ਦਾ ਸਾਂਚਾ ਗੁਆਚ ਗਿਆ ਹੈ।

ਬੱਚਿਆਂ ਨਾਲ ਘਰ ਰੋਸ਼ਨ ਰਹਿੰਦਾ ਹੈ, ਕਿਉਂਕਿ ਬੱਚੇ ਬੱਤੀਆਂ ਜਗਾਉਂਦੇ ਹੀ ਹਨ, ਬੁਝਾਉਂਦੇ ਨਹੀਂ।

ਕੋਈ ਵੀ ਇਸਤਰੀ ਇਤਨੀ ਜਵਾਨ ਅਤੇ ਸੋਹਣੀ ਕਦੇ ਨਹੀਂ ਹੁੰਦੀ, ਜਿਤਨੀ ਉਹ ਹਰ ਵੇਲੇ ਲੱਗਣਾ ਚਾਹੁੰਦੀ ਹੈ।

ਪੁਰਸ਼, ਇਸਤਰੀ ਨੂੰ ਸਮਝਣ ਦਾ ਯਤਨ ਹੀ ਕਰਦਾ ਹੈ, ਸਫ਼ਲ ਕਦੇ ਨਹੀਂ ਹੁੰਦਾ।

ਅਸਲੀ ਆਤੰਕਵਾਦੀ ਤਾਂ ਅਜੋਕੇ ਬੱਚੇ ਹਨ, ਜਿਹੜੇ ਮਾਪਿਆਂ ਨੂੰ ਡਰਾਉਂਦੇ ਅਤੇ ਅਧਿਆਪਕਾਂ ਨੂੰ ਧਮਕਾਉਂਦੇ ਹਨ।

ਕਈ ਜੋੜਿਆਂ ਨੂੰ ਵੇਖ ਕੇ ਆਪ-ਮੁਹਾਰੇ ਪਰਮਾਤਮਾ ਦਾ ਸ਼ੁਕਰ ਕੀਤਾ ਜਾਂਦਾ ਹੈ ਕਿ ਚੰਗਾ ਹੈ ਕਿ ਇਹ ਦੋ ਹੀ ਦੁਖੀ ਹਨ, ਨਹੀਂ ਤਾਂ ਚਾਰ ਹੋਣੇ ਸਨ।

ਮੁਸੀਬਤ ਵੇਲੇ ਹਮਦਰਦੀ ਜਤਲਾਉਣ ਲਈ ਆਉਣ ਵਾਲੇ, ਵਾਸਤਵ ਵਿਚ ਮੁਸੀਬਤ ਦੇ ਵੇਰਵੇ ਜਾਣਨ ਹੀ ਆਉਂਦੇ ਹਨ।

ਦੂਰ ਰਹਿੰਦੇ ਰਿਸ਼ਤੇਦਾਰ, ਦੂਰ ਹੋਣ ਕਰਕੇ ਚੰਗੇ ਲੱਗਦੇ ਹਨ, ਨੇੜਲੇ ਵੀ ਜੇ ਦੂਰ ਚਲੇ ਜਾਣ ਤਾਂ ਇਹ ਵੀ ਚੰਗੇ ਲੱਗਣ ਲੱਗ ਪੈਣਗੇ।

ਕਈ ਇਸਤਰੀਆਂ ਆਪਣੀ ਉਮਰ ਇਸ ਲਈ ਸਹੀ ਨਹੀਂ ਦੱਸਦੀਆਂ, ਕਿਉਂਕਿ ਇਹ ਹਰ ਰੋਜ਼ ਬਦਲ ਜਾਂਦੀ ਹੈ।

ਜਨਮ ਵੇਲੇ ਹਰ ਕੋਈ ਆਪਣੀ ਮਾਂ ਦੇ ਨੇੜੇ ਹੁੰਦਾ ਹੈ; ਫਿਰ ਸਾਰਾ ਜੀਵਨ, ਮਾਂ ਨੇੜੇ ਬੁਲਾਉਂਦੀ ਰਹਿੰਦੀ ਹੈ।

ਕਈਆਂ ਨੂੰ ਇਸ ਗੱਲ ਦੀ ਚਿੜ੍ਹ ਹੁੰਦੀ ਹੈ ਕਿ ਉਨ੍ਹਾਂ ਦੀ ਫੋਟੋ, ਉਨ੍ਹਾਂ ਵਾਂਗ ਸੋਹਣੀ ਕਿਉਂ ਨਹੀਂ ਆਉਂਦੀ।

ਕਈਆਂ ਵਿਚ ਬਹਾਦਰੀ ਤੋਂ ਸਿਵਾਇ, ਸ਼ੇਰ ਵਾਲੇ ਸਾਰੇ ਲੱਛਣ ਹੁੰਦੇ ਹਨ।

ਜਦੋਂ ਇਸਤਰੀ ਪੁਰਸ਼ ਵਾਂਗ ਵਿਹਾਰ ਕਰਦੀ ਹੈ ਤਾਂ ਉਹ ਚੰਗੇ ਪੁਰਸ਼ ਵਾਂਗ ਵਿਹਾਰ ਨਹੀਂ ਕਰਦੀ।

ਜੇ ਮਨੁੱਖ ਦੀ ਹਰ ਮੰਗ ਪੂਰੀ ਹੋ ਜਾਵੇ ਤਾਂ ਉਹ ਸਾਰੀਆਂ ਚੀਜ਼ਾਂ ਰੱਖੇਗਾ ਕਿੱਥੇ?

ਇਸਤਰੀ, ਪੁਰਸ਼ ਵਿਚ ਸਿਆਣੇ ਹੋਣ ਦਾ ਦੋਸ਼ ਮੁਆਫ਼ ਕਰ ਦਿੰਦੀ ਹੈ।

ਜੀਵਨ ਸਾਦਾ ਹੀ ਹੈ, ਪਰ ਕਿਉਂਕਿ ਜਿਊਣ ਵਾਲੇ ਗੁੰਝਲਦਾਰ ਹਨ, ਇਸ ਲਈ ਜੀਵਨ ਨੂੰ ਗੁੰਝਲਦਾਰ ਬੁਝਾਰਤ ਕਿਹਾ ਜਾਣ ਲੱਗ ਪਿਆ ਹੈ।

ਇਸਤਰੀਆਂ ਦਾ ਕੰਮ ਪੁਰਸ਼ਾਂ ਨੂੰ ਸਜ਼ਾ ਦੇਣਾ ਨਹੀਂ ਹੁੰਦਾ, ਮੁਆਫ਼ ਕਰਨਾ ਹੁੰਦਾ ਹੈ।

ਅਜੋਕੇ ਮਾਪਿਆਂ ਵਿਚ, ਬੱਚਿਆਂ ਦੀਆਂ ਭੈੜੀਆਂ ਆਦਤਾਂ ਦਾ ਬੁਰਾ ਮਨਾਉਣ ਦੀ ਹਿੰਮਤ ਨਹੀਂ ਰਹੀ।

ਯਾਦ-ਸ਼ਕਤੀ, ਅਜਿਹੀ ਡਾਇਰੀ ਹੁੰਦੀ ਹੈ, ਜਿਹੜੀ ਹਰ ਵੇਲੇ ਸਾਡੇ ਕੋਲ ਹੁੰਦੀ ਹੈ।

ਮਨੋਵਿਸ਼ਲੇਸ਼ਣ ਕੇਵਲ ਪੁਰਸ਼ਾਂ ਦਾ ਸੰਭਵ ਹੁੰਦਾ ਹੈ; ਇਸਤਰੀਆਂ ਦੀ ਕੇਵਲ ਪ੍ਰਸੰਸਾ ਸੰਭਵ ਹੁੰਦੀ ਹੈ।

ਬਦਕਿਸਮਤੀ ਬਰਦਾਸ਼ਤ ਹੋ ਜਾਂਦੀ ਹੈ, ਪਰ ਨਾ ਕੀਤੀਆਂ ਗਲਤੀਆਂ ਦੀ ਮਿਲੀ ਸਜ਼ਾ ਬਰਦਾਸ਼ਤ ਨਹੀਂ ਹੁੰਦੀ।

ਸੋਹਣੀ ਇਸਤਰੀ ਜਿਸ ਚੀਜ਼ ਨੂੰ ਛੂੰਹਦੀ ਹੈ, ਉਹ ਸੱਜ ਜਾਂਦੀ ਹੈ।

ਪਿਆਰ ਕਰਨ ਵਾਲਾ ਸਿੱਧਾ ਨਹੀਂ ਸੋਚ ਸਕਦਾ, ਪਿਆਰ ਕਾਰਨ ਸੋਚ ਗੋਲ, ਸੂਖਮ ਅਤੇ ਕੂਲੀ ਹੋ ਜਾਂਦੀ ਹੈ।

ਜੇ ਅਮੀਰ ਨਾ ਹੋਣ ਤਾਂ ਗਰੀਬਾਂ ਨੂੰ ਆਪਣੀ ਗਰੀਬੀ ਦਾ ਅਹਿਸਾਸ ਨਹੀਂ ਹੋਵੇਗਾ; ਜੇ ਗਰੀਬ ਨਾ ਹੋਣ ਤਾਂ ਅਮੀਰਾਂ ਨੂੰ ਆਪਣੀ ਅਮੀਰੀ ਦਾ ਮਾਣ ਨਹੀਂ ਹੋਵੇਗਾ।

ਇਕ ਵੱਡੇ ਲੇਖਕ ਤੋਂ ਮਗਰੋਂ, ਉਸੇ ਖੇਤਰ ਵਿਚ ਮੌਲਿਕ ਹੋਣਾ ਮੁਸ਼ਕਿਲ ਹੋ ਜਾਂਦਾ ਹੈ।

ਕਿਸਮਤ, ਕਦੇ ਵੀ ਆਪਣੀ ਵਹੀ ਬੰਦ ਨਹੀਂ ਕਰਦੀ।

ਜੇ ਮੰਗਣੀ ਅਤੇ ਵਿਆਹ ਵਿਚ ਲੰਮਾ ਵਕਫ਼ਾ ਹੋਵੇ ਤਾਂ ਦੋਹਾਂ ਮੰਗੇਤਰਾਂ ਨੂੰ ਇਕ-ਦੂਜੇ ਦੀਆਂ ਉਹ ਸਾਰੀਆਂ ਗੱਲਾਂ ਪਤਾ ਲੱਗ ਜਾਂਦੀਆਂ ਹਨ, ਜਿਹੜੀਆਂ ਮੰਗਣੀ ਤੋੜਨ ਦਾ ਅਧਾਰ ਬਣ ਜਾਂਦੀਆਂ ਹਨ।

ਛਾਲ ਮਾਰਨ ਤੋਂ ਪਹਿਲਾਂ ਵੇਖ ਲੈਣਾ ਚਾਹੀਦਾ ਹੈ ਕਿ ਪੈਰ ਕਿੱਥੇ ਰੱਖਣੇ ਹਨ।

ਸੰਸਾਰ ਦਾ ਸਿਰ-ਦਰਦ, ਅਮਰੀਕਾ ਦੀ ਲੱਭਤ ਨਾਲ ਹੀ ਅਰੰਭ ਹੋ ਗਿਆ ਸੀ।

ਪਿਆਰ ਦੀ ਅਨਿਸਚਿੱਤਤਾ ਹੀ ਇਸ ਦੀ ਖਿੱਚ ਦਾ ਕਾਰਨ ਹੁੰਦੀ ਹੈ; ਵਿਆਹ ਨਾਲ ਰਿਸ਼ਤੇ ਦੀ ਅਨਿਸਚਿੱਤਤਾ ਮੁੱਕ ਜਾਣ ਕਰਕੇ, ਪਿਆਰ ਪਿੱਛੇ ਮੁੜ ਜਾਂਦਾ ਹੈ।

ਸੰਸਾਰ ਵਿਚ ਅਨੇਕਾਂ ਬਿਨਾਂ ਜੀਵੇ ਹੀ, ਉਮਰ ਵਧਾ ਰਹੇ ਹਨ।

ਹੁਣ ਕੰਵਾਰੀਆਂ ਲੜਕੀਆਂ, ਨਵ-ਵਿਆਹੀਆਂ ਇਸਤਰੀਆਂ ਵਾਲਾ ਅਤੇ ਵਿਆਹੀਆਂ, ਕੰਵਾਰੀਆਂ ਵਾਲਾ ਮੇਕਅੱਪ ਕਰਕੇ ਪ੍ਰਸੰਨ ਹੁੰਦੀਆਂ ਹਨ।

ਇਸਤਰੀਆਂ, ਪੁਰਸ਼ਾਂ ਬਾਰੇ ਆਪਣੀਆਂ ਅਸਲੀ ਭਾਵਨਾਵਾਂ ਨੂੰ, ਵਿਆਹ ਮਗਰੋਂ ਹੀ ਪ੍ਰਗਟਾਉਂਦੀਆਂ ਹਨ।

ਹਰ ਮੁਹੱਬਤ ਵਿਚ, ਪਿਆਰ ਇਕ-ਤਰਫ਼ਾ ਹੀ ਹੁੰਦਾ ਹੈ।

ਦੂਜੇ ਵਿਆਹ ਰਾਹੀਂ, ਇਸਤਰੀਆਂ ਆਪਣੀ ਕਿਸਮਤ ਅਜ਼ਮਾਉਂਦੀਆਂ ਹਨ ਅਤੇ ਪੁਰਸ਼ ਨਵਾਂ ਖ਼ਤਰਾ ਸਹੇੜਦੇ ਹਨ।

ਜੇ ਕੋਈ ਇਸਤਰੀ ਕਿਸੇ ਰਸੋਈਏ ਨਾਲ ਵੀ ਵਿਆਹ ਕਰਵਾਏ ਤਾਂ ਵੀ ਉਸ ਨੂੰ ਭੋਜਨ ਪੱਕਿਆ-ਪਕਾਇਆ ਨਹੀਂ ਮਿਲਦਾ।

ਪਤਨੀ ਤੋਂ ਕੋਈ ਗੱਲ ਲੁਕਾਉਣੀ ਨਹੀਂ ਚਾਹੀਦੀ, ਕਿਉਂਕਿ ਗੱਲ ਤਾਂ ਉਹ ਜਾਣ ਹੀ ਜਾਏਗੀ ਪਰ ਅਨੇਕਾਂ ਵੇਰਵੇ ਆਪਣੇ ਕੋਲੋਂ ਜੋੜ ਲਵੇਗੀ।

ਉਦਯੋਗਿਕ ਕਰਾਂਤੀ ਨਾਲ, ਅਮੀਰੀ ਪੱਛਮ ਦੇ ਰਾਹ ਪੈ ਗਈ ਸੀ; ਹੁਣ ਅਮੀਰੀ ਆਪਣਾ ਰਾਹ ਬਦਲ ਰਹੀ ਹੈ, ਸੋ ਪੱਛਮ ਪਰੇਸ਼ਾਨ ਹੈ।

ਮਨੁੱਖ ਹੈ ਸਧਾਰਨ, ਪਰ ਸਮਝਦਾ ਆਪਣੇ ਆਪ ਨੂੰ ਵਿਸ਼ੇਸ਼ ਹੈ, ਇਸ ਖੱਪੇ ਨੂੰ ਪੂਰਨ ਲਈ, ਉਹ ਜੀਵਨ ਭਰ ਭਾਂਤ-ਭਾਂਤ ਦੇ ਉਪਰਾਲੇ ਕਰਦਾ ਰਹਿੰਦਾ ਹੈ।

ਸਮਾਜ, ਪੈਗੰਬਰਾਂ ਨੂੰ ਨਹੀਂ ਬਖ਼ਸ਼ਦਾ, ਪਾਪੀਆਂ ਨੂੰ ਬਖ਼ਸ਼ ਦਿੰਦਾ ਹੈ।

ਸਰਦੀਆਂ, ਮਨੁੱਖ ਨੂੰ ਸਿਆਣਾ ਬਣਾਉਂਦੀਆਂ ਹਨ, ਕਿਉਂਕਿ ਸਰਦੀ ਤੋਂ ਸਿਆਣਪ ਨਾਲ ਹੀ ਬੱਚਿਆ ਜਾ ਸਕਦਾ ਹੈ।

ਜਿਹੜੇ ਪੁਰਸ਼ ਆਪਣੀ ਉਮਰ ਬਾਰੇ ਝੂਠ ਬੋਲਦੇ ਹਨ, ਉਹ ਕਿਸੇ ਵਿਸ਼ੇਸ਼ ਇਸਤਰੀ ਦੇ ਸੰਦਰਭ ਵਿਚ ਜਵਾਨ ਰਹਿਣਾ ਚਾਹੁੰਦੇ ਹੁੰਦੇ ਹਨ।

ਫੜ੍ਹਾਂ, ਅਸਫ਼ਲਤਾ ਵਿਚੋਂ ਉਪਜਦੀਆਂ ਅਤੇ ਅਸਫ਼ਲਤਾ ਉਪਜਾਉਂਦੀਆਂ ਹਨ; ਸਫ਼ਲਤਾ ਚੁੱਪ ਕਰਕੇ ਕੰਮ ਕਰਨ ਵਿਚੋਂ ਉਪਜਦੀ ਹੈ।

ਮਾਂ ਦਾ ਮਰਨਾ, ਅਜਿਹਾ ਪਹਿਲਾ ਦੁੱਖ ਹੁੰਦਾ ਹੈ, ਜਿਸ ਵਿਚ ਬੱਚੇ ਦੇ ਰੋਣ ਵਿਚ ਮਾਂ ਸ਼ਾਮਲ ਨਹੀਂ ਹੁੰਦੀ।

ਜਿਨ੍ਹਾਂ ਦਾ ਮਨ ਭੀੜਾ ਹੁੰਦਾ ਹੈ, ਉਨ੍ਹਾਂ ਦਾ ਮੂੰਹ ਖੁੱਲ੍ਹਾ ਹੁੰਦਾ ਹੈ।

ਸੌੜੀ ਸੋਚ, ਮਨੁੱਖ ਨੂੰ ਜ਼ਿੱਦੀ ਬਣਾ ਦਿੰਦੀ ਹੈ।

ਨਿਰਪੱਖਤਾ, ਅਕਸਰ ਸ਼ਕਤੀ ਦੀ ਨਹੀਂ, ਡਰਪੋਕਪੁਣੇ ਦੀ ਨਿਸ਼ਾਨੀ ਹੁੰਦੀ ਹੈ।

ਕੱਪੜੇ ਆਪਣੀ ਯਥਾਰਥਕ ਮਾਇਕ ਸਥਿਤੀ ਅਨੁਸਾਰ ਖਰੀਦਣੇ ਚਾਹੀਦੇ ਹਨ, ਪਰ ਹਰ ਕੋਈ ਖਰੀਦਦਾ ਆਪਣੀ ਕਲਪਨਾ ਅਨੁਸਾਰ ਹੈ।

ਪੁਰਾਣੀਆਂ ਚੀਜ਼ਾਂ ਨੂੰ ਭੰਡੋ ਨਾ, ਤੁਹਾਡੀਆਂ ਗੱਲਾਂ 'ਤੇ ਸੂਰਜ-ਚੰਨ-ਤਾਰੇ ਹੱਸਣਗੇ।

ਆਪਣੀ ਸੰਤਾਨ ਨੂੰ ਮਹਾਨ ਬਣਾਉਣ ਦਾ ਯਤਨ ਨਾ ਕਰੋ, ਮਹਾਨ ਮਾਪੇ ਬਣੋ।

ਆਪਣੇ ਬਾਰੇ ਜਿਤਨੀਆਂ ਵੱਧ ਗੱਲਾਂ ਕਰੋਗੇ, ਉਤਨੇ ਵੱਧ ਝੂਠ ਬੋਲਣੇ ਪੈਣਗੇ।

ਜਿਹੜਾ ਵਾਅਦਾ ਕਰਨ ਵਿਚ ਕਾਹਲਾ ਹੋਵੇਗਾ, ਉਹ ਪੂਰਾ ਕਰਨ ਵਿਚ ਸੁਸਤ ਹੋਵੇਗਾ ਅਤੇ ਮੁਕਰਨ ਵਿਚ ਚੁਸਤ ਹੋਵੇਗਾ।

ਜਿਹੜਾ ਦੁਸ਼ਮਣ ਬਣਾਉਣ ਤੋਂ ਡਰਦਾ ਹੈ, ਉਸ ਦੇ ਸੱਚੇ ਮਿੱਤਰ ਵੀ ਨਹੀਂ ਹੁੰਦੇ।

ਕੁਝ ਦੇਣ ਲਈ ਮਜਬੂਰ ਹੋਣ ਤੋਂ ਪਹਿਲਾਂ ਹੀ ਦੇਣ ਦੀ ਖੁੱਲ੍ਹ-ਦਿਲੀ ਵਿਖਾਓ।

ਅਜੋਕੇ ਬੱਚਿਆਂ ਨੂੰ ਪਿਤਾ ਦੇ ਘਰ ਆਉਣ ਦਾ ਪਤਾ ਤਾਂ ਹੀ ਲਗਦਾ ਹੈ, ਜੇ ਪਿਤਾ ਟੈਲੀਵਿਜ਼ਨ ਸਾਹਮਣਿਓਂ ਲੰਘੇ।

ਕਈ ਸ਼ਿਕਾਇਤ ਦੂਜੇ ਦੀ ਕਰਦੇ ਹਨ ਅਤੇ ਚਰਿੱਤਰ ਆਪਣਾ ਵਿਖਾਉਂਦੇ ਹਨ।

ਬੱਚੇ ਆਪਣੇ ਪੈਰਾਂ 'ਤੇ ਖਲੋਣ ਦੇ ਯੋਗ ਉਦੋਂ ਸਮਝੇ ਜਾਂਦੇ ਹਨ, ਜਦੋਂ ਉਹ ਤੁਹਾਨੂੰ ਨਾ ਪੁੱਛਣ ਕਿ ਕਿੱਥੋਂ ਆਏ ਹੋ ਅਤੇ ਆਪ ਨਾ ਦੱਸਣ ਕਿ ਉਹ ਕਿੱਥੇ ਚੱਲੇ ਹਨ।

ਸ਼ਿਕਾਇਤ ਕਰਨ ਦਾ ਚੰਗਾ ਢੰਗ ਉਹ ਹੁੰਦਾ ਹੈ, ਜਿਸ ਵਿਚ ਦੂਜੇ ਵਿਚ ਮੁਕਰਨ ਦਾ ਕੋਈ ਅਧਾਰ ਨਾ ਹੋਵੇ ਅਤੇ ਉਸ ਦਾ ਹਰ ਜਵਾਬ ਝੂਠਾ ਲੱਗੇ।

ਇਸਤਰੀ ਦੇ ਜੀਵਨ ਵਿਚ ਪੈਂਤੀਵਾਂ ਵਰ੍ਹਾ ਬੜਾ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਇਹ ਅਕਸਰ ਦਸ-ਪੰਦਰ੍ਹਾਂ ਸਾਲ ਲੰਮਾ ਹੋ ਜਾਂਦਾ ਹੈ।

ਜਿਸ ਨੂੰ ਪੜ੍ਹਨ ਦਾ ਸ਼ੌਕ ਹੋਵੇ, ਉਹ ਕਈ ਪੱਧਰਾਂ 'ਤੇ ਜਿਉਂਦਾ ਹੈ।

ਕਿਸੇ ਮਸਲੇ ਜਾਂ ਰਿਸ਼ਤੇ ਨੂੰ ਟੁੱਟਣ ਦੀ ਹੱਦ ਤਕ ਨਹੀਂ ਖਿਚਣਾ ਚਾਹੀਦਾ।

ਸੰਤੁਸ਼ਟ ਬੰਦੇ, ਝੁੱਗੀਆਂ ਵਿਚ ਮਿਲਦੇ ਹਨ, ਮਹਿਲਾਂ ਵਿਚ ਨਹੀਂ।

ਇਮਾਨਦਾਰੀ ਚੰਗੀ ਨੀਤੀ ਹੈ, ਪਰ ਇਹ ਮਹਿੰਗੀ ਨੀਤੀ ਹੈ।

ਸਵੈ-ਸੁਧਾਰ ਵਿਚ ਦਿਲਚਸਪੀ ਲੈਣ ਵਾਲਿਆਂ ਕੋਲ, ਦੂਜਿਆਂ ਦੀ ਆਲੋਚਨਾ ਕਰਨ ਦਾ ਸਮਾਂ ਹੀ ਨਹੀਂ ਹੁੰਦਾ।

ਵਿਆਹ ਉਪਰੰਤ ਸਭ ਤੋਂ ਵੱਡੀ ਮੁਸ਼ਕਿਲ ਰਲ ਕੇ ਰਹਿਣ ਵਿਚ ਹੁੰਦੀ ਹੈ।

ਇਸਤਰੀਆਂ ਦੀ ਅਕਸਰ ਸ਼ਿਕਾਇਤ ਹੁੰਦੀ ਹੈ ਕਿ ਪੁਰਸ਼ ਜੋ ਕਹਿੰਦੇ ਹਨ, ਉਹ ਗਲਤ ਹੁੰਦਾ ਹੈ, ਜੋ ਕਰਦੇ ਹਨ, ਉਹ ਠੀਕ ਨਹੀਂ ਹੁੰਦਾ।

ਡਾਕ ਵਿਚ ਬਿਲ ਨਹੀਂ ਗੁੰਮਦੇ, ਚੈੱਕ ਹੀ ਗੁੰਮਦੇ ਹਨ।

ਆਪਣਾ ਵਿਕਾਸ ਬਗੀਚੇ ਵਾਂਗ ਨਾ ਕਰੋ, ਜਿਥੇ ਹਰ ਕੋਈ ਆ-ਜਾ ਸਕੇ; ਆਪਣਾ ਵਿਕਾਸ ਚੰਨ-ਤਾਰਿਆਂ ਵਾਂਗ ਕਰੋ, ਜਿਥੇ ਹਰ ਕੋਈ ਪਹੁੰਚਣਾ ਚਾਹੇ।

ਪਤਨੀ ਤੋਂ ਬਿਨਾਂ ਪੁਰਸ਼, ਅੱਧਾ ਪੁਰਸ਼ ਹੁੰਦਾ ਹੈ; ਪਤੀ ਤੋਂ ਬਿਨਾਂ ਇਸਤਰੀ, ਪੂਰੀ ਵਿਧਵਾ ਹੁੰਦੀ ਹੈ।

ਪੁਰਸ਼ ਦੀ ਆਮਦਨ ਨਾਲ, ਉਸ ਦੇ ਅੱਧੇ ਨੁਕਸ ਢੱਕੇ ਜਾਂਦੇ ਹਨ।

ਕਈ ਆਪਣੀ ਸੈਕਟਰੀ ਨਾਲ ਵਿਆਹ ਕਰਵਾ ਕੇ ਵੀ, ਉਸ ਨੂੰ ਸੈਕਟਰੀ ਹੀ ਸਮਝਣ ਦੀ ਗਲਤੀ ਕਰਦੇ ਹਨ।

ਵਰਤਮਾਨ ਯੁੱਗ, ਕਦੇ ਸੁਨਹਿਰੀ ਯੁੱਗ ਨਹੀਂ ਕਿਹਾ ਜਾਂਦਾ।

ਜੇ ਪੈਸਾ ਹੋਵੇ ਤਾਂ ਮੋਟੇ ਬੰਦੇ ਨੂੰ ਆਸ ਹੁੰਦੀ ਹੈ ਕਿ ਉਹ ਪਤਲਾ ਹੋ ਜਾਵੇਗਾ।

ਵਿਹਲਿਆਂ ਕੋਲ ਕਦੇ ਵੀ ਇਤਨਾ ਸਮਾਂ ਨਹੀਂ ਹੁੰਦਾ ਕਿ ਉਹ ਕੁਝ ਕਰਨ।

ਜੀਵਨ ਵਿਚ ਇਕ ਉਮਰ ਤੋਂ ਮਗਰੋਂ ਆਮਦਨ ਵਧਾਉਣ ਦੀ ਥਾਂ, ਭਾਰ ਘਟਾਉਣ ਦੀ ਲੋੜ ਪੈਂਦੀ ਹੈ।

ਕਿਸੇ ਹਥਿਆਰ ਨੂੰ ਅਸਰਦਾਰ, ਵਿਅਕਤੀ ਦਾ ਹੌਸਲਾ ਬਣਾਉਂਦਾ ਹੈ।

ਜਦੋਂ ਤਕ ਅਸੀਂ ਆਪਣੇ ਟਿਕਾਣੇ ਨਹੀਂ ਅਪੜਦੇ, ਸਫ਼ਰ ਕਿਤਨਾ ਵੀ ਅਰਾਮਦਾਇਕ ਹੋਵੇ, ਤਣਾਓ ਬਣਿਆ ਰਹਿੰਦਾ ਹੈ।

ਅਜੋਕੀ ਤਕਨਾਲੋਜੀ ਜਾਦੂ ਨਾਲੋਂ ਵੀ ਵੱਧ ਹੈਰਾਨ ਕਰਨ ਵਾਲੀ ਹੈ, ਜਿਸ ਕਾਰਨ ਜਾਦੂਗਰੀ ਦਾ ਧੰਦਾ ਮਾਂਦ ਪੈ ਗਿਆ ਹੈ।

ਬੱਚਿਆਂ ਨੂੰ ਪੈਸੇ ਦਾ ਮਹੱਤਵ ਸਮਝਾਉਣ ਲਈ, ਉਨ੍ਹਾਂ ਤੋਂ ਉਧਾਰ ਮੰਗੋ।

ਮਹਿੰਗਾਈ ਕਾਰਨ ਹੁਣ ਮਨੁੱਖ, ਘਰੋਂ ਜਾਣ ਵੇਲੇ ਥੱਕਿਆ ਹੋਇਆ ਅਤੇ ਮੁੜਨ ਵੇਲੇ ਹਾਰਿਆ ਹੋਇਆ ਮਹਿਸੂਸ ਕਰਦਾ ਹੈ।

ਨਫ਼ਰਤ ਦਾ ਸਬੰਧ ਤਰਕ ਨਾਲ ਨਹੀਂ, ਭਾਵਨਾਵਾਂ ਨਾਲ ਹੁੰਦਾ ਹੈ।

ਜਿਊਂਦਿਆਂ ਦਾ ਵਿਹਾਰ ਵੇਖਿਆ ਜਾਂਦਾ ਹੈ; ਗੁਜ਼ਰ ਗਿਆਂ ਦੇ ਕਾਰਜ ਵੇਖੇ ਜਾਂਦੇ ਹਨ; ਨਵੇਂ ਆਇਆਂ ਦੇ ਲੱਛਣ ਵੇਖੇ ਜਾਂਦੇ ਹਨ।

ਲੜਾਈ ਅਕਸਰ ਇਸ ਲਈ ਜਾਰੀ ਰੱਖੀ ਜਾਂਦੀ ਹੈ ਤਾਂ ਕਿ ਕਿਧਰੇ ਦੂਜੀ ਧਿਰ ਸੰਭਲ ਨਾ ਜਾਵੇ।

ਜਿਥੇ ਸਾਰੇ ਹੀ ਸਿਆਣੇ ਹੋਣ, ਉਥੇ ਹਰ ਕੋਈ ਇਕ-ਦੂਜੇ ਨੂੰ ਮੂਰਖ ਸਿੱਧ ਕਰਨ ਵਿਚ ਰੁਝਿਆ ਹੋਵੇਗਾ।

ਸੰਕਟ ਵੇਲੇ ਭਾਸ਼ਾ ਦੀ ਸੰਜਮੀ ਵਰਤੋਂ, ਸਥਿਤੀ ਨੂੰ ਸਾਡੇ ਪੱਖ ਵਿਚ ਕਰ ਦਿੰਦੀ ਹੈ ਅਤੇ ਬੇਲੋੜਾ ਬੋਲਣ ਨਾਲ ਸਥਿਤੀ ਵਿਗੜ ਜਾਂਦੀ ਹੈ।

ਕੋਈ ਗੁਣ, ਕਿਸੇ ਹੋਰ ਗੁਣ ਦਾ ਵਿਰੋਧ ਨਹੀਂ ਕਰਦਾ।

ਹਰ ਰੋਜ਼ ਪੁਰਸ਼ ਲਗਭਗ ਦਸ ਇਸਤਰੀਆਂ ਨੂੰ ਧਿਆਨ ਨਾਲ ਵੇਖਦਾ ਹੈ ਅਤੇ ਇਸਤਰੀ ਲਗਭਗ ਛੇ ਪੁਰਸ਼ਾਂ ਵੱਲ ਇਹ ਜਾਣਨ ਲਈ ਧਿਆਨ ਨਾਲ ਵੇਖਦੀ ਹੈ ਕਿ ਉਹ ਉਸ ਵੱਲ ਵੇਖ ਰਿਹਾ ਹੈ ਕਿ ਨਹੀਂ।

ਦ੍ਰਿੜ੍ਹਤਾ ਜ਼ਿੱਦ ਨਹੀਂ ਬਣਨੀ ਚਾਹੀਦੀ; ਸਿਦਕ ਹੱਠ ਨਹੀਂ ਬਣਨਾ ਚਾਹੀਦਾ; ਹੌਸਲਾ ਹੰਕਾਰ ਨਹੀਂ ਬਣਨਾ ਚਾਹੀਦਾ; ਇਹ ਦ੍ਰਿੜ੍ਹਤਾ, ਸਿਦਕ ਅਤੇ ਹੌਸਲਾ ਹੀ ਰਹਿਣੇ ਚਾਹੀਦੇ ਹਨ।

ਅਕਲ ਅਤੇ ਮੂਰਖਤਾ ਦੋਹਾਂ ਨੂੰ ਪ੍ਰਗਟਾਉਣ ਦਾ ਕਾਰਜ, ਅੱਖਾਂ ਕਰਦੀਆਂ ਹਨ।

ਸਾਡਾ ਹਰੇਕ ਦਾ ਇਕ ਨੀਵਾਂ ਅਤੇ ਕੋਝਾ ਪੱਖ ਹੁੰਦਾ ਹੈ, ਜਿਹੜਾ ਅਸੀਂ ਬੇਇੱਜ਼ਤੀ ਹੋਣ 'ਤੇ ਹੀ ਪ੍ਰਗਟਾਉਂਦੇ ਹਾਂ।

ਯੁੱਧ ਦੀ ਤਿਆਰੀ ਇਸ ਨੇਮ ਨਾਲ ਕੀਤੀ ਜਾਂਦੀ ਹੈ ਕਿ ਦੁਸ਼ਮਣ ਸਾਡੇ ਨਾਲੋਂ ਫੁਰਤੀਲਾ, ਚਲਾਕ, ਤਿਖਾ ਅਤੇ ਤਕੜਾ ਹੈ।

ਗੁਲਾਮੀ ਕਾਰਨ ਭਾਰਤ ਵਿਚ ਰੁਤਬੇ ਨੂੰ ਵੱਡਾ ਸਮਝਿਆ ਜਾਂਦਾ ਹੈ, ਬੰਦੇ ਨੂੰ ਨਹੀਂ।

ਪੰਜਾਬੀ ਦੇ ਕਿਸੇ ਵੀ ਗੀਤ-ਕਵਿਤਾ ਵਿਚ, ਹਾਕਮਾਂ ਦੀ ਪ੍ਰਸੰਸਾ ਨਹੀਂ ਹੋਈ।

ਕਾਹਲੇ ਅਤੇ ਅਣਵਿਉਂਤੇ ਸਫ਼ਰ ਵਿਚ ਔਖ ਹੀ ਔਖ ਹੁੰਦੀ ਹੈ।

ਪੰਜਾਬੀ ਹਿੰਮਤੀ ਹੈ, ਬਹਾਦਰ ਹੈ, ਪਰ ਇਹ ਕਿਸੇ ਨਾਲ ਰਲ ਕੇ ਜਾਂ ਕਿਸੇ ਦੀ ਅਗਵਾਈ ਅਧੀਨ ਕੰਮ ਨਹੀਂ ਕਰ ਸਕਦਾ; ਇਹੀ ਕਾਰਨ ਹੈ ਕਿ ਪੰਜਾਬ ਵਿਚ ਇਕੱਲੇ ਸੰਤ ਅਤੇ ਸ਼ਹੀਦ ਬੜੇ ਹੋਏ ਹਨ, ਪਰ ਸਾਂਝਾ ਆਗੂ ਕੋਈ ਨਹੀਂ ਹੋਇਆ।

ਆਗੂ ਦੀ ਮੁੱਖ ਪ੍ਰਾਪਤੀ ਪਰਿਵਰਤਨ ਹੁੰਦੀ ਹੈ, ਪਰੰਪਰਾ ਨੂੰ ਪਾਲਣ ਵਾਲੇ ਕਦੀ ਆਗੂ ਨਹੀਂ ਅਖਵਾਉਂਦੇ।

ਇਸਤਰੀ, ਪੁਰਸ਼ ਨਾਲੋਂ ਵਧੇਰੇ ਗੂੜ੍ਹ ਹੁੰਦੀ ਹੈ; ਇਸੇ ਕਰਕੇ ਉਸ ਦੇ ਅੰਗ ਭੇਤ ਭਰੇ, ਗੁੱਝੇ ਅਤੇ ਲੁਕੇ ਹੋਏ ਹੁੰਦੇ ਹਨ ਅਤੇ ਉਸ ਦਾ ਮਨ ਵਧੇਰੇ ਵਲਾਵੇਂਦਾਰ, ਰਹੱਸਵਾਦੀ, ਲਚਕਦਾਰ ਅਤੇ ਵਚਿੱਤਰ ਹੁੰਦਾ ਹੈ।

ਹਰ ਸਮਾਜ ਦੀ ਸੋਚ ਉਤੇ ਰੀਤਾਂ, ਰਸਮਾਂ, ਰਿਵਾਜਾਂ ਦਾ ਬੰਧਨ ਹੁੰਦਾ ਹੈ।

ਜਿਸ ਨੇ ਗਰਮੀਆਂ ਵਿਚ ਟਾਈ ਲਾਈ ਹੋਵੇ ਅਤੇ ਸੂਟ ਪਹਿਨਿਆ ਹੋਵੇ, ਉਹ ਦਿਸਣਾ ਵੱਡਾ ਚਾਹੁੰਦਾ ਹੈ, ਪਰ ਹੁੰਦਾ ਖ਼ਤਰਨਾਕ ਹੈ।

ਰਾਜਨੀਤੀ ਵਿਚ ਸ਼ਰੀਫ਼ ਆਦਮੀ ਨਹੀਂ ਮਿਲਣਗੇ; ਰਾਜਨੀਤੀ ਕਿਸੇ ਨੂੰ ਸ਼ਰੀਫ਼ ਰਹਿਣ ਹੀ ਨਹੀਂ ਦਿੰਦੀ।

ਕਈ ਇਸਤਰੀਆਂ ਦੀ ਸੁੰਦਰਤਾ, ਇਕ ਪੁਰਸ਼ ਨਾਲ ਰਿਸ਼ਤੇ ਵਿਚ ਸਾਂਭਣੀ-ਖਰਚਣੀ ਮੁਸ਼ਕਿਲ ਹੁੰਦੀ, ਸੋ ਉਹ ਕਈ ਵਿਆਹੇ ਪੁਰਸ਼ਾਂ ਨੂੰ ਘਰੋਂ ਬੇਘਰ ਕਰਦੀਆਂ ਹਨ

ਰਾਜਨੀਤੀ ਵਿਚ ਦੂਜਿਆਂ ਨੂੰ ਭੰਡ ਕੇ, ਆਪਣਾ ਨਾਂ ਚਮਕਾਇਆ ਜਾਂਦਾ ਹੈ।

ਲਗਭਗ ਵੀਹ-ਬਾਈ ਸਾਲ ਦੀ ਉਮਰ ਵਿਚ ਨਿਰਣਾ ਹੋ ਜਾਂਦਾ ਹੈ ਕਿ ਕਿਸੇ ਨੇ ਕਲਰਕ ਬਣਨਾ ਹੈ ਕਿ ਅਫ਼ਸਰ; ਵਕੀਲ ਬਣਨਾ ਹੈ ਜਾਂ ਮੁਨਸ਼ੀ, ਡਾਕਟਰ ਬਣਨਾ ਹੈ ਜਾਂ ਕੰਪਾਊਡਰ; ਪਾਰਸ ਬਣਨਾ ਹੈ ਜਾਂ ਲੋਹਾ।

ਲਾੜੇ ਦੇ ਘੋੜੀ 'ਤੇ ਬੈਠਣ ਦਾ ਰਿਵਾਜ ਇਸ ਲਈ ਪਿਆ ਸੀ ਕਿ ਜੇ ਉਸ ਦੇ ਸਰੀਰ ਵਿਚ ਕੋਈ ਨੁਕਸ ਹੋਵੇਗਾ ਤਾਂ ਉਤਰਨ ਵੇਲੇ ਉਹ ਪ੍ਰਗਟ ਹੋ ਜਾਵੇਗਾ।

ਯੁੱਧ ਵਿਚ ਹੌਸਲਾ ਪਹਿਲਾ ਗੁਣ ਹੁੰਦਾ ਹੈ, ਡਟੇ ਰਹਿਣਾ ਦੂਜਾ।

ਅਮਰੀਕਾ, ਰੂਸ, ਚੀਨ, ਭਾਰਤ ਆਦਿ ਇਤਨੇ ਵੱਡੇ ਦੇਸ਼ ਹਨ ਕਿ ਕੋਈ ਵੀ ਵਿਦੇਸ਼ੀ ਫੌਜ, ਇਨ੍ਹਾਂ 'ਤੇ ਕਬਜ਼ਾ ਨਹੀਂ ਕਰ ਸਕਦੀ।

ਅਮਰੀਕਨ ਸ਼ੌਕ ਵੀ ਅਜਿਹੇ ਪਾਲਦੇ ਹਨ, ਜਿਨ੍ਹਾਂ ਵਿਚੋਂ ਪੈਸਾ ਕਮਾਉਣ ਦੀਆਂ ਸੰਭਾਵਨਾਵਾਂ ਹੋਣ।

ਅਸੀਂ ਭਾਰਤ ਤਾਂ ਅਜ਼ਾਦ ਕਰਵਾ ਲਿਆ ਹੈ, ਹੁਣ ਭਾਰਤੀਆਂ ਨੂੰ ਅਜ਼ਾਦ ਕਰਵਾਉਣ ਦੀ ਲੋੜ ਹੈ।

ਪੈਸੇ ਪ੍ਰਤੀ ਸਹੀ ਦ੍ਰਿਸ਼ਟੀਕੋਣ ਅਮਰੀਕਨਾਂ ਦਾ ਹੀ ਹੈ; ਉਹ ਪੈਸੇ ਦੇ ਮਤਵਾਲੇ ਹਨ, ਉਹ ਅਮੀਰੀ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਦੇ ਧਰਮ ਅਤੇ ਧਾਰਮਿਕ ਸਥਾਨਾਂ ਵਿਚ ਧਨ ਨੂੰ ਭੰਡਿਆ ਨਹੀਂ ਜਾਂਦਾ।

ਇਸਤਰੀਆਂ ਡਰਾਏ ਜਾਣ ਤੋਂ ਪਹਿਲਾਂ ਹੀ ਡਰੀਆਂ ਹੋਈਆਂ ਹੁੰਦੀਆਂ ਹਨ।

ਜਰਨੈਲ, ਯੁੱਧ ਦੌਰਾਨ ਚੰਗੀਆਂ ਖ਼ਬਰਾਂ ਨਾਲ ਉਛਲਦੇ ਨਹੀਂ ਅਤੇ ਭੈੜੀਆਂ ਖ਼ਬਰਾਂ ਨਾਲ ਨਿਘਰਦੇ ਨਹੀਂ।

ਦੇਸ਼ ਦੀਆਂ ਰਾਜਨੀਤਕ ਅਤੇ ਆਰਥਿਕ ਨੀਤੀਆਂ, ਫੌਜੀ ਸ਼ਕਤੀ ਦੇ ਸੰਦਰਭ ਵਿਚ ਘੜੀਆਂ ਜਾਂਦੀਆਂ ਹਨ।

ਗਰੀਬੀ ਦਾ ਕੋਈ ਧਰਮ ਨਹੀਂ ਹੁੰਦਾ, ਪਰ ਗਰੀਬ ਧਾਰਮਿਕ ਹੁੰਦੇ ਹਨ।

ਤਾਨਾਸ਼ਾਹੀ ਅਤੇ ਪਰਜਾਤੰਤਰ, ਇਕ-ਦੂਜੇ ਦੀ ਸੰਗਤ ਵਿਚ ਕਦੇ ਵੀ ਸੁਖਾਲੇ ਨਹੀਂ ਹੁੰਦੇ, ਦੋਵੇਂ ਇਕ-ਦੂਜੇ 'ਤੇ ਸ਼ੱਕ ਕਰਦੇ ਹਨ।

ਵਿਸ਼ਵਾਸ ਦੀ ਅਣਹੋਂਦ ਦੌਰਾਨ, ਤਲਾਕ ਦੇ ਮੁਕੱਦਮੇ ਵਾਂਗ, ਹਰ ਗੱਲ ਦੇ ਦੋ-ਦੋ ਅਰਥ ਕੱਢਣੇ, ਸੌਖੇ ਹੋ ਜਾਂਦੇ ਹਨ।

ਪਿਆਰ ਵਖਰੇਵੇਂ ਨੂੰ ਕੀਤਾ ਜਾਂਦਾ ਹੈ; ਪੁਰਸ਼-ਇਸਤਰੀ ਵੱਖਰੇ ਹੋਣ ਕਰਕੇ ਹੀ ਇਕ-ਦੂਜੇ ਨੂੰ ਪਿਆਰ ਕਰਦੇ ਹਨ।

ਅਨੇਕਾਂ ਜੋੜੇ, ਨਿਰੰਤਰ ਇਕੱਠਿਆਂ ਰਹਿਣ ਦਾ ਅਕੇਵਾਂ ਦੂਰ ਕਰਨ ਲਈ, ਆਪਸ ਵਿਚ ਲੜਦੇ-ਭਿੜਦੇ ਰਹਿੰਦੇ ਹਨ।

ਤਲਾਕ ਦੇ ਮੁਕੱਦਮੇ ਵਿਚ, ਮਾਪਿਆਂ ਦੀ ਪਰਸਪਰ ਰੱਸਾਕਸ਼ੀ ਵਿਚ, ਬੱਚੇ ਰੱਸਾ ਬਣ ਜਾਂਦੇ ਹਨ।

ਫਜ਼ੂਲ ਚੀਜ਼ਾਂ, ਇਸ਼ਤਿਹਾਰਬਾਜ਼ੀ ਤੋਂ ਬਿਨਾਂ ਨਹੀਂ ਵਿਕਦੀਆਂ।

ਗੁਣ, ਕਦੇ ਵੀ ਹਾਸੋਹੀਣੇ ਨਹੀਂ ਹੁੰਦੇ।

ਹੁਣ ਕਾਲਜ ਵਿਚ ਪੜ੍ਹਨ ਵਾਲਾ ਪੁੱਤਰ ਪਾਸ ਹੋਵੇ ਜਾਂ ਫੇਲ੍ਹ, ਪਿਤਾ ਉਸ ਨੂੰ ਮੋਟਰਸਾਈਕਲ ਜ਼ਰੂਰ ਲੈ ਕੇ ਦਿੰਦਾ ਹੈ; ਪਾਸ ਹੋ ਜਾਵੇ ਤਾਂ ਯੂਨੀਵਰਸਿਟੀ ਜਾਣ ਲਈ, ਫੇਲ੍ਹ ਹੋ ਜਾਵੇ ਤਾਂ ਦੁੱਧ ਢੋਣ ਲਈ।

ਜਿਸ ਘਰ ਵਿਚ ਬਜ਼ੁਰਗ ਹੋਣ, ਉਥੇ ਕਿਸੇ ਕਿਸਮ ਦੇ ਸੰਕਟ ਨਹੀਂ ਉਪਜਦੇ।

ਜੇ ਮੌਤ ਬਾਰੇ ਸੋਚੋ ਤਾਂ ਬੁਢਾਪਾ ਵੀ ਚੰਗਾ ਲੱਗੇਗਾ।

ਸਰੀਰ ਵਿਚ ਰੌਣਕ ਭਰਨ ਦਾ ਕਾਰਜ, ਖ਼ੁਰਾਕ ਕਰਦੀ ਹੈ।

ਕੁਦਰਤ ਪੁਰਾਣੇ ਨੂੰ ਪ੍ਰਵਾਨ ਨਹੀਂ ਕਰਦੀ, ਇਸ ਲਈ ਕੁਦਰਤ ਵਿਚ ਹਰ ਪਲ, ਹਰ ਕਣ ਨਵਿਆਇਆ ਜਾ ਰਿਹਾ ਹੈ।

ਬਾਹਰ ਕੱਢੇ ਜਾਣ ਨਾਲੋਂ, ਬਾਹਰ ਰਹਿਣਾ ਬਿਹਤਰ ਹੁੰਦਾ ਹੈ।

ਵਪਾਰੀ, ਪਿਆਰ ਕਿਸੇ ਨੂੰ ਨਹੀਂ ਕਰਦੇ, ਪਰ ਪਸੰਦ ਹਰ ਗਾਹਕ ਨੂੰ ਕਰਦੇ ਹਨ।

ਜਿਸ ਖੇਤਰ ਵਿਚ ਸਿਆਣੇ ਬੰਦੇ ਅਨਪੜ੍ਹ-ਮੂਰਖਾਂ ਪਿੱਛੇ ਲੱਗਣ, ਉਸ ਨੂੰ ਅੰਧ-ਵਿਸ਼ਵਾਸ ਕਹਿੰਦੇ ਹਨ।

ਰਿਸ਼ਤਾ ਉਹ ਹੁੰਦਾ ਹੈ, ਜਿਸ ਨੂੰ ਅਸੀਂ ਮਾਣ ਨਾਲ ਦੱਸਦੇ ਹਾਂ।

ਹਮਦਰਦ ਉਹ ਹੁੰਦਾ ਹੈ, ਜਿਹੜਾ ਵਰ੍ਹਦੇ ਮੀਂਹ ਵਿਚ ਸਾਡੇ ਅੱਥਰੂ ਵੇਖ ਲਵੇ।

ਇਕ ਹੀ ਕੰਮ ਕਰਨ ਵਾਲੇ ਦੋ ਵਿਅਕਤੀ, ਆਪਸ ਵਿਚ ਸਹਿਮਤ ਨਹੀਂ ਹੁੰਦੇ।

ਜੇ ਕਿਸੇ ਦੇਸ਼ ਨੂੰ ਥੋੜ੍ਹੇ ਜਿਹੇ ਸਮੇਂ ਵਿਚ ਹੀ ਪੂਰੀ ਤਰ੍ਹਾਂ ਬਰਬਾਦ ਕਰਨਾ ਹੋਵੇ ਤਾਂ ਹਕੂਮਤ ਕਲਰਕਾਂ ਨੂੰ ਦੇ ਦਿਓ; ਉਹ ਅੰਤ ਨੂੰ ਇਸ ਵਿਵਾਦ ਵਿਚ ਉਲਝ ਜਾਣਗੇ ਕਿ ਬਰਬਾਦੀ ਦੀ ਘੋਸ਼ਣਾ, ਪੂਰਵ-ਦੁਪਹਿਰ ਕਰਨੀ ਹੈ ਜਾਂ ਬਾਅਦ-ਦੁਪਹਿਰ।

ਮਹੱਤਵਪੂਰਨ ਇਹ ਨਹੀਂ ਕਿ ਤੁਸੀਂ ਚੱਲੇ ਕਿੱਥੋਂ ਸੀ; ਮਹੱਤਵਪੂਰਨ ਇਹ ਹੈ ਕਿ ਤੁਸੀਂ ਪਹੁੰਚੇ ਕਿੱਥੇ ਹੋ?

ਇਸਤਰੀਆਂ ਆਲੋਚਨਾ ਘੱਟ ਕਰਦੀਆਂ ਹਨ, ਪਰ ਸ਼ਿਕਾਇਤਾਂ ਅਤੇ ਇਤਰਾਜ਼ ਵਧੇਰੇ ਕਰਦੀਆਂ ਹਨ।

ਅੰਧ-ਵਿਸ਼ਵਾਸ, ਕਮਜ਼ੋਰ ਦਿਮਾਗਾਂ ਦੀ ਸ਼ਕਤੀਸ਼ਾਲੀ ਢਾਲ ਹੁੰਦੇ ਹਨ।

ਬੁਢਾਪੇ ਵਿਚ ਵਕਤ ਦਾ ਸੁਭਾਓ ਵਿਗੜ ਜਾਂਦਾ ਹੈ; ਮਿੰਟ ਹੌਲੀ ਹੁੰਦੇ ਹਨ, ਘੰਟੇ ਤੇਜ਼; ਦਿਨ ਗੁਜ਼ਰਦੇ ਹੀ ਨਹੀਂ, ਹਫ਼ਤਿਆਂ ਦਾ ਪਤਾ ਹੀ ਨਹੀਂ ਲੱਗਦਾ।

ਇਸਤਰੀ ਦੀ ਦਿਲਚਸਪੀ ਆਪਣੀ ਸੁੰਦਰਤਾ ਵਿਚ ਹੁੰਦੀ ਹੈ, ਪਰ ਉਸ ਦਾ ਧਿਆਨ ਪੁਰਸ਼ਾਂ ਵਿਚ ਹੁੰਦਾ ਹੈ।

ਜਿਹੜੀ ਕੌਮ, ਅਗਿਆਨਤਾ ਤਿਆਗੇ ਬਿਨਾਂ ਅਜ਼ਾਦੀ ਚਾਹੁੰਦੀ ਹੈ, ਉਹ ਭਾਵੇਂ ਚਾਹੇ ਅਜ਼ਾਦੀ, ਪਰ ਰਹੇਗੀ ਗੁਲਾਮ।

ਜਿਹੜੇ ਸਮਾਜ ਪਰਿਵਰਤਨ ਤੋਂ ਡਰਦੇ ਹਨ, ਉਹੀ ਵੱਖਰੇ ਵਿਚਾਰਾਂ ਵਾਲੀਆਂ ਕਿਤਾਬਾਂ 'ਤੇ ਪਾਬੰਦੀ ਲਾਉਂਦੇ ਹਨ।

ਜਦੋਂ ਗਰੀਬ ਰੱਜ ਕੇ ਰੋਟੀ ਖਾਂਦਾ ਹੈ ਤਾਂ ਉਹ ਬਿਮਾਰ ਪੈ ਜਾਂਦਾ ਹੈ।

ਜਿਥੇ ਵਿਰੋਧੀ ਵਿਚਾਰ ਪ੍ਰਗਟਾਉਣ ਦੀ ਸੁਤੰਤਰਤਾ ਨਹੀਂ ਹੁੰਦੀ, ਉਥੇ ਵਿਕਾਸ ਵੀ ਨਹੀਂ ਵਾਪਰਦਾ।

ਕਿਸੇ ਚੰਗੀ ਚੀਜ਼ ਦੀ ਪ੍ਰਸੰਸਾ ਕਰਦਿਆਂ, ਵਿਅਕਤੀ ਆਪਣੀ ਅਕਲ ਅਤੇ ਸਿਆਣਪ ਦਾ ਪ੍ਰਮਾਣ ਦੇ ਰਿਹਾ ਹੁੰਦਾ ਹੈ।

ਰਾਜਨੀਤੀ ਵਿਚ ਮਧਰੇ ਬੰਦੇ ਲੰਮੇ ਅਤੇ ਮੂਰਖ ਬੰਦੇ ਸਿਆਣੇ ਵਿਖਾਈ ਦੇਣ ਦਾ ਯਤਨ ਕਰਦੇ ਹਨ।

ਜੀਵਨ ਦੀ ਵਿਚਕਾਰਲੀ ਅਵਸਥਾ ਵਿਚ ਅਸੀਂ ਸਹੀ ਉਮਰ ਦੇ ਲੱਗਦੇ ਹਾਂ; ਇਸ ਉਮਰ ਸਬੰਧੀ ਨਾ ਭੁਲੇਖਾ ਪੈਂਦਾ ਹੈ, ਨਾ ਹੀ ਪਾਇਆ ਜਾਂਦਾ ਹੈ।

ਜਦੋਂ ਤਕ ਸਿਫ਼ਰ ਦਾ ਨਿਰਮਾਣ ਨਹੀਂ ਸੀ ਹੋਇਆ, ਬਾਕੀ ਹਿੰਦਸਿਆਂ ਦਾ ਵੀ ਮੁੱਲ ਨਹੀਂ ਸੀ ਪਿਆ।

ਸੰਸਾਰ ਵਿਚ ਵਿਦੇਸ਼ ਨੀਤੀ ਜੇ ਇਸਤਰੀਆਂ ਸੰਭਾਲ ਲੈਣ ਤਾਂ ਯੁੱਧ ਨਹੀਂ ਹੋਣਗੇ, ਪਰ ਕੀ ਹੋਵੇਗਾ, ਉਸ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ।

ਕਈ ਸੰਸਾਰ ਨੂੰ ਨਾਟਕ ਕਹਿੰਦੇ ਹਨ, ਪਰ ਹੈ ਇਹ ਸਰਕਸ।

ਅਸੀਂ ਦੂਜਿਆਂ ਨੂੰ, ਅਕਲ ਵਿਚ ਆਪਣੇ ਨਾਲੋਂ ਨੀਵਾਂ ਮੰਨਣ ਦੇ ਭੁਲੇਖੇ ਕਾਰਨ ਹੀ, ਉਨ੍ਹਾਂ ਨੂੰ ਉਪਦੇਸ਼ ਦੇਣ ਲੱਗ ਪੈਂਦੇ ਹਾਂ।

ਜ਼ਿੰਮੇਵਾਰੀ ਅੰਗੂਠਾ ਚੁੱਕਦਾ ਹੈ, ਪਰ ਹਰ ਥਾਂ ਪਹਿਲ, ਉਂਗਲਾਂ ਕਰਦੀਆਂ ਹਨ।

ਲੇਖਕ ਦੋ ਕਿਸਮ ਦੇ ਹੁੰਦੇ ਹਨ; ਇਕ ਉਹ ਜਿਹੜੇ ਲੇਖਕ ਹੁੰਦੇ ਹਨ, ਦੂਜੇ ਉਹ ਜਿਹੜੇ ਲੇਖਕ ਨਹੀਂ ਹੁੰਦੇ, ਪਰ ਲਿਖਦੇ ਬਹੁਤ ਹਨ।

ਅਨੇਕਾਂ ਲੋਕ, ਕਈ ਚੀਜ਼ਾਂ ਕੇਵਲ ਇਸ ਲਈ ਖਰੀਦਦੇ ਹਨ, ਕਿਉਂਕਿ ਉਹ ਮਹਿੰਗੀਆਂ ਹੁੰਦੀਆਂ ਹਨ।

ਜੀਵਨ ਦੇ ਮੁੱਢ ਵਿਚ ਪ੍ਰਾਪਤ ਕੀਤੀ ਸਿੱਖਿਆ, ਸਮਾਜ ਦੇ ਸਾਰੇ ਵਿਅਕਤੀਆਂ ਦੇ, ਸਾਰੇ ਪੱਖਾਂ ਨੂੰ, ਸਾਰਾ ਜੀਵਨ ਪ੍ਰਭਾਵਿਤ ਕਰਦੀ ਰਹਿੰਦੀ ਹੈ।

ਅਜੋਕੇ ਮਨੁੱਖ ਦੇ ਨਿਸ਼ਾਨੇ ਉੱਚੇ ਹੋ ਗਏ ਹਨ, ਪਰ ਆਦਰਸ਼ ਨੀਵੇਂ ਹੁੰਦੇ ਜਾ ਰਹੇ ਹਨ।

ਉਜਰਤ ਕਦੇ ਵੀ ਵਾਜਬ ਨਹੀਂ ਹੁੰਦੀ, ਕਿਉਂਕਿ ਵਾਜਬ ਉਜਰਤ ਬਾਰੇ ਮਾਲਕਾਂ ਅਤੇ ਕਰਮਚਾਰੀਆਂ ਵਿਚ ਸਹਿਮਤੀ ਸੰਭਵ ਨਹੀਂ ਹੁੰਦੀ।

ਜਿਥੇ ਪਤੰਗ ਉੱਡਣਗੇ, ਉਥੇ ਕਾਟੀਆਂ ਵੀ ਵੱਜਣਗੀਆਂ।

ਅਨੇਕਾਂ ਲੋਕ, ਕਵੀਆਂ ਵਾਲੇ ਗੁਣਾਂ ਦੇ ਬਾਵਜੂਦ ਕਵੀ ਨਹੀਂ ਬਣਦੇ, ਕਿਉਂਕਿ ਕਵੀ ਬਣਨ ਨਾਲ, ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ।

ਜਿਤਨੇ ਕਿਸੇ ਦੇ ਵਧੇਰੇ ਸ਼ੌਕ ਹੁੰਦੇ ਹਨ, ਉਤਨੀ ਹੀ ਉਸ ਦੀ ਪੁਰਸ਼ਾਂ ਅਤੇ ਇਸਤਰੀਆਂ ਬਾਰੇ ਸਮਝ ਵਧੇਰੇ ਹੁੰਦੀ ਹੈ।

ਕੁਝ ਵੀ ਕਰੋਗੇ, ਕੁਝ ਅਣਚਾਹਿਆ ਵੀ ਵਾਪਰੇਗਾ; ਜਾਇਦਾਦ ਉਸਾਰੋਗੇ, ਮਗਰੋਂ ਸੰਤਾਨ ਲੜੇਗੀ; ਅਮੀਰ ਹੋਵੋਗੇ, ਰਿਸ਼ਤੇਦਾਰ ਸਾੜਾ ਕਰਨਗੇ।

ਵਿਸ਼ਵ ਦੇ ਲੋਕ ਲਿਖਣ-ਪੜ੍ਹਨ ਦੇ ਯੋਗ ਹੋ ਗਏ ਹਨ, ਪਰ ਕੰਪਿਊਟਰ ਦੀ ਅਨਪੜ੍ਹਤਾ, ਨਵੀਂ ਸਮੱਸਿਆ ਬਣ ਗਈ ਹੈ।

ਨਾਸਤਿਕਾਂ ਦੇ ਕਈ ਕਾਰਜ ਆਸਤਿਕ ਕਰਦੇ ਹਨ; ਆਸਤਿਕਾਂ ਦੇ ਅਨੇਕਾਂ ਕੰਮ ਨਾਸਤਿਕ ਕਰਦੇ ਹਨ; ਪੂਰਨਭਾਂਤ ਆਸਤਿਕ-ਨਾਸਤਿਕ ਕੋਈ ਨਹੀਂ ਹੁੰਦਾ।

ਹੁਣ ਸਰਲ-ਸਧਾਰਨ ਬੰਦੇ ਘੱਟ ਮਿਲਦੇ ਹਨ; ਜਿਹੜਾ ਮਿਲਦਾ ਹੈ, ਅੱਠਵਾਂ-ਨੌਂਵਾਂ ਅਜੂਬਾ ਹੀ ਹੁੰਦਾ ਹੈ।

ਅਜੋਕੇ ਸੰਤ, ਸੰਤਾਂ ਨਾਲੋਂ ਮਸਖ਼ਰੇ ਵਧੇਰੇ ਲਗਦੇ ਹਨ।

ਗੁਣਵਾਨ ਵਿਅਕਤੀ ਕੁਝ ਨਵਾਂ ਅਰੰਭ ਹੀ ਕਰਦੇ ਹਨ, ਉਸ ਨੂੰ ਪਰੰਪਰਾ ਬਣਾਉਣ ਦਾ ਕਾਰਜ, ਸਧਾਰਨ ਵਿਅਕਤੀ ਕਰਦੇ ਹਨ।

ਹੁਣ ਕਿਸੇ ਇਕ ਖੇਤਰ ਵਿਚ ਪ੍ਰਸਿੱਧ ਹੋਣ ਵਾਸਤੇ, ਅਨੇਕਾਂ ਹੋਰ ਖੇਤਰਾਂ ਦੇ ਗਿਆਨ ਦੀ ਵੀ ਲੋੜ ਪੈਂਦੀ ਹੈ।

ਮਹਿੰਗਾਈ ਕਿਤਨੀ ਵੀ ਹੋ ਜਾਵੇ, ਲੋਕ ਜਿਊਣਾ ਨਹੀਂ ਛੱਡਣਗੇ।

ਹਰੇਕ ਦੁਕਾਨ ਵਿਚ, ਵਿਕਣ ਵਾਲੀਆਂ ਚੀਜ਼ਾਂ ਵੀਹ-ਤੀਹ ਪ੍ਰਤੀਸ਼ਤ ਹੀ ਹੁੰਦੀਆਂ ਹਨ, ਬਾਕੀ ਦੁਕਾਨ ਦੇ ਭਰੀ ਹੋਣ ਦਾ ਪ੍ਰਭਾਵ ਪਾਉਣ ਲਈ ਹੁੰਦੀਆਂ ਹਨ।

ਕਿਤਾਬਾਂ ਪੜ੍ਹਨ ਬਾਰੇ, ਕੋਈ ਕਾਨੂੰਨ ਨਹੀਂ ਬਣਾਇਆ ਜਾ ਸਕਦਾ।

ਜਿਹੜੇ ਸੈਰ ਨਹੀਂ ਕਰਦੇ, ਸਭ ਤੋਂ ਵਧੇਰੇ ਸੈਰ ਦੀ ਲੋੜ ਉਨ੍ਹਾਂ ਨੂੰ ਹੁੰਦੀ ਹੈ।

ਹਰ ਕੋਈ ਕਹਿੰਦਾ ਹੈ, ਹੁਣ ਸੰਸਾਰ ਵਿਚ ਚੰਗੇ ਬੰਦੇ ਲੱਭਦੇ ਹੀ ਨਹੀਂ; ਅਸੀਂ ਆਪ ਚੰਗੇ ਕਿਉਂ ਨਹੀਂ ਬਣਦੇ?

ਛੋਟੇ ਕਾਲਜ ਵਿਚ ਜੇ ਮੁੰਡਾ-ਕੁੜੀ ਆਪਸ ਵਿਚ ਗੱਲ ਕਰਨ ਤਾਂ ਫਾਸਲਾ ਇਤਨਾ ਹੁੰਦਾ ਹੈ ਕਿ ਤੀਜਾ ਵਿਚਕਾਰੋਂ ਲੰਘ ਜਾਂਦਾ ਹੈ।

ਜੇ ਦੂਜਿਆਂ ਦੇ ਸਵੈ-ਸਤਿਕਾਰ ਦਾ ਧਿਆਨ ਰੱਖਿਆ ਜਾਵੇ ਤਾਂ ਉਹ ਸਾਨੂੰ ਧਿਆਨ ਨਾਲ ਸੁਣਦੇ ਹਨ।

ਕਈ ਮਿਲਦੇ ਹਨ ਅਤੇ ਸਾਡੀ ਰੁਕੀ ਹੋਈ ਨਬਜ਼ ਚੱਲਣ ਲੱਗ ਪੈਂਦੀ ਹੈ।

ਇਵੇਂ ਹੱਸੋ ਕਿ ਮੂਰਖ ਨਹੀਂ, ਪ੍ਰਸੰਨ ਨਜ਼ਰ ਆਵੇ; ਇਵੇਂ ਰੋਵੋ ਕਿ ਕਮਜ਼ੋਰ ਨਹੀਂ, ਪੀੜਤ ਨਜ਼ਰ ਆਵੇ।

ਅਕਸਰ, ਬੋਲਣ ਵਾਲੀ ਥਾਂ 'ਤੇ, ਲਾਲਚ ਅਤੇ ਸਵਾਰਥ, ਸਾਨੂੰ ਬੋਲਣ ਨਹੀਂ ਦਿੰਦੇ।

ਪੁਰਸ਼, ਜਿਤਨੇ ਸੋਹਣੇ ਹੁੰਦੇ ਹਨ, ਉਸ ਨਾਲੋਂ ਆਪਣੇ ਆਪ ਨੂੰ ਘੱਟ ਸੋਹਣਾ ਸਮਝਦੇ ਹਨ; ਇਸਤਰੀਆਂ ਜਿਤਨੀਆਂ ਸੋਹਣੀਆਂ ਹੁੰਦੀਆਂ ਹਨ, ਆਪਣੇ ਆਪ ਨੂੰ ਉਸ ਨਾਲੋਂ, ਵੱਧ ਸੋਹਣਾ ਸਮਝਦੀਆਂ ਹਨ।

ਸੋਹਣੇ, ਗੋਰੇ ਬੱਚੇ ਨੂੰ ਲਾਇਕ ਸਮਝਿਆ ਜਾਂਦਾ ਹੈ; ਕਾਲੇ ਬੱਚੇ ਨੂੰ ਅਕਸਰ ਨਾਲਾਇਕ ਅਤੇ ਲੜਾਕਾ ਸਮਝਿਆ ਜਾਂਦਾ ਹੈ।

ਜੇ ਸਭ ਪ੍ਰੇਸ਼ਾਨੀਆਂ, ਮੁਸ਼ਕਿਲਾਂ ਅਤੇ ਵਧੀਕੀਆਂ ਦੇ ਬਾਵਜੂਦ, ਸੰਸਾਰ ਚੱਲ ਰਿਹਾ ਹੈ ਤਾਂ ਇਹ ਇਸਤਰੀਆਂ ਕਾਰਨ ਹੀ ਚਲ ਰਿਹਾ ਹੈ।

ਕਈਆਂ ਨੂੰ ਅਸੀਂ ਉਨ੍ਹਾਂ ਵੱਲੋਂ ਹੋਰਾਂ ਦੀ ਨਿੰਦਾ ਕਰਨ ਦੇ ਢੰਗ ਤੋਂ ਪਛਾਣਦੇ ਹਾਂ।

ਪਤੀ-ਪਤਨੀ, ਆਪਣੇ-ਆਪਣੇ ਪਰਿਵਾਰਕ ਪਿਛੋਕੜ ਵਿਚੋਂ, ਵੱਖਰੇ-ਵੱਖਰੇ ਤੱਤ ਲੈ ਕੇ ਆਉਂਦੇ ਹਨ; ਇਸ ਮਿਸ਼ਰਣ ਕਾਰਨ ਮਨੁੱਖੀ ਨਸਲ ਵਿਚ, ਸਰੀਰਕ ਅਤੇ ਬੌਧਿਕ ਵੰਨ-ਸੁਵੰਨਤਾ ਬਣੀ ਰਹਿੰਦੀ ਹੈ।

ਜਦੋਂ ਆਤਮਾ ਨੂੰ ਸ਼ਬਦ ਮਿਲ ਜਾਂਦੇ ਹਨ, ਉਹ ਅਰਦਾਸ ਬਣ ਜਾਂਦੀ ਹੈ।

ਕਈ ਮਰੀਜ਼ ਦਾ ਹਾਲ-ਚਾਲ ਉਦੋਂ ਹੀ ਪੁੱਛਣ ਜਾਂਦੇ ਹਨ, ਜਦੋਂ ਉਸ ਬਾਰੇ ਡਾਕਟਰ ਆਸ ਲਾਹ ਦਿੰਦੇ ਹਨ।

ਕਈਆਂ ਨੂੰ ਦੂਜਿਆਂ ਦੇ ਟੋਭਿਆਂ ਵਿਚੋਂ ਮੱਛੀਆਂ ਭਾਲਣ ਦੀ ਆਦਤ ਹੁੰਦੀ ਹੈ।

ਉਦਾਸ ਹੋ, ਮਾਯੂਸ ਹੋ, ਪਰੇਸ਼ਾਨ ਹੋ, ਕੁਝ ਦਿਨ ਚੁੱਪ ਰਹੋ; ਉਦਾਸੀ, ਮਾਯੂਸੀ ਅਤੇ ਪਰੇਸ਼ਾਨੀ ਦੇ ਬੱਦਲ ਇਧਰ-ਉਧਰ ਨਿਕਲ ਜਾਣਗੇ।

ਚੰਗੇ ਸੇਬਾਂ ਨੂੰ ਖਰਾਬ ਸੇਬਾਂ ਤੋਂ ਨਿਖੇੜਿਆ ਜਾ ਸਕਦਾ ਹੈ, ਪਰ ਮਨੁੱਖਾਂ ਵਿਚ ਇਹ ਨਿਖੇੜਾ ਸੰਭਵ ਨਹੀਂ ਹੁੰਦਾ।

ਪੁਰਸ਼ ਸੁਭਾਵਕ ਹੀ ਸੋਹਣੀ ਇਸਤਰੀ ਨਾਲ ਨਰਮੀ ਅਤੇ ਸਧਾਰਨ ਔਰਤ ਨਾਲ ਸਖ਼ਤੀ ਵਰਤਦਾ ਹੈ।

ਪੰਜਾਬੀਆਂ ਨੂੰ, ਸਿਕੰਦਰ, ਗਜ਼ਨੀ, ਬਾਬਰ, ਦੁਰਾਨੀ, ਅਬਦਾਲੀ ਵਲੋਂ ਨਿਰੰਤਰ ਵਿਘਨ ਪਾਉਂਦੇ ਰਹਿਣ ਕਾਰਨ, ਕਿਤਾਬ ਪੜ੍ਹਨ ਦਾ ਸਮਾਂ ਹੀ ਨਹੀਂ ਮਿਲਿਆ।

ਸੋਹਣੀਆਂ ਇਸਤਰੀਆਂ, ਇਕ ਪੁਰਸ਼ ਤਕ ਸੀਮਤ ਨਹੀਂ ਰਹਿੰਦੀਆਂ, ਇਸ ਲਈ ਉਹ ਨਾ ਕੇਵਲ ਵਧੇਰੇ ਬੇਵਫ਼ਾ ਹੁੰਦੀਆਂ ਹਨ, ਉਹ ਤਲਾਕ ਲੈਣ ਵਿਚ ਵੀ ਕਾਹਲ ਅਤੇ ਪਹਿਲ ਕਰਦੀਆਂ ਹਨ।

ਘਰ ਅੰਦਰ ਭ੍ਰਿਸ਼ਟਾਚਾਰ ਉਦੋਂ ਅਰੰਭ ਹੁੰਦਾ ਹੈ, ਜਦੋਂ ਸਾਰਾ ਪਰਿਵਾਰ ਪਿਤਾ ਤੋਂ ਪੈਸੇ ਹੀ ਮੰਗਦਾ ਹੈ, ਅਗਵਾਈ ਜਾਂ ਪਿਆਰ ਨਹੀਂ ਮੰਗਦਾ।

ਸ਼ੀਸ਼ੇ ਦੀ ਕੋਈ ਯਾਦ-ਸ਼ਕਤੀ ਨਹੀਂ ਹੁੰਦੀ।

ਕਈ ਜੋੜਿਆਂ ਵਿਚ ਬਿਸਤਰਾ ਹੀ ਸਾਂਝਾ ਹੁੰਦਾ ਹੈ, ਬਾਕੀ ਸਭ ਕੁਝ ਵੱਖਰਾ ਅਤੇ ਵੰਡਿਆ ਹੀ ਹੁੰਦਾ ਹੈ।

ਗੂੜ੍ਹੀ ਨੀਂਦ ਸੌਣ ਵਾਲੇ ਸਾਦੇ, ਸਰਲ, ਸਿੱਧੇ ਅਤੇ ਸਾਊ ਹੁੰਦੇ ਹਨ।

ਬੱਚੇ ਜਲਦੀ ਜਾਣ ਜਾਂਦੇ ਹਨ ਕਿ ਦਾਦਾ-ਦਾਦੀ, ਅਤੇ ਨਾਨਾ-ਨਾਨੀ, ਮਾਤਾ-ਪਿਤਾ ਵਾਂਗ ਸਖ਼ਤ ਨਹੀਂ ਹੁੰਦੇ।

ਮਨੁੱਖ ਦੀਆਂ ਲੋੜਾਂ ਬਦਲਦੀਆਂ ਰਹਿੰਦੀਆਂ ਹਨ, ਪਰ ਪਿਆਰ ਅਤੇ ਭੋਜਨ ਦੀਆਂ ਲੋੜਾਂ ਨਹੀਂ ਬਦਲਦੀਆਂ।

ਟੈਲੀਫੋਨ 'ਤੇ ਬੋਲਦਿਆਂ ਜੇ ਚਿਹਰੇ 'ਤੇ ਮੁਸਕਰਾਹਟ ਹੋਵੇ ਤਾਂ ਇਹ ਦੂਜੇ ਪਾਸੇ ਵਿਖਾਈ ਦਿੰਦੀ ਹੈ।

ਅਠਾਰ੍ਹਾਂ-ਵੀਹ ਸਾਲ ਦੇ ਮੁੰਡੇ-ਕੁੜੀਆਂ ਦੇ ਵਿਹਾਰ ਵਿਚੋਂ, ਦੇਸ਼ ਦਾ ਚੰਗਾ-ਮਾੜਾ ਸਮੁੱਚਾ ਭਵਿੱਖ ਵੇਖਿਆ ਜਾ ਸਕਦਾ ਹੈ।

ਯੋਗਤਾ, ਸੂਝ, ਹਿੰਮਤ, ਹੌਸਲੇ ਅਤੇ ਉਤਸ਼ਾਹ ਦੇ ਅਨੁਪਾਤ ਵਿਚ, ਜ਼ਿੰਦਗੀ ਸੁੰਗੜਦੀ-ਫੈਲਦੀ ਰਹਿੰਦੀ ਹੈ।

ਜਿਨ੍ਹਾਂ ਦੀ ਸੋਚ ਤੁਹਾਡੇ ਨਾਲੋਂ ਵੱਖਰੀ ਹੈ, ਉਨ੍ਹਾਂ ਨੂੰ ਧਿਆਨ ਨਾਲ ਸੁਣੋ, ਸੁਣਨ ਅਤੇ ਸਮਝਣ ਵਾਸਤੇ ਵਧੇਰੇ ਸਮੱਗਰੀ ਮਿਲੇਗੀ।

ਸੰਸਾਰ ਵਿਚ ਸੋਚਵਾਨਾਂ ਦੀ ਕਮੀ ਨਹੀਂ, ਕਰਤਿਆਂ ਦੀ ਘਾਟ ਹੈ।



- ਜਿਸ ਪਿਆਰ ਵਿਚ ਕੋਈ ਖ਼ਤਰਾ ਨਹੀਂ ਹੁੰਦਾ, ਉਹ ਵਿਆਹ ਹੁੰਦਾ ਹੈ।
- ਹੱਸਣ ਮਗਰੋਂ ਚਿਹਰਾ ਪੂੰਝਣਾ ਨਹੀਂ ਪੈਂਦਾ, ਰੋਣ ਮਗਰੋਂ ਧੋਣਾ ਵੀ ਪੈਂਦਾ ਹੈ।
- ਭਾਰਤ ਵਾਸੀ ਉਠਦੇ ਜਲਦੀ ਹਨ, ਪਰ ਇਹ ਜਾਗਦੇ ਦੇਰ ਨਾਲ ਹਨ।
- ਕਈ ਇਸਤਰੀ-ਪੁਰਸ਼ ਜੋੜੇ ਤਾਂ ਬਣ ਜਾਂਦੇ ਹਨ, ਪਰ ਉਹ ਜੁੜਦੇ ਕਦੇ ਨਹੀਂ।
- ਭਾਰਤੀ ਧਰਮਾਂ ਨੇ ਧਨ ਦੀ ਨਿੰਦਾ ਕਰ-ਕਰ ਕੇ, ਇਸ ਦਾ ਲਾਲਚ ਵਧਾ ਦਿੱਤਾ ਹੈ।
- ਵਾਲ ਰੰਗਣ ਵਾਲਿਆਂ ਨੂੰ ਅਕਲ ਨਾਲੋਂ ਉਮਰ ਦੀ ਵਧੇਰੇ ਚਿੰਤਾ ਹੁੰਦੀ ਹੈ।
- ਕਿਸਮਤ ਕੰਵਾਰੇ ਬੰਦੇ ਦੀ ਹੁੰਦੀ ਹੈ, ਵਿਆਹੇ ਬੰਦੇ ਦੀ ਪਤਨੀ ਹੁੰਦੀ ਹੈ।
- ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਸੰਕਟ ਸਾਹਮਣੇ ਹੁੰਦਾ ਹੈ।
- ਜਦੋਂ ਬਹਿਸ ਅਰੰਭ ਹੋ ਜਾਵੇ ਤਾਂ ਸਾਰੇ ਸੋਚਣਾ ਬੰਦ ਕਰ ਦਿੰਦੇ ਹਨ।
- ਕਈ ਬੜੇ ਸਿਆਣੇ ਹੁੰਦੇ ਹਨ, ਕਈ ਸਿਆਣੇ ਹੋਣ ਤੋਂ ਇਲਾਵਾ ਸਭ ਕੁਝ ਹੁੰਦੇ ਹਨ।
- ਆਪਣਾ ਭਵਿੱਖ ਜੋਤਸ਼ੀਆਂ ਤੋਂ ਪੁੱਛਣ ਵਾਲਿਆਂ ਦਾ ਭਵਿੱਖ ਹੁੰਦਾ ਹੀ ਨਹੀਂ।
- ਔਰਤ ਤੋਂ ਬਿਨਾਂ ਘਰ ਖਲੋ ਜਾਂਦਾ ਹੈ, ਮਰਦ ਤੋਂ ਬਿਨਾਂ ਘਰ ਚਲਦਾ ਹੀ ਨਹੀਂ।
- ਅਜੋਕਾ ਯੁੱਗ ਬਨਾਵਟੀ ਰੋਸ਼ਨੀਆਂ ਅਤੇ ਰੂਹਾਨੀ ਹਨੇਰਿਆਂ ਦਾ ਕਾਲ ਹੈ।
- ਸਭ ਤੋਂ ਵੱਧ ਅਧੂਰੀਆਂ ਰਹਿ ਗਈਆਂ ਖ਼ਾਹਿਸ਼ਾਂ ਬਾਦਸ਼ਾਹਾਂ ਦੀਆਂ ਹੁੰਦੀਆਂ ਹਨ।
- ਗਲਤੀਆਂ ਭੁਲਾ ਦਿੱਤੀਆਂ ਜਾਂਦੀਆਂ ਹਨ, ਪਰ ਹੋਇਆ ਅਪਮਾਨ ਨਹੀਂ ਭੁਲਦਾ।
- ਕ੍ਰਿਸ਼ਨ ਕਹਿੰਦਾ ਹੈ ਫਲ ਦੀ ਇੱਛਾ ਨਾ ਕਰੋ, ਬੁੱਧ ਕਹਿੰਦਾ ਹੈ ਇੱਛਾ ਹੀ ਨਾ ਕਰੋ।
- ਇਕ ਸੰਸਾਰ ਵਿਚ ਅਸੀਂ ਜਿਊਂਦੇ ਹਾਂ, ਇਕ ਸੰਸਾਰ ਸਾਡੇ ਵਿਚ ਜਿਊਂਦਾ ਹੈ।
- ਜਿਥੇ ਵੀ ਪੈਸਾ ਅਤੇ ਤਾਕਤ ਹੋਵੇਗੀ, ਉਥੇ ਇਨ੍ਹਾਂ ਦੀ ਦੁਰਵਰਤੋਂ ਵੀ ਹੋਵੇਗੀ।
- ਚੰਗੇ ਸਕੂਲ ਉਹ ਹੁੰਦੇ ਹਨ, ਜਿਥੇ ਕੇਵਲ ਲਾਇਕ ਵਿਦਿਆਰਥੀ ਪਾਸ ਹੁੰਦੇ ਹਨ।
- ਕੁੜੀਆਂ ਨੂੰ ਵਿਆਹ ਵਾਲਾ ਜੀਵਨ ਨਹੀਂ, ਵਿਆਹ ਵਾਲਾ ਸਮਾਗਮ ਚੰਗਾ ਲਗਦਾ ਹੈ।
- ਕਈਆਂ ਵਿਚ ਬਹਾਦਰੀ ਤੋਂ ਸਿਵਾਏ ਸ਼ੇਰ ਵਾਲੇ ਸਾਰੇ ਲੱਛਣ ਹੁੰਦੇ ਹਨ।
- ਸਬੰਧ ਵਿਗੜੇ ਹੋਣ ਤਾਂ ਸਧਾਰਨ ਸ਼ਬਦ ਵੀ ਵਿਅੰਗ ਪ੍ਰਤੀਤ ਹੁੰਦੇ ਹਨ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
email : unistarbooks@gmail.com
Ludhiana : Punjabi Bhawan • +9198154 71219

ISBN 978-93-5017-640-5
9 789350 176405
₹ 200/-